
ੴ ਸਤਿਗੁਰ ਪ੍ਰਸਾਦਿ॥

ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

# ਮੁੰਦਾਵਣੀ



ਗਿਆਨੀ ਗੁਰਦਿੱਤ ਸਿੰਘ

www.AKJ.org

www.AKJ.Org

www.AKJ.Org




www.AKJ.Org

MUNDAVANI

AUTHOR: GIANI GURDIT SINGH

ਮੁੰਦਾਵਣੀ

ਲੇਖਕ: ਗਿਆਨੀ ਗੁਰਦਿੱਤ ਸਿੰਘ

ਸਭ ਹੱਕ ਰਾਖਵੇਂ ਹਨ

ਪਹਿਲੀ ਵਾਰ ਜੁਲਾਈ, ੨੦੦੩

ਕੀਮਤ: ੪੦੦ ਰੁਪਏ
ਵਿਦੇਸ਼: ੧੫ ਡਾਲਰ (ਯੂ. ਐਸ.), ੧੦ ਪਾਊਂਡ

ਪ੍ਰਕਾਸ਼ਕ: ਸਾਹਿਤ ਪ੍ਰਕਾਸ਼ਨ, ੫੬ ਸੈਕਟਰ ੪, ਚੰਡੀਗੜ੍ਹ
website: www.gainigurditsingh.com

Cover Design : R.M.Singh

ਮਿਲਣ ਦਾ ਪਤਾ: ਸਾਹਿਤ ਪ੍ਰਕਾਸ਼ਨ, ੫੬ ਸੈਕਟਰ ੪, ਚੰਡੀਗੜ੍ਹ ਫੋਨ: ੭੪੦੮੮੧

www.AKJ.Org

# ਤਤਕਰਾ


| ਲੜੀ ਨੰ: | ਸਿਰਲੇਖ | ਪੰਨਾ |
|---|---|---|
| ੧ | ਭੂਮਿਕਾ | ੫ |
| ੨ | ਪ੍ਰੇਰਨਾ ਅਤੇ ਅਸੀਸ | |
| | *(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)* | ੧੧ |
| ੩ | ਸੂਚਨਾ | ੧੨ |
| ੪ | ਧੰਨਵਾਦ | ੧੪ |
| ੫ | ਪੁਰਾਤਨ ਬੀੜਾਂ ਦੀਆਂ ਰੰਗਦਾਰ ਤਸਵੀਰਾਂ | ੧੭ |
| ੬ | ਪ੍ਰਸਤਾਵਨਾ | ੩੩ |
| ੭ | ਪਹਿਲਾ ਅਧਿਆਇ- ਬੀੜਾਂ ਬਾਰੇ ਸੰਖੇਪ ਜਾਣਕਾਰੀ | ੫੨ |
| ੮ | ਦੂਜਾ ਅਧਿਆਇ- ਮੁੰਦਾਵਣੀ ਦੇ ਅਰਥ ਭਾਵ | ੮੫ |
| ੯ | ਤੀਜਾ ਅਧਿਆਇ- | |
| | ਸੰਗੀਤੱਗਯ ਵਿਦਵਾਨਾਂ ਦੀ ਨਜ਼ਰ ਵਿਚ ਰਾਗਮਾਲਾ | ੧੨੬ |
| ੧੦ | ਚੌਥਾ ਅਧਿਆਇ- ਆਲਮ ਬਾਰੇ ਪੂਰੀ ਖੋਜ | ੧੫੬ |
| ੧੧ | ਪੰਜਵਾਂ ਅਧਿਆਇ- ਰਾਗਮਾਲਾ ਦੀ ਪਰੰਪਰਾ, ਚਰਚਾ | ੨੧੪ |
| ੧੨ | ਪੁਰਾਤਨ ਬੀੜਾਂ ਦੇ ਚਿੱਤਰ ਦਰਸ਼ਨਾਂ ਤੇ ਚਰਚਾ | ੨੨੫ |
| ੧੩ | ਹੁਕਮਨਾਮਾ ਦੀ ਅਪ੍ਰਸੰਗਕ ਵਰਤੋਂ | ੨੭੩ |
| ੧੪ | ਸਾਰ | ੨੮੨ |
| ੧੫ | ਅੰਤਿਕਾਵਾਂ | ੨੮੪ |
| ੧੬ | ਸਹਾਇਕ ਪੁਸਤਕ ਸੂਚੀ | ੨੯੬ |


www.AKJ.org

www.AKJ.org

# ਭੂਮਿਕਾ

ਕਿਸੇ ਵੀ ਕਾਰਜ ਦਾ ਆਰੰਭ ਅਤੇ ਉਸਦੀ ਸਮਾਪਤੀ ਮਹੱਤਵਪੂਰਨ ਹੁੰਦੀਆਂ ਹਨ। ਪ੍ਰੰਤੂ, ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਆਰੰਭ, ਵਿਸ਼ੇਸ਼ ਕਰਕੇ ਭੋਗ ਇੱਕ ਵਿਲੱਖਣ ਉਤਸਵ ਹੁੰਦਾ ਹੈ। ਅਜੇਹੇ ਸਮੇਂ ਜੁੜੀ ਸੰਗਤ, ਪ੍ਰੇਮੀ ਤੇ ਸ਼ਰਧਾਲੂ ਅਤੇ ਜਗਿਆਸੂ ਆਪਣੇ ਮਨ ਦੀ ਭੂਮੀ ਸੋਧ-ਸੰਵਾਰ ਕੇ ਗੁਰਬਾਣੀ ਦੇ ਅੰਮ੍ਰਿਤ ਬਚਨ ਸੁਣਨ, ਅਤੇ ਗੁਰ-ਉਪਦੇਸ਼ ਗ੍ਰਹਿਣ ਕਰਨ ਲਈ ਖ਼ਾਸ ਤੌਰ ਤੇ ਤਿਆਰ ਹੋ ਕੇ ਬੈਠਦੇ ਹਨ। ਭੋਗ ਸਮੇਂ ਸੰਗਤ ਜੁੜਦੀ ਹੈ, ਪ੍ਰੇਮ ਨਾਲ ਪਾਠ ਸੁਣਦੀ ਹੈ। ਦਰ੍ਵੇ ਮਨਾਂ ਨਾਲ ਮਹਲੇ ੯ ਦੇ ਸਲੋਕ ਸੁਣੇ ਜਾਂਦੇ ਹਨ। ਧਰਮ ਦੀ ਖਾਤਰ ਸੀਸ ਕਟਵਾਉਣ ਵਾਲੇ ਸਤਿਗੁਰੂ ਦੀ ਯਾਦ ਆਉਂਦੀ ਹੈ। ਅਨੁਭਵ ਵਿੱਚ ਉਨ੍ਹਾਂ ਦੇ ਦਰਸ਼ਨਾਂ ਦੇ ਦ੍ਰਿਸ਼ ਝਲਕਦੇ ਹਨ। - "ਬਲ ਹੋਆ ਬੰਧਨ ਛੁਟੇ" - ਦੇ ਬੋਲ ਮਾਨਵ ਹਿਰਦਿਆਂ ਨੂੰ ਧਰਵਾਸਾ ਦਿੰਦੇ ਹਨ। ਥੋੜ੍ਹੀ ਜਿਹੀ ਸੂਝ ਵਾਲੇ ਪ੍ਰਾਣੀ ਦਾ ਵੀ ਮਨ ਬਲ ਧਾਰਦਾ ਹੈ। ਸ਼ੁਭ ਉਪਾਉ ਕਰਨ ਦੀ ਸੋਝੀ ਜਾਗਦੀ ਹੈ। ਜੀਵਨ ਵਿੱਚ ਚੰਗੇ ਕਰਮ ਕਰਨ ਦੇ ਖ਼ਿਆਲ ਉਪਜਦੇ ਹਨ। ਕਈ ਭਾਂਤ ਦੇ ਸੰਕਲਪ ਮਨ ਵਿੱਚ ਉੱਠਦੇ ਹਨ। ਧਰਮ ਦੇ ਗੁਣ ਧਾਰਨ ਦੀਆਂ ਭਾਵਨਾਵਾਂ ਛਲਕਦੀਆਂ ਹਨ। ਇਸ ਪਿੱਛੋਂ ਭੋਗ ਦੇ ਉੱਤਮ ਕਾਰਜ ਦੀ ਅਤਿ ਸੁਆਦੀ ਕਿਰਿਆ ਚਲਦੀ ਹੈ। ਜਿਸ ਅੰਮ੍ਰਿਤ ਭੋਜਨ ਨੂੰ ਪਾਏ ਜਾਣ ਲਈ ਆਪਣੇ ਅੰਦਰਲਾ ਭਾਂਡਾ ਸੋਧਿਆ-ਸੁਆਰਿਆ ਗਿਆ ਹੁੰਦਾ ਹੈ। ਫਲਸਰੂਪ, ਅਧਿਆਤਮਕ ਵਸਤਾਂ- (ਪਦਾਰਥਾਂ) ਦੇ ਥਾਲ ਵਿਚਲੇ ਅੰਮ੍ਰਿਤ ਰਹੱਸ ਮਾਨਣ ਦੀ ਇਕਾਗ੍ਰਤਾ ਨਾਲ ਸਰੋਤੇ ਅਨੰਦ ਮਾਣਦੇ ਹਨ। "ਅੰਮ੍ਰਿਤ ਨਾਮ ਠਾਕੁਰ ਕਾ" ਜੋ ਸਾਰਿਆਂ ਦਾ ਆਧਾਰ ਹੈ, ਆਤਮਾ ਦਾ ਭੋਜਨ ਬਣ ਕੇ ਰੂਹ ਨੂੰ ਤ੍ਰਿਪਤਾਉਂਦਾ ਹੈ ਅਤੇ ਨਵ ਜੀਵਨ ਸੰਚਾਰਦਾ ਹੈ। ਅਜੇਹੀ ਅਵਸਥਾ ਵਾਲਿਆਂ ਲਈ ਹੀ ਕਿਹਾ ਹੈ - ਜੋ ਅਜੇਹਾ ਭੋਜਨ ਭੁੰਚਦੇ ਹਨ, ਉਹ ਆਪਣਾ ਅਤੇ ਹੋਰਨਾਂ ਦਾ ਉਧਾਰ ਕਰਦੇ ਹਨ। ਜਿਸ ਸਤਿਗੁਰੂ ਦੀ ਕਿਰਪਾ ਨਾਲ ਇਹ ਸਭ ਕੁੱਝ ਪ੍ਰਾਪਤ ਹੋਇਆ ਹੁੰਦਾ ਹੈ ਉਸ ਦਾ ਸ਼ੁਕਰਾਨਾ ਅਜੇਹੇ ਭਾਵਾਂ ਵਿੱਚ ਕੀਤਾ ਜਾਂਦਾ ਹੈ, ਜਿੱਥੇ ਗੁਣਵਾਨ ਹਸਤੀਆਂ ਵੀ ਆਪਣੇ ਆਪ ਨੂੰ ਨਿਰਗੁਣਆਰਾ



www.AKJ.Org

ਸਮਝ ਕੇ ਕੁੱਝ ਗ੍ਰਹਿਣ ਕਰਨ ਲਈ ਨਿਰਮਾਣ ਹੋਕੇ ਬੈਠਦੀਆਂ ਹਨ।

ਜਾਚਨਾ ਕੀਤੀ ਜਾਂਦੀ ਹੈ - *ਹੇ ਪ੍ਰਭੂ ਆਪਣੇ ਨਾਮ ਦਾ ਆਧਾਰ ਬਖ਼ਸ਼ੋ। ਜਿਸ ਕਾਰਨ ਇਹ ਸਾਰਾ ਸ਼ੁਭ ਕਾਰਜ ਹੋਇਆ ਅਤੇ ਜਿਸ ਕਰਮ ਨੂੰ ਕਰਕੇ ਮੇਰਾ ਤਨ ਮਨ ਹਰਾ ਹੋਇਆ ਹੈ।*

ਇਹ 'ਮੁੰਦਾਵਣੀ' ਦੇ ਸ਼ਬਦਾਂ ਦਾ ਭਾਵ ਹੈ। ਪ੍ਰਾਚੀਨ ਹੱਥ ਲਿਖਤਾਂ, ਜਿਨ੍ਹਾਂ ਵਿੱਚੋਂ ਕੁੱਝ ਕੁ ਬੀੜਾਂ ਦੇ ਹਵਾਲੇ ਦਿੱਤੇ ਗਏ ਹਨ, ਵਿੱਚ ਇੱਥੇ ਪੁੱਜ ਕੇ ਲਿਖਾਰੀ ਸਮਾਪਤੀ ਕਰਦੇ ਹਨ ਅਤੇ ਲਿਖਤੀ ਬੀੜਾਂ ਵਿੱਚ ਇਸਦੇ ਨਾਲ ਦਿੱਤੇ ਕੁੱਲ ਸ਼ਬਦਾਂ ਦਾ ਜੁਮਲਾ ਅਰਥਾਤ ਜੋੜ ਵੀ ਲਿਖਿਆ ਮਿਲਦਾ ਹੈ, ਕਿਸੇ ਕਿਸੇ ਥਾਂ "ਤਨੁ ਮਨ ਥੀਵੈ ਹਰਿਆ" ਦੇ ਨਾਲ ਹੀ ਇਹ ਵਾਕ ਵੀ ਹੁੰਦਾ ਹੈ :-

**"ਏਹੋ ਭੋਗ ਸ੍ਰੀ ਆਦਿ ਗਿਰੰਥ ਜੀ ਹੈ॥"**

(ਹਥ ਲਿਖ ਬੀੜ ਸੰਮਤ ੧੭੫੩)

ਪ੍ਰੇਮੀਆਂ, ਜਗਿਆਸੂਆਂ ਅਤੇ ਗੁਰਮੁਖ ਗੁਰਸਿੱਖਾਂ ਦੇ ਮਨੋਭਾਵ ਜਦੋਂ ਸ਼ਰਧਾ ਦੀ ਸਿਖਰ ਤੇ ਪੁੱਜੇ ਹੁੰਦੇ ਹਨ ਤਾਂ ਇੱਕਦਮ ਹੈਰਾਨ ਕਰਨ ਵਾਲੇ ਬੋਲਾਂ ਨਾਲ ਬੜੇ ਜ਼ੋਰ ਦੇ ਅਵਾਜੇ ਆਉਣ ਲਗ ਜਾਂਦੇ ਹਨ :-

"ਪ੍ਰਥਮ ਰਾਗ ਭੈਰਉ ਵੈ ਕਰਹੀ।
ਪੰਚ ਰਾਗਨੀ ਸੰਗ ਉਚਰਹੀ। ...॥"

ਤਾਂ ਸਧਾਰਨ ਤੋਂ ਸਧਾਰਨ ਸਰੋਤਾ ਹੈਰਾਨ ਹੋ ਜਾਂਦਾ ਹੈ। ਮਨਾਂ ਵਿਚ ਆਉਂਦਾ ਹੈ ਕਿ ਇਹ ਪੰਜ ਬਰੰਗਨਾਂ ਤੇ ਅਸਟ ਪੁੱਤਰਾਂ ਨੂੰ ਸੁਆਰ ਕੇ ਕਹਿਣ ਵਾਲੀ ਰਚਨਾ ਕੀ ਹੈ? ਏਹੋ ਹੀ ਨਹੀਂ, ਜਿਉਂ - ਜਿਉਂ ਪੜ੍ਹਦੇ ਜਾਓ, ਅਜਿਹੀ ਰਚਨਾ ਜਿਸਦਾ ਕੋਈ ਮਹਲਾ ਤੇ ਸੂਚਨਾ ਨਹੀਂ, ਤੇ ਅੰਕਾਂ ਦੀ ਪ੍ਰਣਾਲੀ ਵੀ ਨਹੀਂ, ਰਹਾਉ ਵੀ ਨਹੀਂ, ਕਿਸੇ ਰਚਨ ਵਾਲੇ ਦਾ ਨਾਮ ਵੀ ਨਹੀਂ ਜਿਸ ਤੋਂ ਪਤਾ ਚੱਲੇ ਕਿ ਇਹ ਲਿਖਤ ਬਾਣੀ ਹੈ ਅਤੇ ਹਰ ਰਾਗ ਦੀਆਂ ਪੰਚ ਬਰੰਗਨਾਂ (ਰਾਗਨੀਆਂ) ਅਤੇ ਅਸ਼ਟ (ਅੱਠ) ਨਦੰਨ (ਪੁੱਤਰ) ਮੁੜ ਮੁੜ ਦੱਸੇ ਜਾਂਦੇ ਹਨ ਤਾਂ ਖੋਜ ਦੀ ਇੱਛਾ ਉਤਪੰਨ ਹੁੰਦੀ ਹੈ। (ਵੇਰਵੇ ਲਈ ਵੇਖੋ ਆਲਮ ਬਾਰੇ ਪੂਰੀ ਖੋਜ)। ਇਸ ਸਬੰਧੀ ਬਿਨਾ ਲੰਮੀ ਚਰਚਾ ਦੇ, ਜਿਸ ਦਾ ਵਿਸਤਾਰ ਇਸ ਪੋਥੀ ਵਿੱਚ ਅੱਗੇ ਆਵੇਗਾ ਇਥੇ ਤਾਂ ਇੰਨਾਂ ਕਹਿਣਾ ਹੀ ਕਾਫੀ ਹੈ ਕਿ ਇਹ ਰਚਨਾ ਅਕਬਰ ਦੇ ਸਮਕਾਲੀ ਆਲਮ ਕਵੀ ਲਿਖਤ "ਮਾਧਵਾਨਲ ਕਾਮਕੰਦਲਾ" ਵਿੱਚੋਂ ਆਈ ਹੈ ਜਿਸਦਾ ਦਾਵ੍ਹਾ ਇਕ ਦਰਜਨ ਤੋਂ ਵੱਧ ਹਿੰਦੀ ਦੇ ਪ੍ਰਤਿਸ਼ਟਿਤ ਵਿਦਵਾਨਾਂ ਨੇ ਕੀਤਾ ਹੈ। ਇਸ ਰਚਨਾ ਵਿੱਚ ਸਭ ਤੋਂ ਪਹਿਲਾਂ ਭੈਰਉ ਆਉਂਦਾ ਹੈ ਜਿਸ ਦੀਆਂ ਪੰਜ ਬਰੰਗਨਾਂ (ਇਸਤਰੀਆਂ) ਅਤੇ ਅੱਠ ਪੁੱਤਰ ਦੱਸੇ ਗਏ ਹਨ।

ਬਰੰਗਨਾਂ - ਭੈਰਵੀ, ਬਿਲਾਵਲੀ, ਪੁਨਿਆਕੀ, ਬੰਗਾਲੀ ਅਤੇ ਅਸਲੇਖੀ



www.AKJ.Org

ਪੁੱਤਰ - ਪੰਚਮ, ਹਰਖ, ਦਿਸਾਖ, ਬੰਗਾਲਮ, ਮਧੁ, ਮਾਧਵ, ਲਲਿਤ ਅਤੇ ਬਿਲਾਵਲ

(ਖਸਟ ਰਾਗ ਉਨ ਗਾਏ ਸੰਗ ਰਾਗਨੀ ਤੀਸ) ਸਾਰੇ ਰਾਗਾਂ ਦੇ ਪੁੱਤ੍ਰਾਂ ਅਤੇ ਰਾਗਣੀਆਂ ਦਾ ਕੁੱਲ ਜੋੜ ਅਠਾਰਾਂ ਤੇ ਦਸ ਬੀਸ ਅਰਥਾਤ ੪੮ ਬਣ ਜਾਂਦਾ ਹੈ ਤੇ ਵੱਡਾ ਜੋੜ ੬ ਰਾਗ, ੩੦ ਰਾਗਣੀਆਂ (ਹਰ ਰਾਗ ਦੀਆਂ ੫ ਬਰੰਗਨਾਂ) ਅਤੇ ੪੮ ਪੁੱਤਰ (ਅੱਠ ਪੁੱਤਰ ਹਰ ਰਾਗ ਦੇ) ੮੪ ਹੋ ਜਾਂਦਾ ਹੈ। ਇਹ ਰਾਗਾਂ ਦਾ ਵੱਡਾ ਪ੍ਰਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿੱਚ ਕਿਵੇਂ ਆ ਬੈਠਾ? ਗੁਰੂ ਗ੍ਰੰਥ ਸਾਹਿਬ ਦੀ ਬਾਣੀ ੩੧ ਰਾਗਾਂ ਵਿੱਚ ਹੈ, ਜਿਨ੍ਹਾਂ ਵਿੱਚ ਰਾਗਣੀ ਕੋਈ ਨਹੀਂ। ਗੁਰੂ ਜੀ ਨੇ ਸਾਰੇ ਹੀ ਰਾਗ ਮੰਨੇ ਹਨ।

ਰਾਗਮਾਲਾ ਵਾਲੇ ਰਾਗ ਕਿਸ ਨੇ ਅਤੇ ਕਿਥੇ ਗਾਏ? ਗਾਉਣ ਵਾਲੀ ਦਾ ਹਵਾਲਾ ਇਨ੍ਹਾਂ ਛੰਦਾਂ ਵਿੱਚ ਇੱਕ ਥਾਂ ਆਉਂਦਾ ਹੈ:-

"ਗਾਵੈ ਗਾਇਨ ਪਾਤਰ।"

ਖੋਜਣ ਤੋਂ ਪ੍ਰਸੰਗ ਇਹ ਲਭਦਾ ਹੈ ਕਿ ਇਕ ਗਾਉਣ ਵਾਲੀ ਪਾਤਰਾ ਨੇ ਏਹਨਾਂ ਰਾਗਾਂ ਨੂੰ ਇਕ ਰਾਜ ਦਰਬਾਰ ਵਿਚ ਗਾਇਆ। ਇਸ ਦਾ ਵਰਨਣ ਮੂਲ ਪੋਥੀ ਵਿੱਚ ਇਸ ਤਰ੍ਹਾਂ ਹੁੰਦਾ ਹੈ 'ਪਾਤਰ ਸੁਣੀ ਕਾਮਕੰਦਲਾ ਤਹਿ ਪੁਰ ਵਸਹਿ ਚੰਦ ਕੀ ਕਲਾ।' ਇਸ ਰਚਨਾ ਵਿੱਚ ਆ ਰਹੇ ਉਪਨਾਂਵ ਹੋਰ ਵੀ ਹੈਰਾਨ ਕਰ ਦਿੰਦੇ ਹਨ। ਇਹ ਉਪਨਾਂਵ: 'ਪੁਨ ਵੈ', 'ਪੁਨ ਗਾਏ', ਉਨ ਗਾਏ' ਪਾਠਕਾਂ ਦੀ ਸੁਰਤ ਨੂੰ ਕਿਸੇ ਹੋਰ ਦੇਸ਼ ਵਿੱਚ ਲੈ ਜਾਂਦੇ ਹਨ, ਜਿੱਥੇ ਏਹਨਾਂ ਰਾਗ-ਰਾਗਣੀਆਂ ਦਾ ਗਾਇਨ ਕਰਨ ਦਾ ਪ੍ਰਸੰਗ ਬਣਦਾ ਹੈ।

ਜੇ ਇਸ ਰਚਨਾ ਦਾ ਗੁਰੂ-ਘਰ ਨਾਲ ਕਿਸੇ ਭਾਂਤ ਦਾ ਸੰਬੰਧ ਹੁੰਦਾ ਤਾਂ ਘੱਟੋ ਘੱਟ, ਜਿਨ੍ਹਾਂ ਰਾਗਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਚੀ ਗਈ ਹੈ, ਉਨ੍ਹਾਂ ਸਭ ਰਾਗਾਂ ਦਾ ਨਾਂ ਜ਼ਰੂਰ ਆਉਂਦਾ ਪਰ ਅਜਿਹਾ ਹੈ ਨਹੀਂ। ਪ੍ਰਸ਼ਨ ਉਠਦਾ ਹੈ ਕਿ ਉਨ੍ਹਾਂ ਸਭ ਵਿੱਚੋਂ ਹੇਠ ਲਿਖੇ ੯ ਰਾਗਾਂ ਦਾ ਨਾਮ ਕਿਉਂ ਨਹੀਂ ਆਇਆ?

੧. ਮਾਝ, ੨. ਬਿਹਾਗੜਾ, ੩. ਵਡਹੰਸ, ੪. ਜੈਤਸਰੀ, ੫. ਰਾਮ ਕਲੀ, ੬. ਮਾਲੀ ਗਾਉੜਾ, ੭. ਤੁਖਾਰੀ, ੮. ਪ੍ਰਭਾਤੀ, ੯. ਜੈਜਾਵੰਤੀ।

ਜਦੋਂ ਕੋਈ ਰਾਗ ਦੀ ਸਮਝ ਵਾਲਾ ਸਰੋਤਾ ਸੁਣ ਰਿਹਾ ਹੋਵੇ ਤਾਂ ਉਸ ਦੀ ਸੁਰਤ ਭੋਗ ਦੀ ਬਾਣੀ ਦੇ ਰਸ-ਮਈ ਅਨੁਭਵ ਪਿੱਛੋਂ "ਪ੍ਰਥਮ ਰਾਗ ਭੈਰਉ ਵੈ ਕਰਹੀ" ਸੁਣ ਕੇ ਚਕ੍ਰਿਤ ਰਹਿ ਜਾਂਦੀ ਹੈ ਕਿ ਕੀ ਅੱਗੇ ਕੋਈ ਭਿੰਨ ਰਚਨਾ ਰਚੀ ਜਾ ਰਹੀ ਹੈ? ਜੇ ਇਹ ਰਚਨਾ ਗੁਰੂ-ਘਰ ਦੀ ਵਸਤ ਹੁੰਦੀ ਤੇ ਕੋਈ ਨਵਾਂ ਸਬੰਧਤ ਭਾਗ ਲਿਖਿਆ ਜਾ ਰਿਹਾ ਹੁੰਦਾ ਤਦ ਉਸਦਾ ਕੋਈ ਨਿਸ਼ਾਨ ਜਾਂ ਮੇਲ ਵਾਲੀ ਗੱਲ ਹੁੰਦੀ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ 'ਸਿਰੀ ਰਾਗ' ਤੋਂ ਹੈ ਅਤੇ ਉਸਨੂੰ "ਰਾਗਨ ਮਹਿ ਸਿਰੀ ਰਾਗ" ਕਹਿ ਕੇ ਮਹੱਤਤਾ ਵੀ ਦਿੱਤੀ ਗਈ ਹੈ। ਪਰ, ਇਹ ਨਵੀਂ



www.AKJ.Org

ਆਈ ਰਚਨਾ "ਪ੍ਰਥਮ ਰਾਗ ਭੈਰਉ ਵੈ" ਦੱਸਦੀ ਹੈ। ਜੇ ਭੈਰਉ ਰਾਗ - ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿੱਚ ਹੁੰਦਾ ਤਾਂ ਕਿਹਾ ਜਾ ਸਕਦਾ ਕਿ ਇਹ ਕੁੱਝ ਸਾਰਥਕ ਸੰਕੇਤ ਹੈ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਨੂੰ ਇੱਥੋਂ (ਭੈਰਉ ਰਾਗ) ਤੋਂ ਲਿਖਣਾ ਅਰੰਭਿਆ ਗਿਆ ਸੀ। ਅਜੇਹੀ ਅਣਜੋੜ ਰਚਨਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਈ ਸਬੰਧ ਨਹੀਂ। ਇਸ ਪੱਖੋਂ ਬਹੁਤ ਵੱਡਾ ਅਜੋੜ ਓਦੋਂ ਪ੍ਰਗਟ ਹੁੰਦਾ ਹੈ, ਜਦੋਂ ਇਹ ਰਚਨਾ "ਅਠਾਹਰਾਂ ਦਸ ਬੀਸ" ੪੮ ਰਾਗਾਂ ਦੀ ਨਾਮਾਵਲੀ ਦਾ ਜੋੜ ਪਹਿਲਾਂ ਦੱਸਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੀ ਗਿਣਤੀ ਪਹਿਲਾਂ ੩੦ ਸੀ, ਜੈਜਾਵੰਤੀ ਰਾਗ ਮਿਲਾ ਕੇ ਇੱਕਤੀ ਹੋਈ ਹੈ।

'ਪਾਤਰਾ' ਸ਼ਬਦ ਇੱਥੇ ਕਿਸ ਲਈ ਵਰਤਿਆ ਗਿਆ ਹੈ? ਇਸ ਦਾ ਭੇਦ ਓਦੋਂ ਖੁਲ੍ਹਦਾ ਹੈ, ਜਦੋਂ ਮਾਧਵਾਨਲ ਕਾਮਕੰਦਲਾ ਰਚਨਾ ਦੇ ਪਾਠ ਦਾ ਮੂਲ ਖੋਜਿਆ ਜਾਵੇ। ਉਹ ਮੂਲ ਹੈ - ਕਵੀ ਆਲਮ ਕ੍ਰਿਤ 'ਮਾਧਵਾਨਲ ਗ੍ਰੰਥ', ਜਿਸ ਵਿੱਚ ਇੱਕ ਰਾਗ ਦਰਬਾਰ ਵਿੱਚ ਗਾਏ ਜਾਣ ਵਾਲੀ ਗਾਇਕਾ ਨੂੰ ਪਾਤਰ ਕਿਹਾ ਗਿਆ ਹੈ :

"ਚੂਕੇ ਪਾਇਣ ਤਾਲ ਤੇ
ਪਾਤਰ ਦੋਸ਼ ਨਾ ਚਾਹੇ।"

ਇਹ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਵੇਂ ਆਈ -ਕਿਸਨੇ ਲਿਆਂਦੀ ਅਤੇ ਇਸ ਬਾਰੇ ਸਿੱਖ ਸਾਹਿੱਤ ਵਿੱਚ ਉੱਪਰ ਦੱਸੇ ਮਸਲੇ ਕਿਵੇਂ ਪੈਦਾ ਹੋਏ ਤੇ ਕਿਵੇਂ ਖੁੱਲ੍ਹੇ? ਇਸ ਹੱਥ ਵਿਚਲੀ ਪੋਥੀ ਦੀ ਰਚਨਾ ਇਹ ਦੱਸਣ ਲਈ ਕੀਤੀ ਗਈ ਹੈ। ਇਸ ਰਾਗਮਾਲਾ ਦਾ ਕਰਤਾ, ਕਵੀ ਆਲਮ, ਸ੍ਰੀ ਗੁਰੂ ਗ੍ਰੰਥ ਜੀ ਦੀ ਬੀੜ ਬੱਝਣ ਤੋਂ ਕਈ ਸਾਲ ਪਹਿਲਾਂ ਹੋਇਆ ਸੀ, ਉਹ ਕਵੀ ਅਕਬਰ ਬਾਦਸ਼ਾਹ ਦਾ ਸਮਕਾਲੀ ਸੀ। ਉਸ ਨੇ ਰਾਗਾਂ ਬਾਰੇ ਆਪਣੀ ਜਾਣਕਾਰੀ ਦੱਸਣ ਅਤੇ ਪੁਸਤਕ ਨੂੰ ਸ਼ਿੰਗਾਰ-ਰਸ ਭਿੰਨੀ ਬਣਾਉਣ ਲਈ ਦੋਹਰੇ ਤੇ ਚੌਪਈਆਂ ਵਿੱਚ ਬੀੜ ਰਚਨਾ ਤੋਂ ੨੧ ਸਾਲ ਪਹਿਲਾਂ ਇਸ ਨੂੰ ਲਿਖਿਆ ਸੀ। ਜਿਨ੍ਹਾਂ ਜਿਨ੍ਹਾਂ ਗ੍ਰੰਥਾਂ ਵਿਚ ਇਹ ਲਿਖਤ ਆਲਮ ਦੇ ਨਾਂ ਹੇਠ ਆਉਂਦੀ ਹੈ ੬੩ ਅੰਕ ਤੋਂ ੭੨ ਅੰਕ ਵੀ ਨਾਲ ਲਿਖੇ ਹੋਏ ਹਨ। ਸਾਡੇ ਪੁਰਾਤਨ ਵਿਦਵਾਨ- ਜਿਨ੍ਹਾਂ ਨੇ ਗੁਰਬਾਣੀ ਦੀਆਂ ਉਥਾਨਕਾ ਲਿਖੀਆਂ ਹਨ ਦੱਸਦੇ ਹਨ:-

**"ਏਹ ਆਲਮ ਕਵੀ ਨੇ ਮਾਧਵਾਨਲ ਕੇ ਗਾਇਨ ਦਾ ਗ੍ਰੰਥ ਬਨਾਯਾ ਹੈ। ਉਸ ਮੇ ਏ ਲਿਖ ਦਈ ਹੈ। ਊਹਾ ਤੇ ਈਹਾ ਲਿਖ ਦਈ ਹੈ।"** ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ ਅਤੇ ਕੋਸ਼ - ਸ਼ਾਨ, ਪੰਨਾ:-੩੮

ਚੰਡੀਗੜ੍ਹ
੮ ਜੁਲਾਈ ੨੦੦੩

**ਗਿਆਨੀ ਗੁਰਦਿੱਤ ਸਿੰਘ**



www.AKJ.org
www.AKJ.Org

# ਅਸਲੀਅਤ ਦੀ ਨਿਰਣਾਇਕ ਖੋਜ

ਗਿਆਨੀ ਗੁਰਦਿੱਤ ਸਿੰਘ ਜੀ ਦੀ ਪੁਸਤਕ 'ਮੁੰਦਾਵਣੀ' ਖੋਜ-ਭਰਪੂਰ ਹੈ। ਗਿਆਨੀ ਜੀ ਪ੍ਰੌੜ੍ਹ ਖੋਜੀ ਵਿਦਵਾਨ ਹਨ। ਪੁਸਤਕ ਵਿੱਚ ਉਹਨਾਂ ਵੱਲੋਂ ਨਿੱਗਰ ਅਤੇ ਅੱਕਟ ਤੱਥ ਪੇਸ਼ ਕੀਤੇ ਗਏ ਹਨ ਅਤੇ ਇਹਨਾਂ ਦੀ ਪੁਸ਼ਟੀ ਵਿੱਚ ਮੂਲ - ਸ੍ਰੋਤਾਂ ਦੇ ਥਾਂ ਥਾਂ ਹਵਾਲੇ ਵੀ ਦਿੱਤੇ ਗਏ ਹਨ। ਉਹਨਾਂ ਨੇ ਪੁਰਾਤਨ ਪ੍ਰਮਾਣੀਕ ਹੱਥ - ਲਿਖਤ ਬੀੜਾਂ ਦੇ ਅਧਾਰ 'ਤੇ ਇਹ ਸਿੱਧ ਕਰਨ ਦਾ ਸਫ਼ਲ ਪ੍ਰਯਾਸ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਮੁੰਦਾਵਣੀ ਉੱਤੇ ਹੀ ਪੈਂਦਾ ਹੈ। ਹੋਰ ਸਿਆਣਪ ਇਹ ਕੀਤੀ ਹੈ ਕਿ ਲਿਖਤੀ ਬੀੜਾਂ ਦੇ ਸਬੰਧਤ ਪੰਨਿਆਂ ਦੀਆਂ ਪੰਜਾਹ ਤੋਂ ਵੱਧ ਤਸਵੀਰਾਂ ਨਾਲ ਦਿੱਤੀਆਂ ਹਨ।

'ਰਾਗ ਮਾਲਾ' ਬਾਰੇ ਵਿਚਾਰਾਂ ਦਾ ਵਖਰੇਵਾਂ ਪੁਰਾਣਾ ਚਲਿਆ ਆ ਰਿਹਾ ਹੈ। ਗੁਰਦੁਆਰਾ ਐਕਟ ਦੇ ਹੋਂਦ ਵਿੱਚ ਆਉਣ ਮਗਰੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਹਿਤ ਮਰਯਾਦਾ ਦਾ ਖਰੜਾ ਛਪਵਾ ਕੇ ਜਦੋਂ ਪਹਿਲੀ ਵਾਰ ਜਾਰੀ ਕੀਤਾ ਗਿਆ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਭੋਗ' ਸਿਰਲੇਖ ਹੇਠ ਇਸ ਪ੍ਰਕਾਰ ਲਿਖਿਆ ਸੀ:

*"ਸ੍ਰੀ ਗੁਰੂ ਗ੍ਰੰਥ ਦੇ ਪਾਠ 'ਸਾਧਾਰਨ ਜਾਂ ਅਖੰਡ' ਦਾ ਭੋਗ ਮੁੰਦਾਵਣੀ ਉੱਤੇ ਪਾਇਆ ਜਾਵੇ।"*

(ਇਸ ਗੱਲ ਬਾਬਤ ਪੰਥ ਵਿੱਚ ਅਜੇ ਤੱਕ ਮੱਤ-ਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨ ਕਰੇ)

ਮਗਰੋਂ ਕੁਝ ਸਿਆਸੀ ਪ੍ਰਭਾਵਾਂ ਅਧੀਨ ਇਸ ਵਿੱਚ ਤਰਮੀਮ ਕੀਤੀ ਗਈ। ਪਰ ਇਹ ਅੱਟਲ ਸਚਾਈ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਥਕ ਪ੍ਰਬੰਧ ਹੇਠ ਆਉਣ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦਾ ਭੋਗ ਮੁੰਦਾਵਣੀ ਉੱਤੇ ਪਾਣ ਦੀ ਪ੍ਰਥਾ ਹੀ ੧੯੭੮ ਤੱਕ ਜਾਰੀ ਰਹੀ। ਇਸ ਪ੍ਰਥਾ ਦੀ ਉਲੰਘਣਾ ਵੀ ਕੁੱਝ ਸਿਆਸੀ ਸੱਜਣਾਂ ਵੱਲੋਂ ਆਪਣੇ ਸਿਆਸੀ ਮੁਫ਼ਾਦ ਅਧੀਨ ਹੀ ਕੀਤੀ ਗਈ।

'ਭੋਗ' ਬਾਰੇ ਸਿੱਖ ਰਹਿਤ ਮਰਯਾਦਾ ਵਿਚਲਾ ਪ੍ਰਚੱਲਤ ਨਿਰਣਾ ਇਹ ਹੈ :-

*"ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਿਕ ਰੀਤੀ ਅਨੁਸਾਰ ਹੀ ਪਾਇਆ ਜਾਵੇ।"*

ਉਪਰੋਕਤ ਨਿਰਣੇ ਦਾ ਸਪੱਸ਼ਟ ਭਾਵ ਹੈ ਕਿ ਕੋਈ ਰਾਗਮਾਲਾ ਪੜ੍ਹੇ ਜਾਂ ਨਾ ਪੜ੍ਹੇ, ਇਸ ਬਾਰੇ ਪਰਸਪਰ ਵਿਵਾਦ ਨ ਕੀਤਾ ਜਾਵੇ। ਰਾਗਮਾਲਾ ਪੜ੍ਹਨ ਵਾਲਿਆਂ ਉੱਤੇ ਉਪ੍ਰੋਕਤ ਨਿਰਣੇ ਦੇ ਚਾਨਣ ਵਿੱਚ ਕੋਈ ਉਟੰਕਣ ਨਹੀਂ ਕਰਦਾ; ਪਰ, ਰਾਗਮਾਲਾ ਦੇ ਪੱਖੀ ਪ੍ਰੇਮੀ, ਆਮ ਇਹ ਫਤਵਾ ਦੇਂਦੇ ਵੇਖੀਂਦੇ ਸੁਣੀਂਦੇ ਹਨ ਕਿ ਜਿਹੜਾ ਵਿਅਕਤੀ ਰਾਗ ਮਾਲਾ ਨਹੀਂ ਪੜ੍ਹਦਾ ਉਹ ਸਿੱਖ ਹੀ ਨਹੀਂ। ਜੋ ਵੱਡੇ ਬਾਬਿਆਂ ਤੇ ਗੁਰੂ ਜੀ ਕੇ ਨਿਸ਼ਾਣਾਂ ਵਾਲੀਆਂ ਬੀੜਾਂ, ਰਾਗਮਾਲਾ ਤੋਂ ਰਹਿਤ ਹਨ, ਉਨ੍ਹਾਂ ਬੀੜਾਂ ਬਾਰੇ ਕੀ ਕਹਿਆ ਜਾਵੇਗਾ? ਇਸ ਸੰਦਰਭ ਵਿੱਚ ਗਿਆਨੀ ਜੀ ਦੀ ਪੁਸਤਕ ਅਤਿ ਲੋੜੀਂਦਾ ਮੁਸਤਨਿਦ ਦਸਤਾਵੇਜ਼ ਹੈ। ਇਸਦੀ ਬੋਲੀ, ਸ਼ੈਲੀ ਬੜੀ ਸੁਖਾਵੀਂ ਅਤੇ ਵਿਚਾਰਧਾਰਾ ਬਾ-ਦਲੀਲ ਹੈ। ਇਸ ਲਈ ਇਹ ਹਰ ਗੁਰ ਸਿੱਖ ਨੂੰ ਧਿਆਨ ਨਾਲ ਪੜ੍ਹਨੀ ਚਾਹੀਦੀ ਹੈ।


ਗਿਆਨੀ ਜੀ ਨੇ 'ਰਾਗਮਾਲਾ' ਦੀ ਅਸਲੀਅਤ ਜਾਨਣ ਲਈ ਤਕਰੀਬਨ ਅੱਧੀ ਸਦੀ ਲਾ ਕੇ ਬੜੀ ਡੂੰਘੀ ਖੋਜ ਕੀਤੀ ਹੈ। ਜਿਸ ਸ੍ਰੋਤ ਤੋਂ ਰਾਗਮਾਲਾ ਲਿਖੀ ਗਈ ਹੈ, ਉਹ ਮੂਲ ਸ੍ਰੋਤ ਦੇਵਨਾਗਰੀ ਹਿੰਦੀ ਵਿੱਚ ਹੈ। ਇਸ ਲਈ ਗਿਆਨੀ ਜੀ ਨੇ ਦੇਵਨਾਗਰੀ ਦੇ ਦਰਜਨਾਂ ਪ੍ਰਸਿੱਧ ਸਾਹਿੱਤ ਆਚਾਰੀਆਂ ਦੀਆਂ ਲਿਖਤਾਂ ਦੇ ਹਵਾਲਿਆਂ ਨਾਲ ਅਸਲੀਅਤ ਸਾਹਮਣੇ ਲਿਆਂਦੀ ਹੈ।

ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਇਸ ਪੱਖ ਵਿੱਚ ਹਰ ਗੁਰ -ਸਿੱਖ ਨੂੰ ਸੁਹਿਰਦਤਾ ਅਤੇ ਸਦ-ਭਾਵਨਾ ਬਖਸ਼ਨ।

ਮਿਤੀ ੬-੮-੨੦੦੩ ਜੋਗਿੰਦਰ ਸਿੰਘ ਤਲਵਾੜਾ



www.AKJ.Org



# ਪ੍ਰੇਰਨਾ ਅਤੇ ਅਸੀਸ

੨੮-੧੦-੪੫ ੴ ਲੁਧਿਆਣਾ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਪਿਆਰੇ ਪਿਆਰੇ ਵੀਰ ਜੀ ਗੁਰਦਿਤ ਸਿੰਘ ਗਿਆਨੀ

ਕੀ ਆਪ ਲੁਧਿਆਣੇ ਦਰਸ਼ਨ ਦੇ ਕੇ ਕਿਰਤਾਰਥ ਕਰ ਸਕੋਗੇ? ੨੮ ਅਕਤੂਬਰ ਨੂੰ ਅਸੀ ਫੇਰ ਸ੍ਰੀ ਅੰਮ੍ਰਿਤਸਰ ਜੀ ਜਾਣਾ ਸੋ ਆਪ ਪਹਿਲਾਂ ਪਹਿਲਾਂ ਕਿਸੇ ਵੇਲੇ ਕਿਸੇ ਦਿਨੈ ਐਥੇ ਲੁਧਿਆਣਾ ਬਲਬੀਰ ਸਿੰਘ ਦੇ ਬੁੰਗੇ ਤੇ ਦਰਸ਼ਨ ਆ ਦੇਵੋ ਜੀ ਆਪ ਕਲ ਹੀ ਆ ਜਾਵੋਂ ਤਾਂ ਬਹੁਤ ਚੰਗਾ ਹੋਵੇ।

ਰਾਗਮਾਲਾ ਦੇ ਭਗਤਾਂ ਨੂੰ ਸੰਬੋਧਨ ਪ੍ਰਬੋਧਨ ਤੇ ਸੋਧਨ ਸਬੰਧੀ ਜੋ ਆਪ ਨੇ ਗੁਰੂ ਪ੍ਰੇਨਾ ਅਨੁਸਾਰ ਸੇਵਾ ਕੀਤੀ ਹੈ ਸੋ ਸਰਾਹੁਣ ਜੋਗ ਹੈ ਇਸ ਸਬੰਧੀ ਆਪ ਦੇ ਨਾਲ ਹੋਰ ਵੀ ਬਹੁਤ ਸਾਰੇ ਵਿਚਾਰ ਕਰਨੇ ਹੈ।

ਸੋ ਚੰਗਾ ਹੋਵੇ ਕਿ ਆਪ ਗਿਆਨੀ ਅਰਜਨ ਸਿੰਘ ਜੀ ਨੂੰ ਆਪਣੇ ਸੰਗ ਸਾਥ ਲੈਕੇ ਆਵੋਂ

ਆਪ ਦਾ
ਦਾਸ ਰਣਧੀਰ ਸਿੰਘ



www.AKJ.Org

# ਸੂਚਨਾ

(ੳ) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੱਲੋਂ ਇਹ ਪੱਤਰ ੨੪.੧੦.੧੯੪੫ ਦਾ ਲਿਖਿਆ ਹੋਇਆ ਹੈ। ਉਸ ਵੇਲੇ ਲੇਖਕ ਨੇ ਛੋਟੀ ਜਿਹੀ ਪੁਸਤਕ "ਰਾਗਮਾਲਾ ਦੀ ਅਸਲੀਅਤ" ਲਿਖੀ ਸੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਰਾਗਮਾਲਾ ਬਾਰੇ ਉਚੇਚੀ ਸੱਦੀ ਮੀਟਿੰਗ ਵਿਚ ਭਾਗ ਲਿਆ ਸੀ। ਇਸ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਦੂਜੇ ਦਿਨ ਬਿਨਾਂ ਕਿਸੇ ਬੇਨਤੀ ਦੇ "ਗੁਰਬਾਣੀ ਰਿਸਰਚ ਸਕਾਲਰ" ਦਾ ਨਿਯੁਕਤੀ ਪੱਤਰ ਪ੍ਰਾਪਤ ਹੋਇਆ। ਮੈਂ ਇਸ ਨਿਯੁਕਤੀ ਪੱਤਰ ਨੂੰ ਲੈ ਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕੋਲ ਗਿਆ। ਪੱਤਰ ਦੇਖਣ ਤੋਂ ਬਾਅਦ ਉਹਨਾਂ ਨੇ ਮੈਨੂੰ ਕਿਸੇ ਕਿਸਮ ਦੀ ਸਰਵਿਸ ਤੇ ਲੱਗਣ ਤੋਂ ਵਰਜ ਦਿੱਤਾ। ਉਹਨਾਂ ਕਿਹਾ "ਨੌਕਰੀ ਕੀ ਨੌਂ ਕੜੀ" ਤੁਸੀਂ ਨੌਕਰੀ ਨਹੀਂ ਕਰਨੀ। ਤੁਹਾਨੂੰ ਬਿਨਾਂ ਨੌਕਰੀ ਤੋਂ ਹੀ ਸਤਿਗੁਰੂ ਸਭ ਕੁੱਝ ਬਖਸ਼ਣਗੇ।

(ਅ) ਉਸ ਸਮੇਂ ਦਾ ਇਹ ਪੱਤਰ ਹੁਣ ਜਦੋਂ "ਮੁੰਦਾਵਣੀ" ਪੁਸਤਕ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ ਤਾਂ ਉਹਨਾਂ ਦੀ ਪ੍ਰੇਰਨਾ ਤੇ ਅਸੀਸ ਵਜੋਂ ਸਫਾ ਨੰ: ੧੦ ਉੱਤੇ ਅਸਲ ਰੂਪ ਵਿਚ ਦਿੱਤਾ ਜਾ ਰਿਹਾ ਹੈ।

(ੲ) ਇਸ ਪੁਸਤਕ ਲੜੀ ਵਿੱਚ ਇੱਕ ਸੂਚਨਾ ਦਿੱਤੀ ਜਾਂਦੀ ਰਹੀ ਹੈ, ਜੋ ਭਗਤ ਬਾਣੀ ਸਬੰਧੀ ਗ੍ਰੰਥ ਵਿੱਚ ਇਉਂ ਛਪੀ ਹੈ :-

*"ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਭਾਗ"*

ਇਸ ਸਿਲਸਿਲੇ ਦੀ ਪਹਿਲੀ ਪੋਥੀ "ਭੱਟ ਅਤੇ ਉਨ੍ਹਾਂ ਦੀ ਰਚਨਾ" ਹੈ। ੧੯੬੧ ਵਿੱਚ ਇੱਕ ਖੋਜ ਨਿਬੰਧ ਪੁਸਤਕ ਦੇ ਰੂਪ ਵਿੱਚ ਲਿਖਿਆ ਸੀ ਜੋ ਜਲੰਧਰ ਵਿਖੇ ੧੯੬੧ ਵਿਚ ਪੰਜਾਬੀ ਕਾਨਫਰੰਸ ਵਿੱਚ ਪੜ੍ਹਿਆ ਗਿਆ। ਉਸ ਖੋਜ ਪਿੱਛੋਂ ਭਗਤ ਬਾਣੀ ਬਾਰੇ ਪੁਸਤਕ ੧੯੯੦ ਵਿੱਚ ਛੱਪ ਚੁੱਕੀ ਹੈ। ਹੁਣ ਇਹ 'ਮੁੰਦਾਵਣੀ' ਨਾਮੀ ਪੋਥੀ ਪ੍ਰਕਾਸ਼ਿਤ ਹੋ



www.AKJ.Org

ਕੇ ਪਾਠਕਾਂ ਦੀ ਸੇਵਾ ਵਿੱਚ ਪੁੱਜ ਰਹੀ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਤਿਹਾਸ ਦਾ ਅੰਤਮ ਭਾਗ ਹੈ।

(ਸ) ਲੇਖਕ ਦੇ ਹੱਥਾਂ ਵਿੱਚ ਇਸ ਵੇਲੇ ਇਸੇ ਲੜੀ ਦੀਆਂ ਦੋ ਪੁਸਤਕਾਂ ਹਨ। ਪਹਿਲੀ ਪੁਰਾਤਨ ਬੀੜਾਂ ਦੀ ਖੋਜ ਹੈ, ਜਿਸ ਵਿੱਚ ਕਈ ਨੁਕਤਿਆਂ ਬਾਰੇ ਰੋਸ਼ਨੀ ਪੈਂਦੀ ਹੈ। ਇਸ ਵਿਸ਼ੇ ਉੱਤੇ ਪਹਿਲੀਆਂ ਲਿਖੀਆਂ ਜੀ. ਬੀ. ਸਿੰਘ ਦੀਆਂ ਪ੍ਰਾਚੀਨ ਬੀੜਾਂ, ਹਰਨਾਮ ਦਾਸ ਦੀਆਂ ਲਿਖੀਆਂ ਪੁਰਾਤਨ ਬੀੜਾਂ ਬਾਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਛਾਪੀ 'ਗਾਥਾ ਸ੍ਰੀ ਆਦਿ ਗ੍ਰੰਥ' ਤੇ ਉਜੇਹੀਆਂ ਹੋਰ ਪੁਸਤਕਾਂ ਵੀ ਸਾਹਮਣੇ ਹਨ, ਜਿਨ੍ਹਾਂ ਵਿੱਚ ਆਈਆਂ ਕਈ ਗੱਲਾਂ ਦੇ ਭਵਿੱਖ ਵਿੱਚ ਦੁਖਦਾਈ ਹੋਣ ਦੇ ਡਰ ਕਾਰਣ ਵਿਚਾਰ ਕਰਨੀ ਜ਼ਰੂਰੀ ਹੈ।

(ਹ) ਆਦਿ ਪੋਥੀਆਂ, ਪੁਸਤਕ ਵਿਚ ਪੋਥੀ ਗੁਰੂ ਹਰਿ ਸਹਾਇ, ਗੋਇੰਦਵਾਲ ਵਾਲੀਆਂ ਪੋਥੀਆਂ ਅਤੇ ਹਿੰਦੀ ਵਿੱਚ ਲਿਖੀ ਮਿਲਦੀ ਨਾਨਕ ਬਾਣੀ ਅਤੇ ਭਗਤ ਬਾਣੀ ਦੀਆਂ ਦੁਰਲਭ ਲਿਖਤਾਂ ਵੀ ਵਿਚਾਰੀਆਂ ਗਈਆਂ ਹਨ। ਇੱਕ ਪੱਖੋਂ ਇਹ ਪੋਥੀਆਂ ਵੱਖਰੀਆਂ ਵੀ ਹਨ ਤੇ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਵਾਰ ਭਾਗ ਵੀ ਹਨ। ਅਸੀਂ ਯਤਨਸ਼ੀਲ ਹਾਂ ਕਿ ਇਹ ਪੋਥੀਆਂ ਛੇਤੀ ਤੋਂ ਛੇਤੀ ਪ੍ਰਕਾਸ਼ਤ ਕੀਤੀਆਂ ਜਾਣ।



www.AKJ.Org

# ਧੰਨਵਾਦ

ਲੇਖਕ ਨੂੰ ਪ੍ਰਸੰਨਤਾ ਹੈ ਇਸ ਪੁਸਤਕ ਦੇ ਸੰਪੂਰਨ ਹੋਣ ਤੇ ਜੋ ਕਾਰਜ ੧੯੪੪ ਈ: ਵਿੱਚ ਆਰੰਭ ਹੋਇਆ ਸੀ, ਸੋ ਸੰਪੰਨ ਹੋਇਆ ਹੈ। ਅੱਧੀ ਸਦੀ ਤੋਂ ਵੱਧ ਉਮਰ ਲੇਖਕ ਦੀ ਸਾਹਿੱਤ ਖੇਤਰ ਵਿੱਚ ਵਿਸ਼ੇਸ਼ ਕਰਕੇ ਗੁਰਮੱਤਿ ਦੇ ਅਧਿਐਨ ਵਿੱਚ ਲੰਘੀ ਹੈ, ਪ੍ਰਮੁੱਖ ਰੂਪ ਵਿੱਚ ਆਦਿ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੁਰਾਤਨ ਬੀੜਾਂ ਲੇਖਕ ਦੀ ਸਾਧਨਾਂ ਦਾ ਕੇਂਦਰ ਰਿਹਾ ਹੈ। ਜਿਸ ਤੋਂ ਅਨੁਭਵ ਹੋਇਆ ਕਿ ਜਗਿਆਸੂਆਂ ਲਈ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਸਰਬਾਂਗੀ ਜਾਣਕਾਰੀ ਹਾਸਲ ਕਰਨ ਅਤੇ ਵੱਖੋ-ਵੱਖਰੇ ਪੱਖਾਂ ਤੋਂ ਗੁਰਮਤਿ ਸਾਹਿੱਤ ਦੀ ਜਿਸ ਉੱਚ ਪੱਧਰ ਦੀ ਭਾਵਨਾ ਨਾਲ ਖੋਜ ਵਿਚਾਰ ਹੋਣੀ ਚਾਹੀਦੀ ਹੈ, ਉਸ ਦੀ ਸਭਨਾਂ ਪਹਿਲੂਆਂ ਤੇ ਚੇਤਨਾ ਨਾਲ ਵਿਚਾਰ ਕਰਨ ਦੀ ਪ੍ਰਥਾ ਦੇ ਸਾਧਨ ਕਾਇਮ ਕੀਤੇ ਜਾਣ।

ਕੁੱਝ ਸੱਜਣ, ਜਿਨ੍ਹਾਂ ਦੀ ਪ੍ਰੇਰਨਾ ਨਾਲ ਇਹ ਕਾਰਜ ਛੋਹਿਆ ਸੀ, ਖ਼ੇਦ ਹੈ ਕਿ ਉਹ ਸੰਸਾਰ ਤੋਂ ਚਲੇ ਗਏ ਹਨ। ਕੁੱਝ ਅਜਿਹੇ ਮਹਾਂਪੁਰਸ਼ ਸਨ, ਜਿਨ੍ਹਾਂ ਦੀਆਂ ਸ਼ੁਭ ਭਾਵਨਾਵਾਂ ਲੇਖਕ ਲਈ ਯਾਦਾਂ ਬਣ ਕੇ ਟੁੰਬਦੀਆਂ ਰਹੀਆਂ। ਉਹਨਾਂ ਮਹਾਂਪੁਰਖਾਂ ਦੀਆਂ ਪ੍ਰੇਣਾਂ ਨੂੰ ਨਮਸਕਾਰ ਕਰਦਾ ਹਾਂ।

ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੁਆਰਾ ਦਿੱਤਾ ਗਿਆ ਪ੍ਰੇਮ-ਪਿਆਰ ਕਿਸੇ ਹੋਰ ਤੋਂ ਲੱਭ ਹੀ ਨਹੀਂ ਸਕਦਾ। ਪੰਡਤ ਕਰਤਾਰ ਸਿੰਘ ਜੀ ਦਾਖਾ ਲੇਖਕ ਦੇ ਮੁੱਖ ਪ੍ਰੇਰਕ, ਸਹਾਇਕ ਤੇ ਕੁੱਝ ਬੀੜਾਂ ਦੇ ਦਰਸ਼ਨ ਕਰਨ ਸਮੇਂ ਵੀ ਸਾਥ ਨਿਭਾਉਂਦੇ ਰਹੇ। ਸ: ਗਿਆਨ ਸਿੰਘ ਜੀ ਰਾੜੇ-ਵਾਲੇ ਦੀ ਕ੍ਰਿਪਾਲਤਾ ਤੇ ਮੇਰੇ ਖੋਜ ਵਿਚਾਰ ਦੇ ਕੰਮਾਂ ਵਿੱਚ ਸਹਾਇਕ ਹੋਣਾ ਵਰਣਨ ਯੋਗ ਹੈ, ਜਿਨ੍ਹਾਂ ਨੇ ਆਰੰਭ ਵਿੱਚ ਪਟਿਆਲਾ ਦੀਆਂ ਬੀੜਾਂ ਦੇ ਦਰਸ਼ਨ ਕਰਵਾਏ ਤੇ ਹੋਰ ਥਾਵਾਂ ਤੇ ਲੋੜੀਦੇ ਗ੍ਰੰਥਾਂ, ਵਸਤਾਂ ਤੇ ਹੋਰ ਬਹੁਮੁਖੀ ਸੱਮਗਰੀ ਤੱਕ ਪਹੁੰਚ ਕਰਵਾਈ। ਅਨੇਕਾਂ ਬੀੜਾਂ ਤੇ ਹੱਥ ਲਿਖਤਾਂ ਵਿੱਚੋਂ ਜੋ ਕੁੱਝ ਜਾਣਨਾ



www.AKJ.Org

ਚਾਹੀਦਾ ਸੀ, ਉਸ ਨੂੰ ਹਾਸਲ ਕਰਨ ਲਈ ਪੱਤਰ-ਵਿਹਾਰ ਤੇ ਲੋੜੀਂਦੇ ਪ੍ਰਬੰਧ ਕਰਨ ਵਿੱਚ ਸਹਾਈ ਹੋਏ।

ਅਜਿਹੇ ਜਿਨ੍ਹਾਂ ਸੱਜਣਾਂ ਨੇ ਇਸ ਕਾਰਜ ਲਈ ਮੇਰਾ ਹੱਥ ਵਟਾਇਆ ਉਨ੍ਹਾਂ ਵਿੱਚ ਲੇਖਕ ਦੀ ਜੀਵਨ ਸਾਥੀ ਸ੍ਰੀਮਤੀ ਇੰਦਰਜੀਤ ਕੌਰ (ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਟੀ, ਪਟਿਆਲਾ ਅਤੇ ਚੇਅਰਮੈਨ ਸਟਾਫ ਸਿਲੇਕਸ਼ਨ ਕਮਿਸ਼ਨ ਗੌਰਮਿੰਟ ਆਫ਼ ਇੰਡੀਆ, ਦਿੱਲੀ) ਜੋ ਬੈਠਦਿਆਂ-ਉਠਦਿਆਂ, ਸਿਹਤ ਦੀ ਖ਼ਰਾਬੀ ਦੇ ਬਾਵਜੂਦ ਇਸ ਕਿਤਾਬ ਲਈ ਜੂਝਣ ਵਾਸਤੇ ਨਿਰੰਤਰ ਪ੍ਰੇਰਨਾ ਦਿੰਦੇ ਰਹੇ।

ਪੁਰਾਤਨ ਬੀੜਾਂ ਤੇ ਹੋਰ ਸਬੰਧਿਤ ਸਮੱਗਰੀ ਦੀ ਦੁਰਲੱਭ ਪ੍ਰਾਪਤੀ ਲੇਖਕ ਪਾਸ ਇਤਨੀ ਭਰਪੂਰ ਹੋ ਜਾਣ ਦੇ ਬਾਵਜੂਦ ਵੀ ਪੁਸਤਕ ਰੂਪ ਵਿੱਚ ਪਤਾ ਨਹੀਂ ਕਿਤਨਾ ਚਿਰ ਹੋਰ ਸਾਹਮਣੇ ਨਾ ਆਉਂਦੀ ਜੇ ਮੈਨੂੰ ਅਜੇਹੇ ਸਹਾਇਕ ਨਾ ਮਿਲਦੇ ਜਿਨ੍ਹਾਂ ਨੇ ਹਰ ਕਿਸਮ ਦੀ ਖੋਜ ਤੇ ਇਸ ਕਾਰਜ ਵਿੱਚ ਯੋਗਦਾਨ ਪਾਇਆ ਤੇ ਉਨ੍ਹਾਂ ਵਿੱਚ ਸ: ਅਰਜਨ ਸਿੰਘ ਘੁਮਾਣ – ਦੂਰ ਬੈਠੇ ਨੇੜੇ ਤੋਂ ਨੇੜੇ ਹੋ ਕੇ ਅਕਹਿ ਹੱਲਾ -ਸ਼ੇਰੀ ਦਿੰਦੇ ਰਹੇ। ਇਵੇਂ ਹੀ ਭਾਈ ਉਜਾਗਰ ਸਿੰਘ ਫਰਵਾਲ੍ਹੀ ਵਾਲੇ ਜੋ ਮੇਰੇ ਪੁਰਾਣੇ ਮਿੱਤਰ ਤੇ ਗਰਾਈਂ ਵੀ ਹਨ, ਉਹਨਾਂ ਨੇ ਇਸ ਕਾਰਜ ਵਿੱਚ ਭਰਵਾਂ ਯੋਗਦਾਨ ਪਾਇਆ ਅਤੇ ਮਹਾਰਾਜਾ ਨਾਭਾ ਦੇ ਪੀ.ਏ. ਸ: ਬਸੰਤ ਸਿੰਘ ਦੇ ਸਪੁੱਤਰ ਸ: ਮਹਿੰਦਰ ਸਿੰਘ ਸੋਹੀ (ਪਲਾਸੌਰ) ਸਮੇਂ ਸਿਰ ਸਹਾਈ ਹੋਏ।

ਭਾਈ ਜੋਗਿੰਦਰ ਸਿੰਘ ਜੀ ਵੇਦਾਂਤੀ (ਹੁਣ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਨੇ ਅੰਰਭਕ ਸਮੇਂ ਬੀੜਾਂ ਦੀ ਭਾਲ ਤੇ ਖੋਜ ਕਰਨ ਵਿੱਚ ਜੋ ਸਮੇਂ-ਸਮੇਂ ਸਫ਼ਰਾਂ ਦੌਰਾਨ ਸਾਥ ਦਿੱਤਾ ਅਤੇ ਹੱਥ-ਲਿਖਤਾਂ ਲੱਭਣ ਲਈ ਦੂਰ-ਨੇੜੇ ਜਾਣ ਦੀਆਂ ਖੇਚਲਾਂ ਝੱਲੀਆਂ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦੀ ਹਾਂ।

ਧੰਨਵਾਦ ਹੈ ਸ਼ੁਭ ਸਾਲਾਹੀ ਜਥੇਦਾਰ ਅੱਛਰ ਸਿੰਘ, ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ਪ੍ਰੋ: ਹਰਮਿੰਦਰ ਸਿੰਘ ਲਾਹੌਰ (ਹਾਲ-ਇੰਗਲੈਂਡ) ਦਾ।

ਭਾਈ ਮੋਹਨ ਸਿੰਘ ਗਾਰਡ (ਹਾਲ ਮੁਹਾਲੀ) ਵੱਲੋਂ ਜੋ ਇਸ ਪੁਸਤਕ ਲਈ ਬੀੜਾਂ ਦੇਖਣ ਸਮੇਂ ਚਿਤ੍ਰ ਲੈਣ ਅਤੇ ਪੁਸਤਕ ਦੀ ਪ੍ਰੈਸ ਕਾਪੀ ਤਿਆਰ ਕਰਨ ਦੀ ਸੇਵਾ ਵਿੱਚ ਜਿਸ ਤਰ੍ਹਾਂ ਸਾਥ ਨਿਭਾਇਆ, ਉਨ੍ਹਾਂ ਦੇ ਨਿਰੰਤਰ ਸਾਥ-ਨਿਭਾਉਣ ਦਾ ਭਾਰੀ ਰਿਣੀ ਹਾਂ। ਪ੍ਰੈਸ ਕਾਪੀ ਤਿਆਰ ਕਰਨ ਵਿੱਚ ਡਾ. ਤ੍ਰਿਲੋਚਨ ਸਿੰਘ ਤਰਸੀ ਸ: ਤੇਜਾ ਸਿੰਘ ਤਿਲਕ, ਭਾ: ਕੰਵਲਜੀਤ ਸਿੰਘ ਦਾ ਨਾਂ ਜ਼ਿਕਰਯੋਗ ਹੈ।

ਕਵੀ ਆਲਮ ਦੀ ਖੋਜ ਇੱਕ ਵੱਡੇ ਜੰਗਲ ਦਾ ਵਿਖੜਾ ਪੈਂਡਾ ਪਾਰ ਕਰਨਾ ਸੀ। ਇਸ ਲਈ ਹਿੰਦੀ ਦੇ ਵਿਦਵਾਨਾਂ, ਤੇ ਖੋਜੀਆਂ ਨੇ ਲੇਖਕ ਦੀ ਭਰਪੂਰ ਸਾਹਇਤਾ ਕੀਤੀ। ਲਖਨਊ, ਬਨਾਰਸ, ਕਾਂਸ਼ੀ, ਅਲਾਹਾਬਾਦ, ਬੜੌਦਾ ਦੀਆਂ ਵਿੱਦਿਅਕ ਸੰਸਥਾਵਾਂ ਦੇ



www.AKJ.Org

ਵਿਦਵਾਨਾਂ ਨੇ ਵੱਧ ਤੋਂ ਵੱਧ ਸਹਿਯੋਗ ਦਿੱਤਾ।

ਅੰਤ ਵਿੱਚ ਸ੍ਰੀ ਭਵਾਨੀਸ਼ੰਕਰ ਯਾਗਿਕ; ਆਚਾਰੀਆ ਵਿਸ਼ਵਨਾਥ ਮਿਸ਼ਰ (ਨਾਗਰੀ ਪ੍ਰਚਾਰਨੀ ਪਤ੍ਰਿਕਾ), ਡਾ: ਭਗੀਰਥ ਮਿਸ਼ਰ, ਸ੍ਰੀ ਗਣੇਸ਼ ਪ੍ਰਸ਼ਾਦ ਦਿਵੇਦੀ, ਸ੍ਰੀ ਹਰਿ ਪ੍ਰਸਾਦ ਨਾਇਕ, ਡਾ: ਧਰੇਂਦਰ ਵਰਮਾ, ਪ੍ਰੋਫੈਸਰ ਮੌਜ਼ੂਮਦਾਰ, ਡਾ: ਸੀਤਾ ਬਿੰਬਰਾ, ਡਾ: ਜਗਦੀਸ਼ ਨਰਾਇਣ (ਹੋਡਲ) ਆਦਿ ਵਿਦਵਾਨਾਂ ਨੇ ਹੱਥ-ਲਿਖਤ ਪ੍ਰਾਚੀਨ ਪੋਥੀਆਂ ਆਪਣੇ ਲੇਖਾਂ ਰਾਹੀਂ ਸਾਹਮਣੇ ਲਿਆ ਕੇ ਜੋ ਭਰਮ-ਗੜ੍ਹ ਤੋੜਨ ਵਿੱਚ ਸਹਾਈ ਹੋਏ, ਖਾਸ ਕਰਕੇ ਉਨ੍ਹਾਂ ਦਾ ਧੰਨਵਾਦੀ ਹਾਂ।

ਸਿੱਖ ਸਾਹਿੱਤ ਸਮੱਗਰੀ ਨੂੰ ਘੋਖਣਾ ਪੁਰਾਤਨ ਬੀੜਾਂ ਦੀ ਪ੍ਰਾਪਤੀ ਤੇ ਉਥਾਨਕਾਵਾਂ, ਪ੍ਰਯਾਵਾਂ, ਕੋਸ਼ਾਂ, ਟੀਕਿਆਂ ਤੇ ਪੁਰਾਣੀਆਂ ਸਾਖੀ ਪੋਥੀਆਂ ਦੇ ਲੇਖਕਾਂ ਦੀ ਨਿਰੰਤਰ ਵਿਚਾਰਧਾਰਾ ਨੇ ਵੀ ਲੇਖਕ ਨੂੰ ਔਝੜ ਪੈਣ ਤੋਂ ਬਚਾਇਆ। ਭਾਈ ਸੰਤੋਖ ਸਿੰਘ ਜੀ ਤੋਂ ਲੈ ਕਿ ਭਾਈ ਕਾਨ੍ਹ ਸਿੰਘ ਤੱਕ ਨੇ ਮਿਥੇ ਰਾਹ ਤੇ ਤੁਰਨ ਲਈ ਸੇਧਾਂ ਦਿੱਤੀਆਂ ਉਨ੍ਹਾਂ ਪ੍ਰਤੀ ਵੀ ਧੰਨਵਾਦੀ ਭਾਵ ਭੇਟ ਕਰਦਾ ਹਾਂ।

ਪ੍ਰਿੰਸੀਪਲ ਦਿਆਲ ਸਿੰਘ ਰਕਾਬਗੰਜ ਤੇ ਪ੍ਰੋ: ਤਾਰਾ ਸਿੰਘ ਜੀ ਮੇਹਰ ਸਿੰਘ ਰਾਗੀ ਰਾਹੀਂ ਡਾ: ਪ੍ਰਭਜੋਤ ਸਿੰਘ ਕੈਲੇਫੋਰਨੀਆਂ ਦਾ ਵੱਡੇ ਅੱਖਰ ਕਰਕੇ ਵਿਖਾਉਣ ਵਾਲੇਯੰਤਰ ਦੇਣ ਲਈ ਬਹੁਤ ਧੰਨਵਾਦੀ ਹਾਂ। ਜਿਨ੍ਹਾਂ ਨੇ ਰਾਗਾਂ ਅਤੇ ਰਾਗਮਾਲਾ ਬਾਰੇ ਫੁੱਟਕਲ ਲੇਖਾਂ ਰਾਹੀਂ ਜਾਣਕਾਰੀਆਂ ਦਿੱਤੀਆਂ, ਉਹ ਭੀ ਲੇਖਕ ਦੇ ਧੰਨਵਾਦ ਦੇਂ ਹੱਕਦਾਰ ਹਨ।

ਪੁਰਾਤਨ ਹੱਥ ਲਿਖਤ ਬੀੜਾਂ ਦੇ ਪ੍ਰਸੰਗ ਵਿੱਚ ਪਟਿਆਲਾ ਰਾਜ ਵੰਸ਼ ਵੱਲੋਂ ਬਾਬਾ ਆਲਾ ਸਿੰਘ ਤੋਂ ਲੈ ਕੇ ਹੁਣ ਤੱਕ ਜੋ ਵਿਸ਼ੇਸ਼ ਤੌਰ ਤੇ ਹੱਥ ਲਿਖਤ ਬੀੜਾਂ ਅਤੇ ਗ੍ਰੰਥਾਂ ਦੀ ਸੰਭਾਲ ਕੀਤੀ ਗਈ ਹੈ, ਉਹ ਕਦਰਦਾਨਾਂ ਵੱਲੋਂ ਪ੍ਰਸੰਸਾ ਦੀ ਹੱਕਦਾਰ ਹੈ।

ਜਿਨ੍ਹਾਂ -੨ ਨੇ ਸਿੱਖੀ ਵਿੱਚ ਆਏ ਬਿਖੜੇ ਸਮੇਂ ਵਿੱਚ ਬੀੜਾਂ ਦੀ ਸੰਭਾਲ ਕੀਤੀ ਉਨ੍ਹਾਂ ਦੇ ਸੇਵਾ ਅਮੁੱਲ ਹੈ।

**ਗੁਰਦਿੱਤ ਸਿੰਘ ਗਿਆਨੀ**




www.AKJ.Org



ਇਹ "ਸਿੱਖ ਰੈਫ਼ਰੈਂਸ ਲਾਇਬ੍ਰੇਰੀ" ਅੰਮ੍ਰਿਤਸਰ ਵਾਲੀ ਬੀੜ ਦਾ ਚਿਤ੍ਰ ਹੈ
ਇਸ ਚਿਤ੍ਰ ਵਿੱਚ ਨੌਂਵੇਂ ਮਹਲੇ ਕੇ ਨੀਸਾਣ ਹਨ। ਸਬੰਧਤ ਬੀੜ ਦੇ ਤਤਕਰੇ
ਅਨੁਸਾਰ ਭੋਗ ਮੁੰਦਾਵਣੀ ਤੇ ਹੈ।

www.AKJ.Org




੧ਓ ਸਤਿਗੁਰ ਪ੍ਰਸਾਦਿ

ਤਤਕਰਾ

| | ਸੂਚੀਪਤ੍ਰ ਪੋਥੀ ਕਾ ਤਤਕਰਾ | | ਰਾਗਾ ਕਾ | | | | ਪਤਿ |
|---|---|---|---|---|---|---|---|
| ੧ | ਜਪੁ ਸ੍ਰੀ ਸਤਿਗੁਰੂ ਰਾਮਦਾਸ ਜੀਉ ਕਿ | | ਆਦਸ | ਖਤਕ | ਨਕਲੁ | | ੧ |
| ੨ | ਸੋਦਰੁ ਪੰਜਿ ਸਬਦ | ਪਤਿ | ੨ | ੨੭ | ਰਾਗੁ ਮਲਾਰ | ਪਤਿ | ੪੫੫ |
| ੩ | ਸੋ ਪੁਰਖੁ ਚਾਰਿ ਸਬਦ | ਪਤਿ | ੪ | ੨੮ | ਰਾਗੁ ਕਾਨੜਾ | ਪਤਿ | ੪੬੯ |
| ੪ | ਸੋਹਿਲਾ ਪੰਜ ਸਬਦ | ਪਤਿ | ੫ | ੨੯ | ਰਾਗੁ ਕਲਿਆਣ | ਪਤਿ | ੪੭੮ |
| ੧ | ਰਾਗੁ ਸਿਰੀਰਾਗੁ | ਪਤਿ | ੫ | ੩੦ | ਰਾਗੁ ਬਿਭਾਸ ਪਰਭਾਤੀ | ਪਤਿ | ੪੮੦ |
| ੨ | ਰਾਗੁ ਮਾਝ | ਪਤਿ | ੩੫ | ੧ | ਸਲੋਕ ਸਹਸਕ੍ਰਿਤੀ | ਪਤਿ | ੪੮੯ |
| ੩ | ਰਾਗੁ ਗਉੜੀ | ਪਤਿ | ੫੬ | ੨ | ਗਾਥਾ | ਪਤਿ | ੪੯੨ |
| ੪ | ਰਾਗੁ ਆਸਾ | ਪਤਿ | ੧੨੭ | ੩ | ਫੁਨਹੇ | ਪਤਿ | ੪੯੨ |
| ੫ | ਰਾਗੁ ਗੂਜਰੀ | ਪਤਿ | ੧੭੮ | ੪ | ਚਉਬੋਲੇ | ਪਤਿ | ੪੯੩ |
| ੬ | ਰਾਗੁ ਦੇਵਗੰਧਾਰੀ | ਪਤਿ | ੧੮੩ | ੫ | ਸਲੋਕ ਕਬੀਰ ਜੀਉ ਕੇ | ਪਤਿ | ੪੯੪ |
| ੭ | ਰਾਗੁ ਬਿਹਾਗੜਾ | ਪਤਿ | ੧੯੬ | ੬ | ਸਲੋਕ ਸੇਖ ਫਰੀਦ ਕੇ | ਪਤਿ | ੪੯੯ |
| ੮ | ਰਾਗੁ ਵਡਹੰਸੁ | ਪਤਿ | ੨੦੩ | ੭ | ਸਵਯੇ ਸ੍ਰੀ ਮੁਖਬਾਕ | ਪਤਿ | ੫੦੧ |
| ੯ | ਰਾਗੁ ਸੋਰਠਿ | ਪਤਿ | ੨੧੮ | ੮ | ਸਵਯੇ ਭਟਾਂ ਕੇ | ਪਤਿ | ੫੦੩ |
| ੧੦ | ਰਾਗੁ ਧਨਾਸਰੀ | ਪਤਿ | ੨੪੧ | ੯ | ਸਲੋਕ ਵਾਰਾਂ ਤੇ ਵਧੀਕ | ਪਤਿ | ੫੧੧ |
| ੧੧ | ਰਾਗੁ ਜੈਤਸਰੀ | ਪਤਿ | ੨੫੪ | ੧੦ | ਮੁੰਦਾਵਣੀ | ਪਤਿ | ੫੧੭ |
| ੧੨ | ਰਾਗੁ ਟੋਡੀ | ਪਤਿ | ੨੬੦ | | | | |
| ੧੩ | ਰਾਗੁ ਬੈਰਾੜੀ | ਪਤਿ | ੨੬੨ | | | | |
| ੧੪ | ਰਾਗੁ ਤਿਲੰਗ | ਪਤਿ | ੨੬੩ | | | | |
| ੧੫ | ਰਾਗੁ ਸੂਹੀ | ਪਤਿ | ੨੬੬ | | | | |
| ੧੬ | ਰਾਗੁ ਬਿਲਾਵਲੁ | ਪਤਿ | ੨੯੦ | | | | |
| ੧੭ | ਰਾਗੁ ਗੋਂਡ | ਪਤਿ | ੩੧੪ | | | | |
| ੧੮ | ਰਾਗੁ ਰਾਮਕਲੀ | ਪਤਿ | ੩੧੯ | | | | |
| ੧੯ | ਰਾਗੁ ਨਟ | ਪਤਿ | ੩੫੫ | | | | |
| ੨੦ | ਰਾਗੁ ਮਾਲੀ ਗਉੜਾ | ਪਤਿ | ੩੫੮ | | | | |
| ੨੧ | ਰਾਗੁ ਮਾਰੂ | ਪਤਿ | ੩੫੯ | | | | |
| ੨੨ | ਰਾਗੁ ਤੁਖਾਰੀ | ਪਤਿ | ੪੦੨ | | | | |
| ੨੩ | ਰਾਗੁ ਕੇਦਾਰਾ | ਪਤਿ | ੪੦੬ | | | | |
| ੨੪ | ਰਾਗੁ ਭੈਰਉ | ਪਤਿ | ੪੦੯ | | | | |
| ੨੫ | ਰਾਗੁ ਬਸੰਤੁ | ਪਤਿ | ੪੨੪ | | | | |
| ੨੬ | ਰਾਗੁ ਸਾਰੰਗ | ਪਤਿ | ੪੩੫ | | | | |

ਆਦਿ ਬੀੜ ਨਾਲ ਅੱਖਰ ਅੱਖਰ ਤੇ ਲਗ ਮਾਤ੍ਰ ਕੰਨਾ ਮਿਲਾਕੇ ਸੋਧੀ ਹੋਈ ਬੀੜ ਦਾ ਤਤਕਰਾ ਜਿਸ ਦਾ ਭੋਗ ਮੁੰਦਾਵਣੀ ਤੇ ਹੈ।

www.AKJ.Org




## ਆਦਿ ਗ੍ਰੰਥ ਨਾਲ ਸੋਧਿਆ ਗ੍ਰੰਥ

## "ਲਗ ਮਾਤ੍ਰ ਕੰਨਾ ਜਿਉ ਕਾ ਤਿਉ ਰਖਣਾ"


ਇਸ ਤਸਵੀਰ ਵਿੱਚ ਇਕ ਪੂਰੇ ਸਫੇ ਉੱਤੇ ਲਿਖੀ ਹੋਈ ਸੂਚਨਾ ਆਪ ਦੇ ਸਾਹਮਣੇ ਹੈ।
(ਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਸਰੂਪ ਲੇਖਕ ਦੇ ਪੁਸਤਕਾਲਯ ਵਿੱਚ ਸੁਰੱਖਿਅਤ ਹਨ।)
ਜਿਸ ਵਿੱਚ ਸਪੱਸ਼ਟ ਲਿਖਿਆ ਹੈ- "ਏਹੁ ਗਿ੍ੰਥ ਜੀ ਸ੍ਰੀ ਆਦਿ ਗਿ੍ੰਥ ਜੀ ਨਾਲਿ ਸੋਧਿਆ ਹੋਇਆ ਹੈ ਲਗ ਮਾਤ੍ਰ ਕੰਨਾ ਜਿਉ ਕਾ ਤਿਉ ਰਖਣਾ॥"


www.AKJ.org



## ਆਦਿ ਗ੍ਰੰਥ ਨਾਲ ਸੋਧੀ ਬੀੜ ਦਾ ਅੰਤਿਮ ਪੰਨਾ

ਇਸ ਚਿੱਤਰ ਵਿੱਚ ਬੀੜ ਦੇ ਅੰਤਲੇ ਸਫੇ ਦੇ ਹੇਠਾਂ ਹੜਤਾਲ ਫੇਰੀ ਹੈ, ਇਹ ਇਸ ਲਈ ਫੇਰੀ ਹੈ, ਕਿਉਂਕਿ ਕਈ ਲਿਖਾਰੀ "ਤੇਰਾ ਕੀਤਾ ਜਾਤੋ ਨਾਹੀ" ਸਲੋਕ, ਮਹਲੇ ਪੰਜਵੇਂ ਜੀ ਦੇ (ਵਾਰਾਂ ਤੋਂ ਵਧੀਕ) ਸਲੋਕਾਂ ਵਿੱਚ ਹੀ ਲਿਖ ਦਿੰਦੇ ਸਨ। ਇਸ ਬੀੜ ਦੇ ਲਿਖਾਰੀ ਨੇ ਉਪਰ ਲਿਖੇ ਸਲੋਕ ਨੂੰ ਹੜਤਾਲ ਕੇ ਉਸੇ ਹੀ ਕਲਮ ਤੋਂ ਮੁੰਦਾਵਣੀ ਦਾ ਦੂਜਾ ਸਲੋਕ ਕਰਕੇ ਲਿਖਿਆ ਹੈ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਆਦਿ ਗ੍ਰੰਥ ਵਿੱਚ 'ਤੇਰਾ ਕੀਤਾ ਜਾਤੋ ਨਾਹੀ' ਵਾਲਾ ਸਲੋਕ ਮੁੰਦਾਵਣੀ ਤੋਂ ਪਿੱਛੋਂ ਲਿਖਿਆ ਗਿਆ ਸੀ।






ੴ ਸਤਿਗੁਰ ਪ੍ਰਸਾਦਿ


ਮੁੰਦਾਵਣੀ ਮਹਲਾ ੫ ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ
ਹੋਇ ਉਧਾਰੋ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ਤਮ ਸੰਸਾਰੁ ਚਰਨ
ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥ ਸਲੋਕ ਮਹਲਾ ੫ ਤੇਰਾ ਕੀਤਾ ਜਾਤੋ ਨਾਹੀ
ਮੈਨੋ ਜੋਗੁ ਕੀਤੋਈ ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ਤਰਸੁ ਪਇਆ
ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ
ਥੀਵੈ ਹਰਿਆ ॥੧॥

ਇਹ ਚਿਤ੍ਰ ਬਾਬਾ ਆਲਾ ਸਿੰਘ ਜੀ ਦੇ ਬੁਰਜ ਵਾਲੀ
ਖਾਸ ਬੀੜ (ਸੋਧੀ ਹੋਈ) ਦਾ ਹੈ। ਇਹ ਅੰਤਿਮ ਪੰਨੇ ਦਾ ਚਿਤ੍ਰ ਦਰਸ਼ਨ ਹੈ
ਜਿਸ ਦਾ ਭੋਗ ਮੁੰਦਾਵਣੀ ਉੱਤੇ ਹੈ। ਇਸ ਦਾ ਵਰਨਣ ਪੰਡਿਤ ਤਾਰਾ ਸਿੰਘ
ਜੀ ਨੇ ਗੁਰਤੀਰਥ ਸੰਗ੍ਰਹ ਵਿੱਚ ਕੀਤਾ ਹੈ। ਇਸ ਬੀੜ ਤੇ ਗੁਰੂ ਗੋਬਿੰਦ ਸਿੰਘ
ਜੀ ਦੇ ਨਿਸਾਣ "ਗੁਰੂ ਰਖੇਗੋ" ਲਿਖਿਆ ਹੋਇਆ ਹੈ। ਅੰਤ ਵਿੱਚ ਅਠਵੇਂ ਪਾਤਸ਼ਾਹ
ਤੱਕ ਜੋਤੀ ਜੋਤ ਸਮਾਉਣ ਦੀਆਂ ਸੂਚਨਾਵਾਂ ਲਿਖੀਆਂ ਹਨ।




੧੭੯੯ ਵਿੱਚ ਕਰਤਾਰਪੁਰ ਵਿੱਚ ਲਿਖੀ ਬੀੜ ਦਾ ਤਤਕਰਾ ਜਿਸਦਾ ਭੋਗ ਮੁੰਦਾਵਣੀ ਤੇ ਹੈ।

www.AKJ.Org



ਸਮੰਤ ੧੭੯੯ ਵਿੱਚ ਕਰਤਾਰਪੁਰ ਵਿਖੇ ਲਿਖੀ ਬੀੜ ਦਾ
ਅੰਤਮ ਪੰਨਾ ਜਿਸ ਦਾ ਭੋਗ ਮੁੰਦਾਵਣੀ ਉੱਪਰ ਹੈ।


www.AKJ.Org



੧ੳ ਸਤਿਗੁਰਪ੍ਰਸਾਦਿ
੫੩੩ ਸਲੋਕ ਸਹਸਕ੍ਰਿਤੀ ਮ: ੫
੫੩੫ ਗਾਥਾ ਮਹਲਾ ੫
੫੩੬ ਫੁਨਹੇ ਮਹਲਾ ੫
੫੩੬ ਚਉਬੋਲੇ ਮਹਲਾ ੫
੫੩੭ ਸਲੋਕ ਸ੍ਰੀ ਕਬੀਰ ਜੀ
੫੪੧ ਸਲੋਕ ਸੇਖ ਫਰੀਦ ਕੇ
੫੪੩ ਸਵਯੇ ਸ੍ਰੀ ਮੁਖਬਾਕ੍ਯ ਮ: ੫
ਸਵਯੇ ਭਟਾਂ ਕੇ ਕਲੇ ਕੇ ਸਭਨਾ ਕੇ
੫੪੪ ਮਹਲੇ ੧ ਕਲੇ ਕੇ
੫੪੫ ਮਹਲੇ ੨ ਕਲੇ ਕੇ
੫੪੬ ਮਹਲੇ ੩ ਕਲੇ ਕੇ ਤਥਾ ਹੋਰ
੫੪੭ ਮਹਲੇ ੪ ਕਲੇ ਕੇ ਤਥਾ ਹੋਰੁ
੫੪੯ ਮਹਲੇ ੫ ਕਲੇ ਤਥਾ ਹੋਰੁ
੫੫੨ ਸਲੋਕ ਵਾਰਾਂ ਤੇ ਵਧੀਕ
੫੫੨ ਸਲੋਕ ਮਹਲਾ ੧
੫੫੩ ਸਲੋਕ ਮਹਲਾ ੩
੫੫੫ ਸਲੋਕ ਮਹਲਾ ੪
੫੫੭ ਸਲੋਕ ਮਹਲਾ ੫
੫੫੭ ਮੁੰਦਾਵਣੀ ਮਹਲਾ ੫

**ਪਟਿਆਲੇ ਵਾਲੀ ਬੀੜ**

ਇਹ ਚਿਤ੍ਰ ਦੁਰਗਾ ਸਿੰਘ ਦੇ ਘਰ ਪਟਿਆਲੇ ਵਾਲੀ ਬੀੜ ਦੇ ਤਤਕਰੇ ਦਾ ਹੈ ਜਿਸ ਅਨੁਸਾਰ ਭੋਗ ਮੁੰਦਾਵਣੀ ਤੇ ਹੈ।






## ਪਟਿਆਲੇ ਵਾਲੀ ਬੀੜ

ਭਾਈ ਦੁਰਗਾ ਸਿੰਘ (ਪਟਿਆਲਾ) ਵਾਲੀ ਬੀੜ ਦਾ ਇਹ ਅੰਤਿਮ ਪੰਨੇ ਦਾ ਚਿਤ੍ਰ ਦਰਸ਼ਨ ਹੈ ਜਿਸ ਦਾ ਭੋਗ ਮੁੰਦਾਵਣੀ ਉੱਤੇ ਹੈ।

www.AKJ.org



**ਪਟਨਾ ਸਾਹਿਬ ਵਾਲੀ ਬੀੜ**


ਇਹ ਚਿਤ੍ਰ ਪਟਨਾ ਸਾਹਿਬ ਦੇ ਤੋਸ਼ੇਖਾਨੇ ਦੀ ਇੱਕ ਬੀੜ ਦੇ ਤਤਕਰੇ ਦਾ ਹੈ
ਤੇ ਸਮਾਪਤੀ ਮੁੰਦਾਵਣੀ ਤੇ ਹੈ।

www.AKJ.Org




## ਪਟਨਾ ਸਾਹਿਬ ਵਾਲੀ ਬੀੜ

ਇਹ ਚਿਤ੍ਰ ਪਟਨਾ ਸਾਹਿਬ ਦੇ ਤੋਸ਼ੇਖਾਨੇ ਦੀ ਇੱਕ ਬੀੜ ਦਾ ਹੈ। ਇਹ ਅੰਤਿਮ ਪੰਨੇ ਦਾ ਚਿਤ੍ਰ ਦਰਸ਼ਨ ਹੈ ਜਿਸ ਦਾ ਭੋਗ ਮੁੰਦਾਵਣੀ ਉਤੇ ਹੈ।
ਇਸ ਬੀੜ ਵਿੱਚ ਮਹਲਾ ੫ ਦੀ ਥਾਂ ਪਾਤਸ਼ਾਹੀ ੫ ਲਿਖਿਆ ਹੈ।


੧ੴਸਤਿਗੁਰਪ੍ਰਸਾਦਿ
ਸੁਚੀਪਤ੍ਰਿਪੋਥੀਕਾਤਤਕਰਾਲਿਖਿਆ
ਜਪੁਸ੍ਰੀਗੁਰੂਰਾਮਦਾਸਜੀਕਿਆਦਸ
ਖਤਕਾਨਕਾਬ੍ਰ॥ ਪਤਿ ੧
੫ ਸਬਦਸੋਦਰੁਮ:੧ ਪਤਿ ੫
੪ ਸਬਦਸੋਪੁਰਖੁਮ:੪ਪਤਿ੬
੫ ਸਬਦਸੋਹਿਲਾਮ:੧ਪਤਿ੬
੧ ਸਿਰੀਰਾਗੁਮਹਲਾ੧ਪਤਿ੭
੨ ਰਾਗੁਮਾਝਮਹਲਾ੪ ਪਤਿ੪੫
੩ ਰਾਗੁਗਉੜੀਮਹਲਾ੧ ਪਤਿ੭੧
੪ ਰਾਗੁਆਸਾਮਹਲਾ੧ ਪਤਿ੧੫੬
੫ ਗੂਜਰੀਮਹਲਾ ੧ ਪਤਿ੨੧੮
੬ ਦੇਵਗੰਧਾਰੀਮ: ੪ਪਤਿ੨੩੪
੭ ਬਿਹਾਗੜਾਮਹਲਾ੫ ਪਤਿ੨੩੮
੮ ਵਡਹੰਸੁਮਹਲਾ੧ ਪਤਿ੨੪੭
੯ ਰਾਗੁਸੋਰਠਿਮਹਲਾ੧ਪਤਿ੨੬੨
੧੦ ਧਨਾਸਰੀਮਹਲਾ੧ ਪਤਿ੨੮੭
੧੧ ਜੈਤਸਰੀਮਹਲਾ੪ ਪਤਿ੩੦੨
੧੨ ਰਾਗੁਟੋਡੀਮਹਲਾ੪ ਪਤਿ੩੦੮
੧੩ ਬੈਰਾੜੀਮਹਲਾ੪ਪਤਿ੩੧੧
੧੪ ਤਿਲੰਗਮਹਲਾ੧ ਪਤਿ੩੧੨
੧੫ ਰਾਗੁਸੂਹੀਮਹਲਾ੧ ਪਤਿ੩੧੫
੧੬ ਬਿਲਾਵਲੁਮਹਲਾ੧ਪਤਿ੩੪੪
੧੭ ਰਾਗੁਗੋਂਡਮਹਲਾ੪ ਪਤਿ੩੭੧
੧੮ ਰਾਮਕਲੀਮ:੧ ਪਤਿ੩੭੯ ੧
੧੯ ਰਾਗੁਨਟਮ: ੪ ਪਤਿ੪੨੧
੨੦ ਮਾਲੀਗਉੜਾਮ:੪ ਪਤਿ੪੨੫
੨੧ ਰਾਗੁਮਾਰੂਮ:੧ ਪਤਿ੪੨੮
੨੨ ਰਾਗੁਤੁਖਾਰੀਮ:੧ ਪਤਿ੪੭੫
੨੩ ਰਾਗੁਕੇਦਾਰਾਮ:੪ ਪਤਿ੪੮੦
੨੪ ਰਾਗੁਭੈਰਉਮ:੧ ਪਤਿ ੪੮੩
੨੫ ਰਾਗੁਬਸੰਤੁਮ:੧ ਪਤਿ੫੦੦
੨੬ ਰਾਗੁਸਾਰੰਗਮ:੧ ਪਤਿ੫੧੧
੨੭ ਰਾਗੁਮਲਾਰਮ:੧ ਪਤਿ੫੩੨
੨੮ ਰਾਗੁਕਾਨੜਾਮ:੪ ਪਤਿ੫੪੬
੨੯ ਕਲਿਆਨਮ:੪ ਪਤਿ੫੫੫
੩੦ ਬਿਭਾਸਪ੍ਰਭਾਤੀਮ:੧ ਪਤਿ੫੫੮
ਸਲੋਕਸਹਸਕ੍ਰਿਤੀਮ:੧ ਤਥਾਮ
ਹਲਾ੫ ਪਤਿ੫੬੮
ਗਾਥਾਮਹਲਾ੫ ਪਤਿ ੫੭੦
ਫੁਨਹੇਮਹਲਾ੫ ਪਤਿ੫੭੧
ਚਉਬੋਲੇਮ:੫ ਪਤਿ੫੭੨
ਸਲੋਕਕਬੀਰਕੇ ਪਤਿ੫੭੨
ਸਲੋਕਫਰੀਦਕੇ ਪਤਿ ੫੭੭
ਸਵਯੇਸ੍ਰੀਮੁਖਬਾਕ੍ਯਮ:੫ ਪਤਿ੫੮੦
ਸਵਯੇਭਟਾਂਕੇ ਪਤਿ ੫੮੨
ਸਲੋਕਵਾਰਾਂਤੇਵਧੀਕਮ:੧ ਮ:੩ ਮ:੪ ਮ:੫ ਪਤਿ੫੯੦
ਮੁੰਦਾਵਣੀਮ:੫ ਪਤਿ੫੯੬


ਨਿਜੀ ਪੁਸਤਕਾਲੇ ਦੀ ਇਕ ਹੋਰ ਵਿਸ਼ੇਸ਼ ਬੀੜ ਦੇ ਤਤਕਰੇ ਦਾ ਚਿਤਰ
ਜਿਸ ਵਿੱਚ ਸਲੋਕ ਵਾਰਾਂ ਤੇ ਵਧੀਕ ਮ:੧, ਮ: ੩, ਮ: ੪, ਮ: ੫ ਉਪਰੰਤ
ਭੋਗ ਮੁੰਦਾਵਣੀ ਤੇ ਹੈ।

www.AKJ.Org




ਨਿਜੀ ਪੁਸਤਕਾਲੇ ਵਿਚ ਉਪਲਬਧ ਇਕ ਬੀੜ ਦੇ ਤਤਕਰੇ ਦਾ ਚਿਤਰ
ਜਿਸ ਦਾ ਭੋਗ ਮੁੰਦਾਵਣੀ ਤੇ ਹੈ।

www.AKJ.Org



ਇਹ ਬੀੜ ਬੁਰਜ ਬਾਬਾ ਆਲਾ ਸਿੰਘ ਜੀ (ਪਟਿਆਲਾ) ਵਿੱਚ ਸਥਾਪਤ ਰਹੀ ਹੈ।
ਹੁਣ ਨਿਊ ਮੋਤੀ ਬਾਗ ਵਿੱਚ ਸੁਭਾਇਮਾਨ ਹੈ। ਭੋਗ ਮੁੰਦਾਵਣੀ ਤੇ ਹੈ।
ਇਸ ਬੀੜ ਨੂੰ ਸੁਨਹਿਰੀ ਬੀੜ ਵੀ ਕਿਹਾ ਜਾਂਦਾ ਹੈ, ਭੋਗ ਦੀਆਂ ਅੰਤਲੀਆਂ ਤੁਕਾਂ ਅਗਲੇ ਪੰਨੇ ਤੇ ਹਨ।




ਸਭੁਨਾਨਕਬ੍ਰਹਮਪਸਾਰੋ॥੨॥ਸਲੋਕਮਹਲਾ੫॥ਤੇਰਾਕੀਤਾਜਾਤੋਨਾਹੀਮੈਨੋਜੋਗੁਕੀਤੋਈ॥ਮੈਨਿਰਗੁਣਿਆਰੇਕੋਗੁ
ਣੁਨਾਹੀਆਪੇਤਰਸੁਪਇਓਈ॥ਤਰਸੁਪਇਆਮਿਹਰਾਮਤਿਹੋਈਸਤਿਗੁਰੁਸਜਣੁਮਿਲਿਆ॥ਨਾਨਕਨਾਮੁਮਿਲੈ
ਤਾਂਜੀਵਾਂਤਨੁਮਨੁਥੀਵੈਹਰਿਆ॥੧॥

੨੮

ਇਸ ਬੀੜ ਦਾ ਜ਼ਿਕਰ ਗ੍ਰੰਥ ਸਾਹਿਬ ਦੇ ਟੀਕਿਆਂ ਦੀਆਂ ਭੂਮਕਾਵਾਂ
ਵਿੱਚ ਵਾਰ ਵਾਰ ਆਉਂਦਾ ਰਿਹਾ ਹੈ ਅਤੇ ਰਾਗਮਾਲਾ ਦਰਪਣ ਆਦਿ ਪੁਸਤਕਾਂ ਵਿੱਚ ਵੀ।

www.AKJ.Org



ਇਹ ਚਿਤ੍ਰ ਦਮਦਮਾ ਸਾਹਿਬ ਵਾਲੀ ਬੀੜ ਦਾ ਹੈ। ਇਹ ਅੰਤਿਮ ਪੰਨੇ ਦਾ ਚਿਤ੍ਰ ਦਰਸ਼ਨ ਹੈ ਜਿਸਦਾ ਭੋਗ ਮੁੰਦਾਵਣੀ ਉਤੇ ਹੈ।

www.AKJ.Org



ਖੱਬੇ ਤੋਂ : ਗਿਆਨੀ ਗੁਰਦਿੱਤ ਸਿੰਘ, ਜਥੇਦਾਰ ਜੁਗਿੰਦਰ ਸਿੰਘ ਵੇਦਾਂਤੀ,
ਹੈਡ ਗ੍ਰੰਥੀ ਤਖ਼ਤ ਪਟਨਾ ਸਾਹਿਬ ਅਤੇ ਭਾਈ ਮੋਹਨ ਸਿੰਘ ਗਾਰਡ (ਮੁਹਾਲੀ)



ਨਿਊ ਮੋਤੀ ਬਾਗ ਪਟਿਆਲਾ ਦੇ ਮਹੱਲ ਉੱਪਰ ਬਣੇ ਗੁਰਦੁਆਰਾ ਸਾਹਿਬ ਵਿੱਚ
ਬੀੜਾਂ ਦੇ ਦਰਸ਼ਨ ਕਰਦੇ ਹੋਏ ਖੱਬੇ ਤੋਂ: ਗ੍ਰੰਥੀ ਸਿੰਘ, ਗਿਆਨੀ ਗੁਰਦਿੱਤ ਸਿੰਘ,
ਭਾਈ ਮੋਹਨ ਸਿੰਘ।

www.AKJ.Org

# ਪ੍ਰਸਤਾਵਨਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਨੂੰ ਡੂੰਘੀ ਨੀਝ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਗੁਰਬਾਣੀ ਦੇ ਭਿੰਨ-ਭਿੰਨ ਰੂਪਾਂ ਨੂੰ ਇੱਕ ਨਿਸ਼ਚਿਤ ਤਰਤੀਬ ਅਨੁਸਾਰ ਵਿਸ਼ੇਸ਼ ਚੇਤਨਾ ਨਾਲ ਲਿਖਿਆ ਗਿਆ ਹੈ, ਹਰ ਰਾਗ ਦੇ ਆਰੰਭ ਵਿੱਚ ਪਦੇ ਹਨ ਫਿਰ ਅਸਟਪਦੀਆਂ, ਛੰਤ, ਵਾਰਾਂ ਅਤੇ ਭਗਤ ਬਾਣੀ। ਜੇਕਰ, ਕਿਸੇ ਰਾਗ ਦੇ ਅੰਦਰ ਕੋਈ ਹੋਰ ਵਿਸ਼ੇਸ਼ ਬਾਣੀ ਬੀੜ ਵਿੱਚ ਹੈ ਤਾਂ ਉਹ ਬਾਣੀ ਪਦਿਆਂ, ਅਸਟਪਦੀਆਂ, ਛੰਤਾਂ ਆਦਕ ਤੋਂ ਬਾਅਦ ਅਤੇ ਵਾਰਾਂ ਤੋਂ ਪਹਿਲਾਂ ਆਈ ਹੈ। ਇਸੇ ਪ੍ਰਕਾਰ ਜਿਸ ਰਾਗ ਵਿੱਚ ਭਗਤਬਾਣੀ ਹੈ, ਉਹ ਰਾਗ ਦੇ ਅਖ਼ੀਰ ਵਿੱਚ ਆਉਂਦੀ ਹੈ। ਹਰ ਭਾਂਤ ਦੀ ਬਾਣੀ ਦੇ ਅੰਤ ਵਿੱਚ ਅੰਕਾਂ ਦਾ ਜੋੜ ਵੀ ਦਿੱਤਾ ਹੈ, ਜਿਸਨੂੰ 'ਜੁਮਲਾ' ਕਿਹਾ ਹੈ। 'ਸ੍ਰੀਰਾਗ ਵਿੱਚ ਲਿਖਿਆ ਹੈ - 'ਸਤਾਰਹ ਅਸਟਪਦੀਆਂ ਮਹਲੇ ਪਹਿਲੇ ਕੀਆਂ' ਇਸ ਤਰ੍ਹਾਂ ਕਈ ਥਾਂ ਜੋੜ ਅੱਖਰਾਂ ਵਿੱਚ ਵੀ ਲਿਖਿਆ ਹੈ। ਇਹ ਜੋੜ ਵਾਰਾਂ ਵਿੱਚ ਭੀ ਲਿਖੇ ਗਏ ਹਨ। ਸੰਪਾਦਨਾ ਇੱਕ ਅਤੀ ਸੂਖਮ ਕਾਰਜ ਸੀ, ਜੋ ਗੁਰੂ ਅਰਜਨ ਦੇਵ ਜੀ ਦੀ ਇੱਛਾ ਤੇ ਆਗਿਆ ਅਨੁਸਾਰ ਭਾਈ ਗੁਰਦਾਸ ਜੀ ਨੇ ਸਮੁੱਚੇ ਗ੍ਰੰਥ ਅੰਦਰ ਪੂਰਨ ਕੁਸ਼ਲਤਾ ਨਾਲ ਨਿਭਾਇਆ। ਬਾਣੀ ਦੇ ਵਿਸ਼ੇਸ਼ ਵਿਸ਼ੇ ਜੋ ਕਿਸੇ ਪ੍ਰਬਲ ਮਾਨਸਿਕ ਅਕਾਂਖਿਆ ਨੂੰ ਛੂੰਹਦੇ ਸਨ, ਉਨ੍ਹਾਂ ਲਈ ਹੋਰ ਵੀ ਉਚੇਚਤਾ ਵਰਤੀ ਹੈ, ਜਿਵੇਂ : ਬਾਰਹਮਾਹ, ਬਾਵਨ ਅੱਖਰੀ, ਸੁਖਮਨੀ, ਥਿਤੀ, ਪੱਟੀ, ਸੁਚਜੀ, ਕੁਚਜੀ, ਗੁਣਵੰਤੀ, ਸਤ, ਜਤ, ਅਨੰਦ, ਸਦ, ਓਅੰਕਾਰ, ਸਿਧ ਗੋਸਟਿ ਤੇ ਅੰਜੁਲੀਆਂ ਤੋਂ ਇਲਾਵਾ ਪੜਤਾਲਾਂ ਆਦਿ ਦੀ ਬਾਣੀ ਆਪ ਜੀ ਨੇ ਰਾਗਾਂ ਦੀ ਵਿਸ਼ੇਸ਼ ਤਰਤੀਬ ਵਿੱਚ ਦਰਜ ਕੀਤੀ ਹੈ। ਇਸੇ ਭਾਂਤ ਨਾਲ 'ਪ੍ਰਭਾਤੀ ਰਾਗ' [੧] ਤੱਕ ਸਮੁੱਚੇ ਰਾਗਾਂ ਅਧੀਨ ਬਾਣੀ ਬੱਝਵੀਂ ਤਰਤੀਬ ਨਾਲ ਗ੍ਰੰਥਨ ਕੀਤੀ ਗਈ ਹੈ।

(ੳ) ਜਿਵੇਂ, ਆਰੰਭ ਵਿੱਚ ਮੰਗਲਮਈ ਨਿੱਤਨੇਮ ਦੀਆਂ ਬਾਣੀਆਂ (ਜਪੁ, ਸੋਦਰੁ ਤੇ ਸੋਹਿਲਾ) ਲਿਖੀਆਂ ਹਨ, ਇਸੇ ਤਰ੍ਹਾਂ ਜੋ ਰਾਗਾਂ ਤੋਂ ਰਹਿਤ ਬਾਣੀਆਂ ਸਨ,

ਫੁੱਟ ਨੋਟ: ਜੈਜਾਵੰਤੀ ਰਾਗ ਪਿੱਛੋਂ ਚੜ੍ਹਿਆ ਜਦੋਂ ਮਹਲੇ ੯ਵੇਂ ਦੀ ਬਾਣੀ ਚੜ੍ਹਾਈ।



www.AKJ.Org

(ਆਦਿ ਬੀੜ ਵਿੱਚ) ਰਾਗਾਂ ਤੋਂ ਬਾਅਦ ਲਿਖੀਆਂ ਗਈਆਂ। ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ ਜੀ, ਸਲੋਕ ਫ਼ਰੀਦ ਜੀ, ਸਵੱਯੇ ਅਤੇ ਸਲੋਕ ਵਾਰਾਂ ਤੋਂ ਵਧੀਕ ਤੇ ਮੁੰਦਾਵਣੀ ਦੀ ਮੋਹਰਛਾਪ ਉਨ੍ਹਾਂ ਬਾਣੀਆਂ ਦੀ ਗਿਣਤੀ ਵਿੱਚ ਹੈ, ਜੋ ਰਾਗਾਂ ਵਿੱਚ ਨਹੀਂ ਆਈਆਂ ਸਨ। ਇਸ ਤਰ੍ਹਾਂ ਬਾਣੀ ਰਚਨਾ ਦਾ ਮਹਾਨ ਪੁੰਨਯ ਕਾਰਯ, ਜੋ ਗੁਰੂ ਨਾਨਕ ਦੇਵ ਜੀ ਪ੍ਰਮੇਸ਼ਵਰ ਦੇ ਸੱਚੇ ਭਗਤ ਨੇ ਆਰੰਭ ਕੀਤਾ, ਉਸਨੂੰ ਗੁਰੂ ਅਰਜਨ ਦੇਵ ਜੀ ਨੇ ਵੱਖੋ-ਵੱਖਰੀਆਂ ਥਾਂਵਾਂ ਤੋਂ ਸ਼ਬਦ ਤੇ ਬਾਣੀਆਂ ਮੰਗਵਾ ਕੇ ਇੱਕ ਪੋਥੀ (ਗ੍ਰੰਥ) ਦੇ ਰੂਪ ਵਿੱਚ ਸੰਚਿਤ ਕੀਤੀ। ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨੂੰ - 'ਧੁਰੋਂ ਸੱਚੀ ਸਿਫ਼ਤ ਸਾਲਾਹਾ' - ਦੀ ਜੋ ਬਖ਼ਸ਼ਿਸ਼ ਪ੍ਰਾਪਤ ਹੋਈ ਸੀ, ਉਸ ਨੂੰ ਬਾਣੀ ਦੇ ਰੂਪ ਵਿੱਚ:-

"ਕਰ ਪਰਗਟੁ ਆਖਿ ਸੁਣਾਇਆ।" (466)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ - "ਸਦ ਹੀ ਮਾਹਿ ਸਮਾਹਿ" - ਅਨੁਸਾਰ ਉਨ੍ਹਾਂ ਵਿੱਚ ਹੀ ਜੋਤਿ ਰੂਪ ਹੁੰਦੇ ਰਹੇ। ਜਿਸ ਕਾਰਣ ਸਾਰੀ ਗੁਰਬਾਣੀ ਵਿੱਚ **ਨਾਨਕ ਛਾਪ** ਵਰਤੀ ਗਈ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਜੋ ਗੁਰੂ ਜੀ ਦਾ ਇੱਕ ਤਰ੍ਹਾਂ ਨਾਲ ਅੰਗ (ਅੰਗਦ) ਹੀ ਬਣ ਚੁੱਕੇ ਸਨ ਅਤੇ ਜਿਨ੍ਹਾਂ ਨੇ 'ਜਪੁਜੀ' ਲਿਖਣ ਸਮੇਂ, ਗੁਰੂ ਨਾਨਕ ਦੇਵ ਜੀ ਦੀਆਂ ਇਲਾਹੀ ਭਾਵਨਾਵਾਂ ਸਮਝਦੇ ਹੋਏ, ਥਾਂ-ਥਾਂ, ਵੱਖੋ-ਵੱਖਰੇ ਵਿਸ਼ਿਆਂ ਤੇ ਸੁਣਿਐ, ਮੰਨਿਐ ਆਦਿ ਦੀਆਂ ਪਉੜੀਆਂ ਜੋੜ ਕੇ ਗੁਰੂ ਨਾਨਕ ਦੇਵ ਜੀ ਤੋਂ ਥਾਪੜਾ ਪ੍ਰਾਪਤ ਕੀਤਾ। - "ਪੁਰਖਾ! ਇਹ ਏਥੇ ਹੀ ਲੱਗਣਾ ਸੀ, ਤੈਂ ਭਲੀ ਬੁੱਝੀ।" - ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਜਿਉਂਦੇ-ਜੀਅ ਭਾਈ ਲਹਿਣੇ ਨੂੰ ਟਿੱਕਾ ਦੇਣ ਸਮੇਂ ਪੋਥੀ ਵੀ ਦਿੱਤੀ ਅਤੇ ਬਾਣੀ ਰਚਣ ਦੀ ਸਮਰੱਥਾ ਵੀ ਬਖ਼ਸ਼ੀ।

"ਸਹਿ ਟਿਕਾ ਦਿਤੋਸੁ ਜੀਵਦੇ।" (966)

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਣੀ ਵੀ ਰਚੀ (੬੩ ਸਲੋਕ)। ਅੱਗੋਂ, ਇਹ ਬਖ਼ਸ਼ਿਸ਼ ਬ੍ਰਿਧ ਅਵਸਥਾ ਵਿੱਚ ਕਠਿਨ ਘਾਲਣਾ ਨਾਲ ਸੇਵਾ ਤੇ ਸਾਧਨਾ ਦਾ ਰੂਪ ਹੋ ਜਾਣ ਵਾਲੇ ਅਮਰਦਾਸ ਜੀ ਨੂੰ ਪ੍ਰਾਪਤ ਹੋਈ। ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਉਨ੍ਹਾਂ ਹੀ ਰਾਗਾਂ ਵਿੱਚ ਰਚੀ ਮਿਲਦੀ ਹੈ, ਜਿਨ੍ਹਾਂ ਰਾਗਾਂ ਵਿੱਚ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਰਚੀ ਹੋਈ ਸੀ ਇਸ ਦਾ ਭਾਵ ਇਹ ਨਿਕਲਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਉਨ੍ਹਾਂ ਸਾਹਮਣੇ ਲਿਖਤੀ ਰੂਪ ਵਿੱਚ ਹੈ ਸੀ। ਇਸ ਤੋਂ ਬਾਅਦ ਇਹ ਅਲੌਕਿਕ ਬਖਸ਼ਸ (ਜੇਠਾ ਜੀ) ਗੁਰੂ ਰਾਮਦਾਸ ਜੀ ਨੂੰ ਪ੍ਰਾਪਤ ਹੋਈ। ਜਿਨ੍ਹਾਂ ਨੇ ਹੋਰ ਨਵੇਂ ਗਿਆਰਾਂ ਰਾਗਾਂ ਵਿੱਚ ਵੀ ਬਾਣੀ ਰਚੀ ਤੇ ਲਿਖੀ। ਆਪ ਜੀ ਵੱਲੋਂ ਸ਼ਬਦ ਬਾਣੀ ਲਿਖਣ ਦਾ ਪੱਕਾ ਸਬੂਤ ਪੁਰਾਤਨ ਬੀੜਾਂ ਦੇ ਤਤਕਰੇ ਦੇ ਆਰੰਭ ਵਿੱਚ ਪੰਜਵੇਂ (ਸਰੂਪ) ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੱਥਾਂ ਦੀ ਲਿਖੀ ਇਹ ਸੂਚਨਾ



www.AKJ.Org

ਹੈ :-

ਜਪੁ ਸਿਰੀ ਗੁਰੂ ਰਾਮਦਾਸ ਜੀਉ ਕਿਆਂ ਦਸਤਖਤਾਂ ਕਾ ਨਕਲੁ।

ਅੱਗੋਂ, ਇਹ ਬਖ਼ਸ਼ਿਸ਼ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ। ਸਾਖ਼ੀਆਂ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਨਾਨਾ ਜੀ (ਗੁਰੂ ਅਮਰਦਾਸ ਜੀ) ਨੇ - "ਦੋਹਿਤਾ ਬਾਣੀ ਕਾ ਬੋਹਿਥਾ" - ਵਾਕ ਫੁਰਮਾ ਕੇ, ਬਾਣੀ ਦੇ ਜਹਾਜ਼ ਬਣਨ ਤੇ ਬਾਣੀ ਰਚਣ ਦਾ ਵਰ ਦਿੱਤਾ ਹੋਇਆ ਸੀ। ਇਹ ਵਾਕ ਕਿਸ਼ੋਰ ਅਵਸਥਾ ਵਿੱਚ ਹੀ ਪ੍ਰਗਟ ਹੋਣ ਦਾ ਪ੍ਰਤੱਖ ਪ੍ਰਮਾਣ - 'ਸ਼ਬਦ ਹਜ਼ਾਰੇ' - ਨਾਮ ਦੀ ਬਾਣੀ ਦਾ ਮੁਢਲਾ ਸ਼ਬਦ - "ਮੇਰਾ ਮਨ ਲੋਚੈ" ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਨਵਤਾ ਨੂੰ ਭਵ-ਸਾਗਰ ਤੋਂ ਤਾਰਨ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸੰਪਾਦਨਾ ਦਾ ਇਹ ਅਦੁੱਤੀ ਕਾਰਜ ਕੀਤਾ। ਬਾਣੀ ਸੰਪਾਦਨ ਕਰਨ ਦਾ ਕੰਮ ਵਿਆਪਕ ਅਤੇ ਅਤੀ ਗੰਭੀਰ ਸੀ ਜਿਸਨੂੰ ਉਨ੍ਹਾਂ ਨੇ ਮਹਾਨ ਘਾਲਣਾ ਨਾਲ ਨੇਪਰੇ ਚਾੜ੍ਹਿਆ। ਗੁਰੂ ਅਰਜਨ ਦੇਵ ਜੀ ਜੋ ਬਾਣੀ ਉਚਾਰਨ ਕਰਦੇ ਜਾਂ ਸੰਗ੍ਰਹਿ ਕਰਦੇ, ਉਸ ਨੂੰ ਲਿਖਣ ਲਈ ਚਾਰ ਲਿਖਾਰੀ ਆਪ ਪਾਸ ਰਹਿੰਦੇ ਸਨ, ਜਿਸਦਾ ਹਵਾਲਾ ਬੰਸਾਵਲੀਨਾਮਾ ਵਿੱਚ ਇਉਂ ਮਿਲਦਾ ਹੈ:-

ਭਾਈ ਸੰਤ ਦਾਸ ਤੇ ਹਰੀਆ ਸੁਖਾ ਮਨਸਾ ਰਾਮ॥
ਲਿਖਦੇ ਜਾਨਿ ਸੋ ਚਾਰੇ ਲਿਖਾਰੀ,
ਜੋ ਸਾਹਿਬ ਕਰਨ ਬਖਾਨੁ।
(ਬੰਸਾਵਲੀਨਾਮਾ ਕੇਸਰ ਸਿੰਘ ਛਿੱਬਰ ਪੰਨਾ - ੪੫)

(ਅ) ਉਸ ਸਮੇਂ ਤੱਕ ਗੁਰਬਾਣੀ ਪੜ੍ਹਨ ਲਿਖਣ ਵਾਲੇ ਗੁਰੂ ਘਰ ਦੇ ਵਿਰੋਧੀ ਤੇ ਚਤੁਰ ਲੋਕ ਬਾਣੀ ਵਿੱਚ ਵਾਧੇ-ਘਾਟੇ ਕਰਨ ਲੱਗ ਪਏ ਸਨ, ਤੇ ਕੁੱਝ ਕੱਚੀਆਂ ਬਾਣੀਆਂ ਰਚਣ ਵਾਲੇ ਵੀ ਪੈਦਾ ਹੋ ਗਏ ਸਨ : ਜਿਵੇਂ, ਮਹਾਤਮਾਂ ਬੁੱਧ ਜੀ ਦਾ ਕਥਨ ਹੈ :- "ਭਿਖਸ਼ੂਓ! ਗਿਆਨ ਦੇ ਬੂਟੇ ਨਾਲ ਅਗਿਆਨਤਾ ਦੇ ਬੇ-ਅਰਥੇ ਤੇ ਨਿਕੰਮੇ ਬੂਟੇ ਆਪੇ ਹੀ ਉੱਗ ਪੈਂਦੇ ਹਨ, ਸੱਚੇ ਗਿਆਨ ਦੇ ਬੂਟੇ ਦੀ ਸੰਭਾਲ ਲਈ ਇਨ੍ਹਾਂ ਦੀ ਸਫਾਈ ਕਰਦੇ ਰਹਿਣਾ।" ਇਹੋ ਦ੍ਰਿਸ਼ਟੀ ਗੁਰੂ ਜੀ ਨੇ ਕੱਚੀ ਬਾਣੀ ਬਾਰੇ ਵਰਤੀ। ਇਸ ਕੁਰੀਤੀ ਦਾ ਸਪੱਸ਼ਟ ਵਿਰੋਧ ਸਭ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਵੱਲੋਂ ਕੀਤਾ ਹੋਇਆ ਮਿਲਦਾ ਹੈ :-

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨਾ ਜਾਣੀ॥



www.AKJ.Org

ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ੨੪॥

(ਰਾਮਕਲੀ ਮਹਲਾ ੩, ਅਨੰਦ, ੯੧੭)

ਗੁਰੂ ਅਮਰਦਾਸ ਜੀ ਦੇ ਪੁੱਤ-ਪੋਤਰੇ, ਖ਼ਾਸ ਕਰਕੇ ਸਹੰਸਰ ਰਾਮ ਨੇ ਬਾਣੀ ਦੀਆਂ ਪੋਥੀਆਂ ਨੂੰ ਸੰਚਿਤ ਕਰਨ ਤੇ ਲਿਖਣ ਦਾ ਉੱਤਮ ਕਾਰਜ ਕੀਤਾ। (ਬੇਸ਼ੱਕ, ਪੂਰਨ ਸ਼ੁੱਧਤਾ ਦੀ ਛਾਪ ਗੁਰੂ ਅਰਜਨ ਦੇਵ ਜੀ ਨੇ ਹੀ ਲਗਾਈ) ਬਾਣੀ ਦੀ ਸੰਭਾਲ ਦਾ ਇਹ ਪਹਿਲਾ ਸ਼ੁਭ ਕਰਮ ਸੀ। ਗੋਇੰਦਵਾਲ ਵਾਲੀਆਂ ਪੋਥੀਆਂ ਵਿੱਚ 'ਭਗਤਬਾਣੀ' ਵੀ ਮੂਲ ਸੈਂਚੀਆਂ ਲਈ ਪ੍ਰਵਾਨ ਕੀਤੇ ਜਾਣ ਦਾ ਅਕੱਟ ਸਬੂਤ ਹੈ। ਇਸ ਗੱਲ ਨੂੰ ਗੁਰੂ ਅਮਰਦਾਸ ਜੀ ਦਾ ਇਹ ਵਾਕ ਪ੍ਰਗਟ ਕਰਦਾ ਹੈ :-

ਨਾਮਾ ਛੀਂਬਾ ਕਬੀਰ ਜੁਲਾਹਾ ਪੂਰੇ ਗੁਰ ਤੇ ਗਤਿ ਪਾਈ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥

(ਸਿਰੀ ਰਾਗ, ੬੭)

ਉਸ ਸਮੇਂ, ਗੁਰਬਾਣੀ ਲਿਖਣ ਦੀ ਪ੍ਰਥਾ ਸਿੱਖਾਂ ਵਿੱਚ ਪ੍ਰਚੱਲਤ ਸੀ। ਜਿਸਦਾ ਸੰਕੇਤ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਆਉਂਦਾ ਹੈ -

(੧) ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ॥ (ਵਾਰ ੧੧, ਪਉੜੀ ੨੬)
(੨) ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ॥ (ਵਾਰ ੬, ਪਉੜੀ ੧੨)
(੩) ਗੁਰਬਾਣੀ ਸੁਣਿ ਸਿਖਿ ਲਿਖਿ ਲਿਖਾਇਆ॥ (ਵਾਰ ੨੦, ਪਉੜੀ ੬)

(ੲ) ਪ੍ਰੰਤੂ, ਕੱਚੀਆਂ ਬਾਣੀਆਂ ਦੀਆਂ ਪੋਥੀਆਂ ਦੀ ਰਚਨਾ ਅਤੇ ਗੁਰਬਾਣੀ ਵਿੱਚ ਰਲਾ ਪਾਉਣ ਦਾ ਜੋ ਕੁਕਰਮ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ, ਉਸ ਵਿੱਚ ਸਭ ਤੋਂ ਵੱਧ ਵਿਗਾੜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਭਰਾਤਾ ਪ੍ਰਿਥੀ ਚੰਦ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਪਾਇਆ ਗਿਆ। ਸਾਖ਼ੀ ਆਉਂਦੀ ਹੈ ਕਿ - 'ਇੱਕ ਦਿਨ ਕੁਝ ਗੁਰਸਿੱਖ ਪ੍ਰਿਥੀ ਚੰਦ ਦੇ ਡੇਰੇ ਕੋਲੋਂ ਲੰਘੇ, ਤਾਂ ਉਨ੍ਹਾਂ ਦੇ ਕੰਨਾਂ ਵਿੱਚ ਕੱਚੀ ਬਾਣੀ ਦੇ ਵਾਕ ਪਏ। ਉਹਨਾਂ ਆ ਕੇ ਗੁਰੂ ਅਰਜਨ ਦੇਵ ਜੀ ਦੇ ਸਨਮੁਖ ਬੇਨਤੀ ਕੀਤੀ - 'ਪਾਤਸ਼ਾਹ! ਛੋਟੇ ਮੇਲ ਦੇ ਲੋਕ ਸੱਚੀ ਬਾਣੀ ਵਿੱਚ ਕੱਚੀ ਬਾਣੀ ਪਾ ਰਹੇ ਹਨ ਤੇ ਭੋਗ ਸਮੇਂ ਵੀ 'ਨਾਨਕ' ਜੀ ਦਾ ਨਾਂ. ਵਰਤਦੇ ਹਨ।' - ਉਨ੍ਹਾਂ ਦੀਆਂ ਬਾਣੀਆਂ ਨੂੰ ਸੁਣਕੇ ਮਨ ਵਿੱਚ ਅਭਿਮਾਨ ਤੇ ਚਤੁਰਾਈ ਵਧਦੀ ਹੈ। ਭਾਈ ਕੇਸਰ ਸਿੰਘ ਛਿੱਬਰ ਅਨੁਸਾਰ :-

ਮਿਹਰਵਾਨ ਪੁਤ ਪ੍ਰਿਥੀਏ ਦਾ ਕਬੀਸਰੀ ਕਰੇ
ਪਾਰਸੀ ਹਿੰਦਵੀ ਸੰਸਕ੍ਰਿਤ



www.AKJ.Org

ਨਾਲੇ ਗੁਰਮੁਖੀ ਪੜ੍ਹੇ।
ਤਿਨ ਭੀ ਬਾਣੀ ਬਹੁਤ ਬਣਾਈ।
ਭੋਗ ਗੁਰੂ ਨਾਨਕ ਜੀ ਦਾ ਹੀ ਪਾਈ
ਡੂਮ ਲਗੇ ਸ਼ਬਦ ਮੀਣਿਆਂ ਦੇ ਗਾਵਨਿ।
ਦੂਯਾ ਦਰਬਾਰ ਵੱਡਾ ਗੁਰਿਆਈ ਦਾ ਲਗੇ ਬਣਾਵਨਿ।

(ਬੰਸਾਵਲੀਨਾਮਾ ਕੇਸਰ ਸਿੰਘ ਛਿੱਬਰ, ਪੰਨਾ - ੫੦)

## ਭਾਈ ਮਨੀ ਸਿੰਘ ਕ੍ਰਿਤ 'ਸਿੱਖਾਂ ਦੀ ਭਗਤਮਾਲਾ' ਅਨੁਸਾਰ :-

ਭਾਈ ਗੋਪੀਚੰਦ ਮਹਿਤਾ ਤੇ ਭਾਈ ਤੀਰਥੁ ਤੇ ਭਾਈ ਨਥਾ ਤੇ ਭਾਈ ਮੋਕਲਿ ਤੇ ਭਾਈ ਢਿੱਲੀ ਮੰਡਲ ਗੁਰੂ ਜੀ ਦੀ ਸਰਣਿ ਆਏ। ਓਨਾ ਅਰਦਾਸ ਕੀਤੀ ਜੇ ਸਚੇ ਪਾਤਸ਼ਾਹ ਗੁਰੂ ਕੀ ਬਾਣੀ ਨੂੰ ਸੁਣ ਕੇ ਤੇ ਮਨਿ ਨੂੰ ਭੈ ਪ੍ਰਾਪਤਿ ਹੁੰਦਾ ਹੈ ? ਤੇ ਪਿਰਥੀ ਮਲੁ ਤੇ ਮਹਾਂਦੇਉ ਤੇ ਹੋਰ ਸੋਢੀਆਂ ਦੀਆਂ ਬਾਣੀਆਂ ਨੂੰ ਸੁਣਿਕੇ ਮਨ ਵਿੱਚ ਅਭਮਾਨ ਤੇ ਚਤੁਰਾਈ ਵਧਦੀ ਹੈ। ਤਾਂ ਬਚਨ ਹੋਆ। ਭਾਈ ਗੁਰਦਾਸ ਹੁਣ ਤਾਂ ਸਿੱਖ ਬਾਣੀਆਂ ਨੂੰ ਜਾਣਦੇ ਹੈਨਿ ਤੇ ਅਗੇ ਜੋ ਹੋਵਨਗੇ ਸੋ ਪਛਾਨਣਗੇ ਨਹੀਂ ਜੋ ਗੁਰੂ ਕੀ ਬਾਣੀ ਕੌਨ ਹੈ ਤੇ ਬਾਹਿਰ ਕੀ ਬਾਣੀ ਕੌਨ ਹੈ, ਤਾਂ ਤੇ ਸਭ ਬਾਣੀਆਂ ਇਕੱਠੀਆਂ ਕਰਿ ਕੇ ਗ੍ਰੰਥ ਜੀ ਦੀ ਬੀੜ ਕੀਚੇ ਤੇ ਅਖਰ ਭੀ ਗੁਰਮੁਖੀ ਸੁਗਮੰ ਕੀਚਨਿ। ਸਭ ਕਿਸੇ ਦੇ ਵਾਚਣਿ ਵਿੱਚ ਸੁਗਮ ਆਵਨਿ। ਤਾਂ ਕੋਠੇ ਵਿੱਚ ਸਭੇ ਬਾਣੀਆਂ ਇਕੱਠੀਆਂ ਕੀਤੀਆਂ ਤੇ ਭਾਈ ਗੁਰਦਾਸ ਜੀ ਨੂੰ ਬਚਨ ਹੋਆ, ਮੋਹਣਿ ਪਾਸੋ ਪੋਥੀਆਂ ਲੈ ਆਉ। ਤਾਂ ਭਾਈ ਗੁਰਦਾਸ ਜੀ ਕਹਿਆ : ਮਹਾਰਾਜ ਉਹ ਮੈਨੂੰ ਨਹੀਂ ਦੇਵਦੇ। ਤੁਸੀਂ ਆਪ ਜਹਿਗੇ ਤਾਂ ਓਹੁ ਦੇਵਨਗੇ। ਤਾਂ ਸਾਹਿਬ ਆਪਿ ਗਏ। ਜੇ ਮੋਹਣਿ ਸੁਣਿਆ ਤਾਂ ਚੋਬਾਰਾ ਬੰਦੁ ਕਰਿਕੇ ਅੰਦਰਿ ਬੈਠਿ ਰਹਿਆ। ਤਾਂ ਸਾਹਿਬ ਚੋਬਾਰੇ ਨੇ ਹੇਠ ਬੈਠ ਕਰਿ ਰਾਗ ਪਾਇ ਕਰ ਸਬਦੁ ਅਲਾਪਿਆ:-

ਗਉੜੀ ਮਹਲਾ ੫॥
ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ॥ (ਗਉੜੀ ੫, ੨੪੮)

ਜਾਂ ਪਹਿਲੀ ਪੌੜੀ ਗਾਵੀ ਤਾਂ ਮੋਹਨ ਚੋਬਾਰਾ ਖੋਲਿਆ ਜਾਂ ਦੂਜੀ ਪੌੜੀ ਗਾਵੀ ਤਾਂ ਤਲੇ ਦਾ ਦਰਵਾਜਾ ਪਉੜੀਆਂ ਦਾ ਖੋਲਿਆ। ਜਾਂ ਤੀਜੀ ਪਉੜੀ ਗਾਵੀ ਤਾਂ ਉਠਕੇ ਨਮਸਕਾਰ ਕੀਤੀ, ਜਾਂ ਚੌਥੀ ਪਉੜੀ ਗਾਵੀ ਤਾਂ ਪੋਥੀਆਂ ਸਭੇ ਲੈ ਕੇ ਆਇ ਚਰਨੀ ਲਗਾ। ਤਾਂ ਸਾਹਿਬ ਪੋਥੀਆਂ ਸਭ ਇਕੱਠੀਆਂ ਕਰ ਭਾਈ ਗੁਰਦਾਸ ਦੇ ਹਵਾਲੇ ਕੀਤੀਆਂ। ਗੁਰਮੁਖੀ ਅੱਖਰਾਂ ਵਿੱਚ ਗ੍ਰੰਥ ਜੀ ਲਿਖਿਆ।"

ਏਸੇ ਭਾਂਤ ਦੀ ਸੇਵਾ ਏਸੇ ਜ਼ਮਾਨੇ ਦੀਆਂ, ਗੁਰਬਾਣੀ ਦੇ ਅਰਥ ਤੇ ਸਬੰਧਤ ਜਾਣਕਾਰੀ ਦੇਣ ਵਾਲੀਆਂ ਪੁਸਤਕਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਉਥਾਨਕਾ ਦੇ



www.AKJ.Org

ਨਾਂ ਹੇਠਾਂ ਮਿਲਦੀਆਂ ਹਨ, ਜਿਨ੍ਹਾਂ ਨੂੰ 'ਪੀਠਕਾ' ਜਾਣੀ ਸ਼ਬਦ-ਬਾਣੀ ਦੀ 'ਪ੍ਰਿਸ਼ਠ-ਭੂਮੀ' ਦਰਸਾਉਣ ਵਾਲੀਆਂ ਮੰਨਿਆ ਜਾਂਦਾ ਹੈ।

ਭਾਈ ਗੁਰਦਾਸ ਜੀ, ਜੋ ਗੁਰੂ ਜੀ ਦੇ ਨਿਕਟਵਰਤੀ ਸਿੱਖਾਂ ਵਿੱਚ ਵਿਦਵਾਨ, ਗੁਰਮੱਤਿ ਤੇ ਗੁਰਬਾਣੀ ਦੇ ਭੇਦਾਂ, ਰਸਾਂ ਤੇ ਰਹੱਸਾਂ ਤੋਂ ਜਾਣੂੰ ਸਨ, ਨੂੰ

ਬਚਨ ਕੀਤਾ:- ਭਾਈ ਗੁਰਦਾਸ ਗੁਰੂ ਦੀ ਬਾਣੀ ਜੁਦਾ ਕਰੀਏ॥
ਮੀਣੇ ਪਾਂਦੇ ਨੀ ਰਲਾ ਸੇ ਵਿਚਿ ਰਲਾ ਨ ਧਰੀਏ॥

(ਬੰਸਾਵਲੀਨਾਮਾ, ਪੰਨਾ ੫੧)

ਇਹ ਮਾਨਵ ਸੇਵਾ ਦਾ ਵਿਸਾਲ ਕੰਮ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਉੱਤੇ ਬਾਣੀਆਂ ਦੇਸ਼-ਦੇਸ਼ਾਂਤਰਾਂ ਦੇ ਸਿੱਖਾਂ ਪਾਸ ਹੋਣ ਦੀਆਂ ਖ਼ਬਰਾਂ ਮਿਲ ਰਹੀਆਂ ਸਨ। ਭਾਈ ਮਨੀ ਸਿੰਘ ਜੀ ਲਿਖਤ 'ਸਿੱਖਾਂ ਦੀ ਭਗਤਮਾਲਾ' ਅਨੁਸਾਰ ਸਭ ਥਾਂ ਸਿੱਖ ਭੇਜ ਕੇ ਪੋਥੀਆਂ ਮੰਗਾਈਆਂ, ਸੰਦੇਸ਼ ਤੇ ਹੁਕਮਨਾਮੇ ਭੇਜੇ ਕਿ ਜਿਸ ਕਿਸੇ ਪਾਸ ਗੁਰੂ ਸਾਹਿਬਾਨ ਦੇ ਸ਼ਬਦ ਜਾਂ ਬਾਣੀ ਹੋਵੇ, ਉਹ ਸਾਡੇ ਪਾਸ ਪਹੁੰਚਾ ਦੇਣ। ਇਸ ਹੁਕਮ ਦੀ ਪਾਲਣਾ ਹੋਈ। ਫਿਰ, ਇਸ ਸ਼ੁਭ ਕਾਰਜ ਲਈ ਭਾਈ ਪੈੜਾ ਕੋਹਲੀ ਜੀ ਨੂੰ ਲੰਕਾ ਭੇਜਿਆ ਗਿਆ ਜਿਸ ਦੀ ਗਵਾਹੀ -'ਰਾਹ ਮੁਕਾਮ ਕੀ'-ਸਾਖ਼ੀ ਤੋਂ ਪ੍ਰਗਟ ਹੈ।

ਸ੍ਰੀ ਹਰਿਮੰਦਰ ਸਾਹਿਬ ਤੋਂ ਕੁੱਝ ਵਿੱਥ ਉੱਤੇ ਇਕਾਂਤ ਰਾਮਸਰ ਵਾਲੀ ਜਗ੍ਹਾ, ਬੇਰੀਆਂ ਦੀ ਇੱਕ ਝਿੜੀ ਤੇ ਛੋਟੀ ਜਿਹੀ ਸਵੱਛ ਛੱਪੜੀ ਦੇ ਕੰਢੇ ਤੰਬੂ ਲਗਾ ਕੇ ਲਿਖਣ ਦੀ ਸਮੱਗਰੀ ਅਤੇ ਲਿਖਾਰੀਆਂ ਨੂੰ ਸੱਦ ਕੇ, ਗ੍ਰੰਥ ਜੀ ਦੀ ਬੀੜ ਰਚਣ ਦਾ ਮਹਾਨ ਕਾਰਜ ਸ਼ੁਰੂ ਹੋਇਆ।

ਮੰਗਲਮਈ ਬਾਣੀਆਂ ਪਿੱਛੋਂ 'ਰਾਗ' ਕਰਮ ਅਨੁਸਾਰ **ਰਾਗਾ ਵਿਚਿ ਸ੍ਰੀਰਾਗ ਹੈ** ਮੱਤ ਵਾਲੀ ਪੱਧਤੀ ਨੂੰ ਪ੍ਰਮੁੱਖਤਾ ਦੇ ਕੇ ਬਾਣੀ ਲਿਖਣੀ ਆਰੰਭੀ। ਇਹ ਜ਼ਮਾਨਾ ਰਾਗਾਂ ਦੀਆਂ ਵੱਖੋ-ਵੱਖਰੀਆਂ ਪੱਧਤੀਆਂ ਦਾ ਸੀ। ਰਾਗਾਂ ਦੇ ਚਾਰ ਮੱਤ ਪ੍ਰਧਾਨ ਸਨ, ਆਦਿ ਮੱਤ ਜਾਂ ਸ਼ਿਵਮੱਤ, ਕਾਲੀ ਨਾਥ ਮੱਤ, ਭਰਤ ਮੱਤ ਅਤੇ ਹਣਵੰਤ ਮੱਤ। ਗੁਰੂ ਬਾਣੀ ਵਿੱਚ 'ਸਿਰੀ ਰਾਗ' ਨੂੰ ਪ੍ਰਮੁੱਖਤਾ ਦਿੱਤੇ ਜਾਣ ਦੇ ਪ੍ਰਮਾਣ ਮਿਲਦੇ ਹਨ।

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥

(ਸਿਰੀ ਰਾਗ ਕੀ ਵਾਰ-੮੩)

ਭਾਈ ਗੁਰਦਾਸ ਜੀ ਨੇ ਵੀ ਏਸੇ ਦਾ ਅਨੁਕਰਣ ਕੀਤਾ ਹੈ :

ਜੈਸੇ ਸਰ ਸਰਿਤਾ ਸਕਲ ਮੈ ਸਮੁੰਦ ਬਡੋ,
ਮੇਰ ਮਹਿ ਸੁਮੇਰ ਬਡੋ ਜਗਤ ਬਖਾਨਿ ਹੈ॥
ਤਰਵਰ ਵਿਖੈ ਜੈਸੇ ਚੰਦਨ ਬਿਰਖ ਬਡੋ,
ਧਾਤ ਮੈ ਕਨਕ ਅਤਿ ਉਤਮ ਕੈ ਮਾਨਿ ਹੈ॥



www.AKJ.Org

ਪੰਛੀਅਨ ਮੈ ਹੰਸ, ਮ੍ਰਿਗਰਾਜਨ ਮੈ ਸਾਰਦੂਲ,
ਰਾਗਨ ਮਹਿ ਸਿਰੀ ਰਾਗ ਪਾਰਸ ਪਖਾਨਿ ਹੈ। (੩੭੬)

ਭਾਵ ਸਪੱਸ਼ਟ ਹੈ ਕਿ ਗ੍ਰੰਥਨ ਕੀਤੀ ਗਈ ਬੀੜ ਰਚਨਾ ਸਮੇਂ 'ਸਿਰੀ ਰਾਗ' ਨੂੰ ਆਰੰਭ ਵਿੱਚ ਰੱਖਿਆ ਗਿਆ। ਵੱਖੋ-ਵੱਖਰੀ ਭਾਂਤ ਦੇ ਸ਼ਬਦ ਤੇ ਬਾਣੀਆਂ, ਭਿੰਨ-ਭਿੰਨ ਭਾਂਤ ਦੇ ਰਾਗਾਂ, ਉਪਰਾਗਾਂ ਤੇ ਲੋਕ ਸੁਰਾਂ ਵਿੱਚ ਲਿਖੀਆਂ ਗਈਆਂ। ਜਿਨ੍ਹਾਂ ਰਾਗਾਂ ਵਿੱਚ 'ਭਗਤਬਾਣੀ' ਹੈ ਸੀ ਜਾਂ ਜਿਸ ਰਾਗ ਵਿੱਚ ਰੱਖੀ ਜਾ ਸਕਦੀ ਸੀ, ਰੱਖ ਕੇ ਇੱਕ-ਇੱਕ ਰਾਗ ਦੀ ਸੈਂਚੀ ਬਣਾਈ ਗਈ। ਰਾਗ ਦੀ ਉਸ ਸੈਂਚੀ ਵਿੱਚ ਰਾਗਾਂ ਦੇ ਪ੍ਰਭੇਦ ਦਾ ਵੀ ਉਲੇਖ ਕੀਤਾ। ਜਿਵੇਂ : ਗਉੜੀ ਬੈਰਾਗਣਿ, ਗਉੜੀ ਗੁਆਰੇਰੀ, ਦੀਪਕੀ, ਚੇਤੀ ਅਤੇ ਮਾਰੂ ਵਿੱਚ ਸੋਲਹੇ ਆਦਿਕ। ਇਸ ਤਰ੍ਹਾਂ ਜਪੁ ਤੋਂ 'ਵਾਰਾਂ ਤੇ ਵਧੀਕ' ਸਲੋਕਾਂ ਤੱਕ 'ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਬਾਣੀ ਇੱਕ ਤਰਤੀਬ ਅਤੇ ਵੇਰਵੇ ਸਹਿਤ ਸੰਚਿਤ ਕੀਤੀ ਗਈ। ਹੁਣ ਵੱਡਾ ਸਵਾਲ ਸੀ, ਸਮਾਪਤੀ ਦਾ। ਸ੍ਰੀ ਗੁਰੂ ਅਰਜਨ ਦੇਵ ਜੀ ਜਾਣਦੇ ਸਨ ਕਿ ਜੇਕਰ ਇਸ ਗ੍ਰੰਥ ਦੀ ਸਮਾਪਤੀ ਵਿਸ਼ੇਸ਼ ਵਿਧੀ ਨਾਲ ਨਾ ਕੀਤੀ ਗਈ ਤਾਂ ਇਸ ਦਾ ਵੀ ਉਹੀ ਹਾਲ ਹੋਵੇਗਾ, ਜੋ ਮਹਾਨ ਪੁਰਾਤਨ ਗ੍ਰੰਥਾਂ, ਵੇਦਾਂ, ਪੁਰਾਣਾਂ ਆਦਿਕ ਦਾ ਹੋਇਆ। ਵੇਦ, ਪੁਰਾਣ, ਸਾਸ਼ਤਰ, ਸਿਮ੍ਰਤੀਆਂ, ਬੋਧੀ ਤੇ ਜੈਨ ਗ੍ਰੰਥਾਂ ਬਾਰੇ ਖੋਜੀ ਵਿਦਵਾਨ ਜਾਣਦੇ ਹਨ। ਇਨ੍ਹਾਂ ਧਰਮ ਪੁਸਤਕਾਂ ਨੂੰ ਅਖੰਡ ਤੇ ਸੰਪੂਰਨ ਰੱਖਣ ਲਈ ਕੋਈ ਹੱਦ ਨਾ ਮਿਥੀ ਗਈ ਅਤੇ ਨਾ ਹੀ ਰਚਨਹਾਰਾਂ ਵੱਲੋਂ ਸੰਚਤ ਕੀਤਾ ਗਿਆ। ਉਨ੍ਹਾਂ ਪੁਸਤਕਾਂ ਦਾ ਕੀ ਹਾਲ ਹੋਇਆ ? ਇਹ ਗੱਲ ਇੱਥੇ ਦੇਖਣੀ ਜ਼ਰੂਰੀ ਹੋ ਜਾਂਦੀ ਹੈ।

**ਵੇਦ** : ਸਭ ਤੋਂ ਪਹਿਲਾਂ ਵੇਦਾਂ ਦੇ ਖੋਜੀਆਂ ਦੀਆਂ ਲਿਖਤਾਂ ਉਤੇ ਝਾਤੀ ਮਾਰ ਕੇ ਵੇਖਦੇ ਹਾਂ। ਜਿਨ੍ਹਾਂ ਬਾਰੇ ਸਨਾਤਨ ਧਰਮੀਆਂ ਦਾ ਇਹ ਦਾਅਵਾ ਹੈ ਕਿ ਇਨ੍ਹਾਂ (ਵੇਦਾਂ) ਦੇ ਮੰਤ੍ਰ ਅੱਡੋ-ਅੱਡ ਰਿਸ਼ੀਆਂ ਨੂੰ ਉਤਰੇ ਜਾਂ ਉਨ੍ਹਾਂ ਨੇ ਸਮੇਂ-ਸਮੇਂ ਰਚੇ, ਜਿਨ੍ਹਾਂ ਨੂੰ ਪਿੱਛੋਂ, ਸੋਧ-ਸੰਵਾਰ, ਛਾਂਟ ਕੇ ਵਿਆਸ ਰਿਸ਼ੀ ਨੇ ਮੌਜੂਦਾ ਰੂਪ ਵਿੱਚ ਲਿਆਂਦਾ ਸੀ। ਆਰੀਆ ਸਮਾਜੀ ਭਾਵੇਂ ਵੇਦਾਂ ਨੂੰ 'ਆਦਿ ਕਾਲ' ਵਿੱਚ ਚਾਰ ਰਿਸ਼ੀਆਂ ਰਾਹੀਂ ਉਤਰੇ ਮੰਨਦੇ ਹਨ; ਪਰ, ਨਾਲ ਹੀ ਇਹ ਵੀ ਮੰਨਦੇ ਹਨ ਕਿ ਇਹ ਰਿਸ਼ੀ ਲਿੱਪੀ ਦਾ ਪਰਿਪੱਕ ਰੂਪ ਅਪ੍ਰਾਪਤ ਹੋਣ ਕਰਕੇ ਲਿਖਣ ਕਲਾ ਤੋਂ ਵਾਞੇਂ ਸਨ ਜਿਸ ਤੋਂ ਸਮਝਿਆ ਜਾਵੇ ਇਨ੍ਹਾਂ ਮੰਤਰਾਂ ਦਾ ਸਿੱਖਣਾ ਤੇ ਸਿਖਾਉਣਾ ਕੇਵਲ ਜ਼ਬਾਨੀ ਹੀ ਹੁੰਦਾ ਸੀ। ਇਸੇ ਤਰ੍ਹਾਂ ਸੈਂਕੜੇ ਵਰ੍ਹੇ ਮੂੰਹ-ਜ਼ਬਾਨੀ ਚਲੇ ਆਉਣ ਕਰਕੇ ਵੇਦ ਸ਼ਰੁਤੀ ਕਹੇ ਗਏ। ਇਨ੍ਹਾਂ ਮੰਤਰਾਂ ਦੇ ਕਰਤਿਆਂ ਦੀ ਇਨ੍ਹਾਂ ਉੱਪਰ ਕੋਈ ਅੰਤਮ ਮੋਹਰ ਨਾ ਹੋਣ ਕਰਕੇ ਵੇਦਾਂ ਨੂੰ ਮਿਲਾਵਟ ਤੋਂ ਰਹਿਤ ਮੰਨਣਾ ਸੰਦਿਗਧ ਰਿਹਾ ਹੈ।

**ਪੁਰਾਣ** : ਇਸ ਲਿਹਾਜ਼ ਨਾਲ ਪੁਰਾਣਾਂ ਨਾਲ ਜੋ ਵਧੀਕੀ ਹੋਈ, ਉਸਦਾ ਵਰਣਨ ਹੋਰ ਵੀ ਦੁਖਦਾਈ ਹੈ। ਵਿਸ਼ਨੂੰ ਪੁਰਾਣ ਜੋ ਅੱਜ ਕੱਲ੍ਹ ਪ੍ਰਚੱਲਤ ਹੈ ਉਸ ਵਿੱਚ



www.AKJ.Org

੫੪੬੧ ਪਦ ਹਨ। ਜਦੋਂ ਕਿ 'ਭਗਵਤ ਪੁਰਾਣ' ਵਿੱਚ ਲਿਖਿਆ ਹੈ ਕਿ 'ਵਿਸ਼ਨੂੰ ਪੁਰਾਣ' ਦੀ 'ਪਦ' ਸੰਖਿਆ ੨੩੦੦੦ ਹੈ, ਇਸ ਦਾ ਮਤਲਬ ਇਹ ਹੈ ਕਿ ਸਮੇਂ ਦੇ ਹੇਰ ਫੇਰ ਵਿੱਚ 'ਵਿਸ਼ਨੂੰ ਪੁਰਾਣ' ਖੰਡਤ ਹੁੰਦਾ ਰਿਹਾ ਹੈ। ਇਸ ਵਿੱਚੋਂ ੧੭੦੦੦ ਦੇ ਕਰੀਬ ਪਦ ਗੁੰਮ ਹੋ ਚੁੱਕੇ ਹਨ। ਬਾਕੀ ਜੋ ਮੌਜੂਦ ਹੈ ਉਹ ਤਕਰੀਬਨ ਚੌਥਾ ਹਿੱਸਾ ਹੈ। ਇਸ ਗੱਲ ਦਾ ਕੁਛ ਪਤਾ ਨਹੀਂ ਕਿ ਕਿਸ-ਕਿਸ ਵੇਲੇ ਇਸ ਦਾ ਕਿਹੜਾ ਹਿੱਸਾ ਗੁੰਮ ਹੋਇਆ ?

ਕਈ ਪੰਡਤਾਂ ਨੇ ਅਲਬਰੂਨੀ (ਅਰਬ ਯਾਤਰੀ) ਦੀ ਲਿਖਤ 'ਅਲਹਿੰਦ' ਤੋਂ ਜਾਣਿਆਂ ਹੈ ਕਿ ਅਲਬਰੂਨੀ ਵੇਲੇ ਵਿਸ਼ਨੂੰ ਪੁਰਾਣ ਦੇ ਸ਼ਲੋਕਾਂ ਦੀ ਗਿਣਤੀ ੧੬੦੦੦ ਸੀ, ਪਰ ਹੌਲੇ-ਹੌਲੇ, ਵਿੱਚੋਂ-ਵਿੱਚੋਂ ਉਤਰਖੰਡ (ਵਿਸ਼ਨੂੰ ਧਰਮੋਤਰ) ਵਗੈਰਾ ਖੰਡਤ ਹੋ ਗਏ। ਹਿਸਾਬ ਨਾਲ ਏਹੋ ਗੱਲ ਸਮਝ ਪੈਂਦੀ ਹੈ ਅਲਬਰੂਨੀ ਦੇ ਵਕਤ ਤੱਕ ੭੦੦੦ ਸਲੋਕ ਘੱਟ ਹੋ ਗਏ ਸਨ ?

ਏਹੋ ਹਾਲ ਇੱਕ ਹੋਰ ਪੁਰਾਣ ਦਾ ਹੈ, ਜਿਸ ਦਾ ਨਾਮ 'ਬ੍ਰਿਹਤ ਨਾਰਦੀਯ ਪੁਰਾਣ' ਹੈ। 'ਮਤੱਸਯ ਪੁਰਾਣ' ਵਿੱਚ 'ਬ੍ਰਿਹਤ ਨਾਰਦੀਯ ਪੁਰਾਣ' ਦੇ ੨੫੦੦੦ ਸਲੋਕ ਹੋਣੇ ਲਿਖੇ ਹਨ। ਜੋ ਗ੍ਰੰਥ ਇਸ ਵੇਲੇ ਪ੍ਰਾਪਤ ਹੈ, ਉਸ ਵਿੱਚ ਅੰਗਰੇਜ਼ੀ ਟੀਕਾਕਾਰਾਂ ਦੇ ਹਿਸਾਬ ਮੁਜਬ ਸਾਢੇ ਤਿੰਨ ਹਜ਼ਾਰ ਸਲੋਕਾਂ ਤੋਂ ਵੱਧ ਨਹੀਂ, ਸੋ ੨੧੫੦੦ ਸਲੋਕ 'ਬ੍ਰਿਹਤ ਨਾਰਦੀਯ ਪੁਰਾਣ' ਵਿੱਚੋਂ ਗੁੰਮ ਹੋ ਚੁੱਕੇ ਹਨ।

ਸਮੇਂ ਦੇ ਚੱਕਰ ਨੇ ਏਹੋ ਹਾਲ 'ਪਦਮ ਪੁਰਾਣ' ਦਾ ਕੀਤਾ। ਇਸਦੇ ਖੰਡਾਂ ਦੀ ਗਿਣਤੀ ਬਾਰੇ ਵਿਚਾਰ ਸ਼ੱਕੀ ਹੈ। ਕੋਈ ਇਸਦੇ ਪੰਜ ਖੰਡ ਛਾਪਦਾ ਹੈ ਤੇ ਕੋਈ ਛੇ। ਕੋਈ ਵੀ 'ਪੁਰਾਣ' ਸਾਬਤ ਸੂਰਤ ਵਿੱਚ ਨਹੀਂ। ਹਿਸਾਬ ਕਰਨ ਵਾਲੇ ਲੋਕ 'ਭਵਿੱਸ਼ਯ ਪੁਰਾਣ' ਵਿੱਚ ੫੦੦, 'ਬ੍ਰਹਮ ਪੁਰਾਣ' ਵਿੱਚ ੩੦੦੦, 'ਅਗਨਿ ਪੁਰਾਣ' ਵਿੱਚ ੫੦੦ ਸਲੋਕ ਘਟ ਗਏ ਦਸਦੇ ਹਨ।

**ਤ੍ਰਿਪਿਟਕਾ** :- ਬੋਧੀ ਗ੍ਰੰਥਾਂ (ਤ੍ਰਿਪਿਟਕਾਂ) ਦਾ ਹਾਲ ਵੀ ਅਜਿਹਾ ਹੀ ਹੈ। ਰਾਜਗਿਰੀ (ਬਿਹਾਰ) ਦੇ ਤੱਤੇ ਪਹਾੜੀ ਚਸ਼ਮਿਆਂ ਉੱਤੇ ਬੁੱਧ ਜੀ ਦੇ ਪਿੱਛੋਂ ਅਜਾਤ ਸ਼ਤਰੂ ਦੇ ਵੇਲੇ ਪਹਿਲੀ 'ਬੋਧ ਮਹਾਂ ਸਭਾ' ਸੱਦੀ ਗਈ। ਜਿਸ-ਜਿਸ ਬੋਧੀ ਭਿਖਸ਼ੂ ਕੋਲੋਂ ਮਹਾਤਮਾ ਬੁੱਧ ਜੀ ਦਾ ਕੋਈ ਬਚਨ-ਬਿਨਯ (ਮਰਿਯਾਦਾ), ਧਰਮ ਅਤੇ ਸਿੱਖਿਆ ਦਾ ਭਾਗ ਪ੍ਰਾਪਤ ਹੋਇਆ, ਉਨ੍ਹਾਂ ਬਚਨਾਂ ਨੂੰ ਵੱਖੋ-ਵੱਖਰੀਆਂ ਪਟਾਰੀਆਂ ਵਿੱਚ ਪਾਇਆ ਗਿਆ। ਇਸੇ ਕਾਰਨ ਉਹਨਾਂ ਦਾ ਨਾਮ 'ਤ੍ਰਿਪਿਟਕਾ' ਪ੍ਰਸਿੱਧ ਹੋਇਆ। ਕਿਉਂਕਿ ਇਹ ਰਚਨਾ ਬੁੱਧ ਜੀ ਤੋਂ ਬਹੁਤ ਸਮਾਂ ਪਿੱਛੋਂ ਹੋਂਦ ਵਿੱਚ ਆਈ, ਇਸ ਲਈ ਇਸ ਰਚਨਾ ਨੂੰ ਠੀਕ, ਸੰਪੂਰਨ ਤੇ ਪ੍ਰਮਾਣੀਕ ਨਹੀਂ ਮੰਨਿਆ ਜਾ ਸਕਦਾ।

**ਅੰਜੀਲ** : ਇਤਿਹਾਸ ਸਿੱਧ ਹੈ ਕਿ 'ਅੰਜੀਲ' ਪਹਿਲਾਂ 'ਹਿਬਰੂ' ਭਾਸ਼ਾ ਵਿੱਚ ਰਚੀ ਗਈ ਸੀ, ਜਿਸਨੂੰ ਘਰ-ਘਰ ਪਹੁੰਚਾਣ ਲਈ ਵਰਤਮਾਨ ਰੂਪ ਦਿੱਤੇ ਗਏ ਹਨ। ਈਸਾਈ ਧਰਮ ਦੇ ਵਿਦਵਾਨਾਂ ਨੇ ਇਸ ਗ੍ਰੰਥ ਨੂੰ ਸੋਧਣ ਤੇ ਸੰਵਾਰਨ ਦੀ ਕੋਈ ਕਸਰ



www.AKJ.Org

ਨਹੀਂ ਛੱਡੀ।

**ਕੁਰਾਨ :** ਮੁਸਲਮਾਨ 'ਕੁਰਾਨ ਸ਼ਰੀਫ਼' ਨੂੰ ਖੁਦਾ ਦਾ ਕਲਾਮ ਮੰਨਦੇ ਤੇ ਨਾਲ ਹੀ ਇਹ ਵੀ ਮੰਨਦੇ ਹਨ ਕਿ ਹਜ਼ਰਤ ਮੁਹੰਮਦ ਸਾਹਿਬ 'ਓਮੀ' ਸਨ। 'ਤਾਰੀਖ-ਏ-ਇਸਲਾਮ' ਇਸ ਗੱਲ ਦੀ ਗਵਾਹ ਹੈ ਕਿ ਮੁਹੰਮਦ ਸਾਹਿਬ ਜੀ ਦੇ ਚਲਾਣਾ ਕਰ ਜਾਣ ਤੋਂ ਪਿੱਛੋਂ, 'ਕੁਰਾਨ' ਦੀਆਂ ਆਇਤਾਂ ਨੂੰ ਹਜ਼ਰਤ ਅਲੀ ਤੇ ਅਬੂ ਬਕਰ ਨੇ ਆਪੋ-ਆਪਣੀ ਸ਼ਕਤੀ ਤੇ ਯਤਨਾ ਨਾਲ ਖਜੂਰ ਦੇ ਪੱਤਿਆਂ, ਪੱਥਰਾਂ ਦਿਆਂ ਟੁਕੜਿਆਂ, ਊਠਾਂ ਦੀਆਂ ਹੱਡੀਆਂ ਤੇ ਖੱਲਾਂ ਤੋਂ ਇਕੱਠਾ ਕੀਤਾ।

(ਕੁਰਾਨ ਕਿਵੇਂ ਬਣਿਆ) ਇੱਕ ਸ਼ਹਾਦਤ (ਸਾਖ਼ੀ) ਅਨੁਸਾਰ, ਹਜ਼ਰਤ ਮੁਹੰਮਦ ਸਾਹਿਬ ਜੀ ਦੀ ਬੇਗ਼ਮ ਦੇ ਸਿਰਹਾਣੇ ਥੱਲਿਓਂ ਉਨ੍ਹਾਂ ਕੁੱਝ ਪੱਤਿਆਂ ਨੂੰ ਬੱਕਰੀ ਖਾ ਗਈ ਸੀ, ਜਿਨ੍ਹਾਂ ਉੱਪਰ ਆਇਤਾਂ ਲਿਖੀਆਂ ਹੋਈਆਂ ਸਨ।

**ਮਹਾਂਭਾਰਤ :** ਮਹਾਂਭਾਰਤ ਬਾਰੇ ਖੋਜੀਆਂ ਦਾ ਆਖਣਾ ਹੈ ਕਿ ਆਰੰਭ ਵਿੱਚ ਇਸ ਦੇ ਦਸ ਹਜ਼ਾਰ (੧੦੦੦੦) ਸਲੋਕ ਸਨ। ਪਿੱਛੋਂ, ਰਾਜਾ ਬਿਕ੍ਰਮ-ਦਿੱਤਯ ਦੇ ਵੇਲੇ ਇਨ੍ਹਾਂ ਸਲੋਕਾਂ ਦੀ ਗਿਣਤੀ ਵੀਹ ਹਜ਼ਾਰ (੨੦੦੦੦) ਹੋ ਗਈ ਤੇ ਹੁਣ ਜੋ ਮਹਾਂਭਾਰਤ ਮੌਜੂਦ ਹੈ, ਇਸਦੇ ਸਲੋਕਾਂ ਦੀ ਗਿਣਤੀ ਤੀਹ ਹਜ਼ਾਰ (੩੦੦੦੦) ਨੂੰ ਜਾ ਪਹੁੰਚੀ ਹੈ। ਇਹ ਵਾਧੂ ਸਲੋਕ ਕਦੋਂ, ਕਿੱਥੋਂ ਤੇ ਕਿਵੇਂ ਆਏ ? ਕੋਈ ਪਤਾ ਨਹੀਂ ਚਲਦਾ। ਭਲਾ ਹੋਵੇ ਮਹਾਨ ਵਿਦਵਾਨ ਸਰ ਭੰਡਾਰਕਰ (ਪੂਨਾ) ਦਾ, ਜਿਸਨੇ ਇਹਨਾਂ ਪੁਰਾਣਕ ਗ੍ਰੰਥਾਂ ਨੂੰ ਸੰਭਾਲਣ ਦਾ ਵੱਡਾ ਉਪਰਾਲਾ ਕੀਤਾ।

**ਦੁਨੀਆਂ ਦੇ ਪਰਮ-ਪਵਿੱਤਰ ਮੰਨੇ ਜਾਂਦੇ ਧਰਮ੍ਰ ਗ੍ਰੰਥਾਂ ਦੀ ਜੋ ਪਹਿਲੇ ਸਮੇਂ ਵਿੱਚ ਦਸ਼ਾ ਹੁੰਦੀ ਰਹੀ ਹੈ, ਇਸਦਾ ਵਰਨਣ ਨਾ ਕਰਨਾ ਹੀ ਉਚਿਤ ਹੈ।**

'ਸ੍ਰੀ ਗੁਰੂ ਅਰਜਨ ਦੇਵ ਜੀ' ਵੱਲੋਂ ਬੀੜ ਤੇ ਸੰਪਾਦਨ ਕਾਰਜ ਦੀ ਮਹੱਤਤਾ ਉਦੋਂ ਉਭਰ ਕੇ ਸਾਹਮਣੇ ਆਉਂਦੀ ਹੈ, ਜਦੋਂ ੧੩ ਫਰਵਰੀ ੧੮੯੯ ਈ: ਨੂੰ ਇੱਕ ਪੱਛਮੀ ਵਿਦਵਾਨ (ਮੈਕਾਲਿਫ਼ ਸਾਹਿਬ) ਨੇ ਅਨਮਤੀ ਗ੍ਰੰਥਾਂ ਬਾਰੇ ਡੂੰਘੀ ਤੇ ਭਰਪੂਰ ਖੋਜ ਕਰ ਕੇ 'ਸ੍ਰੀ ਅਕਾਲ ਤਖ਼ਤ ਸਾਹਿਬ' ਉੱਤੇ ਪੰਜਾਬੀ ਵਿੱਚ ਇੱਕ ਭਾਸ਼ਣ ਪੜ੍ਹਿਆ, ਜੋ ਇਸ ਪ੍ਰਕਾਰ ਹੈ :-

## ਮੈਕਾਲਿਫ ਸਾਹਿਬ ਦਾ ਭਾਸ਼ਣ

"ਸਿੱਖ ਧਰਮ ਵਿੱਚ ਇੱਕ ਹੋਰ ਵੱਡਾ ਭਾਰਾ ਗੁਣ ਇਹ ਹੈ ਕਿ ਸੰਸਾਰ ਵਿੱਚ ਹੋਰਨਾ ਧਰਮਾਂ ਦੇ ਜੋ ਵੱਡੇ-ਵੱਡੇ ਗੁਰੂ ਹੋ ਬੀਤੇ ਹਨ, ਉਨ੍ਹਾਂ ਨੇ ਕਦੀ ਇੱਕ ਸਤਰ ਤੱਕ ਭੀ ਆਪਣੇ ਹੱਥੀਂ ਨਹੀਂ ਲਿਖੀ ਸੀ। ਆਪ ਵਿੱਚੋਂ ਸ਼ਾਇਦ ਕਿਸੇ-ਕਿਸੇ ਨੇ ਸੁਣਿਆ ਹੋਵੇਗਾ ਕਿ ਯੂਨਾਨ ਦੇਸ਼ ਦਾ ਤਤਵੇਤਾ, ਜਿਸ ਦਾ ਨਾਉਂ ਫੀਥੋਗੋਰਸ ਸੀ ਤੇ ਜੋ ਮਸੀਹ



www.AKJ.Org

ਤੋਂ ਪਹਿਲੇ ਛੇਵੀਂ ਸਦੀ ਵਿੱਚ ਹੋਇਆ ਸੀ, ਉਸ ਨੇ ਮਿਸਰ ਦੇਸ਼ ਅਤੇ ਕਈ ਹੋਰ ਪੂਰਬੀ ਦੇਸ਼ਾਂ ਦੀ ਯਾਤਰਾ ਵਿਦਯਾ ਪਾਉਣ ਲਈ ਕੀਤੀ ਸੀ। ਉਹ ਜੀਵ ਦੇ ਆਵਾਗਵਨ ਨੂੰ ਭੀ ਮੰਨਦਾ ਹੁੰਦਾ ਸੀ ਅਰ ਉਸਦੇ ਬਹੁਤ ਸਾਰੇ ਚੇਲੇ ਬਣ ਗਏ ਸਨ ਅਤੇ ਇਤਿਹਾਸ ਵਿੱਚ ਉਹ ਬਹੁਤ ਹੀ ਪ੍ਰਸਿੱਧ ਪੁਰਸ਼ ਹੋ ਚੁਕਿਆ ਹੈ, ਪਰ ਉਸ ਨੇ ਇੱਕ ਸਤਰ ਭੀ ਆਪਣੇ ਹੱਥੀਂ ਲਿਖਕੇ ਪਿੱਛੇ ਨਾ ਛੱਡੀ, ਜਿਸ ਕਰਕੇ ਅਸੀਂ ਭੀ ਜਾਣ ਲੈਂਦੇ ਕਿ ਇਹ ਉਸ ਦੇ ਨਿਯਮ ਸਨ। ਇਸ ਸੰਸਾਰ ਵਿੱਚ ਦੂਸਰਾ ਵੱਡਾ ਉਸਤਾਦ 'ਸੁਕਰਾਤ' ਸੀ, ਜੋ ਮਸੀਹ ਤੋਂ ਪੰਜ ਸੌ ਵਰ੍ਹਾ ਪਹਿਲੇ ਯੂਨਾਨ ਦੇਸ਼ ਵਿੱਚ ਇੱਕ ਵ਼ੱਡਾ ਧਾਰਮਿਕ ਮਹਾਤਮਾ ਪ੍ਰਸਿੱਧ ਹੋਇਆ ਸੀ। ਉਹ ਆਖਦਾ ਸੀ, ਮੇਰੇ ਅੰਦਰ ਪ੍ਰਮਾਤਮਾ ਦੀ ਅਕਾਸ਼ਬਾਣੀ ਉਤਰਦੀ ਹੈ ਜੋ ਮੈਨੂੰ ਚੰਗੇ ਕਰਮਾਂ ਵੱਲ ਪ੍ਰੇਰਦੀ ਹੈ ਤੇ ਮੰਦੇ ਕਰਮਾਂ ਤੋਂ ਹਟਾਉਂਦੀ ਹੈ। ਪਰ, ਉਹ ਭੀ ਆਪਣੇ ਪਿੱਛੋਂ ਕੋਈ ਵਾਕ ਅਜੇਹਾ ਲਿਖ ਕੇ ਨਾ ਛੱਡ ਗਿਆ; ਜਿਸ ਤੋਂ ਉਸ ਦਾ ਆਸ਼ਯ ਅਰ ਉਸ ਦੇ ਧਰਮ ਨਿਯਮਾਂ ਦੀ ਸ੍ਰਿਮਤੀ ਬਣੀ ਰਹਿੰਦੀ। ਜੁ ਕੁਛ ਉਸ ਦੀ ਸਿੱਖਯਾ ਪ੍ਰਗਟ ਹੈ, ਉਹ ਵੀ ਉਸਦੇ ਚੇਲੇ 'ਅਫਲਾਤੂਨ' ਦੀ ਰਾਹੀਂ ਹੀ ਪ੍ਰਸਿੱਧ ਹੋਈ ਹੈ। ਉਪ੍ਰੰਤ, ਇਸ ਭਾਰਤ ਵਰਸ਼ ਵਿੱਚ ਵੱਡਾ ਧਾਰਮਿਕ ਗੁਰੂ 'ਬੁੱਧ' ਹੋਇਆ ਸੀ। ਉਸ ਨੇ ਭੀ ਆਪਣੇ ਹੱਥੀਂ ਕਦੇ ਕੋਈ ਸਤਰ ਨਹੀਂ ਲਿਖੀ ਸੀ। ਫੇਰ ਇਸ ਦੇ ਪਿੱਛੋਂ ਬੜਾ ਪ੍ਰਸਿੱਧ ਧਾਰਮਿਕ ਗੁਰੂ 'ਮਸੀਹਾ' ਹੋਇਆ ਸੀ, ਉਸਨੇ ਭੀ ਕੋਈ ਇੱਕ ਅੱਖ਼ਰ ਸਾਰਖਾ ਨਹੀਂ ਲਿਖਿਆ ਸੀ। ਇਸ ਦੀਆਂ ਸਿੱਖਿਆ ਭੀ 'ਅੰਜੀਲ' ਨਾਮੇ ਪੋਥੀ ਦਵਾਰਾ ਹੀ ਪ੍ਰਸਿੱਧ ਹੋਈਆਂ ਹਨ। ਜੋ ਮੂਲ ਰੂਪ ਵਿੱਚ 'ਹਿਬਰੂ' ਭਾਸ਼ਾ ਵਿੱਚ ਹੈ, ਜਿਸਦਾ ਸਵਾਰਿਆ ਰੂਪ 'ਅੰਗਰੇਜ਼ੀ' ਵਿੱਚ ਮਿਲਦਾ ਹੈ। **ਪ੍ਰੰਤੂ, ਸਿੱਖਾਂ ਦੇ ਧਾਰਮਿਕ ਗੁਰੂ ਇਨ੍ਹਾਂ ਸਭਨਾਂ ਤੋਂ ਵਿਲੱਖਣ ਹੋਏ ਹਨ, ਕਿਉਂ ਜੋ ਉਨ੍ਹਾਂ ਨੇ ਆਪਣੇ ਧਰਮ ਦੇ ਨਿਯਮਾਂ ਨੂੰ ਆਪ ਲਿਖਿਆ ਤੇ 'ਸੱਤਯ ਉਪਦੇਸ਼ਾਂ' ਦਾ ਸੰਗ੍ਰਹਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਆਪ ਵਾਸਤੇ ਰਚ ਗਏ। ਇਸ ਗੱਲ ਵਿੱਚ ਸਿੱਖਾਂ ਦਾ ਮੱਤ ਸਭ ਤੋਂ ਵਧਕੇ ਹੈ......।''**

ਮੈਕਾਲਿਫ਼ ਸਾਹਿਬ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸਮਾਪਤੀ ਬਾਬਤ ਆਪਣੀ ਰਚਨਾ-'*ਹਿਸਟਰੀ ਆਫ਼ ਸਿੱਖਜ਼' ਵਿੱਚ ਇਸ ਤਰ੍ਹਾਂ ਲਿਖਿਆ ਹੈ :-

''ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਾਰੀ ਚੜ੍ਹਾਉਣ ਵਾਲੀ ਬਾਣੀ ਦਾ ਫੈਸਲਾ ਕਰ ਲਿਆ ਗਿਆ ਤਾਂ ਗੁਰੂ ਜੀ ਆਪਣੇ ਤੰਬੂ ਵਿੱਚ ਬੈਠ ਗਏ ਅਤੇ ਭਾਈ ਗੁਰਦਾਸ ਜੀ ਪਾਸੋਂ ਬਾਣੀ ਲਿਖਵਾਈ। ਬਹੁਤ ਸਮਾਂ ਅਤੇ ਮਿਹਨਤ ਪਿੱਛੋਂ, ਭਾਦਰੋਂ ਸੁਦੀ ਪਹਿਲੀ, ਸੰਮਤ ੧੬੬੧ ਬਿਕ੍ਰਮੀ ਮੁਤਾਬਿਕ ੧੬੦੪ ਈਃ ਨੂੰ ਬੀੜ ਸੰਪੂਰਨ ਹੋਈ। ਗੁਰੂ ਜੀ ਨੇ ਅੰਤ ਵਿੱਚ ਮੁੰਦਾਵਣੀ ਦੀ ਮੋਹਰ ਲਾਈ। ਇਸ ਦੇ ਪਿੱਛੋਂ, ਗੁਰੂ ਜੀ ਨੇ ਆਪਣੀ ਨਿਮਰਤਾ ਪ੍ਰਗਟ ਕਰਦੇ ਹੋਇਆਂ, 'ਤੇਰਾ ਕੀਤਾ ਜਾਤੋ ਨਾਹੀ' ਤੋਂ 'ਤਨੁ ਮਨੁ ਥੀਵੈ



www.AKJ.Org

ਹਰਿਆ', ਵਾਲਾ ਸਲੋਕ ਰਚਿਆ।

'ਰਾਗਮਾਲਾ' ਦਾ ਜ਼ਿਕਰ ਕਰਦੇ ਹੋਏ ਮੈਕਾਲਿਫ਼ ਸਾਹਿਬ ਇਉਂ ਲਿਖਦੇ ਹਨ, ਕਿ ਇੱਕ 'ਆਲਮ' ਨਾਮੇ ਮੁਸਲਮਾਨ ਕਵੀ ਨੇ ੯੯੧ ਹਿਜਰੀ ਮੁਤਾਬਕ ੧੫੮੩ ਈ: ਵਿੱਚ 'ਮਾਧਵਾ ਨਲ ਸੰਗੀਤ' ਨਾਮੇ ਪੁਸਤਕ ੩੫੩ ਛੰਦਾਂ ਦੀ ਲਿਖੀ ਜਿਸ ਦਾ ਆਮ ਤੌਰ ਤੇ ਹਰ ਇੱਕ ਛੰਦ ਚਾਰ ਤੋਂ ਛੇ ਸਤਰਾਂ ਦਾ ਹੈ। ਇਸ ਪੁਸਤਕ ਵਿੱਚ 'ਮਾਧਵਾਨਲ' ਅਤੇ ਇੱਕ ਇਸਤਰੀ 'ਕਾਮਕੰਦਲਾ' ਦੇ ਪਿਆਰ ਦਾ ਸਮਾਚਾਰ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਅੰਤ ਵਿੱਚ ਰਾਗਮਾਲਾ ਲਿਖੀ ਹੋਈ ਹੈ ਜੋ ਰਾਗਾਂ-ਰਾਗਨੀਆਂ ਤੇ ਉਨ੍ਹਾਂ ਦੀਆਂ ਅੱਗੋਂ ਹੋਰ ਵੰਡਾਂ ਦੀ ਸੂਚੀ ਦਿੱਤੀ ਹੋਈ ਹੈ। ਇਹ 'ਰਾਗਮਾਲਾ' ਆਲਮ ਦੀ ਲਿਖੀ ਏਸੇ ਪੁਸਤਕ ਦਾ ਇੱਕ ਹਿੱਸਾ ਹੈ, ਜੋ ਉਸਦੇ ੬੩ਵੇਂ ਛੰਦ ਤੋਂ ਲੈ ਕੇ ੭੨ਵੇਂ ਛੰਦ ਤੱਕ ਹੈ। ਇਹ ਸਮਝ ਨਹੀਂ ਆਉਂਦੀ ਕਿ ਇਹ (ਰਾਗਮਾਲਾ) ਪਵਿੱਤਰ ਬੀੜ ਵਿੱਚ ਕਿਵੇਂ ਚੜ੍ਹਾਈ ਗਈ ? 'ਰਾਗਮਾਲਾ' ਵਿੱਚ ਲਿਖੇ ਰਾਗ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚਲੇ ਰਾਗਾਂ ਨਾਲ ਨਹੀਂ ਮਿਲਦੇ।"

ਮੈਕਾਲਿਫ਼ ਸਾਹਿਬ ਨੇ - 'ਮੁੰਦਾਵਣੀ ਅਤੇ ਰਾਗਮਾਲਾ' ਦੇ ਜੋ ਅਰਥ-ਭਾਵ ਦੱਸੇ ਹਨ ਉਨ੍ਹਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਰੂਪ ਵਿੱਚ ਰਚਣਹਾਰਿਆਂ ਵੱਲੋਂ ਪੂਰੀ ੨ ਸੰਭਾਲ ਹੇਠਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਮਾਨਵਤਾ ਦਾ ਮਾਰਗ ਦਰਸਨ ਕੀਤਾ। ਇਹ ਸੱਚਮੁੱਚ ਹੀ ਇਸ ਦੁਨੀਆਂ ਵਿੱਚ ਇੱਕ ਅਲੌਕਿਕ ਸੁਖ ਤੇ ਖੁਸ਼ੀ ਮਾਨਣ ਦਾ ਸੁਭਾਗ ਹੈ ਜੋ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਜਗਿਆਸੂਆਂ (ਸਿੱਖਾਂ) ਨੂੰ ਪ੍ਰਾਪਤ ਹੋਇਆ। ਜਿਵੇਂ, ਅਸੀਂ ਉੱਪਰ ਚਰਚਾ ਕਰ ਆਏ ਹਾਂ ਕਿ ਜਿਨ੍ਹਾਂ ਗ੍ਰੰਥਾਂ ਦੀ ਸੰਭਾਲ ਨਾ ਹੋਈ, ਉਨ੍ਹਾਂ ਵਿੱਚ ਲੋਕਾਂ ਨੇ ਕੱਚੀਆਂ (ਦੂਸ਼ਤ) ਲਿਖਤਾਂ ਪਾ ਕੇ ਗ੍ਰੰਥਾਂ ਦੀ ਮੂਲ ਪ੍ਰਮਾਣਿਕਤਾ ਕਿਵੇਂ ਤੋੜੀ। ਉਸਨੂੰ ਮੁੱਖ ਰੱਖ ਕੇ ਇੱਕ ਅਜਿਹੀ ਕਰੜੀ ਹਦਾਇਤ 'ਸਿੱਖਾਂ ਦੀ ਭਗਤਮਾਲਾ' ਗ੍ਰੰਥ ਵਿੱਚ ਭਾਈ ਮਨੀ ਸਿੰਘ ਜੀ ਵੱਲੋਂ ਲਿਖੇ ਜਾਣ ਦੀ ਸੂਚਨਾ ਤੋਂ ਪ੍ਰਗਟ ਹੁੰਦੀ ਹੈ। ਭਾਵੇਂ, ਉਹ ਹਦਾਇਤ ਸਿੱਖਾਂ ਦੀਆਂ ਗੋਸ਼ਟਾਂ ਬਾਰੇ ਹੀ ਸੀ। ਸਿੱਖੀ ਖੋਜ ਮੰਡਲ ਵਿੱਚ ਵੀ ਉਸ ਵੇਲੇ ਇਹ ਸੋਚ ਕੰਮ ਕਰਦੀ ਸੀ ਕਿ ਘਟੀਆ ਮੇਲ ਦੇ ਲੋਕ ਆਪਣੀਆਂ ਕਰਤੂਤਾਂ ਰਾਹੀਂ ਸਿੱਖੀ ਉੱਤੇ ਹਮਲੇ ਕਰਦੇ ਅਤੇ ਗੁਰੂ ਸਾਹਿਬਾਨ ਦੀ ਬਾਣੀ, ਸ਼ਾਨ ਤੇ ਜਸ ਨੂੰ ਵਿਗਾੜਨ ਵਿੱਚ ਲੱਗੇ ਰਹਿੰਦੇ ਸਨ।

'ਸਿੱਖਾਂ ਦੀ ਭਗਤਮਾਲਾ' ਗ੍ਰੰਥ ਦੀਆਂ ਕੁੱਝ ਲਿਖਤੀ ਪੋਥੀਆਂ ਪਟਿਆਲੇ, 'ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ' ਤੇ ਪੁਰਾਣੀਆਂ ਲਿਖਤਾਂ ਦੀ ਸੇਵਾ ਸੰਭਾਲ ਰੱਖਣ ਵਾਲੇ ਸੱਜਣਾਂ ਕੋਲੋਂ ਮਿਲਦੀਆਂ ਹਨ।

ਇਸ ਗ੍ਰੰਥ ਦੀ ਪ੍ਰਾਚੀਨਤਾ ਦਾ ਪ੍ਰਮਾਣ ਇਨ੍ਹਾਂ ਸਾਖ਼ੀਆਂ ਵਿੱਚ ਆਈ ਇੱਕ ਸੂਚਨਾ ਤੋਂ ਮਿਲਦਾ ਹੈ। ਜਿਸ ਵਿੱਚ ਦੱਸਿਆ ਗਿਆ ਹੈ ਕਿ ਇਹ ਗੋਸ਼ਟਾਂ ਅਤੇ ਇਸ



www.AKJ.Org

ਨਾਲ ਕੁੱਝ ਹੋਰ ਗ੍ਰੰਥ ਆਦਿ ਵੀ 'ਊਨੇ ਸਾਹਿਬ' ਵਾਲੇ 'ਬਾਬਾ ਕਲਾਧਾਰੀ ਜੀ' ਲਈ ਲਿਖੇ ਗਏ ਸਨ। ਸਿੱਖ ਇਤਿਹਾਸ ਦੇ ਜਾਣੂ ਜਾਣਦੇ ਹਨ ਕਿ ਬਾਬਾ ਕਲਾਧਾਰੀ ਜੀ ਗੁਰੂ ਨਾਨਕ ਦੇਵ ਜੀ ਦੀ ਵੰਸ਼ ਦੇ ਰਤਨ ਸਨ। ਬਾਬਾ ਕਲਾਧਾਰੀ ਜੀ ਦੇ, ਗੁਰੂ ਗੋਬਿੰਦ ਸਿੰਘ ਜੀ ਨੂੰ ਸਮੇਂ-ਸਮੇਂ ਮਿਲਣ ਦੇ ਪ੍ਰਸੰਗ ਪ੍ਰਸਿੱਧ ਹਨ, ਜਿਸ ਤੋਂ ਉਹਨਾਂ ਦਾ ਸਮਕਾਲੀ ਹੋਣਾ ਸਿੱਧ ਹੁੰਦਾ ਹੈ।

ਇਸ ਪੋਥੀ ਦੇ ਲਿਖੇ ਜਾਣ ਪਿੱਛੋਂ ਸੁਚੇਤ ਬੁੱਧੀ ਸਿੱਖਾਂ ਨੇ ਭਾਈ ਮਨੀ ਸਿੰਘ ਜੀ ਨੂੰ ਜਾਕੇ ਬੇਨਤੀ ਕੀਤੀ - ਭਾਈ ਸਾਹਿਬ ਜੀ ਇਹ ਗੋਸ਼ਟਾਂ ਆਪ ਜੀ ਨੇ ਲਿਖੀਆਂ ਹਨ, ਡਰ ਹੈ ਇਨ੍ਹਾਂ ਵਿੱਚ ਕੋਈ ਛੋਟੇ ਮੇਲ ਦੇ ਬੰਦੇ ਵਾਧ-ਘਾਟ ਨਾ ਕਰ ਦੇਣ, ਜਿਵੇਂ ਪਹਿਲਾਂ ਗੁਰੂ ਘਰ ਦੇ ਦੋਖੀ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਬਾਰੇ ਲਿਖਿਆ ਹੈ, - "ਬਾਬੇ ਨੇ ਰੰਘੜੀ ਨਾਲ ਵਿਆਹ ਕੀਤਾ" - ਅਤੇ 'ਸ੍ਰੀ ਗੁਰੂ ਨਾਨਕ ਦੇਵ ਜੀ, ਜਨਕ ਰਾਜੇ ਦੇ ਸਿੱਖ ਸਨ।" ਇਹੋ ਜਿਹੀਆਂ ਦੂਸ਼ਿਤ ਗੱਲਾਂ ਇਹਨਾਂ ਗੋਸ਼ਟਾਂ ਵਿੱਚ ਪਾਈਆਂ ਹਨ, ਇਸ ਲਈ ਅੰਤ ਵਿੱਚ 'ਮੁੰਦਾਵਣੀ' ਲਿਖ ਦਿਓ।

ਇਹ ਗੁਰੂ ਕਾਲ ਦੇ ਸਮੇਂ ਦੀ ਹੀ ਸਿੱਖ ਸੰਸਾਰ ਵਿੱਚ ਪ੍ਰਚੱਲਤ ਪ੍ਰਥਾ ਪ੍ਰਮਾਣਿਤ ਕਰਦੀ ਹੈ ਕਿ ਉਸ ਸਮੇਂ ਸਿੱਖ ਵਿਸ਼ੇਸ਼ ਤੌਰ ਤੇ ਮੁੰਦਾਵਣੀ ਨੂੰ ਸਮਾਪਤੀ ਦੀ, ਮੁੰਦਣ ਦੀ, ਅਤੇ ਭਾਈ ਬੰਨੋ ਪ੍ਰਕਾਸ਼ ਗ੍ਰੰਥ ਅਨੁਸਾਰ ਜਿੰਦਾ ਲਾਉਣਾ ਸਮਝਦੇ ਰਹੇ ਹਨ। (ਜੋ ਸੱਜਣ ਮੁੰਦਾਵਣੀ ਦਾ ਅਰਥ ਪਿੱਛੋਂ ਆ ਕੇ ਆਪਣੇ ਬਜ਼ੁਰਗਾਂ ਤੇ ਆਪਣੇ ਕੀਤੇ ਅਰਥਾਂ ਦਾ ਵਿਰੋਧ ਕਰਦੇ ਹੋਏ ਹੋਰ ਭਾਵ ਕੱਢਣ ਲੱਗੇ, ਉਨ੍ਹਾਂ ਨੂੰ ਸਿੱਖਿਆ ਦੇਣ ਲਈ ਇਸ ਤੋਂ ਵੱਧ 'ਬੱਜਰ' ਰੂਪ ਪ੍ਰਮਾਣ ਹੋਰ ਨਹੀਂ ਮਿਲ ਸਕਦਾ।)

'ਮੁੰਦਾਵਣੀ' ਦੇ ਇਨ੍ਹਾਂ ਅਰਥਾਂ ਨੂੰ ਹੀ ਸਾਹਮਣੇ ਰੱਖਦਿਆਂ ਹੋਇਆਂ ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ' ਗ੍ਰੰਥ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਰਚਨਾ ਸਬੰਧੀ ਲਿਖਦਿਆਂ, ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਬਾਰੇ ਉਹੋ ਮਨੋ-ਬਿਰਤੀ ਵਰਤੀ ਹੈ ਜਿਸ ਬਾਰੇ ਭਾਈ ਮਨੀ ਸਿੰਘ ਜੀ ਨੂੰ ਸਿੱਖਾਂ ਨੇ ਚੇਤਨ ਕਰਨ ਲਈ ਬੇਨਤੀ ਕੀਤੀ ਸੀ। ਭਾਈ ਸੰਤੋਖ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਬੜੇ ਸੁੰਦਰ ਢੰਗ ਨਾਲ ਕਰਨ ਦੀ ਉਹ ਰੀਤ ਦੱਸੀ ਹੈ ਜੋ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਦੀ ਭਗਤਮਾਲਾ ਵਿੱਚ ਲਿਖੀ ਹੋਈ ਹੈ :-

ਲਿਖੇ ਸਮਸਤ ਸਵੈਯੇ ਸੋਊ ਸ੍ਰੀ ਗ੍ਰਿੰਥ ਸਾਹਿਬ ਕੇ ਮਾਹਿ॥
ਅੰਤ ਸਰਬ ਕੇ ਲਿਖ ਮੁੰਦਾਵਣੀ ਮੁਦ੍ਰਤ ਮੋਹਰ ਲਗੀ ਜਨਵਾਹਿ॥
ਭੋਗ ਸਗਲ ਬਾਣੀ ਕਾ ਪਾਇਓ ਮਹਿਮਾ ਜਿਸ ਕੀ ਲਖੀ ਨ ਜਾਹਿ॥
ਭਵਜਲ ਭੈਰਵ ਕੋ ਜਹਾਜ ਬਢ ਪ੍ਰਭ ਕ੍ਰਿਪਾ ਤੇ ਪਾਰ ਪਰਾਹਿ॥
ਇਸੇ ਪ੍ਰਸੰਗ ਵਿੱਚ ਅੱਗੇ ਲਿਖਿਆ ਹੈ :-
ਰਾਗਮਾਲ ਸ੍ਰੀ ਗੁਰ ਕੀ ਕ੍ਰਿਤ ਨਹਿ, ਹੈ ਮੁੰਦਾਵਣੀ ਲਗਿ ਗੁਰ ਬੈਨ॥


www.AKJ.Org

ਇਸ ਮਹਿ ਨਹਿ ਸੰਸੈ ਕੁਛ ਕਰੀਅਹਿ ਜੇ ਸੰਸੈ ਅਵਿ ਲੋਕਹੁ ਨੈਨ॥
ਮਾਧਵ ਨਲ ਆਲਮ ਕਵਿ ਕੀਨਸ ਤਿਸ ਮੈਂ ਨ੍ਰਿਤਕਾਰੀ ਕਹਿ ਤੈਨ॥
ਰਾਗ ਰਾਗਨੀ ਨਾਮ ਗਿਨੇ ਤਹਿ, ਯਾਤੇ ਸ੍ਰੀ ਅਰਜਨ ਕ੍ਰਿਤ ਹੈ ਨ॥

'ਗੁਰ ਬਿਲਾਸ ਪਾਤਸ਼ਾਹੀ ੬ਵੀਂ' ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਵੀ ਇਸੇ ਭਾਂਤ ਦੱਸੀ ਹੈ :-

ਵਾਰ ਵਧੀਕ ਸਲੋਕ ਲਿਖਿ ਮੁੰਦਾਵਣੀ ਔਰ ਲਿਖਾਇ।
ਤਤਕਰਾ ਲਿਖ ਗ੍ਰੰਥ ਕਾ ਭੋਗ ਗ੍ਰੰਥ ਜੀ ਪਾਇ॥

ਇਸੇ ਰੀਤ ਨੂੰ ਪਾਲਦਿਆਂ ਹੋਇਆਂ ਪੰਡਤ ਤਾਰਾ ਸਿੰਘ ਜੀ ਨਰੋਤਮ (ਸ੍ਰੀ ਮਹੰਤ ਨਿਰਮਲ ਅਖਾੜਾ) ਨੇ ਵੀ ਆਪਣੇ ਗ੍ਰੰਥ - 'ਗੁਰਮਤਿ ਨਿਰਣੈ', 'ਗੁਰਗਿਰਾਰਥ ਕੋਸ਼', 'ਜਪੁਜੀ ਪ੍ਰਦੀਪਕਾ' ਵਿੱਚ ਤਿੰਨਾਂ ਥਾਂਵਾਂ ਉੱਤੇ ਮੁੰਦਾਵਣੀ ਨੂੰ ਸਮਾਪਤੀ ਦੀ ਬਾਣੀ ਤੇ ਰਾਗਮਾਲਾ ਨੂੰ 'ਆਲਮ' ਦੀ ਰਚਨਾ ਦੱਸਿਆ। ਇਸ ਪਿੱਛੋਂ, -'ਤਵਾਰੀਖ਼ ਗੁਰੂ ਖਾਲਸਾ' - ਗਿਆਨੀ ਗਿਆਨ ਸਿੰਘ, - ਗਿ: ਅਵਤਾਰ ਸਿੰਘ ਵਹੀਰੀਆ ਨੇ ਇਹੋ ਅਰਥ ਕੀਤੇ ਹਨ ਤੇ ਇਹ ਅਰਥ ਸੰਤ ਚੰਦਾ ਸਿੰਘ ਜੀ ਤੋਂ ਲੈ ਕੇ, ਉਨ੍ਹਾਂ ਦੇ ਸ਼ਿਸ਼ ਪੰਡਤ ਹਜ਼ਾਰਾ ਸਿੰਘ, ਡਾ: ਚਰਨ ਸਿੰਘ ਜੀ, ਭਾਈ ਵੀਰ ਸਿੰਘ ਜੀ ਨੇ (ਸਮੇਤ ਸਾਰੇ ਚੀਫ਼ ਖਾਲਸਾ ਦੀਵਾਨ) ੧੯੧੭ ਈ: ਤੱਕ 'ਮੁੰਦਾਵਣੀ' ਨੂੰ ਮੋਂਦਾ, ਮੁੰਦਣ ਅਰਥਾਤ ਗ੍ਰੰਥ ਸਮਾਪਤੀ ਦਾ ਅਧਾਰ ਮੰਨਿਆ ਅਤੇ ਆਪਣੇ ਟੀਕਿਆਂ ਤੇ ਕੋਸ਼ਾਂ ਵਿੱਚ ਇਹੋ ਲਿਖਿਆ ਹੈ, ਜਿਸ ਦਾ ਵੇਰਵਾ ਪੁਸਤਕ ਦੇ 'ਮੁੰਦਾਵਣੀ' ਭਾਗ ਵਿੱਚ ਪੜ੍ਹਿਆ ਜਾ ਸਕਦਾ ਹੈ।

ਇਸ ਲਈ ਨਿਸਚੇ ਹੀ ਮੁੰਦਾਵਣੀ ਦਾ ਅਰਥ ਜਿਵੇਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਆਉਂਦਾ ਹੈ :- 'ਮੋਹਣ ਮੁੰਦਣ ਪਈ' - ਅਤੇ ਅਖ਼ੀਰ ਵਿੱਚ 'ਮ' ਅੱਖਰ ਤੇ ਟਿੱਪੀ ਲਗਾ ਕੇ ਮੁੰਦਾਵਣੀ ਮਹਲਾ ੫॥ ਲਿਖਿਆ ਹੈ। [1] 'ਸੋਰਠਿ ਰਾਗ ਦੀ ਵਾਰ ਦੇ ਅੱਠਵੀਂ ਪਉੜੀ ਦੇ ਇੱਕ ਸਲੋਕ ਵਿੱਚ - ਮੁੰਦਾਵਣੀ' - ਸ਼ਬਦ ਟਿੱਪੀ ਰਹਿਤ 'ਮੁਦਾਵਣੀ' ਹੈ, ਜਿਸਦਾ ਅਰਥ-ਪ੍ਰਸੰਨਤਾ ਜਾਂ ਬੁਝਾਰਤ ਹੈ।

ਮੈਕਾਲਿਫ਼ ਸਾਹਿਬ ਦੇ ਕਥਨ ਅਨੁਸਾਰ, ਆਲਮ ਰਚਿਤ - 'ਮਾਧਵਾਨਲ-ਕਾਮਕੰਦਲਾ' - ਦਾ ਇੱਕ ਭਾਗ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਅੰਤ ਵਿੱਚ ਦਰਜ ਹੈ। ਇਸ ਨੂੰ ਹੀ 'ਰਾਗਮਾਲਾ' ਸਿਰਲੇਖ ਨਾਲ ਲਿਖਿਆ ਹੋਇਆ ਹੈ, ਪਰ ਇਹ 'ਰਾਗਮਾਲਾ' ਹੈ ਵੀ ਕਿ ਨਹੀਂ, ਇਹ ਵਿਚਾਰ ਅੱਗੇ ਹੋਵੇਗੀ। ਪਹਿਲਾਂ, ਇਹ ਗੱਲ ਜਾਨਣੀ ਜ਼ਰੂਰੀ ਹੈ ਕਿ ਇਹ ਅਖੌਤੀ ਰਾਗਮਾਲਾ, 'ਮਾਧਵਾਨਲ ਕਾਮਕੰਦਲਾ' ਦੇ ਪ੍ਰੇਮ ਕਿੱਸੇ ਦਾ ਇੱਕ ਹਿੱਸਾ ਹੈ, ਜਿਸ ਦਾ ਪ੍ਰਸੰਗ (ਅੱਗੇ ਤੋਂ ਪਿੱਛੋਂ) ਇੱਕ ਲੜੀ ਵਿੱਚ ਪਰੋਇਆ ਹੋਇਆ ਹੈ। ਇਹ (ਅਖੌਤੀ) ਰਾਗਮਾਲਾ ਕੋਈ ਸੁਤੰਤਰ ਰਚਨਾ ਨਹੀਂ ਹੈ। ਇਸ ਬਾਰੇ

*ਫੁੱਟ ਨੋਟ: ੧. ਟਿੱਪੀ ਤੋਂ ਬਿਨਾ ਮੁਦਣ ਲਫਜ਼ ਦਾ ਅਰਥ ਬਦਲ ਜਾਂਦਾ ਹੈ।*



www.AKJ.Org

ਖੋਜ ਹੁਣ ਅਧੂਰੀ ਨਹੀਂ ਰਹੀ। ਹਿੰਦੀ ਦੇ ਵਿਦਵਾਨ ਮਾਧਵਾਨਲ ਕਾਮਕੰਦਲਾ ਤੇ ਅਜਿਹੀਆਂ ਹੋਰ ਪ੍ਰੇਮ-ਗਾਥਾਵਾਂ ਉੱਤੇ ਪੀ. ਐਚ. ਡੀ. ਦੇ ਥੀਸਿਜ਼ ਲਿਖ ਚੁੱਕੇ ਹਨ। ਪੂਰੀ ਘੋਖ ਪੜਤਾਲ ਉਪਰੰਤ, ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਅਕਬਰ ਬਾਦਸ਼ਾਹ ਦਾ ਸਮਕਾਲੀ ਆਲਮ ਹੀ – 'ਮਾਧਵਾਨਲ ਕਾਮਕੰਦਲਾ' – ਦਾ ਕਰਤਾ ਸੀ ਅਤੇ ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਆਦਿ ਬੀੜ) ਦੀ ਸੰਪਾਦਨਾ ਵੇਲੇ ਸੰਸਾਰ ਨੂੰ ਅਲਵਿਦਾ ਕਹਿ ਚੁੱਕਾ ਸੀ।

ਹਿੰਦੀ ਦਾ ਇਨਸਾਈਕਲੋਪੀਡੀਆ ਜੋ "ਹਿੰਦੀ ਸਾਹਿੱਤ ਅਕੈਡਮੀ, ਦਿੱਲੀ" ਨੇ ਤਿਆਰ ਕਰਵਾਇਆ, ਉਹ ਹੁਣ ਤੱਕ ਦੀ ਸਾਰੀ ਖੋਜ ਦਾ ਤੱਤ ਹੈ। ਇਸ ਇਨਸਾਈਕਲੋਪੀਡੀਆ ਅਨੁਸਾਰ, ਆਲਮ ਅਕਬਰ ਦੇ ਸਮੇਂ ਹੋਇਆ ਅਤੇ ਸੰਮਤ ੧੬੪੦ ਬਿ: ਤੱਕ ਜਿਉਂਦਾ ਰਿਹਾ। ਵਰਤਮਾਨ ਸਭਨਾਂ ਵਿਦਵਾਨਾਂ ਨੇ ਵੀ ਇਸੇ ਗੱਲ ਨਾਲ ਸਹਿਮਤੀ ਪ੍ਰਗਟਾਈ ਹੈ, ਜਿਸ ਦੇ ਹਵਾਲੇ ਅੱਗੇ ਚੱਲ ਕੇ ਦਿੱਤੇ ਗਏ ਹਨ। ਵਿਦਵਾਨ ਇਹ ਗੱਲ ਵੀ ਮੰਨਦੇ ਹਨ ਕਿ ਆਲਮ ਨੇ ਰਾਜਾ ਟੋਡਰ ਮੱਲ ਤੇ ਅਕਬਰ ਨੂੰ ਲੁਭਾਉਣ ਵਾਸਤੇ ਮਾਧਵਾਨਲ ਕਾਮਕੰਦਲਾ ਦੀ ਰਚਨਾ ਕੀਤੀ ਇਸ ਵਿਸ਼ੇ ਤੇ ੨੦-੨੫ ਵਿਦਵਾਨਾਂ ਦੀ ਪਿਛਲੇ ਸੌ ਸਾਲਾਂ ਦੀ ਕਠਿਨ ਘਾਲਣਾ ਨੇ ਇਹ ਤੱਤ ਕੱਢ ਕੇ ਸਾਡੇ ਸਾਹਮਣੇ ਪੇਸ਼ ਕੀਤਾ ਹੈ ਕਿ ਰਾਗਮਾਲਾ, ਮਾਧਵਾਨਲ ਕਾਮਕੰਦਲਾ ਦਾ ਹੀ ਇੱਕ ਭਾਗ ਹੈ।

'ਗੁਰਪ੍ਰਤਾਪ ਸੂਰਜ' ਗ੍ਰੰਥ ਦੀ ਸੰਪਾਦਨਾ ਕਰਨ ਵੇਲੇ ਭਾਈ ਵੀਰ ਸਿੰਘ ਜੀ ਨੂੰ ਸ਼ਿਕਾਇਤ ਸੀ ਕਿ ਕਵੀਰਾਜ ਸੰਤੋਖ ਸਿੰਘ ਜੀ ਨੇ 'ਆਲਮ' ਬਾਰੇ ਪੂਰੀ ਖੋਜ ਨਹੀਂ ਕੀਤੀ। ਪ੍ਰੰਤੂ, ਹੁਣ ਸਾਨੂੰ ਸ਼ਿਕਾਇਤ ਹੈ ਕਿ ਭਾਈ ਵੀਰ ਸਿੰਘ ਜੀ ਨੇ ਬਿਨਾਂ ਕਿਸੇ ਖੋਜ ਦੇ, ਇੱਕ ਵਾਧੂ ਦੀ ਊਜ ਕਵੀਰਾਜ ਚੂੜਾਮਣਿ ਜੀ ਦੇ ਮੱਥੇ ਮੜ੍ਹ ਦਿੱਤੀ ਹੈ। ਭਾਈ ਵੀਰ ਸਿੰਘ ਜੀ 'ਗੁਰਪ੍ਰਤਾਪ ਸੂਰਜ' ਗ੍ਰੰਥ ਦੇ ਟੀਕਾਕਾਰ ਸਨ। ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਮੂਲ ਲੇਖਕ ਨਾਲੋਂ ਟੀਕਾਕਾਰ ਦੀ ਹਸਤੀ ਵੱਡੀ ਨਹੀਂ ਹੁੰਦੀ। ਸੁਆਦਲੀ ਗੱਲ ਇਹ ਹੈ ਕਿ ਭਾਈ ਵੀਰ ਸਿੰਘ ਜੀ ਪਹਿਲਾਂ ਤਾਂ ਭਾਈ ਸੰਤੋਖ ਸਿੰਘ ਜੀ ਨਾਲ ਏਨੇ ਸਹਿਮਤ ਸਨ ਤੇ ਰਾਗਮਾਲਾ ਦੇ ਸੰਬੰਧੀ ਪ੍ਰਸ਼ਨਾ ਦੇ ਉਤਰਾਂ ਵਿੱਚ ਭਾਈ ਸੰਤੋਖ ਸਿੰਘ ਜੀ ਦੀ ਰਚਨਾ ਦੇ ਹਵਾਲੇ ਦਿੰਦੇ ਰਹੇ, ਪਰ ਫਿਰ ੧੯੧੭ ਵਿੱਚ ਉਹਨਾਂ ਨੇ ਪੈਂਤੜਾ ਬਦਲ ਲਿਆ ਅਤੇ –'ਰਾਗਮਾਲਾ ਗੁਰਬਾਣੀ ਹੈ' – ਦਾ ਰਾਗ ਅਲਾਪਣ ਲੱਗ ਪਏ। ਭਾਈ ਸਾਹਿਬ ਜੀ ਦੀ ਇਸ ਨੀਤੀ ਨੂੰ ਸਮੁੱਚੇ ਪੰਥ ਨੇ ਸ਼ੰਕਾ ਪੂਰਣ ਦ੍ਰਿਸ਼ਟੀ ਨਾਲ ਦੇਖਿਆ ਅਤੇ ਅਸ਼ਰਧਾ ਪ੍ਰਗਟਾਈ।

ਭਾਈ ਵੀਰ ਸਿੰਘ ਜੀ ਦੀਆਂ ਜਿੰਨੀਆਂ ਵੀ ਰਾਗਮਾਲਾ ਬਾਰੇ ਟਿੱਪਣੀਆਂ ਪਹਿਲਾਂ ਛਪੀਆਂ, ਉਹਨਾਂ ਨੂੰ ਸਿੱਖ ਸੰਗਤਾਂ ਵੱਲੋਂ ਮੰਨਿਆ ਜਾਂਦਾ ਰਿਹਾ, ਕਿਉਂਕਿ ਉਹ ਮੰਨਣਯੋਗ ਸਨ। ੧੯੧੭ ਵਿੱਚ ਭਾਈ ਵੀਰ ਸਿੰਘ ਜੀ ਨੇ ਜੋ ਕਰਵਟ ਬਦਲੀ,



www.AKJ.Org

ਉਹ – 'ਚੀਫ਼ ਖਾਲਸਾ ਦੀਵਾਨ' – ਦੀ ਕਿਸੇ ਮੀਟਿੰਗ ਅਤੇ ਐਲਾਨ ਤੋਂ ਬਿਨਾਂ ਹੀ ਬਦਲੀ ਸੀ। ਚੀਫ਼ ਖਾਲਸਾ ਦੀਵਾਨ ਇਸ ਰਾਗਮਾਲਾ ਲਹਿਰ ਦਾ ਮੋਢੀ ਸੀ, ਇਸ ਲਈ ਜ਼ਰੂਰੀ ਸੀ ਕਿ ਉਹ ਹੀ ਇਸ ਗੱਲ ਦਾ ਨਿਰਣਾ ਕਰਦਾ।

ਪਹਿਲੇ 'ਚੀਫ਼ ਖਾਲਸਾ ਦੀਵਾਨ ਦਾ ਸਾਰਾ ਪ੍ਰਚਾਰਕ ਦਲ ਇਸ ਗੱਲ ਤੇ ਜੁਟਿਆ ਰਿਹਾ ਕਿ – "ਰਾਗਮਾਲਾ ਗੁਰਬਾਣੀ ਨਹੀਂ।' ਇਸ ਗੱਲ ਨੂੰ ਪਹਿਲਾਂ ਇਕੱਲੇ ਭਾਈ ਵੀਰ ਸਿੰਘ ਹੀ ਨਹੀਂ, ਤਿੰਨ ਪੀੜ੍ਹੀਆਂ ਖ਼ਰਚ ਹੋ ਚੁੱਕੀਆਂ ਸਨ। ਸੰਤ ਚੰਦਾ ਸਿੰਘ, ਪੰਡਤ ਹਜ਼ਾਰਾ ਸਿੰਘ, ਡਾ: ਚਰਨ ਸਿੰਘ ਅਤੇ ਅੱਧੀ ਉਮਰ ਭਾਈ ਵੀਰ ਜੀ ਨੇ 'ਰਾਗਮਾਲਾ' ਨੂੰ ਗੁਰਬਾਣੀ ਨਾ ਮੰਨਣ ਦੇ ਪ੍ਰਚਾਰ ਤੇ ਖਰਚ ਕੀਤੀ। ਆਪ ਜੀ ਦੇ ਭਰਾਤਾ ਡਾ: ਬਲਬੀਰ ਸਿੰਘ ਜੀ ਨੇ ਰਾਗਮਾਲਾ ਮੰਡਨ ਕਰਦੀ ਪੁਸਤਕ – "ਜੋਧ ਕਵੀ ਤੇ ਆਲਮ" – ਲਿਖੀ। ਡਾ: ਬਲਬੀਰ ਸਿੰਘ ਨੇ ਆਲਮ ਬਾਰੇ ਇਹ ਕਹਿ ਕੇ "ਸਿਆਣਪ" ਵਰਤੀ ਹੈ – **"ਅਗਰ ਇਹ ਗੱਲ ਮੰਨ ਲਈ ਜਾਵੇ ਕਿ ਆਲਮ ਦਾ ਸਮਾਂ ਔਰੰਗਜ਼ੇਬ ਵਾਲਾ ਹੈ ਤਾਂ ਰਾਗਮਾਲਾ ਦਾ ਸੁਆਲ ਆਪੇ ਹੱਲ ਹੋ ਜਾਂਦਾ ਹੈ। ਪਰ, ਮੁਸ਼ਕਲ ਉਸ ਵੇਲੇ ਪੈਂਦੀ ਹੈ, ਜਿਸ ਵੇਲੇ ਇਹ ਕਿਹਾ ਜਾਏ ਕਿ ਆਲਮ ਔਰੰਗਜ਼ੇਬ ਦੇ ਵੇਲੇ ਨਹੀਂ ਹੋਇਆ। ਪ੍ਰੰਤੂ, ਅਕਬਰ ਦੇ ਜ਼ਮਾਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਬੀੜ ਬੱਝਣ ਤੋਂ ਕੁੱਝ ਸਮਾਂ ਪਹਿਲੇ ਹੋਇਆ।** ("ਰਾਗਮਾਲਾ ਦਾ ਸੁਆਲ", ਜੋਧ ਕਵੀ ਤੇ ਆਲਮ, ਸਫ਼ਾ-੪੨)

ਹਿੰਦੁਸਤਾਨ ਭਰ ਦੇ ਸਮੂਹ ਹਿੰਦੀ ਤੇ ਸਾਹਿੱਤ ਦੇ ਖੋਜੀ ਵਿਦਵਾਨਾਂ ਨੇ ਇਹ ਇੱਕ ਜ਼ੁਬਾਨ ਮੰਨ ਲਿਆ ਹੈ ਕਿ ਮਾਧਵਾਨਲ ਕਾਮਕੰਦਲਾ ਗ੍ਰੰਥ ਦਾ ਕਰਤਾ ਕਵੀ 'ਆਲਮ' ਹੈ। ਉਹ ਅਕਬਰ ਦਾ ਸਮਕਾਲੀ ਸੀ। ਇਸ ਤੋਂ ਬਾਅਦ ਗੱਲ ਖਤਮ ਹੋ ਜਾਂਦੀ ਹੈ। ਆਲਮ ਨੂੰ ਅਕਬਰ ਦਾ ਸਮਕਾਲੀ ਕਹਿਣ ਨਾਲ ਜਿਨਾਂ ਨੂੰ ਜਿਹੜੀ ਮੁਸ਼ਕਲ ਪੈਂਦੀ ਸੀ, ਉਹ ਹੀ 'ਰਾਗਮਾਲਾ' ਦਾ ਮਸਲਾ ਹੱਲ ਕਰਨ ਲਈ ਸਭਨਾਂ ਦੇ ਸਾਹਮਣੇ ਸ਼ੁੱਧ, ਸੱਚ ਸਰੂਪ ਹੋ ਕੇ ਪ੍ਰਗਟ ਹੋ ਗਈ ਹੈ। ਹੁਣ ਕਿਸੇ ਵੀ ਕਲਮ ਦੀ ਕਰਾਮਾਤ ਉਸ ਸੰਬੰਧੀ ਕਟਾਖ਼ਸ਼ ਨਹੀਂ ਕਰ ਸਕਦੀ, ਕਿਉਂਕਿ ਸੱਚ ਆਖਿਰ ਸੱਚ ਹੀ ਹੁੰਦਾ ਹੈ। ਇਸ ਲਈ ਸੱਚ ਤੇ ਇਖ਼ਲਾਕ ਮੰਗ ਕਰਦਾ ਹੈ, ਜਿਹੜੀ 'ਜੇ' (ਜੇ ਆਲਮ ਔਰੰਗਜ਼ੇਬ ਸਮਕਾਲੀ ਹੈ) ਦੀ ਵਿੱਥ ਡਾ: ਬਲਬੀਰ ਸਿੰਘ ਜੀ ਨੇ ਰੱਖੀ ਸੀ, ਉਸ ਵਿੱਚੋਂ ਆਪ ਤਾਂ 'ਜੇ' ਕਹਿ ਕੇ ਨਿਕਲ ਸਕਦੇ ਸਨ; ਪਰ, ਸਮੁੱਚਾ ਸਿੱਖ ਸਮਾਜ ਕਸੂਤਾ ਫਸੀ ਜਾ ਰਿਹਾ ਹੈ। ਆਪ ਜੀ ਦੀ 'ਜੇ' ਨੇ ਆਮ ਲੋਕਾਂ ਤੋਂ ਜੋ ਹਨ੍ਹੇਰ ਢੁਆਇਆ ਅਤੇ ਅੰਧ-ਵਿਸ਼ਵਾਸ ਵਧਾਇਆ, ਉਸ ਨੇ ਗੱਲ ਲੜਾਈਆਂ-ਝਗੜਿਆਂ ਤੱਕ ਪਹੁੰਚਾ ਦਿੱਤੀ। ਆਪ ਜੀ ਨੇ ਪ੍ਰਾਚੀਨ ਹਿੰਦੁਸਤਾਨੀ ਰਿਪੋਰਟਾਂ ਤੋਂ ਲੈ ਕੇ ਆਪਣੇ ਸਮੇਂ ਤੱਕ ਦੀਆਂ ਸਾਰੀਆਂ ਆਲਮ ਬਾਰੇ ਖੋਜ ਦੀਆਂ ਲਿਖਤਾਂ ਪੜ੍ਹੀਆਂ ਅਤੇ ਵਾਚੀਆਂ ਲਗਦੀਆਂ



www.AKJ.Org

ਹਨ, ਪਰ ਫਿਰ ਵੀ ਆਪ ਜਾਣ-ਬੁੱਝ ਕੇ ਇੱਕ ਲਫ਼ਜ਼ 'ਜੇ' ਦਾ ਸਹਾਰਾ ਲੈ ਕੇ 'ਆਲਮ' ਨੂੰ ਔਰੰਗਜੇਬ ਸਮਕਾਲੀ ਸਿੱਧ ਕਰਨ ਦਾ ਯਤਨ ਕਰਦੇ ਰਹੇ।

ਅਸੀਂ ਇਹ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਪ੍ਰਮਾਣਿਕਤਾ ਅਤੇ ਸ਼ੁੱਧਤਾ ਨੂੰ ਮੁੱਖ ਰੱਖ ਕੇ ਲਿਖੀ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ਼ ਜੀ' ਦਾ ਲਗ, ਕੰਨਾ, ਮਾਤਰ ਜਿਉਂ ਕਾ ਤਿਉਂ ਰਖਣਾ' ਜ਼ਰੂਰੀ ਹੈ ਤਾਂ ਕਿ ਉਸ ਵਿੱਚ ਕੋਈ ਅੱਖ਼ਰ ਦੀ ਵਾਧ-ਘਾਟ ਅਤੇ ਕੋਈ ਹੋਰ ਛੋਟੇ ਮੇਲ ਦੀ ਰਚਨਾ ਨਾ ਪਾ ਦੇਵੇ, ਕਿਉਂਕਿ ਵੱਡੇ-ਵੱਡੇ ਪੁਰਾਤਨ ਗ੍ਰੰਥਾਂ ਨਾਲ ਅਜਿਹਾ ਹੁੰਦਾ ਆਇਆ ਹੈ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਗ੍ਰੰਥ ਨੂੰ ਮੱਧਕਾਲੀ ਰੀਤ ਅਨੁਸਾਰ ਆਦਿ ਮੰਗਲ, ਮੱਧ ਮੰਗਲ, ਅੰਤ ਮੰਗਲ ਨਿਭਾ ਕੇ ਵਿਗਿਆਨਕ ਸਰੂਪ ਦਿੱਤਾ ਅਤੇ ਅੰਤ ਵਿੱਚ 'ਮੁੰਦਾਵਣੀ' (ਮੋਂਦੇ) ਅਤੇ ਧੰਨਵਾਦੀ ਭਾਵਾਂ ਭਰਿਆ ਸਲੋਕ 'ਤੇਰਾ ਕੀਤਾ ਜਾਤੋ ਨਾਹੀ' ਲਿਖ ਕੇ ਸੰਪੂਰਨਤਾ ਦਿੱਤੀ। ਇਸ ਕਥਨ ਦੀ ਵਿਆਖਿਆ ਅਤੇ ਪ੍ਰੋੜ੍ਹਤਾ ਪੁਰਾਤਨ ਹੱਥ-ਲਿਖਤ ਬੀੜਾਂ ਦਿੰਦੀਆਂ ਹਨ। ਮੁੰਦਾਵਣੀ ਉੱਤੇ ਭੋਗ ਪੈਣ ਵਾਲੀਆਂ ਬੀੜਾਂ ਦੇ ਨਾਲ-ਨਾਲ, ਬਾਣੀ ਦੇ ਅਰਥ ਕਰਨ ਵਾਲੇ ਵਿਦਵਾਨਾਂ ਦੇ ਕੋਸ਼, ਪ੍ਰਯਾਇ ਅਤੇ ਟੀਕੇ ਵੀ ਇਕਸੁਰਤਾ ਨਾਲ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ। ਸਨਾਤਨੀ, 'ਖ਼ਾਲਸਾ ਸੁਧਾਰ ਧਰੂ' ਗ੍ਰੰਥ ਦੇ ਲੇਖਕ ਭਾ: ਅਵਤਾਰ ਸਿੰਘ ਵਹੀਰੀਆ, ਪੰਡਤ ਤਾਰਾ ਸਿੰਘ, ਗਿ: ਗਿਆਨ ਸਿੰਘ, ਪੰਡਤ ਹਜ਼ਾਰਾ ਸਿੰਘ, ਡਾ: ਚਰਨ ਸਿੰਘ ਆਦਿਕ ਵਿਦਵਾਨ ਵੀ ਇਹੋ ਕਹਿੰਦੇ ਹਨ ਕਿ 'ਮੁੰਦਾਵਣੀ' ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਭੋਗ ਹੈ। ਇਸ ਪੁਸਤਕ ਵਿੱਚ ਇਸ ਗੱਲ ਦੀ ਪ੍ਰੋੜ੍ਹਤਾ ਹਿਤ ਕਈ ਪੁਰਾਤਨ ਗ੍ਰੰਥਾਂ ਦੇ ਹਵਾਲੇ ਅਤੇ ਚਿਤ੍ਰ ਵੀ ਦਿੱਤੇ ਗਏ ਹਨ। ਵੱਡਾ ਝਮੇਲਾ 'ਰਾਗਮਾਲਾ' ਦੇ ਰਚਨਹਾਰ ਕਵੀ 'ਆਲਮ' ਦੇ ਸਮੇਂ ਦਾ ਆਉਂਦਾ ਹੈ। ਇਲਾਹਾਬਾਦ, ਬਨਾਰਸ (ਕਾਂਸੀ), ਲਖਨਊ, ਜੈਪੁਰ, ਬੀਕਾਨੇਰ, ਬੜੌਦਾ ਅਤੇ ਕਈ ਹੋਰ ਵੱਡੇ ਸ਼ਹਿਰਾਂ ਵਿੱਚ ਮੌਜੂਦ ਕਈ ਪੁਰਾਤਨ ਹੱਥ-ਲਿਖਤ ਪੋਥੀਆਂ ਤੋਂ 'ਆਲਮ' ਅਕਬਰ ਦਾ ਸਮਕਾਲੀ ਸਿੱਧ ਹੁੰਦਾ ਹੈ।

ਦੂਜੀ ਗੱਲ ਇਹ ਹੈ ਕਿ ਇਹ 'ਰਾਗਮਾਲਾ' ਜਿਨ੍ਹਾਂ-ਜਿਨ੍ਹਾਂ ਵੀ ਬਾਹਰਲੇ ਗ੍ਰੰਥਾਂ ਵਿੱਚ ਦਰਜ ਹੈ, ਕਿਸੇ ਵਿੱਚ ਵੀ ਇਸਦਾ ਨਾਂ 'ਰਾਗਮਾਲਾ' ਨਹੀਂ। ਅਸਲ ਵਿੱਚ 'ਰਾਗਮਾਲਾ' ਰਾਗਾਂ ਦੀ ਬਣਤਰ, ਸੂਰ ਸ੍ਰੂਪ, ਰਾਗਾਂ ਨੂੰ ਮਿਲਾ ਕੇ ਨਵੇ ਰਾਗ ਬਣਾਉਣੇ, ਰਾਗਾਂ ਦਾ ਸਮਾਂ ਅਤੇ ਹੋਰ ਕਈ ਭਾਂਤ ਦੀਆਂ ਸੂਚਨਾਵਾਂ ਦੇਣ ਦੇ ਪ੍ਰਯੋਜਨ ਲਈ ਹੁੰਦੀਆਂ ਹਨ। ਪਰ ਅਜਿਹੀਆਂ ਲੋੜੀਂਦੀਆਂ ਸੂਚਨਾਵਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਗੁਰੂ ਜੀ ਨੇ ਬਾਣੀ ਦੇ ਸਿਰਲੇਖਾਂ ਵਿੱਚ ਹੀ ਸੰਕੇਤ ਰੂਪ ਵਿੱਚ ਲਿਖ ਦਿੱਤੀਆਂ ਹਨ ਜਿਵੇਂ-

ਯਾਨੜੀਐ ਕੈ ਘਰਿ ਗਾਵਣਾ
ਪਹਰਿਆਂ ਕੈ ਘਰਿ ਗਾਵਣਾ



www.AKJ.Org

ਏਕੁ ਸੁਆਨੁ ਕੈ ਘਰਿ ਗਾਵਣਾ
ਗਉੜੀ ਭੀ ਸੋਰਠਿ ਭੀ॥

ਇਸ ਤੋਂ ਇਲਾਵਾ ਘਰ ਅਤੇ ਪੜਤਾਲ ਲਫ਼ਜ਼ ਵੀ ਅਜਿਹੀਆਂ ਹੀ ਸੰਕੇਤਕ ਸੂਚਨਾਵਾਂ ਹਨ। ਇਸ ਵਿਚਾਰ ਅਧੀਨ 'ਰਾਗਮਾਲਾ' ਵਿੱਚ ਅਜਿਹਾ ਕੋਈ ਸੰਕੇਤ ਨਹੀਂ। ਇਹ ਤਾਂ ਇੱਕ ਰਾਗ ਦਰਬਾਰ ਵਿੱਚ ਇੱਕ ਨ੍ਰਿਤਕੀ ਦੇ ਨ੍ਰਿਤ ਅਤੇ ਗਾਏ ਗਏ ਰਾਗਾਂ ਸਬੰਧੀ ਸੰਕੇਤ ਕਰਦੀ ਹੈ, ਜਿਵੇਂ : 'ਉਨ ਗਾਏ', ਪੁਨਿ ਆਏ ਆਦਿ ਸ਼ਬਦਾਂ ਤੋਂ ਸਪਸ਼ਟ ਹੈ। ਇਸ ਤੋਂ ਇਲਾਵਾ 'ਰਾਗਮਾਲਾ' ਦੇ ਰਾਗ ਵੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਰਾਗਾਂ ਨਾਲ ਮੇਲ ਨਹੀਂ ਖਾਂਦੇ ਅਤੇ ੯ ਰਾਗਾਂ ਦੇ ਨਾਂ ਵੀ ਇਸ ਵਿੱਚ ਨਹੀਂ।

'ਮਾਧਵਾਨਲ ਕਾਮਕੰਦਲਾ' ਦਾ ਪ੍ਰੇਮ ਕਿੱਸਾ ਕਈ ਭਾਸ਼ਾਵਾਂ ਵਿੱਚ ਲਿਖਿਆ ਮਿਲਦਾ ਹੈ, ਹਿੰਦੀ ਵਿੱਚ 'ਆਲਮ ਕਵੀ ਰਚਿਤ ਮਾਧਵਾਨਲ ਕਾਮਕੰਦਲਾ' ਇੱਕ ਸ਼ਿੰਗਾਰ-ਰਸੀ ਰਚਨਾ ਹੈ, ਜਿਸ ਦਾ ਇੱਕ ਹਿੱਸਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਕਰਕੇ ਉਸਦਾ ਨਾਂ 'ਰਾਗਮਾਲਾ' ਲਿਖ ਦਿੱਤਾ ਗਿਆ ਹੈ। ਕਈ ਹਿੰਦੀ ਦੇ ਵਿਦਵਾਨ ਇਸ ਨੂੰ 'ਆਲਮ ਦਾ ਸੁਭਾਗ' ਸਮਝ ਰਹੇ ਹਨ, 'ਭਗਤੀ ਸਾਗਰ', 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ, ਸ਼ਿੰਗਾਰ ਰਸੀ ਰਚਨਾ ਦਾ ਹਿੱਸਾ (ਰਾਗਮਾਲਾ) ਦਰਜ ਕਰਨ ਦਾ ਦੋਸ਼ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿਰ ਮੜ੍ਹ ਦੇਣਾ ਅਤੇ ਇਸ ਨੂੰ 'ਆਲਮ' ਦਾ ਸੁਭਾਗ ਕਹਿਣਾ ਵੱਡੀ ਭੁੱਲ ਹੈ, ਕਿਉਂਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ 'ਰਾਗਮਾਲਾ' ਦਰਜ ਕਰਨ ਵਾਲੇ ਗੁਰੂ ਅਰਜਨ ਦੇਵ ਜੀ ਨਹੀਂ, ਕੋਈ ਹੋਰ (ਭਾਈ ਬੰਨੋ) ਹੈ। ਹਿੰਦੀ ਦੇ ਸਮੂਹ ਵਿਦਵਾਨਾਂ ਨੇ ਇਹ ਇੱਕ ਮੱਤ ਮੰਨ ਲਿਆ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਅਖ਼ੀਰ ਵਿੱਚ ਦਰਜ ਕੀਤੀ ਗਈ ਰਾਗਮਾਲਾ ਨਾਂ ਦੀ ਰਚਨਾ ਅਕਬਰ ਸਮਕਾਲੀ ਕਵੀ 'ਆਲਮ' ਰਚਿਤ 'ਮਾਧਵਾਨਲ ਕਾਮਕੰਦਲਾ' ਦੇ ਪ੍ਰੇਮ ਕਿੱਸੇ ਦਾ ਇੱਕ ਭਾਗ ਹੈ। ਇਸ ਦਾ ਵਿਸਥਾਰ ਸਹਿਤ ਵਰਣਨ ਭਿੰਨ-ਭਿੰਨ ਪਹਿਲੂਆਂ ਤੋਂ ਇਸ ਪੁਸਤਕ ਵਿੱਚ ਕੀਤਾ ਗਿਆ ਹੈ। ਪਰ ਫਿਰ ਵੀ, ਹਿੰਦੀ ਦੇ ਕੁਝ ਮਹਾਨ ਵਿਦਵਾਨਾਂ ਦੇ ਹਵਾਲੇ ਇੱਥੇ ਦੇਣੇ ਵੀ ਉਚਿਤ ਸਮਝਦੇ ਹਾਂ, ਜਿਨ੍ਹਾਂ ਵਿੱਚੋਂ ਕੁਝ ਨੇ ਸਾਧਾਰਨ ਸ਼ਬਦਾਂ ਵਿੱਚ ਹੀ ਕਿਹਾ, ਪਰ ਕਈ ਵੱਡੇ ਵਿਦਵਾਨ ਇਸ ਗੱਲ ਨੂੰ ਬੜੇ ਚਟਖਾਰੇ ਲਾ ਕੇ ਕਹਿੰਦੇ ਹਨ, ਦੇਖੋ ਕਿ ਆਲਮ ਦਾ ਸੁਭਾਗ, ਜਿਸਦੀ ਸ਼ਿੰਗਾਰ-ਰਸੀ ਰਚਨਾ 'ਭਗਤੀ ਦੇ ਸਾਗਰ', 'ਗੁਰੂ ਗ੍ਰੰਥ ਸਾਹਿਬ ਜੀ' ਵਿੱਚ ਅਹਿਮ ਸਥਾਨ ਪਾ ਗਈ ਹੈ।

ਭਗਤੀ ਮੱਤ ਦੇ ਵਿਸ਼ੇਸ਼ ਹਿੰਦੀ ਵਿਦਵਾਨ ਪੰਡਤ ਪਰਸੂਰਾਮ ਚਤੁਰਵੇਦੀ ਨੇ ਆਪਣੀ ਪੁਸਤਕ 'ਮੱਧਕਾਲੀਨ ਸ਼ਿੰਗਾਰਕ ਪ੍ਰਵਿਰਤੀਆਂ' (ਸਾਹਿਤ ਭਵਨ ਇਲਾਹਾਬਾਦ, ਪ੍ਰਕਾਸ਼ਨ ਦਾ ਸਮਾਂ ੧੯੬੧ ਈਸਵੀ) ਦੇ ਸਫ਼ਾ ੯੪-੯੫ ਉੱਪਰ ਇਸ ਤਰ੍ਹਾਂ ਲਿਖਿਆ ਹੈ :

"ਆਲਮ ਨੇ ਅਪਨੀ ਇਸ ਰਚਨਾ ਕੇ ਅੰਤਰਗਤ ਅੱਛਾ ਕਾਵਯ ਕੌਸ਼ਲ



www.AKJ.Org

ਪ੍ਰਦਰਸ਼ਿਤ ਕੀਆ ਹੈ। ਇਨਕੇ ਰੂਪਕ ਕਹੀਂ-ਕਹੀਂ ਅਤਿਅੰਤ ਸੁੰਦਰ ਹੈਂ, ਇਨਹੋਂ ਨੇ ਰਾਗੋਂ ਕੇ ਵਿਵਿਧ ਨਾਮ ਗਿਨਾਏਂ ਹੈਂ ਤਥਾ ਕ੍ਰਾਵਾਦ ਏਵਮ ਕਾਮਸ਼ਾਸਤਰ ਕੀ ਰਹੱਸਮਈ ਬਾਤੋਂ ਕੇ ਭੀ ਉਲੇਖ ਕੀਏ ਹੈਂ। **ਸਿੱਖੋਂ ਕੇ ਗੁਰੂ ਗ੍ਰੰਥ ਸਾਹਿਬ ਕੇ ਅੰਤ ਮੇਂ ਦੀ ਗਈ ਰਾਗਮਾਲਾ ਆਲਮ ਕੀ ਇਸ ਰਚਨਾ ਸੇ ਹੀ ਉਧਰਿਤ ਕਰ ਲੀ ਗਈ ਥੀ।** ਇਸ ਪੁਸਤਕ ਕਾ ਪ੍ਰਧਾਨ ਰਸ ਸ਼ਿੰਗਾਰ ਰਸ ਹੀ ਹੈ।"

ਹਿੰਦੀ ਦੇ ਵਿਦਵਾਨ ਪੰਡਤ ਵਿਸ਼ਵਨਾਥ ਪ੍ਰਸ਼ਾਦ ਜੀ ਵੀ ਇਸੇ ਗੱਲ ਦੀ ਪ੍ਰੋੜਤਾ ਕਰਦੇ ਹੋਏ ਆਪਣੇ ਗ੍ਰੰਥ 'ਹਿੰਦੀ ਸਾਹਿਤ ਕਾ ਅਤੀਤ' (ਭਾਗ ਦੂਜਾ, ਸ਼ਿੰਗਾਰ ਕਾਲ ਬਾਣੀ ਵਿਤਾਨ ਪ੍ਰਕਾਸ਼ਨ ਵਾਰਾਨਸੀ, ਐਡੀਸ਼ਨ ਦੂਜਾ, ਪ੍ਰਕਾਸ਼ਨ ਸਮਾਂ ੨੦੨੩ ਸੰਮਤ) ਵਿੱਚ ਸਫਾ ੬੯੦ ਉੱਤੇ ਲਿਖਦੇ ਹਨ 'ਆਲਮ ਕੀ ਮਾਧਵਾਨਲ ਕਾਮਕੰਦਲਾ ਮੇਂ ਏਕ ਐਸਾ ਅੰਸ਼ ਹੈ, ਜਿਸ ਮੇਂ ਰਾਗੋਂ ਕਾ ਉਲੇਖ ਹੈ। ਇਸ ਕਾ ਨਾਮ ਰਾਗਮਾਲਾ ਹੈ। **ਯਹ ਰਾਗਮਾਲਾ ਸ੍ਰੀ ਗੁਰੂ ਨਾਨਕ ਜੀ ਕੇ ਗੁਰੂ ਗ੍ਰੰਥ ਸਾਹਿਬ ਮੇਂ ਸੰਕਲਿਤ ਹੈ। ....ਗੁਰੂ ਗ੍ਰੰਥ ਸਾਹਿਬ ਮੇਂ ਰਾਗਮਾਲਾ ਵਾਲਾ ਅੰਸ਼ ਬਾਦ ਮੇਂ ਜੋੜਾ ਗਯਾ।'**

ਹਿੰਦੁਸਤਾਨੀ ਤ੍ਰੈਮਾਸਿਕ ਸ਼ੋਧ ਪੱਤ੍ਰਿਕਾ (ਭਾਗ ੩, ਅੰਕ ੩, ਮਹੀਨਾ ਜੁਲਾਈ-ਸਤੰਬਰ, ਸੰਨ ੧੯੭੩ ਈ:) ਪੰਨਾ -੭੬ ਤੇ ਇੱਕ ਲੇਖ 'ਸ਼ੇਖ ਆਲਮ ਸਥਿਤੀ ਕਾਲ' ਸ੍ਰੀ ਹਰੀ ਪ੍ਰਸ਼ਾਦ ਨਾਇਕ ਦਾ ਛਪਿਆ ਹੋਇਆ ਹੈ, ਜਿਸ ਵਿੱਚ ਲੇਖਕ ਨੇ ਆਲਮ ਤੇ ਰਾਗਮਾਲਾ ਬਾਰੇ ਇਹ ਟਿੱਪਣੀ ਕੀਤੀ ਹੈ :- **'ਮਾਧਵਾਨਲ ਕਾਮਕੰਦਲਾ ਕਾ ਰਚਨਾਕਾਲ ਸੰਬਤ ੯੯੧ ਹਿਜਰੀ (ਸੰਨ ੧੫੮੩ ਈ:) ਹੈ। ਕਵੀ ਆਲਮ ਨੇ ਇਸ ਗ੍ਰੰਥ ਦੀ ਰਚਨਾ ਪਚਾਸ ਵਰਸ਼ ਕੀ ਅਵਸਥਾ ਮੇਂ ਕੀ।....ਸਿੱਖੋਂ ਕੇ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਅੰਤ ਮੇਂ ਰਾਗਮਾਲਾ ਨਾਮ ਸੇ ਆਲਮ ਕੇ ਕੁਛ ਪਦ ਸੰਕਲਿਤ ਹੈਂ, ਜਿਸ ਮੇਂ ਰਾਗ-ਰਾਗਨੀ ਕਾ ਵਰਨਣ ਹੈ। 'ਰਾਗ ਏਕ ਸੰਗ ਪੰਚ ਬਰੰਗਨ ॥' ਸੇ, ਪ੍ਰਾਰੰਭ ਹੋਕਰ :**

**ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥**
**ਸਭੈ ਪੁਤ੍ਰ ਰਾਗਨਿ ਕੇ ਅਠਾਰਹ ਦਸ ਬੀਸ ॥**

**ਪਰ ਸਮਾਪਤ ਹੋਤਾ ਹੈ। ਰਾਗਮਾਲਾ ਮੇਂ ਨ ਤੋ ਗੁਰੂ ਗ੍ਰੰਥ ਸਾਹਿਬ ਕੇ ਸਭ ਰਾਗ ਹੈਂ ਔਰ ਨ ਇਸ ਧਰਮ ਗ੍ਰੰਥ ਮੇਂ ਇਸ (ਰਾਗਮਾਲਾ) ਕੇ ਸਭ ਰਾਗ ਪ੍ਰਾਪਤ ਹੈਂ।"**

ਅਸੀਂ ਇਸ ਸੰਪੂਰਨ ਵਿਸ਼ੇ ਨਾਲ ਜੁੜੀ ਹੋਈ ਸਾਰੀ ਖੋਜ ਸਮੱਗਰੀ ਅੰਗਰੇਜੀ, ਹਿੰਦੀ ਅਤੇ ਪੰਜਾਬੀ ਦੇ ਸਾਹਿਤ ਭੰਡਾਰ ਵਿਚੋਂ ਇਕੱਤਰ ਕਰਕੇ ਪਾਠਕਾਂ ਅੱਗੇ ਰੱਖ



www.AKJ.Org

ਦਿੱਤੀ ਹੈ ਤਾਂ ਜੋ ਉਹ ਆਪਣੀ ਹੰਸ ਰੂਪੀ ਬੁੱਧੀ ਨਾਲ ਇਸ ਸਮੱਗਰੀ ਵਿੱਚੋਂ ਕੱਚ-ਸੱਚ ਦਾ ਨਿਖੇੜਾ ਕਰ ਲੈਣ।

ਹੱਥਲੀ ਪੁਸਤਕ ਵਿੱਚ ਸਾਡਾ ਯਤਨ ਇਹ ਹੈ ਕਿ 'ਰਾਗਮਾਲਾ' ਦੇ ਵਿਸ਼ੇ ਨੂੰ ਵਾਦ-ਵਿਵਾਦ ਜਾਂ ਉੱਤਰ-ਪ੍ਰਸ਼ਨ ਦੀ ਸੈਲੀ ਤੋਂ ਉੱਪਰ ਰਖਿਆ ਜਾਵੇ ਅਤੇ ਕੋਈ ਭੀ ਕਿਸੇ ਕਿਸਮ ਦਾ ਅਨੁਚਿਤ ਸ਼ਬਦ ਨਾ ਵਰਤਿਆ ਜਾਵੇ। ਆਸੀਂ ਬੜੀ ਸੁਹਿਰਦਤਾ ਅਤੇ ਨਿਰਮਾਨਤਾ ਨਾਲ ਆਪਣੇ ਇਸ ਵਿਸ਼ੇ ਨੂੰ ਸਿੱਖ ਸੰਗਤਾਂ ਦੇ ਸਾਹਮਣੇ ਰਖਿਆ ਹੈ। ਆਸ਼ਾ ਹੈ ਕਿ ਇਸ ਨੂੰ ਇਸ ਹੀ ਭਾਵਨਾ ਨਾਲ ਪੜ੍ਹਨ ਤੇ ਵਿਚਾਰਨਗੇ।

www.AKJ.org



www.AKJ.Org

# ਬੀੜਾਂ ਬਾਰੇ ਸੰਖੇਪ ਜਾਣਕਾਰੀ

ਆਦਿ ਬੀੜ ਦਾ ਸੰਕਲਨ ਗੁਰੂ ਸਾਹਿਬਾਂ, ਭੱਟਾਂ ਤੇ ਭਗਤਾਂ ਆਦਿ ਦੀ ਪ੍ਰਵਾਨ ਕੀਤੀ ਬਾਣੀ ਨੂੰ ਸ਼ੁੱਧ ਰੂਪ ਵਿੱਚ ਸੰਭਾਲ ਕਰਨ ਲਈ ਕੀਤਾ ਗਿਆ ਸੀ। ਗੁਰੂ ਵੰਸ਼ ਦੇ ਗੱਦੀਦਾਰ ਅਤੇ ਹੋਰ ਬਾਣੀ ਰਚਨਾ ਕਰਨ ਦੇ ਸ਼ੌਕੀਨ ਗੁਰਬਾਣੀ ਵਿੱਚ ਕੱਚੀ ਬਾਣੀ ਸ਼ਾਮਲ ਕਰ ਰਹੇ ਸਨ। ਗੁਰੂ ਅਮਰਦਾਸ ਜੀ ਦੇ ਵਾਕ **ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ** ਤੋਂ ਸਪੱਸ਼ਟ ਹੈ ਕਿ ਗੁਰੂ ਘਰ ਵਿੱਚ ਕੱਚੀ ਬਾਣੀ ਪ੍ਰਵਾਨ ਨਹੀਂ ਸੀ। ਪਰੰਤੂ ਫਿਰ ਵੀ ਕੱਚੀਆਂ ਬਾਣੀਆਂ ਰਚਣ ਵਾਲੇ ਸੱਜਣਾਂ ਦੀ ਗਿਣਤੀ ਵਧਦੀ ਹੀ ਰਹੀ। ਉਸ ਵੇਲੇ ਇਹ ਇਹਤਿਆਤ ਵਰਤੀ ਜਾਂਦੀ ਸੀ ਕਿ ਕਿਸੇ ਗੁਰੂ ਵੰਸ਼ ਦੇ ਸਾਹਿਬਜ਼ਾਦੇ ਖਾਸ ਕਰ ਮੀਣਿਆਂ ਆਦਿ ਦੀ ਰਚੀ ਕੱਚੀ ਬਾਣੀ ਬੀੜਾਂ ਵਿੱਚ ਨਾ ਚੜ੍ਹੇ। ਗੁਰੂ ਸਾਹਿਬਾਂ ਦੇ ਸਮੇਂ ਅਤੇ ਖ਼ਾਸ ਕਰ ਪੰਚਮ ਗੁਰੂ ਜੀ ਦੇ ਸਿੱਖ ਭਾਈ ਬੰਨੋ ਤੋਂ ਵਾਧੂ ਬਾਣੀਆਂ ਚੜ੍ਹਾਉਣ ਦੀ ਅਜਿਹੀ ਪੱਧਤੀ ਚੱਲੀ ਕਿ ਇਹ ਛਾਪੇ ਦੀਆਂ ਬੀੜਾਂ ਛਾਪਣ ਸਮੇਂ ਤੱਕ ਵੀ ਠੱਲ੍ਹੀ ਨਾ ਗਈ। ਸਗੋਂ ਵਧਦੀ ਹੀ ਗਈ ਗੁਰਬਾਣੀ ਦਾ ਮਾਣ ਸਤਿਕਾਰ ਅਤੇ ਇਸ ਦੇ ਰਚਯਤਾ ਗੁਰੂ ਸਾਹਿਬਾਂ ਦੀ ਬਾਣੀ ਨੂੰ ਦੇਖ ਕੇ ਕਿਤਨੇ ਹੀ ਹੋਰ ਲੋਕ ਗੁਰੂ ਨਾਨਕ ਨਾਮ ਪਾ ਕੇ ਬਾਣੀਆਂ ਰਚਣ ਲੱਗ ਪਏ ਸਨ, ਏਥੋਂ ਤੱਕ ਕਈ ਸ਼ੈਤਾਨਾਂ ਨੇ ਤਾਂ ਮੂਲਮੰਤਰ ਲਿਖ ਕੇ 'ਨਾਨਕ' ਨਾਮ ਪਾਉਣਾ ਵੀ ਸ਼ੁਰੂ ਕਰ ਦਿੱਤਾ। ਅਜਿਹੀਆਂ ਸਾਰੀਆਂ ਵਾਧੂ ਬਾਣੀਆਂ ਤੇ ਹੋਰ ਰਚੇ ਗ੍ਰੰਥ ਇਕੱਠੇ ਕੀਤੇ ਜਾਣ ਤਾਂ ਉਹ ਕਈ ਪੋਥੀਆਂ ਬਣ ਸਕਦੀਆਂ ਹਨ।

ਪੁਰਾਣ ਸੰਗਲੀ ਇਕੱਲੀ ਹੀ ਅੱਧੀ ਆਦਿ ਬੀੜ ਦੇ ਆਕਾਰ ਦੀ ਹੈ। ਇਸ ਤਰ੍ਹਾਂ ਵੱਡਾ ਓਅੰਕਾਰ, ਸੁਖਮਨੀ, ਸੁਖਮਨਾ, ਜਪੁਜੀ, ਆਸਾ ਦੀ ਵਾਰ ਆਦਿਕ ਸਿਰਲੇਖਾਂ ਉੱਤੇ ਵੱਡੀਆਂ ਛੋਟੀਆਂ ਨਕਲੀ ਬਾਣੀਆਂ ਰਚੀਆਂ ਗਈਆਂ। ਜਿਨ੍ਹਾਂ ਨੇ ਏਸੇ ਢੰਗ ਅਤੇ ਇਸੇ ਸ਼ੈਲੀ ਵਿੱਚ ਬਾਣੀਆਂ ਰਚਨ ਦੀ ਕੋਸ਼ਿਸ਼ ਕੀਤੀ ਉਨ੍ਹਾਂ ਨੂੰ ਨਾ



www.AKJ.Org

ਤਾਂ ਗੁਰੂ ਸਾਹਿਬ ਵੱਲੋਂ ਅਤੇ ਨਾ ਸਿੱਖ ਸੰਗਤਾਂ ਵੱਲੋਂ ਪ੍ਰਵਾਨਗੀ ਮਿਲੀ। ਪਰ, ਆਦਿ ਬੀੜ ਦੇ ਅੰਤ ਵਿੱਚ ਲਿਖੀ ਮੁੰਦਾਵਣੀ ਅਤੇ ਉਸ ਦੇ ਅਰਥਾਂ ਤੋਂ ਸਾਫ਼ ਜ਼ਾਹਿਰ ਹੈ ਕਿ ਇਸ ਮੋਹਰ-ਛਾਪ ਤੋਂ ਬਾਅਦ ਕੋਈ ਹੋਰ ਬਾਣੀ ਬੀੜ ਵਿੱਚ ਨਾ ਚੜ੍ਹਾਈ ਜਾਵੇ ਪਰ, ਸ਼ਰਧਾਲੂ ਸਿੱਖਾਂ ਦੀ ਵਧੀ ਹੋਈ ਸ਼ਰਧਾ ਅਤੇ ਇਸ ਪੱਖੋਂ ਵਰਤੀ ਗਈ ਅਣਭੋਲਤਾ ਨੇ ਇਸ ਨੂੰ ਅਣਗੌਲਿਆ ਕਰੀ ਰੱਖਿਆ। ਸਿੱਟਾ ਇਹ ਨਿਕਲਿਆ ਕਿ ਨਾ ਸਿਰਫ਼ ਅੰਤਮ 'ਮੁੰਦਾਵਣੀ' ਅਰਥਾਤ ਮੋਹਰ ਤੋੜਕੇ ਵਿਚਕਾਰ ਹੋਰ ਬਾਣੀਆਂ ਅਤੇ ਸ਼ਬਦ ਵਧਾਏ ਗਏ, ਕਈਆਂ ਨੇ ਮੁੰਦਾਵਣੀ ਦਾ ਅਰਥ ਤੇ ਮਹੱਤਵ ਨਾ ਸਮਝਦਿਆਂ ਅਸਲ ਥਾਂ ਤੋਂ ਚੁੱਕ ਕੇ ਪਹਿਲਾਂ ਲਿਖੇ ਸਲੋਕਾਂ ਦੇ ਨਾਲ ਜੋੜ ਦਿੱਤੀ। ਜਦੋਂ ਕਿ ਬੀੜ ਦੇ ਕਈ ਲੇਖਕਾਂ ਨੇ ਭੱਟਾਂ ਦੇ ਸਵੱਯੇ ਤੇ ਸ਼ੇਖ ਫਰੀਦ ਜੀ ਦੇ ਸਲੋਕਾਂ ਨੂੰ ਅੰਤਲੀ ਬਾਣੀ ਬਣਾਇਆ ?

ਭਾਈ ਬੰਨੋ ਨੇ ਵਾਧੂ ਬਾਣੀਆਂ ਚੜ੍ਹਾਈਆਂ ਸਨ, ਪਰ ਆਦਿ ਬੀੜ ਦੇ ਅੰਤਲੇ ਭਾਗ ਦੀ ਬਾਕੀ ਤਰਤੀਬ ਕਾਇਮ ਰੱਖੀ ਸੀ। ਕੁਝ ਲਿਖਾਰੀਆਂ ਨੇ ਇਸ ਤਰਤੀਬ ਨੂੰ ਵੀ ਤੋੜ ਦਿੱਤਾ। ਕਈਆਂ ਨੇ ਮੁੰਦਾਵਣੀ ਤੇ ਮਹਲਾ ਪੰਜਵੇਂ ਦੇ ਸਲੋਕ ਭੱਟਾਂ ਦੇ ਸਵੱਈਆਂ ਤੋਂ ਪਹਿਲਾਂ ਰੱਖ ਕੇ, ਕੁਝ ਕੁ ਨੇ ਭੱਟਾਂ ਦੇ ਸਵੱਈਏ ਅੱਗੇ ਕਰਕੇ, ਕਬੀਰ-ਫ਼ਰੀਦ ਜੀ ਦੇ ਸਲੋਕਾਂ ਨੂੰ ਪਿੱਛੇ ਰੱਖ ਕੇ ਬੀੜਾਂ ਦੀ ਸਮਾਪਤੀ ਵੇਲੇ ਅਜਿਹੀ ਬੇ-ਨਿਯਮੀ ਵਰਤੀ ਹੈ ਕਿ ਆਦਿ ਗ੍ਰੰਥ ਦੀ ਰਾਗਾਂ ਤੋਂ ਪਿਛਲੀ ਬਾਣੀ ਅੰਤਕਾ ਭਾਗ ਦੀ ਤਰਤੀਬ ਹੀ ਬਦਲ ਦਿੱਤੀ।

ਭਿੰਨ-ਭਿੰਨ ਲੇਖਕਾਂ ਵੱਲੋਂ ਵਰਤੀਆਂ ਮਨਮਤਾਂ ਕਰਕੇ ਬੀੜਾਂ ਕਈ ਸ਼ਾਖਾਂ ਵਿਚ ਵੰਡੀਆਂ ਮਿਲਦੀਆਂ ਹਨ :-

(੧) ਆਦਿ ਬੀੜ ਦੀ ਸ਼ਾਖ ਦੀਆਂ ਬੀੜਾਂ ਜਿਨ੍ਹਾਂ ਦਾ ਭੋਗ ਮੁੰਦਾਵਣੀ ਉੱਤੇ ਹੈ, ਇਨ੍ਹਾਂ ਬੀੜਾਂ ਵਿਚ ਆਮ ਕਰਕੇ ਵਾਧੂ ਬਾਣੀ ਜਾਂ ਹੋਰ ਸ਼ਬਦ ਸਲੋਕ ਨਹੀਂ। ਤਤਕਰੇ ਦੇ ਆਰੰਭ ਵਿਚ "ਜਪੁ ਗੁਰੂ ਰਾਮ ਦਾਸ ਜੀ ਦੇ ਦਸਤਖਤਾਂ ਕੀ ਨਕਲੁ" ਜਿਵੇਂ ਆਦਿ ਬੀੜ ਵਿਚ ਸੂਚਨਾ ਦਿੱਤੀ ਸੀ, ਉਨ੍ਹਾਂ ਅੱਖਰਾਂ ਦੀ ਹੀ ਨਕਲ ਕੀਤੀ ਮਿਲਦੀ ਹੈ।

(੨) ਦੂਜੀ ਸ਼ਾਖ ਭਾਈ ਬੰਨੋ ਦੀ ਬੀੜ ਦੀ ਹੈ, ਜਿਸ ਦੀ ਰਾਗਾਂ ਦੀ ਤਰਤੀਬ ਮੁੰਦਾਵਣੀ ਤੱਕ ਆਦਿ ਬੀੜ ਵਾਲੀ ਹੀ ਹੈ, ਪਰ ਮੁੰਦਾਵਣੀ ਪਿੱਛੋਂ ਵਾਧੂ ਬਾਣੀਆਂ ਭਾਈ ਬੰਨੋ ਦੀ ਬੀੜ ਵਿੱਚ ਚੜ੍ਹਾਈਆਂ ਹੁੰਦੀਆਂ ਹਨ। ਇਸ ਸ਼ਾਖ ਦੀਆਂ ਬੀੜਾਂ ਦੇ ਵਿਚਕਾਰ ਵੀ ਕੁਝ ਵਾਧੂ ਸ਼ਬਦ ਲਿਖੇ ਹੁੰਦੇ ਹਨ। ਗਉੜੀ ਕਬੀਰ ਜੀ ਦੇ 'ਵਾਰ ਸਤ' ਦੇ ਆਰੰਭ ਵਿਚ ਇਕ ਸਲੋਕ :- "ਧਰ ਅੰਬਰ ਵਿਚਿ ਬੇਲੜੀ" -ਰਾਮਕਲੀ ਛੰਤਾਂ ਵਿਚ - 'ਰੁਣਝੁੰਝਨੜਾ' - ਗਾਉ ਸਖੀ ਹਰਿ ਏਕ ਧਿਆਵਹੋ' - ਦੀਆਂ ਦੋ ਤੁਕਾਂ ਦੀ ਥਾਂ ਇਲਾਵਾ ਪੂਰਾ ਛੰਤ ਲਿਖ ਦਿੱਤਾ ਹੈ। 'ਸਾਰੰਗ' ਰਾਗ ਵਿਚ ਸੂਰਦਾਸ ਜੀ



www.AKJ.Org

ਦਾ – 'ਛਾਡਿ ਮਨ ਹਰਿ ਬਿਮੁਖਨ ਕੋ ਸੰਗਿ'। ਇਕ ਤੁਕ ਦੀ ਥਾਂ ਸਾਰਾ ਪਦਾ ਲਿਖਿਆ ਹੁੰਦਾ ਹੈ, ਜਦੋਂ ਕਿ ਆਦਿ ਬੀੜ ਦੀਆਂ ਸ਼ਾਖਾਂ ਵਿਚ ਰਾਮਕਲੀ ਵਾਲੇ ਛੰਤ ਦੀਆਂ ਦੋ ਤੁਕਾਂ ਤੇ ਸੂਰਦਾਸ ਦੇ ਪਦੇ ਦੀ ਇਕ ਤੁਕ ਹੈ। ਇਸ ਤਰ੍ਹਾਂ 'ਮਾਰੂ ਰਾਗ' ਵਿਚ ਮੀਰਾਂ ਬਾਈ ਦਾ ਪਦਾ ਚਾੜ੍ਹ ਦਿੱਤਾ ਹੈ। ਮੁੰਦਾਵਣੀ ਪਿੱਛੋਂ ਸਲੋਕ – 'ਜਿਤ ਦਰ ਲਖ ਮਹੰਮਦਾ' – 'ਬਾਇਆਤਸ਼ ਆਬ ਖਾਕ' (ਪੰਜਾਂ ਤੱਤਾਂ ਬਾਰੇ ਚਰਚਾ), ਰਤਨਮਾਲਾ ਹੁੰਦੀ ਹੈ। ਤੇ ਨਾਲ ਹੀ ਹਕੀਕਤ ਰਾਹ ਮੁਕਾਮ ਕੀ, ਰਾਗਮਾਲਾ ਪਿੱਛੋਂ ਸਿਆਹੀ ਦੀ ਵਿਧੀ (ਵੱਡੀ ਤੋਂ ਕਈ ਵਾਰ ਛੋਟੀ ਵੀ) ਲਿਖੀ ਹੁੰਦੀ ਹੈ। ਇਨ੍ਹਾਂ ਲਿਖਤਾਂ ਤੋਂ ਇਲਾਵਾ, ਅਗਲੇ-ਪਿਛਲੇ ਪੱਤਰਿਆਂ ਤੇ ਜੋਤੀ-ਜੋਤ ਸਮਾਉਣ ਦੇ ਚਲਿਤ੍ਰ ਵੀ ਲਿਖੇ ਹੋਏ ਮਿਲਦੇ ਹਨ।

ਭਾਈ ਬੰਨੋ ਦੀ ਸ਼ਾਖ ਦੀਆਂ ਬੀੜਾਂ ਦੇ ਅਨੇਕਾਂ ਉਤਾਰੇ ਹੋਏ। ਇਨ੍ਹਾਂ ਉਤਾਰਿਆਂ ਦੇ ਆਰੰਭ ਵਿਚ 'ਜਪੁ ਗੁਰੂ ਰਾਮ ਦਾਸ ਜੀਓ ਕੇ ਦਸਤਖਤਾਂ ਕੀ ਨਕਲ ਥਾਂ ਤਿਸਕਾ ਨਕਲੁ' ਦੀ ਸੂਚਨਾ ਵਧਦੀ ਜਾਂਦੀ ਹੈ।

'ਤਿਸਕਾ ਨਕਲੁ ਤਿਸਕੀ ਨਕਲੁ, ਤੇ ਅਗੇ ਤਿਸਕੀ ਨਕਲੁ ਥਾ ਤਿਸਕੀ ਨਕਲੁ' ਜਿਵੇਂ ਪਿੱਛੇ ਦੱਸ ਆਏ ਹਾਂ ਦਸ ਵਾਰ ਢਾਕੇ ਵਾਲੀ ਬੀੜ ਵਿੱਚ ਲਿਖਿਆ ਹੋਇਆ ਮਿਲਦਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਇਹ ਬੀੜ ਭਾਈ ਬੰਨੋ ਵਾਲੀ ਬੀੜ ਤੋਂ ਅੱਗੇ ਦਸਵੀਂ ਥਾਂ ਨਕਲ ਹੋਈ ਹੈ।

(੩) ਤੀਜੀ ਸ਼ਾਖ ਲਾਹੌਰੀ ਬੀੜ ਜਾਂ ਬੂੜੇ ਸੰਧੂ ਵਾਲੀ ਤੇ ਭਾਈ ਹਰਦਾਸ ਵਾਲੀ ਬੀੜ ਹੈ। ਇਸ ਸ਼ਾਖ ਦੀਆਂ ਬੀੜਾਂ ਵਿਚ ਵਾਧੂ ਬਾਣੀਆਂ, ਵਿਸ਼ੇਸ਼ ਤੌਰ ਤੇ ਭਾਈ ਬੰਨੋ ਵਾਲੀ ਬੀੜ ਵਾਲੀਆਂ ਰਚਨਾਵਾਂ ਨਹੀਂ ਹੁੰਦੀਆਂ। ਭਾਵੇਂ ਕੁਝ ਕੁ ਬੀੜਾਂ ਵਿਚਕਾਰ ਇਕ ਦੋ ਸ਼ਬਦ ਹੋਰ ਲਿਖੇ ਹੋਏ ਮਿਲੇ ਹਨ। ਇਸ ਸ਼ਾਖ ਦੀਆਂ ਬੀੜਾਂ ਵਿਚ ਜੈ ਦੇਵ ਜੀ ਦੇ ਪਦੇ ਦੇ ਨਾਲ, ਤ੍ਰਿਲੋਚਨ ਦਾ ਇਕ ਹੋਰ ਪਦਾ ਲਿਖਿਆ ਹੁੰਦਾ ਹੈ। ਕਿਸੇ ਕਿਸੇ ਬੀੜ ਵਿਚ ਨਾਮਦੇਵ ਜੀ ਦਾ ਵਾਧੂ ਪਦਾ ? ਵੀ ਮਿਲਦਾ ਹੈ। ਕੁਝ ਬੀੜਾਂ ਵਿਚ 'ਰੁਣਝੁੰਝਨੜਾ' ਵਾਲਾ ਸ਼ਬਦ ਤੇ ਸਾਰੰਗ ਰਾਗ ਵਿਚ ਲਿਖੀ ਸੂਰਦਾਸ ਦੀ ਇਕ ਤੁਕ ਜੋ ਆਦਿ ਬੀੜ ਤੇ ਉਸ ਦੀਆਂ ਸ਼ਾਖਾਂ ਵਿਚ ਆਮ ਤੌਰ 'ਤੇ ਇੱਕੋ ਹੀ ਤੁਕ ਹੁੰਦੀ ਹੈ। ਉਪਰੋਕਤ ਦੋਹਾਂ ਪਦਿਆਂ ਦੀ ਇੱਕ-ਇੱਕ ਤੁਕ ਵੀ ਨਹੀਂ ਹੁੰਦੀ। ਇਹਨਾਂ ਬੀੜਾਂ ਵਿਚ ਰਾਗਾਂ ਤੋਂ ਪਿਛਲੀ ਬਾਣੀ ਹੁੰਦੀ ਤਾਂ ਸਾਰੀ ਹੈ ਪਰ ਸਲੋਕ 'ਸਹਿਸਕ੍ਰਿਤੀ', 'ਗਾਥਾ', 'ਫੁਨਹੇ', 'ਚਉਬੋਲੇ' ਦੇ ਨਾਲ ਸਲੋਕ ਕਬੀਰ, ਫ਼ਰੀਦ ਜੀ ਦੇ ਲਿਖ ਕੇ ਫਿਰ ਵਾਰਾਂ ਤੋਂ ਵਧੀਕ ਤੇ ਮੁਦਾਵਣੀ ਸਲੋਕਾਂ ਨੂੰ ਵਿਚਾਲੇ ਲਿਖ ਕੇ, ਸਮਾਪਤੀ ਭੱਟਾਂ ਦੇ ਸਵੱਈਆਂ ਉੱਤੇ ਕੀਤੀ ਹੁੰਦੀ ਹੈ।

(੪) ਇਸੇ ਸ਼ਾਖ ਦੀਆਂ ਕੁਝ ਬੀੜਾਂ ਦੀ ਸਮਾਪਤੀ, ਜਿਵੇਂ ਪਿੱਛੇ ਲਿਖ ਆਏ ਹਾਂ, ਭੱਟਾਂ ਦੇ ਸਵੱਈਏ ਪਹਿਲਾਂ ਲਿਖਕੇ, ਕਬੀਰ, ਫ਼ਰੀਦ ਜੀ ਦੇ ਸਲੋਕਾਂ ਉੱਤੇ ਕੀਤੀ



www.AKJ.Org

ਹੋਈ ਮਿਲਦੀ ਹੈ। ਇਸ ਸ਼ਾਖ ਦੀਆਂ ਬੀੜਾਂ ਦੇ ਅੰਤ ਵਿੱਚ ਵਾਧੂ ਬਾਣੀਆਂ ਰਾਗਮਾਲਾ ਰਤਨਮਾਲਾ ਆਦਿ ਨਹੀਂ ਹੁੰਦੀਆਂ।

(੫) ਕੁਝ ਬੀੜਾਂ ਇਨ੍ਹਾਂ ਭੇਦਾਂ ਤੋਂ ਵੀ ਵੱਖਰੀ ਕਿਸਮ ਦੀਆਂ ਹਨ। ਇਨ੍ਹਾਂ ਵਿੱਚੋਂ ਪਹਿਲੀ ਬੀੜ 'ਭਾਈ ਪੈਂਧੇ ਵਾਲੀ' ਹੈ ਤੇ ਅਖੀਰਲੀ 'ਭਾਈ ਮਨੀ ਸਿੰਘ ਵਾਲੀ'। ਭਾਈ ਪੈਂਧੇ ਵਾਲੀ ਬੀੜ - ਭਾਈ ਬੰਨੋ ਦੀ ਸ਼ਾਖ ਦੀਆਂ ਬੀੜਾਂ ਨਾਲ ਕਾਫ਼ੀ ਮਿਲਦੀ-ਜੁਲਦੀ ਹੈ, ਪਰ ਉਸ ਵਿੱਚ ਬਹੁਤ ਸਾਰੀਆਂ ਹੋਰ ਵਾਧੂ ਲਿਖਤਾਂ ਹਨ। ਕੁਝ ਬੀੜਾਂ ਦੇ ਲਿਖਾਰੀਆਂ ਨੇ ਵਾਧੂ ਬਾਣੀਆਂ ਵਿੱਚੋਂ ਕੇਵਲ 'ਰਤਨਮਾਲਾ' ਤੇ ਪੂਰੀ ਪ੍ਰਾਣ ਸੰਗਲੀ ਲਿਖੀ ਹੁੰਦੀ ਹੈ।

(੬) ਛੇਵਾਂ ਭੇਦ, ਭਾਈ ਮਨੀ ਸਿੰਘ ਵਾਲੀ ਬੀੜ ਵਿੱਚ ਹੈ, ਜਿਸ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਵੱਖੋ ਵੱਖਰੀ ਲਿਖੀ ਹੋਈ ਹੈ ਅਤੇ ਮਹਲੇ ਦੀ ਥਾਂ ਪਾਤਸ਼ਾਹੀ ਸ਼ਬਦ ਵਰਤਿਆ ਹੈ। ਭਗਤਾਂ ਤੇ ਹੋਰ ਵਿਅਕਤੀਆਂ ਦੀ ਬਾਣੀ ਵੱਖ-ਵੱਖ ਕਰਕੇ ਦਿੱਤੀ ਹੋਈ ਹੈ। ਇਹ ਬੀੜ ਪ੍ਰਚਲਤ ਨਹੀਂ ਹੋਈ। ਫਿਰ ਵੀ, ਇਸਦੀਆਂ ਛੇ ਸੱਤ ਨਕਲਾਂ ਵੇਖਣ ਵਿੱਚ ਆਈਆਂ ਹਨ। ਜਿਨ੍ਹਾਂ ਵਿੱਚੋਂ ਤਿੰਨ ਪਟਨਾ ਸਾਹਿਬ ਵੀ ਹਨ।

(੭) ਸੱਤਵਾਂ ਭੇਦ ਦਮਦਮੇ ਵਾਲੀ ਬੀੜ ਦਾ ਹੈ। ਇਹ ਬੀੜ ਹੀ ਇਸ ਵੇਲੇ ਪ੍ਰਮਾਣਿਕ ਤੇ ਪ੍ਰਚੱਲਿਤ ਹੈ। ਇਸ ਦਮਦਮੀ ਬੀੜ ਨੂੰ ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਵਿੱਚ ਗੁਰਤਾ ਗੱਦੀ ਦਿੱਤੀ ਗਈ ਸੀ।

ਅੱਗੇ ਅਸੀਂ ਬੀੜਾਂ ਦੀਆਂ ਪ੍ਰਮੁੱਖ ਤਿੰਨ ਸ਼ਾਖਾਂ ਬਾਰੇ ਚਰਚਾ ਕਰਾਂਗੇ।

੧. ਆਦਿ ਬੀੜ ਦੀ ਸ਼ਾਖ

੨. ਲਹੌਰੀ ਬੀੜ ਦੀ ਸ਼ਾਖ

੩. ਦਮਦਮੀ ਬੀੜ ਦੀ ਸ਼ਾਖ

**੧. ਆਦਿ ਬੀੜ ਦੀ ਸ਼ਾਖ :-** ਅਸੀਂ ਅਜੇਹੀਆਂ ਬੀੜਾਂ ਦੇ ਚਿਤ੍ਰਾਂ (ਤਸਵੀਰਾਂ) ਦੇ ਦਰਸ਼ਨ ਕਰਾਏ ਹਨ ਜਿਨ੍ਹਾਂ ਵਿੱਚ ਪਹਿਲਾਂ ਆਦਿ ਬੀੜ ਦੀ ਸ਼ਾਖ ਦੀਆਂ ਬੀੜਾਂ ਹਨ। ਇਨ੍ਹਾਂ ਦਾ ਭੋਗ ਮੁੰਦਾਵਣੀ ਉੱਪਰ ਹੈ ਅਤੇ ਉਹ ਬੀੜਾਂ ਵੀ ਜਿਨ੍ਹਾਂ ਬੀੜਾਂ ਵਿੱਚ 'ਤਨ-ਮਨ ਥੀਵੈ ਹਰਿਆ' ਦੇ ਹੇਠਾਂ ਇੱਕ ਸੂਚਨਾ ਜੋ ਇੱਕ ਹੁਕਮ ਵਾਂਗ ਹੈ :

'ਏਹੁ ਭੋਗ ਸ੍ਰੀ ਆਦਿ ਗ੍ਰੰਥ ਜੀ ਹੈ' ਲਿਖੀ ਮਿਲਦੀ ਹੈ।

ਇਸ ਭਾਂਤ ਦੀਆਂ ਬੀੜਾਂ ਦੇ ਵੀ ਚਿਤ੍ਰ ਦਿੱਤੇ ਗਏ ਹਨ।

ਕੁਝ ਬੀੜਾਂ ਪਟਨਾ ਸਾਹਿਬ ਤੇ ਹੋਰ ਥਾਵਾਂ ਤੋਂ ਅਜੇਹੀਆਂ ਵੀ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਵਿੱਚ ਭਾਈ ਬੰਨੋ ਦੀਆਂ ਹੋਰ ਵਾਧੂ ਬਾਣੀਆਂ ਹੁੰਦੀਆਂ ਹਨ। ਪਰ ਰਾਗਮਾਲਾ ਨਹੀਂ ਹੁੰਦੀ, ਉਨ੍ਹਾਂ ਵਿੱਚੋਂ ਵੀ ਚਿੱਤ੍ਰ ਦਿੱਤੇ ਹਨ। ਇਸ ਤੋਂ ਇਹ ਸਚਾਈ ਉਘੜਕੇ ਸਾਹਮਣੇ ਆਉਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ



www.AKJ.Org

ਮੁੰਦਾਵਣੀ ਉੱਪਰ ਹੀ ਸੀ ਜਿਸ ਦੇ ਹੇਠਾਂ ੧੭੫੨ ਦੀ ਲਿਖੀ ਬੀੜ ਦੀ ਸੂਚਨਾ ਲੋਕਾਂ ਦੇ ਭਰਮ ਭੁਲੇਖਿਆ ਨੂੰ ਕੱਟਣ ਹਿੱਤ ਇਹ ਵਾਕ ਲਿਖਿਆ ਗਿਆ :

'ਏਹੁ ਭੋਗ ਸ੍ਰੀ ਆਦਿ ਗ੍ਰੰਥ ਜੀ ਹੈ'

ਦਿੱਤੀਆਂ ਜਾ ਰਹੀਆਂ ਬੀੜਾਂ ਦਾ ਵੇਰਵਾ, ਚਿੱਤ੍ਰਾਂ ਤੋਂ ਪਿੱਛੋਂ, ਆਪ ਪੜ੍ਹੋਗੇ ਅਤੇ ਇਸ ਨਿਰਣਈ ਤੱਥ ਤੇ ਪੁਜੋਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਮੁੰਦਾਵਣੀ ਦੇ ਦੋਵੇਂ ਸਲੋਕਾਂ ਨੂੰ ਪੜ੍ਹ ਕੇ ਪਾਉਣਾ ਹੀ ਪੁਰਾਤਨ (ਗੁਰੂ ਸਾਹਿਬਾਨ ਵੇਲੇ ਤੋਂ) ਮਰਯਾਦਾ ਹੈ।

## ਆਦਿ ਗ੍ਰੰਥ ਨਾਲ ਸੋਧਿਆ ਗ੍ਰੰਥ

ਜੋ ਪਾਵਨ ਪਵਿੱਤਰ ਸ਼ੁੱਧ ਸਰੂਪ, ਆਦਿ ਗ੍ਰੰਥ ਜੀ ਦੀ ਬੀੜ ਸੰਨ ੧੯੭੭ ਵਿੱਚ ਅੰਮ੍ਰਿਤਸਰ ਤੋਂ ਲੇਖਕ ਨੂੰ ਪ੍ਰਾਪਤ ਹੋਈ। ਇਸ ਬੀੜ ਤੋਂ ਬੀੜਾਂ ਦੀ ਖੋਜ ਦੇ ਕਈ ਪੱਖ ਸਪੱਸ਼ਟ ਹੋਏ ਅਤੇ ਕਈ ਤੁਕਾਂ ਜਾਂ ਰਚਨਾਵਾਂ ਤੇ ਪਾਠ ਭੇਦਾਂ ਦਾ ਆਦਿ ਬੀੜ ਵਿੱਚ ਹੋਣ ਜਾਂ ਨਾ ਹੋਣ ਦਾ ਪਤਾ ਚੱਲਿਆ। ਇਸ ਬੀੜ ਤੋਂ ਹੁੱਜਤਾਂ ਅਤੇ ਮਨਆਈਆਂ ਬੇਅਰਥੀਆਂ ਉਕਤੀਆਂ ਘੜ ਕੇ ਭਰਮ ਗ੍ਰਸਤ ਦਲੀਲਾਂ ਦੇ ਨਾਲ ਢੁੱਚਰਾਂ ਭੇੜਨ ਵਾਲਿਆਂ ਦੇ ਯਤਨ ਬੇਅਰਥੇ ਸਿੱਧ ਹੁੰਦੇ ਹਨ ਕਿ ਸਿੱਖਾਂ ਪਾਸ ਮੂਲ ਆਧਾਰ ਵਾਲੀ ਕੋਈ ਬੀੜ ਨਹੀਂ। ਬੀੜਾਂ ਬਾਰੇ ਲਿਖਣ ਵਾਲਿਆਂ ਵੱਲੋਂ ਜੋ ਵਾਧੇ ਘਾਟੇ, ਅਦਲਾ ਬਦਲੀ ਕਰਨ ਦੇ ਕੁਚੱਜ ਵਰਤੇ ਗਏ ਸਨ ਉਨ੍ਹਾਂ ਮਨਆਈਆਂ ਨੂੰ ਦੂਰ ਕਰਨ ਵਾਲੀ ਗੁਰੂ ਸਾਹਿਬਾਂ ਦੀ ਇਹ ਬੀੜ ਇਕ ਪ੍ਰਬਲ ਆਧਾਰ ਹੈ। ਬੁਨਿਆਦੀ ਗੁਣਾਂ ਕਾਰਨ ਹੁਣ ਤੱਕ ਪ੍ਰਾਪਤ ਹੋਈਆਂ ਹੱਥ ਲਿਖਤ ਪੁਰਾਤਨ ਬੀੜਾਂ ਵਿੱਚੋਂ ਸਭ ਤੋਂ ਉੱਤਮ ਅਤੇ ਅਮੁੱਲ ਹੈ।

੧੨ ਇੰਚ ਲੰਬੀ ਤੇ ੧੪ ਇੰਚ ਚੌੜੀ ਮੰਝੀ ਹੋਈ ਸਰਲ ਤੇ ਸਪੱਸ਼ਟ ਲਿਖਣ ਸ਼ੈਲੀ ਸਾਰੀ ਬੀੜ ਵਿਚ ਨਿਭਾਈ ਗਈ ਹੈ। ਅੰਦਰਲੀ ਗਵਾਹੀ ਤੋਂ ਪਤਾ ਚਲਦਾ ਹੈ ਕਿ ਇਸ ਗ੍ਰੰਥ ਜੀ ਦਾ ਮੂਲ ਖਰੜਾ ਜਾਂ ਪਹਿਲੀ ਸੈਂਚੀ ਆਦਿ ਬੀੜ ਦੀ ਕਿਸੇ ਅਜੇਹੀ ਸ਼ਾਖ ਤੋਂ ਨਕਲ ਕੀਤੀ ਗਈ ਸੀ ਜਿਸ ਵਿੱਚ ਲਿਖਾਰੀ ਨੇ ਆਪਣੀ ਮਨਮਰਜੀ ਵੀ ਕੀਤੀ ਹੋਈ ਸੀ ਜਾਂ ਮਨ ਮਰਜ਼ੀ ਕਰਨ ਵਾਲੇ ਕਿਸੇ ਲਿਖਾਰੀ ਤੋਂ ਨਕਲ ਕੀਤੀ ਗਈ ਹੈ।

ਭਾਵੇਂ ਪਹਿਲੇ ਲਿਖਾਰੀ ਨੇ ਨਕਲ ਕਰਨ ਸਮੇਂ ਵੀ ਆਦਿ ਗ੍ਰੰਥ ਜੀ ਦੀ ਸ਼ਾਖ ਨੂੰ ਹੀ ਪ੍ਰਮੁਖਤਾ ਦਿੱਤੀ ਸੀ ਫਿਰ ਵੀ ਉਸ ਵਿੱਚ ਪਰਮ ਪਵਿੱਤਰ ਆਦਿ ਬੀੜ ਤੋਂ ਕਈ ਥਾਂਈ ਰਚਨਾਵਾਂ ਸ਼ਬਦ ਆਦਿ ਭਿੰਨ ਸਨ, ਕਿਧਰੇ ਕਿਧਰੇ ਪ੍ਰਚੱਲਤ ਹੋਏ ਵਾਧੂ ਸ਼ਬਦਾਂ ਦੀਆਂ ਤੁਕਾਂ ਵੀ ਆ ਗਈਆਂ ਸਨ। ਸੋਧਣ ਨਾਲ ਇਹ ਸੰਚਯ ਸ਼ੁੱਧ ਅੰਮ੍ਰਿਤ ਰੂਪ ਹੋ ਨਿਬੜਿਆ। ਆਦਿ ਗੁਰੂ ਗ੍ਰੰਥ ਸਾਹਿਬ ਤੋਂ ਇਤਨੀ ਮੇਹਨਤ ਤੇ ਬਰੀਕੀ ਨਾਲ



www.AKJ.Org

ਇਸ ਗ੍ਰੰਥ ਦੀ ਸੁਧਾਈ ਕੀਤੀ ਗਈ ਹੈ ਕਿ ਹਜ਼ਾਰਾਂ ਬੀੜਾਂ ਦੇ ਦਰਸ਼ਨ ਕਰਨ ਪਿੱਛੋਂ ਲੇਖਕ ਆਖ ਸਕਦਾ ਹੈ, ਇਸ ਜਿਹੀ ਸੂਖਮ ਸੂਝ ਤੇ ਘਾਲਨਾ ਨਾਲ ਸੋਧੀ ਹੋਈ ਹੋਰ ਕੋਈ ਬੀੜ ਸਾਡੀ ਨਜ਼ਰ ਵਿੱਚ ਨਹੀਂ ਆਈ। ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਸੰਚਯ ਛਾਪਣ ਲਈ ਇਹ ਬੀੜ ਸਹਾਇਕ ਹੋ ਸਕਦੀ ਹੈ। ਪਹਿਲੇ ਖਾਲੀ ਸਫ਼ਿਆਂ ਉੱਪਰ ਇੱਕ ਸਲੋਕ "ਧਰਿ ਜੀਅਰੇ ਇੱਕ ਟੇਕ ਤੂੰ ਲਾਹੇ ਬਡਾਨੀ ਆਸ, ਨਾਨਕ ਨਾਮ ਧਿਆਈਐ ਕਾਰਜ ਆਵੈ ਰਾਸ" ਵਿਸ਼ੇਸ਼ ਮੂਲ ਮੰਤਰ ਸਮੇਤ ਲਿਖ ਕੇ ਲਗਾਇਆ ਮਿਲਦਾ ਹੈ ਜੋ ਗ੍ਰੰਥ ਰਚਨਾ ਲਈ ਗੁਰੂ ਸਾਹਿਬਾਨ ਤੋਂ ਪ੍ਰਾਪਤ ਹੋਇਆ ਅਸ਼ੀਰਵਾਦ ਅਨੁਭਵ ਹੁੰਦਾ ਹੈ। ਵੱਡੇ ਤਤਕਰੇ ਦੇ ਆਰੰਭ ਵਿੱਚ ਇਸ ਸ਼ਾਖ ਦੀ ਵਿਲੱਖਣਤਾ ਦਰਸਾਉਣ ਵਾਲੀ ਸੂਚਨਾ ਇਸ ਤਰ੍ਹਾਂ ਦਰਜ ਹੈ :

**੧ੴ ਸਤਿਗੁਰ ਪ੍ਰਸਾਦਿ।**

**ਤਤਕਰਾ ਸੂਚੀ ਪਤਿ ਪੋਥੀ ਕਾ ਤਤਕਰਾ ਰਾਗਾਂ ਕਾ।**

**ਜਪੁ ਸ੍ਰੀ ਗੁਰੂ ਰਾਮਦਾਸ ਜੀਉ ਕਿਆ ਦਸਤਖਤਾਂ ਕੀ ਨਕਲੁ**

ਉਪਰਲੀ ਸੂਚਨਾ ਵਿੱਚ ਪਹਿਲਾਂ ਲਿਖਿਆ ਸੀ :

ਤਤਕਰਾ ਸਮੂਹ ਰਾਗਾਂ ਕਾ ਤਥਾ ਸ਼ਬਦਾਂ ਕਾ

ਜਿਨ੍ਹਾਂ ਅੱਖਰਾਂ ਹੇਠਾਂ ਅਸੀਂ ਲੀਕ ਕੱਢੀ ਹੈ, ਉਹ ਇਹ ਦੱਸਣ ਲਈ ਹੈ ਕਿ ਪਹਿਲਾਂ ਲਿਖੇ ਇਹਨਾਂ ਅੱਖਰਾਂ ਨੂੰ ਹੜਤਾਲ ਫੇਰ ਕੇ ਦੂਜੀ ਵਾਰ ਸ਼ੁੱਧ ਸੂਚਨਾ ਉੱਨੀ ਕੁ ਤੇ ਉਹੋ ਲਿਖੀ ਹੈ ਜੋ ਆਦਿ ਗ੍ਰੰਥ ਜੀ ਵਿੱਚ ਸੀ।

ਤਤਕਰੇ ਵਿੱਚ **ਸੋ ਪੁਰਖ** ਦੀ ਸੂਚਨਾ ਤੀਜੇ ਥਾਂ ਲਿਖੀ ਹੈ, ਕਿਉਂਕਿ ਸੋ **ਪੁਰਖ** ਮੂਲ ਆਦਿ ਗ੍ਰੰਥ ਵਿੱਚ ਨਹੀਂ ਸੀ। ਇਥੇ (ਤਤਕਰੇ ਦੀ) ਸੂਚਨਾ ਵਿੱਚ ਨਾਮ ਕਾਇਮ ਹੈ, ਪਰ ਬੀੜ ਵਿੱਚ **ਸੋ ਪੁਰਖ** ਉੱਤੇ ਹੜਤਾਲ ਫੇਰੀ ਹੋਈ ਹੈ। ਦੋਵੇਂ ਤਤਕਰਿਆਂ ਵਿੱਚ ਭੋਗ ਦੀ ਬਾਣੀ ਦੀ (ਮੁੰਦਾਵਣੀ ਤੇ ਭੋਗ ਤੱਕ) ਆਦਿ ਗ੍ਰੰਥ ਵਾਲੀ ਹੀ ਤਰਤੀਬ ਹੈ, ਇਸ ਵਿੱਚ ਸਵੱਈਆ, ਵਾਰਾਂ ਤੋਂ ਵਧੀਕ ਪਿੱਛੋਂ ਭੋਗ ਮੁੰਦਾਵਣੀ ਦੇ ਸਲੋਕਾਂ ਉੱਪਰ ਪੈਂਦਾ ਹੈ।

**ਪ੍ਰਭਾਤੀ ਰਾਗ ਪਿੱਛੋਂ ਭੋਗ ਦੀ ਬਾਣੀ ਦੀ ਤਰਤੀਬ ਇਸ ਤਰ੍ਹਾਂ ਹੈ :**

| | | |
|---|---|---|
| ਸਲੋਕ ਸਹਸਕ੍ਰਿਤੀ | ਪੱਤ੍ਰਾ | ੪੮੯ |
| ਗਾਥਾ | " | ੪੯੨ |
| ਫੁਨਹੇ | " | ੪੯੨ |
| ਚਉਬੋਲੇ | " | ੪੯੪ |



www.AKJ.Org

| | | |
|---|---|---|
| ਸਲੋਕ ਕਬੀਰ ਜੀਉ ਕੇ | ” | ੪੯੬ |
| ਸਲੋਕ ਸ਼ੇਖ ਫਰੀਦ ਕੇ | | |
| ਸਵੱਯੇ ਸ੍ਰੀ ਮੁਖਵਾਕ | ” | ੫੦੩ |
| ਸਵੱਯੇ ਭੱਟਾਂ ਕੇ | ” | ੫੧੧ |
| ਸਲੋਕ ਵਾਰਾਂ ਤੇ ਵਧੀਕ ਤੇ ਮੁੰਦਾਵਣੀ | ” | ੫੧੭ |

ਮੁੰਦਾਵਣੀ ਦੇ ਹੇਠਾਂ ਲਾਈਨ ਖਿੱਚੀ ਹੈ।

ਜਿਵੇਂ ਕਿ ਸਮੂਹ ਲਿਖਤੀ ਬੀੜਾਂ ਵਿੱਚ ਦੋਵੇਂ ਪਾਸੀਂ ਅੰਕ ਜਾਂ ਸਫ਼ੇ ਨਹੀਂ ਲਿਖੇ ਜਾਂਦੇ ਸਨ। ਪੱਤ੍ਰਿਆਂ ਦਾ ਅੰਕ ਹਰ ਪੱਤਰੇ ਦੇ ਸੱਜੇ ਪਾਸੇ ਲਿਖਿਆ ਜਾਂਦਾ ਰਿਹਾ ਹੈ। ਇਸ ਲਈ ਦੂਜਾ ਪਾਸਾ ਵੀ ਉਸੇ ਪੱਤਰੇ ਦੀ ਗਿਣਤੀ ਵਿੱਚ ਸ਼ਾਮਲ ਹੁੰਦਾ ਹੈ। ਤਤਕਰੇ ਵਾਲੇ ਪੱਤਰੇ ਦਾ ਅੰਕ '੧' ਹੈ। ਦੂਜੇ ਪਾਸੇ ਵੱਡਾ ਤਤਕਰਾ ਚਲਦਾ ਹੈ।

ਜਿੱਥੇ ਰਾਗਾਂ ਤੋਂ ਪਿੱਛੋਂ ਲਿਖੀ ਬਾਣੀ ਦੇ ਤਤਕਰੇ ਦੇ ਆਰੰਭ ਵਿੱਚ ੧ਓ ਸਤਿਗੁਰੂ ਪ੍ਰਸਾਦਿ ਦਾ ਮੰਗਲ ਦੇ ਕੇ ਤਤਕਰੇ ਵਿੱਚ ਮੁੰਦਾਵਣੀ ਤੱਕ ਲਿਖੀਆਂ ਸਾਰੀਆਂ ਬਾਣੀਆਂ ਦੀ ਸੂਚਨਾ ਲਿਖੀ ਹੈ। ਇਸ ਪੱਤਰੇ ਦਾ ਪੌਣਾ ਭਾਗ ਖਾਲੀ ਹੈ। ਸਾਹਮਣਾ ਪੱਤਰਾ ਵੀ ਪੂਰਾ ਖਾਲੀ ਹੈ। ਸਾਹਮਣੇ ਪੱਤਰੇ ਦੇ ਦੂਜੇ ਪਾਸੇ ਜਿੱਥੋਂ ਗ੍ਰੰਥ ਜੀ ਅਰੰਭ ਹੁੰਦੇ ਹਨ ਖਾਲੀ ਪੱਤਰੇ ਦੇ ਮੱਧ ਵਿੱਚ ਹੇਠ ਲਿਖੀ ਮਹੱਤਵਪੂਰਨ ਸੂਚਨਾ ਦਿੱਤੀ ਹੈ :

**ਇਹ ਗ੍ਰੰਥ ਸ੍ਰੀ ਆਦਿ ਗ੍ਰੰਥ ਜੀ ਨਾਲ ਸੋਧਿਆ ਹੈ, ਲਗ, ਕੰਨਾ, ਮਾਤਰ ਜਿਉਂ ਕਾ ਤਿਉਂ ਰੱਖਣਾ**

ਸਪੱਸ਼ਟ ਹੈ ਇਹ ਨੋਟ ਗ੍ਰੰਥ ਨੂੰ ਸੋਧਣ ਪਿੱਛੋਂ ਲਿਖਿਆ ਹੈ, ਪਰ ਲਿਖਤ ਓਸੇ ਲਿਖਾਰੀ ਦੀ ਹੀ ਹੈ ਜਿਸ ਲਿਖਾਰੀ ਨੇ ਪਹਿਲਾਂ ਸਾਰੀ ਬੀੜ ਲਿਖੀ ਤੇ ਸੋਧੀ ਹੈ। ਗ੍ਰੰਥ ਵਿੱਚ ਕੀਤੀਆਂ ਸੋਧਾਂ ਦੇਖ ਕੇ ਇੰਝ ਲੱਗਦਾ ਹੈ ਸਚਮੁਚ ਹੀ ਅੱਖਰ-ਅੱਖਰ ਮਿਲਾ ਕੇ ਸੋਧੀ ਹੋਈ ਹੈ। ਇਸ ਗ੍ਰੰਥ ਦੇ ਸੋਧਕ ਨੇ ਬਹੁਤ ਹੀ ਪ੍ਰੀਤ ਤੇ ਨੀਝ ਨਾਲ ਇਸ ਤਰ੍ਹਾਂ ਦੀ ਸੇਵਾ ਕੀਤੀ ਹੈ ਜਿਸ ਦਾ ਦਾਹਵਾ ਲਗ, ਕੰਨਾ ਤੱਕ ਸੋਧਣ ਦਾ ਠੀਕ ਉਤਰਦਾ ਹੈ। ਜਿੰਨੀਆਂ ਸੋਧਾਂ ਤੇ ਹੜਤਾਲ ਫੇਰ ਕੇ ਪਾਠ ਸੋਧੇ ਹਨ ਸਾਰੇ ਲਿਖੇ ਜਾਣ ਤਾਂ ਇੱਕ ਛੋਟੀ ਪੋਥੀ ਬਣ ਜਾਵੇਗੀ। ਕੁਝ ਕੁ ਸੋਧਾਂ ਦੇ ਹਵਾਲੇ ਦਿੱਤੇ ਜਾਂਦੇ ਹਨ, ਜਿਨ੍ਹਾਂ ਤੋਂ ਇਸ ਗ੍ਰੰਥ ਨੂੰ ਆਦਿ ਗ੍ਰੰਥ ਨਾਲ ਸ਼ੁੱਧ ਕਰਨ ਦੀ ਪ੍ਰੋੜਤਾ ਹੁੰਦੀ ਹੈ। **ਸੋ ਪੁਰਖ** ਛੇਵੇਂ ਗੁਰੂ ਜੀ ਦੇ ਸਮੇਂ ਲਿਖਿਆ ਜਾਣਾ ਆਰੰਭ ਹੋਇਆ ਇਸ ਕਰਕੇ ਆਦਿ ਬੀੜ ਅਨੁਸਾਰ ਹੜਤਾਲ ਫੇਰੀ ਗਈ। ਧੁਨਾਂ ਸਾਰੀਆਂ ਆਈਆਂ ਹਨ, ਰਾਗਾਂ ਦੇ ਅੰਤ ਵਿੱਚ ਬਾਣੀ ਦੇ ਸ਼ਬਦਾਂ ਦੇ ਜੋੜ ਦਿੱਤੇ ਹਨ। ਬਹੁਤ ਥਾਂਵਾਂ ਤੇ ਮੂਲ ਮੰਤਰ ਤੇ ਰਾਗਾਂ



www.AKJ.Org

ਜਾਂ ਬਾਣੀ ਦੀ ਸੂਚਨਾ ਭਾਵੇਂ ਉਹੋ ਹੈ, ਪਰ ਸੋਧਕ ਨੇ ਉਹ ਹੜਤਾਲ ਦੀ ਮੱਦਦ ਨਾਲ ਆਦਿ ਗ੍ਰੰਥ ਜੀ ਵਾਂਗ ਮੂਲਮੰਤਰ ਤੇ ਸੂਚਨਾਵਾਂ ਸੋਧ ਕੇ ਲਿਖੀਆਂ ਹਨ (ਪ੍ਰਮਾਣ ਲਈ ਪੱਤਰਾ ਨੰ: ੪੧ ਤੇ ਪੱਤਰਾ ਨੰ: ੫੬ ਦੇਖੇ ਜਾ ਸਕਦੇ ਹਨ) ਅਤੇ ਕਈ ਥਾਂ ਸੋਧਕ ਨੇ ਵਿਲੱਖਣ ਤਰੀਕਾ ਵਰਤਿਆ ਹੈ। ਥਿਤੀ, ਕਬੀਰ ਜੀ ਕੀ ਸਿਰਲੇਖ ਤੋਂ ਪਹਿਲਾਂ ਮੰਗਲ ਲਿਖਕੇ ਫਿਰ ਥਿਤੀ ਦੀ ਮੁੜ ਸੂਚਨਾ ਦਿੱਤੀ ਹੈ (ਪੱਤ੍ਰਾ - ੧੨੯) ਗਉੜੀ ਰਾਗ ਦੇ ਵਾਰ ਕਬੀਰ ਜੀਉ ਦੇ ਸ਼ਬਦ ਪਹਿਲੇ ਲਿਖਾਰੀ ਨੇ- 'ਧਰਿ ਅੰਬਰ ਵਿੱਚ ਬੇਲੜੀ' ਸਲੋਕ ਲਿਖ ਦਿੱਤਾ ਸੀ ਫਿਰ ਸੋਧਣ ਸਮੇਂ ਹੜਤਾਲ ਦਿੱਤਾ ਹੈ। ਪੱਤ੍ਰਾ ੧੬੦ ਉੱਤੇ ਆਸਾ ਰਾਗ ਵਿੱਚ 'ਕਰਵਤ ਭਲਾ ਨਾ ਕਰਵਟ ਤੇਰੀ' ਦੇ ਨਾਲ ਲੱਗਦਾ 'ਰਾਮ ਮੇਰੋ ਸਾਸੁਰ' (ਸਹੁਰੇ ਸਾਲੇ ਵਾਲਾ) ਵਾਲਾ ਸ਼ਬਦ ਨਹੀਂ ਹੈ। ਰਾਗ ਗੂਜਰੀ ਵਿੱਚ ਤ੍ਰਿਲੋਚਨ ਜੀ ਦਾ ਸ਼ਬਦ 'ਨਉਨਿਧਿ ਪਰਸੀ ਕਾਏ ਰੇ' ਪਹਿਲਾਂ ਲਿਖਿਆ ਹੋਇਆ ਸੀ, ਸੋਧਣ ਵੇਲੇ ਇਸ ਸ਼ਬਦ ਉੱਤੇ ਹੜਤਾਲ ਫੇਰੀ ਹੈ। ਇਹ ਸ਼ਬਦ ਲਹੌਰੀ ਬੀੜ ਦੀਆਂ ਸ਼ਾਖਾਂ ਤੋਂ ਆਇਆ ਹੈ। ਰਾਗ ਸੋਰਠਿ ਅੰਦਰ ਭਾਈ ਬੰਨੋ ਜੀ ਦੀ ਸ਼ਾਖ ਦੀਆਂ ਬੀੜਾਂ ਵਿੱਚੋਂ ਆਇਆ ਸ਼ਬਦ 'ਅਉਧੂ ਸੋ ਜੋਗੀ ਗੁਰ ਮੇਰਾ' ਪੂਰਾ ਸ਼ਬਦ ਜਾਂ ਦੋ ਤੁਕਾਂ ਕਿਸੇ ਵੀ ਰੂਪ ਵਿੱਚ ਨਹੀਂ।

'ਰਣਝੁੰਝਨੜਾ' ਦੀਆਂ ਤੁੱਕਾਂ ਸੋਧਕ ਨੇ ਪਹਿਲੀ ਲਿਖਤ ਉੱਤੇ ਹੜਤਾਲ ਫੇਰਕੇ ਲਿਖੀਆਂ ਹਨ, ਅੱਧੀ ਤੁਕ ਹਾਸ਼ੀਏ ਉੱਤੇ ਹੈ। ਸਪੱਸ਼ਟ ਹੈ ਆਦਿ ਬੀੜ ਵਿੱਚ ਦੋ ਤੁਕਾਂ ਹੀ ਸਨ। ਮਾਰੂ ਅੰਜਲੀਆਂ ਵਿੱਚ ਪੱਤਰਾ ੩੬੦ ਉੱਪਰ ਹਾਸ਼ੀਏ ਉੱਤੇ, ਵਿੱਚ ਨੀਸ਼ਾਨੀ ਦੇ ਕੇ ਮਹੱਤਵਪੂਰਨ ਸੂਚਨਾ ਲਿਖੀ ਹੈ- "ਲਾਲੈ ਗਰਬ ਛੋਡਿਆ" ਦੀ ਅਸ਼ਟਪਦੀ ਮਹਲੇ ਪਹਿਲੇ ਕੀ ਹੈ। ਚਹੁੰ ਕੇ ਆਗੇ ਪੰਜਵੀਂ ਲਿਖੀ ਹੈ ਤੀਜੇ ਮਹਲੇ ਕੇ ਵਿੱਚ ਹੈ। ਉੱਥੋਂ ਹਟਾਇਕੇ ਪਹਿਲੇ ਮਹਲੁ ਲਿਖਣੀ ਪੰਜਵੇਂ ਥਾਂਇ। ਤੀਜੇ ਮਹਲੇ ਕੇ ਨਾ ਹੀ ਆਦਿ ਗ੍ਰੰਥ ਜੀ ਮੇ ਇਸ ਤਰ੍ਹਾ ਲਿਖੀ ਹੈ। ਇਸ ਸੂਚਨਾ ਤੋਂ ਪਤਾ ਲਗਦਾ ਹੈ ਕਿ ਇਸ ਬੀੜ ਦੀ ਸੁਧਾਈ ਆਦਿ ਬੀੜ ਨਾਲ ਬਹੁਤ ਹੀ ਸੂਖਮ ਦ੍ਰਿਸ਼ਟੀ ਨਾਲ ਕੀਤੀ ਗਈ ਹੈ।

ਇਹ ਸੂਚਨਾ ਜਿੱਥੇ, ਇਹ ਦੱਸਦੀ ਹੈ ਕਿ ਇਸ ਬੀੜ ਨੂੰ ਆਦਿ ਗ੍ਰੰਥ ਨਾਲ ਸੋਧਣ ਸਮੇਂ ਸ਼ਬਦਾਂ ਨੂੰ ਏਸ ਧਿਆਨ ਨਾਲ ਵੀ ਦੇਖਿਆ ਗਿਆ ਹੈ ਕਿ ਕੋਈ ਸ਼ਬਦ ਪਹਿਲੇ ਲਿਖਾਰੀ ਤੋਂ ਜੋ ਠੀਕ ਥਾਂ ਨਹੀਂ ਲਿਖਿਆ ਗਿਆ ਸੀ, ਉਸ ਨੂੰ ਠੀਕ ਥਾਂ ਲਿਖਣ ਦਾ ਸੰਕੇਤ ਵੀ ਕੀਤਾ ਹੈ। ਇਸ ਸੰਕੇਤ ਦਾ ਆਧਾਰ ਆਦਿ ਗ੍ਰੰਥ ਜੀ ਵਿੱਚ ਇਸ ਤਰ੍ਹਾਂ ਲਿਖੇ ਲਫ਼ਜ ਸਿੱਧ ਕਰਦੇ ਹਨ ਕਿ ਠੀਕ ਆਦਿ ਗ੍ਰੰਥ ਜੀ ਨਾਲ ਇਸ ਗ੍ਰੰਥ ਨੂੰ ਲਗ, ਕੰਨਾ, ਮਾਤ੍ਰ, ਤੱਕ ਸੋਧਿਆ ਗਿਆ ਹੈ।

ਪੱਤਰਾ ੪੦੨ ਮਾਰੂ ਰਾਗ ਵਿੱਚ ਗਲਤੀ ਨਾਲ ਪਹਿਲੀ ਬੀੜ ਦੇ ਲਿਖਾਰੀ ਵੱਲੋਂ ਮੀਰਾਂਬਾਈ ਦਾ ਪਦ ਲਿਖਿਆ ਗਿਆ ਸੀ। ਸੋਧਕ ਨੇ ਬਹੁਤ ਗੂੜ੍ਹੀ ਪਰ ਸਫਾਈ ਨਾਲ ਉਸ ਉੱਤੇ ਹੜਤਾਲ ਫੇਰ ਦਿੱਤੀ ਹੈ। ਅਗਲੀਆਂ ਬੀੜਾਂ ਵਿੱਚ ਇਹ ਸੂਚਨਾ



www.AKJ.Org

ਲਿਖੀ ਪੜ੍ਹੀ ਜਾਵੇਗੀ ਕਿ ਮੀਰਾਂਬਾਈ ਦਾ ਪਦਾ, ਆਦਿ.ਬੀੜ ਵਿੱਚ ਸਾਹਿਬਾਂ ਨੇ ਨਹੀਂ ਚੜਾਇਆ ਸੀ। ਏਸੇ ਬੀੜ ਵਿੱਚ ਹੜਤਾਲ ਫੇਰ ਕੇ ਇਸ ਭੁੱਲ ਨੂੰ ਲਿਖਾਰੀ ਤੇ ਸੋਧਕ ਨੇ ਆਦਿ ਗ੍ਰੰਥ ਮੁਤਾਬਿਕ ਆਪਣੀ ਬੀੜ ਦੀ ਸੁਧਾਈ ਕਰ ਲਈ। ਕਿਸੇ ਵੀ ਬੀੜ ਵਿੱਚ, ਜਿਸ ਵਿੱਚ ਮੀਰਾਂਬਾਈ ਦਾ ਸ਼ਬਦ ਲਿਖਿਆ ਹੋਵੇ, ਉਹ ਵੀ ਮੂਲ ਰੂਪ ਲੇਖਕ ਦਾ, ਤਾਂ ਉਹ ਬੀੜ ਆਦਿ ਬੀੜ ਦੀ ਸ਼ਾਖ ਦੀ ਨਹੀਂ ਹੋ ਸਕਦੀ। (ਇਸ ਬਾਰੇ ਚਰਚਾ ਵੱਖਰੀ ਬੀੜਾਂ ਦੇ ਇਤਿਹਾਸ ਵਿੱਚ ਦਿੱਤੀ ਹੈ)। ਸੂਰਦਾਸ ਦੇ ਪਦੇ ਦੀ ਇੱਕ ਤੁਕ (ਪੱਤਰਾ ੪੫੫ ਉੱਪਰ) ਢੁੱਕਵੇਂ ਥਾਂ ਮੂਲ ਲਿਖਾਰੀ ਦੀ ਲਿਖੀ ਹੋਈ ਹੈ :

'ਛਾਡਿ ਮਨ ਹਰਿ ਬਿਮੁਖਨ ਕੋ ਸੰਗ' (ਇੱਕੋ ਤੁੱਕ ਹੈ) ਇਸ ਪਦੇ ਦੇ ਰਹਿੰਦੇ ਹਿੱਸੇ ਜੋ ਭਾਈ ਬੰਨੋ ਦੀ ਸ਼ਾਖ ਵਿੱਚ ਮਿਲਦੇ ਹਨ, ਉਨ੍ਹਾਂ ਬਾਰੇ ਸਪੱਸ਼ਟ ਪ੍ਰਗਟ ਹੁੰਦਾ ਹੈ ਕਿ ਗੁਰੂ ਜੀ ਨੇ ਮੁੱਢ ਤੋਂ ਹੀ ਆਦਿ ਬੀੜ ਵਿੱਚ ਇੱਕੋ ਤੁੱਕ ਰੱਖੀ ਸੀ।

ਪੱਤਰਾ ੫੦੪ ਮਹਲੇ ਦੂਜੇ ਕੇ ਸਵੱਈਏ ਵਿੱਚ : 'ਸੋ ਕਹੁ ਟਲ' ਪਾਠ ਮੁਢ ਤੋਂ ਹੀ ਹੈ ਏਥੇ ਟੱਲ ਤੋਂ ਕੱਲ ਬਨਾਉਣ ਲਈ ਕੋਈ ਛੇੜ ਛਾੜ ਨਹੀਂ ਕੀਤੀ ਗਈ।

ਵਾਰਾਂ ਤੋਂ ਵਧੀਕ ਸਲੋਕਾਂ ਵਿੱਚ 'ਗੁਰਮਤੀ ਹਰਿ ਹਰਿ ਬੋਲੇ' ਤੇ ਕਈ ਬੀੜਾਂ ਵਿੱਚ ਇੱਕ ਹੋਰ ਤੁਕ ਲਿਖੀ ਮਿਲਦੀ ਹੈ। ਇੱਥੇ ਵੀ ਪਹਿਲਾਂ ਲਿਖੀ ਹੋਈ ਸੀ ਉਸ ਉੱਤੇ ਹੜਤਾਲ ਫੇਰੀ ਹੋਈ ਹੈ। ਉਸ ਨੂੰ ਵੀ ਵਾਰਾਂ ਤੇ ਵਧੀਕ ਸਲੋਕਾਂ ਦੇ ਨਾਲ ਹੀ ਲਿਖ ਦਿੱਤਾ ਸੀ।

ਅੰਤਲੇ ਸਫ਼ੇ ਉੱਤੇ ਦੋਵੇਂ ਸਲੋਕ ਮੁੰਦਾਵਣੀ ਦੇ ਆਉਂਦੇ ਹਨ ਜਿਵੇਂ ਉੱਪਰ ਦੱਸਿਆ ਗਿਆ ਹੈ। ਤੇਰਾ ਕੀਤਾ ਜਾਤੋ ਨਾਹੀ 'ਜੋ ਪਹਿਲਾਂ ਮਹਲੇ ਪੰਜਵੇਂ ਦੇ ਸਲੋਕਾਂ ਵਿੱਚ ਲਿਖਿਆ ਸੀ ਉੱਥੋਂ ਹੜਤਾਲ ਫੇਰ ਕੇ ਮੁੰਦਾਵਣੀ ਦੇ ਨਾਲ ਇਸ ਸਫ਼ੇ ਉੱਤੇ ਪਹਿਲੇ ਲਿਖਾਰੀ ਨੇ 'ਤੇਰਾ ਕੀਤਾ ਜਾਤੋ ਨਾਹੀ', ਵਾਰਾਂ ਤੇ ਵਧੀਕ ਦੇ ਨਾਲ ਲਿਖ ਦਿੱਤਾ ਸੀ, ਉਸ ਉੱਤੇ ਹੜਤਾਲ ਫੇਰ ਦਿੱਤੀ ਹੈ ਤੇ ਮੁੰਦਾਵਣੀ ਤੋਂ ਪਿੱਛੋਂ ਕਰਕੇ 'ਤਨੁ ਮਨੁ ਥੀਵੈ ਹਰਿਆ' ਚਾਰ ਤੁਕਾਂ ਸਲੋਕ ਸਮਾਪਤੀ ਦਾ ਲਿਖਿਆ ਹੈ। ਤਤਕਰੇ ਦੇ ਆਰੰਭ ਵਿੱਚ 'ਜਪੁ ਗੁਰੂ ਰਾਮਦਾਸ ਜੀਉ ਕਿਆਂ ਦਸਤਖਤਾਂ ਦੀ ਨਕਲ' ਦੀ ਸੂਚਨਾ ਤੋਂ ਸਪੱਸ਼ਟ ਹੈ ਕਿ ਇਹ ਬੀੜ ਆਦਿ ਬੀੜ ਦੀ ਸ਼ਾਖ ਦੀ ਹੈ ਅਤੇ ਵਰਨਣ ਕੀਤੀਆ ਸੂਚਨਾਵਾਂ ਤੋਂ ਸਿੱਧ ਹੈ ਕਿ ਆਦਿ ਬੀੜ ਨਾਲ ਸੋਧੀ ਹੋਈ ਹੈ।

ਅਸੀਂ ਇਸ ਪੁਸਤਕ ਦੇ ਪ੍ਰਸੰਗ ਵਿੱਚ ਇਸ ਬੀੜ ਨੂੰ ਮੂਲ ਆਧਾਰ ਬਣਾਇਆ ਹੈ ਕਿਉਂਕਿ ਇਸ ਵਿੱਚ ਇਹ ਸੂਚਨਾ ਦਿੱਤੀ ਹੋਈ ਹੈ ਕਿ

**"ਇਹ ਗ੍ਰੰਥ ਸ੍ਰੀ ਆਦਿ ਗ੍ਰੰਥ ਜੀ ਨਾਲ ਸੋਧਿਆ ਹੈ, ਲਗ, ਕੰਨਾ, ਮਾਤਰ ਜਿਉਂ ਕਾ ਤਿਉਂ ਰੱਖਣਾ"।**

ਇਸ ਸੋਧੀ ਹੋਈ ਬੀੜ ਤੋਂ ਪ੍ਰਗਟ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਮੁੰਦਾਵਣੀ ਉੱਪਰ ਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਤਿਆਰ ਕਰਾਏ ਭਾਈ



www.AKJ.Org

ਗੁਰਦਾਸ ਭੱਲੇ ਦੇ ਲਿਖੇ ਉਸ ਆਦਿ ਗ੍ਰੰਥ ਦਾ ਭੋਗ ਮੁੰਦਾਵਣੀ ਉੱਤੇ ਪੈਂਦਾ ਸੀ। ਆਦਿ ਗ੍ਰੰਥ ਦੀ ਸ਼ਾਖ ਦੀਆਂ ਮਿਲਦੀਆਂ ਡੇਢ ਦਰਜਨ ਤੋਂ ਵੱਧ ਬੀੜਾਂ ਇਸ ਦਾ ਪ੍ਰਮਾਣ ਹਨ। ਜਿਨ੍ਹਾਂ ਦੇ ਤਤਕਰੇ ਦੇ ਆਰੰਭ ਵਿੱਚ 'ਜਪੁ ਗੁਰੂ ਰਾਮਦਾਸ ਜੀਉ ਕਿਆ ਦਸਤਖਤਾਂ ਕਾ ਨਕਲ' ਲਿਖਿਆ ਹੋਣਾ ਮੁੱਖ ਪਹਿਚਾਣ ਹੈ ਅਤੇ ਵਾਧੂ ਰਚਨਾਵਾਂ ਦਾ ਨਾ ਹੋਣਾ ਇੱਕ ਹੋਰ ਲੱਛਣ ਹੈ। ਇਸ ਤੋਂ ਇਲਾਵਾ ਆਦਿ ਗ੍ਰੰਥ ਨਾਲ ਸੋਧਣ ਦੀ ਸੂਚਨਾ ਅਤੇ ਉਸ ਉੱਤੇ ਦ੍ਰਿੜਤਾ ਨਾਲ ਅਮਲ ਕੀਤਾ ਹੋਣਾ ਤੀਜਾ ਪ੍ਰਬਲ ਲੱਛਣ ਹੈ। ਪੰਜ ਬੀੜਾਂ ਅਜੇਹੀਆਂ ਹਨ, ਜਿਨ੍ਹਾਂ ਤੋਂ ਸਪੱਸ਼ਟ ਤੌਰ ਤੇ 'ਤਨੁ ਮਨੁ ਥੀਵੈ ਹਰਿਆ' ਵਾਲੇ ਸਲੋਕ ਨੂੰ ਆਦਿ ਗ੍ਰੰਥ ਦਾ ਭੋਗ ਮੰਨਿਆ ਹੈ। ਇਨ੍ਹਾਂ ਵਿੱਚੋਂ ਇੱਕ ਅਦੁੱਤੀ ਬੀੜ ੧੭੫੨ ਸੰਮਤ ਦੀ ਸਿੱਖ ਰੈਫਰੈਂਸ ਲਾਇਬਰੇਰੀ ਤੋਂ ਪ੍ਰਾਪਤ ਹੋਈ ਹੈ।

## ਦੇਹਰਾਦੂਨ ਵਾਲੀ ਬੀੜ

ਦੂਜੀ ਬੀੜ ਦੇਹਰਾਦੂਨ ਦੇ ਦੇਹੁਰੇ ਵਿੱਚ ਹੈ ਜਿਸਦੀ ਤਸਵੀਰ ਅਸੀਂ ਆਰੰਭਕ ਬੀੜਾਂ ਦੇ ਚਿਤ੍ਰਾਂ ਵਿੱਚ ਦਿੱਤੀ ਹੈ, ਉਸ ਵਿੱਚ ਵੀ ਇਹ ਸੂਚਨਾ :

**ਏਹੁ ਭੋਗ ਸ੍ਰੀ ਆਦਿ ਗ੍ਰੰਥ ਜੀ ਹੈ।**

ਤਨੁ ਮਨੁ ਥੀਵੈ ਹਰਿਆ-ਪਿੱਛੇ ਲਿਖੀ ਮਿਲਦੀ ਹੈ, ਰਾਗਮਾਲਾ ਇਸ ਤੋਂ ਪਿੱਛੋਂ ਹੈ। ਦੇਹਰਾਦੂਨ ਵਾਲੀ ਬੀੜ ਨਾਲ ਮਿਲਦੀ ਤੀਜੀ ਬੀੜ ਇਸ ਵੇਲੇ ਉੱਥੇ ਦੇ ਸਿੰਘ ਸਭਾ ਗੁਰ-ਦੁਆਰੇ ਵਿੱਚ ਸਥਾਪਤ ਹੈ, ਜਿਸ ਵਿੱਚ ਅੰਤਲੇ ਸਲੋਕਾਂ ਉੱਤੇ ਹੜਤਾਲ ਫੇਰ ਕੇ ਕੁੱਝ ਛੇੜ-ਛਾੜ ਕੀਤੀ ਹੈ। ਪ੍ਰੰਤੂ, ਹੜਤਾਲ ਦੇ ਹੇਠਾਂ ਤੋਂ ਉੱਪਰ ਦੱਸੀ ਸੂਚਨਾ :

**'ਇਹੁ ਭੋਗ ਸ੍ਰੀ ਆਦਿ ਗ੍ਰੰਥ ਜੀ ਹੈ।'**

ਪੜ੍ਹੀ ਜਾਂਦੀ ਹੈ। ਇਸ ਤਰ੍ਹਾਂ ਤਿੰਨ ਬੀੜਾਂ ਸਾਡੇ ਸਾਹਮਣੇ ਹਨ, ਜਿਨ੍ਹਾਂ ਵਿੱਚ ਭੋਗ ਦੀ ਇਹ ਸੂਚਨਾ ਲਿਖੀ ਮਿਲਦੀ ਹੈ।

ਚੌਥੀ ਬੀੜ ਸੇਵਕ ਜਥਾ ਨਾਭਾ ਵਾਲੀ ਦੇਖੀ ਗਈ। ਜਿਸ ਦੇ ਹਾਸ਼ੀਏ ਉੱਤੇ ਲਿਖਿਆ ਨੋਟ, ਲਿਖਾਰੀ ਆਪਣੀ ਭੁੱਲ ਨੂੰ ਇਉਂ ਦਰੁਸਤ ਕਰਦਾ ਹੈ ਕਿ:

**"ਇਹ ਸਲੋਕ-ਤਨੁ ਮਨੁ ਥੀਵੈ ਹਰਿਆ-ਭੋਗ ਨੂੰ ਲਿਖਣਾ ਪੜ੍ਹਨਾ।"**

ਇਹ ਸੂਚਨਾ ਹੋਰ ਬੀੜਾਂ ਵਿੱਚ ਵੀ ਲਿਖੀ ਮਿਲਦੀ ਹੈ।

ਇਸ ਤਰ੍ਹਾਂ ਪੰਜ ਬੀੜਾਂ ਵਿੱਚ ਆਈ ਇਹ ਸੂਚਨਾ ਦਸਦੀ ਹੈ ਕਿ 'ਤੇਰਾ ਕੀਤਾ ਜਾਤੋ ਨਾਹੀਂ' ਸਲੋਕ ਦੀ ਅੰਤਲੀ ਤੁੱਕ 'ਤਨ ਮਨ ਥੀਵੈ ਹਰਿਆ' ਹੀ ਭੋਗ ਦੀ ਅੰਤਿਮ ਤੁਕ ਹੈ। ਇਨ੍ਹਾਂ ਬੀੜਾਂ ਦੇ ਚਿੱਤਰ ਇਸ ਪੋਥੀ ਵਿੱਚ ਦਿੱਤੇ ਗਏ ਹਨ। ਇਸ ਤਰ੍ਹਾਂ ਪੰਜ ਬੀੜਾਂ ਅਜੇਹੀਆਂ ਹੋ ਜਾਂਦੀਆਂ ਹਨ ਜਿਨ੍ਹਾਂ ਦਾ ਸਿੱਧਾ ਤੇ ਸਪੱਸ਼ਟ ਸਬੰਧ ਆਦਿ ਬੀੜ ਦੀਆਂ ਸ਼ਾਖਾ ਨਾਲ ਹੈ, ਜਿਨ੍ਹਾਂ ਵਿੱਚ ਭੋਗ ਮੁੰਦਾਵਣੀ ਦੇ ਸਲੋਕ (ਤਨ ਮਨ ਥੀਵੈ ਹਰਿਆ) ਉੱਤੇ ਪਾਏ ਜਾਣ ਦੀ ਸਪੱਸ਼ਟ ਹਦਾਇਤ ਹੈ।



www.AKJ.Org

ਇਨ੍ਹਾਂ ਬੀੜਾਂ ਦਾ ਵਰਨਣ ਉਸ ਸੂਚੀ ਵਿੱਚ ਨਹੀਂ ਜਿਹੜੀ ੧੯੧੭ ਵਿੱਚ ਛਪੀ **ਰਾਗਮਾਲਾ ਦਰਪਣ** ਨਾਮੀ ਪੁਸਤਕ ਵਿੱਚ **ਰਾਗਮਾਲਾ ਬਿਹੀਨ ਬੀੜਾਂ** ਦੇ ਸਿਰਲੇਖ ਹੇਠ ਛਪੀ ਹੋਈ ਹੈ। ਨਾਭੇ ਵਾਲੀ ਇੱਕ ਬੀੜ ਦਾ ਜ਼ਿਕਰ ਆਇਆ ਹੈ ਪਰ ਉੱਥੇ ਬੀੜਾਂ ਦੋ ਸਨ ਜਿਨ੍ਹਾਂ ਵਿੱਚ ਇੱਕ ਬਾਬਾ ਅਜਾਪਾਲ ਸਿੰਘ ਜੀ ਦੇ ਡੇਰੇ ਵਿੱਚ ਹੈ ਸੀ ਪਰ ਇਹ ਬੀੜ ਸੇਵਕ ਜਥੇ ਵਿੱਚ ਸੀ। ਉਸ ਦਾ ਵਰਨਣ **ਬੀੜਾਂ ਦਾ ਇਤਿਹਾਸ** ਪੁਸਤਕ ਵਿੱਚ ਦਿੱਤਾ ਹੈ।

## ਬੀੜ ਸਾਗਰੀ

੧੯੧੬-੧੭ ਦੀ ਚਰਚਾ ਸਮੇਂ ਜਿਨ੍ਹਾਂ ਰਾਗਮਾਲਾ ਰਹਿਤ ਬੀੜਾਂ ਦੇ ਨਾਮ ਖਾਸ ਤੌਰ ਤੇ ਸਾਹਮਣੇ ਆਏ, ਉਨ੍ਹਾਂ ਵਿੱਚ ਮਾਣਕਿਆਲਾ ਰਾਵਲਪਿੰਡੀ ਸਟੇਸ਼ਨ ਪਾਸ ਪਿੰਡ ਸਾਗਰੀ ਵਾਲੀ ਬੀੜ ਦਾ ਨਾਂ ਵੀ ਖਾਸ ਸੀ।

ਲੇਖਕ ਨੇ ੧੯੪੫ ਵਿੱਚ ਇਸ ਬੀੜ ਦੇ ਉੱਥੇ ਜਾ ਕੇ ਦਰਸ਼ਨ ਕੀਤੇ। ਬੀੜ ਲੰਮੀ ਤਖ਼ਤੀ ਸਾਈਜ਼ ਡੇਢ ਫੁੱਟ ੧੧ ਇੰਚ ਪੁਰਾਣੇ ਕਿਤਾਬੀ ਲੰਮੇ ਦਾਉ ਦੀ ਹੈ (ਸੀ)। ਸਾਰੀ ਬੀੜ ਇੱਕ ਹੱਥ ਦੀ ਲਿਖਤ, ਹਰ ਪੱਤਰੇ ਦੇ ਹਾਸੀਏ ਦੀਆਂ ਲੀਕਾਂ ਸੁਨਹਿਰੀ ਹਨ। ਬੀੜ ਦੀ ਸਮਾਪਤੀ ਮੁੰਦਾਵਣੀ ਮਹਲਾ ੫ ਪੱਤਰਾ ੭੦੨ ਉੱਤੇ ਹੈ। ਖੱਬੇ ਪਾਸੇ ਮੁੰਦਾਵਣੀ ਹੈ, ਸੱਜੇ ਪਾਸੇ ਸ੍ਰੀ ਗੁਰ ਜੀਓ ਮਹਲਾ ੬ ਦੇ ਨੀਸਾਣ ਹਨ। ਇਸ ਬੀੜ ਬਾਰੇ ਨੋਟ ਕਰਨ ਵਾਲਾ ਖਾਸ ਨੁਕਤਾ ਇਹ ਹੈ ਮੁੰਦਾਵਣੀ ਦੇ ਸਾਹਮਣੇ ਸਫ਼ੇ ਉੱਤੇ ਛੇਵੇਂ ਪਾਤਸ਼ਾਹ ਦਾ ਹੱਥ ਲਿਖਿਆ ਨੀਸਾਣ ਵਿਸ਼ੇਸ ਤੌਰ ਤੇ ਸਜਾਏ ਕਾਗਜ ਉੱਪਰ ਲਿਖਿਆ ਹੋਇਆ ਹੈ।

ਸਵੱਯੇ ਸ੍ਰੀ ਮੁਖ ਵਾਕ ਮਹਲਾ ਪਵਾਂ ਪਤਿ ੬੮੨
ਸਵੱਯੇ ਕਲ ਭੱਟ ਕੇ ਤਥਾ ਹੋਰਨ ਕੇ ਪਤਿ ੬੮੪
ਸਲੋਕ ਵਾਰਾਂ ਤੋਂ ਵਧੀਕ ਮਹਲਾ ੧ ਪਤਿ ੬੯੪
ਮੁੰਦਾਵਣੀ ਮਹਲਾ ਪਵਾਂ ਪਤਿ ੭੦੨

ਇਸ ਬੀੜ ਵਿੱਚ **ਸੋਦਰ** ਨਾਲ **ਸੋ ਪੁਰਖ** ਨਹੀਂ ਲਿਖਿਆ ਗਿਆ। ਇਸ ਬੀੜ ਵਿੱਚ ਪਿੱਛੇ ਇੱਕ ਲਿਖਾਰੀ ਨੇ ਛੇੜ-ਛਾੜ ਕਰਦਿਆਂ ਕਬੀਰ ਜੀ ਦੇ ਵਾਰ ਸੱਤ, ਦੇ ਆਰੰਭ ਦੇ ਹਾਸ਼ੀਏ ਉੱਤੇ ਕੁਝ ਖੁੱਲ੍ਹੀ ਥਾਂ ਵਿੱਚ ਘੁਸੇੜ ਕੇ 'ਧਰ ਅੰਬਰ ਵਿੱਚ ਬੇਲੜੀ' ਵਾਲਾ ਵਾਧੂ ਸਲੋਕ ਪਿੱਛੋਂ ਲਿਖਿਆ ਹੈ।

ਕਿਸੇ ਹੋਰ ਲਿਖਾਰੀ ਨੇ ਰਾਗ ਗੂਜਰੀ ਭਗਤਬਾਣੀ ਵਿੱਚ ਤ੍ਰਿਲੋਚਨ ਜੀ ਦਾ ਵਾਧੂ ਪਦਾ 'ਨਵ ਨਿਧ ਪਰਸੀ ਕਾਏ ਰੇ' ਜੋ ਮੂਲ ਲਿਖਾਰੀ ਦੀ ਲਿਖਤ ਵਿੱਚ ਨਹੀਂ ਸੀ ਵੱਖਰੀ ਕਲਮ ਤੇ ਵੱਖਰੀ ਸਿਆਹੀ ਨਾਲ ਹਾਸ਼ੀਏ ਉੱਤੇ ਹੀ ਲਿਖ ਛੱਡਿਆ ਹੈ।


www.AKJ.Org

## ਬੀੜ ਗੋਂਦਲਾ ਵਾਲਾ ਗੁਜ਼ਰਾਂਵਾਲਾ

ਗੁਜ਼ਰਾਂਵਾਲੇ ਤੋਂ ਲਹਿੰਦੇ ਵੱਲ ਤਿੰਨ ਕੋਹ ਵਾਟ ਤੇ ਗੋਂਦਲਾ ਵਾਲਾ ਪਿੰਡ ਹੈ। ਉਸ ਵੇਲੇ ਸੜਕ ਕੱਚੀ ਸੀ ਪਰ ਟਾਂਗੇ ਜਾਂਦੇ ਸਨ। ਮੁੱਖ ਸੜਕ ਉੱਪਰ ਗੁਰਦੁਆਰਾ ਸਿੰਘ ਸਭਾ ਗੋਂਦਲਾ ਵਿੱਚ ਇਸ ਬੀੜ ਦੇ ਦਰਸ਼ਨ ਕੀਤੇ। ੧੯੪੫ ਵਿੱਚ ਇਸ ਸਥਾਨ ਉੱਤੇ ਸਾਧੂ ਗੁਰ ਪ੍ਰਸਾਦ ਸੇਵਾ ਨਿਭਾ ਰਹੇ ਸਨ। ਉਨ੍ਹਾਂ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸ ਪਿੰਡ ਦਾ ਦੀਵਾਨ ਚੰਦ ਨਾਮੀ ਇੱਕ ਬੰਦਾ ਲਾਹੌਰ ਸਰਕਾਰ ਦਾ ਅਹਿਲਕਾਰ ਸੀ। ਉਨ੍ਹਾਂ ਨੂੰ ਕਿਸੇ ਥਾਂ ਤੋਂ ਇੱਕ ਬ੍ਰਿਧ ਹੱਥ - ਲਿਖਤ ਬੀੜ ਤੋਹਫੇ ਵਜੋਂ ਪ੍ਰਾਪਤ ਹੋਈ ਸੀ। ਉਨ੍ਹਾਂ ਹੀ ਇੱਥੇ ਡੇਰਾ ਸਥਾਪਤ ਕੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪ੍ਰਕਾਸ਼ਤ ਕੀਤੇ। ਛਾਪੇ ਦੀਆਂ ਬੀੜਾਂ ਚਲਣ ਨਾਲ ਇਹ ਬੀੜ ਸੰਭਾਲ ਕੇ ਰੱਖੀ ਜਾ ਰਹੀ ਹੈ, ਹੁਣ ਛਾਪੇ ਦੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਿਤ ਹੁੰਦੇ ਸਨ। ਇਸ ਸਥਾਨ ਨੂੰ ਪਿੰਡ ਦੇ ਲੋਕੀਂ ਡੇਰਾ ਕਰਕੇ ਜਾਣਦੇ ਹਨ। ਬੇਸ਼ੱਕ ਇਸਦਾ ਸਿੰਘ ਸਭਾ ਨਾਮ ਹੀ ਪ੍ਰਸਿੱਧ ਹੈ। ਖਾਸ ਦਿਨਾਂ, ਸੰਗਰਾਂਦ, ਮੱਸਿਆ ਨੂੰ ਸੰਗਤਾਂ ਜੁੜਦੀਆਂ ਹਨ ਤੇ ਪੁਰਾਤਨ ਬੀੜ ਦੇ ਦਰਸ਼ਨ ਕਰਾਏ ਜਾਂਦੇ ਹਨ (ਪਹਿਲਾਂ ਵਰਣਿਤ ਬੀੜਾਂ ਵਾਂਗ) ਕਿਉਂਕਿ ਬੀੜ ਗੁਰੂ ਤੇਗ ਬਹਾਦਰ ਜੀ ਤੋਂ ਪਹਿਲਾਂ ਦੀ ਲਿਖੀ ਹੋਈ ਹੈ, ਇਸ ਲਈ ਨੌਂਵੇਂ ਮਹਲੇ ਦੀ ਬਾਣੀ ਇਸ ਵਿੱਚ ਨਹੀਂ, ਆਰੰਭਕ ਪੱਤਰਿਆਂ ਉੱਤੇ ਨੀਸਾਣ ਸ੍ਰੀ ਗੁਰੂ ਜੀਉ ਕਾ ਮਿਲਦਾ ਹੈ। ਭੋਗ ਦੀਆਂ ਬਾਣੀਆਂ ਦੀ ਤਰਤੀਬ ਆਦਿ ਬੀੜ ਵਾਲੀ ਹੀ ਹੈ ਅਤੇ ਭੋਗ ਮੁੰਦਾਵਣੀ ਉੱਤੇ ਪੈਂਦਾ ਹੈ। ਕੁੱਲ ਪਤਰੇ ੬੬੦ ਹਨ। ਜਿਵੇਂ ਪਹਿਲਾਂ ਕਈ ਲਿਖਾਰੀ 'ਤੇਰਾ ਕੀਤਾ ਜਾਤੋ ਨਹੀਂ' ਵਾਲਾ ਸਲੋਕ, ਮਹਲੇ ਪੰਜਵੇਂ ਦੇ ਸਲੋਕਾਂ ਨਾਲ ਲਿਖ ਦਿੰਦੇ ਸਨ, ਇਥੇ ਵੀ ਪਹਿਲਾਂ ਉੱਪਰ ਹੀ ਲਿਖਿਆ ਗਿਆ ਸੀ, ਪਿੱਛੋਂ ਫੇਰ ਮੁੰਦਾਵਣੀ ਨਾਲ ਵੀ ਲਿਖਿਆ ਗਿਆ ਹੈ।

## ਤਰਨਤਾਰਨ ਝੰਡੇ ਬੁੰਗੇ ਵਾਲੀ ਬੀੜ

ਸੰਮਤ ੧੭੪੫ ਦੀ ਪਾਖਰ ਮੱਲ ਢਿੱਲੋਂ ਦੀ ਲਿਖੀ ਇਹ ਇੱਕ ਅਦੁੱਤੀ ਬੀੜ ਲੰਮਾ ਸਮਾਂ ਤਰਨਤਾਰਨ ਦੇ ਝੰਡੇ ਬੁੰਗੇ, ਮੁੱਖ ਮੰਦਰ ਦੀ ਪ੍ਰਕਰਮਾ ਦੇ ਸਾਹਮਣੇ ਚੁਬਾਰੇ ਵਿੱਚ ਰਹੀ ਹੈ। ੧੯੪੫ ਵਿੱਚ ਮੈਨੂੰ ਇਸ ਪਾਵਨ ਸਰੂਪ ਦੇ ਦਰਸ਼ਨ ਨਸੀਬ ਹੋਏ ਓਦੋਂ ਹੀ ਉੱਥੇ ਇਸ ਦੇ ਫੋਟੋ ਲਏ ਸਨ, ਜੋ ਇਸ ਪੁਸਤਕ ਵਿੱਚ ਦਿੱਤੇ ਗਏ ਹਨ। ਲੰਮੀ ਤਖਤੀ ਵਾਲੀ ਇਸ ਬੀੜ ਦੇ ੬੬੫ ਪੱਤਰੇ ਹਨ, ਪੱਤਰਿਆਂ ਦੇ ਅੰਕ ਲਿਖਣ ਲਈ ਹਰ ਪੱਤਰੇ ਦੇ ਸੱਜੇ ਪਾਸੇ ਲਿਖੇ ਜਾਣ ਵਾਲੀ ਪੁਰਾਣੀ ਰੀਤ ਵਰਤੀ ਹੈ। ਵਾਰਾਂ ਤੇ ਵਧੀਕ ਸਲੋਕਾਂ ਦੇ ਪਿੱਛੋਂ ਨਾਲ ਹੀ '੧ੴ ਸਤਿਗੁਰ ਪ੍ਰਸਾਦਿ' ਦਾ ਸੰਖੇਪ ਮੰਗਲ ਦੇ ਕੇ ਮੁੰਦਾਵਣੀ ਮਹਲਾ ਪਵਾਂ ਲਿਖਿਆ ਹੈ, ਹੇਠਾਂ ਦੋਵੇਂ ਸਲੋਕ, ('ਥਾਲ ਵਿੱਚ ਤਿਨਿ



www.AKJ.Org

ਵਸਤੂ ਪਈਓ' ਤੇ 'ਤਨ ਮਨ ਥੀਵੈ ਹਰਿਆ') ਦੇ ਕੇ ਸਮਾਪਤੀ ਕੀਤੀ ਹੋਈ ਹੈ।

ਮੁੰਦਾਵਣੀ ਦੇ ਹੇਠਾਂ ਕਾਫੀ ਥਾਂ ਖਾਲੀ ਹੈ। ਧੁਰ ਹੇਠਾਂ ਜਾ ਕੇ, ਲੰਮੀ ਲੀਕ ਖਿੱਚ ਕੇ ਜਿਵੇਂ ਫੁੱਟ ਨੋਟ ਲਿਖਿਆ ਜਾਂਦਾ ਹੈ ਉਸੇ ਕਲਮ ਤੋਂ ਬੀੜ ਦੇ ਲਿਖੇ ਜਾਣ ਦੀ ਸੂਚਨਾ ਇਸ ਤਰ੍ਹਾਂ ਦਿੱਤੀ ਹੈ :

**੧ੴ ਸੰਬਤ ੧੭੪੫ ਮਾਘ ਸੁਦੀ ੫ ਗ੍ਰੰਥ ਜੀ ਲਿਖਿਆ ਪੂਰਨ ਹੋਇਆ, ਲਿਖਾਰੀ ਪਾਖਰ ਮੱਲ ਢਿੱਲੋਂ, ਵਾਸੀ ਖਾਰਾ ਝੁਬਾਲ,ਪੋਤਰਾ ਚੌਧਰੀ ਲੰਗਾਹ ਕਾ।**


## ਬੁਰਜ ਬਾਬਾ ਆਲਾ ਸਿੰਘ ਵਾਲੀਆਂ ਬੀੜਾਂ

ਬੁਰਜ ਬਾਬਾ ਆਲਾ ਸਿੰਘ ਵਿੱਚ ਵਰਨਣਯੋਗ ਬੀੜਾਂ ਤਾਂ ਪੰਜ ਹਨ ਪਰ ਇਸ ਲੜੀ ਵਿੱਚ ਅਸੀਂ ਆਦਿ ਬੀੜ ਦੀ ਸ਼ਾਖ ਦੀਆਂ ਦੋ ਬੀੜਾਂ ਦਾ ਵੇਰਵਾ ਦੇ ਰਹੇ ਹਾਂ। ਤੀਜੀ ਬੀੜ ਦਮਦਮੀ ਬੀੜਾਂ ਵਿੱਚ ਸ਼ਾਮਲ ਕੀਤੀ ਹੈ ਅਤੇ ਦੋ ਬੀੜਾਂ ਲਾਹੌਰੀ ਸ਼ਾਖ ਦੀਆਂ ਹਨ।


ਨੰ: ੧- ਇਸ ਬੀੜ ਦੀ ਲਿਖਤ ਪੁਰਾਣੀ, ਸਾਈਜ਼ ਛੋਟਾ 'ਕਿਤਾਬੀ' (ਸਵਾ ਫੁਟ ਲੰਮਾ ਇੱਕ ਫੁਟ ਚੌੜਾ) ਹੈ। ਸਾਰੇ ਪੱਤਰੇ ੮੬੧ ਹਨ। ਲਿਖਤ ਇੱਕੋ ਹੱਥ ਦੀ ਹੈ। ਪਰ ਸੁਧਾਈ ਵੱਖਰੀ ਕਲਮ ਤੋਂ ਕੀਤੀ ਹੋਈ ਹੈ। ਬੀੜ ਦੇ ਅੰਤ ਵਿੱਚ ਦਿੱਤੇ ਸੰਮਤ ਜੋਤੀ ਜੋਤ ਸਮਾਉਣ ਦੇ ਚਲਿਤ੍ਰ ਗੁਰੂ ਹਰਿਕ੍ਰਿਸ਼ਨ ਜੀ ਤੱਕ ਦੇ ਇੱਕ ਕਲਮ ਤੋਂ ਲਿਖੇ ਹਨ ਜਿਸ ਤੋਂ ਅਸੀਂ ਇਸ ਬੀੜ ਦੇ ਲਿਖੇ ਜਾਣ ਦਾ ਸਮਾਂ ਵੀ ਲੱਭ ਸਕਦੇ ਹਾਂ। ਉਹ ਸਮਾਂ ੧੭੨੧ ਤੋਂ ੧੭੩੨ ਦੇ ਵਿਚਕਾਰਲਾ ਹੈ। ਇਸ ਬੀੜ ਬਾਬਤ ਇਤਿਹਾਸਕ ਵਾਕਫੀ ਪੰਡਿਤ ਤਾਰਾ ਸਿੰਘ ਜੀ ਨੇ 'ਗੁਰ ਤੀਰਥ ਸੰਗ੍ਰਹਿ' ਪੁਸਤਕ ਵਿੱਚ ਜੋ ਉਨ੍ਹਾਂ ਬਿ: ੧੯੪੨ (੧੮੮੫ ਈ:) ਵਿੱਚ ਲਿਖੀ ਸੀ, ਬੁਰਜ ਬਾਬਾ ਆਲਾ ਸਿੰਘ ਜੀ ਵਿੱਚ ਗੁਰੂ ਘਰ ਦੀਆਂ ਬਖਸ਼ਸ਼ਾਂ ਜਾਂ ਹੋਰ ਕਿਸੇ ਤਰ੍ਹਾਂ ਆਈਆਂ ਚੀਜਾਂ ਦਾ ਵੇਰਵਾ ਦਿੰਦੇ ਹੋਏ ਇਸ ਬੀੜ ਬਾਬਤ ਇਹ ਲਿਖਿਆ :

**"ਚੌਥਾ ਆਦਿ ਗ੍ਰੰਥ ਸਾਹਿਬ ਹੈ, ਜਿਸਕੇ ਆਦਿ ਪਤਰੇ ਪੈ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤ ਹੈਨ। ਸੰਮਤ ੧੮੮੮ ਮੇਂ ਬਿਲਾਸਪੁਰ ਕਾ ਰਾਜਾ ਖੜਕ ਚੰਦ ਦੇ ਗਿਆ ਥਾ।**

ਇਹ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤ ਇਸ ਬੀੜ ਦੇ ਆਦਿ ਦੇ ਪਤਰੇ ਉੱਪਰ ਇਸ ਤਰ੍ਹਾਂ ਹਨ :



ਗੁਰੂ ਰਖੈਗੁ





www.AKJ.Org

ਨੰ: ੨- ਜਿਸ ਬੀੜ ਬਾਰੇ ਉੱਪਰ ਲਿਖ ਆਏ ਹਾਂ ਉਸ ਨੂੰ ਨੰ: ੧- ਇਤਿਹਾਸਕ ਮਹਾਨਤਾ ਰੱਖਣ ਕਰਕੇ ਦਿੱਤਾ ਸੀ ਪਰ ਉਂਝ ਜਿਤਨੀ ਪੁਰਾਤਨਤਾ ਅਤੇ ਸਜਾਵਟ ਦੇ ਲਿਹਾਜ ਤੋਂ ਪਾਰਖੂ ਅੱਖਾਂ ਵਿੱਚ ਦੂਜੀ ਬੀੜ ਦੀ ਕਦਰ ਹੋ ਸਕਦੀ ਹੈ, ਉਹ ਆਪਣੀ ਮਿਸਾਲ ਆਪ ਹੀ ਕਹੀ ਜਾ ਸਕਦੀ ਹੈ।

ਬੀੜ ਦੇ ਸਫਿਆਂ ਦੀਆਂ ਜੁਜ਼ਾਂ ਅੱਠ-ਅੱਠ ਵਰਕਿਆਂ ਦੀਆਂ ਹਨ ਉਨ੍ਹਾਂ ਪੱਤਰਿਆਂ ਦੀ ਜ਼ਮੀਨ ਉੱਤੇ ਲਿਖਣ ਤੋਂ ਪਹਿਲਾਂ ਹਰੇ, ਲਾਲ, ਕਾਲੇ ਤੇ ਹੋਰ ਰੰਗਾਂ ਨਾਲ ਸੀਨਰੀ ਬਣਾ ਕੇ ਦਿਖਾਈ ਗਈ ਹੈ ਤੇ ਉਹ ਹੁਨਰ ਦੀ ਸਿਖਰ ਹੈ। ਖਾਸ ਕਰਕੇ ੨੭੧ ਪੰਨੇ ਤੋਂ ਲੈ ਕੇ ੨੭੮ ਪੰਨਾ ਅਤੇ ੩੪੨ ਤੋਂ ੩੫੦ ਤੱਕ ਪੰਨੇ ਦਰਸ਼ਨ ਯੋਗ ਹਨ।

ਅਫਸੋਸ ਹੈ ਡਿਉੜੀ ਮੁਅੱਲਾ ਦੇ ਕਈ ਵਾਰ ਫਿਸੂੰ-ਫਿਸੂੰ ਹੋਣ ਨਾਲ ਇਧਰੋਂ ਇਸ ਬੀੜ ਦਾ ਰੀਕਾਰਡ ਗੁੰਮ ਹੋ ਗਿਆ ਹੈ। ਅਸੀਂ ਬਹੁਤ ਕੋਸ਼ਿਸ਼ਾਂ ਕਰਨ ਤੇ ਮੁਸ਼ਕਿਲ ਨਾਲ ਇਹ ਕਦੋਂ ਲਿਖੀ, ਲਿਖਾਈ ਤੇ ਕਿੱਥੋਂ ਆਈ ? ਇਨ੍ਹਾਂ ਪ੍ਰਸ਼ਨਾਂ ਦੇ ਜਵਾਬ ਨਹੀਂ ਲੱਭ ਸਕੇ। ਬੀੜ ਆਪਣੇ ਆਪ ਵਿੱਚ ਪ੍ਰਾਚੀਨ ਤੇ ਮਹੱਤਵਪੂਰਨ ਹੈ।

ਭਾਵੇਂ ਇਸ ਬੀੜ ਦੀ ਸੁਧਾਈ ਪਹਿਲੀ ਬੀੜ ਜਿੰਨੀ ਮੇਹਨਤ ਨਾਲ ਨਹੀਂ ਹੋਈ ਪਰ ਫਿਰ ਵੀ ਇਸ ਬੀੜ ਦੇ ਲਿਖਾਰੀ ਨੇ ਸੁਧਾਈ ਕਰਨ ਦਾ ਯਤਨ ਕੀਤਾ ਹੈ। ਤਤਕਰੇ ਦੇ ਆਰੰਭ ਵਿੱਚ **ਜਪੁ ਸ੍ਰੀ ਗੁਰੂ ਰਾਮ ਦਾਸ ਜੀਉ ਕਿਆਂ ਦਸਖਤਾ ਕਾ ਨਕਲ** ਦੋਵਾਂ ਬੀੜਾਂ ਦੇ ਤਤਕਰੇ ਵਿੱਚ ਲਿਖਿਆ ਮਿਲਦਾ ਹੈ। ਰਾਮਕਲੀ ਵਿੱਚ **ਰਣਝੁੰਝਨੜਾ** ਦੀਆਂ ਦੋ ਤੁਕਾਂ ਅਤੇ ਸੂਰਦਾਸ ਜੀ ਦੀ ਸਾਰੰਗ ਵਿੱਚ ਇੱਕ ਤੁਕ ਹੈ। ਰਾਗਾਂ ਤੋਂ ਪਿੱਛੋਂ ਆਈਆਂ ਬਾਣੀਆਂ ਦੀ ਤਰਤੀਬ ਆਦਿ ਬੀੜ ਤੇ ਦਮਦਮੀ ਬੀੜ ਵਾਂਗ ਹੈ। ਯਾਨੀ ਸਲੋਕ, ਸਹਿਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ, ਫਰੀਦ, ਸਲੋਕ ਵਾਰਾਂ ਤੋਂ ਵਧੀਕ ਅਤੇ ਅੰਤ ਵਿੱਚ 'ਮੁੰਦਾਵਣੀ ਮਹਲਾ ੫' ਤੇ ਸਮਾਪਤੀ ਹੈ।

ਦੋ ਬੀੜਾਂ ਇੱਕੋ ਲਾਹੌਰੀ ਸ਼ਾਖ ਦੀਆਂ ਮਹੱਤਵਪੂਰਨ ਹਨ, ਇੱਕ ਚੌਥੀ ਸੁਨਹਿਰੀ ਬੀੜ ਦਮਦਮੀ ਬੀੜ ਦੀ ਸ਼ਾਖ ਦੀ ਨਕਲ ਹੈ। ਇਨ੍ਹਾਂ ਚਾਰਾਂ ਵਿੱਚ ਵੀ ਰਾਗਮਾਲਾ ਨਹੀਂ, ਪੂਰਾ ਵੇਰਵਾ ਵੱਖੋ ਵੱਖਰੀ ਥਾਂ ਅੱਗੇ ਦਿੱਤਾ ਗਿਆ ਹੈ।

(੩) ਪਟਿਆਲੇ ਵਿੱਚੋਂ ਇੱਕ ਹੋਰ ਬੀੜ ਪ੍ਰਾਪਤ ਹੋਈ ਹੈ। ਇਹ ਸੁੰਦਰ ਲਿਖਣ ਸ਼ੈਲੀ ਵਾਲੇ ਗ੍ਰੰਥ ਸਾਹਿਬ ਜੀ ਆਪਣੇ ਆਪ ਵਿੱਚ ਅਨੂਠੀ ਵਸਤੂ ਹਨ। ਇਸ ਨਾਲ ਸਬੰਧਿਤ ਜਾਣਕਾਰੀ ਬੀੜਾਂ ਸਬੰਧੀ ਪੁਸਤਕ ਲਈ ਰਾਖਵੀਂ ਰੱਖਦੇ ਹਾਂ, ਪ੍ਰੰਤੂ ਏਥੇ ਇਹ



www.AKJ.Org

ਦਸਣਾ ਜ਼ਰੂਰੀ ਹੈ ਕਿ ਭੋਗ ਦੀਆਂ ਬਾਣੀਆਂ ਦੀ ਤਰਤੀਬ ਆਦਿ ਬੀੜ ਨਾਲ ਮਿਲਦੀ ਹੈ। ਬੀੜ ਦਾ ਮੁੰਦਾਵਣੀ ਉੱਤੇ ਭੋਗ ਹੈ, ਰਾਗਮਾਲਾ ਤੋਂ ਰਹਿਤ ਹੈ ਇੱਕ ਸਫ਼ਾ ਖਾਲੀ ਛੱਡ ਕੇ ਵਾਧੂ ਰਚਨਾਵਾਂ ਵਿੱਚੋਂ ਇੱਕ ਹਕੀਕਤ ਰਾਹ ਮੁਕਾਮ ਕੀ ਲਿਖੀ ਹੋਈ ਹੈ। ਇਸ ਬੀੜ ਵਿੱਚ ਦੋ ਹੁਕਮਨਾਮੇ ਵੀ ਹਨ।

ਇਹ ਬੀੜ, ਭਾਈ ਦੁਰਗਾ ਸਿੰਘ, ਗਲੀ ਮਿਰਾਸੀਆਂ ਪਾਸੋਂ ਪ੍ਰਾਪਤ ਹੋਈ ਸੀ। ਜੋ ਕੁਝ ਸਮਾਂ ਪਾ ਕੇ, ਪੰਜਾਬੀ ਯੂਨੀਵਰਸਿਟੀ, ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿੱਚ ਸੰਭਾਲੀ ਰਹੀ। ਆਸ਼ਾ ਹੈ ਹੁਣ ਵੀ ਉਸ ਯੂਨੀਵਰਸਿਟੀ ਦੇ ਕਿਸੇ ਵਿਭਾਗ ਵਿੱਚ ਹੀ ਸੰਭਾਲੀ ਹੋਵੇਗੀ।

## ਭਾਈ ਕੇ ਫਫੜੇ ਵਾਲੀਆਂ ਬੀੜਾਂ:

ਆਦਿ ਬੀੜ ਦੀ ਸ਼ਾਖ਼ ਦੀਆਂ ਦੋ ਬੀੜਾਂ ਜੋ ਭਾਈ ਕੇ ਫਫੜੇ ਪੁਰਾਣੇ ਗੁਰਦੁਆਰਾ ਸਾਹਿਬ ਵਿਖੇ ਸ਼ਸ਼ੋਭਿਤ ਸਨ, ਜਿਨ੍ਹਾਂ ਦੇ ਦਰਸ਼ਨ ਲੇਖਕ ਤੇ ਭਾਈ ਜੋਗਿੰਦਰ ਸਿੰਘ ਜੀ ਵੇਦਾਂਤੀ ਨੇ ਕੀਤੇ ।

ਇਨ੍ਹਾਂ ਵਿੱਚੋਂ ਇੱਕ ਬੀੜ ਪਹਿਲਾਂ ਭਾਈ ਦੇਸ ਰਾਜ ਦੇ ਘਰ ਹੁੰਦੀ ਸੀ। ਜਿਨ੍ਹਾਂ ਦੇ ਘਰ ਦਸ਼ਮੇਸ਼ ਜੀ ਦਾ ਇੱਕ ਹੁਕਮਨਾਮਾ, ਤੇ ਕੁੱਝ ਬਸਤਰ ਇਸ ਵੇਲੇ ਤੱਕ ਹਨ। ਇਸ ਬੀੜ ਦੀ ਅਰੰਭਿਕ ਸੂਚਨਾ ਜਿਵੇਂ ਆਦਿ ਬੀੜ ਦੀ ਸ਼ਾਖ਼ ਦੀਆਂ ਬੀੜਾਂ ਵਿੱਚ ਹੁੰਦੀ ਹੈ, ਲਿਖੀ ਹੋਈ ਹੈ:

ਸੂਚੀ ਪਤਿ ਪੋਥੀ ਕਾ ਤਤਕਰਾ ਲਿਖਿਆ ਰਾਗਾਂ ਦਾ ਤਥਾ ਸਬਦਾਂ ਕਾ।
ਜਪ ਸ੍ਰੀ ਗੁਰੂ ਰਾਮਦਾਸ ਜੀ ਕਿਆਂ ਦਸਤਖਤਾਂ ਕਾ ਨਕਲ॥

ਅਤੇ ਬੀੜ ਦੀ ਸਮਾਪਤੀ ੭੭੯ ਸਫ਼ੇ ਤੇ ਮੁੰਦਾਵਣੀ ਉੱਪਰ ਹੈ ਇਸੇ ਹੀ ਪੰਨੇ ਤੇ ਚਲਿਤ੍ਰ ਜੋਤੀ ਜੋਤ ਸਮਾਵਣੇ ਕੇ ਲਿਖੇ ਹੋਏ ਹਨ।

### ਨੰਬਰ ੨:

ਦੂਜੀ ਬੀੜ ਵੀ ਇਸ ਉੱਪਰਲੀ ਭਾਂਤ ਦੀ ਹੀ ਹੈ, ਇਹ ਬੀੜ ਪੁਰਾਣੇ ਗੁਰਦੁਆਰੇ ਵਿੱਚ ਹੈ। ੧੧-੧੪ ਇੰਚ ਸਾਈਜ਼ ਹੈ।

ਸੂਚੀ ਪਤਿ ਪੋਥੀ ਕਾ ਤਤਕਰਾ ਲਿਖਿਆ ਰਾਗਾਂ ਕਾ ਤਥਾ ਸ਼ਬਦਾਂ ਕਾ ਸੰਮਤ ੧੭੬੯ ਮਿਤੀ ਚੇਤ ਸੁਦੀ ੪ ਗ੍ਰੰਥ ਲਿਖ ਪਹੁੰਚੇ, ਨੀਸਾਣ ਗੁਰੂ ਜੀਉ ਕੇ ਦਸਤਖਤ ਕਾ ਮਹਲ ੫ 'ਜਪੁ ਸ੍ਰੀ ਗੁਰੂ ਰਾਮਦਾਸ ਜੀਉ ਕਿਆਂ ਦਸਤਖਤਾਂ ਕਾ ਨਕਲ' ਤਤਕਰੇ ਦੇ ਅੰਤ ਵਿੱਚ ਸਲੋਕ ਵਾਰਾਂ ਤੋਂ ਵਧੀਕ ਪੰਨਾ ੬੪੪ ਤੋਂ ਹੇਠਾਂ ਮੁੰਦਾਵਣੀ ਹੜਤਾਲ ਹੇਠਾਂ ਤੋਂ ਪੜ੍ਹੀ ਜਾਂਦੀ ਹੈ। ਹੇਠਾਂ ਹੜਤਾਲ ਫੇਰ ਕੇ ਵਾਧੂ ਬਾਣੀਆਂ ਜੋ ਇਸ ਵੇਲੇ



www.AKJ.Org

ਬੀੜ ਵਿੱਚ ਨਹੀਂ ਉਨ੍ਹਾਂ ਦੀਆਂ ਸੂਚਨਾ ਭਰੀਆਂ ਹਨ। ਜਿਨ੍ਹਾਂ ਨੂੰ ਧੁੰਦਲੇ ਅੱਖਰਾਂ ਵਿੱਚ ਪੜ੍ਹਿਆ ਜਾਂਦਾ ਹੈ।

ਗੋਸਟ ਮਲਾਰ ਨਾਲ ਹੋਈ, ਰਾਮਕਲੀ ਮਹਲਾ ਪਹਲਾ, ਰਤਨ ਮਾਲਾ, ਹਕੀਕਤ ਰਾਜੇ ਸ਼ਿਵਨਾਭ ਕੀ, ਰਾਗਮਾਲਾ, ਇਨ੍ਹਾਂ ਸੂਚਨਾਵਾਂ ਅਤੇ ਇਸ ਦੇ ਹੇਠਾਂ ਮੰਗਲ '੧ੴ ਸਤਿਗੁਰ ਪ੍ਰਸਾਦ' ਲਿਖਕੇ ਉਸ ਉੱਤੇ ਭੀ ਹੜਤਾਲ ਫੇਰੀ ਹੈ। ਹੁਣ ਸਲੋਕ ਵਾਰਾਂ ਤੇ ਵਧੀਕ ਤੱਕ ਹੀ ਉਘੜਵੇਂ ਰੂਪ ਵਿੱਚ ਪੜ੍ਹਿਆ ਜਾਂਦਾ ਹੈ। ਤਤਕਰੇ ਦੀ ਸੂਚਨਾ ਆਦਿ ਬੀੜ ਦੀ ਸ਼ਾਖ ਵਿੱਚ ਇਸ ਬੀੜ ਨੂੰ ਸ਼ਾਮਲ ਕਰਦੀ ਹੈ।

ਨੌਵੇਂ ਪਾਤਸ਼ਾਹ ਦੀ ਬਾਣੀ ਜਿਨ੍ਹਾਂ-ਜਿਨ੍ਹਾਂ ਰਾਗਾਂ ਵਿੱਚ ਆਉਂਦੀ ਹੈ ਉਹ ਵੱਖਰਿਆਂ ਕਾਗਜਾਂ ਉੱਤੇ ਲਿਖ ਕੇ ਪਤਰੇ ਪਾਏ ਹੋਏ ਹਨ।

ਇਸ ਤਰ੍ਹਾਂ ਇਸ ਬੀੜ ਨੂੰ ਜੋ ਪਹਿਲਾਂ ਭਾਈ ਬੰਨੋ ਦੀ ਬੀੜ ਦੀ ਨਕਲ ਸੀ ਆਦਿ ਬੀੜ ਦੀ ਨਕਲ ਦਾ ਰੂਪ ਦਿੱਤਾ ਗਿਆ ਹੈ।

## ਆਗਰੇ ਵਾਲੀ ਬੀੜ

ਇੱਕ ਬੀੜ ੧੭੧੧ ਸੰ: ਦੀ ਆਗਰੇ ਵਿੱਚ ਲਿਖੀ ਹੋਈ ਪ੍ਰਾਪਤ ਹੋਈ ਹੈ। ਜਿਸ ਦੀ ਤਰਤੀਬ ਆਦਿ ਬੀੜ ਅਤੇ ਭਾਈ ਬੰਨੋ ਵਾਲੀ ਬੀੜ ਨਾਲ ਮਿਲਦੀ ਹੈ। ਇਸ ਬੀੜ ਵਿੱਚ ਹੋਰ ਵਾਧੂ ਬਾਣੀਆਂ ਦਰਜ ਹਨ, ਪਰ ਰਾਗਮਾਲਾ ਨਹੀਂ। ਅਜੇਹੀਆਂ ਬੀੜਾਂ ਹੋਰ ਵੀ ਹਨ ਜਿਨ੍ਹਾਂ ਵਿੱਚ ਹੋਰ ਵਾਧੂ ਬਾਣੀਆਂ ਤਾਂ ਹੁੰਦੀਆਂ ਹਨ ਪਰ ਰਾਗਮਾਲਾ ਨਹੀਂ ਹੁੰਦੀ। ਇਸ ਦਾ ਚਿਤ੍ਰ ਵੀ ਉੱਪਰ ਦਿੱਤੀਆਂ ਬੀੜਾਂ ਦੇ ਚਿਤ੍ਰਾਂ ਨਾਲ ਹੀ ਛਾਪਿਆ ਗਿਆ ਹੈ।

## ਕਰਤਾਰਪੁਰ ਵਿੱਚ ਲਿਖੀ ਬੀੜ

ਇੱਕ ਅਦੁੱਤੀ ਬੀੜ ਕਰਤਾਰਪੁਰ ਵਿੱਚ ਲਿਖੀ ਹੋਈ ੧੭੯੯ ਸੰ: ਦੀ ਪ੍ਰਾਪਤ ਹੋਈ ਹੈ ਜਿਸ ਦੇ ਅੰਤ ਵਿੱਚ ਸੂਚਨਾ ਦਿੱਤੀ ਹੋਈ ਹੈ, ਇਹ ਗ੍ਰੰਥ ਸ੍ਰੀ ਕਰਤਾਰਪੁਰ ਜੀ ਲਿਖਿਆ ਗਿਆ, ਸੰਮਤ ੧੭੯੯ ਇਸ ਬੀੜ ਦੀ ਸਮਾਪਤੀ ਮੁੰਦਾਵਣੀ ਉੱਪਰ ਹੁੰਦੀ ਹੈ। ਆਰੰਭ ਵਿੱਚ ਤਤਕਰਾ ਲਿਖਣ ਸਮੇਂ ਸੂਚਨਾ ਦਿੱਤੀ ਹੈ :

**'ਜਪੁ ਸ੍ਰੀ ਗੁਰੂ ਰਾਮਦਾਸ ਜੀਉ ਕਿਆ ਦਸਤਖਤਾਂ ਕੀ ਨਕਲ'**

ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਇਹ ਬੀੜ ਵੀ ਕਿਸੇ ਆਦਿ ਬੀੜ ਦੀ ਸ਼ਾਖ ਵਾਲੀ ਬੀੜ ਤੋਂ ਨਕਲ ਕੀਤੀ ਗਈ ਹੈ। ਪਰ ਇਸ ਦੀ ਸੁਧਾਈ ਨਹੀਂ ਹੋ ਸਕੀ। ਇਸ ਬੀੜ ਦੇ ਗਉੜੀ ਰਾਗ ਵਿੱਚ ਛੋਟੇ ਲਟਕਵੇ ਅੰਕ ਜਿਸ ਤਰ੍ਹਾਂ ਲਗਾਏ ਗਏ ਹਨ ਉਹ ਇੱਕੋ ਇੱਕ ਇਸੇ ਬੀੜ ਵਿੱਚ ਦੇਖੇ ਗਏ ਹਨ, ਉਨ੍ਹਾਂ ਕਰਕੇ ਵਿਸ਼ੇਸ਼ ਮਹੱਤਤਾ ਵਾਲੀ ਹੈ। ਅੰਤ ਵਿੱਚ ਵਾਧੂ ਬਾਣੀਆਂ ਵਿੱਚੋਂ ਰਾਗਮਾਲਾ, ਰਤਨਮਾਲਾ ਆਦਿ ਕੋਈ ਨਹੀਂ। ਇਸ ਬੀੜ ਦੀ ਮੁੰਦਾਵਣੀ ਤੇ ਸਮਾਪਤੀ ਹੈ।



www.AKJ.Org

## ਸਿੱਖ ਰੈਫਰੈਂਸ ਲਾਇਬਰੇਰੀ ਵਾਲੀ ਬੀੜ

ਅੰਮ੍ਰਿਤਸਰ ਦੀ ਸਿੱਖ ਰੈਫਰੈਂਸ ਲਾਇਬਰੇਰੀ ਵਿੱਚ ਇੱਕ ਵਰਨਣਯੋਗ ਪ੍ਰਾਚੀਨ ਬੀੜ ਹੈ। ਜਿਸਦੇ ਆਰੰਭਕ ਖਾਲੀ ਪੱਤਰਿਆਂ ਉੱਪਰ ਨੀਸਾਣ ਸ੍ਰੀ ਗੁਰੂ ਜੀਓ ਕੇ ਹਨ। ਤਤਕਰੇ ਦੇ ਆਰੰਭ ਵਿੱਚ 'ਜਪੁ ਸ੍ਰੀ ਗੁਰੂ ਰਾਮਦਾਸ ਜੀਉਂ ਕਿਆਂ ਦਸਤਖਤਾਂ ਕੀ ਨਕਲ' ਦੀ ਸੂਚਨਾ ਹੈ, ਭੋਗ ਦੀਆਂ ਬਾਣੀਆਂ ਆਦਿ ਬੀੜ ਤੇ ਪ੍ਰਚੱਲਤ ਬੀੜ ਅਨੁਸਾਰ ਹਨ। ਇਸ ਦੀ ਸਮਾਪਤੀ ਮੁੰਦਾਵਣੀ ਉੱਪਰ ਹੁੰਦੀ ਹੈ। ਇਸ ਦੇ ਚਿੱਤਰ ਵੀ ਦਿੱਤੇ ਗਏ ਹਨ।

## ਸ੍ਰੀ ਹਜ਼ੂਰ ਸਾਹਿਬ ਵਾਲੀ ਬੀੜ

ਸੱਚਖੰਡ ਸ੍ਰੀ ਹਜ਼ੂਰ ਸਾਹਿਬ ਝੰਡੇ ਬੁੰਗੇ ਵਾਲੀ ਬੀੜ ਵੀ ਆਦਿ ਬੀੜ ਦੀ ਸ਼ਾਖ ਵਿੱਚੋਂ ਹੈ ਜਿਸਦੇ ਅਸੀਂ ਦਰਸ਼ਨ ੧੯੮੦ ਈ: ਵਿੱਚ ਕੀਤੇ ਅਤੇ ਨੋਟ ਲਏ। ਭਾਈ ਜੋਗਿੰਦਰ ਸਿੰਘ ਤਲਵਾੜਾ ਅਤੇ ਬੀਬੀ ਹਰਸਰਨ ਕੌਰ ਅਤੇ ਅਖੰਡ ਕੀਰਤਨੀ ਜਥੇ ਦੇ ਸਿੰਘ ਇਸ ਸਮੇਂ ਨਾਲ ਸਨ। ਇਸ ਬੀੜ ਵਿੱਚ ਮਹੱਤਤਾ ਦੀ ਗੱਲ ਇਹ ਦੇਖੀ ਗਈ ਕਿ ਅੰਤਲੇ ਸਫ਼ਿਆਂ ਵਿੱਚ ਕਰਤਾਰਪੁਰ ਵਾਲੇ ਸੋਢੀਆਂ, ਧੀਰਮੱਲ, ਭਵਾਨੀ ਸਿੰਘ ਨੂੰ ਦਿੱਲੀ ਸੱਦਣ ਦੇ ਵੇਰਵੇ ਵੀ ਲਿਖੇ ਹਨ। ਨਿਰੰਜਨ ਰਾਏ ਦਾ ਇਸ ਬੀੜ ਵਿੱਚ ਨਾ ਨਹੀਂ, ਜਾਪਦਾ ਹੈ ਨਿਰੰਜਨ ਰਾਏ ਤੋਂ ਪਹਿਲਾਂ ਦੀ ਲਿਖੀ ਹੋਈ ਹੈ। ਇਸੇ ਭਾਂਤ ਦਾ ਕਰਤਾਰਪੁਰ ਵਾਲੇ ਸੋਢੀਆਂ ਬਾਰੇ ਵਰਨਣ ਨਾਭੇ ਵਾਲੇ ਸੇਵਕ ਜਥੇ ਵਾਲੀ ਬੀੜ ਦੇ ਅੰਤਲੇ ਪੱਤਰਿਆਂ ਵਿੱਚ ਲਿਖਿਆ ਹੋਇਆ ਵੀ ਮਿਲਿਆ ਸੀ। ਦੂਜੇ ਵਿੱਚ ਧੀਰਮੱਲ ਦੇ ਪੁੱਤਰ ਪੋਤਰਿਆਂ, ਭਵਾਨੀ ਸਿੰਘ ਆਦਿ ਦਾ ਜ਼ਿਕਰ ਆਉਂਦਾ ਹੈ। ਇਹ ਬੀੜ ਆਦਿ ਬੀੜ ਦੀ ਸ਼ਾਖ ਵਿੱਚੋਂ ਹੋਣ ਕਾਰਨ ਰਾਗਮਾਲਾ, ਰਤਨਮਾਲਾ ਆਦਿਕ ਵਾਧੂ ਬਾਣੀਆਂ ਤੋਂ ਰਹਿਤ ਹੈ। ਭੋਗ ਮੁੰਦਾਵਣੀ ਉੱਤੇ ਪੈਂਦਾ ਹੈ।

## ਪਟਨੇ ਸਾਹਿਬ ਦੀਆਂ ਬੀੜਾਂ

ਪਟਨੇ ਸਾਹਿਬ ਦੀਆਂ ਬੀੜਾਂ ਦੇ ਦਰਸ਼ਨ ਅਸੀਂ ਤਿੰਨ ਵਾਰ ਕੀਤੇ ਹਨ, ਦੋ ਵਾਰ ਭਾਈ ਜੋਗਿੰਦਰ ਸਿੰਘ ਵੇਦਾਂਤੀ ਅਤੇ ਸ. ਮੋਹਨ ਸਿੰਘ ਗਾਰਡ ਨਾਲ ਸਨ। ਪਟਨੇ ਸਾਹਿਬ ਦੀ ਅਤੇ ਬਿਹਾਰ ਦੇ ਕਈ ਮੁਕਾਮਾਂ ਉੱਤੇ ਕਈ ਅਦਭੁਤ ਬੀੜਾਂ ਦੇ ਦਰਸ਼ਨ ਹੁੰਦੇ ਹਨ, ਉਨ੍ਹਾਂ ਦੇ ਹਾਸ਼ੀਏ ਉੱਪਰ ਨੋਟ ਕੀਮਤੀ ਹਨ, ਜਿਵੇਂ ਮੁੰਦਾਵਣੀ ਤੇ ਨਿਸ਼ਾਨ ਲਗਾ ਕੇ ਹਾਸ਼ੀਏ ਉੱਤੇ ਲਿਖਿਆ ਹੈ: 'ਏਥੇ ਮਹਲੇ 9 ਕੇ ਸਲੋਕ ਚਾਹੀਏ।' ਅਤੇ ਬਾਣੀ ਦੇ ਜੋੜ ਦਿੱਤੇ ਹੁੰਦੇ ਹਨ। ਆਦਿ ਬੀੜ ਦੀ ਸ਼ਾਖ਼ ਦੀਆਂ ਬੀੜਾਂ ਘੱਟ ਹਨ, ਲਾਹੌਰੀ ਸ਼ਾਖ਼ ਦੀਆਂ ਬੀੜਾਂ ਚੋਖੀ ਗਿਣਤੀ ਤੇ ਸਭ ਤੋਂ ਵੱਧ ਭਾਈ ਬੰਨੋ ਦੀ ਸ਼ਾਖ਼ ਦੀਆਂ



www.AKJ.Org

ਬੀੜਾਂ ਹਨ। ਇਨ੍ਹਾਂ ਬੀੜਾਂ ਦਾ ਵੇਰਵਾ ਨਾਲੋ-ਨਾਲ ਦਿੱਤਾ ਗਿਆ ਹੈ। ਪੂਰਾ ਵੇਰਵਾ ਬੀੜਾਂ ਦੇ ਇਤਿਹਾਸ ਵਿੱਚ ਆ ਰਿਹਾ ਹੈ। ਪਿੱਛੇ ਕੁੱਝ ਬੀੜਾਂ ਦੇ ਚਿੱਤ੍ਰ-ਦਰਸ਼ਨ ਦਿੱਤੇ ਜਾ ਰਹੇ ਹਨ।

## ਲਹੌਰੀ ਬੀੜ ਤੇ ਉਸ ਦੀਆਂ ਸ਼ਾਖਾ

ਭਾਈ ਬੰਨੋ ਦੀ ਦੂਜੀ ਸ਼ਾਖ ਤੋਂ ਇਲਾਵਾ ਇੱਕ ਤੀਜੀ ਸ਼ਾਖ ਵੀ ਬੀੜਾਂ ਦੀ ਮਿਲਦੀ ਹੈ, ਇਸ ਤੀਜੀ ਸ਼ਾਖ ਦੀਆਂ ਬੀੜਾਂ ਨੂੰ ਪੰਡਤ ਤਾਰਾ ਸਿੰਘ ਨੇ 'ਅਰਧ ਮਿੱਠੀ' ਤੇ ਕੁਢੰਗੀ ਕਿਹਾ ਹੈ, ਡਾ: ਚਰਨ ਸਿੰਘ ਜੀ ਨੇ ਬਾਣੀ ਬਿਉਰਾ ਵਿੱਚ ਇਸ ਨੂੰ ਲਹੌਰੀ ਬੀੜ ਦਾ ਨਾਂ ਦਿੱਤਾ ਹੈ। ਕੁਝ ਖੋਜੀਆਂ ਨੇ ਇਸ ਸ਼ਾਖ ਦੀਆਂ ਬੀੜਾਂ ਨੂੰ ਖਾਸ ਮਹੱਤਵ ਦਿੱਤਾ ਹੈ। ਜੀ. ਬੀ. ਸਿੰਘ ਨੇ ਪ੍ਰਾਚੀਨ ਬੀੜਾਂ ਵਿੱਚ ਬੂੜੇ ਸੰਧੂ ਵਾਲੀ ਬੀੜ ਨੂੰ ਆਦਿ ਬੀੜ ਦੀ ਸਿੱਧੀ ਨਕਲ ਦੱਸਣ ਲਈ ਤਕੜਾ ਜ਼ੋਰ ਲਾਇਆ ਹੈ ਜੋ ਇਸ ਤੀਜੀ ਸ਼ਾਖ ਦੀ ਬੀੜ ਹੈ ਅਤੇ ਜਿਸਦਾ ਭੋਗ ਭੱਟਾਂ ਦੇ ਸਵੱਈਆ ਤੇ ਪੈਂਦਾ ਹੈ। ਇਸਦਾ ਕਿਸੇ ਲਿਖਤ ਵਿੱਚ ਸੰਕੇਤ ਨਹੀਂ ਕਿ ਭੱਟਾਂ ਦੇ ਸਵੱਈਏ ਜਾਂ ਫਰੀਦ ਦੇ ਸਲੋਕ ਭੋਗ ਦੀ ਬਾਣੀ ਹੈ। ਉਨ੍ਹਾਂ ਦੇ ਹੀ ਪੈਰ ਚਿੰਨ੍ਹਾਂ ਤੇ ਚੱਲ ਕੇ ਬੀੜਾਂ ਦੇ ਖੋਜੀ ਦੂਜੇ ਸੱਜਣਾਂ ਨੇ ਰੀਸ ਕੀਤੀ। **'ਜਪੁ ਸ੍ਰੀ ਗੁਰੂ ਰਾਮਦਾਸ ਜੀਓ ਕਿਆਂ ਦਸਤਖਤਾਂ ਕੀ ਨਕਲ'** ਥਾ ਨਕਲ ਤਾ ਨਕਲ ਸੂਚਨਾ ਨੂੰ ਅਣਦੇਖੀ ਕਰਕੇ ਬੂੜੇ ਸੰਧੂ ਵਾਲੀ ਬੀੜ ਨੂੰ ਆਦਿ ਬੀੜ ਦੀ ਨਕਲ ਮੰਨ ਕੇ ਲੰਮੀ ਚਰਚਾ ਕੀਤੀ ਜਿਸ ਵਿੱਚ ਅਜਿਹਾ ਕੋਈ ਸੰਕੇਤ ਨਹੀਂ ਕਿ ਆਦਿ ਬੀੜ ਓਹੋ ਸੀ ਜਿਸ ਦੀ ਸਮਾਪਤੀ ਭੱਟਾਂ ਦੇ ਸਵੱਈਆਂ ਉੱਪਰ ਸੀ, ਉਨ੍ਹਾਂ ਨੂੰ ਸੰਮਤ ੧੬੬੨ ਪੜ੍ਹ ਕੇ ਭੁਲੇਖਾ ਲੱਗਿਆ। ਪਿੱਛੋਂ ਇਸ ਬੀੜ ਦੇ ਲਿਖੇ ਜਾਣ ਦਾ ਸਮਾਂ ਹੜਤਾਲ ਦੇ ਹੇਠੋਂ ਬੀੜ ਦੇ ਇੱਕ ਪੱਤਰੇ ਉੱਤੇ ੧੭੧੧ ਲਿਖਿਆ ਦੇਖਿਆ ਜਾਣ ਲੱਗਾ ਤਾਂ ਇਸ ਬੀੜ ਦੀ ਅਸਲੀਅਤ ਦਾ ਪਤਾ ਲੱਗਿਆ। ਪੰਡਤ ਤਾਰਾ ਸਿੰਘ ਅਤੇ ਡਾ: ਚਰਨ ਸਿੰਘ ਦੀਆਂ ਲਿਖਤਾਂ ਵਿੱਚ ਇਸ ਸ਼ਾਖ ਦੀਆਂ ਬੀੜਾਂ ਦਾ ਵਰਨਣ ਲਹੌਰੀ ਬੀੜ ਕਰਕੇ ਦਿੱਤਾ ਹੈ। ਇਸ ਖਿਆਲ ਦੇ ਸੱਜਣਾਂ ਵੱਲੋਂ ਏਸੇ ਸ਼ਾਖ ਤੇ ਇਸੇ ਭਾਂਤ ਦੀ ਕਾਨਗੜ੍ਹ ਵਾਲੀ ਬੀੜ ਦੇ ਮਹੱਤਵ ਬਾਰੇ ਵੀ ਕਾਫੀ ਕੁਝ ਲਿਖਿਆ ਗਿਆ ਹੈ।

ਦੇਸ਼-ਵੰਡ ਸਮੇਂ ਰੱਦੋ ਬਦਲ ਹੋਈ ਤਾਂ ਲਾਹੌਰ ਤੋਂ ਕਈ ਬੀੜਾਂ ਅੰਮ੍ਰਿਤਸਰ ਦੀ ਸਿੱਖ ਰੈਫਰੈਂਸ ਲਾਇਬਰੇਰੀ ਵਿੱਚ ਪੁੱਜੀਆਂ, ਇਨ੍ਹਾਂ ਵਿੱਚ ਇੱਕ ਮਹੱਤਵਪੂਰਨ ਬੀੜ ੧੬੬੭ ਦੀ ਲਿਖੀ ਵੀ ਅੰਮ੍ਰਿਤਸਰ ਪਹੁੰਚੀ, ਜਿਸ ਦੀ ਖੋਜ ਕਰਨ ਤੋਂ ਪਤਾ ਚੱਲਿਆ ਭੋਗ ਦੀਆਂ ਬਾਣੀਆਂ ਦੀ ਤਰਤੀਬ ਵਿਲੱਖਣ ਕਿਸਮ ਦੀ ਹੈ। ਉਸ ਸਮੇਂ ਧਿਆਨ ਵਿੱਚ ਆਈਆਂ ਚੀਜ਼ਾਂ ਹੇਠ ਲਿਖੇ ਅਨੁਸਾਰ ਪਾਈਆਂ ਗਈਆਂ, ਜਿਸ ਬਾਰੇ ਸਿੱਖ ਰੈਫਰੈਂਸ ਲਾਇਬਰੇਰੀ ਦੇ ਰਜਿਸਟਰ ਵਿੱਚ ਨੋਟ ਦਿੱਤਾ ਗਿਆ ਸੀ।

"ਇਹ ਮਹਾਨ ਤੇ ਇਤਿਹਾਸਕ ਬੀੜ ਡੇਹਰਾ ਸਾਹਿਬ ਲਾਹੌਰ ਦੇ ਪੁਰਾਣੇ



www.AKJ.Org

ਪੁਜਾਰੀਆਂ ਤੇ ਮਹੰਤਾਂ ਪਾਸ ਸੁਰੱਖਿਅਤ ਸੀ। ਸੰਮਤ ੨੦੦੪ ਬਿ: (੧੯੪੭ ਈ:) ਦੇ ਪਾਕਿਸਤਾਨੀ ਘੱਲੂਘਾਰੇ ਸਮੇਂ 'ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ' ਵਿੱਚ ਆ ਗਈ। ਇਸ ਦੀ ਅੰਦਰੂਨੀ ਗਵਾਹੀ ਤੋਂ ਪਤਾ ਲੱਗਦਾ ਹੈ ਕਿ ਬੀੜ ਠੀਕ ਛੇਵੇਂ ਪਾਤਸ਼ਾਹ ਦੇ (ਸਮੇਂ ਵਿੱਚ) ਦੇ ਆਰੰਭ ਵਿੱਚ ਲਿਖੀ ਗਈ। ਪਰ ਤਤਕਰਾ ਮਗਰੋਂ ਹੋਰਸ ਲਿਖਾਰੀ ਨੇ ਸੋਰਠਿ ਰਾਗ ਤੋਂ ਬਾਅਦ ਧਨਾਸਰੀ, ਜੈਤਸਰੀ ਤੇ ਟੋਡੀ ਰਾਗਾਂ ਦੀ ਤਰਤੀਬ ਬਦਲ ਕੇ ਲਿਖਿਆ। ਛੇਵੇਂ ਪਾਤਿਸ਼ਾਹ ਇਹ ਬੀੜ ਡੇਹਰਾ ਸਾਹਿਬ ਦੇ ਸਥਾਪਨ ਕੀਤੇ ਸੇਵਾਦਾਰ – ਭਾਈ ਲੰਗਾਹ ਆਦਿਕਾਂ ਨੂੰ ਬਖਸ਼ ਗਏ, ਇਹ ਪੁਜਾਰੀਆਂ ਦਾ ਦਾਹਵਾ ਸੀ। ਨੌਵੇਂ ਪਾਤਿਸ਼ਾਹੀ ਦੇ ਸਮੇਂ ਇੱਕ ਉੱਤਮ ਲਿਖਾਰੀ ਨੇ ਇਸ ਵਿੱਚ ਸੋਧਾਂ, ਕੁਝ ਅਦਲਾ-ਬਦਲੀਆਂ ਤੇ ਵਾਧੇ ਕੀਤੇ ਨਾਲੇ ਸਤਵੇਂ ਤੇ ਅਠਵੇਂ ਪਾਤਿਸ਼ਾਹ ਦੇ ਚਲਿਤ੍ਰ ਜੋਤੀ ਜੋਤ ਸਮਾਉਣ ਦੇ ਲਿਖੇ। ਫਿਰ ਦਸਵੇਂ ਪਾਤਿਸ਼ਾਹ ਦੇ ਸਮੇਂ ਦੇ ਆਸ-ਪਾਸ ਨੌਵੇਂ ਮਹਲ ਦੀ ਬਾਣੀ ਰਾਗਾਂ ਵਿੱਚ ਆਉਂਦੇ ਖਾਲੀ ਥਾਵਾਂ ਜਾਂ ਹਾਸ਼ੀਏ ਪੁਰ ਹੋਰ ਲਿਖਾਰੀ ਨੇ ਲਿਖੀ। ਪਹਿਲੇ ਲਿਖਾਰੀ ਦੇ ਹੱਥੋਂ 'ਚਲਿਤ੍ਰ ਜੋਤੀ ਜੋਤ ਸਮਾਵਣੇ' ਦੇ ਅੰਤ ਪੁਰ ਲਿਖਿਆ ਹੈ :

**"ਗੁਰੂ ਹਰਗੋਬਿੰਦ ਜੀ ਪਾਤਸ਼ਾਹੀ ੬ ਸੰਮਤ ੧੬੬੭"**

ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਦੀ ਤਰਤੀਬ ਪ੍ਰਾਚੀਨ ਲਿਖਤੀ ਬੀੜ (ਸੰਮਤ ੧੬੬੭ ਬਿ: ਵਾਲੀ) ਜਿਸਦੇ ਅੰਦਰਲੇ ਭਾਗ ਵਿੱਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ, ਤਤਕਰੇ ਵਿੱਚ ਦਰਜ ਭੋਗ ਦੀ ਬਾਣੀ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ। ਜਿਸ ਦੀ ਭੋਗ ਦੀ ਬਾਣੀ ਦੀ ਵੱਖਰੀ ਕਿਸਮ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੈ :-

ਸਹਿਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਵਾਰਾਂ ਤੋਂ ਵਧੀਕ, ਸਵੱਯੇ ਸ੍ਰੀ ਮੁਖ ਵਾਕ, ਮੁੰਦਾਵਣੀ, ਸਵੱਯੇ ਭੱਟਾਂ ਕੇ, ਸਲੋਕ ਸ੍ਰੀ ਕਬੀਰ ਜੀਉ ਕੇ, ਸਲੋਕ ਸ਼ੇਖ ਫਰੀਦ ਜੀਉ ਕੇ।

ਇਸ ਸ਼ਾਖ ਦੀਆਂ ਬੀੜਾਂ ਦੀ ਮਾਨਤਾ ਇਤਨੀ ਹੈ ਕਿ ਪਟਨੇ ਸਾਹਿਬ ਅਤੇ ਸੱਚਖੰਡ (ਨੰਦੇੜ) ਵਿੱਚ ਪ੍ਰਕਾਸ਼ ਹੋਣ ਕਾਰਨ ਇਹਨਾਂ ਨੂੰ ਪ੍ਰਮੁਖਤਾ ਦਿੱਤੀ ਜਾਂਦੀ ਹੈ ਅਤੇ ਖਾਸ ਕਰਕੇ ਉਚੇਚੀ ਰੀਤੀ ਨਾਲ ਵੱਡਾ ਬਾਬਾ ਕਹਿ ਕੇ ਦਰਸ਼ਨ ਕਰਾਏ ਜਾਂਦੇ ਹਨ।

ਇਸ ਭਾਂਤ ਦੀਆਂ ਬੀੜਾਂ ਦੀ ਲਿਖਾਈ ਕੀਰਤਪੁਰ ਵਿੱਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਸਮੇਂ ਵੀ ਹੋਈ। ਲਿਖਣ ਵਾਲਿਆਂ ਨੇ ਸੰਮਤ ਲਿਖਣ ਸਮੇਂ ਸਥਾਨ ਕੀਰਤਪੁਰ ਵੀ ਲਿਖਿਆ ਹੈ, ਜਿਵੇਂ ਕਿ ਕਾਨਗੜ੍ਹ ਵਾਲੀ ਬੀੜ ਦੇ ਅਰੰਭਕ ਸਫ਼ੇ ਦੇ ਤਤਕਰੇ ਉੱਪਰ ਕੀਰਤਪੁਰ ਲਿਖਕੇ ਸੰਮਤ ੧੭੧੮ ਦਿੱਤਾ ਹੈ, ਇਸ ਸ਼ਾਖ ਦੀ ਬੀੜ ਦੀ ਅੰਤਲੀ ਤਰਤੀਬ ਵਿੱਚ ਕੁਝ ਲਿਖਾਰੀਆਂ ਨੇ ਭੱਟਾਂ ਦੇ ਸਵੱਈਆਂ ਨੂੰ ਅੰਤ ਵਿੱਚ ਲਿਖਿਆ ਹੈ ਤੇ ਕਬੀਰ, ਫਰੀਦ ਦੇ ਸਲੋਕ ਪਹਿਲਾਂ ਲਿਖ ਦਿੱਤੇ ਹਨ ਤੇ ਉਸ ਤੋਂ



www.AKJ.Org

ਪਹਿਲਾਂ ਮੁੰਦਾਵਣੀ। ਬੇਸ਼ੱਕ ਇਸ ਸ਼ਾਖ ਦੀਆਂ ਬੀੜਾਂ ਨੂੰ ਪ੍ਰਵਾਨਗੀ ਉਸ ਪੱਧਰ ਦੀ ਨਹੀਂ ਮਿਲੀ ਜੋ ਆਦਿ ਬੀੜ ਦੀਆਂ ਨਕਲਾਂ ਨੂੰ ਪ੍ਰਾਪਤ ਹੋਈ ਪ੍ਰੰਤੂ ਇਸ ਸ਼ਾਖ ਦੀਆਂ ਬੀੜਾਂ ਵੀ ਚੋਖੀ ਮਾਤਰਾ ਵਿੱਚ ਨਕਲ ਕੀਤੀਆਂ ਜਾਂਦੀਆਂ ਰਹੀਆਂ।

ਬੂੜੇ ਸੰਧੂ, ਕਾਨਗੜ੍ਹ, ਬੁਰਜ ਬਾਬਾ ਆਲਾ ਸਿੰਘ ਪਟਿਆਲਾ ਦੇ ਭੰਡਾਰ ਵਿੱਚ ਇਸ ਸ਼ਾਖ ਦੀਆਂ ਬੀੜਾਂ ਪ੍ਰਾਪਤ ਹਨ, ਜਿਨ੍ਹਾਂ ਵਿੱਚ ਪਟਨਾ ਸਾਹਿਬ, ਹਜ਼ੂਰ ਸਾਹਿਬ ਦੀਆਂ ਵਿਸ਼ੇਸ਼ ਬੀੜਾਂ ਵੀ ਵਰਨਣਯੋਗ ਹਨ। ਖਾਸ ਕਰਕੇ ਪਟਨਾ ਸਾਹਿਬ ਦੀ ਹਜ਼ੂਰੀ ਬੀੜ ਅਤੇ ਉਪਰਲੀ ਮੰਜ਼ਲ ਜਿੱਥੇ ਪੁਰਾਤਨ ਹੱਥ ਲਿਖਤ ਬੀੜਾਂ ਸੰਭਾਲੀਆਂ ਹੋਈਆਂ ਹਨ, ਕਾਫੀ ਗਿਣਤੀ ਵਿੱਚ ਇਸ ਸ਼ਾਖ ਦੀਆਂ ਬੀੜਾਂ ਦੇ ਦਰਸ਼ਨ ਹੁੰਦੇ ਹਨ।

੧੯੧੭ ਵਿੱਚ ਰਾਗਮਾਲਾ ਵਿਰੋਧੀਆਂ ਨੇ ਇਸ ਸ਼ਾਖ ਦੀਆਂ ਬੀੜਾਂ ਨੂੰ ਰਾਗਮਾਲਾ ਰਹਿਤ ਸੂਚੀ ਵਿੱਚ ਦਰਜ ਕੀਤਾ ਸੀ।

ਬਿਨਾਂ ਸ਼ੱਕ ਭਾਈ ਗੁਰਦਾਸ ਜੀ ਦੀ ਲਿਖਾਈ ਅਤੇ ਗੁਰੂ ਅਰਜਨ ਦੇਵ ਜੀ ਦੀ ਖੁਦ ਤਿਆਰ ਕਰਾਈ ਆਦਿ ਬੀੜ ਹੀ ਪ੍ਰਮਾਣੀਕ ਮੰਨੀ ਜਾਂਦੀ ਰਹੀ ਹੈ, ਜਿਸ ਦੀ ਸੂਚਨਾ ਕਈ ਬੀੜਾਂ ਵਿੱਚ ਲਿਖੀ ਮਿਲਦੀ ਹੈ ਕਿ ਇਹ ਗ੍ਰੰਥ ਆਦਿ ਗ੍ਰੰਥ ਜੀ ਨਾਲ ਸੋਧੇ ਹੋਏ ਗ੍ਰੰਥ ਨਾਲ ਸੋਧਿਆ ਹੈ ਜੋ ਭਾਈ ਗੁਰਦਾਸ ਭੱਲੇ ਪਾਸੋਂ ਗੁਰੂ ਅਰਜਨ ਦੇਵ ਜੀ ਨੇ ਲਿਖਵਾਯਾ ਸੀ। ਜੋ ਉਸ ਗ੍ਰੰਥ ਨਾਲ ਸੋਧੇ ਸੋ ਸ਼ੁੱਧ ਹੋਵੇ ਅਤੇ ਇਸ ਪੋਥੀ ਦੇ ਅਰੰਭ ਵਿੱਚ ਜਿਸ ਗ੍ਰੰਥ ਦੇ ਚਿਤ੍ਰ ਦਿੱਤੇ ਗਏ ਹਨ ਉਹ ਗ੍ਰੰਥ ਪ੍ਰਮਾਣਿਤ ਕਰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਜੀ ਦੀ ਪ੍ਰਮਾਣੀਕ ਸ਼ਾਖ ਉਹੋ ਹੀ ਬੀੜ ਸੀ ਜਿਸਦੀ ਤਰਤੀਬ ਉਸ ਸ਼ਾਖ ਦੀਆਂ ਬੀੜਾਂ ਨਾਲ ਮਿਲਦੀ ਹੈ ਜਿਨ੍ਹਾਂ ਦੇ ਤਤਕਰੇ ਦੇ ਅਰੰਭ ਵਿੱਚ ਇਹ ਸੂਚਨਾ ਹੈ 'ਜਪੁ ਸ੍ਰੀ ਗੁਰੂ ਰਾਮਦਾਸ ਜੀਉ ਕੇ ਦਸਤਖਤਾਂ ਕੀ ਨਕਲ' ਤੇ ਭੋਗ ਮੁੰਦਾਵਣੀ ਉਪਰ ਹੈ। ਜਿਸ ਦੇ ਪ੍ਰਮਾਣ ਰੂਪ ਵਿੱਚ ਅਸੀਂ ਇਸ ਪੋਥੀ ਵਿੱਚ ਕਈ ਮਹੱਤਵਪੂਰਨ ਬੀੜਾਂ ਦੀਆਂ ਤਸਵੀਰਾਂ ਦੇ ਦਰਸ਼ਨ ਕਰਵਾ ਰਹੇ ਹਾਂ। ਇਸੇ ਆਦਿ ਬੀੜ ਦੀ ਸ਼ਾਖ ਦੀ ਬੀੜ ਨੂੰ ਨੌਵੇਂ ਪਾਤਸ਼ਾਹ ਦੀ ਬਾਣੀ ਚੜ੍ਹਾ ਕੇ ਦਮਦਮੇ ਸਾਹਿਬ ਨਿਵਾਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨਤਾ ਦਿੱਤੀ ਸੀ।

ਬੇਸ਼ੱਕ ਹੱਥ ਲਿਖਤ ਬੀੜਾਂ ਵਿੱਚ ਸਭ ਤੋਂ ਵਧੀਕ ਬੰਨੋ ਵਾਲੀ ਬੀੜ ਦੀ ਸ਼ਾਖ ਦੀਆਂ ਨਕਲਾਂ ਹੋਈਆਂ ਅਤੇ ਛਪੀਆਂ ਵੀ। ਧੰਨ ਸਨ ਉਹ ਪ੍ਰੇਮੀ ਜੋ ਸਾਰੀਆਂ ਵਾਧੂ ਬਾਣੀਆਂ ਪੜ੍ਹ ਕੇ ਭੋਗ ਪਾਉਂਦੇ ਸਨ। ਪੁਜਾਰੀਆਂ ਦੇ ਪ੍ਰਭਾਵ ਸਮੇਂ, ਵੱਡਾ ਭੋਗ ਪਾਉਣ ਲਈ ਵਾਧੂ ਬਾਣੀਆਂ ਰਤਨ ਮਾਲ, ਰਾਹ ਮੁਕਾਮ, ਜਿਤ ਦਰ ਲਖ ਮੁਹੰਮਦਾ, ਬਾਇਆਤਸ ਆਬ ਖਾਕ ਤੇ ਰਾਗਮਾਲਾ ਆਦਿਕ ਵੀ ਪੜ੍ਹ ਕੇ ਸਮੇਤ ਸਿਆਹੀ ਦੀ ਵਿਧੀ ਦੇ ਪਾਠ ਦੀ ਸਮਾਪਤੀ ਕਰਦੇ ਸਨ। ਕੁਝ ਪੁਰਾਤਨ ਪ੍ਰਾਇਯਾਵਾਂ ਵਿੱਚ ਮੁੰਦਾਵਣੀ ਪਿੱਛੋਂ ਸਾਰੀਆਂ ਵਾਧੂ ਬਾਣੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਭਾਗ ਸਮਝ ਕੇ ਹੀ ਸਿਆਹੀ ਦੀ ਵਿਧੀ ਤੱਕ ਦੇ ਅਰਥ ਕੀਤੇ ਹੋਏ ਵੀ ਮਿਲਦੇ ਹਨ। ਇਸ ਤੀਜੀ ਸ਼ਾਖ ਵਿੱਚ ਲਿਖਾਰੀ



www.AKJ.Org

ਨੇ ਰਾਗਾਂ ਦੀ ਤਰਤੀਬ ਆਦਿ ਬੀੜ ਵਾਲੀ ਹੀ ਰੱਖੀ ਹੈ।

ਭਾਵਨਾ ਇਹ ਜਾਪਦੀ ਹੈ ਕਿ ਗੁਰਬਾਣੀ ਦੇ ਪਿਛੋਂ ਮੁੰਦਾਵਣੀ ਲਿਖੀ ਜਾਵੇ। ਇਸ ਲਹੌਰੀ ਬੀੜ ਵਿੱਚ ਪੰਜਵੇਂ ਮਹਲੇ ਦੇ ਸਵੱਈਆਂ ਨੂੰ ਉੱਪਰ ਰੱਖਕੇ ਮੁੰਦਾਵਣੀ ਲਿਖੀ ਹੈ, ਪਿੱਛੋਂ ਭੱਟਾਂ ਦੇ ਸਵੱਈਏ ਤੇ, ਕਬੀਰ, ਫਰੀਦ ਜੀ ਦੇ ਸਲੋਕ ਲਿਖੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਅੰਦਰ ਭਗਤ ਬਾਣੀ, ਗੁਰਬਾਣੀ ਦੀਆਂ ਸਭਨਾਂ ਬਾਣੀਆਂ ਪਿੱਛੋਂ ਲਿਖੀ ਹੁੰਦੀ ਹੈ। ਇਸ ਅੰਤਕਾ ਭਾਗ ਵਿੱਚ ਲਿਖਾਰੀ ਨੇ ਭੋਗ ਦੀਆਂ ਬਾਣੀਆਂ ਦੀ ਤਰਤੀਬ ਵੀ ਉਸੇ ਰੀਤੀ ਨਾਲ ਕੀਤੀ ਹੈ। ਇਸ ਪੁਸਤਕ ਵਿੱਚ ਸ਼ਾਮਲ ਚਿਤ੍ਰਾਂ ਵਿੱਚ ਅਸੀਂ ਦੇਖਾਂਗੇ, ਕੁਝ ਬੀੜਾਂ ਵਿੱਚ ਏਸੇ ਤਰਤੀਬ ਨਾਲ ਮੁੰਦਾਵਣੀ ਪਹਿਲਾਂ ਲਿਖਕੇ ਪਿੱਛੋਂ ਕਬੀਰ, ਫਰੀਦ ਜੀ ਦੇ ਸਲੋਕ ਲਿਖੇ ਹਨ। ਕੁਝ ਲਿਖਾਰੀਆਂ ਨੇ ਕਬੀਰ, ਫਰੀਦ ਦੇ ਸਲੋਕ ਪਹਿਲਾਂ ਲਿਖ ਕੇ ਬੀੜ ਦੀ ਸਮਾਪਤੀ ਭੱਟਾਂ ਦੇ ਸਵੱਈਆਂ ਉੱਪਰ ਕੀਤੀ ਹੈ।

ਗੁਰੂ ਗ੍ਰੰਥ ਸਾਹਿਬ ਬਾਰੇ ਲਿਖੇ ਗ੍ਰੰਥਾਂ ਵਿੱਚ ਕੁੱਝ ਕੋਸ਼ਕਾਰਾਂ ਨੇ ਇਸ ਦੇ ਹੱਕ ਵਿੱਚ ਇਹ ਦਲੀਲ ਦਿੱਤੀ ਹੈ ਕਿ ਜਦੋਂ ਪਾਤਸ਼ਾਹ ਗੱਦੀ ਉੱਤੇ ਸੁਸੋਭਿਤ ਹੋਵੇ ਉਸ ਵੇਲੇ ਉਸ ਦੀ ਉਸਤਤ ਦੇ ਸਵੱਈਏ ਗਾਏ ਜਾਂਦੇ ਸਨ, ਇਸ ਲਈ ਭੱਟਾਂ ਦੇ ਸਵੱਈਏ ਮੁੰਦਾਵਣੀ ਪਿੱਛੋਂ ਲਿਖੇ ਜਾਣੇ ਉਚਿਤ ਸਮਝੇ ਜੋ ਅਸਲ ਵਿੱਚ ਗਲਤ ਰੀਤ ਸੀ, ਹਾਂ ਇਹ ਠੀਕ ਹੈ ਕਿ ਇਸ ਸ਼ਾਖ ਦੀਆਂ ਬੀੜਾਂ ਵਿੱਚ ਭਾਈ ਬੰਨੋ ਵਾਲੀਆਂ ਵਾਧੂ ਬਾਣੀਆਂ ਤੇ ਉਹਨਾਂ ਵਿੱਚੋਂ ਵੀ ਰਾਗਮਾਲਾ ਨਹੀਂ ਹੁੰਦੀ।

ਪਹਿਲੀ ਕਲਪਨਾਂ ਅਨੁਸਾਰ ਕਿ ਜਿਵੇਂ ਰਾਗਾਂ ਦੀ ਸਮਾਪਤੀ ਭਗਤਾਂ ਦੀ ਬਾਣੀ ਤੇ ਹੁੰਦੀ ਹੈ ਉਸੇ ਤਰ੍ਹਾਂ ਜਾਪਦਾ ਹੈ, ਅੰਤਕਾ ਭਾਗ ਦੀ ਸਮਾਪਤੀ ਤੇ ਭਗਤਾਂ ਤੇ ਭੱਟਾਂ ਦੀਆਂ ਬਾਣੀਆਂ ਰੱਖੀਆਂ ਗਈਆਂ। ਇਸ ਵਿਚਾਰ ਦਾ ਵਿਸ਼ਾ ਵੱਖਰਾ ਹੈ- ਏਥੇ ਦੇਖਣਾ ਹੈ, ਲਹੌਰੀ ਸ਼ਾਖ ਦੀਆਂ ਸਾਰੀਆਂ ਦੀਆਂ ਸਾਰੀਆਂ ਬੀੜਾਂ ਵਿੱਚ ਰਾਗਮਾਲਾ ਤੇ ਭਾਈ ਬੰਨੋ ਵਾਲੀਆਂ ਬਾਣੀਆਂ ਨੂੰ ਕਿਉਂ ਥਾਂ ਨਹੀਂ ਮਿਲੀ। ਇਸ ਲਈ ਕਿ ਉਹ ਪ੍ਰਵਾਨਤ ਬਾਣੀਆਂ ਨਹੀਂ ਮੰਨੀਆਂ ਗਈਆਂ।

ਅਸੀਂ ਦੋ ਦਰਜਨ ਬੀੜਾਂ ਦੇ ਚਿਤ੍ਰ ਦੇ ਰਹੇ ਹਾਂ, ਜਿਨ੍ਹਾਂ ਦੇ ਪ੍ਰਾਚੀਨ ਹੋਣ ਦੇ ਪ੍ਰਮਾਣ ਵੀ ਹਨ, ਸੰਨ ਸੰਮਤ ਵੀ।

ਜਿਵੇਂ ਕਾਨਗੜ੍ਹ ਵਾਲੀ ਬੀੜ ਦਾ ਲਿਖਣ ਸਥਾਨ ਕੀਰਤਪੁਰ ਤੇ ਸੰਮਤ ੧੭੧੮ ਲਿਖਿਆ ਹੈ। ਕਿਸੇ-ਕਿਸੇ ਬੀੜ ਵਿੱਚ ਤ੍ਰਿਲੋਚਨ ਦਾ ਹੋਰ ਇੱਕ ਸ਼ਬਦ ਵੀ ਹੁੰਦਾ ਹੈ, ਜੋ ਵੱਖਰੀ ਚਰਚਾ ਦਾ ਵਿਸ਼ਾ ਹੈ। ਇਸੇ ਸ਼ਾਖ ਦੀਆਂ ਕੁਝ ਬੀੜਾਂ ਬਾਬਾ ਆਲਾ ਸਿੰਘ ਦੇ ਬੁਰਜ ਵਿੱਚ ਵੀ ਹਨ। ਜਿਨ੍ਹਾਂ ਵਿੱਚੋਂ ਦਿੱਲੀ ਦੇ ਗਦਰ ਸਮੇਂ ਪ੍ਰਾਪਤ ਹੋਈ ਬੀੜ ਵਿਸ਼ੇਸ਼ ਵਰਨਣ ਯੋਗ ਹੈ। ਇਨ੍ਹਾਂ ਬੀੜਾਂ ਦਾ ਆਖਰ ਕੋਈ ਮਹੱਤਵ ਸਿੱਖ ਸੰਗਤਾਂ ਵਿੱਚ ਰਿਹਾ ਹੀ ਹੋਵੇਗਾ, ਜਿਸ ਕਾਰਨ ਏਨੀਆਂ ਬੀੜਾਂ ਲਿਖੀਆਂ ਜਾਂਦੀਆਂ



www.AKJ.Org

ਰਹੀਆਂ। ਏਨ੍ਹਾਂ ਵਿੱਚ ਜੇ 'ਰਾਗਮਾਲਾ' ਦਾ ਕੋਈ ਗੁਰੂ ਘਰ ਨਾਲ ਸੰਬੰਧ ਹੁੰਦਾ, ਤਾਂ ਇਹ ਵੀ ਇਸ ਭਾਂਤ ਦੀਆਂ ਬੀੜਾਂ ਵਿੱਚ ਜ਼ਰੂਰ ਲਿਖੀ ਹੁੰਦੀ।

ਅਸੀਂ ਏਥੇ ਪ੍ਰਮਾਣ ਲਈ, ਤਖਤ ਪਟਨੇ ਸਾਹਿਬ ਅਤੇ ਤਖ਼ਤ ਹਜ਼ੂਰ ਸਾਹਿਬ ਦੀਆਂ ਬੀੜਾਂ ਦੇ ਦਰਸ਼ਨ ਕਰਾਏ ਹਨ, ਉਨ੍ਹਾਂ ਵਿੱਚ ਲਹੌਰੀ ਬੀੜ ਦੀ ਸ਼ਾਖ ਵਾਲੀ ਹੀ ਤਰਤੀਬ ਹੈ।

ਪੁਰਾਤਨ ਬੀੜਾਂ ਦੀ ਖੋਜ-ਭਾਲ ਕਰਦਿਆਂ ਜੋ ਇਸ ਭਾਂਤ ਦੀਆਂ ਹੋਰ ਬੀੜਾਂ ਦੇ ਦਰਸ਼ਨ ਪ੍ਰਾਪਤ ਹੋਏ, ਕੁਝ ਉਨ੍ਹਾਂ ਦੇ ਵੀ ਤੇ ਬਹੁਤੀਆਂ ਪਟਨੇ ਸਾਹਿਬ ਦੇ ਤੋਸ਼ੇਖਾਨੇ ਦੀਆਂ ਬੀੜਾਂ ਦੇ ਚਿਤ੍ਰ ਦਿੱਤੇ ਜਾ ਰਹੇ ਹਨ। ਜਿਸ ਤੋਂ ਸਪੱਸ਼ਟ ਹੋ ਜਾਂਦਾ ਹੈ, ਰਾਗਮਾਲਾ ਭਾਈ ਬੰਨੋ ਦੀਆਂ ਵਾਧੂ ਬਾਣੀਆਂ ਵਿੱਚੋਂ ਇੱਕ ਸੀ ਜੋ ਭਾਈ ਬੰਨੋ ਦੀ ਬੀੜ ਦੀਆਂ ਸ਼ਾਖਾਂ ਵਿੱਚ ਹੀ ਲਿਖੀ ਮਿਲਦੀ ਹੈ। ਪਹਿਲੇ ਚਿਤ੍ਰਾਂ ਵਿੱਚ ਦੇਖ ਆਏ ਹਾਂ ਅੰਮ੍ਰਿਤਸਰੀ ਆਦਿ ਬੀੜ ਦੀਆਂ ਸ਼ਾਖਾਂ (ਨਕਲਾਂ) ਵਿਚ ਰਾਗਮਾਲਾ ਨੂੰ ਕਿਧਰੇ ਵੀ ਥਾਂ ਨਹੀਂ ਮਿਲੀ।

## ਸ੍ਰੀ ਪਟਨਾ ਸਾਹਿਬ ਵਾਲੇ ਬੜੇ ਬਾਬਾ ਜੀ :

ਕੁਝ ਬੀੜਾਂ, ਪਟਨੇ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਵਾਲੀਆਂ ਦੀ ਮੁੰਦਾਵਣੀ ਪਿੱਛੋਂ ਕਬੀਰ-ਫਰੀਦ ਦੇ ਸਲੋਕਾਂ ਤੇ ਸਮਾਪਤੀ ਹੈ, ਕੁਝ ਬੀੜਾਂ ਵਿੱਚ ਭਗਤਾਂ ਦੇ ਏਨ੍ਹਾਂ ਸਲੋਕਾਂ ਨੂੰ ਵਾਰਾਂ ਤੋਂ ਵਧੀਕ ਨਾਲ ਮੇਲਕੇ, ਭੱਟਾਂ ਦੇ ਸਵੱਈਆਂ ਅਰਥਾਤ "ਛਤ੍ਰ ਸਿੰਘਾਸਣ ਪ੍ਰਿਥਮੀ ਗੁਰੂ ਅਰਜਨ ਕਉ ਦੇ ਆਇਓ" ਲਿਖਕੇ ਸਮਾਪਤੀ ਕੀਤੀ ਹੈ। ਬੇਸ਼ੱਕ ਇਹ ਤਰਤੀਬ ਆਦਿ ਬੀੜ ਦੇ ਅਨੁਸਾਰੀ ਨਹੀਂ, ਪ੍ਰੰਤੂ ਇੱਕ ਪ੍ਰਮੁੱਖ ਨੁਕਤਾ ਸਾਹਮਣੇ ਆਉਂਦਾ ਹੈ ਕਿ ਇਸ ਸਾਖ਼ ਦੀਆਂ ਬੀੜਾਂ ਵਿੱਚ ਰਾਗਮਾਲਾ ਤੇ ਉਸ ਦੇ ਨਾਲ ਦੀਆਂ ਵਾਧੂ ਬਾਣੀਆਂ ਵਿਚੋਂ ਕੋਈ ਵੀ ਬਾਣੀ ਨਹੀਂ ਲਿਖੀ ਹੋਈ। ਮੁੰਦਾਵਣੀ ਸੰਪੂਰਨ ਗ੍ਰੰਥਾਂ ਦੀ ਭੋਗ ਦੀ ਬਾਣੀ ਦੀ ਥਾਂ ਅੰਤਲੇ ਭਾਗ ਦੀਆਂ ਗੁਰੂ ਸਾਹਿਬਾਨ ਕਿਰਤ ਬਾਣੀਆਂ ਦੇ ਪਿੱਛੇ ਲਿਖੀ ਹੈ।

ਇਸ ਸ਼ਾਖ ਦੀਆਂ ਬੀੜਾਂ ਲਿਖਣ ਦਾ ਆਰੰਭ ਬੇਸ਼ੱਕ ਲਹੌਰ ਹੀ ਹੋਇਆ ਹੋਵੇ, ਪ੍ਰੰਤੂ ਇਸ ਦੀਆਂ ਨਕਲਾਂ ਕੀਰਤਪੁਰ ਵਿੱਚ ਵੀ ਲਿਖੀਆਂ ਹੋਈਆਂ ਮਿਲੀਆਂ ਹਨ।

## ਦੋ ਤਖ਼ਤਾਂ ਦੇ, ਦੋ ਵੱਡੇ ਬਾਬੇ

ਇੱਕ ਵੱਡਾ ਬਾਬਾ ਤਖ਼ਤ ਪਟਨਾ ਸਾਹਿਬ ਵਿੱਚ ਹੈ ਦੂਜਾ ਸ੍ਰੀ ਹਜ਼ੂਰ ਸਾਹਿਬ ਸੱਚ-ਖੰਡ ਵਿੱਚ। ਦੋਵੇਂ ਵੱਡੇ ਬਾਬਿਆਂ ਦੇ ਦਰਸ਼ਨ ਖਾਸ ਯਤਨ ਨਾਲ ਕਰਾਏ ਜਾਂਦੇ ਹਨ ਅਤੇ ਦੋਵਾਂ ਵਿੱਚ ਹੀ ਬਾਣੀਆਂ ਦੀ ਤਰਤੀਬ ਇੱਕ ਭਾਂਤ ਦੀ ਹੈ। ਇਹ ਬੀੜਾਂ



www.AKJ.Org

ਲਹੌਰੀ ਬੀੜ ਦੀ ਸ਼ਾਖ ਦੀਆਂ ਨਕਲਾਂ ਹਨ। ਅੰਤਲੀਆਂ ਬਾਣੀਆਂ ਮੁੰਦਾਵਣੀ ਪਿੱਛੋਂ ਲਿਖਕੇ ਫਿਰ ਭੱਟਾਂ ਦੇ ਸਵੱਈਏ ਹਨ। ਉਸ ਪਿੱਛੋਂ ਕਬੀਰ ਫਰੀਦ ਜੀ ਦੇ ਸਲੋਕ ਲਿਖਕੇ ਬੀੜ ਸਮਾਪਤ ਕੀਤੀ ਹੈ।

ਇਨ੍ਹਾਂ ਵਿੱਚ ਰਾਗਮਾਲਾ ਤੇ ਉਸ ਨਾਲ ਜੁੜੀਆਂ ਵਾਧੂ ਬਾਣੀਆਂ ਵਿੱਚੋਂ ਕੋਈ ਨਹੀਂ। ਹਜ਼ੂਰ ਸਾਹਿਬ ਤੇ ਤਖ਼ਤ ਪਟਨਾ ਸਾਹਿਬ ਦੇ ਵੱਡਿਆਂ ਬਾਬਿਆਂ ਦੀ ਮਹਾਨਤਾ ਵੱਡੇ ਧਾਮਾਂ ਦੇ ਉੱਤੇ ਸਥਾਪਤ ਹੋਣ ਕਾਰਨ ਵਿਸ਼ੇਸ਼ ਹੈ।

ਉਂਞ ਇਸ ਸ਼ਾਖ ਦੀਆਂ ਬੀੜਾਂ ਵਿੱਚ ਬੂੜੇ ਸੰਧੂ ਅਤੇ ਕਾਨਗੜ੍ਹ ਵਾਲੀ ਬੀੜ ਦਾ ਪ੍ਰਾਚੀਨਤਾ ਕਾਰਨ ਆਪਣਾ ਹੀ ਸਥਾਨ ਹੈ। ਬੂੜੇ ਸੰਧੂ ਵਾਲੀ ਬੀੜ ਦਾ ਭੋਗ ਭੱਟਾਂ ਦੇ ਸਵੱਈਆਂ ਉੱਤੇ ਪੈਂਦਾ ਦੇਖ ਕੇ ਸ੍ਰ: ਜੀ. ਬੀ. ਸਿੰਘ ਨੂੰ ਵੱਡਾ ਭੁਲੇਖਾ ਲੱਗਿਆ ਕਿ ਇਹ ਬੀੜ ਸਿੱਧੀ ਆਦਿ ਬੀੜ ਦੀ ਨਕਲ ਹੈ।

ਸ੍ਰ. ਜੀ. ਬੀ. ਸਿੰਘ ਨੇ ਦੇਹਰਾਦੂਨ ਵਾਲੀਆਂ ਬੀੜਾਂ ਦੇਖੀਆਂ ਜਿਨ੍ਹਾਂ ਵਿੱਚੋਂ ਗੁਰੂ ਹਰਿ ਰਾਇ ਜੀ ਦੇ ਦਸਤਖਤਾਂ ਵਾਲੀ ਬੀੜ ਦੀ ਸੁਧਾਈ ਆਦਿ ਬੀੜ ਨਾਲ ਕੀਤੇ ਜਾਣ ਦੇ ਪ੍ਰਮਾਣ ਮਿਲਦੇ ਹਨ। ਉਸਨੂੰ ਬਿਨ੍ਹਾਂ ਸੰਸੇ ਦੇ ਆਪ ਨੇ ਆਦਿ ਬੀੜ ਦੀ ਨਕਲ ਪ੍ਰਵਾਨ ਕੀਤਾ ਹੈ, ਦੱਸਿਆ ਹੈ ਕਿ ਇਸ ਬੀੜ ਦੇ ਆਰੰਭ ਵਿੱਚ 'ਜਪੁ ਗੁਰੂ ਰਾਮਦਾਸ ਜੀਉ ਕਿਆ ਦਸਤਖਤਾਂ ਕੀ ਨਕਲ' ਦੀ ਸੂਚਨਾ ਲਿਖੀ ਹੋਈ ਹੈ। ਏਹੋ ਸੂਚਨਾ ਏਸੇ ਸ਼ਾਖ ਦੀਆਂ ਲਿਖੀਆਂ ਦੇਹਰਾਦੂਨ ਵਾਲੀਆਂ ਹੋਰਾਂ ਬੀੜਾਂ ਤੋਂ ਪ੍ਰਗਟ ਹੁੰਦੀ ਹੈ। ਜਿਨ੍ਹਾਂ ਵਿੱਚੋਂ ਇੱਕ ਬੀੜ ਦੇਹੁਰਾ ਰਾਮ ਰਾਇ ਵਿੱਚ ਇਸ ਵੇਲੇ ਵੀ ਦਰਸ਼ਨਾਂ ਲਈ ਸੁਲੱਭ ਹੈ। ਉਸ ਵਿੱਚ ਮੁੰਦਾਵਣੀ ਵਾਲਾ ਸਲੋਕ ਅਤੇ ਨਾਲ ਹੀ 'ਤੇਰਾ ਕੀਤਾ ਜਾਤੋ ਨਾਹੀ' ਲਿਖੇ ਹੋਏ ਹਨ ਤੇ ਤਨੁ ਮਨੁ ਥੀਵੈ ਹਰਿਆ ਦੀ ਤੁਕ ਦੇ ਪਿੱਛੋਂ ਇੱਕ ਵਾਕ ਹੈ

"ਏਹੁ ਭੋਗ ਸ੍ਰੀ ਆਦਿ ਗ੍ਰੰਥ ਜੀ ਹੈ।"

ਇਹ ਲਿਖਿਆ ਹੋਇਆ ਵਾਕ ਸਪੱਸ਼ਟ ਤੌਰ ਤੇ ਪੜ੍ਹਿਆ ਜਾਂਦਾ ਹੈ। ਭਾਵੇਂ ਹੇਠਾਂ ਰਾਗਮਾਲਾ ਵੀ ਲਿਖੀ ਹੋਈ ਹੈ। ਇਸ ਤੋਂ ਨਿਖੇੜਾ ਹੋ ਜਾਂਦਾ ਹੈ ਕਿ ਜੀ. ਬੀ. ਸਿੰਘ ਦੀ ਭੱਟਾਂ ਉੱਤੇ ਭੋਗ ਪਾਉਣ ਵਾਲੀਆਂ ਬੀੜਾਂ ਨੂੰ ਇਹ ਮਹੱਤਤਾ ਦੇਣੀ ਕਿ ਉਹ ਆਦਿ ਬੀੜ ਦੀ ਸਿੱਧੀ ਨਕਲ ਹੈ ਨਿਰਮੂਲ ਹੈ। ਉੱਪਰ ਦੱਸੀਆਂ ਦੋਵੇਂ ਬੀੜਾਂ ਕਾਨਗੜ੍ਹ ਤੇ ਬੂੜੇ ਸੰਧੂ ਵਾਲੀਆਂ ਦਾ ਜ਼ਿਕਰ ਇਸ ਲਈ ਕਰਨਾ ਯੋਗ ਸਮਝਿਆ ਹੈ ਕਿ ਤਖ਼ਤ ਪਟਨੇ ਸਾਹਿਬ ਵਾਲੀਆਂ ਬੀੜਾਂ ਵਿੱਚ ਉੱਪਰ ਦੱਸੀਆਂ ਦੋਵੇਂ ਭਾਂਤ ਦੀਆਂ ਬੀੜਾਂ ਨਾਲ ਮਿਲਦੇ ਜੁਲਦੇ ਹੱਥ ਲਿਖਿਤ ਗ੍ਰੰਥ ਸਾਹਿਬ ਜੀ ਹਨ।

(੧) ਦੋਵੇ ਹਜੂਰੀ ਬੀੜਾਂ ਦੇ ਭੋਗ ਕਬੀਰ ਫਰੀਦ ਦੇ ਸਲੋਕਾਂ ਤੇ ਪੈਂਦੇ ਹਨ ਭੱਟਾਂ ਦੇ ਸਵੱਯੇ ਉਸ ਤੋਂ ਪਹਿਲਾਂ ਹਨ।

(੨) ਦੂਜੀਆਂ ਦੋਵੇਂ ਬੀੜਾਂ ਦੀ ਸਮਾਪਤੀ ਭੱਟਾਂ ਦੇ ਸਵੱਯਾਂ ਉੱਤੇ ਹੁੰਦੀ ਹੈ।



www.AKJ.Org

ਹੁਣ ਅਸੀਂ ਤਖ਼ਤ ਪਟਨਾ ਸਾਹਿਬ ਦੇ ਤੋਸ਼ੇਖਾਨੇ ਵਿੱਚ ਮਿਲਦੀਆਂ ਬੀੜਾਂ ਦਾ ਸੰਖੇਪ ਵਰਨਣ ਤੇ ਚਿਤ੍ਰ ਦਰਸ਼ਨ ਕਰਵਾ ਰਹੇ ਹਾਂ।

ਤਖ਼ਤ ਪਟਨਾ ਸਾਹਿਬ ਹੱਥ-ਲਿਖਤ ਬੀੜਾਂ ਦਾ ਵੱਡਾ ਭੰਡਾਰ ਹੈ। ਪਹਿਲੀ ਵਾਰ ੧੯੪੫ ਈ: ਵਿੱਚ ਬੀੜਾਂ ਦੇ ਦਰਸ਼ਨ ਕੀਤੇ ਤਾਂ ਉਸ ਵੇਲੇ ਪੁਰਾਣੀ ਬਿਲਡਿੰਗ ਦੀ ਉੱਪਰਲੀ ਛੱਤ ਇੱਕ ਪੜਛੱਤੀ ਵਾਂਗ ਸੀ, ਜਿਸ ਵਿੱਚ ਹਵਾ ਘੱਟ ਹੀ ਆਉਂਦੀ ਜਾਂਦੀ ਸੀ। ਪੰਦਰਾਂ ਦਿਨ ਬੀੜਾਂ ਦੇ ਦਰਸ਼ਨ ਕੀਤੇ। ਪੰਡਤ ਕੇਹਰ ਸਿੰਘ ਗੰ੍ਥੀ ਜੀ ਸਹਾਇਕ ਹੋਏ, ਜਿਨ੍ਹਾਂ ਨੇ ਗੁਰਮਤਿ ਤੇ ਗੁਰਬਾਣੀ ਦੇ ਅਰਥ ਗਿਆਨੀ ਅਰਜਨ ਸਿੰਘ ਜੀ ਪਾਸੋਂ ਪੜ੍ਹੇ ਸਨ। ਉਸ ਸਮੇਂ ਉਹੋ ਹੀ ਮੁੱਖ ਗੰ੍ਥੀ ਤੇ ਸਭੋ ਕੁਝ ਸਨ।

ਜਿਨ੍ਹਾਂ ਬੀੜਾਂ ਦੀਆਂ ਤਸਵੀਰਾਂ ਲਈਆਂ ਉਨ੍ਹਾਂ ਵਿੱਚੋਂ ਕੁਝ ਕੁ ਏਥੇ ਨਵੀਆਂ ਤਸਵੀਰਾਂ ਨਾਲ ਸ਼ਾਮਲ ਹਨ। ਪਟਨਾ ਸਾਹਿਬ ਵਿੱਚ ਇੱਕ ਵਾਰੀ ਫੇਰ, ਭਾਈ ਜੋਗਿੰਦਰ ਸਿੰਘ ਵੇਦਾਂਤੀ ਨਾਲ ਤੇ ਦੂਜੀ ਵਾਰੀ ਭਾਈ ਮੋਹਨ ਸਿੰਘ ਗਾਰਡ (ਕਾਨਪੁਰ ਵਾਲਿਆਂ) ਨਾਲ ਬੀੜਾਂ ਦੇ ਦਰਸ਼ਨ ਕੀਤੇ। ਇਨ੍ਹਾਂ ਦੌਰਿਆਂ ਵਿੱਚ ਕੁਝ ਅਹਿਮ ਬੀੜਾਂ ਪ੍ਰਾਪਤ ਹੋਈਆਂ, ਉਨ੍ਹਾਂ ਵਿੱਚੋਂ ਵਿਸ਼ੇਸ਼ ਬੀੜਾਂ ਦੇ ਚਿਤ੍ਰ ਦਰਸ਼ਨ ਕਰਾਏ ਜਾ ਰਹੇ ਹਨ। ਤਖ਼ਤ ਸਾਹਿਬ ਦੇ ਤੋਸ਼ੇਖਾਨੇ ਵਿੱਚ ਇਸ ਵੇਲੇ ਮੁੰਦਾਵਣੀ ਉੱਤੇ ਭੋਗ ਪਾਏ ਜਾਣ ਵਾਲੀਆਂ ਬੀੜਾਂ ਵੀ ਹਨ। ਕੁਝ ਬੀੜਾਂ ਵਿਲੱਖਣ ਸੂਚਨਾਵਾਂ ਤੇ ਖਾਸ ਜਾਣਕਾਰੀ ਦੇਣ ਵਾਲੀਆਂ ਵੀ ਹਨ। ਬੇਸ਼ੱਕ ਪਟਨੇ ਸਾਹਿਬ ਦੇ ਤੋਸ਼ੇਖਾਨੇ ਵਿੱਚ ਭਾਈ ਬੰਨੋ ਦੀਆਂ ਵਾਧੂ ਬਾਣੀਆਂ ਵਾਲੀਆਂ ਬੀੜਾਂ ਵਧੇਰੇ ਹਨ, ਦੂਜੀਆਂ ਬੀੜਾਂ ਵਿੱਚ ਭੱਟਾਂ ਦੇ ਸਵੱਈਆਂ ਅਤੇ ਫਰੀਦ ਜੀ ਦੇ ਸਲੋਕਾਂ ਉੱਤੇ ਸਮਾਪਤੀ (ਭੋਗ ਨਹੀਂ) ਵਾਲੀਆਂ ਬੀੜਾਂ ਡੇਢ ਦਰਜਨ ਤੋਂ ਵੀ ਵਧੀਕ ਹਨ। ਇਨ੍ਹਾਂ ਬੀੜਾਂ ਬਾਰੇ ਹੋਰ ਚਰਚਾ ਤੇ ਜਾਣਕਾਰੀ ਪੁਰਾਤਨ ਬੀੜਾਂ ਵਾਲੀ ਪੋਥੀ ਲਈ ਰਾਖਵੀਂ ਰੱਖਦੇ ਹੋਏ, ਕੁਝ ਕੁ ਬੀੜਾਂ ਬਾਰੇ ਹੀ ਜਾਣਕਾਰੀ ਤੇ ਚਿਤ੍ਰ ਦਰਸ਼ਨ ਕਰਾਏ ਜਾਂਦੇ ਹਨ।

## ਭਾਈ ਬੰਨੋ ਦੀ ਸ਼ਾਖ ਦੀਆਂ ਬੀੜਾਂ

ਇਸ ਤੋਂ ਪਹਿਲਾਂ ਅਸੀਂ ਬੀੜਾਂ ਦੀਆਂ ਪ੍ਰਸਿੱਧ ਅਤੇ ਗੁਰਧਾਮਾਂ ਵਿੱਚ ਵਿਸ਼ੇਸ਼ ਮੰਨੀਆਂ ਜਾਂਦੀਆਂ ਦੋ ਸ਼ਾਖਾਵਾਂ ਦੀਆਂ ਬੀੜਾਂ ਦੇ ਚਿਤ੍ਰ ਦਰਸ਼ਨ ਕਰ ਆਏ ਹਾਂ। ਇਹ ਵੀ ਜਾਣ ਆਏ ਹਾਂ ਕਿ ਆਦਿ ਬੀੜ ਦੀ ਸ਼ਾਖ ਦੀਆਂ ਬੀੜਾਂ ਦਾ ਭੋਗ ਮੁੰਦਾਵਣੀ ਉੱਪਰ ਪੈਂਦਾ ਹੈ। ਦੂਜੀ ਲਹੌਰੀ ਸ਼ਾਖ ਦੀਆਂ ਬੀੜਾਂ ਵਿੱਚ ਮੁੰਦਾਵਣੀ, ਇਸ ਪਿੱਛੋਂ ਕਬੀਰ ਜੀ ਅਤੇ ਫਰੀਦ ਜੀ ਦੇ ਸਲੋਕਾਂ ਤੋਂ ਪਹਿਲਾਂ ਅਤੇ ਕੁਝ ਕੁ ਬੀੜਾਂ ਦੀ ਭੱਟਾਂ ਦੇ ਸਵੱਯਾਂ ਉੱਤੇ ਸਮਾਪਤੀ ਹੁੰਦੀ ਹੈ। ਆਮ ਤੌਰ ਤੇ ਭਾਈ ਬੰਨੋ ਵਾਲੀ ਸ਼ਾਖ ਵਿੱਚ ਵਾਧੂ ਬਾਣੀਆਂ ਹੁੰਦੀਆਂ ਹੀ ਹਨ। ਪਰੰਤੂ ਕੁਝ ਐਸੀਆਂ ਬੀੜਾਂ ਵੀ ਹਨ ਜਿਨ੍ਹਾਂ ਵਿੱਚ ਹੋਰ ਵਾਧੂ ਬਾਣੀਆਂ ਤਾਂ ਹਨ ਪਰ ਰਾਗਮਾਲਾ ਨਹੀਂ।



www.AKJ.Org

ਇਸ ਵੇਲੇ ਸਾਡੇ ਸਾਹਮਣੇ ਭਾਈ ਬੰਨੋ ਵਾਲੀ ਬੀੜ ਦਾ ਤਤਕਰੇ ਵਾਲਾ ਪਹਿਲਾ ਸਫ਼ਾ ਹੈ। ਭਾਈ ਬੰਨੋ ਵਾਲੀ ਬੀੜ ਦੇ ਤਤਕਰੇ ਦੇ ਅਰੰਭ ਵਿੱਚ ਲਿਖਿਆ ਪੜ੍ਹਿਆ ਜਾਂਦਾ ਹੈ।

"ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ,
ਜੋਤੀ ਜੋਤਿ ਸਮਾਵਣੇ ਕਾ ਚਲਿਤ੍ਰ
ਸੰਬਤ ੧੬੯੯ ਮਿਤੀ ਅਸੂ ਵਦੀ ਏਕਮ ਪੋਥੀ ਲਿਖ ਪਹੁੰਚੇ
ਨਿਸਾਣ ਗੁਰੂ ਜੀਓ ਕੇ ਦਸਤਖਤ ਮਹਲਾ ੬
ਜਪੁ ਗੁਰੂ ਰਾਮਦਾਸ ਜੀਉ ਕੇ ਨਕਲ ਕਾ ਨਕਲ"

ਜਿਸ ਦੇ ਨੌਂ ਅੰਕ ਨੂੰ ੧੬੫੯ ਅਤੇ ੧੬੯੯ ਵੀ ਪੜ੍ਹਿਆ ਜਾ ਸਕਦਾ ਹੈ। ਬੀੜ ਦਾ ਅਰੰਭਿਕ ਸੂਚਨਾ ਦਾ ਦੂਜਾ ਭਾਗ ਹੈ :

ਜਪੁ ਸਿਰੀ ਗੁਰੂ ਰਾਮਦਾਸ ਜੀਓ ਕਿਆਂ ਦਸਤਖਤਾਂ ਕਾ ਨਕਲ ਥਾਂ ਤਿਸਕਾ ਨਕਲ। ਇਹ ਨਕਲ ਕਾ ਨਕਲ ਦੂਜੀ ਥਾਂ ਲਿਖੀ ਬੀੜ ਸਿੱਧ ਕਰਦਾ ਹੈ। ਸੰਮਤ ਬਾਰੇ ਚਰਚਾ ਨੂੰ ਵੱਖਰੇ ਸਮੇਂ ਲਈ ਛਡਦੇ ਹੋਇਆਂ, ਏਥੇ ਇਹ ਨੋਟ ਕਰਨ ਵਾਲੇ ਅੱਖਰ ਹਨ, ਪਹਿਲੀ ਆਦਿ ਬੀੜ ਵਿੱਚ 'ਜਪੁ ਗੁਰੂ ਰਾਮਦਾਸ ਜੀਓ ਕੇ ਦਸਤਖਤਾਂ ਕਾ ਨਕਲ, ਇੱਕ ਵਾਰ ਸੀ ਉਸ ਤੋਂ ਨਕਲ ਕਾ ਨਕਲ ਕਰਨ ਕਰਕੇ ਇਹ ਦੂਜੀ ਭਾਂਤ ਦੀ ਬੀੜ ਹੈ। ਜੋ ਬੰਨੋਆਣੀਆ ਪਾਸ ਇਸ ਸਮੇਂ ਕਾਨਪੁਰ ਸੰਭਾਲੀ ਹੋਈ ਹੈ। ਪਹਿਲਾ ਨੁਕਤਾ ਨਕਲ ਕਾ ਨਕਲ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਬੀੜ ਆਦਿ ਬੀੜ ਤੋਂ ਦੂਜੇ ਥਾਂ ਨਕਲ ਹੋਈ, ਹੋਈ ਹੈ। ਦੂਜਾ ਨੁਕਤਾ ਭੋਗ ਦੀ ਬਾਣੀ ਦੀ ਸੂਚੀ ਦੇਖੀਏ ਤਾਂ ਪ੍ਰਗਟ ਹੁੰਦਾ ਹੈ ਕਿ ਰਾਗਾਂ ਤੋਂ ਵਧੀਕ ਬਾਣੀ ਦੀ ਮੁੰਦਾਵਣੀ ਤੱਕ ਓਹੋ ਤਰਤੀਬ ਹੈ, ਜੋ ਆਦਿ ਬੀੜ ਅਤੇ ਉਸ ਦੀਆਂ ਸ਼ਾਖਾਂ ਦੀ ਹੈ, ਅਰਥਾਤ ਮੁੰਦਾਵਣੀ ਉੱਤੇ ਸਮਾਪਤੀ ਹੈ। ਆਦਿ ਬੀੜ ਦਾ ਭੋਗ ਤਾਂ ਮੁੰਦਾਵਣੀ ਉੱਤੇ ਹੈ, ਪਰ ਭਾਈ ਬੰਨੋ ਵਾਲੀ ਬੀੜ ਵਿੱਚ ਮੁੰਦਾਵਣੀ ਪਿਛੋਂ ਕੁਝ ਹੋਰ ਵਾਧੂ ਰਚਨਾਵਾਂ ਚੱਲ ਪੈਂਦੀਆਂ ਹਨ :-

ਜਿਵੇਂ :- (ੳ) ਜਿਤ ਦਰ ਲਖ ਮੁਹੰਮਦਾ
(ਅ) ਸਲੋਕ ਮ: ੧ ਬਾਇਆਤਿਸ ਆਬ ਖਾਕ
(ੲ) ਰਾਮਕਲੀ ਰਤਨਮਾਲਾ ਮ: ੧
(ਸ) ਹਕੀਕਤ ਰਾਹ ਮੁਕਾਮ
(ਹ) ਰਾਗਮਾਲਾ
(ਕ) ਸਿਆਹੀ ਕੀ ਵਿਧੀ.... ਆਦਿ

ਜੇ ਰਾਗਮਾਲਾ ਮੁੰਦਾਵਣੀ ਦੇ ਪਹਿਲੇ ਹੁੰਦੀ ਤਾਂ ਇਹ ਸਮਝਿਆ ਜਾ ਸਕਦਾ ਸੀ ਕਿ, ਰਾਗਮਾਲਾ ਮੁੰਦਾਵਣੀ ਦੇ ਦੂਜੇ ਸਲੋਕਾਂ ਤਨ ਮਨ ਥੀਵੈ ਹਰਿਆ ਵਾਂਗ ਮੁੱਖ ਬੀੜ ਦਾ ਭਾਗ ਸੀ, ਜਿਸ ਪੁਜੀਸ਼ਨ ਵਿੱਚ, ਰਾਗਮਾਲਾ ਹੁਣ ਹੈ, ਉਸ ਤੋਂ ਸਪੱਸ਼ਟ



www.AKJ.Org

ਹੈ, ਇਹ ਮੁੰਦਾਵਣੀ ਤੋਂ ਪਿੱਛੋਂ ਲਿਖੀਆਂ ਵਾਧੂ ਬਾਣੀਆਂ ਦਾ ਹੀ ਵਾਧੂ ਭਾਗ ਹੈ।

ਸਿੱਟਾ ਇਹ ਕਿ, ਜਿੰਨ੍ਹਾ ਬੀੜਾਂ ਵਿੱਚ ਨਕਲ ਕਾ ਨਕਲੁ ਜਿਨੀ ਵਾਰੀ ਲਿਖਿਆ ਹੈ, ਇਸ ਸਾਖ਼ ਦੀਆਂ ਬੀੜਾਂ ਉਤਨੀ ਵਾਰ ਪਿੱਛੋਂ ਲਿਖੀਆਂ ਹੋਈਆਂ ਹਨ। ਜਿਵੇਂ ਕੁਝ ਏਸੇ ਸ਼ਾਖ ਦੀਆਂ ਬੀੜਾਂ ਤੋਂ ਪ੍ਰੋੜਤਾ ਹੁੰਦੀ ਹੈ, ਜਿਨ੍ਹਾਂ ਦੇ ਚਿਤ੍ਰ ਨਾਲ ਦੇ ਕੁਝ ਹੋਰ ਚਿਤ੍ਰਾਂ ਤੋਂ ਸਹੀ ਹੁੰਦੇ ਹਨ।

ਇੱਕ ਮਹਾਰਾਣੀ ਜਿੰਦਾਂ ਵਾਲਾ ਗ੍ਰੰਥ ਹੈ ਜੋ ਚੌਥੇ ਥਾਂ ਨਕਲ ਹੈ, ਇਹ ਗ੍ਰੰਥ ਮਹਾਰਾਣੀ ਦੇ ਮਹਿਲਾਂ ਵਿੱਚ ਪ੍ਰਕਾਸ਼ ਹੁੰਦਾ ਸੀ, ਜਿਸਦੇ ਭੋਗ ਪਾਉਣ ਸਮੇਂ, ਮੁੰਦਾਵਣੀ ਤੋਂ ਪਿਛੋਂ ਸਾਰੀਆਂ ਰਚਨਾਵਾਂ ਦਾ ਪਾਠ ਕੀਤਾ ਜਾਂਦਾ ਸੀ, ਉਸ ਵੇਲੇ ਦੇ ਗ੍ਰੰਥੀ ਤਾਂ ਸਿਆਹੀ ਕੀ ਵਿਧੀ ਦੇ ਅਰਥ ਵੀ, ਬਾਣੀ ਵਾਂਗ ਜਾਂ ਬਾਣੀ ਸਮਝ ਕੇ ਕਰਦੇ ਸਨ। ਸਿੱਖ ਰਾਜ ਵੇਲੇ ਤੇ ਉਸ ਤੋਂ ਪਿੱਛੋਂ ਲਿਖੇ, ਪ੍ਰਾਇਆਵਾਂ, ਕੋਸ਼ਾਂ ਆਦਿ ਵਿੱਚ ਇਹਨਾਂ ਵਾਧੂ ਬਾਣੀਆਂ ਵਾਂਗ ਅਰਥ ਕੀਤੇ ਮਿਲਦੇ ਹਨ। ਭਾਈ ਮਨੀ ਸਿੰਘ ਜੀ ਦੇ ਸੰਪਰਦਾਈ ਗਿਆਨੀਆਂ ਨੇ ਮੁੰਦਾਵਣੀ ਨੂੰ ਭੋਗ ਦੀ ਬਾਣੀ ਮੰਨਿਆ ਹੈ ਅਤੇ ਰਾਗਮਾਲਾ ਨੂੰ ਆਲਮ ਦੀ ਕ੍ਰਿਤ ਦੱਸਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਉਥਾਨਕਾ ਗ੍ਰੰਥ ਸਾਹਿਬ ਜੀ ਦੀ ਦੂਜੀ ਪੋਥੀ ਦੇ ਆਖਰੀ ਪਤਰੇ ਦੇ ਸਾਹਮਣੇ ਪਾਸੇ 'ਰਾਗਮਾਲਾ' ਦੀ ਅਰਥ-ਵਿਆਖਿਆ ਦਰਜ ਹੈ ਜਿਸ ਨੂੰ ਉਪਰੋਕਤ ਲਿਖੀ ਸੂਚਨਾ ਨਾਲ ਇਸ ਤਰ੍ਹਾ ਅੰਤਾਲਿਆ ਹੋਇਆ ਹੈ। ਪੋਥੀ ਜਿਹੜੀ ਭਾਈ ਮਨੀ ਸਿੰਘ ਜੀ ਦੇ ਸ਼ਿਸ਼ਾਂ ਵਿੱਚੋਂ ਕਿਸੇ ਇੱਕ ਨੇ ਲਿਖੀ ਹੈ ਉਸ ਵਿੱਚ ਰਾਗਮਾਲਾ ਬਾਰੇ ਇਸ ਤਰ੍ਹਾਂ ਲਿਖਿਆ ਹੈ:-

"ਏਹ ਆਲਮ ਕਵੀ ਨੇ ਮਾਧਵਾਨਲ ਕੇ ਗਾਇਨ ਕਾ ਗ੍ਰੰਥ ਬਨਾਯਾ ਹੈ। ਉਸ ਮੇ ਏ ਲਿਖ ਦਈ ਹੈ। ਊਹਾ ਤੇ ਈਹਾਂ ਲਿਖ ਦਈ ਹੈ ਰਾਗ ਰਾਗਣੀ ਕੇ ਭੇਦ ਜਾਨਣੇ ਵਾਸਤੇ। ਕੇ ਪੂਰਨ ਭਈ"

ਫਿਰ ਇਸ ਤੋਂ ਭਾਈ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਇਸੇ ਮੱਤ ਦੀ ਪ੍ਰੋੜਤਾ ਕੀਤੀ ਅਤੇ ਲਿਖਿਆ :

ਰਾਗਮਾਲਾ ਸ੍ਰੀ ਗੁਰ ਕੀ ਕ੍ਰਿਤ ਨਹਿ
ਹੈ ਮੁੰਦਾਵਣੀ ਲਗ ਗੁਰ ਬੈਨ॥
ਮਾਧਵਾਨਲ ਆਲਮ ਕਵਿ ਕੀਨਸਿ
ਤਿਸ ਮਹਿ ਨ੍ਰਿਤਕਾਰੀ ਕਹਿ ਤੈਨ॥

ਅਸਲੀਅਤ ਇਹ ਹੈ ਕਿ ਭਾਈ ਬੰਨੋ ਨੇ ਜਿਹੜੀਆਂ ਵਾਧੂ ਬਾਣੀਆਂ ਆਪਣੀ ਬੀੜ ਵਿੱਚ ਲਿਖੀਆਂ ਉਹਨਾਂ ਵਿੱਚ ਇਕ ਰਾਗਮਾਲਾ ਵੀ ਸੀ, ਜਿਹੜੀ ਕਿ ਪਹਿਲਾਂ ਆਲਮ ਕ੍ਰਿਤ ਮਾਧਵਨਲ ਕਾਮਕੰਦਲਾ ਦੀ ਪ੍ਰੇਮ ਕਹਾਣੀ ਦਾ ਭਾਗ ਸੀ।

*ਨੋਟ* - ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ ਪੰਨਾ = ੩੮ (ਡਾ ਹਰਨਾਮ ਸਿੰਘ ਮਾਨ)*



www.AKJ.Org

## ਦਮਦਮੇ ਵਾਲੀ ਪ੍ਰਮਾਣੀਕ ਸ਼ੁੱਧ ਅਤੇ ਮਾਨਤਾ ਪ੍ਰਾਪਤ ਬੀੜ :-

ਪ੍ਰਮਾਣੀਕ ਬੀੜ ਦਮਦਮੇ (ਤਲਵੰਡੀ ਸਾਬੋ) ਵਾਲੀ ਹੈ। ਇਸ ਬੀੜ ਤੋਂ ਪਹਿਲਾਂ, ਨੌਵੇਂ ਗੁਰੂ ਜੀ ਦੀ ਬਾਣੀ ਬਹੁਤ ਸਾਰੀਆਂ ਬੀੜਾਂ ਵਿੱਚ ਲੋਕਾਂ ਨੇ ਆਪਣੀ ਮਰਜ਼ੀ ਨਾਲ ਲਿਖਣੀ ਸ਼ੁਰੂ ਕਰ ਦਿੱਤੀ ਸੀ। ਪਹਿਲਾਂ-ਪਹਿਲ ਕੁਝ ਬੀੜਾਂ ਵਿੱਚ ਨੌਵੇਂ ਗੁਰੂ ਜੀ ਦੀ ਬਾਣੀ, ਅਖੀਰ ਵਿੱਚ ਇਕੱਠੀ ਲਿਖੀ ਜਾਂਦੀ ਸੀ। ਅਨੰਦਪੁਰ ਸਾਹਿਬ ੧੭੩੨ ਸੰਮਤ ਦੀ ਲਿਖੀ ਇਕ ਅਜਿਹੀ ਬੀੜ ਹੈ ਜਿਸ ਵਿੱਚ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਅੰਤ ਵਿੱਚ ਲਿਖੀ ਹੈ। ਕਈਆਂ ਲਿਖਾਰੀਆਂ ਨੇ ਜਿੱਥੇ ਕਿਤੇ ਥਾਂ ਮਿਲੀ- ਮਹਲੇ ੯ਵੇਂ ਦੇ ਸ਼ਬਦ ਲਿਖ ਦਿੱਤੇ ਜਾਂ ਲਿਖ ਕੇ ਵਿੱਚ ਪਾ ਦਿੱਤੇ ਸੀ ਕਈ ਬੀੜਾਂ ਵਿੱਚ, ਇਕ ਰਾਗ ਦੇ ਸ਼ਬਦ, ਦੂਜੇ ਰਾਗ ਵਿਚ ਲਿਖੇ ਵੀ ਮਿਲਦੇ ਹਨ। ਕਈ ਬੀੜਾਂ ਵਿੱਚ ਰਾਗ ਜੈਜਾਵੰਤੀ, ਜੈਤਸਰੀ ਜਾ ਗਾਉੜੀ ਰਾਗ ਦੇ ਕੋਲ ਲਿਖਿਆ ਮਿਲਦਾ ਹੈ।

ਬੀੜਾਂ ਦੇ ਇਸ ਤਰ੍ਹਾਂ ਦੇ ਅਨੇਕ ਭਾਂਤਾਂ ਦੇ ਉਤਾਰੇ ਤੇ ਸ਼ਾਖਾ ਵਧ ਜਾਣ ਤੋਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਪ੍ਰਮਾਣੀਕ ਬੀੜ ਸਿੱਖ ਸੰਗਤਾਂ ਲਈ ਤਿਆਰ ਕਰਨ ਦੀ ਲੋੜ ਸਾਹਮਣੇ ਆਈ। ਤਖ਼ਤ ਦਮਦਮੇ ਸਾਹਿਬ, ਤਲਵੰਡੀ ਸਾਬੋ ਦੇ ਮੁਕਾਮ ਉੱਤੇ ਇਕ ਪੂਰਨ ਪ੍ਰਮਾਣੀਕ ਬੀੜ ਤਿਆਰ ਕਰਕੇ ਇਹ ਸੰਕਲਪ ਪੂਰਾ ਕੀਤਾ। ਇਹ ਬੀੜ ਵਾਧੂ ਬਾਣੀ ਦੇ ਸ਼ਬਦਾਂ ਤੇ ਪਦਿਆਂ ਤੋਂ ਰਹਿਤ ਸੰਪੂਰਨ ਹੋਈ।

ਦਮਦਮੀ ਬੀੜ ਦੇ ਰਚੇ ਜਾਣ ਦਾ ਪ੍ਰਸੰਗ ਕਈ ਇਤਿਹਾਸਕ ਗ੍ਰੰਥਾਂ ਵਿੱਚ ਮਿਲਦਾ ਹੈ। ਗੁਰੂ ਸਾਹਿਬ ਦੇ ਸਫਰਾਂ ਦੀਆਂ ਸਾਖੀਆਂ ਵਾਲੀ ਇੱਕ ਪੁਰਾਤਨ ਪੋਥੀ ਵਿਚੋਂ ਕੁਝ ਚਿਤ੍ਰ ਦਿੱਤੇ ਗਏ ਹਨ ਜਿਨ੍ਹਾਂ ਵਿਚ ਬੀੜ ਲਿਖੇ ਜਾਣ ਦਾ ਪ੍ਰਸੰਗ ਅਤੇ ਮੁੰਦਾਵਣੀ ਤੇ ਭੋਗ ਪਾਉਣ ਦਾ ਵਰਣਨ ਆਇਆ ਹੈ : ਜਿਸ ਪੋਥੀ ਵਿੱਚ ਬੀੜ ਰਚੇ ਜਾਣ ਦਾ ਪ੍ਰਸੰਗ ਹੈ, ਉਸ ਵਿੱਚ ਉਨ੍ਹਾਂ ਨਗਰਾਂ ਦੇ ਨਾਂ ਵੀ ਦਿੱਤੇ ਹਨ, ਜਿਥੇ ਜਿਥੇ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਜਿਹੜੇ ਹੋਰ ਕਿਸੇ ਪੋਥੀ ਵਿੱਚ ਨਹੀਂ ਮਿਲਦੇ, ਜਿਵੇਂ "ਬਹਾਦਰਗੜ੍ਹ ਤੋਂ ਗੁਰੂ ਜੀ ਗਏ ਪਿੰਡ ਲਹਿਲ (ਜਿੱਥੇ ਹੁਣ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਹੈ), ਲਹਿਲ ਤੋਂ ਗਏ ਲੰਗ ਕੀ ਤਰਫ਼, ਲੰਗ ਤੋਂ ਗਏ ਸਮਾਣੇ, ਸਮਾਣੇ ਤੋਂ ਢੋਡੇ (ਭਵਾਨੀਗੜ੍ਹ), ਢੋਡੇ ਤੋਂ ਗਏ ਘਰਾਚੋ, ਘਰਾਚੋ ਤੋਂ ਅਕੋਈ, ਅਕੋਈ ਤੋਂ ਕਾਂਝਲਾ, ਕਾਂਝਲਾ ਤੋਂ ਇਹਨਾਂ ਨਗਰਾਂ ਵਿੱਚੋਂ ਦੀ ਹੁੰਦੇ ਗੁਰੂ ਜੀ ਪਿੰਡ ਸੇਖੇ ਪੁੱਜੇ।"

ਦੂਜੀਆਂ ਪੋਥੀਆਂ ਵਿੱਚ ਜਿਨ੍ਹਾਂ ਵਿੱਚੋਂ ਇੱਕ ਖਾਲਸਾ ਸਮਾਚਾਰ ਨੇ ਵੀ ਛਾਪੀ ਹੈ, ਸ੍ਰੀ ਗੁਰੂ ਤੇਗ ਬਹਾਦਰ ਜੀ ਬਹਾਦਰਗੜ੍ਹ ਤੋਂ ਸਿੱਧੇ ਸੇਖੇ ਪਿੰਡ ਹੀ ਪਹੁੰਚੇ ਦੱਸੇ ਹਨ। ਵਿਚਕਾਰਲੇ ਨਗਰਾਂ ਦਾ ਇਸ ਪੋਥੀ ਵਿਚ ਕੋਈ ਉਲੇਖ ਨਹੀਂ, ਨਾ ਹੀ ਉਨ੍ਹਾਂ ਪੋਥੀਆਂ ਵਿਚ ਬੀੜ ਰਚਨ ਦਾ ਪ੍ਰਸੰਗ ਹੈ। ਕੇਵਲ ਉਪਰੋਕਤ ਪੋਥੀ ਵਿੱਚ ਹੀ ਇਹ ਵਰਣਨ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿੱਚ ਇਹਨਾਂ ਸਾਰਿਆਂ ਨਗਰਾਂ ਵਿੱਚ



www.AKJ.Org

ਸੁੰਦਰ ਗੁਰਦੁਆਰੇ ਸੁਭਾਇਮਾਨ ਹਨ।

ਜਿਸ ਪੋਥੀ ਵਿੱਚ ਬੀੜ ਰਚੇ ਜਾਣ ਦਾ ਪ੍ਰਸੰਗ ਨਹੀਂ ਉਸ ਵਿੱਚ ਉਪਰਲੇ ਨਗਰਾਂ ਵਿੱਚ ਗੁਰੂ ਜੀ ਦੇ ਜਾਣ ਦਾ ਵੀ ਉਲੇਖ ਨਹੀਂ ਕੀਤਾ।

ਇਸੇ ਪੋਥੀ ਵਿੱਚ ਦਮਦਮੇ ਬੀੜ ਰਚੇ ਜਾਣ ਦਾ ਪੂਰਾ ਪ੍ਰਸੰਗ ਆਉਂਦਾ ਹੈ ਤੇ ਇਸੇ ਉੱਤੇ ਹੀ ਪੋਥੀ ਲਿਖੇ ਜਾਣ ਦਾ ਸੰਮਤ ੧੭੯੯, ਭਾਦੋਂ ਸੁਦੀ ਪੰਚਮੀ ਲਿਖਿਆ ਹੈ।

ਲਿਖਣ ਦਾ ਸੰਮਤ ਪੋਥੀ ਦੇ ਅੰਤ ਵਿੱਚ ਹੈ। ਇਹ ਪੋਥੀ ਪੰ: ਕਰਤਾਰ ਸਿੰਘ ਜੀ ਦਾਖਾ ਨੂੰ ਪ੍ਰਾਪਤ ਹੋਈ ਸੀ। ਦਮਦਮਾ ਸਾਹਿਬ ਵਿਖੇ ਬੀੜ ਰਚਣ ਦਾ ਪ੍ਰਸੰਗ ਇਕੱਲਾ "ਦੌਰਾ ਪੋਥੀ" ਵਿੱਚ ਹੀ ਨਹੀਂ, ਹੋਰ ਕਈ ਇਤਿਹਾਸਕ ਗ੍ਰੰਥਾਂ ਵਿੱਚ ਵੀ ਲਿਖਿਆ ਮਿਲਦਾ ਹੈ।

## "ਦਮਦਮੀ ਬੀੜ"

ਅਸੀਂ ਦਮਦਮੇ ਸਾਹਿਬ ਵਾਲੀ ਬੀੜ ਬਾਰੇ *'ਪੁਰਾਤਨ ਬੀੜਾਂ'* ਭਾਗ ਵਿੱਚ ਚਰਚਾ ਕਰ ਆਏ ਹਾਂ। ਸਾਰ ਇਉਂ ਹੈ :-

"ਗੁਰ ਬਿਲਾਸ ਪਾ: ੬, ਗ੍ਰੰਥ ੧੮੯੬, ੯੯ ਸੰਮਤ ਦੇ ਲਿਖੇ ਹੋਏ ਅਸੀਂ ਊਨੇ ਸਾਹਿਬ ਅਤੇ ਅਨੰਦਪੁਰ ਸਾਹਿਬ ਦੇਖੇ ਸਨ, ਮੋਟੇ ਤੌਰ ਤੇ ਦੋਹਾਂ ਹੱਥ ਲਿਖਤਾਂ ਵਿੱਚ ਜੋ ਗੁਰ ਬਿਲਾਸ ਪਾ: ੬ ਪੱਥਰ ਦੇ ਛਾਪੇ ਅਤੇ ਦੂਜਿਆਂ ਛਾਪਿਆਂ ਵਿੱਚ ਪ੍ਰਕਾਸ਼ਿਤ ਹੋਇਆ, ਉਨ੍ਹਾਂ ਨਾਲ ਮਿਲਦਾ ਜੁਲਦਾ ਹੀ ਹੈ।

ਦੂਜਾ ਗੁਰ ਬਿਲਾਸ ਪਾ: ੬, ਜੋ ਕਰਮ ਸਿੰਘ ਜੀ ਨੇ ਦੇਖਿਆ ਸੀ, ਜਿਵੇਂ ਭਾਈ ਵੀਰ ਸਿੰਘ ਜੀ ਨੇ ਦੱਸਿਆ ਹੈ "ਜੋ ਗੁਰ ਬਿਲਾਸ ਮੈਂ ਡਿੱਠਾ ਹੈ ਪ੍ਰਚੱਲਿਤ ਨਾਲੋਂ ਉਹ ਵੱਖਰਾ ਹੀ ਸੀ। ਛੇਵੇਂ ਸਤਿਗੁਰਾਂ ਦਾ ਹਾਲ ਪੜ੍ਹਕੇ ਸੰਭਾਵਨਾ ਹੁੰਦੀ ਹੈ ਗੁਰੂਸਰ ਵਾਲਾ ਅਸਲੀ ਗੁਰ ਬਿਲਾਸ ੬ ਮਹਾਂਕਵੀ (ਮਹਾਂਕਵੀ ਸੰਤੋਖ ਸਿੰਘ ਜੀ) ਦੀ ਨਜ਼ਰੋਂ ਲੰਘਿਆ ਹੋਣਾ ਹੈ। *(ਸੂਰਜ ਪ੍ਰਕਾਸ਼ ਗ੍ਰੰਥਾਵਲੀ, ੧੮੫-੧੮੬)*

ਗਿਆਨੀ ਗਰਜਾ ਸਿੰਘ ਨੇ ਵੀ ਇੱਕ ਲੇਖ ਵਿੱਚ ਇਸ ਗੱਲ ਦਾ ਦਾਅਵਾ ਕੀਤਾ ਹੈ ਕਿ ਮੈਂ ਵੀ ਇੱਕ ਗੁਰਬਿਲਾਸ ਦੇਖਿਆ ਹੈ। ਦਮਦਮੀ ਬੀੜ ਦਾ ਲਿਖਣ ਅਸਥਾਨ ਉਸ ਗੁਰਬਿਲਾਸ ਅਨੁਸਾਰ ਤਲਵੰਡੀ ਸਾਬੋ ਵਾਲਾ ਹੀ ਦਮਦਮਾ ਹੈ, ਜਿਥੇ ਦਸ਼ਮੇਸ਼ ਜੀ ਨੇ ਅੰਤਿਮ ਬੀੜ ਤਿਆਰ ਕੀਤੀ ਸੀ।

ਕੁੱਝ ਲਿਖਾਰੀਆਂ ਨੇ ਨੌਵੇਂ ਪਾਤਸ਼ਾਹ ਦੀ ਬਾਣੀ ਸੰਮਤ ੧੭੩੨ ਵਿਚ, ਜਿਹੜੇ ਕਿ ਗੁਰੂ ਤੇਗ ਬਹਾਦਰ ਜੀ ਦੇ ਅੰਤਲੇ ਦਿਨ ਸਨ, ਗੁਰੂ ਗ੍ਰੰਥ ਦੀਆਂ ਕੁਝ ਬੀੜਾਂ ਵਿਚ ਲਿਖੀ ਹੋਣ ਬਾਰੇ ਦਸਦਿਆਂ ਕਿਹਾ ਹੈ -


"ਉਨ੍ਹਾਂ ਬੀੜਾਂ ਵਿਚ ਇਹਨਾਂ ਦਿਨਾਂ ਦੀ ਲਿਖੀ ਬਾਣੀ ਮਿਲਣ ਤੋਂ ਅਨੁਮਾਨ ਲਾਇਆ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤਾਂ ਪਹਿਲਾਂ ਹੀ ਲਿਖੀ ਜਾ ਚੁੱਕੀ ਸੀ, ਇਸ ਲਈ ਦਮਦਮੇ ਵਾਲੀ ਬੀੜ ਨਾਲ ਇਸ ਨੂੰ ਵਿਚਾਰਨ ਦਾ ਕੀ ਅਰਥ ਹੋਇਆ?"

ਜਿਨ੍ਹਾਂ ਸੱਜਣਾਂ ਦੇ ਇਹ ਵਿਚਾਰ ਹਨ ਉਹਨਾਂ ਪ੍ਰਤੀ ਬੇਨਤੀ ਹੈ ਕਿ ਨੌਵੇਂ ਪਾਤਸ਼ਾਹ ਦੀ ਬਾਣੀ ਜਿਸ ਤਰ੍ਹਾਂ ਲਿਖਾਰੀਆਂ ਨੂੰ ਮਿਲੀ, ਉਹਨਾਂ ਨੇ ਪਿੱਛੇ ਕਰਕੇ ਲਿਖ



www.AKJ.Org

# ਦਮਦਮੇ ਵਾਲੀ ਬੀੜ ਦਾ ਦੌਰਾ ਪੋਥੀ ਵਿਚ ਵਰਣਨ



(੧) ਹੈਨਿ॥ ਜੋ ਕੋਈ ਜੈਸੀ ਭਾਵਨੀ ਕਰਦਾ ਹੈ ਤਿਸ ਕੀ ਪੂਰੀ ਕਰਦੇ ਹੈਨਿ॥ ੫੨॥ ਓਸੇ ਦਿਨ ਬਚਨ ਹੋਇਆ॥ ਜੋ ਗੁਰੂ ਸਾਹਿਬ ਨੇ ਸੰਸਾਰ ਤਾਰਨ ਨੋ ਬੀੜ ਬਧੀ॥ ਅੰਮ੍ਰਿਤਸਰ ਗੁਰੂ ਅਰਜਨ ਜੀ ਓਰਾਂ ਨੇ॥ ਸੋ ਹਉ ਫੇਰ ਦਮਦਮੇ ਬੀਚਿ ਰਚਨਾ ਕਰੌਂਗਾ ਉਸ ਦੀ॥ ਕ੍ਰਤਾਰਪੁਰ ਵਾਲੇ ਸੋਢੀਆਂ ਨੇ ਜੋ ਨਾ ਦਈ ਬਾਣੀ ਦੇ ਚਾੜਨ ਹਿਤ। ਤਾਂ ਆਗਿਆ ਕਰੀ ਭਾਈ ਮਨੀ ਸਿੰਘ ਓਰਾਂ ਨੂੰ ਕਰਨ ਹਿਤ ਅਗਵਾਈ ਖਾਲਸੇ ਦੀ....

(੨) ਨੌਵੇ ਗੁਰਾਂ ਦੀ ਬਾਣੀ ਬਿਚਿ ਲਿਖਣ ਦੀ ਬੀੜ ਦੇ, ਇਹੁ ਖੁਸ਼ੀ ਹੈ ਗੁਰੂ ਕੀ॥ ਤਾਂ ਭਾਈ ਜੀ ਆਖਿਆ ਸਤਿਬਚਨ ਜੀ॥ ਜੋ ਆਗਿਆ ਹਜ਼ੂਰ ਕੀ॥ ਤਾਂ ਭਾਈ ਜੀ ਬੀੜ ਲਗੇ ਲਿਖਣ, ਹੁਕਮ ਗੁਰਾਂ ਦੇ ਨਾਲ॥ ਓਸ ਜਾਗਾ ਦਾ ਤਖਤ ਸਾਹਿਬ ਨਾਮੁ ਹੋਇਆ ਪ੍ਰਸਿਧ ਚੌਥਾ॥ ਜਦੋ ਹਜ਼ੂਰ ਗਿਰਾਂਈ ਜਾਂਦੇ ਤਾਂ, ਸਿਖਾਯਤ ਹੋਰ ਉਤਾਰੇ ਕਰਦੀ ਹੁਕਮ ਨਾਲ॥ ਚਾਰ ਹੋਏ ਉਤਾਰੇ ਬੀੜ ਓਸ ਦੈ॥

(੩) ਬੈਸਾਖੀ ਤੋ ਨਿਤ ਬਾਣੀ ਦੀ ਰਚਨਾ ਹੋਵੇ ਸਵਾ ਪਹਰ ਦਿਹੁ ਚੜ੍ਹੇ ਤੀਕ॥ ਓਤਾਰੇ ਭੀ ਹੋਵਨ॥ ਬੀੜ ਦੇ ਪੂਰਨ ਹੋਣ ਤੇ ਗੁਰੂ ਜੀ ਨੇ ਭਾਰੀ ਜਗ ਕੀਤਾ। ਕੜਾਹ ਪ੍ਰਸਾਦ ਦੀ ਦੇਗ ਵਰਤੀ ਤਰਾਤਰੀ॥ ਗੁਰੂ ਤੇਗ ਬਹਾਦਰ ਜੀ ਕੀ ਬਾਣੀ ਚੜੀ ਹੋਰੁ॥ **ਭੋਗੁ ਮੁੰਦਾਵਣੀ ਤੇ ਪਾਇਆ**॥ ਭਾਦੋਂ ਬਦੀ ਏਕਮ ਨੂੰ ਬਹੁਤ ਉਤਸਾਹਿ ਕੀਆ॥ ਅੰਮ੍ਰਿਤ ਛਕਾਇ ਤੋਂ ਚਉਰਾਸੀ ਕਟੀ ਖਾਲਸੇ ਦੀ॥ ਤਾਂ ਬੜੇ ਬਰ ਦੀਨੇ ਏਸ ਅਸਥਾਨ ਕਉ॥

(੪) ਚਉਰਾਸੀ ਕਟੀ ਖਾਲਸੇ ਦੀ॥ ਤਾ ਬੜੇ ਬਰ ਦੀਨੇ ਏਸ ਅਸਥਾਨ ਕਉ॥ ਭਾਈ ਡਲੇ ਕਉ॥ ਹੋਰ ਸੂਬਤ ਕਉ ਤਾਰਿਆ॥ ਭਾਈ ਮਨੀ ਸਿੰਘ ਓਰਾਂ ਨੂੰ ਹੁਕਮ ਹੋਇਆ॥ ਸ੍ਰੀ ਅੰਮ੍ਰਿਤਸਰ ਵਿ ਖੇ ਜਾਇ ਤੁਰਤ ਹੀ ਹਜ਼ੂਰ ਆਵਉ॥ ਬੀੜ ਨੂੰ ਹਰਿਮੰਦਰ ਵਿਖੇ ਥਾਪਨਾ ਕਰੋ ਉਤਾਰਾ ਏਸ ਦਾ ਹੋਰ ਬੀੜਾਂ ਹੋਰਨੀ ਥਾਈਂ ਘਲੀਆ ਗੁਰ॥

(੫) ਡੇਰਾ ਓਥੇ ਹੀ ਰਖਿਆ॥ ਸਤਿਗੁਰੂ ਸਤਿਗੁਰੂ ਜੀ ਸਹਾਇ॥ ੯੦॥ ਸੰਬਤ ੧੭੯੯, ੬ ਭਾਦੋਂ ਸੁਦੀ ਪੰਚਮੀ ਤਿਥ, (ਲਿਖੀ ਭਾਈ ਦਇਆਲ ਜਿਸ ਤੇ ਹੋਇ ਗੁਰੂ ਦੈਆਲ ਧੰਨ ਬਾਬਾ ਗੁਰਦਿਤਾ ਜੀ।)



www.AKJ.Org

ਲਈ ਜਿਵੇਂ ਕਿ ਅੰਨਦਪੁਰ ਦੀ ਵੱਡੀ ਸਰਕਾਰ ਪਾਸ ਜੋ ਬੀੜ ਹੈ (ਸੀ) ਵਿੱਚ ਕੁੱਝ ਉਹ ਪਦੇ ਜਿਵੇਂ ਕਿ ਸ੍ਰੀ ਰਾਗ ਵਿੱਚ ਮ: ੯ ਦਾ ਸ਼ਬਦ ਵੀ ਲਿਖਿਆ ਹੈ, ਜੋ ਦਮਦਮੇ ਵਾਲੀ ਬੀੜ ਵਿੱਚ ਪ੍ਰਵਾਨਿਤ ਨਹੀਂ ਕੀਤਾ ਗਿਆ।

ਜਿਨ੍ਹਾਂ ਬੀੜਾਂ ਵਿੱਚ ਉਹ ਬਾਣੀ ਲਿਖੀ ਹੈ, ਉਹ ਮੁੰਦਾਵਣੀ ਤੋਂ ਪਿੱਛੇ ਕਰਕੇ ਲਿਖੀ ਹੈ। ਪਟਨਾ ਸਾਹਿਬ ਦੀ ਬੀੜ ਵਿੱਚ ਇੱਕ ਸੰਕੇਤ ਜਿੱਥੇ ਤਤਕਰੇ ਵਿੱਚ ਮੁੰਦਾਵਣੀ ਨੂੰ ਅੰਤਿਮ ਬਾਣੀ ਦੱਸਿਆ ਗਿਆ ਹੈ ਉਸ ਦੇ ਹਾਸ਼ੀਏ ਉੱਤੇ ਨਿਸ਼ਾਨ ਦੇ ਕੇ ਲਿਖਿਆ ਹੈ:

*"ਇਥੇ ਮ: ੯ ਦੇ ਸਲੋਕ ਲਿਖਣੇ।"*

ਇਸ ਤੋਂ ਪ੍ਰਗਟ ਹੈ ਕਿ ਨੌਂਵੇਂ ਪਾਤਸ਼ਾਹ ਦੇ ਸਲੋਕ ਤੇ ਬਾਣੀ ਦਾ ਮੁੰਦਾਵਣੀ ਤੋਂ ਪਹਿਲਾਂ ਹੀ ਲਿਖਣ ਦਾ ਬੰਧੇਜ ਪ੍ਰਮਾਣਿਤ ਸੀ।

ਅਸੀਂ ਉਸ ਸਮੇਂ ਦੀਆਂ ਕਈ ਬੀੜਾਂ ਦੇਖੀਆਂ ਅਤੇ ਫੋਟੋਆਂ ਲਈਆਂ ਹਨ, ਜੋ ਸਾਡੇ ਦੱਸੇ ਉਪਰੋਕਤ ਪੱਖ ਨੂੰ ਸਪੱਸ਼ਟ ਕਰਦੀਆਂ ਹਨ। ਨਿਰਸੰਸੇ ਹੀ ਦਮਦਮੀ ਬੀੜ ਤਲਵੰਡੀ ਸਾਬੋ ਵਾਲੀ (ਦਮਦਮੀ) ਹੀ ਹੋ ਸਕਦੀ ਹੈ। ਅੰਨਦਪੁਰ ਦੇ ਦਮਦਮੇ ਵਿਚ ਬੀੜ ਲਿਖਣ ਦਾ ਪ੍ਰਸੰਗ ਦਾ ਵਰਣਨ ਕਿਸੇ ਗ੍ਰੰਥ ਵਿੱਚ ਵੀ ਨਹੀਂ ਆਉਂਦਾ।

ਉੱਪਰ ਦਿੱਤੇ ਚਾਰ ਗ੍ਰੰਥ ਗੁਰਬਿਲਾਸ ਪਾ: ੬, ਦੌਰੇ ਦੀ ਪੋਥੀ, ਪ੍ਰਾਚੀਨ ਪੰਥ ਪ੍ਰਕਾਸ਼, ਅਤੇ ਤਵਾਰੀਖ ਗੁਰੂ ਖਾਲਸਾ ਆਦਿਕ ਗ੍ਰੰਥਾਂ ਨੇ ਇਹ ਤੱਥ ਮੰਨਿਆ ਹੈ। ਪ੍ਰਿੰਸੀਪਲ ਤੇਜਾ ਸਿੰਘ ਨੇ ਵੀ, ਜਦੋਂ ਦਮਦਮੀ ਬੀੜ ਬਾਰੇ ਉਟੰਕਣ ਕੀਤੇ ਗਏ ਤਾਂ ਇੱਕ ਲੇਖ ਰਸਾਲਾ 'ਗੁਰੂ ਖਾਲਸਾ ਸੰਤ ਸਮਾਜ' ਸਫ਼ਾ ੨੧, ੧੯੬੧ ਵਿਚ ਕਿਹਾ ਸੀ ਕਿ:-

"ਜੇਹੜਾ ਬਾਦਸ਼ਾਹ ਗੱਦੀ ਤੇ ਹੁੰਦਾ ਹੈ, ਉਸੇ ਦਾ ਹੀ ਸਿੱਕਾ ਚਲਦਾ ਹੈ। ਮਲਕਾ ਐਲਜਬਿਥ ਦੂਜੀ ਦੇ ਰਾਜ ਵਿਚ ਮਹਾਰਾਣੀ ਵਿਕਟੋਰੀਆ ਦਾ ਸਿੱਕਾ ਨਹੀਂ ਚਲ ਸਕਦਾ। ਭਾਵੇਂ ਦੋਵੇਂ ਮਹਾਰਾਣੀਆਂ ਆਪੋ-ਆਪਣੇ ਸਮੇਂ ਵਿੱਚ ਸਮਰੱਥ ਮੰਨੀਆ ਹੋਈਆਂ ਹਨ। ਇਸੇ ਤਰ੍ਹਾਂ ਤੀਸਰੇ ਅਰ ਪੰਚਮ ਪਾਤਸ਼ਾਹ ਉਵੇਂ ਹੀ ਸਮਰੱਥ ਹੋਏ ਹਨ ਜਿਵੇਂ ਦਸਮ ਪਾਤਸ਼ਾਹ। ਪਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਮਦਮੀ ਸਰੂਪ ਦੇਣ ਤੋਂ ਬਾਅਦ ਪਿਛਲਾ ਕੋਈ ਸਰੂਪ ਪ੍ਰਮਾਣੀਕ ਨਹੀਂ ਹੋ ਸਕਦਾ। ਜੁਗੋ ਜੁੱਗ ਅੱਟਲ ਪਦਵੀ ਦਮਦਮੀ ਬੀੜ ਨੂੰ ਹੀ ਪ੍ਰਾਪਤ ਹੈ। *ਪੰਨਾ-੨੧, ੧੯੬੧, (ਗੁਰੂ ਖਾਲਸਾ ਸੰਤ ਸਮਾਜ)*

**ਗੁਰਬਿਲਾਸ ਪਾਤਸ਼ਾਹੀ ਛੇਵੀਂ** :- ਸਿੱਖਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਂਦਿਆਂ ਗੁਰੂ ਸਾਹਿਬ ਜੋ ਵਾਕ ਉਚਾਰਨ ਕਰਦੇ ਹਨ, 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਦੇ ਕਵੀ ਨੇ ਉਸਨੂੰ ਇਉਂ ਲਿਖਣਾ ਕੀਤਾ ਹੈ :-

ਸੁਨਿ ਕੈ ਹਮ ਤਾਹਿ ਕੈ ਬੈਨਨ ਕੋ, ਦਮਦਮਾ ਸੁ ਮਾਲਵੇ ਬੀਚ ਸਵਾਰੋਂ
ਢਿਗ ਤਿਹ ਤਿਲਵੰਡੀ ਕੇ ਕਾਸੀ ਰਚੋਂ, ਜਹ ਬੈਲ ਪੜੈ ਹੋਇ ਬੁਧਿ ਉਦਾਰੋਂ
ਗ੍ਰਿੰਥ ਉਚਾਰ ਕਰੋ ਤਹ ਬੈਠ ਕੈ, ਬੀੜ ਸੋਊ ਜਗ ਮਾਹਿ ਬਿਥਾਰੋਂ
ਅੱਛਰ ਏਕ ਕਾ ਭੇਦ ਧਰੋ ਨਹਿ, ਮਮ ਦਾਸ ਗੁਰੂ ਸਮਰਥ ਬਿਚਾਰੋਂ॥੩੪੫॥

(ਪੰਨਾ ੨੩੯, ਪ੍ਰਕਾਸ਼ਕ, ਧਰਮ ਪ੍ਰਚਾਰ ਕਮੇਟੀ ਸ਼੍ਰੋ. ਗੁ. ਪ੍ਰ: ਕਮੇਟੀ,)




www.AKJ.Org

ਇਸੇ ਗ੍ਰੰਥ ਵਿੱਚ ਇਕ ਹੋਰ ਥਾਂ ਇਉਂ ਲਿਖਿਆ ਮਿਲਦਾ ਹੈ :-
ਦੋਹਰਾ॥ ਪੁਨਿ ਮਾਲਵੇ ਮੈ ਆਇ ਕੈ ਕਾਂਸ਼ੀ ਤਹਾ ਬਨਾਇ॥
ਨਾਮ ਤਿਸੈ ਧਰਿ ਦਮਦਮਾ ਮੁਕਤਿ ਭੁਗਤਿ ਫਲਦਾਇ॥
ਚੌਪਈ॥ ਤਹਾਂ ਆਦਿ ਗੁਰੂ ਗ੍ਰਿੰਥ ਉਚਾਰੋਂ॥ ਨਵਮ ਗੁਰੂ ਬਾਨੀ ਸੰਗਿ ਧਾਰੋ॥
ਬੀੜ ਦਮਦਮੀ ਜਗਿ ਪ੍ਰਗਟਾਵੈ॥ ਪੜੈ ਲਿਖੈ ਸੋ ਜਨਮ ਨ ਆਵੈ॥
(ਗੁਰਬਿਲਾਸ ਪਾ:੬, ਸਫਾ ੨੪੪-੪੫)

**ਪ੍ਰਾਚੀਨ ਪੰਥ ਪ੍ਰਕਾਸ਼ (ਲਿਖਤੀ) ਗ੍ਰੰਥ ਵਿੱਚ ਵਰਨਣ :-** ਰਤਨ ਸਿੰਘ ਭੰਗੂ ਰਚਿਤ (ਲਿਖਤੀ) ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਦਮਦਮੀ ਬੀੜ ਦਾ ਜ਼ਿਕਰ

**ਲਿਖਤੀ ਪ੍ਰਮਾਣ ਇਹ ਹੈ**





www.AKJ.Org

ਦੋ ਵਾਰ ਆਇਆ ਹੈ। ਪਹਿਲੀ ਵਾਰ ਬੀੜ ਰਚਣ ਦੇ ਪ੍ਰਸੰਗ ਵਿੱਚ ਇਉਂ ਲਿਖਿਆ ਹੈ :-

ਮਧ ਡੇਰਾ ਗੁਰੂ ਲੀਨੇ ਲਾਇ॥ ਬਰਕਤਿ ਭਈ ਮਾਲਵੇ ਮਧ ਆਇ॥ ੧੯
ਭਗਤੂ ਪੋਤਾ ਫਤੇ ਸਿੰਘ ਭਾਈ॥ ਖੰਡੇ ਪਾਹੁਲ ਲਈ ਗੁਰੂ ਤੇ ਆਈ॥
ਤ੍ਰਖਾਣ ਭਾਈ ਰੂਪੇ ਕੇ ਪੋਤੇ॥ ਪਾਹੂਲ ਲਈ ਪਰਮ ਕਰਮ ਸਿੰਘ ਦੋਤੇ॥ ੨੦
ਇਕ ਸੋਢੀ ਕੋਠੇ ਕੋਲ ਸਦਵਾਯੋ॥ ਸਾਥ ਪੁਤ੍ਰ ਅਬੈ ਰਾਮ ਕੋਲਿ ਆਯੋ॥
ਸਤਿ ਗੁਰ ਉਸ ਪਰ ਭਏ ਦਯਾਲਾ॥ ਸੋ ਖੰਡੇ ਪਾਹੁਲ ਦਯੋ ਰਖਯੋ ਨਾਲਾ॥ ੨੧
ਇਤਨਕੁ ਸਤਿ ਗੁਰ ਬਾਤ ਸੁਨਾਈ॥ ਹੈ ਭਾਡਾਂ ਵਥੁ ਪੜੇ ਜੁਪਾਈ॥
ਸੋਢੀ ਕੁਲ ਕਹਿ ਪਾਸ ਸੁਲਾਵੇ॥ ਉਠਿ ਪ੍ਰਭਾਤਿ ਨਿਤ ਦਰਸਨ ਪਾਵੇ॥ ੨੨

ਦੋਹਰਾ: ਸਤਿ ਗੁਰ ਬੈਠ ਸੁ ਦਮਦਮੇ ਲਿਖਣ ਘੜਨ ਸੁਟ ਦੇਹਿ॥
ਹਮਰੀ ਕਾਂਸੀ ਇਹ ਭਈ ਆਇ ਮੂਰਖ ਇਹਾਂ ਪੜੇਹਿ॥ ੨੩
ਚੋਪਈ: ਇਹ ਥਾਂ ਹੋਵਗ ਕਾਂਸੀ ਭਾਰੀ॥ ਜੈਸੀ ਸ਼ਿਵ ਨੇ ਆਪ ਸਵਾਰੀ॥
ਕਾਂਸੀ ਬੇਦ ਸੁਥਾਪਨ ਕੀਏ॥ **ਹਮਹਿ ਬੀੜ ਸ੍ਰੀ ਗ੍ਰੰਥ ਰਚੀਏ॥** ੨੪
ਥਾਪ ਬਸੇਸ਼ੂਰ ਨਾਥ ਜੁ ਕੀਨਾ॥ ਊਚ ਦਮਦਮਾ ਹਮਹਿ ਪ੍ਰਬੀਨਾ॥
ਮਨੀ ਕਰਨਤੀਰਥ ਤਹ ਭਇਆ॥ ਨਾਮ ਗੁਰੂ ਸਰ ਇਹ ਠਾਂਕਯਾ॥ ੨੫
ਅੰਨ ਪੂਰਨਾ ਦੇਵੀ ਜੋਇ॥ ਦੇਗ ਗੁਰੂ ਕੀ ਕੀਨਹੁ ਸੋਇ॥
ਤਿਹ ਠਾਰੀ ਗਾਤੀ ਰਬਿ ਰਾਜੇ॥ ਨਾਮ ਕੀ ਗੰਗਾ ਇਹਠਾਂ ਜਾਗੈ॥੨੬
ਪੰਡਤ ਜੋ ਤਸਿ ਬਹੁ ਬੁਧਵਾਨਾ॥ ਇਹ ਠਾਂ ਕੀ ਹੋਇ ਪਰਧਾਨਾ॥
ਲਿਖਹਿ ਲਿਖਾਰੀ ਮਨਚਿਤ ਚਾਇ॥ ਹਮਰੀ ਬਖਸ ਭਈ ਇਸ ਥਾਇ॥੨੭
(ਪ੍ਰਾਚੀਨ ਪੰਥ ਪ੍ਰਕਾਸ, ਪੰਨਾ ੯੧)


ਇਹ ਲਿਖਤਾਂ ਸਪੱਸ਼ਟ ਕਰਦੀਆਂ ਹਨ ਕਿ ਗ੍ਰੰਥ ਲਿਖਣ ਵਾਲਿਆਂ ਤੋਂ ਕਈ ਵਾਰ ਜੋ ਪ੍ਰਸੰਗ ਰਹਿ ਜਾਂਦੇ ਹਨ ਉਹ ਦੂਜੇ ਗ੍ਰੰਥਾਂ ਵਿੱਚ ਮਿਲ ਜਾਂਦੇ ਹਨ। ਕੁੱਝ ਲਿਖਤੀ ਗ੍ਰੰਥ ਜੋ ਛਪੇ, ਉਹਨਾਂ ਦੇ ਹੀ ਪ੍ਰਸੰਗ ਰਹਿ ਜਾਂਦੇ ਰਹੇ, ਉਹ ਅਸੀਂ ਉੱਤੇ 'ਦੌਰਾ ਪੋਥੀ' ਤੇ 'ਪੰਥ ਪ੍ਰਕਾਸ਼' ਵਿੱਚੋਂ ਹਵਾਲੇ ਦੇਕੇ ਪ੍ਰਗਟ ਕੀਤਾ ਹੈ ਕਿ ਜੋ ਘਟਨਾਵਾਂ ਵਰਤੀਆਂ ਰਵਾਇਤੀ ਤੌਰ ਤੇ ਮੰਨੀਆਂ ਜਾਂਦੀਆਂ ਹਨ, ਉਨ੍ਹਾਂ ਦੇ ਮੂਲ ਅਧਾਰ ਪ੍ਰਚੀਨ ਗ੍ਰੰਥਾਂ ਵਿੱਚ ਮਿਲਦੇ ਹਨ।

ਪੰ: ਕਰਤਾਰ ਸਿੰਘ ਜੀ ਨੇ ਸੰਤ ਅਤਰ ਸਿੰਘ ਜੀ ਅਤੇ ਧਰਮ ਸਿੰਘ ਠੇਕੇਦਾਰ ਦੀ ਪ੍ਰੇਰਨਾ ਨਾਲ ਦਮਦਮਾ ਸਾਹਿਬ ਵਿਖੇ ਗੁਰਮਤਿ ਉਪਦੇਸ਼ਕ ਕਾਲਜ ਖੋਲਿਆ। ਇਸ ਕਾਲਜ ਦੇ ਪਹਿਲੇ ਬੈਚ ਵਿੱਚ ਬਹੁਤ ਵਧੀਆ ਵਿਦਵਾਨ ਪ੍ਰਚਾਰਕ ਤਿਆਰ ਹੋਏ ਪਰੰਤੂ ਸ: ਧਰਮ ਸਿੰਘ ਜੀ ਦੇ ਚਲਾਣੇ ਕਰਕੇ ਇਹ ਕਾਲਜ ਬੰਦ ਹੋ ਗਿਆ। ਇਸੇ



www.AKJ.Org

ਸਮੇਂ ਦਮਦਮਾ ਸਾਹਿਬ ਵਿੱਚ ਇਕ ਲਿਖਾਰੀਆਂ ਦਾ ਬੁੰਗਾ ਸੀ ਜਿਸ ਵਿੱਚ ਕਈ ਲਿਖਾਰੀ ਗ੍ਰੰਥ ਲਿਖਣ ਦੀ ਸੇਵਾ ਕਰਦੇ ਰਹੇ ਸਨ। ਇਸ ਬੁੰਗੇ ਵਿੱਚ ਬੀੜਾਂ ਦੇ ਉਤਾਰੇ ਵੀ ਹੁੰਦੇ ਸਨ ਜਿਨ੍ਹਾਂ ਵਿੱਚੋਂ ਇਕ ਦਮਦਮੀ ਬੀੜ ਦੀ ਨਕਲ ਪੰ: ਕਰਤਾਰ ਸਿੰਘ ਦਾਖਾ ਰਾਹੀਂ ਖੋਜ ਕੇ ਪ੍ਰਾਪਤ ਕੀਤੀ ਗਈ। ਇਸ ਬੀੜ ਦਾ ਭੋਗ ਮੁੰਦਾਵਣੀ ਤੇ ਪੈਣ ਕਾਰਨ ਰਾਗਮਾਲਾ ਪੱਖੀਆਂ ਵੱਲੋਂ ਯਤਨ ਕੀਤਾ ਜਾਣ ਲੱਗਾ ਕਿ ਕਿਸੇ ਤਰ੍ਹਾਂ ਇਹ ਬੀੜ ਖੁਰਦ-ਬੁਰਦ ਕਰ ਦਿੱਤੀ ਜਾਵੇ। ਪਰ ਅਸੀਂ ਇਕ ਵੱਡੀ ਸਰਕਾਰੀ ਹਸਤੀ (ਸ੍ਰ: ਗਿਆਨ ਸਿੰਘ ਰਾੜੇ ਵਾਲੇ) ਦਾ ਸਹਾਰਾ ਲੈ ਕੇ ਇਸ ਬੀੜ ਨੂੰ ਸਰਕਾਰੀ ਪ੍ਰਬੰਧ ਹੇਠ ਪਟਿਆਲੇ ਲੈ ਆਂਦਾ। ਕੁਝ ਚਿਰ ਇਹ ਬੀੜ ਗੁ: ਦੁਖ ਨਿਵਾਰਨ ਸਾਹਿਬ ਰਹੀ। ਫਿਰ ਬੀੜਾਂ ਦੀ ਸੁਧਾਈ ਹਿਤ ਇਸ ਬੀੜ ਨੂੰ ਅੰਮ੍ਰਿਤਸਰ ਲਿਜਾਇਆ ਗਿਆ। ਜੂਨ, ੧੯੮੪ ਈ: ਦੇ 'ਸਾਕਾ ਨੀਲਾ ਤਾਰਾ' ਸਮੇਂ ਸਿੱਖ ਰੈਫਰੈਂਸ ਲਾਇਬ੍ਰੇਰੀ ਦੀਆਂ ਹੋਰ ਅਮੋਲਕ ਵਸਤੂਆਂ ਦੇ ਨਾਲ ਇਹ ਬੀੜ ਵੀ ਪੰਥ ਹੱਥੋਂ ਜਾਂਦੀ ਰਹੀ। ਮੁੰਦਾਵਣੀ ਤੇ ਭੋਗ ਵਾਲਾ ਉਸ ਬੀੜ ਦਾ ਚਿਤ੍ਰ ਦਮਦਮੇ ਸਾਹਿਬ ਪਹਿਲਾਂ ਹੀ ਲੈ ਲਿਆ ਗਿਆ ਸੀ ਜੋ ਹੇਠਾਂ ਦਿੱਤਾ ਜਾਂਦਾ ਹੈ।



www.AKJ.org



www.AKJ.Org

# ਮੁੰਦਾਵਣੀ ਦੇ ਅਰਥ-ਭਾਵ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਸਮੇਂ ਦੋ ਸਲੋਕਾਂ ਦੀ ਛੋਟੀ ਜਿਹੀ ਰਚਨਾ 'ਮੁੰਦਾਵਣੀ', ਜਿੱਥੇ ਆਕਾਰ ਵਿੱਚ ਸੰਖੇਪ ਹੈ ਉਥੇ ਭਾਵ ਅਰਥ ਪੱਖੋਂ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਤੱਤ ਸਾਰ ਜਾਨਣ ਦਾ ਵੱਡਾ ਝਰੋਖਾ ਹੈ। ਅਸੀਂ ਦੇਖਦੇ ਹਾਂ ਕਿ ਕੁਝ ਦੂਜੇ ਪੱਖਾਂ ਬਾਰੇ ਵੀ ਇਸ ਰਚਨਾ ਦੀ ਵਰਤੋਂ ਤੇ ਅਰਥ-ਭਾਵ ਅਤੀ ਮਹੱਤਵਪੂਰਨ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ, ਗੁਰਮਤਿ ਦੀ ਵਿਆਖਿਆ ਅਤੇ ਪ੍ਰਮਾਰਥ ਦੇ ਸੂਝਵਾਨ ਮੋਢੀ ਵਿਦਵਾਨਾਂ ਵਿਚੋਂ (ਦਸ਼ਮੇਸ਼ ਜੀ ਦੇ ਸਮਕਾਲੀ) ਭਾਈ ਮਨੀ ਸਿੰਘ ਜੀ ਮੰਨੇ ਗਏ ਹਨ। ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਦੇ ਸਾਰੇ ਵਿਆਖਿਆਕਾਰ ਆਪਣਾ ਪਿੱਛਾ ਭਾਈ ਮਨੀ ਸਿੰਘ ਜੀ ਨਾਲ ਜੋੜਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੋਸ਼ ਅਤੇ ਪ੍ਰਯਾਵਾਂ ਬਾਰੇ ਇਕ ਖੋਜ ਪੜਤਾਲ ਨਾਲ ਡਾ. ਹਰਨਾਮ ਸਿੰਘ ਸ਼ਾਨ ਵਲੋਂ "ਗੁਰੂ ਗ੍ਰੰਥ ਸਾਹਿਬ ਜੀ ਦੀ ਕੋਸ਼ਕਾਰੀ" ਪੁਸਤਕ ਤਿਆਰ ਕੀਤੀ ਗਈ। ਉਸ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦਾ ਆਰੰਭ-ਗੁਰੂ ਦਸ਼ਮੇਸ਼ ਜੀ ਦੀ ਆਗਿਆ ਨਾਲ ਭਾਈ ਮਨੀ ਸਿੰਘ ਜੀ ਵੱਲੋਂ ਕੀਤਾ ਗਿਆ ਲਿਖਿਆ ਮਿਲਦਾ ਹੈ। ਭਾਈ ਮਨੀ ਸਿੰਘ ਜੀ ਦੇ ਸੁਸਿਖਿੱਅਤ ਵਿਦਵਾਨਾਂ ਦੀ ਵਿਚਾਰ ਮੰਡਲੀ ਦੀ ਨਾਮਾਵਲੀ ਪੁਰਾਤਨ ਗ੍ਰੰਥਾਂ ਵਿਚ ਮਿਲਦੀ ਹੈ। ਇਸ ਵਿਦਵਾਨ ਮੰਡਲੀ ਦੇ ਕੁਝ ਉਪਕਾਰੀ ਵਿਦਵਾਨਾਂ ਨੇ ਉਥਾਨਕਾਵਾਂ ਤੇ ਪ੍ਰਯਾਇ ਲਿਖੇ। ਇਹ ਪ੍ਰਯਾਇ ਲਿਖਣ ਵਾਲੇ ਪੀੜ੍ਹੀ ਦਰ ਪੀੜ੍ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਪੜ੍ਹਦੇ-ਪੜ੍ਹਾਉਂਦੇ ਰਹੇ, ਤੇ ਵਿਚਾਰਾਂ ਕਰਦੇ ਰਹੇ। ਇਸ ਗੱਲ ਦੀ ਪ੍ਰੋੜ੍ਹਤਾ ਇਹਨਾਂ ਪ੍ਰਯਾਵਾਂ ਦੇ ਲਿਖਾਰੀ ਆਪ ਕਰਦੇ ਹਨ ਜਿਵੇਂ ਕਿ ਹੇਠ ਲਿਖੀ ਸੂਚਨਾ ਤੋਂ ਪਤਾ ਚਲਦਾ ਹੈ :-

"ੴ ਸਤਿਗੁਰ ਪ੍ਰਸਾਦਿ॥ ਅਥ ਪ੍ਰਯਾਯ ਸੰਪ੍ਰਦਾਯ ਅਰਥਾਨੁਸਾਰ ਲਿਖਯਤੇ॥ ਅਥ ਉਥਾਨਕਾ॥ ਸ੍ਰੀ ਗੁਰੂ ਦਸਵੀ ਪਾਤਸਾਹੀ ਜੀ ਕੇ ਸ੍ਰੀ ਮੁਖਵਾਕਯ ਸੇ ਭਾਈ ਮਨੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਸੰਥਾ ਪੜ ਕਰ ਮਨੀ ਕੀ ਤਰਹਾਂ ਅਮੋਲਕ ਪਦਾਰਥ



www.AKJ.Org

ਸ੍ਰੀ ਗੁਰੂ ਗਿਰਾਰਥ ਪ੍ਰਕਾਸ ਕਰਤੇ ਭਏ। ਤਿਨ ਤੇ ਭਾਈ ਦੀਵਾਨ ਸਿੰਘ ਜੀ ਪੜੇ। ਤਿਨੋ ਨੇ ਭੀ ਗੁਰੂ ਜੀ ਕੇ ਦੀਵਾਨ ਮੇ ਇਨ ਅਰਥੋਂ ਕੋ ਪ੍ਰਕਾਸ਼ ਕੀਆ। ਤਿਨ ਤੇ ਭਾਈ ਗੁਰਦਯਾਲ ਸਿੰਘ ਭਾਈ ਖਜਾਨ ਸਿੰਘ, ਤਿਨੇ ਨੇ ਗੁਰੂ ਕੇ ਪ੍ਰੇਮੀਓ ਕੋ ਬਖਸਸ ਕਰੀ। ਤਿਨ ਤੇ ਭਾਈ ਅਮਰ ਸਿੰਘ ਜੀ ਪੜ ਕਰ ਇਹ ਅਰਥ ਹਿਰਦੇ ਮੇਂ ਅਮਰ ਕੀ। ਤਿਨੋਂ ਤੇ ਭਾਈ ਸੂਰਤ ਸਿੰਘ ਜੀ, ਜਿਨੋਂ ਨੇ ਪੂਰੀ ਸੂਰਤ ਸਿੰਘੋ ਕੀ। ਤਿਨ ਤੇ ਭਾਈ ਕੌਲ ਸਿੰਘ ਜੀ ਜੋ ਕੌਲ ਕਰਾਰ ਮੇਂ ਸਿੰਘ ਕਯਾ ਸੂਰ। ਤਿਨ ਤੇ ਭਾਈ ਅਮਰ ਸਿੰਘ ਜੀ ਪੜੇ ਜਿਨੋ ਕੀ ਸੰਥਾ ਪੜੀ ਸਭ ਕੋ ਅਮਰ ਭਈ। ਤਿਨ ਤੇ ਭਾਈ ਰਾਮ ਸਿੰਘ ਜੀ ਭਟ ਬ੍ਰਾਹਮਨ ਸਿੰਘ ਰਾਮ ਰੂਪ ਉਦਾਰ। ਤਿਨ ਤੇ ਭਾਈ ਚੰਦਾ ਸਿੰਘ ਜੀ ਕਯਾ ਸਿੰਘ ਮੇਂ ਚੰਦ੍ਰਮਾ। ਸੂਰਤ ਸਿੰਘ ਸੇ ਗੁਰਦਾਸ ਸਿੰਘ ਜੀ ਤੇ ਸੰਤ ਸਿੰਘ ਤੇ ਕੌਲ ਸਿੰਘ ਤੇ ਜਸਾ ਸਿੰਘ।"

ਇਹਨਾਂ ਵਿਦਵਾਨਾਂ ਵਿਚੋਂ ਭਾਈ ਸੂਰਤ ਸਿੰਘ ਜੀ ਭਾਈ ਮਨੀ ਸਿੰਘ ਜੀ ਨਾਲ ਸੰਬੰਧਤ ਰਹੇ। ਰਵਾਇਤ ਹੈ ਕਿ ਭਾਈ ਸੂਰਤ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਦੀਆਂ ਸਾਖੀਆਂ ਅਤੇ ਗ੍ਰੰਥ ਲਿਖਣ ਵਿਚ ਯੋਗਦਾਨ ਪਾਇਆ। ਇਸ ਤੋਂ ਜਾਣਿਆ ਜਾਂਦਾ ਹੈ ਕਿ ਭਾਈ ਸੂਰਤ ਸਿੰਘ ਜੀ ਦੀ ਭਾਈ ਮਨੀ ਸਿੰਘ ਜੀ ਨਾਲ ਚੰਗੀ ਸਾਂਝ ਸੀ। ਭਾਈ ਸੂਰਤ ਸਿੰਘ ਜੀ ਨਾਲ ਗਿਆਨੀ ਸੰਤ ਸਿੰਘ ਜੀ ਦੇ ਪਿਤਾਪੁਰਖੀ ਸਬੰਧ ਸਨ। ਜਿਨ੍ਹਾਂ ਨੇ ਆਪਣੀ ਪਰੰਪਰਾ ਵਿੱਚੋਂ ਭਰਪੂਰ ਵਿੱਦਿਆ ਪ੍ਰਾਪਤ ਕੀਤੀ। ਗਿ: ਸੰਤ ਸਿੰਘ ਜੀ ਉੱਚ ਦਰਜੇ ਦੇ ਵਿਦਵਾਨ ਸਨ। ਮਹਾਂਕਵੀ ਸੰਤੋਖ ਸਿੰਘ ਜੀ ਨੂੰ ਇਹਨਾਂ ਪਾਸੋਂ ਵਿੱਦਿਆ ਪੜ੍ਹਨ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ।

ਭਾਈ ਸੰਤੋਖ ਸਿੰਘ ਜੀ ਨੇ ਗਿ: ਸੰਤ ਸਿੰਘ ਜੀ ਤੋਂ ਜੋ ਕੁਝ ਪੜ੍ਹਿਆ, ਉਸ ਦਾ ਮੂਲ ਆਧਾਰ ਉਪਰੋਕਤ ਪ੍ਰਣਾਲੀ ਅਨੁਸਾਰ ਭਾਈ ਮਨੀ ਸਿੰਘ ਜੀ ਸਨ। ਭਾਈ ਮਨੀ ਸਿੰਘ ਜੀ ਮੁੰਦਾਵਣੀ ਨੂੰ ਭੋਗ ਦੀ ਬਾਣੀ ਮੰਨਦੇ ਸਨ ਅਤੇ ਇਸੇ ਲਈ ਭਾਈ ਸੰਤੋਖ ਸਿੰਘ ਜੀ ਨੇ ਵੀ ਉਸ ਵਿਚਾਰਧਾਰਾ ਤੇ ਪਹਿਰਾ ਦਿੱਤਾ।

ਭਾਈ ਮਨੀ ਸਿੰਘ ਜੀ ਨੇ 'ਸਿੱਖਾਂ ਦੀ ਭਗਤ ਮਾਲ' ਗ੍ਰੰਥ ਦੇ ਅੰਤ ਵਿੱਚ ਸਿੱਖਾਂ ਦੀ ਚਿੰਤਾ ਨੂੰ ਗੰਭੀਰ ਚੇਤਾਵਨੀ ਰੂਪ ਵਿੱਚ ਜਾਣਿਆ, ਜਿਸ ਦੀ ਲੋੜ ਅਨੁਭਵ ਕਰਕੇ ਗੁਰੂ ਘਰ ਦੇ ਦੋਖੀਆਂ ਤੋਂ ਬਚਣ ਲਈ ਗੁਰਸਿੱਖਾਂ ਨੂੰ ਸੁਚੇਤ ਕੀਤਾ ਤੇ ਭੁਲੇਖਿਆਂ ਨੂੰ ਦੂਰ ਕਰਨ ਦੇ ਨਾਲ ਇਹ ਚੇਤਨਤਾ ਵੀ ਉਭਾਰੀ ਕਿ ਅੱਗੇ ਨੂੰ ਕੋਈ ਛੋਟੇ ਮੇਲ (ਘਟੀਆ ਕਿਸਮ) ਦੀਆਂ ਦੂਸਿਤ ਗੋਸ਼ਟਾਂ ਅਰਥਾਤ ਰਚਨਾਵਾਂ ਗੁਰੂ ਘਰ ਦੀਆਂ ਪੋਥੀਆਂ ਵਿੱਚ ਨਾ ਪਾ ਦੇਵੇ, ਜਿਵੇਂ ਕਿ ਪਹਿਲਾਂ ਕਈ ਗੋਸ਼ਟਾਂ ਲਿਖਣ ਵਾਲਿਆਂ ਨੇ ਦੂਸ਼ਿਤ ਸਾਖੀਆਂ-ਜਨਮ ਸਾਖੀਆਂ ਵਿੱਚ ਪਾ ਦਿੱਤੀਆਂ ਸਨ। ਇਸ ਲਈ ਸਿੱਖਾਂ ਨੇ ਬੇਨਤੀ ਕੀਤੀ ਇਨ੍ਹਾਂ ਗੋਸ਼ਟਾਂ ਦੇ ਅੰਤ ਵਿੱਚ ਮੁੰਦਾਵਣੀ ਲਿਖ ਦੇਵੋ ਜੀ। ਚਿਤ੍ਰ ਦਰਸ਼ਨ ਦੇ ਰੂਪ ਵਿੱਚ ਹੇਠਾਂ ਉਸ ਲਿਖਤ ਦੀ ਤਸਵੀਰ ਦਿੱਤੀ ਜਾ ਰਹੀ



www.AKJ.Org

ਹੈ, ਜਿਸ ਵਿੱਚ ਮੁੰਦਾਵਣੀ ਰਾਮ-ਕਾਰ ਹੈ।

ਸਿਖਾਂਨੇਅਰਦਾਸਕੀਤੀਜੋਗੋਸਟਾਅਗੇਹੋਈਆਹੈਨਿ।
ਸੋਛੋਟੇਮੇਲਵਾਲੀਆਨੇਗੋਸਟਾਵਿਚਆਪਣੇਮਤਦੀ
ਆਬਾਤਾਲਿਖਛੋਡੀਆਹੈਨਾਜੋਬਾਬੇਰਘੜੀ
ਦੀਬੇਟੀਵਿਵਾਹੀਹੈਤੇਗੁਰੂਨਾਨਕਜੀਰਾਜੇਜਨਕ
ਦੇਸਿਖਹੈਨਾਐਸੇਐਸੇਵਚਨਲਿਖਕੇਤੇਗੋਸਟਾਨੂ
ਦੂਖਤਕੀਤਾਹੈ।ਤਾਂਇਸਗੋਸਟਦੇਭੋਗਤੇਮੁੰਦਾਵਣੀ
ਲਿਖਦੇਹਾਂ।ਤੇਸਾਖੀਆਸਭਗਿਣਛੋਡਦੇਹਾਂ।ਏ
ਨਾਸਾਖੀਆਥੀਬਿਨਾਜੋਹੋਰੁਸਾਖੀਵਿਚਕੋਈਲਿਖੇ
ਨਹੀ।ਇਕਸਮੇਸਿਖਾਂਪੰਜਾਬੀਪਾਤਸਾਹੀਥੀਪ੍ਰਸ
ਵਿਚ

ਸਿੱਖਾਂ ਨੇ ਅਰਦਾਸ ਕੀਤੀ ਜੋ ਗੋਸ਼ਟਾਂ ਅੱਗੇ ਹੋਈਆਂ ਹੈਨਿ ਸੋ ਛੋਟੇ ਮੇਲ ਵਾਲੀਆਂ ਗੋਸ਼ਟਾਂ ਵਿੱਚ ਆਪਣੀ ਮਤ ਦੀਆਂ ਬਾਤਾਂ ਲਿਖ ਛੋਡੀਆਂ ਹੈਨ ਜਾਂ ਜੋ ਬਾਬੇ ਰਘੜੀ ਦੀ ਬੇਟੀ ਵਿਵਾਹੀ ਹੈ। ਤੇ ਗੁਰੂ ਨਾਨਕ ਜੀ ਰਾਜੇ ਜਨਕ ਦੇ ਸਿੱਖ ਹੈਨ। ਐਸੇ ਐਸੇ ਵਚਨ ਲਿਖਕੇ ਤੇ ਗੋਸ਼ਟਾਂ ਨੂੰ ਦੂਖਤ ਕੀਤਾ ਹੈ। ਤਾਂ ਇਸ ਗੋਸ਼ਟ ਦੇ ਭੋਗ ਤੇ ਮੁੰਦਾਵਣੀ ਲਿਖਦੇ ਹਾਂ। ਤੇ ਸਾਖੀਆਂ ਸਭ ਗਿਣ ਛੋਡਦੇ ਹਾਂ। ਏਨਾਂ ਸਾਖੀਆਂ ਥੀ ਬਿਨਾਂ ਜੋ ਹੋਰੁ ਸਾਖੀ ਵਿੱਚ ਕੋਈ ਲਿਖੇ ਨਹੀਂ।

(ਸਿੱਖਾਂ ਦੀ ਭਗਤਮਾਲ ਸਫ਼ਾ ੨੬੯-੭੦)

'ਗੁਰੂ ਗ੍ਰੰਥ ਸਾਹਿਬ ਜੀ ਦੀ ਕੋਸ਼ਕਾਰੀ' ਵਿੱਚ ਕੁਝ ਐਸੇ ਗਿਆਨੀਆਂ ਦੇ ਪ੍ਰਯਾਵਾਂ ਤੇ ਕੋਸ਼ਾਂ ਦਾ ਵਰਨਣ ਹੈ, ਜਿਨ੍ਹਾਂ ਦਾ ਸੰਬੰਧ ਉਪਰੋਕਤ ਪ੍ਰਣਾਲੀ ਨਾਲ ਜੁੜਦਾ ਹੈ। ਉਪਰੋਕਤ ਪੁਸਤਕ ਦੇ ਸਫ਼ਾ-੩੬ ਉੱਤੇ ਇਕ ਐਸੇ ਪ੍ਰਯਾਯ ਦਾ ਜ਼ਿਕਰ ਹੈ, ਜਿਹੜਾ 'ਸੈਂਟਰਲ ਪਬਲਿਕ ਲਾਇਬ੍ਰੇਰੀ' ਪਟਿਆਲਾ ਦੇ ਨੰਬਰ-੨੭੧੮ ਹੇਠ ਸੁਰੱਖਿਅਤ ਹੈ। ਇਹ ਹੱਥ-ਲਿਖਤ ਅਜੇ ਤੱਕ ਅਣ ਛਪੀ ਹੈ। ਇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਦੀ ਬਾਣੀ ਦੇ ਅਰਥ ਮੁੰਦਾਵਣੀ ਦੇ ਸੁਲੋਕਾਂ ਤੇ ਸਮਾਪਤ ਹੁੰਦੇ ਦੱਸੇ ਹਨ। ਹੱਥ-ਲਿਖਤ ਦੇ ਪਤ੍ਰਾ ਨੰ: ੨੮ ਦਾ ਅੰਤ "ਮਿਹਰਾਮਤਿ" ਲਫ਼ਜ਼ ਦੇ ਅਰਥ ਕ੍ਰਿਪਾ




www.AKJ.Org

ਅਨੁਗ੍ਰਹ ਨਾਲ ਹੁੰਦਾ ਹੈ। ਸੋ, ਇਹ ਹੱਥ-ਲਿਖਤ ਪ੍ਰਯਾਯ ਦੀ ਗਵਾਹੀ ਮੁੰਦਾਵਣੀ ਤੇ ਹੀ ਭੋਗ ਦੀ ਸੂਚਕ ਹੈ।

ਉਪਰੋਕਤ ਪੁਸਤਕ ਦੇ ਸਫ਼ਾ ੩੮ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਉਥਾਨਕਾ ਦਾ ਵੇਰਵਾ ਦਿੱਤਾ ਹੋਇਆ ਹੈ। ਇਹ ਉਥਾਨਕਾ ਦੋ ਪੋਥੀਆਂ ਵਿਚ ਹੈ। ਪਹਿਲੀ ਪੋਥੀ ਵਿਚ ਗੁਰਬਾਣੀ ਅਤੇ ਦੂਜੀ ਪੋਥੀ ਵਿਚ 'ਭਗਤਬਾਣੀ' ਤੇ 'ਭੱਟ ਬਾਣੀ' ਦੇ ਪ੍ਰਯਾਯ ਸ਼ਾਮਲ ਹਨ। ਦੂਜੀ ਪੋਥੀ ਦੇ ਅਖ਼ੀਰਲੇ ਪਤ੍ਰੇ ਦੀ ਤਸਵੀਰ ਦਿੱਤੀ ਜਾਂਦੀ ਹੈ, ਜਿਸ ਵਿੱਚ ਰਾਗਮਾਲਾ ਦੀ ਅਰਥ-ਵਿਆਖਿਆ ਤੋਂ ਉਪਰੰਤ ਹੇਠ ਲਿਖੀ ਸੂਚਨਾ ਦਰਜ ਹੈ:-

**"ਏਹ ਆਲਮ ਕਵੀ ਨੇ ਮਾਧਵਨਲ ਕੇ ਗਾਇਨ ਦਾ ਗ੍ਰੰਥ ਬਨਾਯਾ ਹੈ। ਉਸ ਮੇ ਏ ਲਿਖ ਦਈ ਹੈ। ਊਹਾ ਤੇ ਈਹਾ ਲਿਖ ਦਈ ਹੈ।"**



੧੪. ਡਾ. ਚੰਨਣ ਸਿੰਘ ਚੰਨ ਦੇ ਨਿਵਾਸ, 91- Mantilla Drive Coventry, England (੯੧- ਮਨਟਿੱਲਾ ਡਰਾਈਵ, ਕਾਵੇਂਟਰੀ, ਇੰਗਲੈਂਡ) ਵਿਚ ਸੁਰੱਖਿਅਤ ਹੱਥ-ਲਿਖਤ (ਨੰ. ਆਰ. ਐਨ. ੫੨੩) ਦਾ ਪੰਨਾ ਨੰ. ੨੨੦.

ਇਹ ਹਥਲਿਖਤ ਉਥਾਨਕਾ ਇਸ ਵੇਲੇ ਇੰਗਲੈਂਡ ਵਿੱਚ ਹੈ। ਰਾਗਮਾਲਾ ਨੂੰ ਆਲਮ ਕ੍ਰਿਤ ਦੱਸਣ ਵਾਲੀਆਂ ਇਹ ਸਭ ਤੋਂ ਪੁਰਾਤਨ ਗਵਾਹੀਆਂ ਗੁਰਮੁਖੀ ਵਿੱਚ ਮਿਲੀਆਂ ਹਨ।

ਇਹ ਪ੍ਰਯਾਯ ਲਿਖਣ ਵਾਲੇ ਗਿਆਨੀ ਭਾਈ ਮਨੀ ਸਿੰਘ ਜੀ ਦੀ ਸੰਪ੍ਰਦਾਈ ਵਿਦਵਾਨ ਮੰਡਲੀ ਵਿਚੋਂ ਸਨ। ਭਾਈ ਮਨੀ ਸਿੰਘ ਜੀ ਮੁੰਦਾਵਣੀ ਨੂੰ ਸਮਾਪਤੀ ਕਰਨ ਜਾਂ ਬੰਦ ਕਰਨ ਦੀ ਰਚਨਾ ਮੰਨਦੇ ਸਨ।

**ਭਾਈ ਸੰਤੋਖ ਸਿੰਘ**



www.AKJ.Org

ਸੰਨ ਸੰਮਤ ਦੇ ਲਿਹਾਜ ਨਾਲ ਭਾਈ ਮਨੀ ਸਿੰਘ ਪਿੱਛੋਂ ਵਾਰੀ ਆਉਂਦੀ ਹੈ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਦੀ ਜਿਨ੍ਹਾਂ ਦੇ ਵਿੱਦਿਆ ਦਾਤਾ ਗਿਆਨੀ ਸੰਤ ਸਿੰਘ ਸਨ ਜੋ ਹਰਿਮੰਦਰ ਸਾਹਿਬ ਦੇ ਮੁਖੀ ਰਹੇ ਅਤੇ ਸੋਨੇ ਦੀ ਸੇਵਾ ਵੀ ਕਰਾਈ ਤੇ ਨਾਲ ਵਿਦਵਾਨ ਤਿਆਰ ਕੀਤੇ। ਭਾਈ ਸੰਤੋਖ ਸਿੰਘ ਜੀ ਨੇ ਸਾਰਾ ਗੁਰ ਇਤਿਹਾਸ 'ਨਾਨਕ ਪ੍ਰਕਾਸ਼' ਤੇ 'ਗੁਰ ਪ੍ਰਤਾਪ ਸੂਰਜ' ਗ੍ਰੰਥ ਵਿੱਚ ਲਿਖਿਆ ਹੈ। ਸੂਰਜ ਪ੍ਰਕਾਸ਼ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਰਚਨ ਦੇ ਪ੍ਰਸੰਗ ਵਿਚ ਮੁੰਦਾਵਣੀ ਬਾਰੇ ਲਿਖਤ ਵੇਰਵੇ ਸਹਿਤ ਇੱਕ ਵੱਖਰੀ ਥਾਂ ਇਸ ਪੁਸਤਕ ਵਿੱਚ ਆ ਚੁੱਕੀ ਹੈ। ਸੰਖੇਪ ਇਉਂ ਹੈ :-

ਲਿਖੇ ਸਮਸਤ ਸਵੈਯੇ ਸੋਊ ਸ੍ਰੀ ਗ੍ਰਿੰਥ ਸਾਹਿਬ ਕੇ ਮਾਹਿ।
ਅੰਤ ਸਰਬ ਕੇ ਲਿਖਿ ਮੁੰਦਾਵਣੀ ਮੁੰਦ੍ਰਿਤ ਮੁਹਰ ਲਗੀ ਜਨੁ ਵਾਹਿ।
ਭੋਗ ਸਕਲਿ ਬਾਨੀ ਕਾ ਪਾਯਹੁ ਮਹਿਮਾ ਜਿਸ ਕੀ ਕਹੀ ਨਾ ਜਾਇ।
ਭਵਜਲ ਭੈਰਵ ਕੋ ਜਹਾਜ ਬਡ ਪ੍ਰਭੁ ਕਿਰਪਾ ਤੇ ਪਾਰ ਪਰਾਇ। ੩੯।
**ਰਾਗਮਾਲ ਸ੍ਰੀ ਗੁਰੂ ਕੀ ਕ੍ਰਿਤ ਨਹਿੰ, ਹੈ ਮੁੰਦਾਵਣੀ ਲਗਿ ਗੁਰ ਬੈਨ।**
**ਇਸ ਮਹਿ ਨਹਿ ਸੰਸੇ ਕੁਝ ਕਰੀਅਹਿ ਜੇ ਸੰਸੇ ਅਵਲੋਕਹੁ ਨੈਨ।**
ਮਾਧਵਾਨਲ, ਆਲਮ ਕਵਿ ਕੀਨਸਿ, ਤਿਸ ਮਹਿ ਨ੍ਰਿਤਕਾਰੀ ਕਹਿ ਤੈਨ।
ਰਾਗ ਰਾਗਨੀ ਨਾਮ ਗਿਣੇ ਤਹਿ ਯਾਤੇ ਸ੍ਰੀ ਅਰਜਨ ਕ੍ਰਿਤ ਹੈ ਨ। ੪੦।

## ਪੰਡਤ ਤਾਰਾ ਸਿੰਘ ਨਰੋਤਮ ਅਤੇ ਮੁੰਦਾਵਣੀ ਦੇ ਅਰਥ :

ਪੰਡਤ ਤਾਰਾ ਸਿੰਘ ਨਰੋਤਮ ਦਾ ਜਨਮ ਸੰਨ ੧੮੨੨ ਈਸਵੀ (ਸੰਮਤ ੧੮੭੯ ਬਿਕਰਮੀ) ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕਾਲਮਾ ਵਿੱਚ ਹੋਇਆ। ਬਚਪਨ ਲੰਘਿਆ ਤਾਂ ਵਿੱਦਿਆ ਪ੍ਰਾਪਤੀ ਦੀ ਭੁੱਖ ਨੂੰ ਤ੍ਰਿਪਤ ਕਰਨ ਲਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਗਿੜਬੜੀ ਦੇ ਮੁਕਾਮ ਉੱਤੇ ਪੁੱਜੇ। ਜਿੱਥੇ ਉਸ ਵੇਲੇ ਦੇ ਇੱਕ ਵੱਡੇ ਵਿਦਵਾਨ ਸੰਤ ਗੁਲਾਬ ਸਿੰਘ ਜੀ ਨਿਰਮਲੇ ਨੇ ਵਿੱਦਿਅਕ ਆਸ਼ਰਮ ਚਲਾਇਆ ਹੋਇਆ ਸੀ। ਉੱਥੇ ਚਾਲੀ ਪੰਜਾਹ ਵਿਦਿਆਰਥੀ ਵਿੱਦਿਆ ਪੜ੍ਹ ਰਹੇ ਸਨ। ਸੰਤ ਗੁਲਾਬ ਸਿੰਘ ਜੀ ਦਾ ਪਿਛੋਕੜ ਮੁਢਲੇ ਨਿਰਮਲੇ ਵਿਦਵਾਨਾਂ ਨਾਲ ਮਿਲਦਾ ਸੀ, ਜਿਨ੍ਹਾਂ ਨੂੰ ਦਸ਼ਮੇਸ਼ ਜੀ ਨੇ ਕਾਸ਼ੀ ਪੜ੍ਹਨ ਲਈ ਭੇਜਿਆ ਸੀ। ਪੰਡਤ ਤਾਰਾ ਸਿੰਘ ਜੀ ਆਰੰਭਕ ਵਿੱਦਿਆ ਗਿੜਬੜੀ ਦੇ ਆਸ਼ਰਮ ਤੋਂ ਹਾਸਲ ਕਰਕੇ ਅੰਮ੍ਰਿਤਸਰ ਆ ਗਏ। ਪੰਜ ਕੁ ਸਾਲ ਉੱਥੇ ਅੰਮ੍ਰਿਤਸਰ ਦੇ ਗੁਰਮਤਿ ਆਸ਼ਰਮਾਂ ਵਿੱਚ ਅਧਿਐਨ ਕਰਨ ਤੋਂ ਬਾਅਦ ਕਾਸ਼ੀ ਪਹੁੰਚ ਗਏ। ਉੱਥੇ ਜਾ ਕੇ ਵਿਆਕਰਨ ਅਤੇ ਸੰਸਕ੍ਰਿਤ ਦੇ ਹੋਰ ਗ੍ਰੰਥਾਂ ਦਾ ਅਧਿਐਨ ਕੀਤਾ। ਉੱਥੋਂ ਆਪ ਜੀ ਬੰਗਾਲ ਪ੍ਰਾਂਤ ਦੇ ਸ਼ਾਂਤੀਪੁਰ ਖੇਤਰ ਦੇ ਇੱਕ ਪਿੰਡ ਨਦੀਆ ਵਿਚ ਪਹੁੰਚੇ। ਇੱਥੇ ਠਹਿਰ ਕੇ ਖਟ ਦਰਸ਼ਨ ਅਤੇ ਅਦਵੈਤ ਮੱਤ ਵੇਦਾਂਤ



www.AKJ.Org

ਮੁੰਦਾਵਣੀ॰ ਪੰ. ਗੁਰ ਛਨਾਂ ਬੋਲੋ
ਅਰਜਨ ਸਾਹਿਬ ਜੀ ਕੇ ਬਿਵਾਹ
ਸਮੇਂ ਇਸਤ੍ਰੀਓਂ ਨੇ ਜਨੇਤ ਕੀ ਥਾ
ਲਿਆ ਬੰਧੀ॥ ਉਸ ਬੰਨਣੇ ਕਾਨ
ਮ ਮੁੰਦਾਵਣੀ ਹੈ॥ ਮੁੰਦਣ ਸੇ ਮੁੰਦਾ
ਵਣੀ ਨਾਮ ਬਨਾ ਹੈ। ਸ੍ਰੀ ਗੁਰੂ ਅਰ
ਜਨ ਸਾਹਿਬ ਜੀ ਨੇ। ਥਾਲ ਵਿਚ
ਵਿਨ ਵਸਤੂ ਪਾਈਆ ਇਤਯਾਦਿ
ਪਾਠ। ਉਸ ਬੰਦੀ ਕੇ ਖੋਲਨੇ ਹੇਤ
ਕਹਿਆ॥ ਵਹੀ ਪਾਠ ਗ੍ਰੰਥ ਸਾਹਿਬ
ਜੀ ਕੀ ਸਮਾਪਤੀ ਸਮੇ। ਅਪਨੀ
ਮੁਹਰ ਰੂਪਕਰ ਅੰਤ ਮੇ ਰੱਖਾ ਰਾ
ਗਮਾਲਾ ਕਾਹੂ ਨੇ ਪੀਛੇ ਸੇ ਪਾਈ॥
ਜੈਸੇ ਭਾਈ ਬੰਨੋ ਨੇ ਗੁਰੋ ਕੇ ਸਾ
ਮਨੇ ਹੀ ਦੂਸਰੀ ਬੀੜ ਮੋ ਕਈ ਬਾ
ਣੀਆ ਚੜ੍ਹਾਈਆ, ਜਿਨਕੋ ਸੁਨ
ਕੇ ਗੁਰੂ ਜੀ ਨੇ ਉਸ ਕਾ ਨਾਮ ਖਾਰੀ
ਬੀੜ ਧਰਾ। ਭਾਈ ਬੰਨੋ ਨੇ ਪ੍ਰਾਰਥ

ਗੁਰੂ ਗਿਰਾਰਥ ਕੋਸ਼



www.AKJ.Org

ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਆਖ਼ਰ ਸੰਨ ੧੮੬੧ ਈਸਵੀ (ਸੰਮਤ ੧੯੧੮ ਬਿਕਰਮੀ) ਨੂੰ ਅਰਧ ਕੁੰਭ ਦੇ ਮੌਕੇ ਤੇ ਹਰਿਦੁਆਰ ਆ ਗਏ। ਇੱਥੇ ਸੰਤਾਂ ਤੇ ਵਿਦਵਾਨਾਂ ਤੋਂ ਨਰੋਤਮ ਦੀ ਉੱਚੀ ਵਿਦਵਤਾ ਬਾਰੇ ਮਹਾਰਾਜਾ ਪਟਿਆਲਾ ਨਰਿੰਦਰ ਸਿੰਘ ਨੂੰ ਪਤਾ ਲੱਗਾ। ਉਨ੍ਹਾਂ ਪੰਡਤ ਤਾਰਾ ਸਿੰਘ ਨਰੋਤਮ ਜੀ ਨੂੰ ਪਟਿਆਲੇ ਲਿਆ ਕੇ ਗੁਰਮਤਿ ਬਾਰੇ ਖੋਜ ਕਰਨ ਤੇ ਗ੍ਰੰਥ ਰਚਣ ਵਿਚ ਲਗਾ ਦਿੱਤਾ। ਪੰਡਤ ਤਾਰਾ ਸਿੰਘ ਨਰੋਤਮ ਨੂੰ ਸਭ ਸਹੂਲਤਾਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਨੂੰ ਨਿਰਮਲੇ ਅਖਾੜੇ ਦਾ ਉੱਪ ਪ੍ਰਧਾਨ ਵੀ ਥਾਪ ਦਿੱਤਾ। ਨਰੋਤਮ ਜੀ ਆਪਣੀਆਂ ਰਚਨਾਵਾਂ ਕਰਨ ਵਿੱਚ ਜੁੱਟ ਗਏ ਤੇ ਹੇਠ ਲਿਖੇ ਗੁਰਮਤਿ ਦੇ ਗ੍ਰੰਥਾਂ ਦੀ ਰਚਨਾ ਕੀਤੀ, ਗੁਰਮਤਿ ਨਿਰਣਯ ਸਾਗਰ (ਸੰਨ ੧੮੭੭, ੧੯੩੪ ਬਿ:) ਟੀਕਾ ਗੁਰਭਾਵ ਦੀਪਕਾ (ਜਪੁ, ਰਹਿਰਾਸ, ਸੋਹਲਾ, ਸ਼ਬਦ ਹਜ਼ਾਰੇ) (ਸੰਨ ੧੮੮੦ ਸੰਮਤ ੧੯੪੫ ਬਿ:) ਗੁਰ ਗਿਰਾਰਥ ਕੋਸ਼ ਪਹਿਲਾ ਭਾਗ (ਸੰਨ ੧੮੮੯, ਸੰਮਤ ੧੯੪੬) ਦੂਜਾ ਭਾਗ (ਸੰਨ ੧੮੯੬ ਸੰਮਤ ੧੯੫੩ ਬਿ:) ਨੂੰ ਲਿਖਿਆ।

**ਮੁੰਦਾਵਣੀ ਸਲੋਕ ਮਹਲਾ ੫**


ਲਿਖਾਈ ਨੂੰ ਬੰਦ ਕਰ ਦੇਣ ਦਾ ਭਾਵ ਹੈ, ਅੱਗੇ ਕੁੱਝ ਨਾ ਲਿਖਿਆ ਜਾਵੇ। ਮੂੰਹ ਬੰਦ ਕਰਨ ਦਾ ਨਾਮ ਵੀ ਮੁੰਦਾਵਣੀ ਹੀ ਹੈ। ਗੁਰੂ ਜੀ ਨੇ ਇਸ ਮੁੰਦਾਵਣੀ ਦੁਆਰਾ ਅੱਗੇ ਨੂੰ ਇਸ ਗੱਲ ਦਾ ਨੇਮ ਕੀਤਾ ਕਿ ਕੋਈ ਹੋਰ ਬਾਣੀ ਨਾ ਚੜ੍ਹਾਈ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਮੁੰਦਾਵਣੀ ਉੱਤੇ ਹੈ।

ਭਾਵ ਦੀਪਕਾ (ਟੀਕਾ ਜਪੁਜੀ ਸਾਹਿਬ) ਗ੍ਰੰਥ ਵਿੱਚ ਉਨ੍ਹਾਂ ਆਪਣੇ ਵੱਲੋਂ ਲਿਖੇ ਗ੍ਰੰਥਾਂ ਵਿੱਚ ਆਏ ਮੁੱਖ-ਮੁੱਖ ਵਿਸ਼ਿਆਂ ਬਾਰੇ ਦੱਸਿਆ ਹੈ ਕਿ ਮੈਂ ਗੁਰਮਤਿ ਨਿਰਣਯ ਸਾਗਰ ਗ੍ਰੰਥ ਵਿੱਚ ਬਾਈਵੇਂ ਅਧਿਆਇ ਵਿਚ ਇਉਂ ਲਿਖਿਆ ਹੈ :-

'ਰਾਗਮਾਲਾ ਬਾਰੇ' ਬਾਈਸਵੇ ਮੀ ਉਰਮੀ (ਅਧਿਆਇ) ਬਿਗੜੇ ਸਬਦੋ ਕੇ ਨਿਰਦੋਖਤਾ ਪੁਨਾ ਅਰਥੋ ਕੀ ਔ ਪਦੋਂ ਕੀ ਪੁਨਰੁਕਤੀ ਕਾ ਪਰਿਹਾਰ ਪ੍ਰਕਾਰ ਲਿਖਾ ਹੈ, **ਤੇਈਸਵੇਂ** ਮੇਂ ਰਾਗੋ ਕਾ ਭਲਾ ਬੁਰਾ ਚਿੰਤਨ ਮੇਂ **ਰਾਗਮਾਲਾ ਗੁਰੂ ਕੀ ਬਣਾਈ ਨਹੀਂ ਯਹ ਲਿਖਾ ਹੈ**।

(ਭਾਵ ਦੀਪਕਾ ਸੰ: ੧੮੮੧, ਸਫ਼ਾ-੬)

ਸੰਨ ੧੮੭੭ ਵਿੱਚ ਲਿਖੇ ਗੁਰਮਤਿ ਨਿਰਣਯ ਸਾਗਰ ਵਿਚ ਰਾਗਮਾਲਾ


ਬਾਈਸਵੇਮੇ
ਬਿਗੜੇ ਸਬਦੋ ਕੋ ਨਿਰਦੋਖਤਾ ਪੁਨਾ ਅਰਥੋ ਕੀ ਔ ਪਦੋ ਕੀ ਪੁਨਰੁਕ੍ਤੀ
ਕਾ ਪਰਿਹਾਰ ਪ੍ਰਕਾਰ ਲਿਖਾ ਹੈ ਤੇਈਸਵੇ ਮੇ ਰਾਗੋ ਕੋ ਭਲਾ ਬੁਰਾ ਚਿੰਤ
ਨ ਮੇ ਰਾਗਮਾਲਾ ਗੁਰੂ ਕੀ ਬਣਾਈ ਨਹੀਂ ਯਹ ਲਿਖਾ ਹੈ ਚੌਈਸਵੇ ਮੇ



www.AKJ.Org

ਵਿਰੋਧੀ ਭਾਗ ਜੋ ਪਹਿਲਾਂ ਹੱਥ ਲਿਖਤ ਗ੍ਰੰਥ ਵਿੱਚ ਸੀ ਪਿੱਛੋਂ 'ਵਜ਼ੀਰ ਹਿੰਦ ਪ੍ਰੈਸ' ਵਿੱਚ ਛਾਪਣ ਵੇਲੇ ਉਸ ਵਿੱਚੋਂ ਅਲੋਪ ਕਰ ਦਿੱਤਾ ਗਿਆ ਜਦੋਂ ਕਿ ਇਸ ਅਧਿਆਇ ਦਾ ਆਰੰਭਕ ਭਾਗ ਅਣ ਛਪੇ ਹੋਏ ਗ੍ਰੰਥ ਵਿੱਚ ਮੌਜੂਦ ਹੈ। ਇਸ ਛਪੇ ਹੋਏ ਭਾਗ ਵਿੱਚ ਇਕ-ਇਕ ਪ੍ਰਸ਼ਨ ਉਠਾ ਕੇ ਉਨ੍ਹਾਂ ਦੇ ਉੱਤਰ ਦਿੱਤੇ ਗਏ ਹਨ।

ਇਕ ਪ੍ਰਸ਼ਨ :- ਇਹ ਕੀਤਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਦਾ ਨਿਸ਼ੇਧ ਵੀ ਹੈ ਅਤੇ ਪ੍ਰਸੰਸਾ ਵੀ, ਕਿਉਂ ?

ਪੰਡਤ ਜੀ ਨੇ ਉੱਤਰ ਦਿੰਦਿਆਂ ਦੱਸਿਆ ਜਿਨ੍ਹਾਂ ਰਾਗਾਂ ਰਾਹੀਂ ਬਿਲਾਸਤਾ ਅਤੇ ਮਨੁੱਖੀ ਮਨਾਂ ਅੰਦਰ ਉਨਮਾਦਤਾ ਵਾਲੀਆਂ ਰੁਚੀਆਂ ਜਾਗਦੀਆਂ ਹਨ, ਰਾਗਾਂ ਦਾ ਉਹ ਅੰਗ ਨਿੰਦਿਆ ਗਿਆ ਹੈ। ਜਿਨ੍ਹਾਂ ਰਾਗਾਂ ਦੇ ਗਾਇਨ ਕਰਕੇ ਭਗਤੀ ਰਸ ਜਾਗ੍ਰਿਤ ਹੁੰਦਾ ਅਤੇ ਪਰਮਾਨੰਦ ਦਾ ਰਸ ਉਪਜਦਾ ਹੈ ਉਸ ਦੀ ਪ੍ਰਸ਼ੰਸਾ ਕੀਤੀ ਗਈ ਤੇ ਰਾਗ ਦੇ ਵਿਰੋਧ ਵਾਲੇ ਵਾਕ ਦੇ ਕੇ ਇਸ ਤਰ੍ਹਾਂ ਲਿਖਿਆ ਹੈ :-

ਦੋਹਰਾ : ਨਨੁ ਗ੍ਰੰਥ ਮੇਂ ਗੁਰ ਕਹੀ ਬਹੁ ਰਾਗਨ ਕੀ ਬਾਤ॥
ਬੀਜ ਯਾਹ ਤੇ ਤਿਨੋ ਕੀ ਗੁਰਮੁਖ ਬਿਧੀ ਸੁਹਾਤ ॥ ੧੧॥
ਔ ਨਿਖੇਧ ਪੁਨ ਰਾਗ ਕੇ ਕੀਨੋਂ ਗੁਰ ਪ੍ਰਕਾਸ਼॥
ਗੀਤ ਰਾਗ ਘਨ ਤਾਲ ਲੈ ਕੂਰੇ ਸਭੀ ਬਿਲਾਸ॥ ੧੨॥
ਮੇਰੇ ਮਾਧਵ ਕ੍ਰਿਪਾ ਕਰ ਇਹ ਨਾ ਕਾਨ ਸਨਾਇ॥
ਗੀਤ ਨਾਦ ਧੁਨਿ ਆਦਿ ਜੋ ਸਾਕਤ ਬੋਲ ਅਜਾਇ॥
ਤਥਾ ਗੁਰ ਵਾਕਯੰ॥ 'ਮੇਰੇ ਮੋਹਨ ਸ੍ਵਨੀ ਇਹ ਨ ਸੁਨਾਏ॥
ਸਾਕਤ ਗੀਤ ਨਾਦ ਧੁਨ ਗਾਵਤ ਬੋਲਤ ਬੋਲ ਅਜਾਏ'॥

ਦੋਹਰਾ : ਰਾਗ ਪਰਮ ਪ੍ਰਮਾਦ ਕਰ ਚਹੇ ਨ ਪ੍ਰੇਮੀ ਰਾਹ॥
ਪਰਮ ਹੇਯ ਯਾਹੇਤ ਤੇ ਰਾਗ ਅਤੇ ਜਗ ਮਾਹ॥ ੧੪॥
ਤਾਤੇ ਤਾ ਵਿਧਿ ਭਾਵ ਕੇ ਗੁਰ ਮਨ ਕਹੋ ਬਿਚਾਰ॥
ਤਾਂਹ ਪੇਖ ਸਭ ਪੰਥ ਕੀ ਮਿਟੇ ਸੰਦੇਹ ਨਧਾਰ॥ ੧੫॥
ਸ੍ਰੀ ਗੁਰੂ ਸੰਮਤ (ਸਮਾਨ) ਬੇਦ ਕੇ ਸਭੀ ਕਹੇ ਜਬ ਬਾਤ॥
ਕਾਹੇ ਰਾਗਨ ਅੰਸ ਮੇ ਤੁਮ ਕੇ ਭਈ ਭ੍ਰਾਂਤਿ॥ ੧੬॥
ਲਿਖੋ ਪ੍ਰਗਟ ਯਹ ਬੇਦ ਸੋ ਮੰਤ੍ਰ ਬਰਣ ਸਵਰ ਹੀਨ॥
ਪੜਯੋ ਆਪ ਨ ਅਰਥ ਕੇ ਕਹੇ ਨ ਕਬਹੂੰ ਚੀਨ॥ ੧੭॥
ਯਾਤੇ ਮੰਤ੍ਰ ਪਠਨ ਕੋ ਸਵਰ ਹੀ ਸਾਥ ਬਿਧਾਨ॥
ਸੋ ਸਵਰ ਤੀਨੋ ਭੇਦ ਕੇ ਲੇਖ ਰਜਾਇ ਪਛਾਨ॥ ੧੮॥
ਰਾਗਨ ਸਵਰ ਪੁਨ ਤਾਲ ਸੇ ਭਿੰਨ ਵਸਤ ਜਗ ਮਾਹ॥
ਸਵਰ ਸਮਾਲ ਪੜਵਾਰ ਕੋ ਬੇਦ ਪ੍ਰਤਿਸ਼ਟਾ ਗਾਹ॥ ੧੯॥



www.AKJ.Org

ਲਖੋਚਿਤ ਫਲ ਰਾਗ ਕੋ ਸੂਨਯ ਵਿਕਲਪ ਸਮਾਧਿ॥
ਯਾਹੀ ਤੇ ਗੁਰੂ ਗ੍ਰੰਥ ਮੋ ਰਾਗਨ ਮੇ ਪਦ ਬਾਂਧਿ॥ ੧੦॥
ਨਨੁ ਘਰ ਔ ਪੜਤਾਲ ਕੋ ਧੁਨੀ ਰੂਪ ਕਾ ਆਹ॥
ਠੀਕੇ ਦੇਹ ਬਛਾਯ ਮੁਹ ਸੁਨ ਸੰਸੇ ਹਯੁਦਾਹ॥ ੧੭॥
ਰਹਯੋ ਪ੍ਰਸ਼ਨ ਘਰ ਵੱਥ ਕਿਆ ਪੜਤਾਲੰ ਧੁਨਿ ਰੂਪ॥
ਸੱਤ੍ਰਾ (੧੭) ਸਤਾਈ (੨੭) ਪ੍ਰਸ਼ਨ ਮੇ ਉੱਤਰ ਰੋਗ ਅਨੂਪ॥ ੧੮॥

ਇਸ ਵੇਲੇ ਜਦੋਂ ਅਸੀਂ ਗੁਰਮਤਿ ਨਿਰਣੇ ਗ੍ਰੰਥ ਛਪਿਆ ਹੋਇਆ ਦੇਖਦੇ ਹਾਂ ਤਾਂ ਤੇਈਵੇਂ ਅਧਿਆਇ ਦਾ ਆਰੰਭ ਰਾਗਮਾਲਾ ਦੇ ਵਿਰੋਧੀ ਸੁਰ ਵਿੱਚ ਹੁੰਦਾ ਹੈ ਪ੍ਰੰਤੂ, ਅੱਗੇ ਜਾ ਕੇ ਸ਼ੰਕਾ ਪੈਦਾ ਹੋ ਜਾਂਦਾ ਹੈ ਕਿ ਸੱਤ੍ਰਾ ੧੭ ਸਤਾਈ ੨੭ ਪ੍ਰਸ਼ਨਾਂ ਦੇ ਉੱਤਰ ਵਿੱਚ ਰਾਗਮਾਲਾ ਦੇ ਵਿਰੁੱਧ ਪੰਡਤ ਜੀ ਨੇ ਜੋ ਲਿਖਿਆ ਸੀ ਉਹ ਕਿੱਥੇ ਗਿਆ। ੧੯੪੪-੪੫ ਵਿੱਚ ਲੇਖਕ ਕੁੱਝ ਲਾਇਬਰੇਰੀਆਂ ਦੇਖਣ ਲਈ ਲਾਹੌਰ ਰਹਿੰਦਾ ਸੀ। ਜਿੱਥੇ ਪੰਜਾਬ ਪਬਲਿਕ ਲਾਇਬਰੇਰੀ ਵਿੱਚੋਂ ਪੰਡਤ ਤਾਰਾ ਸਿੰਘ ਦਾ 'ਗੁਰਮਤਿ ਨਿਰਣੈ ਸਾਗਰ' ਗ੍ਰੰਥ ਹੱਥ ਲਿਖਤ ਰੂਪ ਵਿੱਚ ਪ੍ਰਾਪਤ ਹੋਇਆ। ਇਸ ਲਿਖਤੀ ਗ੍ਰੰਥ ਵਿੱਚ ਉਹ ਸਾਰਾ ਅਧਿਆਇ ਸ਼ਾਮਲ ਹੈ ਜੋ ਛਾਪਣ ਵੇਲੇ ਛਪਾਉਣ ਵਾਲਿਆਂ ਨੇ ਜਾਂ ਛਾਪਖਾਨੇ ਵਾਲਿਆਂ ਨੇ ਕੱਢ ਦਿੱਤਾ ਹੋਇਆ ਹੈ। ਉਸ ਵੇਲੇ ਲੇਖਕ ਨੇ ਇਹ ਗੱਲ ਸ: ਸਮਸ਼ੇਰ ਸਿੰਘ ਅਸ਼ੋਕ ਨਾਲ ਸਾਂਝੀ ਕੀਤੀ ਅਤੇ ਇਸ ਕੱਢੇ ਗਏ ਅਧਿਆਇ ਨੂੰ ਸਾਰੇ ਦਾ ਸਾਰਾ ਨਕਲ ਕਰ ਲਿਆ ਜਿਸ ਵਿੱਚ 'ਮੇਰੇ ਮੋਹਨ ਸ੍ਰਵਣੀ ਏਹ ਨਾ ਸੁਣਾਏ' ਤੋਂ ਲੈ ਕੇ ਇਸ ਅਧਿਆਇ ਦੀ ਸੰਪੂਰਨਤਾ ਤੱਕ 'ਰਾਗਮਾਲਾ' ਵਿਰੋਧੀ ਸਾਰਾ ਭਾਗ ਲਿਖਿਆ ਹੋਇਆ ਹੈ। ਸ਼ਮਸ਼ੇਰ ਸਿੰਘ ਅਸ਼ੋਕ ਜੀ ਨੇ ਵੀ ਉਸ ਸਮੇਂ ਕੁੱਝ ਹਿੱਸੇ ਵਿੱਚੋਂ ਨੋਟ ਕਰ ਲਏ ਸਨ। ਮੇਰੀ ਪਤ੍ਰੀ ਤਾਂ ਹੁਣ ਤੱਕ ਗੁਆਚੀ ਹੋਈ ਨਹੀਂ ਲੱਭੀ। ਅਸ਼ੋਕ ਜੀ ਨੇ ਪੁਸਤਕ 'ਰਾਗਮਾਲਾ ਨਿਰਣੇ' ਦੇ ਵਿੱਚ ਉਸ ਰਾਗਮਾਲਾ ਵਿਰੋਧੀ ਭਾਗ ਵਾਲੇ ਜੋ ਛੰਦ ਉੱਤਰ ਲਿਖੇ ਸਨ, ਉਨ੍ਹਾਂ ਦਾ ਪਾਠ ਹੇਠ ਲਿਖੇ ਅਨੁਸਾਰ ਹੈ :

ਤੈਸੇ ਈਹਾਂ ਜਾਨੀਏ, ਚੌਦੋ ਦੋਨੋ ਛੋਰ॥
ਰਾਗ ਮਾਨ ਹਿਤ ਸੀਖ ਨੇ, ਥਾਪੀ ਕਾਹੂ ਚੋਰ॥ ੪੫॥
ਯਾ ਤੇ ਆਲਮ ਨਾ ਰਹੀ, ਗੁਰ ਕ੍ਰਿਤ ਨੀਕੇ ਮਾਨ॥
ਕਿੰਤੂ ਤਾਕੀ ਰਚਿਤ ਹੀ, ਕਾਹੂ ਥਾਪੀ ਆਨ॥੪੬॥
ਗੁਰੂ ਗ੍ਰੰਥ ਦੋ ਤੀਨ ਹੀ, ਠੋਰ ਜਥੈ ਪ੍ਰਚਾਰ॥
ਆਲਮ ਉੱਤਰ ਸਿੱਖ ਗਹਿ, ਕਾਹੂੰ ਥਾਪੀ ਧਾਰ॥ ੪੭॥

ਇਸ ਕਿਸਮ ਦੇ ਪ੍ਰਸ਼ਨ ਉੱਤਰ ਹੋਰ ਵੀ ਹਨ। ਜਿਨ੍ਹਾਂ ਵਿੱਚ 'ਰਾਗਮਾਲਾ ਨੂੰ ਆਲਮ ਕਵੀ ਕ੍ਰਿਤ ਲਿਖਿਆ ਸਿੱਧ ਕੀਤਾ।
ਅਸ਼ੋਕ ਜੀ ਨੇ ਇਹ ਨੋਟ ਦਿੱਤਾ ਹੈ :


www.AKJ.Org

ਇਹ ਹਵਾਲੇ ਗੁਰਮਤ ਨਿਰਣਯ ਸਾਗਰ ਵਿਚੋਂ ਹਨ ਤੇ ਪੰਡਿਤ ਤਾਰਾ ਸਿੰਘ ਦੀ ਰਾਗਮਾਲਾ ਬਾਰੇ ਇਹ ਸਹੀ ਰਾਇ ਹੈ ਪਰ ਪਿੱਛੋਂ ਛਪੇ ਗੁਰਮਤਿ ਨਿਰਣਯ ਸਾਗਰ ਵਿੱਚੋਂ ਰਾਗਮਾਲਾ ਪੱਖੀਆਂ ਦੀ ਮਿਹਰਬਾਨੀ ਨਾਲ ਇਹ ਭਾਗ ਕੱਢ ਦਿੱਤਾ ਗਿਆ ਹੈ। ਇਸ ਛਾਪੇ ਦੇ ਹਵਾਲੇ ਨਾਲ ਭਾਈ ਵੀਰ ਸਿੰਘ ਜੀ ਦਾ ਅਖ਼ਬਾਰ 'ਖਾਲਸਾ ਸਮਾਚਾਰ' (੧੩ ਸਤੰਬਰ, ੧੯੪੫, ਸਫ਼ਾ-੪) ਪਰ ਲਿਖ ਰਿਹਾ ਹੈ ਕਿ ਪੰਡਤ ਤਾਰਾ ਸਿੰਘ ਜੀ ਨੇ ਰਾਗਮਾਲਾ ਬਾਰੇ ਪਿੱਛੋਂ ਆਪਣੀ ਪੁਜੀਸ਼ਨ ਸਾਫ਼ ਕਰ ਲਈ, ਜਿਸ ਕਰਕੇ ਹੁਣ ਗੁਰਮਤਿ ਨਿਰਣਯ ਵਿੱਚ ਰਾਗਮਾਲਾ ਵਿਰੁੱਧ ਉਨ੍ਹਾਂ ਦੇ ਖ਼ਿਆਲ ਲਿਖੇ ਨਹੀਂ ਮਿਲਦੇ।

ਇਹ ਗੱਲ ਉਪਰਲੇ ਹਵਾਲੇ ਅਤੇ ਗੁਰ-ਭਾਵ ਦੀਪਕਾ ਦੀ ਸੂਚਨਾ (ਤੇਈਸਵੀਂ ਉਰਮੀ ਵਿੱਚ ਰਾਗਮਾਲਾ ਦੇ ਵਿਰੁੱਧ ਲਿਖਿਆ ਹੈ), ਦੇ ਅਨੁਸਾਰ ਨਹੀਂ।

(ਰਾਗਮਾਲਾ ਨਿਰਣਯ ਪੰਨਾ ੫੦, ੬੦)

ਜਿਸ ਤੋਂ ਸਪੱਸ਼ਟ ਹੈ ਕਿ ਛਾਪਣ ਵਾਲਿਆਂ ਨੇ ਇਹ ਵਧੀਕੀ ਇਸ ਲਈ ਕੀਤੀ ਸੀ ਕਿ ਪੰਡਤ ਜੀ ਦੀ ਰਾਗਮਾਲਾ ਵਿਰੋਧੀ ਲਿਖਤ ਪਾਠਕਾਂ ਦੇ ਸਾਹਮਣੇ ਨਾ ਆਵੇ।

## ਗਿਆਨੀ ਗਿਆਨ ਸਿੰਘ :

ਗਿਆਨੀ ਗਿਆਨ ਸਿੰਘ ਸਿੱਖ ਇਤਿਹਾਸ ਦੇ ਵੱਡੇ ਲਿਖਾਰੀ ਹੋਏ ਹਨ। ਉਨ੍ਹਾਂ ਨੇ ਸਿੱਖਾਂ ਦੇ ਇਤਿਹਾਸ ਦੀ ਸੰਪੂਰਨ ਤਵਾਰੀਖ ਲਿਖੀ ਹੈ। ਉਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਸੰਗ ਲਿਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ 'ਮੁੰਦਾਵਣੀ' ਉੱਤੇ ਪਾਉਣਾ ਲਿਖਿਆ ਹੈ :-

ਸਾਰੀ ਬਾਣੀ ਲਿਖਾ ਕੇ ਗੁਰੂ ਜੀ ਨੇ ਅੰਤ ਨੂੰ 'ਮੁੰਦਾਵਣੀ' ਉੱਤੇ ਭੋਗ ਪਾ ਦਿੱਤਾ, ਕਿਉਂਕਿ 'ਮੁੰਦਾਵਣੀ' ਨਾਮ ਮੁੰਦ ਦੇਣ ਦਾ ਹੈ, ਜਿਸ ਤਰ੍ਹਾਂ ਕਿਸੇ ਚਿੱਠੀ ਪੱਤਰ ਨੂੰ ਲਿਖਕੇ ਅੰਤ ਵਿੱਚ ਮੋਹਰ ਲਾ ਕੇ ਮੁੰਦ ਦੇਈਦਾ ਹੈ ਕਿ ਏਦੂੰ ਅੱਗੇ ਹੋਰ ਕੁਛ ਨਹੀਂ।

(ਤਵਾਰੀਖ ਗੁਰੂ ਖਾਲਸਾ, ਪੰਨਾ-੪੧੯)

ਰਾਗਮਾਲਾ ਜਿਸ ਨੂੰ ਆਲਮ ਭਗਤ ਦੀ ਰਚਨਾ ਵੀ ਕਿਹਾ ਜਾਂਦਾ ਹੈ ਇਸ, ਰਾਗਮਾਲਾ ਬਾਰੇ ਗਿਆਨੀ ਗਿਆਨ ਸਿੰਘ ਨੇ ਇਹ ਨੁਕਤੇ ਉਠਾਏ ਹਨ :

੧. ਇਸ ਵਿੱਚ ਕਿਸੇ ਮਹਲੇ ਦਾ ਨਾਮ ਨਹੀਂ।

੨. ਨਾਨਕ ਨਾਮ ਭੀ ਨਹੀਂ (੩) ਗੁਰੂ ਜੀ ਦੀ ਕਵਿਤਾ ਨਾਲ ਇਹ ਕਵਿਤਾ ਨਹੀਂ ਮਿਲਦੀ (੪) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਰਾਗ ਏਸ ਵਿੱਚ ਨਹੀਂ ਹਨ ਤੇ ਏਸ ਵਿੱਚ ਲਿਖੇ ਰਾਗ ਗ੍ਰੰਥ ਸਾਹਿਬ ਵਿੱਚ ਨਹੀਂ (੫) ਈਸ਼ਵਰ ਦੇ ਨਾਮ ਦੀ, ਸਤਸੰਗ ਦੀ, ਗੁਰਾਂ ਦੀ ਮਹਿਮਾ ਇਸ ਵਿੱਚ ਨਹੀਂ (੬) ਮਾਧਵਾਨਲ ਪੋਥੀ ਵਿੱਚ ਗੁਰੂ



www.AKJ.Org

ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹਣ ਤੋਂ ੯੧* ਬਰਸ ਪਹਿਲੇ ਦੀ ਹੈ।

(ਤਵਾਰੀਖ ਗੁਰੂ ਖਾਲਸਾ, ਪੰਨਾ ੪੨੦, ਪਹਿਲੀ ਐਡੀਸ਼ਨ)

**ਸ਼ੋਭਾ ਸਿੰਘ ਦਿਲਵਾਲੀ :**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ 'ਮੁੰਦਾਵਣੀ' ਤੇ ਪਾਉਣ ਦੇ ਹਿਮਾਇਤੀ ਰਾਗਮਾਲਾ ਦੇ ਵਿਰੋਧੀਆਂ ਵਿੱਚ, ਇੱਕ ਵਿਦਵਾਨ ਸ਼ੋਭਾ ਸਿੰਘ ਦਾ ਨਾਮ, ਰਾਗਮਾਲਾ ਪੱਖੀਆਂ ਵੱਲੋਂ ਬੜੀ ਕ੍ਰੋਪੀ ਨਾਲ ਲਿਆ ਜਾਂਦਾ ਹੈ। ਜਿਨ੍ਹਾਂ ਨੇ ਰਾਗਮਾਲਾ ਦਾ ਕਰੜਾ ਵਿਰੋਧ ਕੀਤਾ ਅਤੇ ਬੀੜਾਂ ਵਿਚ ਰਾਗਮਾਲਾ ਉਤੇ ਹੜਤਾਲ ਫੇਰੀ। ਉਨ੍ਹਾਂ ਵਿੱਚ ਪੰਡਤ ਤਾਰਾ ਸਿੰਘ ਅਤੇ ਸ਼ੋਭਾ ਸਿੰਘ ਦਿਲਵਾਲੀ ਬਾਰੇ ਰਾਗਮਾਲਾ ਪੱਖੀ ਕਹਿੰਦੇ ਹਨ :-

ਇਨ੍ਹਾਂ ਨੇ 'ਰਾਗਮਾਲਾ' ਦਾ ਵਿਰੋਧ ਕੀਤਾ ਸੀ ਇਸ ਲਈ ਉਨ੍ਹਾਂ ਦਾ ਅੰਤ ਸਮਾਂ ਭੈੜੀ ਬਿਮਾਰੀ ਨਾਲ ਹੋਇਆ। ਕਿਸੇ ਦੀ ਜ਼ੁਬਾਨ ਠਾਕੀ ਗਈ, ਕਿਸੇ ਦੀ ਜੀਭ ਵਿੱਚ ਕੀੜੇ ਪੈ ਗਏ।

੧੯੪੬ ਦੀ 'ਰਾਗਮਾਲਾ' ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਸੱਦੀ ਮੀਟਿੰਗ ਵਿੱਚ ਕੁੱਝ ਸੰਤ ਲੋਕ ਵੀ ਹਾਜ਼ਰ ਸਨ। ਉਨ੍ਹਾਂ 'ਰਾਗਮਾਲਾ' ਵਿਰੋਧੀਆਂ ਨੂੰ ਚੇਤਨ ਕੀਤਾ ਸੀ ਕਿ ਤੁਹਾਡੀ ਮੌਤ ਵੀ ਅਜੇਹੇ ਮਾੜੇ ਰੋਗ ਨਾਲ ਹੀ ਹੋਵੇਗੀ।

ਇਸਦਾ ਜਵਾਬ ਪੰਡਤ ਕਰਤਾਰ ਸਿੰਘ ਜੀ ਦਾਖਾ ਨੇ ਦਿੱਤਾ ਸੀ। ਜੇ ਮੈਂ 'ਰਾਗਮਾਲਾ' ਪੱਖੀਆਂ ਦੇ ਨਾਮ ਲੈ ਕੇ ਦੱਸਾਂ ਕਿ ਇਹ ਮਹਾਨ ਭਾਵ-ਕਿਹੜੀਆਂ-ਕਿਹੜੀਆਂ ਭੈੜੀਆਂ ਬਿਮਾਰੀਆਂ ਨਾਲ ਮਰੇ ਤਾਂ ਇਸ ਚਰਚਾ ਵਿੱਚ ਤਲਖ਼ੀ ਆ ਜਾਵੇਗੀ। ਤੁਸੀਂ ਆਪੇ ਹੀ ਝਾਤੀ ਮਾਰ ਲਵੋ, ਕੇਹੜੇ-ਕੇਹੜੇ 'ਰਾਗਮਾਲਾ' ਪੱਖੀਆਂ ਦਾ ਕਿਹੋ ਜਿਹੀ ਭੈੜੀ ਬਿਮਾਰੀ ਨਾਲ ਅੰਤ ਹੋਇਆ। ਕਿਉਂਕਿ ਉਨ੍ਹਾਂ ਸ਼ੋਭਾ ਸਿੰਘ ਦਿਲਵਾਲੀ ਦਾ ਨਾਂ ਵਧੇਰੇ ਉਛਾਲਿਆ ਸੀ।

ਸ਼ੋਭਾ ਸਿੰਘ ਫਾਰਸੀ, ਸੰਸਕ੍ਰਿਤ ਅਤੇ ਭਾਸ਼ਾ ਦਾ ਵੱਡਾ ਵਿਦਵਾਨ ਸੀ। ਉਸਨੂੰ ਕਿਸੇ ਤਰ੍ਹਾਂ 'ਮਾਧਵਾਨਲ ਕਾਮ ਕੰਦਲਾ' ਪੁਸਤਕ ਮਿਲ ਗਈ। ਉਸ ਨੇ ਸਾਰਾ ਗ੍ਰੰਥ ਤੇ ਉਸ ਵਿੱਚ ਆਈ 'ਰਾਗਮਾਲਾ' ਪੜੀ, ਦੁਖੀ ਹੋ ਕੇ ਅੰਮ੍ਰਿਤਸਰ ਪੁੱਜਿਆ। ਏਥੇ ਸਾਧੂਆਂ, ਸੰਤਾਂ, ਵਿਦਵਾਨਾਂ ਦਾ ਇਕੱਠ ਸੱਦਿਆ ਗਿਆ, ਉਸ ਵਿੱਚ 'ਮਾਧਵਾਨਲ ਕਾਮ ਕੰਦਲਾ' ਦਾ ਕਿੱਸਾ ਪੇਸ਼ ਕੀਤਾ ਤੇ ਪੜ੍ਹ ਕੇ ਸੁਣਾਇਆ। ਇਹ ਇਕੱਠ ਸੰਮਤ ੧੯੦੬ ਵਿੱਚ ਮਹੰਤ ਦਿਆਲ ਸਿੰਘ ਦੇ ਡੇਰੇ ਅੰਮ੍ਰਿਤਸਰ ਵਿੱਚ ਹੋਇਆ।

ਇਸ ਘਟਨਾ ਬਾਰੇ ਗਿਆਨੀ ਗਿਆਨ ਸਿੰਘ ਰਚਿਤ ਪ੍ਰਸੰਗ ਪੰਥ ਸੇਵਕ ਮਿਤੀ ੧੦ ਅਪ੍ਰੈਲ ੧੯੧੮ ਵਿੱਚ ਛਪਿਆ ਜੋ ਇਸ ਪ੍ਰਕਾਰ ਹੈ:

(*੨੧ ਬਰਸ ਦੀ ਥਾਂ ੯੧ ਬਰਸ ਗਲਤ ਛਪਿਆ ਲਗਦਾ ਹੈ-ਲੇਖਕ)



www.AKJ.Org

ਚੌਪਈਂ : ਏਕ ਸੰਬਾਦ ਯਾਦ ਸਭ ਕਾਹੂੰ, ਹੈ ਰਾਵਤ ਲੋ ਪੰਥ ਮਝਾਹੂੰ।
ਬਾਬਤ ਰਾਗਮਾਲਾ ਕੇ ਆਹੇ, ਚਲਾਆਤ ਬਹੁ ਚਿਰ ਤੇ ਯਾਹਿ।
ਰਾਗਮਾਲਾ ਇਹ ਧੁਰ ਕੀ ਬਾਨੀ, ਹੈ ਕਿ ਨਹੀਂ ਉਭੈ ਪਖਠਾਨੀ।
ਕਵੀ ਕੋਵਿਦ ਸਿਖ ਸੰਤ ਮਹੰਤ, ਮਿਲਕੇ ਕੀਨ ਵਿਚਾਰ ਅਨੰਤ।
ਸੰਮਤ ਉਨੀ ਸੌ ਛੇ ਮਾਹਿ, ਬਿਕ੍ਰਮ ਪਾਵਨ ਕਤਕ ਮਾਹਿ।
ਸੰਤ ਦਿਆਲ ਸਿੰਘ ਕੇ ਡੇਰੇ, ਪੰਥ ਅਕੱਠਾ ਭਇਓ ਵਧੇਰੇ।
ਇਸ ਪਰ ਭਇਓ ਵਿਚਾਰ ਅਪ਼ਾਰਾ, ਦੀਪਮਾਲ ਪਰ ਨਿਰਨੇਵਾਰਾ।
**ਭਇਓ ਨਿਬੇਰ ਵਿਚਾਰੋ ਜਾ ਹੈ, ਰਾਗਮਾਲਾ ਗੁਰਬਾਣੀ ਨਾ ਹੈ।**
ਤਾਂ ਪਰ ਸੋਭਾ ਸਿੰਘ ਦਿਲਵਾਲੀ, ਪੰਡਤ ਗਿਆਨੀ ਮੁਲਾ ਬਿਸਾਲੀ।
ਅਨਿਨ ਅਡੋਲ ਸਿੱਖ ਥਾ ਸਾਚਾ, ਵਹਿ ਇਸ ਕਾਮ ਬੀਚ ਇਮ ਰਾਚਾ।
ਲੈ ਹੜਤਾਲ ਉਸ ਤਤਕਾਲੇ, ਸ੍ਰੀ ਗੁਰੂ ਗ੍ਰੰਥ ਕੇ ਢਿਗ ਚਾਲੇ।
ਰਾਗਮਾਲਾ ਜਿਹ ਤਿਹ ਦਰਸਾਈ, ਪੀਤ ਪੁਸਾਕ ਤਾਹਿ ਪਹਿਰਾਈ।
ਤਿਸਕੇ ਗੁਜਰੇ ਪਾਛੇ ਫੇਰ, ਹੁਣ ਇਹ ਉਠਿਓ ਬਿਵਾਦ ਵਧੇਰ।
ਪਰ ਜਿਨ ਸਿੰਘਨ ਪਾਇਓ ਰੌਲਾ, ਓਨੇ ਸਮੱਤ ਦੇਵੇ ਜੋ ਮੌਲਾ।
**ਹੈ ਮੁੰਦਾਵਣੀ ਤਕ ਗੁਰਬਾਣੀ, ਇਸ ਆਗੇ ਸਭ ਕੂੜ ਪਛਾਣੀ।**
**ਭਗਤਿ ਭਟਨ ਕੀ ਬਾਣੀ ਜੋ ਹੈ, ਇਨ੍ਹੇ ਨਿਖੇਧੇ ਸਿਖ ਨ ਸੋ ਹੈ।**
(ਗਿ: ਗਿਆਨ ਸਿੰਘ, ੧੦ ਅਪ੍ਰੈਲ ੧੯੧੯ ਪੰਥ ਸੇਵਕ ਲਾਹੌਰ)

**ਸੰਤ ਚੰਦਾ ਸਿੰਘ :-**

ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਰਨਾ ਨਾਲ ਭਾਈ ਮਨੀ ਸਿੰਘ ਜੀ ਨੇ ਜੋ ਵਿਦਵਾਨ ਮੰਡਲੀ ਤਿਆਰ ਕੀਤੀ, ਉਸ ਮੰਡਲੀ ਵਿਚੋ ਇਕ ਨਾਂ ਗਿ: ਚੰਦਾ ਸਿੰਘ ਦਾ ਪ੍ਰਸਿੱਧ ਹੈ। ਇਕ ਮੱਤ ਅਨੁਸਾਰ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਸਭ ਤੋਂ ਪਹਿਲਾ ਪ੍ਰਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖੇ। ਚੰਦਾ ਸਿੰਘ ਜੀ ਦੇ ਪ੍ਰਯਾਵਾਂ ਵਿਚੋਂ ਜੋ ਸੰਖੇਪ ਫਾਰਸੀ ਪਦਿਆਂ ਦੇ ਅਰਥ ਲਿਖੇ ਮਿਲਦੇ ਹਨ, ਉਹਨਾਂ ਅਰਥਾਂ ਦੀ ਸਮਾਪਤੀ ਮੁੰਦਾਵਣੀ ਦੇ ਸਲੋਕਾਂ ਉੱਤੇ ਕੀਤੀ ਹੈ। ਆਖਰੀ ਪੰਨੇ ਦੀ ਤਸਵੀਰ ਆਪਦੇ ਸਾਹਮਣੇ ਹੈ, ਜਿਸ ਵਿੱਚ ਇਉਂ ਸਮਾਪਤੀ ਕੀਤੀ ਗਈ :-

ਸਲੋਕ ਮੁੰਦਾਵਣੀ ਤੇ ਪਸ਼ਚਾਤ, ਤੁਕ ੨ ਤਰਸ : ਦਯਾ॥ ਮਿਹਰਾਮਤ :- ਕ੍ਰਿਪਾ, ਅਨੁਗ੍ਰਹ॥ ੧॥

ਇਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਮਧਿ ਸੇ ਪ੍ਰਿਯ ਫਾਰਸੀ ਪਦੋ ਕੇ ਸੰਪੂਰਨੰ ਸਮਾਪਤੰ॥

ਮਸਤ ਸੁਭ ਮਸਤ॥



www.AKJ.Org

ਸ੍ਰੀਦ੍ਰਿਸਿ ਨੈਸਤ੍ਰ ਨਰਨੇਲਾ ਜੌ ਸ੍ਰਿਜੈ ਧਾਤਾ ਨਰ ਤੇ ਪੈ ਸਲੋਕ
੧੫ ਤ੍ਰਕ ਨ ਅਸਲ ਸ੍ਰਾਸਤ੍ਰ ਦ ਧਰ ਸ਼ਰਧ ਅਰਥ ਸ
ਲੋਕ ੨੭ ਸਤਰ ਸ੍ਰਿਖਨਰਤ ਸਤਾ ਕਸਟ ਸਲੋਕ ਤ੍ਰੀ ਤ੍ਰਕ
ਨ ਸਟਸ ਧਰਤ ਥੋਰਾ ਨਹਨਾ। ਸਲੋਕ ਸ ੬ ਤ੍ਰੈ ਤ੍ਰਕ ੪
ਸਥ ਤ੍ਰਕਤ ਸਲੋਕ ੧ ਨ ਤ੍ਰਕ ਨ ਸਾਲਤੇ ਸਾਵਲ ਸਤ੍ਰਤੇ
ਸਲੋਕ ਨਾ ੯ ਤ੍ਰਕ ੧ ਧਰੇ ਸਦਤ੍ਰਾਣ ਤ੍ਰਕ ਨ ਤ੍ਰਾਸਤਾ ਰਥ
ਤ੍ਰਸਾਸ਼ੈਅਰ ਸਲੋਕ ੯੬ ਤ੍ਰਕ ਨ ਲੋਸਤੀ ਸਿਕ ਧੀ ਸ
ਲੋਕ ਸ ੭੪ ਸਲੋਕ ੧ ਤ੍ਰਕ ੧ ਆਸਕੀ ਤੀ ਧੀ ਏ
੧ ਸਲੋਕ ਸ੍ਰੀ ਸ੍ਵਰਨੀ ਤੇ ਪਸਤ੍ਰ ਤਾ। ਤ੍ਰਕ ਨ ਕਲਸ
ਣ ਧਿਕਰਾ ਸਤ੍ਰਿਧ ਸਹੂਰਧਾ।

੧੧

ਇਤਿ ਸ੍ਰੀ ਹਰਹੂਰੇ ਲੀਲ੍ਹਾ ਸਾਹਿਬ ਜੀ ਕੇ ਸਾਧਿਕ ਸ੍ਰੀ
ਛਤਸੰਪੈਰਵ
ਸੰਪੂਰਨੇ ਸੰਪਤੀ। ਮਸਤ ਸੁਭ ਮਸਤ।

ਸੋਰਠਾ।

ਸਿਧ ਤ੍ਰੈ ਸਨਕਾਦਿਕ ਲਿਖਦੀ ਧੀ ਵੇਖੀ ਜਿਸ ਤਾਗਾਨ੍ਹ
ਲਲ ਸੋਤੁ ਸੁਧਾਰ ਕ੍ਰਿ ਅਧਿ ਸਾਧਨ ਕੀਜੀਓ। ੧

ਦੋਹਰਾ।

ਸਿਖਨ ਧਰਨੀ ਕੇ ਰਤੀਸੁਨਰ ਤ੍ਰਕ ਰਤਨਾਥ।
ਨਸਨ ਸਕੇ ਤ੍ਰਸ ਸੁ ਲੀਓ ਪਰਸਿ ਲਾਈਓ ੨ ਗਾਥ
ਰਤ੍ਰ ਤ੍ਰਸਤੀ ਸੰਸਾਰਧ ਨਿਕੀਨ ਸੀਸਤ੍ਰਸ



www.AKJ.Org


## ਪ੍ਰਯਾਯ ਸਾਧੂ ਸੁਤੇ ਪ੍ਰਕਾਸ਼

ਸਾਧੂ ਸੁਤੇ ਪ੍ਰਕਾਸ਼ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ ਦਾ ੧੪੩੦ ਪੰਨੇ ਦਾ ਗ੍ਰੰਥ ਲਿਖਿਆ, ਜੋ ਵਜ਼ੀਰ ਹਿੰਦ ਪ੍ਰੈਸ ਵਿੱਚ ੧੯੯੮ ਈ: ਨੂੰ ਛਪਿਆ, ਇਸ ਵਿੱਚ ਮੁੰਦਾਵਣੀ ਅਤੇ ਵਾਧੂ ਬਾਣੀਆਂ ਬਾਰੇ ਇਉਂ ਜਾਣਕਾਰੀ ਮਿਲਦੀ ਹੈ :-

(ੳ) ਮੁੰਦਾਵਣੀ : ਇਹ ਮੋਹਰ ਛਾਪ ਪੰਜਵੀਂ ਪਾਤਸ਼ਾਹੀ ਨੇ ਕੀਤੀ ਹੈ। ਜੈਸੇ ਪਾਤਸ਼ਾਹ ਅਪਨੀ ਮੋਹਰ ਛਾਪ ਥੈਲੀ ਨੂੰ ਕਰਤਾ ਹੈ ਫੇਰ ਕਿਸੀ ਕਾ ਭੈ ਖੋਲਨੇ ਕਾ ਨਹੀਂ ਰਹਤਾ॥ ਤੈਸੇ ਇਹ ਗੁਰੂ ਗ੍ਰੰਥ ਸਾਹਿਬ ਰੂਪੀ ਥੈਲੀ ਹੈ ਹੀਰੇ ਜੁਵਾਹਰਾਤ ਸੇ ਪੂਰਨ ਹੈ ਤਿਸਕੇ ਊਪਰ ਮੋਹਰ ਛਾਪ ਲਗਾਈ ਹੈ॥ ੧॥ (ਪੰਨਾ ੧੪੨੭-੨੮)

(ਅ) ਤਬ ਸਭੀ ਰਾਗ ਗੁਰੂ ਜੀ ਕੇ ਪਾਸ ਆਏ ਮੂਰਤੀਆਂ ਧਾਰ ਕਰ ਰਾਮਸਰ ਵਿਖੇ ਆਏ ਕੇ ਕਹਾ ਸਚੇ ਪਾਤਸ਼ਾਹ ਜੀ ਹਮਕੋ ਲੋਕ ਕੁਵੇਲੇ ਗਾਵਤੇ ਹੈਂ ਇਸੀ ਤੇ ਹਮਾਰੇ ਅੰਗ ਭੰਗ ਹੈਂ ਆਪ ਹਮਾਰੇ ਅੰਗ ਦਾਨ ਕਰੋ ਤਬ ਗੁਰੂ ਜੀ ਨੇ ਭਾਈ ਬਨੋ ਕੋਂ ਆਗਯਾ ਕਰੀ ਜੋ ਹਮ ਤੌਂ ਸਾਹਿਬ ਕੀ ਬੀੜ ਬਾਧ ਚੁਕੇ ਹੈ ਮੁਦਾਵਣੀ ਲਿਖ ਦਿਤੀ ਹੈ ਅਬ ਇਨ ਸਬਨੋ ਰਾਗੋ ਕੋ ਅਰ ਇਨਕੇ ਪੁਤ੍ਰ ਸਤ੍ਰੀ ਕੇ ਨਾਮ ਅਪਨੀ ਬੀੜ ਪਰ ਚੜਾਇ ਦੇਵਹੁ ਤੌਂ ਇਨੋਂਕਾ ਭੀ ਕਲਿਯਾਨ ਹੋਵੇ॥ (ਪੰਨਾ ੧੪੨੮)

(ੲ) ਅਰੁ ਬੀੜ ਬਾਂਧਨੇ ਲਗੇ ਤਬ ਹੁਕਮ ਨਾਵੇ ਭੇਜਕੇ ਤੀਨੋ ਪਾਤਸ਼ਾਹੀਆਂ ਕੀਆ ਪੋਥੀਆਂ ਜਹਾ ਤਹਾ ਤੇ ਆਈਆ॥ ਬੀੜ ਬਾਧ ਚੁਕੇ ਤਬ ਏਹ ਸਲੋਕ ਪੀਛੇ ਸੇ ਭਾਈ ਬੰਨੋ ਪਾਸ ਕੋਈ ਸਿਖ ਲੈ ਆਇਆ ਜਿਤਦਰ ਲਖ ਮੁਹੰਮਦਾ॥ ਇਹ ਸੰਬਾਦ ਹੂਆ ਪੁਨ: ਭਾਈ ਬਨੋ ਜੀ ਨੇ ਰਾਮਸਰ ਪੰਜਵੀ ਪਾਤਸ਼ਾਹੀ ਕੋ ਲਿਯਾਏ ਦੀਏ ਪੁਨ: ਗੁਰੂ ਜੀਨੇ ਕਹਾ ਭਾਈ ਬੰਨੋ ਜੀ ਤੁਸੀ ਅਪਣੀ ਬੀੜ ਉਪਰ ਚੜਾਇ ਲੇਵਹੁ ਅਸਾਤਾ ਹੁਣ ਮੁੰਦਾਵਣੀ ਲਿਖਦੇਈ ਹੈ। (ਪੰਨਾ ੧੪੩੦)



www.AKJ.Org



www.AKJ.Org

## ਪ੍ਰਯਾਇ ਸ਼ਿਆਮ ਸਿੰਘ

ਪ੍ਰਯਾਇ ਸ਼ਿਆਮ ਸਿੰਘ ਜੋ ੧੯੦੧ ਈ: ਵਿਚ ਛਪੇ, ਉਸ ਵਿੱਚ 'ਮੁੰਦਾਵਣੀ' ਦੇ ਅਰਥ ਕਰਦਿਆਂ ਹੋਇਆਂ ਸਪੱਸ਼ਟ ਲਿਖਿਆ ਹੈ :-

"ਏਥੇ ਪ੍ਰਯੰਤ ਸ੍ਰੀਗੁਰੂ ਗ੍ਰੰਥ ਸਾਹਿਬ ਕੀ ਸਮਾਪਤੀ ਹੈ॥ ਆਗੇ ਭਾਈ ਬੰਨੋ ਕੀ ਬੀੜ ਦੀ ਬਾਣੀ ਚੱਲੀ ਹੈ।"

**ਸਲੋਕੋਂ ਕੇਆਗੇ ਮੁੰਦਾਵਣੀਮ:੫ਇਥੇਹੋਤੀਹੈ ਮੁੰਦਾਵਣੀਇਥੇ ਪ੍ਰਯੰਤ ਸ੍ਰੀਗੁਰੂ ਗ੍ਰੰਥ ਸਾਹਿਬ ਕੀ ਸਮਾਪਤੀ ਹੈ॥ ਆਗੇ ਭਾਈਬੰਨੋਂਕੀ ਬੀੜ ਦੀ ਬਾਣੀ ਰਲੀ ਹੈ॥**

ਪ੍ਰਯਾਇ ਸ਼ਿਆਮ ਸਿੰਘ, ਪੰਨਾ ੭੭੩

## ਪੰਡਤ ਹਜ਼ਾਰਾ ਸਿੰਘ ਗਿਆਨੀ :-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਡਤ ਤਾਰਾ ਸਿੰਘ ਜੀ ਨਰੋਤਮ ਤੋਂ ਬਾਅਦ ਦੂਜਾ ਕੋਸ਼ ਪੰਡਤ ਹਜ਼ਾਰਾ ਸਿੰਘ ਜੀ ਗਿਆਨੀ ਲਿਖਤ ਹੈ ਜੋ ਭਾਈ ਵੀਰ ਸਿੰਘ ਜੀ ਦੇ ਸਿੱਖਿਆ ਦਾਤਾ ਅਤੇ ਰਿਸ਼ਤੇ ਵਿੱਚੋਂ ਨਾਨਾ ਜੀ ਸਨ, ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਵਿੱਦਿਆ ਸੰਤ ਚੰਦਾ ਸਿੰਘ ਜੀ ਪਾਸੋਂ ਹਾਸਿਲ ਕੀਤੀ ਸੀ। ਗੁਰੂ ਗ੍ਰੰਥ ਕੋਸ਼ ਦੇ ਪਹਿਲੇ ਐਡੀਸ਼ਨ ਦੀ ਭੂਮਿਕਾ ਵਿੱਚ ਇਹ ਸਾਰੀਆਂ ਗੱਲਾਂ ਪ੍ਰਗਟ ਕੀਤੀਆਂ ਗਈਆਂ ਹਨ। ਪਹਿਲਾਂ ਇਹ ਕੋਸ਼ ਸੰਖੇਪ ਸੀ, ਪਿੱਛੋਂ ਭਾਈ ਵੀਰ ਸਿੰਘ ਜੀ ਨੇ ਆਪਣੇ ਪਿਤਾ ਡਾ: ਚਰਨ ਸਿੰਘ ਜੀ ਦੀ ਸਹਾਇਤਾ ਨਾਲ ਵੱਡ ਆਕਾਰੀ ਬਣਾਇਆ ਅਤੇ ਲੋੜੀਂਦੇ ਵਾਧੇ ਕੀਤੇ। ਇਸ ਕੋਸ਼ ਵਿੱਚ 'ਮੁੰਦਾਵਣੀ' ਦੇ ਅਰਥ ਇਸ ਤਰ੍ਹਾਂ ਕੀਤੇ ਗਏ ਹਨ :-

ਮੁੰਦਾਵਣੀ - ਭਾ: ਸੰ: ਦੇਸ ਭਾਸ਼ਾ, ਕਿਸੇ ਚੀਜ਼ ਨੂੰ ਬੰਦ ਕਰਨਾ, ਬੰਦਸ਼, ਰੋਕ, ਨਿਰੋਧ,

ਮੁੰਦਨਾ - ਤੋਂ ਮੁਹਰ ਛਾਪ, ਯਥਾ ਮੁੰਦਾਵਣੀ ਮਹਲਾ ੫, ਭਾਵ ਇਹ ਕਿ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬੰਦ ਕੀਤਾ ਹੈ ਹੋਰ ਬਾਣੀ ਅੱਗੇ ਨਹੀਂ ਆਵੇਗੀ ਸਮਾਪਤੀ ਹੋ ਗਈ, ਤਥਾ ਇਹ ਮੁੰਦਾਵਣੀ ਕਿਉਂ ਵਿਚਹੁ ਕਢੀਐ ਸਦਾ ਰਖੀਐ ਉਰਧਾਰ। ਇਸ ਤੁਕ ਦਾ ਪਹਿਲਾ ਪਦ ਇਹ ਪਿਛਲੀ ਤੁਕ ਦੇ ਅੰਤਲੇ, ਪਦ (ਵੀਚਾਰ) ਵਲ ਲੈ ਜਾਂਦਾ ਹੈ ਅਰਥਾਤ ਇਹ ਕਿ ਵਿਚਾਰ ਹੀ ਇੱਕ ਮੁੰਦਾਵਣੀ (ਨਿਰੋਧ, ਬ੍ਰਿਤੀਆਂ ਦੀ ਪੂਰਨ ਰੋਕ) ਹੈ ਵਿਚਾਰ ਦੁਆਰਾ ਹੀ ਬ੍ਰਿਤੀਆਂ ਰੁਕਦੀਆਂ ਹਨ, ਤਦ ਗੁਰੂ ਜੀ ਵਿਚਾਰ ਨੂੰ ਮੁੰਦਾਵਣੀ ਕਹਿੰਦੇ ਹਨ। ਤੁਕ ਦਾ ਅਰਥ ਇਹ ਬਣਦਾ ਹੈ ਕਿ ਇਸ ਵਿਚਾਰ ਨੂੰ ਕਦੇ ਨਹੀਂ ਛੱਡਣਾ ਚਾਹੀਦਾ। ਸਦਾ ਹਿਰਦੇ ਵਿੱਚ ਧਾਰਨ ਕਰਨਾ ਚਾਹੀਦਾ ਹੈ ਕਿਉਂਕਿ ਇਹ ਵਿਚਾਰ ਸਤਿਗੁਰੂ ਨੇ (ਪਾਈ), ਧਾਰਨ ਕੀਤੀ ਹੈ ਅਰ ਗੁਰੂ ਕੇ ਸਿੱਖਾਂ ਨੇ ਖੋਜ ਕੇ ਲਭੀ ਹੈ ਤਥਾ' ਇਹ ਮੁੰਦਾਵਣੀ ਸਤਿਗੁਰੂ ਪਾਈ ਗੁਰ

www.AKJ.org



www.AKJ.Org

ਸਿੱਖਾਂ ਲਧੀ ਭਾਲ (ਸ੍ਰੀ ਗੁਰੂ ਗ੍ਰੰਥ ਕੋਸ਼ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਪੰਨਾ-੧੮੯)

## ਡਾ: ਚਰਨ ਸਿੰਘ

ਡਾ: ਚਰਨ ਸਿੰਘ ਜੀ ਆਪਣੇ ਜ਼ਮਾਨੇ ਦੇ ਪ੍ਰਸਿੱਧ ਵਿਦਵਾਨ ਅਤੇ ਇੱਕ ਸਿੱਖ ਘਰਾਣੇ ਦੇ ਕੇਂਦਰੀ ਧੁਰਾ ਸਨ। ਆਪ ਜੀ ਨੇ ਕਈ ਪੁਸਤਕਾਂ ਲਿਖੀਆਂ। ਆਪ ਜੀ ਦੀ ਸਭ ਤੋਂ ਵੱਧ ਪ੍ਰਸਿੱਧ ਤੇ ਚਿਰੰਜੀਵ 'ਬਾਣੀ ਬਿਉਰਾ' ਪੁਸਤਕ ਸਿੱਖੀ ਮੰਡਲ ਵਿੱਚ ਪ੍ਰਵਿਰਤ ਹੋਈ।

ਇਸ ਪੁਸਤਕ ਵਿੱਚ ਡਾ: ਜੀ ਨੇ ਗੁਰਬਾਣੀ ਦੇ ਕਈ ਪੱਖਾਂ ਤੋਂ ਖੋਜ ਦੇ ਸਿੱਟੇ ਪਾਠਕਾਂ ਸਾਹਮਣੇ ਲਿਆਂਦੇ।

(੬੫) ਮੁੰਦਾਵਣੀ

*ਅਰਥ ਇਸ ਦਾ ਮੁੰਦਣਾ, ਰੋਕਣਾ, ਬਸ ਕਰਨੀ, ਹੱਦ ਬੰਨ੍ਹਣੀ, ਸੌਂਹ ਪਾਉਣੀ ਆਦਿ ਹਨ।*

*ਭਾਵ ਪੰਜਵੇਂ ਸਾਹਿਬਾਂ ਨੇ ਇਹ ਮੁੰਦਾਵਣੀ ਦੀ ਮਾਨੋ ਮੁਹਰ ਲਾ ਕੇ ਸਮਾਪਤੀ ਕੀਤੀ ਹੈ ਕਿ ਇਸ ਪਰ ਹੋਰ ਕਿਸੇ ਦੀ ਬਾਣੀ ਨਾ ਚੜ੍ਹੇ......*

ਇਹ ਬਾਣੀ ਦੋ ਸਲੋਕਾਂ ਵਿੱਚ ਵਿਦ੍ਮਾਨ ਹੈ। ਰਾਗਮਾਲਾ ਦੇ ਅਰਥਾਂ ਦੀ ਜਾਣਕਾਰੀ ਵੱਖਰੀ ਦਿੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਦਾ ਵੇਰਵੇ ਸਹਿਤ ਉਨ੍ਹਾਂ ਦਾ ਬਣਾਇਆ ਹੂ-ਬ-ਹੂ ਚਿਤ੍ਰ ਆਪ ਦੇ ਸਾਹਮਣੇ ਦਿੱਤਾ ਜਾਂਦਾ ਹੈ। ਜਿਸ ਵਿੱਚ ਬਾਣੀ ਦੇ ਕੁੱਲ ਜੋੜ ਵਿੱਚ ਮੁੰਦਾਵਣੀ ਦਾ ਅੰਤਲਾ ਸਥਾਨ ਹੈ। (ਪੰਨਾ ੩੯)

[੬੫] ਮੁੰਦਾਵਣੀ.


ਅਰਥ ਇਸ ਦਾ ਮੁੰਦਣਾ, ਰੋਕਣਾ, ਬਸ ਕਰਨੀ, ਹੱਦ ਬੰਨ੍ਹਣੀ, ਸੌਂਹ ਪਾਉਣੀ, ਆਦਿਕ ਹਨ।

ਭਾਵ ਪੰਜਵੇਂ ਸਾਹਿਬਾਂ ਨੇ ਇਹ ਮੁੰਦਾਵਣੀ ਦੀ ਮਾਨੋਂ ਮੋਹਰ ਲਾਕੇ ਸਮਾਪਤੀ ਕੀਤੀ ਹੈ ਕਿ ਇਸ ਪਰ ਹੋਰ ਕਿਸੇ ਦੀ ਬਾਣੀ ਨਾ ਚੜ੍ਹੇ ਅਤੇ ਜਿੱਥੇ ਜਿਸਦੀ ਚੜ੍ਹਾਉਣੀ ਭਵਿੱਖਤ ਵਿੱਚ ਮਨਜ਼ੂਰ ਸੀ, ਉਨ੍ਹਾਂ ਲਈ ਥਾਉਂ ਥਾਈਂ ਪੱਤ੍ਰੇ ਕੋਰੇ ਛੱਡ ਦਿੱਤੇ ਹੋਏ ਸਨ, ਸੋਈ ਉਥੇ ਉਥੇ ਨਾਵੇਂ ਮਹਿਲ ਦੇ ਸ਼ਬਦ ਦਰਜ ਹੋਏ ॥

ਇਹ ਬਾਣੀ ਦੋ ਸ਼ਲੋਕਾਂ ਵਿੱਚ ਵਿਦ੍ਯਮਾਨ ਹੈ।



www.AKJ.Org



੧ੴ ... 
ਗੁਰਬਾਣੀ ਅਤੇ ਭਗਤ ਬਾਣੀ ਦਾ ਵੇਰਵਾ

| ਗਿਣਤੀ | ਬਾਣੀ ਅਤੇ ਰਾਗ ਦੇ ਨਾਮ | [illegible] | [illegible] | ਜੋੜ | [illegible] |
|---|---|---|---|---|---|
| ੧ | ਜਪੁਜੀ | ੪੦ | ---- | ੪੦ | |
| ੨ | ਸੋਦਰੁ | ੪ | ---- | ੫ | |
| ੩ | ਸੋਪੁਰਖੁ | ੫ | ---- | ੪ | |
| ੪ | ਸੋਹਿਲਾ | ੨੬ | ੫ | ੫ | |
| ੫ | ਸਿਰੀਰਾਗ | ੧੬੪ | ---- | ੨੨੧ | |
| ੬ | ਮਾਝ ,, | ੬੬੫ | ੧੪੯ | ੧੮੪ | |
| ੭ | ਗਉੜੀ ਰਾਗ | ੫੫੭ | ੫੩ | ੮੧੪ | |
| ੮ | ਆਸਾ ,, | ੧੪੫ | ੯ | ੫੧੦ | |
| ੯ | ਗੂਜਰੀ ,, | [illegible] | [illegible] | ੧੮੪ | |
| ੧੦ | ਦੇਵਗੰਧਾਰੀ ,, | ੪੩ | ੪ | ੪੭ | |
| ੧੧ | ਬਿਹਾਗੜਾ ,, | ੭੭ | .... | ੮੧ | |
| ੧੨ | ਵਡਹੰਸ ,, | ੧੨੦ | ੨੨ | ੧੨੦ | |
| ੧੩ | ਸੋਰਠਿ ,, | ੨੩੬ | ੧੭ | ੨੫੬ | |
| [illegible] | ਧਨਾਸਰੀ ,, | ੧੦੨ | ੧ | ੧੧੬ | |
| [illegible] | ਜੈਤਸਰੀ ,, | ੬੫ | ੨ | ੬੬ | |
| [illegible] | ਟੋਡੀ ,, | ੩੧ | ... | ੩੪ | |
| ਸੂਹੀ | ਬੈਰਾੜੀ ,, | ੭ | ੩ | ੨੦ | |
| | ਤਿਲੰਗ ,, | ੧੬੯ | ੧੦ | ੨੦੯ | |
| ਬਿਲਾਵ | ਸੂਹੀ ਰਾਗ | ੨੪੧ | ੨੯ | ੨੫੭ | |
| ਗੋਂਡ | ਬਿਲਾਵਲ ,, | ੨੯ | ੨੦ | ੪੯ | |
| ੨੧ | ਗੋਂਡ ,, | ੪੬੦ | ੩੪ | ੪੭੪ | |
| ੨੨ | ਰਾਮਕਲੀ ,, | ੨੫ | ੩ | ੨੫ | |
| ੨੩ | ਨਟ ਨਾਰਾਇਣ ,, | ੧੪ | ੧੯ | ੧੭ | |
| ੨੪ | ਮਾਲੀ ਗਉੜਾ ,, | ੩੦੪ | ... | ੩੨੦ | |
| ੨੫ | ਮਾਰੂ ਰਾਗ | ੨੭ | ੭ | ੨੭ | |
| ੨੬ | ਤੁਖਾਰੀ ,, | ੧੮ | ੩੩ | ੨੫ | |
| ੨੭ | ਕੇਦਾਰਾ ,, | ੯੯ | ੧੨ | ੨੩੨ | |
| ੨੮ | ਭੈਰਉ ,, | ੭੭ | ੫ | ੮੯ | |
| ੨੯ | ਬਸੰਤ ,, | ੨੨੭ | ੫ | ੨੮੯ | |
| ੩੦ | ਸਾਰੰਗ ,, | ੧੫੯ | ੧ | ੧੬੧ | |
| ੩੧ | ਮਲਾਰ ,, | ੧੧੪ | ... | ੧੧੫ | |
| ੩੨ | ਕਾਨੜਾ ,, | ੨੨ | ੬ | ੨੨ | |
| ੩੩ | ਕਲਿਆਨ ,, | ੫੮ | ... | ੬੭ | |
| ੩੪ | ਪ੍ਰਭਾਤੀ ,, | ੪ | ... | ੪ | |
| ੩੫ | ਜੈਜਾਵੰਤੀ ,, | ੧੨੯ | ੩੭੩ | ੧੨੯ | |
| ੩੬ | ਸਹਸਕ੍ਰਿਤੀ ਗਾਥਾ, ਫੁਨਹੇ, ਚਉਬੋਲੇ | ੨੦ | ... | ੩੭੩ | |
| ੩੭ | ਸਲੋਕ ਕਬੀਰ ਜੀ ਤੇ ਫਰੀਦ ਜੀ | ੨੧੦ | ੧੨੨ | ੧੪੨ | |
| ੩੮ | ਸਵਈਏ | --- | --- | ੨੧੦ | |
| ੩੯ | ਵਾਰਾਂ ਤੇ ਵਧੀਕ ਸਲੋਕ | --- | --- | | |
| ੪੦ | ਮੁੰਦਾਵਣੀ | ---- | -- | .. | |
| | ਜੋੜ | ੪੯੫੭ | ੯੩੭ | ੫੮੯੪ | |

"ਬਾਣਾ ਬਿਉਰਾ"- ਗ੍ਰੰਥ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕੁੱਝ ਬਾਣੀਆਂ ਹੇਠ ਲਿਖੇ ਅਨੁਸਾਰ ਦਿੱਤੀਆਂ ਗਈਆਂ ਹਨ, ਜਿਸ ਤੋਂ ਪ੍ਰਗਟ ਹੁੰਦਾ ਕਿ ਡਾ: ਸਾਹਿਬ ਭਾਈ ਵੀਰ ਸਿੰਘ ਦੇ ਪਿਤਾ ਮੁੰਦਾਵਣੀ ਤੱਕ ਹੀ ਗੁਰਬਾਣੀ ਮੰਨਦੇ ਸਨ।



www.AKJ.Org

## ਸਾਧੂ ਗੋਵਿੰਦ ਦਾਸ

ਸੰਪ੍ਰਦਾਈ ਅਰਥਾਤ ਟਕਸਾਲੀਆਂ ਵਿੱਚ ਇਹ ਪੱਕੀ ਰੀਤ ਹੈ, ਉਹ ਜਿਵੇਂ ਬਾਣੀ ਦੇ ਅਰਥ ਸੁਣਦੇ ਤੇ ਪੜ੍ਹਦੇ ਰਹੇ, ਉਨ੍ਹਾਂ ਲਫ਼ਜ਼ਾਂ ਵਿੱਚ ਹੀ ਆਮ ਤੌਰ ਤੇ ਉਨ੍ਹਾਂ ਨੂੰ ਦੁਹਰਾਉਂਦੇ ਰਹੇ ਹਨ। ਸਾਧੂ ਗੋਵਿੰਦ ਦਾਸ ਨੇ ਚਾਰ ਜਿਲਦਾਂ ਵਿੱਚ ਸੰਮਤ ੧੯੩੨ ਵਿੱਚ ਸੰਪਰਦਾਈ ਰੀਤੀ ਨਾਲ ਪ੍ਰਯਾਇ ਲਿਖੇ। ਜਿਨ੍ਹਾਂ ਤੋਂ ਗੁਰੂ ਗ੍ਰੰਥ ਸਾਹਿਬ ਜੀ ਪੜ੍ਹਨ ਵਾਲੇ ਵਿਦਿਆਰਥੀ ਲਾਭ ਉਠਾਉਂਦੇ ਰਹੇ ਹਨ। ਇਹਨਾਂ ਪ੍ਰਯਾਵਾਂ ਵਿਚ ਇਨ੍ਹਾਂ ਨੇ ਸਰਲ ਭਾਸ਼ਾ ਅਤੇ ਬਿਨਾਂ ਹੇਰ੍ਹਾ ਫੇਰੀ ਦੇ ਪਹਿਲਾਂ ਤੋਂ ਚਲੇ ਆਉਂਦੇ ਮੁੰਦਾਵਣੀ ਦੇ ਅਰਥ ਇਸ ਤਰ੍ਹਾਂ ਕੀਤੇ ਹਨ :

ਮੁੰਦਾਵਣੀ ਮਹਲਾ-੫

ਇਸ ਪ੍ਰਕਾਰ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਈ ਗੁਰਦਾਸ ਜੀ ਪਾਸੋਂ ਲਿਖਵਾਕੇ ਪੁਨਾ ਸ੍ਰੀ ਗੁਰੂ ਅਰਜਨ ਜੀ ਨੇ ਇਹ ਮੁੰਦਾਵਣੀ ਲਿਖਵਾਈ ਭਾਵ **ਮੁੰਦਾਵਣੀ ਕਾ ਕਿਆ ਇਹ ਆਪਣੇ ਹਸਤ ਕਮਲਾਂ ਕੀ ਮੋਹਰ ਛਾਪ ਲਗਾਇ ਦਿੱਤੀ ਯਥਾ-ਕਿਸੀ ਗੁਥੀ ਮੇਂ ਮਾਣਕ ਹੀਰੇ ਪੰਨੇ ਮੋਤੀ ਭਰਕੇ ਉੱਪਰ ਬਾਦਸ਼ਾਹ ਕੀ ਮੋਹਰ ਛਾਪ ਲਗ ਜਾਵੇ ਫੇਰ ਨਾ ਉਸ ਵਿੱਚੋਂ ਕੋਈ ਕਢਦਾ ਹੈ ਨਾ ਕੁਝ ਵਿੱਚ ਹੀ ਕੋਈ ਪਾਵਤਾ ਹੈ ਐਸੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਬਾਦਸ਼ਾਹ ਹੈਂ ਭਾਵ ਈਸ਼ਵਰ ਅਵਤਾਰ ਹੈਂ ਤਿਨ੍ਹਾਂ ਨੇ ਇਹ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਵਾਕੇ ਪਿਛੇ ਸੇ ਇਹ ਮੋਹਰ ਛਾਪ ਲਗਾਇ ਦਿੱਤੀ ਕਹਾ ਨਾ ਇਸ ਵਿੱਚ ਕੋਈ ਵਧੀਕ ਸ਼ਬਦ ਪਾਵੇ ਔਰ ਨਾ ਇਸ ਵਿੱਚੋਂ ਨਿਕਾਲੇ।**

(ਪ੍ਰਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧੂ ਗੋਵਿੰਦ ਦਾਸ ਪੰਨਾ ੬੪੯)

## ਅਵਤਾਰ ਸਿੰਘ ਵਹੀਰੀਆ

ਇਸ ਸਮੇਂ ਲਿਖਣ ਵਾਲੇ ਤੇ ਖੋਜ ਕਰਨ ਵਾਲੇ ਵਧੇਰੇ ਵਿਦਵਾਨਾਂ ਦਾ ਏਹੋ ਮੱਤ ਸੀ ਕਿ ਭੋਗ ਮੁੰਦਾਵਣੀ ਉਂਪਰ ਪਾਉਣਾ ਚਾਹੀਦਾ ਹੈ। ਇੱਥੇ ਤੱਕ ਕਿ ਅਵਤਾਰ ਸਿੰਘ ਵਹੀਰੀਆ ਵੀ ਆਪਣੀ ਪੁਸਤਕ 'ਖਾਲਸਾ ਸੁਧਾਰਤਰੂ' ਵਿਚ ਇੱਕ ਪ੍ਰਸ਼ਨ ਖੜ੍ਹਾ ਕਰਕੇ ਉਸ ਦਾ ਉੱਤਰ ਇਉਂ ਦੇਂਦੇ ਹਨ :

ਭੋਲਾ ਸਿੰਘ

ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਤੇ ਦਸਮ ਪਾਤਸ਼ਾਹ ਜੀ ਦੇ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਕੀ ਭੇਦ ਹੈ।

ਬਿਬੇਕਾ ਸਿੰਘ

ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਂ ੧ਓ ਸਤਿਨਾਮ ਥੀਂ ਲੈ ਕਰ ਮੁੰਦਾਵਣੀ ਤੱਕ ਸਾਰੀ ਦੀ ਸਾਰੀ ਖਾਲਸਾ ਧਰਮ ਦਾ ਇਸ਼ਟ ਹੈ।

(ਖਾਲਸਾ ਸੁਧਾਰ ਤਰੂ ਪੰ: ੩੨)



www.AKJ.Org

1597

ਨੰਬਰ ੩

੨੫/੬/੧੯੦੦ ... ੧੯੫੭ ... ਪੱਤਰ

੧ੴ ਸਤਿਗੁਰਪ੍ਰਸਾਦਿ ॥

# ਖਾਲਸਾ ਸੁਧਾਰ ਤਰੂ

ਦੀ

## ਤੀਜੀ ਸਿੱਖੀ

ਕ੍ਰਿਤ

ਸ੍ਰੀ ਗੁਰਮਤ ਪ੍ਰਕਾਸ਼ਕ

**ਸੰਤ ਖਾਲਸਾ ਭਾਈ ਅਵਤਾਰ ਸਿੰਘ**

ਜਥੇ ਦਾਰ ਚਲਦਾ ਖਾਲਸਾ ਵਹੀਰ

---

ਮਾਰਫਤ

**ਏਜੰਸੀ ਕਾਰਖਾਨਾਖਾਲਸਾ ਲਾਹੌਰ**

" ਸੰਤ ਸਿੰਘ ਲੂਦਰ ਓਰੀਐਂਟਲ ਪ੍ਰੇਸ ", ਲਾਹੌਰ
ਮੇਂ ਛਪਾ ।

ਪ੍ਰਿਥਮ ਵਾਰ ਸੰਖਯਾ ੧੦੦੦

BELONGS TO B. MOHAN SINGH VAID & SONS BOOK SELLERS TARN TARAN (PUNJAB)
ਇਸ ਪੁਸਤਕ ਦਾ ਮਾਲਕ
ਭਾ: ਮੋਹਨਸਿੰਘ ਵੈਦ ਐਂਡ ਸੰਨਜ਼
ਤਰਨ ਤਾਰਨ (ਪੰਜਾਬ)



ਅਤੇ ਕਬਿਰਾਮ ਕਬਿਸ਼ਾਮ ਭੀ ਮਹਾਰਾਜ ਜੀ ਦੇ ਹੀਨਾਮਹੈਨ। ਮਹਾਰਾਜ ਜੀ ਦੀ ਛੋਟੀ ਆਯੂ ਬਾਲ ਲੀਲਾ ਵਿਚ ਸ੍ਰੀ ਮਾਤਾ ਜੀ ਲਾਡ ਪਿਆਰ ਨਾਲ ਮਹਾਰਾਜ ਜੀ ਨੂੰ ਰਾਮਜੀ ਸ਼ਾਮਜੀ ਕੈਹਕੇ ਬੁਲਾਉਂਦੇ ਹੋਂਦੇ ਸਨ। ਸੋ ਤਾਤਪ੍ਰਯ ਏਹ ਕਿ ਏਹ ਸਾਰੀ ਬਾਣੀ ਗੁਰੂ ਜੀ ਦੀ ਹੀ ਹੈ ॥

### ਭੋਲਾ ਸਿੰਘ

ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਤੇ ਦਸਮ ਪਾਤਸ਼ਾਹ ਜੀ ਦੇ ਗ੍ਰੰਥ ਸਾਹਿਬ ਦੀ ਬਾਣੀ ਵਿਚ ਕੀ ਭੇਦ ਹੈ ॥

### ਬਿਬੇਕਾ ਸਿੰਘ

ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਂ ੧ੴ ਸਤਿ ਨਾਮ ਥੀਂ ਲੈ ਕਰ ਮੁੰਦਾਵਣੀ ਤਕ ਸਾਰੀ ਦੀ ਸਾਰੀ ਖਾਲਸਾ ਧਰਮ ਦਾ ਇਸ਼ਟ ਹੈ



www.AKJ.Org

## ਸਾਧੂ ਗੋਵਿੰਦ ਸਿੰਘ ਨਿਰਮਲ ਉਦਾਸੀ :

'ਇਤਿਹਾਸ ਗੁਰੂ ਖਾਲਸਾ (ਹਿੰਦੀ)' ਕਾਸ਼ੀ ਨਿਵਾਸੀ ਪਰਮ ਨਿਰਮਲ ਸਾਧੂ ਗੋਵਿੰਦ ਸਿੰਘ ਜੀ ਨੇ ਇਸ ਗ੍ਰੰਥ ਦੀ ਰਚਨਾ ਕਈ ਵਰ੍ਹੇ ਖਰਚ ਕੇ ਕੀਤੀ। ਸ੍ਰੀ ਕਿਸਣ ਦਾਸ ਨੇ ਇਸ ਗ੍ਰੰਥ ਨੂੰ ਛਪਾਇਆ। ਇਸ ਗ੍ਰੰਥ ਦੀ ਛਪਾਈ 'ਕਲਯਾਣ ਮੁੰਬਈ ਸੰਬਤ ੧੯੮੨ (ਈਸਵੀ ੧੯੨੫) ਵਿੱਚ ਮੁਕੰਮਲ ਹੋਈ। ਸਾਧੂ ਗੋਵਿੰਦ ਸਿੰਘ ਨੇ ਇਸ ਗ੍ਰੰਥ ਵਿੱਚ ਮੁੰਦਾਵਣੀ ਅਤੇ ਰਾਗਮਾਲਾ ਬਾਰੇ ਇਸ ਤਰ੍ਹਾਂ ਲਿਖਿਆ ਹੈ:-

ਸੰਬਤ ੧੬੬੧ ਬਿਕ੍ਰਮੀ ਮੇਂ
ਤਥਾ ਸੰਬਤ ੧੩੫ ਨਾਨਕਸ਼ਾਹੀ ਮੇਂ ਗੁਰੂ ਗ੍ਰੰਥ ਜੀ ਕੋ ਮੁੰਦਾਵਣੀ ਨਾਮਕ ਸ਼ਬਦ ਪਰ ਇਤੀ ਸ੍ਰੀ ਕਿਯਾ। ਮੁੰਦਾਵਣੀ ਸ਼ਬਦ ਦਾ ਅਰਥ (ਮੁੰਦਣਾ) ਬੰਦ ਕਰਨਾ ਮੁਹਰ ਛਾਪ ਕਰਨੀ ਅਰਥਾਤ ਆਗੇ ਲਿਖਨੇ ਕੋ ਨਹੀਂ ਹੈ ਇਤਿਆਦਿ ਹੈ। ਯਦੀ ਅਪੀ ਮੁੰਦਾਵਣੀ ਪਰ ਗੁਰੂ ਗ੍ਰੰਥ ਕੀ ਸਮਾਪਤੀ ਹੈ ਤਥਾਪੀ ਉਸ ਕੇ ਪਸ਼ਚਾਤ ਆਲਮ ਕਵੀ ਕ੍ਰਿਤ ਰਾਗਮਾਲਾ ਜੋ ਕਿ ਸ੍ਰੀ ਗੁਰੂ ਜੀ ਸੇ ੫੧ ਵਰਸ਼ ਪ੍ਰਥਮ ਹੀ ਪੁਸਤਕ ਵਿਸ਼ੇਸ਼ ਮੇਂ ਲਿਖੀ ਹੂਈ ਥੀ।

(ਪੰਨਾ-੨੩੧-੩੨)

। संवत् १६६१ विक्रमीमें
तथा संवत् १३५ नानकशाहीमें गुरुग्रन्थजीको मुन्दावणी नामकशब्द-
पर इति श्री किया। मुंदावणी शब्दका अर्थ ( मून्दना ) बन्दकरना
मुहर छापकरनी अर्थात् आगे लिखनेको नहीं है इत्यादि है। यद्यपि
मुन्दावणीपर गुरुग्रन्थकी समाप्ति है तथापि उसके पश्चात् आलमक-
विकृत रागमाला जो कि श्रीगुरुजीसे ५१ वर्ष प्रथमही पुस्तक विशेष
में लिखी हुई थी।

## ਭਾਈ ਕਾਨ੍ਹ ਸਿੰਘ ਨਾਭਾ :

ਭਾਈ ਸਾਹਿਬ ਕਾਨ੍ਹ ਸਿੰਘ ਨਾਭਾ ਦਾ ਜਨਮ ਸ਼ੁਕਰਵਾਰ ਭਾਦੋਂ ਵਦੀ ੧੦ ਸੰਮਤ ੧੯੧੮ ਬਿਕ੍ਰਮੀ (ਸੰਨ ੧੮੬੧ ਈ:) ਨੂੰ ਪਿੰਡ ਸਬਜ ਬਨੇਰਾ ਰਿਆਸਤ ਪਟਿਆਲਾ ਵਿੱਚ ਹੋਇਆ। ਭਾਈ ਕਾਨ੍ਹ ਸਿੰਘ ਜੀ ਗੁਰਮਤਿ ਦੇ ਗਿਆਨੀ ਅਤੇ ਫਾਰਸੀ ਸੰਸਕ੍ਰਿਤ ਆਦਿਕ ਭਾਸ਼ਾਵਾਂ ਦੇ ਉੱਚੇ ਦਰਜੇ ਦੇ ਵਿਦਵਾਨ ਸਨ। ਭਾਈ ਸਾਹਿਬ ਜੀ ਨੇ ਗੁਰਮਤਿ ਦੀ ਜਾਣਕਾਰੀ ਦੇਣ ਲਈ ਖੋਜ ਅਤੇ ਵਿਦਵਤਾ ਭਰੀਆਂ ਪੁਸਤਕਾਂ ਲਿਖਕੇ, ਪਿਛਲੀ ਸਦੀ ਦੇ ਉੱਠ ਰਹੇ ਪ੍ਰਚਾਰਕਾਂ ਤੇ ਲਿਖਾਰੀਆਂ ਲਈ ਬਹੁਤ



www.AKJ.Org

ਸਾਰੀਆਂ ਸਹੂਲਤਾਂ ਪੈਦਾ ਕੀਤੀਆਂ। ਉਨ੍ਹਾਂ ਨੇ ਜੀਵਨ ਭਰ ਪੰਥ ਲਈ ਪੁਸਤਕਾਂ ਲਿਖਣ ਦੀ ਨਿਸ਼ਕਾਮ ਸੇਵਾ ਕੀਤੀ। ਗੁਰਮਤਿ ਸੁਧਾਕਰ, ਗੁਰਮਤਿ ਪ੍ਰਭਾਕਰ ਪੁਸਤਕਾਂ ਆਰੰਭ ਵਿੱਚ, ਪਿੱਛੋਂ ਮਹਾਨ ਕੋਸ਼ ਅਤੇ ਗੁਰਮਤਿ ਮਾਰੰਤੰਡ ਲਿਖ ਕੇ ਸਦੀਵੀ ਅਗਵਾਈ ਦੇਣ ਵਾਲੇ ਗ੍ਰੰਥ ਰਚੇ। ੧੮੯੯ ਤੋਂ ੧੯੦੧ ਵਿੱਚ ਆਪ ਜੀ ਦਾ ਲਿਖਿਆ 'ਗੁਰਮਤਿ ਸੁਧਾਕਰ' ਗ੍ਰੰਥ ਭਾਈ ਵੀਰ ਸਿੰਘ ਜੀ ਦੇ ਪ੍ਰੈਸ 'ਵਜੀਰ ਹਿੰਦ' ਵਿੱਚ ਛਪਿਆ। ਛਾਪਣ ਵੇਲੇ ਭਾਈ ਵੀਰ ਸਿੰਘ ਨੇ ਪੁਸਤਕ ਦੀ ਸਖ਼ਤ ਮੇਹਨਤ ਨਾਲ ਪਰੂਫ ਆਦਿ ਪੜ੍ਹ ਕੇ ਸੋਧ ਕੀਤੀ।

ਗ੍ਰੰਥ ਛਪਿਆ ਤਾਂ ਭਾਈ ਵੀਰ ਜੀ ਨੇ ਭਰਪੂਰ ਪ੍ਰਸੰਸਾ ਭਰਿਆ ਰੀਵੀਊ ਵੀ ਲਿਖਿਆ।

ਜਿਸਦਾ ਸਿਰਲੇਖ ਸੀ 'ਸੋਲਾਂ ਕਲਾ ਚੰਦ੍ਰਮਾ ਚੜ੍ਹ ਆਇਆ' ਇਸ ਗ੍ਰੰਥ ਦੀ ਸਿੱਖ ਸੰਸਾਰ ਵਿੱਚ ਬਹੁਤ ਕਦਰ ਹੋਈ।

ਭਾਈ ਕਾਨ੍ਹ ਸਿੰਘ ਜੀ ਨੇ ਇਸ ਗ੍ਰੰਥ ਦੇ ਸਫ਼ਾ ੨੫੪-੫੫ ਉੱਤੇ ਫੁੱਟ ਨੋਟ ਦਿੰਦਿਆਂ 'ਰਾਗਮਾਲਾ' ਅਤੇ 'ਮੁੰਦਾਵਣੀ' ਬਾਰੇ ਇਉਂ ਲਿਖਿਆ ਹੈ :

**ਗ੍ਰੰਥ ਸਾਹਿਬ ਕਾ ਭੋਗ ਸਲੋਕਾਂ ਪਰ ਪਵੇ**

ਇਸ ਫੁੱਟ ਨੋਟ ਵਿੱਚ ਆਪ ਜੀ ਨੇ ਭਾਈ ਚੌਪਾ ਸਿੰਘ ਦੇ ਰਹਿਤਨਾਮੇ ਵਿੱਚ ਆਉਂਦੀ ਇੱਕ ਤੁਕ 'ਗ੍ਰੰਥ ਸਾਹਿਬ ਕਾ ਭੋਗ ਸਲੋਕਾਂ ਪਰ ਪਵੇ' ਦੀ ਵਿਆਖਿਆ ਕਰਦਿਆਂ ਲਿਖਿਆ ਹੈ। ਇਸ ਨੋਟ ਵਿੱਚ 'ਰਾਗਮਾਲਾ' ਨੂੰ 'ਮਾਧਵਾਨਲ ਕਾਮ ਕੰਦਲਾ' ਵਿੱਚੋਂ ੬੩ਵੇਂ ਅੰਗ ਤੋਂ ਲੈ ਕੇ ੭੨ਵੇਂ ਅੰਗ ਤੱਕ ਲਿਖੀ ਹੋਈ ਦੱਸਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ 'ਮੁੰਦਾਵਣੀ' ਉੱਤੇ ਪਾਉਣਾ ਲਿਖਿਆ ਹੈ।

ਭਾਈ ਚੌਪਾ ਸਿੰਘ ਨੇ ਇਹ ਭੋਗ ਸਲੋਕਾਂ ਪਰ ਪਾਵਣਾ ਦੀ ਨਿਰਣਾਇਕ ਸੂਚਨਾ ਦਿੱਤੀ। ਭਾਈ ਕਾਨ੍ਹ ਸਿੰਘ ਜੀ ਨੇ ਭਾਈ ਚੌਪਾ ਸਿੰਘ ਦੀ ਸੂਚਨਾ, ਮੁੰਦਾਵਣੀ ਨੂੰ ਸਮਾਪਤੀ ਦੀ ਮੋਹਰ ਛਾਪ ਅਤੇ ਰਾਗਮਾਲਾ ਬਾਰੇ ਨਾਲ ਹੀ ਢੁਕਵੀਂ ਜਾਣਕਾਰੀ ਦਿੱਤੀ ਹੈ।

ਇਸ ਪਿੱਛੋਂ ਭਾਈ ਕਾਨ੍ਹ ਸਿੰਘ ਜੀ ਨੇ ਇਸ ਮਸਲੇ ਸਬੰਧੀ ਲੰਮਾਂ ਸਮਾਂ ਮੋਨਧਾਰੀ ਰੱਖਿਆ ਅਤੇ ਇਕਾਗਰ ਚਿੱਤ ਹੋ ਕੇ ਮਹਾਨ ਕੋਸ਼ ਤਿਆਰ ਕਰਨ ਵਿੱਚ ਜੁਟੇ ਰਹੇ। ਪ੍ਰਸੰਗ ਵਸ ਇੱਥੇ ਦੱਸਣਾ ਜ਼ਰੂਰੀ ਹੈ ਕਿ ਭਾਈ ਕਾਨ੍ਹ ਸਿੰਘ ਨੇ ਮੁੰਦਾਵਣੀ ਦੇ ਮਹਾਨਕੋਸ਼ ਵਿੱਚ ਅਰਥ ਇਉਂ ਕੀਤੇ ਹਨ :-

ਮੁੰਦਾਵਣੀ :-ਮੁੰਦਣ (ਮੁਹਰਛਾਪ ਲਾਉਣ) ਦੀ ਕ੍ਰਿਆ

ਮੁੰਦਾਵਣੀ :- ਮੁੰਦਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁੰਦਾਵਣੀ ਸ਼ਬਦ ਦੋ ਥਾਂਈਂ ਆਇਆ ਹੈ

ਭਾਰਤ ਵਿੱਚ ਰੀਤਿ ਹੈ ਕਿ ਮਹਾਰਾਜਿਆਂ ਦੇ ਖਾਨ ਪਾਨ ਦਾ ਪ੍ਰਬੰਧ ਕਰਨ



www.AKJ.Org

(੧੧) ਰਸੋਈਆ ਸਿੱਖ ਰੱਖੇ.
(੧੨) ਲੰਗਰ ਮੇਂ ਨਾ ਗੋਹਾ ਬਾਲੇ, ਨਾ (ਗੋਹੇ ਦਾ) ਚੌਂਕਾ* ਦੇਵੇ
(੧੩) ਚੋਰੀ ਯਾਰੀ ਨਾ ਕਰੇ
(੧੪) ਜੂਆ ਨਾ ਖੇਡੇ.
(੧੫) ਪ੍ਰਸਾਦ ਵਰਤਾਉਂਦਾ ਬੋਲੇ-ਨਾਂ, ਬੋਲੇ ਤਾਂ ਮੁਖ ਕੋ ਰੁਮਾਲ ਸੇ ਢੇਕੇ, ਪਿੰਡਾ ਖੁਰਕੇ ਤਾਂ ਹੱਥ ਧੋਇ ਲਵੇ.
(੧੬) ਕਾਰਯੋਂ ਕੇ ਆਦਿ ਮੇਂ ਅਰਦਾਸ ਕਰੇ.
(੧੭) ਅਪਣੇ ਗੁਰੂ ਬਿਨਾ ਹੋਰ ਨਾਂ ਜਾਂਣੇ.
(੧੮) ਧਰਮ ਉਪਦੇਸ਼ ਕਰੇ, ਸੰਬੰਧੀਆਂ ਨੂੰ ਧਰਮ ਵਿੱਚ ਲਿਆਵੇ.
(੧੯) ਗੁਰੂ ਕੀ ਬਾਂਣੀ ਬਿਨਾਂ ਹੋਰ ਨਾ ਪੜ੍ਹੈ, ਨਾਂ ਸੁਣੇ.†
(੨੦) ਗੁਰੂ ਕੀ ਫ਼ਤੇ ਮਿਲਣੇ ਵਖਤ ਬੁਲਾਵੇ.
(੨੧) ਸਿੱਖ ਕੇ ਸੰਕਟ ਕੋ ਜਤੋਂ ਤਤੋਂ ਕਰਕੇ ਦੂਰ ਕਰੇ.
(੨੨) ਗੁਰੂ ਕਾ ਸਿੱਖ ਗੋਰ, ਮੜ੍ਹੀ, ਸਤੀ, ਮਸੀਤ, ਮੁਲਾਂ, ਕਾਜ਼ੀ, ਨੂੰ ਨਾ ਮੰਨੇ.‡
(੨੩) ਲੜਕੇ ਨੂੰ ਗ੍ਰੰਥ ਸਾਹਿਬ ਕਾ ਪਾਠ ਸਿਖਾਲੇ.
(੨੪) ਗ੍ਰੰਥ ਸਾਹਿਬ ਕਾ ਭੋਗ ਸਲੋਕਾਂ ਪਰ ਪਾਵੇ.§

---

* ਸਿੱਖਾਂ ਵਿੱਚ ਗੋਹੇ ਅਤੇ ਗੋਮੂਤ੍ਰ ਦਾ ਭਾਰੀ ਨਿਸ਼ੇਧ ਹੈ, ਗੋਬਰ ਦਾ ਚੌਂਕਾ ਦੇਕੇ ਜੇ ਕੜਾਹ ਪ੍ਰਸਾਦ ਬਣਾਯਾ ਜਾਵੇ ਤਾਂ ਓਸ ਦੀ ਗੁਰਦੁਆਰਿਆਂ ਵਿੱਚ ਅਰਦਾਸ ਨਹੀਂ ਕੀਤੀ ਜਾਂਦੀ. ਅਤੇ ਨਾ ਪ੍ਰਸੂਤਸਮੇਂ ਇਸਤ੍ਰੀਆਂ ਨੂੰ ਗੋਮੂਤ੍ਰ ਦਿੱਤਾ ਜਾਂਦਾ ਹੈ.

† ਨਿੱਤ ਨੇਮ ਬਣਾਕੇ ਨਾਂ ਪੜ੍ਹੇ, ਨ ਸੁਣੇ. ਕਈ ਅਗਯਾਨੀ ਸਿੱਖ ਅਨਯਮਤੀਆਂ ਦੇ ਸਤੋਤ੍ਰ ਜਪ ਜਾਪ ਦੀ ਥਾਂ ਪੜ੍ਹਦੇ ਹਨ ਜੋ ਤਨਖਾਹੀਏ ਹੋਂਨ.

‡ "ਭੂਤ ਪ੍ਰੇਤ ਔ ਮੜ੍ਹੀ ਮਸਾਨਿ,
ਨਹਿਂ ਮਾਨੈ ਗੁਗਾ ਸੁਲਤਾਨ.
ਟਿਕੇ ਜਨੇਊ ਪਹਿਰ ਨ ਧੋਤੀ,
ਖਾਂਧ ਸੁਨਹਿਰੇ ਇਕ ਮਿਲ ਗੋਤੀ."
(ਸਰਦਾਰ ਰਤਨ ਸਿੰਘ ਕ੍ਰਿਤ ਪੰਥਪ੍ਰਕਾਸ਼)

§ ਨੌਮੇਂ ਬਾਦਸ਼ਾਹ ਦੇ ਸਲੋਕਾਂ ਪਰ ਪਾਵੇ. ਮੁੰਦਾਵਣੀ ਦਾ ਏਸ ਲਈ ਜ਼ਿਕਰ ਨਹੀਂ ਕੀਤਾ ਕਿ ਮੁੰਦਾਵਣੀ ਭੋਗ ਦੀ ਮੁਹਰ ਹੈ, ਜਿਸ ਦਾ ਪੜ੍ਹਨਾ ਏਸਤਰਾਂ ਜ਼ਰੂਰੀ ਹੈ ਜਿਸਤਰਾਂ ਸ਼ਾਹੀ ਫ਼ਰਮਾਂਨ ਪੜ੍ਹਕੇ ਓਸ ਦੀ ਮੁਹਰ ਦੀ ਇਬਾਰਤ ਅਵੱਸ਼ ਪੜ੍ਹੀ ਜਾਂਦੀ ਹੈ.

ਬਹੁਤ ਲੋਕ ਭੋਗ ਰਾਗਮਾਲਾ ਉੱਤੇ ਪਾਉਂਦੇ ਹਨ, ਪਰ ਰਾਗਮਾਲਾ ਗੁਰਬਾਂਣੀ ਨਹੀਂ. ਏਹ ਆਲਮ ਕਵੀ ਨੇ ਬਾਦਸ਼ਾਹ ਅਕਬਰ ਦੇ ਵੇਲੇ ਸੰਨ ੯੯੧ ਹਿਜਰੀ ਵਿੱਚ (ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝਣ ਤੋਂ ਵੀਹ ਵਰ੍ਹੇ ਪਹਿਲਾਂ) ਬਣਾਈ ਹੈ, ਜੇਹਾ ਕਿ ਆਲਮ ਦੇ ਸੰਗੀਤ ਤੋਂ ਮਲੂਮ ਹੁੰਦਾ ਹੈ:—

"ਸੰਨ ਨੌ ਸੈ ਏਕਾਨਵ ਆਹੀ,
ਕਰੋਂ ਕਥਾ ਅਬ ਬੋਲੋ ਤਾਹੀ.
ਕਹੌਂ ਬਾਤ ਸੁਨਹੋ ਸਭ ਲੋਗਾ,
ਕਰੋਂ ਕਥਾ ਸਿੰਗਾਰ ਵਿਯੋਗਾ.



www.AKJ.Org

( ੨੫ ) ਪਿੰਡ ਵਿੱਚ ਇੱਕ ਅਸਥਾਨ ਸਾਧੂਸੰਗਤ ਕਾ ਬਣਾਵਣਾ ਜਹਾਂ ਸਾਧੂਸੰਗਤ ਇਕਤ੍ਰ ਹੋਵੇ ਅਤੇ ਆਯਾ ਗਯਾ ਬਿਸ੍ਰਾਮ ਕਰੇ.

( ੨੬ ) ਆਗਯਾ ਗੁਰੂ ਗ੍ਰੰਥ ਸਾਹਿਬ ਕੀ ਮੰਨਣੀ.

( ੨੭ ) ਅਮਲ ਪਰਸਾਦੇ ਦਾ ਰੱਖਣਾ.*

( ੨੮ ) ਸ਼ਸਤ੍ਰ ਰੱਖਣੇ.

( ੨੯ ) ਮਸੰਦਾਂ ਨੂੰ ਨਹੀਂ ਮੰਨਣਾ.

( ੩੦ ) ਰਣ ਮੇਂ ਪਿੱਠ ਨਹੀਂ ਦੇਣੀ.

( ੩੧ ) ਖ਼ਾਲਸਾ–ਹਿੰਦੂ ਮੁਸਲਮਾਨਸੇ ਨਿਆਰਾ ਰਹੇ.

---

ਕਾਮੀ ਰਸਿਕ ਪੁਰਸ਼ ਜੋ ਸੁਨਹੀਂ,
ਤੇ ਯਹਿ ਕਥਾ ਰੈਨ ਦਿਨ ਗੁਨਹੀਂ."

ਸੈਦ ਮਹੰਮਦ ( ਗੌਸ ਕੁਤਬ ਕਾਦਰੀ ) ਦੇ ਚੇਲੇ ਆਲਮ ਕਵੀ ਨੇ ਮਾਧਵਾਨਲ ਅਤੇ ਕਾਮ ਕੰਦਲਾ ਦਾ ਚਰਿਤ੍ਰ ਭਾਸ਼ਾ ਕਾਵਯ ਵਿੱਚ ਲਿਖਿਆ ਹੈ, ਜਿਸ ਦਾ ਨਾਂਉਂ "ਮਾਧਵਾਨਲ ਸੰਗੀਤ" ਹੈ. ਏਸ ਗ੍ਰੰਥ ਦੇ ਸਾਰੇ ਛੰਦ ੩੫੩ ਹੈਨ. ਰਾਗਮਾਲਾ ੬੩ਵੇਂ ਅੰਗ ਤੋਂ ਲੈਕੇ ੭੨ਵੇਂ ਅੰਗ ਉੱਤੇ ਸਮਾਪਤ ਹੁੰਦੀ ਹੈ. ਗੁਰੂ ਗ੍ਰੰਥ ਸਾਹਿਬ ਵਿੱਚ ਲਿਖੀ ਰਾਗਮਾਲਾ ਅਤੇ ਏਸ ਪੁਸਤਕ ਦੀ ਰਾਗਮਾਲਾ ਦੇ ਕੇਵਲ ਇੱਕ ਪਾਠ ਵਿੱਚ ਭੇਦ ਹੈ, ਜੋ ਏਹ ਹੈ:—

"ਲਲਿਤ ਬਿਲਾਵਲ ਗਾਵਹੀ ਅਪਨੀ ਅਪਨੀ ਭਾਂਤ,
ਅਸ਼ਟਪੁਤ੍ਰ ਭੈਰੱਵ ਕੇ ਗਾਵਹਿਂ ਗਾਯਨ ਪਾਤ੍ਰ."

ਵਯਾਕਰਣ ਵਿਰੋਧੀ ਸਾਡੇ ਕਈ ਭਾਈ ਰਾਗਮਾਲਾ ਦੇ ਏਹ ਪਾਠ,—"ਪ੍ਰਥਮ ਰਾਗ ਭੈਰਉ ਵੈ ਕਰਹੀ,—ਖਸਟ ਰਾਗ ਉਨ ਗਾਏ,"-ਦੇਖਕੇ ਭੀ ਹਠ ਕਰਦੇ ਹਨ ਕਿ ਰਾਗਮਾਲਾ ਮਾਧਵਾਨਲ ਸੰਗੀਤ ਵਿੱਚੋਂ ਨਹੀਂ ਲਈ ਗਈ. ਓਹ ਇਤਨਾ ਨਹੀਂ ਸਮਝਦੇ ਕਿ ਰਾਗਮਾਲਾ ਦੀ ਰਚਨਾ ਕਿਸੇ ਉੱਪਰ ਚੱਲੇ ਪ੍ਰਸੰਗ ਨਾਲ ਸੰਬੰਧ ਰਖਦੀ ਹੈ, ਔਰ "ਵੈ" ਤਥਾ "ਉਨ" ਉਪਨਾਮਾਂ ਦੇ ਨਾਮ ਚਲੇ ਹੋਏ ਪ੍ਰਕਰਣ ਵਿੱਚ ਪਹਿਲਾਂ ਆ ਚੁਕੇ ਹਨ.

ਗੁਰੁਪ੍ਰਤਾਪ ਸੂਰਯ ਦੇ ਕਰਤਾ ਭਾਈ ਸੰਤੋਖ ਸਿੰਘ ਜੀ ਨੇ ਰਾਗਮਾਲਾ ਵਿਸ਼ਯ ਐਸਾ ਲਿਖਿਆ ਹੈ:—

"ਰਾਗਮਾਲ ਸਤਗੁਰੂ ਕੀ ਕ੍ਰਿਤ ਨਹਿ, ਹੈਂ ਮੁੰਦਾਵਣੀ ਲਗ ਗੁਰੁ ਬੈਨ,
ਇਸ ਮਹਿ ਨਹਿ ਸੰਸੈ ਕਛੁ ਕਰੀਅਹਿ, ਜੇ ਸੰਸੈ ਅਵਿਲੋਕੋ ਨੈਨ,
ਮਾਧਵਨਲ ਆਲਮ ਕਵਿ ਕੀਨਸ ਤਿਸ ਮਹਿ ਨ੍ਰਿਤਕਾਰੀ ਕਹਿ ਤੈਨ,
ਰਾਗ ਰਾਗਨੀ ਨਾਮ ਗਨੇ ਤਿਂਹ, ਯਾਂ ਤੇ ਸ਼੍ਰੀ ਅਰਜਨ ਕ੍ਰਿਤ ਹੈਨ." (੩੯)
( ਸੂਰਜ ਪ੍ਰਕਾਸ਼, ਰਾਸਿ ੩, ਅ. ੪੭ )

ਕਈ ਵਿਦ੍ਵਾਨ ਆਖਦੇ ਹਨ ਕਿ ਰਾਗਮਾਲਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦਾ "ਉਪਤਤਕਰਾ" ਮੰਨ ਲਯਾ ਜਾਵੇ ਤਾਂ ਕੋਈ ਹਰਜ ਨਹੀਂ, ਪਰ ਅਸੀਂ ਏਸ ਵਿਸ਼ਯ ਕੋਈ ਹੋਰ ਆਪਣੀ ਰਾਯ ਪ੍ਰਗਟ ਨਹੀਂ ਕਰਨਾ ਚਾਹੁੰਦੇ–ਔਰ ਨਾ ਵਾਦ ਵਿਵਾਦ ਕਰਦੇ ਹਾਂ. ਅਰ ਨਾਂ ਪੰਥ ਦੇ ਪ੍ਰੇਮੀਆਂ ਨੂੰ ਏਹ ਸਲਾਹ ਦਿੰਦੇ ਹਾਂ ਕਿ ਤੁੱਛ ਬਾਤਾਂ ਉਤੇ ਡਾਂਗੋ ਡਾਂਗੀ ਹੋਕੇ ਵਿਰੋਧ ਫੈਲਾਯਾ ਜਾਵੇ.

ਪਟਿਆਲੇ ਬਾਬਾ ਆਲਾ ਸਿੰਘ ਜੀ ਦੇ ਬੁਰਜ ਅਰ ਹੋਰ ਕਈ ਅਸਥਾਨਾਂ ਵਿੱਚ ਪੁਰਾਣੇ ਗੁਰੁ ਗ੍ਰੰਥ ਸਾਹਿਬ ਦੇਖਣ ਵਿੱਚ ਆਏ ਹਨ ਜਿਨ੍ਹਾਂ ਦੇ ਅੰਤ ਰਾਗਮਾਲਾ ਨਹੀਂ ਹੈ.

* ਭਾਵ ਏਹ ਹੈ ਕਿ ਹੋਰ ਅਮਲਾਂ ਦੇ ਖਾਣ ਪੀਣ ਦਾ ਸਦਾ ਤਯਾਗ ਕਰਣਾ. ਭੈੜੀ ਵਾਦੀ ਪਾਕੇ ਸਰੀਰ ਨੂੰ ਪਰਾਧੀਨ ਔਰ ਨਿਰਬਲ ਕਰ ਲੈਣਾ ਬੁੱਧੀਵਾਨਾਂ ਅਤੇ ਗੁਰੁਮੁਖਾਂ ਦਾ ਕਰਮ ਨਹੀਂ ਹੈ.



www.AKJ.Org

ਵਾਲਾ ਸਰਦਾਰ, ਆਪਣੇ ਸਾਹਮਣੇ ਭੋਜਨ ਤਿਆਰ ਕਰਵਾਕੇ ਦੇਗਚੇ ਆਦਿ ਬਰਤਨਾਂ ਪੁਰ ਮੁਹਰ ਲਾ ਦਿੰਦਾ ਹੈ, ਤਾਂਕਿ ਕੋਈ ਅਸ਼ੁਭ ਜ਼ਹਿਰ ਆਦਿ ਭੋਜਨ ਵਿੱਚ ਨਾ ਮਿਲਾ ਸਕੇ, ਫੇਰ ਜਦ ਥਾਲ ਪਰੋਸਦਾ ਹੈ ਤਦ ਭੀ ਥਾਲ ਪੁਰ ਸਰਪੋਸ਼ ਦੇ ਕੇ ਮੁਹਰ ਲਾ ਦਿੰਦਾ ਹੈ, ਉਹ ਮੁਹਰ ਜ਼ਿੰਮੇਵਾਰ ਸਰਦਾਰ ਦੇ ਰੂਬਰੂ ਮਹਾਰਾਜਾ ਦੇ ਸੰਮੁਖ ਖੋਲ੍ਹੀ ਜਾਂਦੀ ਹੈ। ਇਸ ਉਪਰਲੇ ਭਾਵ ਨੂੰ ਲੈ ਕੇ ਇਹ ਵਾਕ ਹੈ- "ਏਹ ਮੁੰਦਾਵਣੀ ਸਤਿਗੁਰ ਪਾਈ ਗੁਰਸਿਖਾਂ ਲਧੀਭਾਲਿ" (ਮ: ੩ ਵਾਰ ਸੋਰਠਿ) ਭਾਵ ਇਹ ਹੈ ਕਿ ਗੁਰਉਪਦੇਸ਼ ਸਿੱਖਾਂ ਦੇ ਮਨ ਦ੍ਰਿੜ ਕਰਾਕੇ ਸਤਿਗੁਰੂ ਨੇ ਸਿੱਖ ਮਰਯਾਦਾ ਦੀ ਮੁਹਰਛਾਪ ਲਾ ਦਿੱਤੀ ਹੈ, ਤਾਂ ਕਿ ਨਿਯਮਾਂ ਵਿੱਚ ਗੜਬੜ ਨਾ ਹੋਵੇ,

ਦੂਜਾ- "ਮੁੰਦਾਵਣੀ ਮ: ੫" ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਪੁਰ ਪਾਠ ਹੈ, ਜਿਸ ਦਾ ਭਾਵ ਅੰਤਿਮ ਮੁਹਰਛਾਪ ਹੈ, ਸਮਾਪਤੀ ਪੁਰ ਮੁਦ੍ਰਣ ਕਰਕੇ ਇਹ ਉਪਦੇਸ਼ ਹੈ ਕਿ ਇੱਥੇ ਧਰਮਗ੍ਰੰਥ ਦੇ ਪਾਠ ਦਾ ਭੋਗ ਹੈ। (ਮਹਾਨ ਕੋਸ਼, ਪੰਨਾ-੯੮੬) ਭਾਈ ਸਾਹਿਬ ਨੇ ਆਪਣੀ ਅੰਤਮ ਪੁਸਤਕ ਗੁਰਮਤਿ ਮਾਰਤੰਡ ਲਿਖੀ ਹੈ। ਉਸ ਵਿਚ ਵੀ ਮੁੰਦਾਵਣੀ ਦੇ ਅਰਥ ਇਹ ਹੀ ਕੀਤੇ ਹਨ।

੧੯੧੭ ਵਿੱਚ 'ਰਾਗਮਾਲਾ' ਦੀ ਗਰਮਾ-ਗਰਮ ਚਰਚਾ, 'ਚੀਫ਼ ਖਾਲਸਾ ਦੀਵਾਨ ਅਰਥਾਤ ਖਾਲਸਾ ਸਮਾਚਾਰ ਦੇ ਮਾਲਕ ਭਾਈ ਵੀਰ ਸਿੰਘ ਵੱਲੋਂ ਖ਼ਤਰੇ ਦੀ ਘੰਟੀ ਦੇ ਸਿਰਲੇਖ ਹੇਠ ਅਰੰਭੀ ਗਈ। ਭਾਵੇਂ ਭਾਈ ਵੀਰ ਸਿੰਘ ਜੀ ਖੁਦ ਵੀ ਮੁੰਦਾਵਣੀ ਨੂੰ ਭੋਗ ਦੀ ਬਾਣੀ ਮੰਨਦੇ ਸਨ। ਉਸ ਜ਼ਮਾਨੇ ਖਾਲਸਾ ਦੀਵਾਨ ਨਾਮੀ ਜਥੇਬੰਦੀਆਂ ਬਹੁਤ ਬਣ ਚੁੱਕੀਆਂ ਸਨ ਤੇ ਉਹ ਗੁਰਮਤਿ ਪ੍ਰਚਾਰ ਸਿੰਘ ਸਭਾਵਾਂ ਦੇ ਨਿਸਚੇ ਕੀਤੇ ਪ੍ਰੋਗਰਾਮ ਨੂੰ ਅਮਲ ਵਿੱਚ ਲਿਆ ਰਹੇ ਸਨ। ਕਈ ਸਿੰਘ ਸਭਾਵਾਂ ਵੀ ਗੁਰਮਤਿ ਦਾ ਪ੍ਰਚਾਰ ਜ਼ੋਰ ਨਾਲ ਕਰਦੀਆਂ ਸਨ ਖ਼ਾਸ ਕਰਕੇ ਪੋਠੋਹਾਰ ਦੀਆਂ ਸਿੰਘ ਸਭਾਵਾਂ। ਸਭ ਤੋਂ ਵਧੀਕ ਵਿਦਵਾਨਾਂ ਤੇ ਸੁਧਾਰਕਾਂ ਦਾ ਵੱਡਾ ਕੇਂਦਰ ਰਾਵਲਪਿੰਡੀ ਦੀ ਸਿੰਘ ਸਭਾ ਸੀ। ਜਿਸ ਵਿੱਚ ਸ: ਹਰਨਾਮ ਸਿੰਘ ਐਮ. ਏ., ਸ: ਨਿਹਾਲ ਸਿੰਘ ਸੂਰੀ, ਤੇਜਾ ਸਿੰਘ ਐਮ. ਏ. ਅਤੇ ਪ੍ਰਸਿੱਧ ਗਿਆਨੀ ਸ਼ੇਰ ਸਿੰਘ ਰਾਗਮਾਲਾ ਦੇ ਵਿਰੋਧ ਵਿੱਚ ਪ੍ਰਚਾਰ ਕਰ ਰਹੇ ਸਨ। ਅੰਮ੍ਰਿਤਸਰ ਦਾ ਪੰਥ ਸੇਵਕ ਅਖ਼ਬਾਰ ਏਨ੍ਹਾਂ ਸੁਧਾਰਵਾਦੀ ਸੰਸਥਾਵਾਂ ਦਾ ਤਰਜਮਾਨ ਸੀ, ਪੰਚ ਖਾਲਸਾ ਦੀਵਾਨ ਭਸੌੜ ਵਾਲਿਆਂ ਅਤੇ 'ਸੈਂਟਰਲ ਮਾਝਾ ਦੀਵਾਨ ਤਰਨਤਾਰਨ' ਦਾ ਵੀ ਜ਼ੋਰਦਾਰ ਬੋਲ-ਬਾਲਾ ਸੀ। ਚੀਫ ਖਾਲਸਾ ਦੀਵਾਨ ਨੇ ਸਮਝਿਆ ਕਿਉਂਕਿ ਇਸ ਗਰਮਾ-ਗਰਮ ਬਹਿਸ ਸਮੇਂ ਵੀ ਭਾਈ ਕਾਨ੍ਹ ਸਿੰਘ ਜੀ ਚੁੱਪ ਹਨ, ਇਸ ਲਈ ਉਨ੍ਹਾਂ ਆਪਣੀ ਪਹਿਲੀ ਰਾਏ ਬਦਲ ਲਈ ਹੋਵੇਗੀ, ਉਨ੍ਹਾਂ ਨੇ ਪੱਤਰ ਲਿਖਿਆ ਕਿ ਆਪ ਜੀ ਆਪਣੀ ਰਾਏ ਪ੍ਰਗਟ ਕਰੋ। ਭਾਈ ਕਾਨ੍ਹ ਸਿੰਘ ਜੀ ਨੇ ਚੀਫ਼ ਖਾਲਸਾ ਦੀਵਾਨ ਨੂੰ ਨਿਰਪੱਖ ਭਾਵਾਂ ਵਾਲਾ ਪੱਤਰ ਲਿਖਿਆ, ਉਸ ਵਿੱਚ ਕਿਹਾ ਕਿ ਸਿੱਖਾਂ ਨੂੰ ਆਪਣੀਆਂ ਧਰਮ ਪੁਸਤਕਾਂ ਬਾਰੇ ਬਹੁਤ ਘੱਟ ਪਤਾ



www.AKJ.Org

ਹੈ, ਤੇ ਰਾਗਮਾਲਾ ਨਾਲੋਂ ਬੁਰੀਆਂ ਗੱਲਾਂ ਬੀੜਾਂ ਵਿੱਚ ਲਿਖੀਆਂ ਪਈਆਂ ਹਨ। ਇਸ ਲਈ ਇਸ ਬਾਰੇ ਚੁੱਪ ਹੀ ਭਲੀ ਹੈ।

ਚੀਫ਼ ਖਾਲਸਾ ਦੀਵਾਨ ਵਾਲਿਆਂ ਨੇ ਇਸ ਪੱਤਰ ਨੂੰ ਗੁਪਤ ਪੱਤਰ ਦਾ ਨਾਮ ਦੇ ਕੁੱਝ ਹਿੱਸਾ ਖਾਲਸਾ ਸਮਾਚਾਰ ਵਿੱਚ ਛਾਪਿਆ ਕਿ ਭਾਈ ਕਾਨ੍ਹ ਸਿੰਘ ਇਸ ਚਰਚਾ ਤੋਂ ਦੁਖੀ ਹਨ। ਉਨ੍ਹਾਂ ਦਾ ਗੁਪਤ ਪੱਤਰ ਸਾਨੂੰ ਪ੍ਰਾਪਤ ਹੋਇਆ ਹੈ।

ਏਹ ਖ਼ਬਰ ਰਾਗਮਾਲਾ ਦੇ ਵਿਰੋਧੀਆਂ ਲਈ ਦੁਖਦਾਈ ਸੀ, ਉਨ੍ਹਾਂ ਅਖ਼ਬਾਰ 'ਪੰਥ ਸੇਵਕ' ਦੇ ੧੨ ਦਸੰਬਰ ੧੯੧੭, ਕਾਲਮ-੧ ਵਿੱਚ ਇੱਕ ਟਿੱਪਣੀ ਛਾਪੀ ਕਿ ਭਾਈ ਕਾਨ੍ਹ ਸਿੰਘ ਦੀ ਚਿੱਠੀ ਚੀਫ਼ ਖਾਲਸਾ ਦੀਵਾਨ ਵਾਲੇ 'ਗੁਪਤ ਪੱਤਰ' ਆਖ ਕੇ ਜੋ ਪ੍ਰਚਾਰ ਕਰ ਰਹੇ ਹਨ, ਸਿੱਖ ਸੰਗਤਾਂ ਵਿੱਚ ਵੀ ਇਸ ਪੱਤਰ ਦੀ ਚਰਚਾ ਹੈ ਕਿ ਭਾਈ ਕਾਨ੍ਹ ਸਿੰਘ ਜੀ ਨੇ, ਜੇ ਰਾਏ ਬਦਲ ਲਈ ਹੈ ਤਾਂ ਉਹ ਪਬਲਿਕ ਰੂਪ ਵਿੱਚ ਪ੍ਰਗਟ ਕਰਨ। ਭਾਈ ਸਾਹਿਬ ਕਾਨ੍ਹ ਸਿੰਘ ਜੀ ਨੇ ਆਪਣੀ ਸਫ਼ਾਈ ਅਤੇ ਸਪੱਸ਼ਟ ਕਰਨ ਲਈ ਜਵਾਬੀ ਚਿੱਠੀ ਰਾਹੀਂ ਜੋ ਪ੍ਰਗਟ ਕੀਤਾ ਉਹ ਪੱਤਰ ਹੇਠ ਲਿਖੇ ਅਨੁਸਾਰ ਹੂ-ਬ-ਹੂ ਪੰਥ ਸੇਵਕ ਅਖ਼ਬਾਰ ਵਿੱਚ ਛਾਪਿਆ ਗਿਆ :

ਭਾਈ ਕਾਨ੍ਹ ਸਿੰਘ ਆਪਣੇ ਪੱਤਰ ਵਿੱਚ ਇਉਂ ਲਿਖਦੇ ਹਨ :

ਸ੍ਰੀ ਮਾਨ ਜੀਓ,

ਆਪ ਦੇ ੧੨ ਦਿਸੰਬਰ, ੧੯੧੭ ਦੇ ਪਰਚੇ ਵਿੱਚ- "ਭਾਈ ਕਾਨ੍ਹ ਸਿੰਘ ਜੀ ਦੀ ਗੁਪਤ ਚਿੱਠੀ" ਨਾਮਿਕ ਸਿਰਨਾਵੇਂ ਹੇਠ ਲਿਖੀ ਇਬਾਰਤ ਪੜ੍ਹਕੇ ਮੇਰੇ ਪਾਸ ਬਹੁਤ ਚਿੱਠੀਆਂ ਆਈਆਂ ਹੈਨ, ਜਿਨ੍ਹਾਂ ਵਿੱਚ ਲੋਕ ਮੈਥੋਂ ਪੁੱਛਦੇ ਹਨ ਕਿ ਮੈਂ "ਰਾਗਮਾਲਾ" ਸਬੰਧੀ ਆਪਣੀ ਰਾਯ "ਗੁਰਮਤਿ ਸੁਧਾਕਰ" ਦੇ ਵਿਰੁੱਧ ਕੀਂ ਬਦਲ ਲਈ ਹੈ। ਮੈਨੂੰ ਕੋਸ਼ (ਮਹਾਨ ਕੋਸ਼) ਦੇ ਕੰਮ ਤੋਂ ਵੇਲ੍ਹ ਨਹੀਂ ਜੋ ਮੈਂ ਲੋਕਾਂ ਨੂੰ ਉੱਤਰ ਦੇ ਸਕਾਂ, ਪਰ ਪਬਲਿਕ ਨੂੰ ਨਿਰਸੰਦੇਹ ਕਰਨ ਵਾਸਤੇ ਏਹ ਚਿੱਠੀ ਲਿਖਦਾ ਹਾਂਃ-

ਜਿਸ ਚਿੱਠੀ ਦਾ ਜ਼ਿਕਰ "ਖਾਲਸਾ ਸਮਾਚਾਰ" ਵਿੱਚ ਹੈ, ਉਹ ਮੈਂ ਚੀਫ਼ ਖਾਲਸਾ ਦੀਵਾਨ ਦੇ ਪ੍ਰਸ਼ਨਾਂ ਦੇ ਉੱਤਰ ਵਿੱਚ ਲਿਖੀ ਸੀ-ਜਿਸ ਦਾ ਭਾਵ ਏਹ ਸੀ ਕਿ-ਏਹ ਸੁਣਕੇ ਹੈਰਾਨ ਹੋਯਾ ਹਾਂ ਕਿ ਬਾਬੂ ਤੇਜਾ ਸਿੰਘ ਜੀ ਨੇ ਰਾਗਮਾਲਾ ਕੱਢ ਦਿੱਤੀ ਹੈ, ਕਯੋਂਕਿ ਰਾਗਮਾਲਾ ਤਾਂ ਚਿਰ ਤੋਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਕੱਢੀ ਜਾ ਚੁੱਕੀ ਹੈ, ਅਨੇਕ ਪੁਰਾਣੇ ਲਿਖੇ ਹੋਏ ਗੁਰੂ ਗ੍ਰੰਥ ਸਾਹਿਬ ਬਿਨਾਂ ਰਾਗਮਾਲਾ ਮੌਜੂਦ ਹੈਨ...... ਰਾਗਮਾਲਾ ਇਤਨੀ ਦੁਖਦਾਈ ਵਸਤੂ ਨਹੀਂ, ਉਸਤੋਂ ਭੀ ਵਧੀਕ ਬੁਰੇ ਲੇਖ ਕਈ ਗ੍ਰੰਥ ਸਾਹਿਬਾਂ ਵਿੱਚ ਪਾਏ ਜਾਂਦੇ ਹਨ, ਇਤਿਯਾਦੀ......।

ਇਸ ਪ੍ਰਸੰਗ ਵਿੱਚ ਮੈਂ ਏਹ ਪ੍ਰਗਟ ਕਰੇ ਬਿਨਾਂ ਨਹੀਂ ਰਹਿ ਸਕਦਾ, ਕਿ ਸਿੱਖਾਂ ਨੂੰ ਆਪਣੇ ਧਰਮ ਪੁਸਤਕਾਂ ਦੀ ਬਹੁਤ ਘੱਟ ਵਾਕਫ਼ੀਯਤ ਹੈ, ਕੋਈ ਖੋਜ ਭਾਲ ਦਾ ਯਤਨ ਨਹੀਂ ਕਰਦਾ। ਸੁਣੀਆਂ ਗੱਲਾਂ ਪਰ ਯਕੀਨ ਕਰ ਬੈਠਦੇ ਹਨ। ਮੈਂ ਗੁਰੂ ਗ੍ਰੰਥ



www.AKJ.Org

ਸਾਹਿਬ ਦੀਆਂ ਬੀੜਾਂ (ਜਿਲਦਾਂ) ਦਾ ਨਿਰਣਯ "ਗੁਰਗਿਰਾ ਕਸੌਟੀ" ਵਿੱਚ ਵਿਸਥਾਰ ਨਾਲ ਕੀਤਾ ਹੈ, ਪਰ ਇਹ ਪੋਥੀ ਮਸੰਦਾਂ ਅਤੇ ਬੁਰਛਿਆਂ ਦੇ ਉਪਦ੍ਰਵ ਦੇ ਭੈਯ ਤੋਂ ਹੁਣ ਤੋੜੀ' ਪ੍ਰਕਾਸ਼ ਨਹੀਂ ਕੀਤੀ। ਪਾਠਕਾਂ ਨੂੰ ਨਿਸਚਯ ਰਹੇ ਕਿ ਮੈਂ ਆਪਣੀ ਹਾਨੀ ਦੇ ਭਯ ਤੋਂ ਕਦੇ ਨਹੀਂ ਡਰਿਆ। ਮੈਨੂੰ ਸੱਚ ਦੇ ਪ੍ਰਗਟ ਕਰਨ ਵਿੱਚ ਕਦੇ ਭੀ ਸੰਕੋਚ ਨਹੀਂ, ਪਰ ਡਰ ਕੇਵਲ ਏਹ ਹੈ ਕਿ "ਗੁਰਗਿਰਾ ਕਸੌਟੀ" ਦਾ ਦਰਸ਼ਨ ਹੁੰਦਿਆਂ ਹੀ ਅਨੇਕ ਵਿਸ਼ਿਆਂ ਪਰ ਰੋਸ਼ਨੀ ਪੈ ਜਾਣੀ ਹੈ, ਅਰ ਰਾਗਮਾਲਾ ਤੋਂ ਵਧੀਕ ਜੰਗ ਛਿੜ ਪੈਣਾ ਹੈ, ਜਿਸ ਤੋਂ ਅਨੇਕ ਸੁਧਾਰ ਤੇ ਮੁਆਮਲੇ ਪਿੱਛੇ ਪੈ ਜਾਣਗੇ। ਅਰ ਵਿਤੰਡਾਵਾਦ ਆਰੰਭ ਹੋ ਜਾਊ, ਕਯੋਂ ਕਿ ਗੁਣ ਅਤੇ ਸਤਯ ਦੇ ਗਾਹਕ ਵਿਰਲੇ ਹਨ।

ਅੱਜ ਕੱਲ੍ਹ ਅਖ਼ਬਾਰਾਂ ਵਿੱਚ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਦਾ ਬਾਰ-ਬਾਰ ਜ਼ਿਕਰ ਆਉਂਦਾ ਹੈ, ਅਰ ਰਾਗਮਾਲਾ ਨੂੰ ਗੁਰਬਾਣੀ ਸਿੱਧ ਕਰਨ ਵਾਲੇ ਉਸਦਾ ਪ੍ਰਮਾਣ ਪੇਸ਼ ਕਰਦੇ ਹਨ, ਪਰ ਮੈਂ ਬਹੈਸੀਅਤ "ਖੋਜੀ" ਦੇ ਉਨ੍ਹਾਂ ਭਾਈਆਂ ਨੂੰ ਸਲਾਹ ਦਿੰਦਾ ਹਾਂ ਕਿ ਓਹ ਐਸਾ ਕਰਣ ਤੋਂ ਸੰਕੋਚ ਕਰਨ, ਕਯੋਂਕਿ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਵਿੱਚ ਰਾਗਮਾਲਾ ਦੇ ਖੰਡਨ ਦਾ ਇੱਕ ਵੱਜਰ ਰੂਪ ਪ੍ਰਮਾਣ ਹੈ।

ਪ੍ਰੇਮੀ ਜਨੋ! ਜ਼ਰਾ ਧਿਆਨ ਨਾਲ ਸੁਣੋ-ਸਤਗੁਰਾਂ ਦੇ ਜ਼ਮਾਨੇ ਵਿੱਚ ਜੋ ਹੁਕਮਨਾਮੇ ਸੰਗਤ ਦੇ ਨਾਉਂ ਜਾਰੀ ਕੀਤੇ ਜਾਂਦੇ, ਉਸ ਦੇ ਹੇਠ ਸਤਿਗੁਰਾਂ ਦੇ ਦਸਤਖ਼ਤਾਂ ਤੋਂ ਉੱਪਰ, ਹੁਕਮਨਾਮੇ ਦੀਆਂ ਸਤਰਾਂ ਦੀ ਗਿਣਤੀ ਅੱਖਰੀਂ ਲਿਖੀ ਜਾਂਦੀ, ਤਾਂਕਿ ਦਸਤਖ਼ਤ ਹੋਣ ਪਿਛੋਂ ਕੋਈ ਲਿਖਾਰੀ ਸਤਰ ਨਾ ਵਧਾ ਸਕੇ। ਐਸੇ ਹੀ, ਨੌਵੇਂ ਸਤਗੁਰੂ ਦੇ ਅਹਿਦ ਤੀਕ ਇਹ ਰੀਤੀ ਰਹੀ ਕਿ ਜੋ ਕਾਪੀ ਗੁਰੂ ਗ੍ਰੰਥ ਸਾਹਿਬ ਦੀ ਹੁੰਦੀ ਉਸਦੇ ਪਤ੍ਰਿਆਂ ਦੀ ਗਿਣਤੀ ਤਤਕਰੇ ਦੇ ਅੰਤ ਵਿੱਚ ਦਰਜ ਕੀਤੀ ਜਾਂਦੀ ਇਸ ਨਿਯਮ ਅਨੁਸਾਰ ਕਰਤਾਰਪੁਰ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਦੇ ਅੰਤ, ਇਹ ਲਿਖਿਆ ਗਿਆ ਹੈ-

"ਸੰਮਤ ੧੬੬੧ ਮਿਤੀ ਭਾਦੋ ਵਦੀ ੧ ਪੋਥੀ ਲਿਖ ਪਹੁੰਚੇ॥
ਸਾਰੇ ਪਤ੍ਰੇ ਗੁਰੂ ਬਾਬੇ ਜੀ ਦੇ ੯੭੪॥

"ਪੋਥੀ ਲਿਖ ਪਹੁੰਚੇ"-ਇਸਦਾ ਨਿਰਣਾ ਤਾਂ "ਗੁਰਗਿਰਾ ਕਸੌਟੀ" ਵਿੱਚ ਕੀਤਾ ਗਯਾ ਹੈ ਪਰ ਇਸ ਥਾਂ ਪ੍ਰਕਰਣ ਅਨੁਸਾਰ ਦੱਸਦਾ ਹਾਂ, ਕਿ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਦੇ ੯੭੩ਵੇਂ ਪਤ੍ਰੇ ਪਰ ਮੁੰਦਾਵਣੀ ਹੈ, ਅਰ ੯੭੩ਵਾਂ ਪਤ੍ਰਾ (ਜਿਸ ਪੁਰ ਅੰਗ ੯੭੪ ਮੌਜੂਦ ਹੈ) ਕੋਰਾ ਪਯਾ ਹੈ। ਇਸ ਤੋਂ ਸਾਫ਼ ਪਾਯਾ ਜਾਂਦਾ ਹੈ ਕਿ "ਗੁਰੂ ਬਾਬੇ ਦੇ ਸਾਰੇ ਪਤ੍ਰੇ ੯੭੪" ਦੀ ਗਿਣਤੀ ਤੋਂ ਬਾਹਰ ਜੋ ਕੁਛ ਹੈ, 'ਓਹ ਗੁਰੂ ਬਾਬੇ ਦਾ ਅੰਗ ਨਹੀਂ।'

ਆਦਿ ਅੰਤ ਦੇ ਵਾਧੂ ਪਤ੍ਰਿਆਂ ਪਰ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਵਿਖੇ ਕੇਵਲ ਰਾਗਮਾਲਾ ਹੀ ਨਹੀਂ, ਕਿੰਤੂ ਰਤਨ ਮਾਲਾ ਹੈ, ਰਾਹ ਮੁਕਾਮ ਦੀ ਸਾਖੀ


www.AKJ.Org

ਹੈ ਅਰ ਐਸੇ ਲੇਖ ਬੀ ਹੈਨ :-

"ਸੰਮਤ ੧੬੫੫ ਜਹਾਂਗੀਰ ਬਾਦਸ਼ਾਹ ਨੇ ਗੁਰੂ ਅਰਜਨ ਜੀ ਨੂੰ ਰਕਬਾ ਕਰਤਾਰਪੁਰ ਦਿੱਤਾ ਧਰਮਸ਼ਾਲ ਨੂੰ ੮੯੬੪ ਘੁਮਾਂ, ਕਨਾਲ ੭, ਮਰਲੇ ੧੫॥*

੧ੴ ਸਤਿਗੁਰ ਪ੍ਰਸਾਦਿ॥

ਸੰਮਤ ੧੫੯੬ ਅਸੂ ਵਦੀ ੧੦ ਸ੍ਰੀ ਬਾਬਾ ਨਾਨਕ ਦੇਵ ਜੀ ਸਮਾਣੇ।

ਸੰਮਤ ੧੬੦੯ ਚੇਤ ਸੁਦੀ ੮ ਸ੍ਰੀ ਸਤਿਗੁਰੂ ਅੰਗਦ ਜੀ ਸਮਾਣੇ।

ਸੰਮਤ ੧੬੩੧ ਭਾਦਉ ਸੁਦੀ ੧੫ ਸ੍ਰੀ ਸਤਿਗੁਰੂ ਅਮਰਦਾਸ ਜੀ ਸਮਾਣੇ।

ਸੰਮਤ ੧੬੩੮ ਭਾਦਉ ਸੁਦੀ ੩ ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਣੇ।

ਸੰਮਤ ੧੬੬੩ ਜੇਠ ਸੁਦੀ ੪ ਸ਼ੁਕਰਵਾਰ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਸਮਾਣੇ।

ਸੰਮਤ ੧੬੯੫ ਚੇਤ ਸੁਦੀ ੧੦ ਸਤਿਗੁਰੂ ਬਾਬਾ ਜੀ ਸਮਾਣੇ ਕੀਰਤਪੁਰ।
(ਭਾਵ ਬਾਬਾ ਗੁਰਦਿੱਤਾ ਜੀ ਤੋਂ ਹੈ)

ਸੰਮਤ ੧੭੦੧ ਚੇਤ ਸੁਦੀ ੫ ਅਇਤਵਾਰ ਨਉਘੜੀਆਂ ਰਾਤ ਜਾਂਦੀ ਨੂੰ ਸ੍ਰੀ ਸਤਿਗੁਰੂ ਕਰਣ ਕਾਰਣ ਸਮਰਥ ਕਰਤਾ ਪੁਰਖ ਨਿਰਵੈਰ ਅਕਾਲ ਮੂਰਤਿ ਸ੍ਰੀ ਹਰਿਗੋਬਿੰਦ ਜੀ ਸਮਾਣੇ ਕੀਰਤਪੁਰ।

ਇਨ੍ਹਾਂ ਵਾਧੂ ਪਤ੍ਰਿਆਂ ਵਿੱਚ ਨਿਰੰਜਨ ਰਾਇ ਜੀ ਦੀ (ਜੋ ਧੀਰਮਲ ਜੀ ਦੇ ਪੜੋਤੇ ਸੇ) ਬਹੁਤ ਮਹਿੰਮਾ ਗਾਈ ਹੈ, ਜਿਸ ਵਿੱਚ ਲਿਖਿਆ ਹੈ ਕਿ "ਕਰਤਾਰਪੁਰ, ਹਰਗੋਬਿੰਦ ਪੁਰਾ, ਸੰਗਤ, ਸਾਹਿਬ ਨਿਰੰਜਨ ਰਾਇ ਨੂੰ ਸਭ ਕੁਛ ਦਿੱਤਾ ਇਸਕਾ ਸ਼ਰੀਕ ਕੋਈ ਨਾਂਹੀ, ਮੇਰਾਵਰ" ਇਸ ਤੋਂ ਛੁੱਟ ਅਨੇਕ ਤਾਰੀਖੀ ਬਾਤਾਂ ਭੀ ਹੈਨ ਜਿਨ੍ਹਾਂ ਵਿੱਚੋਂ ਇਹ ਭੀ ਹੈ ਕਿ ੧੮੧੪ ਕਰਤਾਰਪੁਰ ਮੇ ਅੱਗ ਲੱਗੀ ੧੮੮੮-ਫਾਗੁਨ ਮੇ ਰਣਜੀਤ ਸਿੰਘ ਕਰਤਾਰਪੁਰ ਆਇਆ, ਇਤਿਯਾਦੀ ਅਨੇਕ ਪ੍ਰਕਰਣ ਹੈਨ ਜਿਨ੍ਹਾਂ ਦੀ ਏਥੇ ਲਿਖਣ ਦੀ ਲੋੜ ਨਹੀਂ।

ਅੰਤ ਵਿੱਚ ਕੌਮ ਦੇ ਦਰਦੀਆਂ ਅੱਗੇ ਬੇਨਤੀ ਹੈ ਕਿ ਇਹ ਜ਼ਮਾਨਾ ਪਰਸਪਰ ਪ੍ਰੇਮ ਨਾਲ ਉੱਨਤੀ ਕਰਨ ਦਾ ਹੈ ਦੇਖੋ, ਪੜੋਸੀ ਭਾਈ ਆਪਣੇ ਹੱਕਾਂ ਦੀ ਰਾਖੀ ਲਈ ਕੀ-ਕੀ ਯਤਨ ਕਰ ਰਹੇ ਹਨ, ਸੁਧਾਰ ਦੇ ਉਪਰਾਲੇ ਵਿੱਚ ਲੱਗੇ ਹੋਏ ਹਨ, ਪਰ ਸਾਡੀ ਰਾਗਮਾਲਾ ਦਾ ਆਰੋਹੀ ਤਾਂਨ ਕੰਨ ਪਈ ਸੁਣਨ ਨਹੀਂ ਦਿੰਦੀ। ਕਿਰਪਾ ਕਰੋ ਤਰਸ ਕਰੋ, ਸ਼ਾਂਤਿ ਕਰੋ, ਧੀਰਯ ਕਰੋ, ਖੋਜੀ ਬਣਕੇ ਵਿਚਾਰੋ, ਵਾਦੀ ਦੀ ਪਦਵੀ ਨਾ ਲਓ।

ਕਬਿੱਤ

ਕਰਤ ਸਮਾਜ ਕਾ ਸੁਧਾਰ ਹੈ ਅਨੇਕਜਨ,
ਬਹੁਤੋਂ ਨੇ ਵਿਦਯਾ ਕੇ ਪ੍ਰਚਾਰ ਕੋ ਸੰਭਾਲਾ ਹੈ।



www.AKJ.Org

ਵਯਾਪਾਰ ਵਿਧੀ ਮਾਂਹਿ ਰੈਨ ਦਿਨ ਲੀਨ ਕੋਈ,
ਕਿਨਹੂੰ ਕ੍ਰਿਸ਼ੀ ਕਾ ਢੰਗ ਉੱਤਮ ਨਿਕਾਲਾ ਹੈ।
ਕੋਊ ਸਵਯਦੇਸ਼ ਰਾਜ ਕਾਜ ਕੇ ਪ੍ਰਬੰਧ ਸੋਚੈ,
ਭੌਤਿਕ ਵਿਗਯਾਨ ਕੀ ਕਢਤ ਕਾਢ ਆਲਾ ਹੈ।
ਐਸੇ ਸਮੇਂ ਉਨਤੀ ਕੇ ਬੀਚ ਗੁਰੂ ਸਿੱਖਨ ਕੇ,
ਯਹ ਫਾਸਿ ਹੈਵ ਕੇ ਗਲ ਪਰੀ 'ਰਾਗਮਾਲਾ' ਹੈ।

ਪਾਠਕੋ! ਮੇਰੀ ਇਸ ਚਿੱਠੀ ਨੂੰ ਪੜ੍ਹ ਕੇ ਮੇਰੇ ਨਾਲ ਕੋਈ ਸੱਜਣ ਪੱਤ੍ਰ ਵਿਵਹਾਰ ਕਰਨ ਦੀ ਖੇਚਲ ਨਾ ਕਰੇ, ਕਯੋਂਕਿ ਮੈਂ ਆਪਣੇ ਨਿਯਤ ਸਮੇਂ ਵਿੱਚੋਂ ਇੱਕ ਮਿਨਟ ਭੀ "ਗੁਰੂ ਸ਼ਬਦ ਰਤਨਾਕਰ" ਦੇ ਕੰਮ ਨੂੰ ਛੱਡ ਕੇ ਹੋਰ ਕੰਮ ਕਰਨ ਲਈ ਸਮਾਂ ਨਹੀਂ ਕੱਢ ਸਕਦਾ।

ਪੰਥ ਦਾ ਸੇਵਕ - ਕਾਨ੍ਹ ਸਿੰਘ
ਕਰਤਾ ਗੁਰਮਤ ਪ੍ਰਭਾਕਰ, ਗੁਰਮਤ ਸੁਧਾਕਰ ਆਦਿ

ਇਹ ਚਿੱਠੀ ਗਿਆਨੀ ਸ਼ੇਰ ਸਿੰਘ ਲਿਖਤ 'ਰਾਗਮਾਲਾ ਦਰਪਨ' ਦੀ ਦੂਜੀ ਐਡੀਸ਼ਨ ਦੇ ਆਰੰਭ ਵਿੱਚ ਛਾਪੀ ਗਈ। ਇਸ ਦਾ ਜਵਾਬ ਉਦੋਂ ਹੀ ਹੋ ਸਕਦਾ ਸੀ ਜੇ ਕੋਈ ਬੀੜ ਦੇਖ ਕੇ ਪ੍ਰਮਾਣ ਦੇ ਕੇ ਸਿੱਧ ਕਰ ਦਿਖਾਉਂਦਾ ਕਿ ਇਸ ਚਿੱਠੀ ਵਿੱਚ ਆਈਆਂ ਗੱਲਾਂ ਗਲਤ ਹੈਨ ਪਰ ਕਿਉਂਕਿ ਭਾਈ ਕਾਨ੍ਹ ਸਿੰਘ ਨੇ ਅੱਖੀਂ ਡਿੱਠਾ ਸੱਚ ਲਿਖਿਆ ਸੀ ਇਸ ਲਈ ਉਨ੍ਹਾਂ ਦੇ ਜਿਉਂਦੇ ਜੀਅ ਕੋਈ ਤਰਦੀਦ ਨਹੀਂ ਹੋਈ ਅਤੇ ਰਾਗਮਾਲਾ ਵਿਰੋਧੀ ਤਕੜੇ ਹੋ ਕੇ ਨਿਕਲੇ। ਇਸ ਚਿੱਠੀ ਦਾ ਜੋ ਪ੍ਰਭਾਵ ਪਿਆ ਉਸ ਦਾ ਵਰਨਣ ਪਿੱਛੋਂ ਲਿਖੇ ਗ੍ਰੰਥਾਂ ਅਤੇ ਟੀਕਿਆਂ ਵਿੱਚ ਵੀ ਕੀਤਾ ਜਾਣ ਲੱਗਾ ਜਿਵੇਂ : ਗਿਆਨੀ ਬਿਸ਼ਨ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ ਵਾਲਿਆਂ ਦੇ ਟੀਕੇ ਵਿੱਚ ਪੰਨਾ ੨੯੦ ਉੱਤੇ ਲਿਖਿਆ ਹੈ :

ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਈ ਕਾਹਨ ਸਿੰਘ ਦੀ ਖੋਜ ਤੇ ਸੰਨ ਈਸਵੀ ੧੯੧੭-੧੮ ਦੇ ਅਖ਼ਬਾਰਾਂ ਦੇ ਲੇਖਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਰਾਗਮਾਲਾ ਗੁਰੂ ਜੀ ਦੀ ਬਾਣੀ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਵੇਲੇ ਜਿਸ ਦੀ ਖੁਸ਼ੀ ਹੈ ਉਹ ਪਾਠ ਕਰ ਲਵੇ। ਇਸ ਗੱਲ ਤੋਂ ਕੋਈ ਵਾਦ ਵਿਵਾਦ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਕਿਸੇ ਨੂੰ ਕੋਈ ਹਠ ਕਰਨਾ ਯੋਗ ਹੈ।

ਇਸ ਪਿੱਛੋਂ ਪੰਥ ਸੇਵਕ ਅਖ਼ਬਾਰ ਵਿੱਚ ਖ਼ਬਰ ਛਪੀ ਕਿ ਖਾਲਸਾ ਕਾਲਜ ਦੇ ਨੌਜਵਾਨ ਵਿਦਿਆਰਥੀਆਂ ਨੇ ਖਾਲਸਾ ਕਾਲਜ ਦੇ ਗੁਰਦੁਆਰੇ ਅਖੰਡ ਪਾਠ ਕੀਤਾ ਤੇ ਭੋਗ ਮੁੰਦਾਵਣੀ ਉੱਤੇ ਪਾਇਆ।

ਖਾਲਸਾ ਕਾਲਜ ਦੇ ਪ੍ਰੋਫੈਸਰ ਖਾਸ ਕਰਕੇ ਭਾਈ ਜੋਧ ਸਿੰਘ ਤੇ ਤੇਜਾ ਸਿੰਘ ਆਦਿਕ ਜਦੋਂ ਵੀ ਪਾਠ ਕਰਾਉਂਦੇ ਰਹੇ, ਭੋਗ ਮੁੰਦਾਵਣੀ ਤੇ ਹੀ ਪਾਉਂਦੇ ਰਹੇ। ਇਸ



www.AKJ.Org

ਗੱਲ ਦਾ ਭੇਦ ੧੯੪੫ ਵਿੱਚ ਰਾਗਮਾਲਾ ਬਾਰੇ ਅੰਮ੍ਰਿਤਸਰ ਵਿੱਚ ਹੋਈ ਚਰਚਾ ਸਮੇਂ ਭਾਈ ਜੋਧ ਸਿੰਘ ਨੇ ਪੰਡਤ ਕਰਤਾਰ ਸਿੰਘ ਦਾਖਾ ਦੀ ਪੁੱਛ ਦੇ ਉੱਤਰ ਵਿੱਚ ਖੁਦ ਪ੍ਰਗਟਾਇਆ ਪੰਡਤ ਜੀ ਦੇ ਪੁਛਣ ਤੇ ਆਪ ਜੀ ਦੇ ਪੁੱਤਰ ਦਾ ਚਲਾਣਾ ਹੋਇਆ ਤਾਂ ਤੁਸੀਂ ਮੁੰਦਾਵਣੀ ਤੇ ਭੋਗ ਪਾਇਆ ਸੀ, ਰਾਗਮਾਲਾ ਨਹੀਂ ਪੜ੍ਹੀ ਸੀ। ਉੱਤਰ ਵਿੱਚ ਭਾਈ ਜੋਧ ਸਿੰਘ ਨੇ ਕਿਹਾ ਸੀ ਕਿ ਮੈਂ ਹੁਣ ਰਾਏ ਬਦਲ ਲਈ ਹੈ। ਪੰਡਤ ਕਰਤਾਰ ਸਿੰਘ ਨੇ ਕਿਹਾ ਕਿ ਹੁਣ ਫੇਰ ਕਦੋਂ ਰਾਇ ਬਦਲੋਗੇ?

ਸ਼੍ਰੋਮਣੀ ਕਮੇਟੀ ਦੀ ਰਹੁ-ਰੀਤ ਦਾ ਖਰੜਾ ਜੋ ਖਾਲਸਾ ਕਾਲਜ ਦੇ ਪ੍ਰੋਫੈਸਰ ਸਾਹਿਬਾਨ ਤੇ ਹੋਰ ਵਿਦਵਾਨਾਂ ਨੇ ਤਿਆਰ ਕੀਤਾ। ਇਸ ਕਮੇਟੀ ਦੇ ਕਨਵੀਨਰ ਪ੍ਰੋ: ਤੇਜਾ ਸਿੰਘ ਸਨ। ਉਸ ਵੇਲੇ ਕਮੇਟੀ ਨੇ ਪ੍ਰਵਾਨ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਮੁੰਦਾਵਣੀ ਉੱਤੇ ਪਾਇਆ ਜਾਵੇ। ਰਹਿਤ ਮਰਯਾਦਾ ਦੇ ਖਰੜੇ ਬਣਾਉਣ ਵਿੱਚ ਭਾਈ ਜੋਧ ਸਿੰਘ ਦੀ ਰਾਇ ਵੀ ਸ਼ਾਮਲ ਰਹੀ। ਇਉਂ ਲਗਦਾ ਹੈ ਕਿ ਪਿੱਛੋਂ ਜਾ ਕੇ ਵਿਚਾਰ ਚਰਚਾ ਦੀ ਥਾਂ ਇਹ ਮਸਲਾ ਨਰਮ ਤੇ ਗਰਮ ਖ਼ਿਆਲਾਂ ਦੇ ਸਿੱਖਾਂ ਦਾ ਬਣ ਗਿਆ ਸੀ। ਸਭ ਤੋਂ ਵੱਡਾ ਰਾਗਮਾਲਾ ਨਾ ਪੜ੍ਹਨ ਦਾ ਅਰੰਭ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ੧੯੨੦-੨੧ ਵਿੱਚ ਉਦੋਂ ਹੋਇਆ ਜਦੋਂ ਇਸਦਾ ਇੰਤਜਾਮ ਪੰਥਕ ਜਾਂ ਸ਼੍ਰੋ: ਅਕਾਲੀ ਦਲ ਦੇ ਪ੍ਰਬੰਧ ਹੇਠ ਆਇਆ।

## ਭਾਈ ਵੀਰ ਸਿੰਘ

'ਮੁੰਦਾਵਣੀ' ਅਤੇ 'ਰਾਗਮਾਲਾ' ਦੇ ਮਸਲੇ ਬਾਰੇ ਭਾਈ ਵੀਰ ਸਿੰਘ ਜੀ ਦਾ ਪ੍ਰਮੁੱਖ ਪਾਰਟ ਰਿਹਾ ਹੈ। ਆਪ ਜੀ ਨੂੰ ਪਿਤਾ ਪੁਰਖੀ ਸਿੱਖ ਧਰਮ ਦੇ ਵਿਚਾਰਨ ਅਤੇ ਲਿਖਣ ਦੀ ਕਲਾ ਤੇ ਸੋਚ ਵਿਚਾਰ ਆਪਣੇ ਬਜ਼ੁਰਗਾਂ ਤੋਂ ਪ੍ਰਾਪਤ ਹੋਈ। ਭਾਈ ਸਾਹਿਬ ਜੀ ਦੇ ਨਾਨਾ ਪੰਡਤ ਹਜ਼ਾਰਾ ਸਿੰਘ ਅਤੇ ਪਿਤਾ ਡਾ: ਚਰਨ ਸਿੰਘ ਆਪਣੇ ਜ਼ਮਾਨੇ ਦੇ ਉੱਘੇ ਵਿਦਵਾਨਾਂ ਵਿੱਚੋਂ ਸਨ। ਗੁਰਬਾਣੀ ਬਾਰੇ ਕੋਸ਼ ਅਤੇ ਅਰਥ ਭਾਵ ਤੇ ਹੋਰ ਜਾਣਕਾਰੀ ਵਿੱਚ ਪਹਿਲੀ ਕਤਾਰ ਵਿੱਚ ਖੜ੍ਹਨ ਵਾਲੇ ਪੰਡਤ ਤਾਰਾ ਸਿੰਘ ਪਿੱਛੋਂ ਇਨ੍ਹਾਂ ਹਸਤੀਆਂ ਦੇ ਨਾਮ ਆਉਂਦੇ ਹਨ। ਪਿਛਲੇ ਸਫ਼ਿਆਂ ਉੱਤੇ ਮੁੰਦਾਵਣੀ ਬਾਰੇ ਆਏ ਵਿਚਾਰਾਂ ਨੂੰ ਪੜ੍ਹ ਆਏ ਹਾਂ। ਭਾਈ ਵੀਰ ਸਿੰਘ ਜੀ ਨੇ ਵਜ਼ੀਰ ਹਿੰਦ ਪ੍ਰੈਸ ਅਤੇ ਖਾਲਸਾ ਸਮਾਚਾਰ ਦੀ ਵਾਂਗਡੋਰ ਸੰਭਾਲੀ। ਪਿਤਾ ਡਾ: ਚਰਨ ਸਿੰਘ ਦੀ ਮਦਦ, ਪ੍ਰੇਰਨਾ ਤੇ ਅਗਵਾਈ ਵਿੱਚ ਸਾਹਿਤ ਰਚਨਾ ਦਾ ਕਾਰਜ ਅਰੰਭਿਆ, ਗੁਰਬਾਣੀ ਦੇ ਟੀਕੇ ਕੀਤੇ, ਗੁਰੂ ਸਾਹਿਬਾਨ ਦੇ ਜੀਵਨ ਲਿਖੇ ਅਤੇ ਗੁਰਬਾਣੀ ਦੀ ਵਿਆਖਿਆ ਕੀਤੀ।

ਮੁੰਦਾਵਣੀ ਰਾਗਮਾਲਾ ਦੇ ਮਸਲੇ ਵਿੱਚ ਪਹਿਲਾਂ ਆਪ ਜੀ ਵੱਲੋਂ ਲਿਖੇ ਤੇ ਛਾਪੇ ਪੰਜ ਗ੍ਰੰਥੀ ਦੇ ਟੀਕੇ ਦੇ ਦਰਸ਼ਨ ਕਰਾਏ ਜਾਂਦੇ ਹਨ, ਜਿਸ ਵਿੱਚ ਉਨ੍ਹਾਂ ਮੁੰਦਾਵਣੀ



www.AKJ.Org

ਦੇ ਸ਼ੁੱਧ ਅਰਥ ਕੀਤੇ ਹਨ। ਇਸ ਟੀਕੇ ਦੇ ਟਾਈਟਲ ਉੱਤੇ ਤੀਜੀ ਵਾਰ ਛਾਪੇ ਜਾਣ ਦੀ ਸੂਚਨਾ ਹੈ। ਜਿਸ ਪ੍ਰੈਸ ਵਿੱਚ ਛਾਪੀ ਗਈ, ਉਹ 'ਵਜ਼ੀਰ ਹਿੰਦ ਪ੍ਰੈਸ' ਵੀ ਆਪ ਜੀ ਦਾ ਹੀ ਸੀ। ਇਹ ਟੀਕਾ ੧੯੧੦ ਤੋਂ ੧੯੧੫ ਦੇ ਵਿਚਕਾਰ ਛਾਪਿਆ ਗਿਆ ਜਾਪਦਾ ਹੈ। ਟੀਕਾ ਪੰਜ ਗ੍ਰੰਥੀ ਵਿੱਚ ਆਉਂਦੀ 'ਰਹਿਰਾਸ' ਵਿੱਚ 'ਆਨੰਦ ਸਾਹਿਬ' ਦੀ ਬਾਣੀ ਪਿੱਛੋਂ ਜੋ 'ਮੁੰਦਾਵਣੀ' ਆਉਂਦੀ ਹੈ। ਉਸ ਦੀ ਵਿਆਖਿਆ ਸਮੇਂ ਟੀਕੇ ਵਿੱਚ ਭਾਈ ਸਾਹਿਬ ਨੇ 'ਰਹਿਰਾਸ' ਦੀ ਸਮਾਪਤੀ, ਉਸ ਮੁੰਦਾਵਣੀ ਨਾਲ ਕੀਤੀ ਹੈ, ਜਿਸ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪੈਂਦਾ ਹੈ। ਉਸ ਟੀਕੇ ਵਿੱਚ 'ਮੁੰਦਾਵਣੀ' ਦੇ ਅਰਥ ਹੇਠ ਲਿਖੇ ਅਨੁਸਾਰ ਹਨ :

> ਮੁੰਦਾਵਣੀ ਮਹਲਾ ੫
> ਮੁਹਰ ਛਾਪ, ਰੋਕ, ਭਾਵ ਇਹ ਕਿ ਇੱਥੇ
> ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਹੈ।

(ਪੰਜ ਗ੍ਰੰਥੀ ਸਟੀਕ ਪੰਨਾ-੧੫੭)

(ਛਾਪੀ ਹਾਈਟ ਮਹਫੂਜ਼ ਹੈ 'ਵਜ਼ੀਰ ਹਿੰਦ ਪ੍ਰੈਸ' ਦੇ ਨਾਮ।

੧ ਓ ਸਤਿਗੁਰ ਪ੍ਰਸਾਦਿ ॥

ਪੰਜ ਗ੍ਰੰਥੀ ਸਟੀਕ

{ਭਾਵ ਤਤਕਰੇ ਸਮੇਤ}

ਜਿਸਦੇ ਅਰਥ ਸਪਸ਼ਟ, ਸੁਧ, ਸੌਖੇ, ਸਰਲ ਤੇ ਸਲੀਸ ਬੋਲੀ ਵਿਚ
ਬੜੀ ਮਿਹਨਤ ਨਾਲ ਤਿਆਰ ਕੀਤੇ ਗਏ ਹਨ ॥

ਮੈਨੇਜਰ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਨੇ
ਆਪਣੇ 'ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਛਾਪੀ।

ਤੀਜੀ ਵੇਰ ੧੫੦੦ ਮੁੱਲ ੧।=)

ਮੁੰਦਾਵਣੀ ਮਹਲਾ ੫ ॥

ਮੁਹਰ ਛਾਪ, ਰੋਕ, ਭਾਵ ਇਹ ਕਿ ਇਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਹੈ।

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥ ਜੇ ਕੋ ਖਾਵੈ ਜੇ ਕੋ ਭੁੰਚੈ* ਤਿਸ ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥ ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥ ੧ ॥

*ਖੁਆਉਣ ਦਾ ਅਰਥ ਕਰਦੇ ਹਨ ਭਾਵ ਇਹ ਕਿ ਜਾਪ ਜਪੇ ਤੇ ਹੋਰਨਾਂ ਨੂੰ ਜਪਾਵੇ,



www.AKJ.Org

ਇਸ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੰਖੇਪ ਜੀਵਨ ਲਿਖਦਿਆਂ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਇਸੇ ਪ੍ਰੰਪਰਾ ਤੇ ਮਾਨਤਾ ਨੂੰ ਨਿਭਾਉਂਦਿਆਂ ਹੋਇਆਂ ਲਿਖਿਆ ਹੈ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਮੁੰਦਾਵਣੀ ਉੱਤੇ ਪਾਇਆ।" (ਜਿਲਦ ਨੰ:-੯, ਪੰਨਾ-੨੬, ਸਫਾ-੮) (ਖਾਲਸਾ ਸਮਾਚਾਰ)

ਗੁਰਮਤਿ ਸੁਧਾਕਰ ਗ੍ਰੰਥ ਨੂੰ ਸਿੱਖ ਸੰਗਤਾਂ ਵਿੱਚ ਪ੍ਰਚੱਲਤ ਕਰਨ ਲਈ ਭਾਈ ਵੀਰ ਸਿੰਘ ਜੀ ਨੇ ਹੇਠ ਲਿਖੇ ਲਫ਼ਜ਼ਾਂ ਵਿੱਚ ਰੀਵਿਊ ਕੀਤਾ :

"ਖਾਲਸਾ ਜੀ ਕੀ ਮੁਸ਼ਕਲ ਦਾ ਹੱਲ"

ਸਾਡੇ ਪਾਸ ਇੱਕ 'ਗੁਰਮਤ ਸੁਧਾਕਰ' ਪੁਸਤਕ ਰੀਵੀਊ ਵਾਸਤੇ ਆਈ ਹੈ, ਪੁਸਤਕ ਹੈ ਕਿ ਨੌਂ ਲੱਖਾ ਹਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਹੋਰ ਜਿਤਨੀਆਂ ਬਾਣੀਆਂ ਹਨ ਸਭ ਖਾਨ ਰੂਪ ਹਨ। ਉਸ ਖਾਨ ਵਿੱਚੋਂ ਹੀਰੇ ਜਵਾਹਰਾਤ ਚੁਣ ਕੇ ਅਰ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਪਰ ਲਾ ਕੇ ਜੋ-ਜੋ ਲੇਖ ਠੀਕ ਅਰ ਕੌਮ ਦੇ ਇਸ ਵੇਲੇ ਪੇਸ਼ ਆਏ ਸਵਾਲਾਂ ਨੂੰ ਹੱਲ ਕਰਦੇ ਹਨ, ਲੜੀ ਵਤ ਪ੍ਰੋਤੇ ਹਨ। ਇਸ ਪੁਸਤਕ ਦੀਆਂ 'ਸੋਲਾਂ ਕਲਾਂ' ਹਨ। ਹਰੇਕ ਕਲਾ ਚੰਦ ਦੀ ਕਲਾ ਵਾਂਗ ਵਧੀਕ ਤੋਂ ਵਧੀਕ ਪ੍ਰਕਾਸ਼ ਦਿੰਦੀ ਹੈ। ਪ੍ਰਕਾਸ਼ਕ ਦਾ ਇਸਦਾ ਮੁੱਲ ਵੱਟਣ ਦਾ ਲੋਭ ਨਹੀਂ ਕੇਵਲ ਪੰਥ ਦੀਆਂ ਮੁਸ਼ਕਲਾਂ ਦੂਰ ਕਰਨ ਦਾ ਤਾਤਪਰਯ ਹੈ। ਇਹ ਪੁਸਤਕ ਦੋ ਸਾਲ ਤੋਂ ਵਜ਼ੀਰ ਹਿੰਦ ਪ੍ਰੈਸ ਵਿੱਚ ਛਪ ਰਹੀ ਸੀ.... ਅਤੁਟ ਮੇਹਨਤ ਤੇ ਸੁਧਾਈ ਅਰ ਬੇ ਓੜਕਾ ਵਕਤ ਖਰਚ ਹੋਣ ਕਰਕੇ ਏਤਨਾਂ ਸਮਾਂ ਲੱਗ ਗਿਆ।.... ਜੈਸੇ ਇਹ ਪੁਸਤਕ ਐਸ ਵੇਲੇ ਲਾਭਦਾਇਕ ਹੈ। ਐਸੇ ਹੀ ਸੁੰਦਰ ਹੈ ਅਸੀਂ ਇਸ ਪੁਸਤਕ ਦੀ ਤਾਰੀਫ਼ ਏਨੀ ਕਰਨੀ ਹੀ ਕਾਫੀ ਸਮਝਦੇ ਹਾਂ ਕਿ ਕੋਈ ਸਿੱਖ ਇਸ ਪੁਸਤਕ ਨੂੰ ਪੜਨੋਂ ਵਿਰਵਾ ਨਹੀਂ ਰਹਿਣਾ ਚਾਹੀਦਾ। ਅਰ ਪੰਥ ਅੱਗੇ ਸਿਫ਼ਾਰਸ਼ ਕਰਦੇ ਹਾਂ ਕਿ (ਪ੍ਰਕਾਸ਼ਕ ਦੇ ਲਾਭ ਲਈ ਨਹੀਂ ਬਲਕਿ ਪੰਥ ਦੇ ਲਾਭ ਹਿਤ) ਇਸ ਪੁਸਤਕ ਨੂੰ ਛੇਤੀ ਪੜ੍ਹੋ। ਜ਼ਿਆਦਾ ਤਾਰੀਫ਼ ਕਰਨ ਦੇ ਪੰਥ ਦੇ ਨੁਕਤਾਚੀਨ ਪਤਾ ਨਹੀਂ ਕੀ-ਕੀ ਦੂਸ਼ਣ ਥਪਣਗੇ, ਸੁੱਚੇ ਸੋਨੇ ਨੂੰ ਸੋਨਾ ਕਹੇ ਬਾਝ ਨਹੀਂ ਰਹਿ ਹੁੰਦਾ।

(ਖਾਲਸਾ ਸਮਾਚਾਰ, ਜਿਲਦ ਨੰ: ੨, ੨੩ ਅਕਤੂਬਰ, ੧੯੦੧)

ਯਾਦ ਰਹੇ ਕਿ ਖਾਲਸਾ ਸਮਾਚਾਰ ਨੇ ਸੋਧਣ ਛਾਪਣ ਤੇ ਫਿਰ ਰੀਵੀਊ ਕਰਨ ਵੇਲੇ ਇਸ ਪੁਸਤਕ ਦੇ ਕਲਾ ੧੦ ਅੰਕ ੨੪ ਤੇ ਆਈ ਰਾਗਮਾਲਾ ਸੰਬੰਧੀ ਲਿਖਤ ਤੇ ਕੋਈ ਨੁਕਤਾਚੀਨੀ ਤੇ ਹਾਸ਼ੀਆ ਅਰਾਈ ਨਾ ਕਰਨ ਕਰਕੇ ਠੀਕ ਸਮਝਿਆ ਹੈ ਕਿਉਂਕਿ ਜੋ ਭਾਵ ਭਾਈ ਕਾਨ੍ਹ ਸਿੰਘ ਜੀ ਦੀ ਲਿਖਤ ਦਾ ਨਿਕਲਦਾ ਹੈ ਉਹੀ ਭਾਵ ਪੰਡਤ ਹਜ਼ਾਰਾ ਸਿੰਘ ਜੀ ਭਾਈ ਸਾਹਿਬ ਜੀ ਦੇ ਨਾਨਾ ਜੀ ਦੇ ਕੋਸ਼ ਵਿੱਚ ਕੀਤੇ ਗਏ ਅਰਥਾਂ ਦਾ ਹੈ ਏਹੋ ਭਾਵ ਆਪ ਜੀ ਦੇ ਪਿਤਾ ਡਾ. ਚਰਨ ਸਿੰਘ ਜੀ ਨੇ 'ਬਾਣੀ ਬਿਉਰਾ' ਵਿੱਚ ਲਿਖਿਆ ਹੈ, ਇਸੇ ਰੀਤੀ ਨੂੰ ਲੈ ਕੇ ਭਾਈ ਵੀਰ ਸਿੰਘ ਜੀ ਨੇ ਆਪਣੇ



www.AKJ.Org

ਪੰਜ ਗ੍ਰੰਥੀ ਦੇ ਟੀਕੇ ਅਤੇ ਗੁਰੂ ਅਰਜਨ ਦੇਵ ਜੀ ਦੇ ਸੰਖੇਪ ਜੀਵਨ ਵਿੱਚ ਮੁੰਦਾਵਣੀ ਨੂੰ ਹੀ ਭੋਗ ਦੀ ਬਾਣੀ ਮੰਨਿਆ ਹੈ।

ਪਹਿਲਾਂ ਪਹਿਲ ਜਦੋਂ ਕਦੇ ਭਾਈ ਵੀਰ ਸਿੰਘ ਦੇ ਅਖ਼ਬਾਰ ਖਾਲਸਾ ਸਮਾਚਾਰ ਵਿੱਚ ਰਾਗਮਾਲਾ ਸੰਬੰਧੀ ਪੁੱਛਾਂ ਆਉਂਦੀਆਂ ਤਾਂ ਭਾਈ ਸਾਹਿਬ ਜੀ ਉਹਨਾਂ ਪੁੱਛਾਂ ਦਾ ਜੁਆਬ ਬੜੇ ਵਧੀਆ ਤਰੀਕੇ ਨਾਲ ਭਾਈ ਸੰਤੋਖ ਸਿੰਘ ਨੂੰ ਆਧਾਰ ਬਣਾ ਕੇ ਦਿੰਦੇ ਸਨ। ਆਪ ਜੀ ਦੁਆਰਾ ਦਿੱਤੇ ਗਏ ਜੁਆਬ (ਸਮੇਤ ਪ੍ਰਸ਼ਨਾਂ ਦੇ) ਜੋ 'ਖਾਲਸਾ ਸਮਾਚਾਰ' ਵਿੱਚ ਛਪੇ ਉਹਨਾਂ ਵਿੱਚੋਂ ਅੰਸ਼ ਮਾਤਰ ਹੇਠਾਂ ਦੇ ਰਹੇ ਹਾਂ।

ਪ੍ਰਸ਼ਨ ਨੰ: ੩੬: ਰਾਗਮਾਲਾ ਪੜ੍ਹੀ ਜਾਵੇ ਕਿ ਨਾ....? (ਦਾਸ-ਰਣਜੀਤ ਸਿੰਘ ਸਾਹੁਕੇ, ਜਿਲਦ ੩ ਪਰਚਾ ਨੰ: ੩੦ ਸਫਾ ਨੰ: ੪ ਖਾਲਸਾ ਸਮਾਚਾਰ)

ਉੱਤਰ : ਰਾਗਮਾਲਾ ਗੁਰੂ ਗ੍ਰੰਥ ਸਾਹਿਬ ਕੇ ਭੋਗ ਸਮੇਂ ਨਹੀਂ ਪੜ੍ਹਨੀ ਚਾਹੀਏ ਕਿਉਂਕਿ ਇਹ ਗੁਰੂ ਜੀ ਦੀ ਕ੍ਰਿਤ ਨਹੀਂ। ਕਰਤਾਰਪੁਰ ਵਾਲੇ ਅਸਵਾਰਾ ਸਾਹਿਬ ਦੇ ਅੰਤ ਵਿੱਚ ਜੋ ਰਾਗਮਾਲਾ ਹੈ ਸੋ ਚਾਰ ਪਤ੍ਰੇ ਛੱਡ ਕੇ ਲਿਖੀ ਹੈ, ਪਤ੍ਰੇ ਦਾ ਅੰਕ ਵੀ ਨਹੀਂ। ਦੂਜੇ ਉਸ ਲਿਖਤ ਤੋਂ ਸਿੱਧ ਹੁੰਦਾ ਹੈ ਕਿ ਪਿੱਛੋਂ ਲਿਖੀ ਹੋਈ ਹੈ। ਤੀਜੇ, ਸੂਰਜ ਪ੍ਰਕਾਸ਼ ੪੬ ਅੰਸੂ ਰਾਸ ੩ ਲਿਖਿਆ ਹੈ ਕਿ ਗੁਰੂ ਜੀ ਨੇ ਭੋਗ ਮੁੰਦਾਵਣੀ ਪਰ ਪਾਇਆ, ਰਾਗਮਾਲਾ ਪਿੱਛੋਂ ਧੀਰਮਲ ਦੀ ਪਾਈ ਹੈ।

ਚੌਥੇ ਗੁਰੂ ਜੀ ਨੇ ਸ੍ਰੀ ਰਾਗ ਨੂੰ ਵਡਿਆਈ ਬਖਸ਼ੀ ਹੈ ਪਰ ਉਥੇ ਪੰਜਵੇਂ ਥਾਂ ਹੈ। ਪੰਜਵੇਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਪਹਿਲਾਂ ਦੀ ਬਣੀ ਹੋਈ ਕਿਤਾਬ ਮਾਧਵਾਨਲ ਵਿੱਚ ਇਹ ਰਾਗਮਾਲਾ ਦਰਜ ਹੈ, ਜਿਸ ਤੋਂ ਸਿਧ ਹੈ ਕਿ ਇਹ ਗੁਰੂ ਜੀ ਕੀ ਕ੍ਰਿਤ ਨਹੀਂ। (ਪਰਚਾ ਨੰ: ੩੬, ਜਿਲਦ ਨੰ: ੩, ਸਫਾ ੭, ਖਾਲਸਾ ਸਮਾਚਾਰ)

ਪ੍ਰਸ਼ਨ : ਆਪ ਦੇ ਅਖ਼ਬਾਰ ਖਾਲਸਾ ਸਮਾਚਾਰ ਵਿੱਚ ਇੱਕ ਰਾਗਮਾਲਾ ਹਾਮੀ ਸੱਜਣਾਂ ਦੀ ਰਾਇ ਛਪੀ ਹੈ। ਜਿਸ ਦਾ ਪਿੱਛੇ ਆਪ ਨੇ ਉੱਤਰ ਦਿੱਤਾ। ਉਹ ਲਿਖਦੇ ਹਨ :

"ਅਫਸੋਸ ਹੈ ਨਾ ਮਲੂਮ ਹੁਣ ਕਿਉਂ ਨਵੇਂ ਤੋਂ ਨਵੇਂ ਲੇਖ ਇਸ ਬਾਣੀ ਦੀ ਬਾਬਤ ਛਪਦੇ ਹਨ। ਸੋ ਏਹਨਾਂ ਨਵੀਨ ਲੇਖਾਂ ਦਾ ਫਲ ਸਿਰਫ ਪੰਥ ਦੀ ਫੁੱਟ ਦੇ ਸਿਵਾਏ ਹੋਰ ਤਾਂ ਕੁੱਝ ਨਹੀਂ ਮਲੂਮ ਹੁੰਦਾ।

(ਦਾਸ ਪ੍ਰਤਾਪ ਸਿੰਘ, ਬਿਸ਼ਨ ਸਿੰਘ ਖਰੜ, ਜਿਲਦ ੯ ਪਰਚਾ ਨੰ: ੩੯ ਪੰਨਾ ੬ ਖਾਲਸਾ ਸਮਾਚਾਰ)

(ਭਾਈ ਸਾਹਿਬ ਜੀ ਇਸ ਚੋਟ ਨੂੰ ਨ ਬਰਦਾਸ਼ਤ ਕਰਦੇ ਹੋਏ ਝਟ ਆਪਣਾ ਨੋਟ ਚਾੜ੍ਹ ਦਿੰਦੇ ਹਨ)

ਨੋਟ :- ਸ਼ੋਕ ਨਵੀਨਾ ਪਰ ਨਹੀਂ ਪਰ ਪਰਾਚੀਨ ਭਾਈ ਸੰਤੋਖ ਸਿੰਘ ਜੀ ਰਾਗਮਾਲਾ ਦਾ ਖੰਡਨ ਲਿਖ ਗਏ ਹਨ।*



www.AKJ.Org

(ਸਫਾ ੩੬ ਟ੍ਰੈਕਟ ਨੰਬਰ ੩੬)

ਉਸ ਵੇਲੇ ਇਹ ਵੀ ਹੋਇਆ ਜੋ ਰਾਗਮਾਲਾ ਵਿਰੋਧੀ ਟਿੱਪਣੀਆਂ ਆਉਂਦੀਆਂ ਰਹੀਆਂ ਉਨ੍ਹਾਂ ਨੂੰ ਹੂ-ਬ-ਹੂ ਛਾਪਿਆ ਗਿਆ। ਨਮੂਨੇ ਲਈ ਹੇਠ ਲਿਖੀ ਟਿੱਪਣੀ ਦੇਖੋ :

## "ਰਾਗਮਾਲਾ ਦਾ ਫੈਸਲਾ ਸਨਾਤਨ"

ਗ੍ਰੰਥ ਸੂਰਜ ਪ੍ਰਕਾਸ਼ ਜਿਨਕੇ ਕਰਤਾ ਭਾਈ ਸੰਤੋਖ ਸਿੰਘ ਜੀ ਹਨ ਰਾਸ ੩ ਅਧਿਅਇ ੪੭ ਵਿੱਚ ਪੰਜਵੀਂ ਪਾਤਸ਼ਾਹੀ ਦੇ ਵਕਤ ਪ੍ਰਸੰਗ ਬੀੜ ਬੰਨ੍ਹਨ ਵਿੱਚ ਲਿਖਦੇ ਹਨ। ਗੁਰੂ ਅਰਜਨ ਦੇਵ ਜੀ ਬੀੜ ਦੀ ਸਮਾਪਤੀ ਮੁੰਦਾਵਣੀ ਪਰ ਕਰਦੇ ਹਨ। ਮੁੰਦਾਵਣੀ ਮੋਹਰ ਹੈ। ਅਰ ਸਾਥ ਹੀ ਕਹਿੰਦੇ ਹਨ ਕਿ ਰਾਗਮਾਲਾ ਗੁਰਬਾਣੀ ਨਹੀਂ...... ਇਹ ਨਿਸਚਾ ਬਿਲਕੁਲ ਹਟਾ ਦੇਵੇ **ਕਦਾਚਿਤ ਰਾਗਮਾਲਾ ਗੁਰਬਾਣੀ ਨਹੀਂ ਬਣ ਸਕਦੀ। ਕਿਆ ਅਛੀ ਬਾਤ ਹੋਵੇ ਕਿ ਅਗੇ ਜੋ ਗੁਰੂ ਸਾਹਿਬ ਕੀ ਬੀੜ ਪ੍ਰਕਾਸ਼ਿਤ ਕੀਤੀ ਜਾਵੇ ਉਸ ਵਿੱਚ ਰਾਗਮਾਲਾ ਨਾ ਲਿਖੀ ਜਾਵੇ।**

(ਸੁੰਦਰ ਸਿੰਘ ਗ੍ਰੰਥੀ, ਕਾਲਾ ਜਿਲਾ ਜੇਹਲਮ, ਖਾਲਸਾ ਸਮਾਚਾਰ ਪਰਚਾ ਨੰ: ੨੬, ਜਿਲਦ ਨੰ: ੯, ਸਫਾ ੭)

ਪੰਚ ਖਾਲਸਾ ਦੀਵਾਨ ਭਸੌੜ ਆਦਿ ਨੇ ਤਾਂ ਉਸ ਵੇਲੇ ਰਾਗਮਾਲਾ ਦਾ ਵਿਰੋਧ ਹੀ ਕੀਤਾ ਸੀ। ਆਪਦੇ ਅਖ਼ਬਾਰ ਵਿੱਚ ਰਾਗਮਾਲਾ ਤੋਂ ਬਿਨਾਂ ਬੀੜ ਛਾਪੇ ਜਾਣ ਦੇ ਲੇਖ ਵੀ ਛਾਪੇ ਜਾਂਦੇ ਰਹੇ ਤਾਂ ਜਦੋਂ ਉਨ੍ਹਾਂ ਤੇ ਅਮਲ ਸ਼ੁਰੂ ਹੋਇਆ ਤਾਂ ਆਪਨੇ **ਖ਼ਤਰੇ ਦੀ ਘੰਟੀ** ਵਜਾ ਦਿੱਤੀ, ਜਿਸ ਤੋਂ ੧੯੧੭-੧੮ ਵਾਲੀ ਗਰਮਾ-ਗਰਮ ਬਹਿਸ ਚੱਲੀ।

ਇਨ੍ਹਾਂ ਉੱਤਰਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਭਾਈ ਸਾਹਿਬ ੧੯੧੭ ਤੱਕ ਦ੍ਰਿੜਤਾ ਨਾਲ ਮੁੰਦਾਵਣੀ ਉੱਤੇ ਭੋਗ ਪਾਉਣ ਦੇ ਹਿਮਾਇਤੀ ਸਨ।

ਆਰੰਭ ਵਿੱਚ ਭਾਈ ਵੀਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਦੇ ਭੋਗ ਸਮੇਂ ਪੜ੍ਹਨ ਦੇ ਵਿਰੋਧੀ ਹੁੰਦੇ ਸਨ : ਇਸ ਦਾ ਵਰਨਣ ਗਿ: ਨਰੈਣ ਸਿੰਘ ਮਜੰਗਾਂ ਵਾਲਿਆਂ ਨੇ ਟੀਕਾ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ, ਵਿੱਚ ਚੀਫ ਖਾਲਸਾ ਦੀਵਾਨ ਦੇ ਰਾਗਮਾਲਾ ਵਿਰੋਧੀ ਵਿਚਾਰ ਹੋਣ ਬਾਰੇ ਇਸ ਤਰ੍ਹਾਂ ਕੀਤਾ ਹੈ:-

"ਪਹਿਲੇ ਪਹਿਲ ਤਾਂ ਚੀਫ਼ ਖਾਲਸਾ ਦੀਵਾਨ ਦੇ ਸਾਰੇ ਮੈਂਬਰਾਂ ਦੀ ਭੀ ਇਹੋ ਰਾਇ ਸੀ ਜੋ ਰਾਗਮਾਲਾ ਗੁਰੂ ਜੀ ਦੀ ਬਾਣੀ ਨਹੀਂ ਹੈ, ਇਸ ਦੇ ਪੜ੍ਹਨ ਦਾ ਕੋਈ ਫਲ ਨਹੀਂ ਅਤੇ ਨਾ ਪੜ੍ਹਨ ਦਾ ਕੋਈ ਪਾਪ ਨਹੀਂ।" (ਭੂਮਿਕਾ ਪੰਨਾ-੧੩ ਉਥਾਨਕਾ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ)।



www.AKJ.Org

## ਗਿਆਨੀ ਬਦਨ ਸਿੰਘ ਫਰੀਦਕੋਟੀ ਟੀਕਾ ਤੇ ਮੁੰਦਾਵਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸਮਝਣ ਲਈ ਜਿੰਨੇ ਵੀ ਟੀਕੇ ਮਿਲਦੇ ਹਨ। ਉਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਸੰਪੂਰਨ ਫਰੀਦਕੋਟੀ ਟੀਕਾ ਹੈ, ਟੀਕਾਕਾਰਾਂ ਦੇ ਮੁਖੀ ਗਿ: ਬਦਨ ਸਿੰਘ ਸੇਖਵਾਂ ਵਾਲੇ ਸਨ। ਇਸ ਵਿੱਚ ਉਨ੍ਹਾਂ ਨੇ ਮੁੰਦਾਵਣੀ ਦੇ ਅਰਥ ਪੰਨਾ ੨੯੨੧ ਤੇ ਇਸ ਤਰ੍ਹਾਂ ਕੀਤੇ ਹਨ :

(ਮੁੰਦਾਵਣੀ) ਸਰਪੋਸ ਕੋ ਕਹਿਤੇ ਹੈਂ ਜੈਸੇ ਥਾਲ ਮੇਂ ਪ੍ਰਸਾਦ ਰਖਕਰ ਊਪਰ ਸੇ ਉਸਕੋ ਸਰਪੋਸ ਸੇ ਮੂੰਦ ਦੇਤੇ ਹੈਂ ਸੋ ਇਸ ਮੁੰਦਾਵਣੀ ਦੁਆਰਾ ਆਗੇ ਕੋ ਇਸ ਬਾਤ ਕਾ ਨਿਯਮ ਕੀਆ ਕਿ ਕੋਈ ਔਰ ਬਾਣੀ ਨਾ ਚਢਾਈ ਜਾਏ।

## ਸੰਪ੍ਰਦਾਈ ਟੀਕੇ :

ਸਿੱਖਾਂ ਦੀਆਂ ਦੋ ਵੱਡੀਆਂ ਸੰਪ੍ਰਦਾਵਾਂ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜ੍ਹਾਉਂਦੀਆਂ ਰਹੀਆਂ ਹਨ :

੧. ਭਿੰਡਰਾਂਵਾਲਿਆਂ ਗਿਆਨੀਆਂ ਦੀ

੨. ਸੱਤੋਵਾਲੀ ਗਲੀ

ਅੰਮ੍ਰਿਤਸਰ ਸੱਤੋਵਾਲੀ ਗਲੀ ਵਾਲਿਆਂ ਦੇ ਮੁਖੀਆਂ ਨੇ ਗੁਰੂ ਗ੍ਰੰਥ ਸਾਹਿਬ ਦਾ ਪੂਰਨ ਟੀਕਾ ਵੀ ਛਾਪ ਦਿੱਤਾ ਅਤੇ ਭਿੰਡਰਾਂਵਾਲਿਆਂ ਦੇ ਸੰਤ ਗੁਰਬਚਨ ਸਿੰਘ ਜੀ ਨੇ ਕਠਿਨ ਸ਼ਬਦਾਂ ਨੂੰ ਨਿਖੇੜ ਕੇ ਅਤੇ ਉਨ੍ਹਾਂ ਦੇ ਸ਼ੁੱਧ ਉਚਾਰਨ ਦੱਸ **'ਗੁਰਬਾਣੀ ਪਾਠ ਦਰਸ਼ਨ'** ਗ੍ਰੰਥ ਤਿਆਰ ਕੀਤਾ। ਸੰਤ ਕ੍ਰਿਪਾਲ ਸਿੰਘ ਸੱਤੋਵਾਲੀ ਗਲੀ ਵਾਲਿਆਂ ਨੇ ਮੁੰਦਾਵਣੀ ਦੇ ਅਰਥ ਹੇਠ ਲਿਖੇ ਅਨੁਸਾਰ ਕੀਤੇ ਹਨ :

ਮੁੰਦਾਵਣੀ ਮਹਲਾ ੫

ਮੁੰਦਾਵਣੀ ਦਾ ਅਰਥ ਮੋਹਰ ਛਾਪ ਹੈ। ਜਿਵੇਂ ਬਾਦਸ਼ਾਹ ਆਪਣੇ ਰੂ-ਬ-ਰੂ ਥੈਲੇ ਵਿੱਚ ਹੀਰੇ ਰਤਨ, ਜਵਾਹਰ ਆਦਿਕਾਂ ਨੂੰ ਪਾ ਕੇ ਉੱਪਰੋਂ ਮੋਹਰ ਲਗਵਾ ਦਿੰਦੇ ਹਨ ਤਾਂ ਕਿ ਇਸ ਥੈਲੇ ਨੂੰ ਕੋਈ ਖੋਲ੍ਹ ਨਾ ਸਕੇ, ਨਾ ਹੀ ਕੋਈ ਅਦਲਾ-ਬਦਲੀ ਕਰ ਸਕੇ। ਭਾਵ ਨਾ ਕੋਈ ਕੁੱਝ ਕੱਢ ਸਕੇ, ਨਾ ਹੀ ਕੋਈ ਕੁਝ ਪਾ ਸਕੇ। ਏਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਇਸ ਬਾਣੀ ਰੂਪ ਥੈਲੀ ਵਿੱਚ ਨਾਮ ਸਬੰਧੀ ਬਚਨ-ਹੀਰੇ। ਸ਼ੁੱਧਤਾ ਸਬੰਧੀ ਬਚਨ-ਮੋਤੀ। ਪ੍ਰੇਮ ਸਬੰਧੀ ਬਚਨ-ਲਾਲ। ਭਗਤੀ ਸਬੰਧੀ ਬਚਨ-ਮਣੀਆਂ। ਵੈਰਾਗ ਸਬੰਧੀ ਬਚਨ-ਰਤਨ। ਸ੍ਰਵਣ, ਮੰਨਣ, ਨਿਧਿਆਸਣ ਸਬੰਧੀ ਬਚਨ-ਮਾਣਿਕ। ਗਿਆਨ ਸਬੰਧੀ ਬਚਨ-ਜਵਾਹਰ। ਇਤਿਆਦਿ ਸ਼ੁਭ ਗੁਣ ਪਾ ਕੇ ਹੁਣ ਮੁੰਦਾਵਣੀ-ਮੋਹਰ ਛਾਪ ਲਾਉਂਦੇ ਹਨ, ਤਾਂਕਿ ਇਸ ਨੂੰ ਕੋਈ ਆਪਣੀ ਮਨਮਤ ਅਨੁਸਾਰ ਘਟਾ ਵਧਾ ਨਾ ਸਕੇ। ਦੂਜਾ ਭਾਵ ਮੁੰਦਾਵਣੀ ਦਾ ਅਰਥ 'ਮੁੰਦ੍ਰਣ'



www.AKJ.Org

ਵੀ ਕਰਦੇ ਹਨ, ਜਿਵੇਂ ਭਾਰਤ ਵਿੱਚ ਰੀਤਿ ਹੈ ਕਿ ਮਹਾਰਾਜਿਆਂ ਦੇ ਖਾਣ-ਪੀਣ ਦਾ ਪ੍ਰਬੰਧ ਕਰਨ ਵਾਲਾ ਸਰਦਾਰ ਆਪਣੇ ਸਾਹਮਣੇ ਭੋਜਨ ਤਿਆਰ ਕਰਵਾਕੇ ਦੇਗਚੇ ਆਦਿਕ ਬਰਤਨਾਂ ਪਰ ਮੋਹਰ ਲਗਾ ਦਿੰਦਾ ਹੈ; ਤਾਂਕਿ ਕੋਈ ਦੁਸ਼ਮਣ ਭੋਜਨ ਵਿੱਚ ਜ਼ਹਿਰ ਆਦਿ ਨਾ ਮਿਲਾ ਸਕੇ।

ਫਿਰ ਜਿਸ ਵੇਲੇ ਉਸ ਭੋਜਨ ਨੂੰ ਥਾਲ ਵਿਖੇ ਪ੍ਰੋਸਦਾ ਹੈ, ਤਦ ਵੀ ਉਸ ਨਾਲ ਉੱਤੇ ਸਰਪੋਸ਼ ਰੱਖ ਕੇ ਮੋਹਰ ਲਗਾ ਦਿੰਦਾ ਹੈ ਤੇ ਸੇਵਾਦਾਰ ਉਸ ਥਾਲ ਨੂੰ ਬਾਦਸ਼ਾਹ ਅੱਗੇ ਰੱਖ ਆਉਂਦਾ ਹੈ। ਉਹ ਮੋਹਰ ਜ਼ਿੰਮੇਵਾਰ ਸਰਦਾਰ ਦੇ ਰੂ-ਬ-ਰੂ ਬਾਦਸ਼ਾਹ ਦੇ ਸਾਹਮਣੇ ਖੋਲ੍ਹੀ ਜਾਂਦੀ ਹੈ, ਉਹੀ ਭਾਵ ਇੱਥੇ ਹੈ।

ਅਥਵਾ-ਮੁੰਦਾਵਣੀ ਦਾ ਅਰਥ ਬੁਝਾਰਤ ਵੀ ਕਰਦੇ ਹਨ। ਇਹ ਪੋਠੋਹਾਰ ਦੀ ਬੋਲੀ ਹੈ। ਪੋਠੋਹਾਰ ਜਾਓ ਤਾਂ ਉਥੋਂ ਦੇ ਲੋਕ ਬੁਝਾਰਤ ਨੂੰ ਮੁੰਦਾਵਣੀ ਕਹਿੰਦੇ ਹਨ।

ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਬੋਲੀ ਦੇ ਆਧਾਰ ਤੇ ਮੁੰਦਾਵਣੀ-ਬੁਝਾਰਤ ਪਾਉਂਦੇ ਹਨ।

(ਪੰਨਾ : ੮੬੧, ੮੬੨, ੮੬੩)

**ਸੰਤ ਗਿਆਨੀ ਗੁਰਬਚਨ ਸਿੰਘ** ਜੀ ਨੇ 'ਮੁੰਦਾਵਣੀ' ਦੇ ਹੇਠ ਲਿਖੇ ਅਨੁਸਾਰ ਅਰਥ ਕੀਤੇ ਹਨ :-

> ਮੁੰਦਾਵਣੀ : ਇਹ ਮੋਹਰ ਛਾਪ ਪੰਜਵੀ ਪਾਤਸ਼ਾਹੀ ਨੇ ਕੀਤੀ ਸੀ॥ ਜੈਸੇ ਪਾਤਸ਼ਾਹ ਆਪਨੀ ਮੋਹਰ ਛਾਪ ਥੈਲੀ ਨੂੰ ਕਰਤਾ ਹੈ ਫੇਰ ਕਿਸੀ ਕਾ ਭੈ ਖੋਲਨੇ ਕਾ ਨਹੀਂ ਕਰਤਾ॥ ਤੈਸੇ ਇਹ ਗੁਰੂ ਗ੍ਰੰਥ ਸਾਹਿਬ ਰੂਪੀ ਥੈਲੀ ਹੈ ਹੀਰੇ ਜੁਵਾਹਰਾਤ ਸੇ ਪੂਰਨ ਹੈ ਤਿਸਕੇ ਊਪਰ ਮੋਹਰ ਛਾਪ ਲਗਾਈ ਹੈ॥ ੧॥

(ਪਹਿਲੀ ਐਡੀਸ਼ਨ-ਗੁਰਬਾਣੀ ਪਾਠ ਦਰਸ਼ਨ)

## ਗਿਆਨੀ ਬਿਸ਼ਨ ਸਿੰਘ

ਖਾਲਸਾ ਕਾਲਜ ਦੇ ਗੁਰਦੁਆਰੇ ਵਿੱਚ ਕੋਈ ਸਮਾਂ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੁਰਾਣੀ ਰੀਤੀ ਨਾਲ ਸੰਧਿਆ ਅਤੇ ਅਰਥ ਪੜ੍ਹਾਏ ਜਾਂਦੇ ਸਨ। ਜਿਨ੍ਹਾਂ ਵਿਦਿਆਰਥੀਆਂ ਨੇ ਵਿਦਿਆਰਥੀ ਕਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਖਾਲਸਾ ਕਾਲਜ ਦੇ ਗੁਰਦੁਆਰੇ ਵਿੱਚ ਪੜ੍ਹੇ ਸਨ, ਕਈ ਪਿੱਛੋਂ ਉਸੇ ਕਾਲਜ ਦੇ ਵਿੱਚ ਪ੍ਰੋਫੈਸਰ ਵੀ ਲੱਗੇ ਸਨ। ਉਸ ਸਮੇਂ ਖਾਲਸਾ ਕਾਲਜ ਦੇ ਗੁਰਦੁਆਰੇ ਵਿੱਚ ਗ੍ਰੰਥੀ ਦੀ ਸੇਵਾ ਗਿਆਨੀ ਬਿਸ਼ਨ ਸਿੰਘ ਜੀ ਕੀਤਾ ਕਰਦੇ ਸਨ। ਉਨ੍ਹਾਂ ੧੯੨੪ ਈ: ਦੇ ਕਰੀਬ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਟੀਕਾ ਕੀਤਾ। ਇਸ ਟੀਕੇ ਵਿੱਚ ਉਨ੍ਹਾਂ ਮੁੰਦਾਵਣੀ ਦੇ ਅਰਥ ਇਸ ਤਰ੍ਹਾਂ ਕੀਤੇ ਹਨ :



www.AKJ.Org

ਮੁੰਦਾਵਣੀ ਮਹਲਾ ੫॥

ਮੁੰਦਾਵਣੀ ਮੋਹਰ ਦਾ ਨਾਮ ਹੈ ਭਾਵ ਕੋਈ ਖਤ ਪਤ੍ਰਕਾ ਪੁਸਤਕ ਲਿਖ ਕੇ ਆਪਣੇ ਦਸਖਤ ਕਰ ਦੇਣੇ ਇਸ ਤੋਂ ਅੱਗੇ ਹੋਰ ਕੋਈ ਕੁਛ ਨ ਲਿਖੇ ਲਿਖਾਈ ਨੂੰ ਬੰਦ ਕਰ ਦੇਣ ਦਾ ਭਾਵ ਹੈ ਜਾਂ ਸਰਪੋਸ਼ ਨੂੰ ਵੀ ਮੁੰਦਾਵਣੀ ਆਖਦੇ ਹਨ ਜਿਸ ਤਰ੍ਹਾਂ ਕਿਸੇ ਭਾਂਡੇ ਵਿੱਚ ਪ੍ਰਸ਼ਾਦ ਪਾ ਕੇ ਉਤੋਂ ਢਕ ਦੇਈਦਾ ਹੈ ਡਬੇ ਆਦਿਕ ਨੂੰ ਬੰਦ ਕਰ ਦੇਈਦਾ ਹੈ। ਮੂੰਹ ਬੰਦ ਕਰਨ ਦਾ ਨਾਮ ਵੀ ਮੁੰਦਾਵਣੀ ਹੀ ਹੈ। ਗੁਰੂ ਜੀ ਨੇ ਇਸ ਮੁੰਦਾਵਣੀ ਦੁਆਰਾ ਅੱਗੇ ਨੂੰ ਇਸ ਗੱਲ ਦਾ ਨੇਮ ਕੀਤਾ ਕਿ ਕੋਈ ਹੋਰ ਬਾਣੀ ਨ ਚੜ੍ਹਾਈ ਜਾਵੇ।

(ਗੁ. ਗ੍ਰੰ. ਸਾ., ਪੰਨਾ ੫੯੮)

## ਸੋਢੀ ਤੇਜਾ ਸਿੰਘ ਤੇ ਮੁੰਦਾਵਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦਾ ਸਫ਼ੇਵਾਰ ਕੋਸ਼ ਸੋਢੀ ਤੇਜਾ ਸਿੰਘ ਨੇ 'ਗੁਰਬਾਣੀ ਪ੍ਰਕਾਸ਼' ਦੇ ਨਾਂ ਹੇਠਾਂ ਗ੍ਰੰਥ ੧੯੩੨ ਵਿੱਚ ਛਪਵਾਇਆ ਹੈ। ਜਿਸ ਵਿੱਚ ਮੁੰਦਾਵਣੀ ਦੇ ਅਰਥ ਇਸ ਪ੍ਰਕਾਰ ਕੀਤੇ ਹਨ :

ਮੁੰਦਾਵਣੀ : ਮਃ ੫॥ ਥਾਲ ਵਿੱਚ ਤਿਨਿ :- ਮੁੰਦਾਵਣੀ-ਮੁੰਦਨ ਕਰਨਾ ਸਮਾਪਤੀ ਦੀ ਮੋਹਰ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜੋ ਪਿੱਛੇ ਲਿਖੀ ਗਈ ਹੈ, ਉਸ ਨੂੰ ਬੰਦ ਕੀਤਾ ਗਿਆ ਨ ਕੋਈ ਇਸ ਵਿੱਚ ਕੁੱਝ ਪਾਵੇ ਅਤੇ ਨਾ ਕੋਈ ਇਸ ਵਿੱਚੋਂ ਕੱਢੇ।

**ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** :- ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਵੱਲੋਂ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਚਾਰ ਜਿਲਦਾਂ ਵਿੱਚ ਛਪਿਆ ਹੋਇਆ ਹੈ। ਇਸ ਦੇ ਲਿਖਣ ਦੀ ਸੇਵਾ ਪ੍ਰਿੰ: ਤੇਜਾ ਸਿੰਘ ਐਮ. ਏ. ਖਾਲਸਾ ਕਾਲਜ (ਅੰਮ੍ਰਿਤਸਰ), ਬਾਵਾ ਹਰਕ੍ਰਿਸ਼ਨ ਸਿੰਘ ਵੱਲੋਂ ਕੀਤੀ ਗਈ।

ਸ਼ਬਦਾਰਥ ਵਿੱਚ ਮੁੰਦਾਵਣੀ ਦੇ ਅਰਥ ਭਾਵੇਂ ਬੁਝਾਰਤ ਕੀਤੇ ਗਏ ਹਨ, ਪਰ ਨਾਲ ਹੀ ਇਥੇ ਸਮਾਪਤੀ ਹੋਣ ਦਾ ਜ਼ਿਕਰ ਵੀ ਕੀਤਾ ਹੈ।

ਪੋਥੀ ਚੌਥੀ ਦੇ ਪੰਨਾ ਨੰ: ੧੪੨੯ ਉਤੇ ਇਸ ਤਰਾਂ ਫੁੱਟ ਨੋਟ ਲਿਖਿਆ ਹੋਇਆ ਹੈ

ਬੁਝਾਰਤ। ਹੇਠਲਾ ਸ਼ਬਦ (ਮੁੰਦਾਵਣੀ) ਇਕ ਅੜਾਉਣੀ ਹੈ। ਦੱਸੋ ਖਾਂ ਉਹ ਕਿਹੜਾ ਥਾਲ ਹੈ, ਜਿਸ ਵਿੱਚ ਤਿੰਨ ਚੀਜਾਂ ਪਈਆਂ ਹੋਈਆਂ ਹਨ-ਸਤ, ਸੰਤੋਖ ਤੇ ਵੀਚਾਰ....। ਇਹ ਕਿਹੜਾ ਥਾਲ ਹੈ ? ਉੱਤਰ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਦੀ ਇਥੇ ਸਮਾਪਤੀ ਹੁੰਦੀ ਹੈ।



www.AKJ.Org

## ਸ਼ਬਦਾਰਥ

ਗੁਰ ਸੇਵਕ ਸਭਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦਾਰਥ ਕੀਤਾ ਗਿਆ। ਜਿਸ ਵਿੱਚ ਉਨ੍ਹਾਂ ਨੇ ਮੁੰਦਾਵਣੀ ਦੇ ਅਰਥਾਂ ਨੂੰ ਇਉਂ ਲਿਖਿਆ ਹੋਇਆ ਹੈ :

ਥਾਲ ਵਿੱਚ ਤਿੰਨਿ ਵਸਤੂ ਪਈਓ

ਦਾ ਅਰਥ ਕਰਦਿਆਂ ਕਿਹਾ ਹੈ :

ਇਹ ਕਿਹੜਾ ਥਾਲ ਹੈ ? ਉਤਰ ਹੈ, **ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਦੀ ਇੱਥੇ ਸਮਾਪਤੀ ਹੈ।**

## ਮੁੰਦਾਵਣੀ ਅਤੇ ਅੰਗਰੇਜ਼ੀ ਦੇ ਵਿਦਵਾਨ

ਅੰਗਰੇਜ਼ਾਂ ਦੇ ਭਾਰਤ ਆਉਣ ਨਾਲ ਹੀ ਅੰਗਰੇਜ਼ੀ ਭਾਸ਼ਾ ਭਾਰਤ ਵਿੱਚ ਆਈ। ਅੰਗਰੇਜ਼ਾਂ ਨੇ ਭਾਰਤ ਅਤੇ ਪੰਜਾਬ ਉੱਤੇ ਕਬਜ਼ਾ ਜਮਾ ਕੇ ਏਥੋਂ ਦੇ ਲੋਕਾਂ ਦਾ, ਸਭਿਆਚਾਰ ਅਤੇ ਭਾਰਤੀਆਂ ਦੇ ਧਰਮ ਗ੍ਰੰਥਾਂ ਦੀ ਜਾਣਕਾਰੀ ਹਾਸਲ ਕਰਨ ਲਈ ਉਚੇਚੇ ਪ੍ਰਬੰਧ ਕੀਤੇ। ਜਨ-ਜੀਵਨ ਅਤੇ ਪ੍ਰਬੰਧਕ ਪੱਖਾਂ ਬਾਰੇ ਜਾਣਕਾਰੀ ਲਈ ਹਰ ਜ਼ਿਲ੍ਹੇ ਦੇ ਗੈਜ਼ਟੀਅਰ ਤਿਆਰ ਕਰਾਏ ਗਏ। ਸਾਰੇ ਭਾਰਤ ਦੇ ਜੇ ਸਾਰੇ ਨਹੀਂ ਤਾਂ ਬਹੁਤ ਪਖਾਂ ਬਾਰੇ ਜੋ ਜਾਣਕਾਰੀ ਮਿਲੀ ਉਸ ਦਾ ਸਾਰ ਇਮਪੀਰੀਅਲ ਗੈਜ਼ਟੀਅਰ ਤਿਆਰ ਕਰਵਾ ਕੇ ਛਾਪਿਆ ਗਿਆ।

ਹਿੰਦੂ ਧਰਮ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਲੋੜੀਂਦੇ ਗ੍ਰੰਥ ਤਿਆਰ ਕਰਾਏ ਗਏ। ਸਿੱਖਾਂ ਬਾਰੇ ਜਾਣਕਾਰੀ ਵਾਲੇ ਧਰਮ ਗ੍ਰੰਥ ਤਿਆਰ ਕਰਾਉਣ ਲਈ **ਜਰਮਨ ਵਿਦਵਾਨ ਡਾ. ਟਰੰਪ** ਦੀ ਸੇਵਾ ਹਾਸਲ ਕੀਤੀ। ਜਿਸਨੇ ਸਿੱਖਾਂ ਦੀਆਂ ਪੁਰਾਣੀਆਂ ਜਨਮ ਸਾਖੀਆਂ ਅਤੇ ਗੁਰਬਾਣੀ ਦੇ ਕੁੱਝ ਭਾਗਾਂ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਛਾਪਿਆ। ਇਸ ਕੰਮ ਵਿੱਚ ਡਾ. ਟਰੰਪ ਤੋਂ ਬਹੁਤ ਸਾਰੀਆਂ ਤਰੁੱਟੀਆਂ ਹੋਈਆਂ ਜਿਸ ਕਾਰਨ ਇਸ ਗ੍ਰੰਥ ਦਾ ਵਿਰੋਧ ਉਤਪੰਨ ਹੋਇਆ। ਭਾਵੇਂ ਟਰੰਪ ਸਾਹਿਬ ਨੂੰ ਵੱਡੀ ਸ਼ਿਕਾਇਤ ਇਹ ਸੀ ਕਿ ਉਸ ਸਮੇਂ ਸਿੱਖ ਧਰਮ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਵਾਲੇ ਵਿਦਵਾਨਾਂ ਦੀ ਬਹੁਤ ਘਾਟ ਸੀ। ਡਾ: ਟਰੰਪ ਲਿਖਦੇ ਹਨ ਕਿ ਜੋ ਜਾਣਕਾਰੀ ਮੈਨੂੰ ਪ੍ਰਾਪਤ ਹੋਈ ਉਸ ਵਿੱਚ ਉਨ੍ਹਾਂ ਵਿਦਵਾਨਾਂ ਦੀ ਯੋਗਤਾ ਵੀ ਮੇਰੇ ਲਈ ਬਹੁਤੀ ਸਹਾਇਕ ਸਾਬਤ ਨਾ ਹੋਈ।

ਸਿੱਖ ਧਰਮ ਬਾਰੇ ਜਾਣਕਾਰੀ ਦੇਣ ਵਾਲਿਆਂ ਦੀ ਘਾਟ, ਟਰੰਪ ਦੇ ਪਿੱਛੋਂ ਸਦਭਾਵਨਾ ਨਾਲ '**ਸਿੱਖ ਰਿਲੀਜ਼ਨ** ਪੁਸਤਕ ਲਿਖਣ ਵਾਲੇ **ਮੈਕਾਲਿਫ ਸਾਹਿਬ** ਨੂੰ ਵੀ ਬੁਰੀ ਤਰ੍ਹਾਂ ਅਨੁਭਵ ਹੁੰਦੀ ਰਹੀ। ਜਿਨ੍ਹਾਂ ਨੇ ਆਪਣੀ ਜ਼ਿਲ੍ਹਾ ਮੈਜਿਸਟਰੇਟ ਦੀ



www.AKJ.Org

ਨੌਕਰੀ ਛੱਡ ਕੇ ਸਿਖ ਧਰਮ ਦੀ ਠੀਕ-ਠੀਕ ਜਾਣਕਾਰੀ ਦੇਣ ਵਾਲੀਆਂ ਚਾਰ ਵੱਡੀਆਂ ਜਿਲਦਾਂ ਅਤੇ ਕਈ ਭਾਗਾਂ ਵਿੱਚ, 'ਸਿੱਖ ਰਿਲੀਜਨ' ਪੁਸਤਕਾਂ ਲਿਖੀਆਂ ਜਿਸਦੇ ਤਿਆਰ ਹੋਣ ਤੇ ਛਾਪਣ ਵਿੱਚ ਬਹੁਤ ਸਮਾਂ ਲੱਗਿਆ, ਬਾਵਜੂਦ ਨਾਭਾ ਰਿਆਸਤ ਦੇ ਮਹਾਰਾਜਾ ਨੇ ਸਮੇਂ-ਸਮੇਂ ਭਰਵੀਂ ਸਹਾਇਤਾ ਕੀਤੀ। ਪਰ ਸਿੱਖਾਂ ਦੀ ਕੋਈ ਜਥੇਬੰਦੀ ਮੈਕਾਲਿਫ ਪ੍ਰਤੀ ਪ੍ਰਸ਼ੰਸਾ ਦਾ ਮਤਾ ਵੀ ਪਾਸ ਨਾ ਕਰ ਸਕੀ।

ਮੈਕਾਲਿਫ ਸਾਹਿਬ ਨੇ ਸਿੱਖ ਰਿਲੀਜ਼ਨ ਪੁਸਤਕ ਵਿੱਚ ਇਤਿਹਾਸ ਤੇ ਗੁਰਬਾਣੀ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀ ਸਵਰ ਲਿਪੀ ਤਿਆਰ ਕਰਨ ਦੇ ਸ਼ੁਭ ਕਾਰਜ ਕੀਤੇ। ਰਾਗਾਂ ਦੀ ਸਵਰ ਲਿੱਪੀ ਤਿਆਰ ਕਰਨ ਲਈ ਮਹਾਰਾਜਾ ਨਾਭਾ (ਹੀਰਾ ਸਿੰਘ ਨਾਭਾ) ਨੇ ਉਚੇਚਾ ਸੰਗੀਤ ਮਾਹਰ ਜਰਮਨ ਤੋਂ ਮੰਗਵਾਇਆ, ਉਸ ਲਈ ਰਾਗਾਂ ਦੀਆਂ ਧੁਨਾਂ ਨੂੰ ਉਨ੍ਹਾਂ ਰਾਗਾਂ ਦੇ ਰੂਪ ਸਾਕਾਰ ਕਰਨ ਲਈ ਉਸ ਵੇਲੇ ਦੇ ਸਰਵੋਤਮ ਰਾਗੀ ਮਹੰਤ ਗੱਜਾ ਸਿੰਘ ਜੀ ਦੀ ਸੇਵਾ ਲਈ ਗਈ ਸੀ, ਮੈਕਾਲਿਫ ਸਾਹਿਬ ਨੂੰ ਰਾਗਾਂ ਬਾਰੇ ਖੁਦ ਸੋਝੀ ਹੋ ਜਾਣੀ ਵੀ ਮੰਨਣਾ ਉਚਿਤ ਹੈ।

ਮੈਕਾਲਿਫ ਸਾਹਿਬ ਦੀ ਪੰਜਾਬੀ ਤਰਜਮਾ ਕੀਤੀ ਪੁਸਤਕ ਦੇ ਸਫ਼ਾ ੬੪-੬੫ ਉੱਪਰ ਮੁੰਦਾਵਣੀ ਅਤੇ ਰਾਗਮਾਲਾ ਬਾਰੇ ਇਸ ਤਰ੍ਹਾਂ ਲਿਖਿਆ ਹੈ :

ਜਦ (ਗ੍ਰੰਥ ਸਾਹਿਬ ਵਿੱਚ) ਸਾਰੀ ਚੜ੍ਹਾਉਣ ਵਾਲੀ ਬਾਣੀ ਦਾ ਫੈਸਲਾ ਕਰ ਲਿਆ, ਤਾਂ ਗੁਰੂ ਜੀ ਆਪਣੇ ਤੰਬੂ ਅੰਦਰ ਬੈਠ ਗਏ ਅਤੇ ਭਾਈ ਗੁਰਦਾਸ ਜੀ ਪਾਸੋਂ ਬਾਣੀ ਲਿਖਵਾਈ। ਬਹੁਤ ਸਮੇਂ ਅਤੇ ਮਿਹਨਤ ਦੇ ਪਿੱਛੋਂ ਭਾਦਰੋਂ ਸੁਦੀ ਪਹਿਲੀ ਸੰਮਤ ੧੬੬੧ ਬਿ: ਮੁਤਾਬਕ ੧੬੦੪ ਈ: ਨੂੰ ਬੀੜ ਸੰਪੂਰਣ ਹੋਈ। ਫਿਰ ਗੁਰੂ ਜੀ ਨੇ ਅੰਤ ਵਿੱਚ ਮੁੰਦਾਵਣੀ ਲਿਖਕੇ ਆਪਣੀ ਮੋਹਰ ਲਾਈ।

ਰਾਗਮਾਲਾ :- ਇੱਕ ਆਲਮ ਨਾਮੇ ਮੁਸਲਮਾਨ ਕਵੀ ਨੇ ੯੯੧ ਹਿਜ਼ਰੀ, ਮੁਤਾਬਕ ੧੫੮੩ ਈ: ਵਿੱਚ 'ਮਾਧਵਨਲ ਸੰਗੀਤ' ਨਾਮੇ ਪੁਸਤਕ ੩੫੩ ਛੰਦਾਂ ਦੀ ਲਿਖੀ, ਜਿਸਦਾ ਆਮ ਤੌਰ ਤੇ ਹਰ ਇੱਕ ਛੰਦ ਚਾਰ ਤੋਂ ਲੈ ਕੇ ਛੇ ਸਤਰਾਂ ਦਾ ਹੈ।

ਇਸ ਪੁਸਤਕ ਵਿੱਚ ਮਾਧਵਾਨਲ ਅਤੇ ਇੱਕ ਇਸਤ੍ਰੀ ਕਾਮਕੰਦਲਾ ਦੀ ਪਰੀਤੀ ਦਾ ਸਮਾਚਾਰ ਹੈ। ਰਾਗਮਾਲਾ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿੱਚ ਲਿਖੀ ਹੋਈ ਹੈ ਅਤੇ ਇਸ ਵਿੱਚ ਰਾਗਾਂ, ਰਾਗਨੀਆਂ ਤੇ ਉਨ੍ਹਾਂ ਦੀਆਂ ਅੱਗੋਂ ਹੋਰ ਵੰਡਾਂ ਦੀ ਫਹਿਰਿਸਤ ਦਿੱਤੀ ਹੈ। ਇਹ ਰਾਗਮਾਲਾ ਆਲਮ ਦੀ ਲਿਖੀ ਪੁਸਤਕ ਦਾ ਇੱਕ ਹਿੱਸਾ ਹੈ ਜੋ ਉਸਦੇ ਛੰਦ ੬੩ਵੇਂ ਤੋਂ ਲੈ ਕੇ ੭੨ਵੇਂ ਤੀਕ ਹੈ।

ਇਹ ਸਮਝ ਨਹੀਂ ਆਉਂਦੀ ਕਿ ਇਹ ਰਾਗਮਾਲਾ, ਪਵਿੱਤਰ ਬੀੜ ਵਿੱਚ ਕਿਦਾਂ ਚੜ੍ਹਾਈ ਗਈ। ਰਾਗਮਾਲਾ ਵਿੱਚ ਲਿਖੇ ਰਾਗ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਨਾਲ ਨਹੀਂ ਮਿਲਦੇ।



www.AKJ.Org

# ਇਨਸਾਈਕਲੋਪੀਡੀਆ ਆਫ਼ ਸਿੱਖ ਇਜ਼ਮ

ਪੰਨਾ-੧੪੭ (ਸੰ : ਪ੍ਰੋਫੈਸਰ ਹਰਬੰਸ ਸਿੰਘ)

ਮੁੰਦਾਵਣੀ : (ਮੁਹਰ ਜਾਂ ਅੜਾਉਣੀ) ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਦਾ ਸ਼ਬਦ ਜਿਸ ਦੀ ਪਹਿਲੀ ਪ੍ਰਤੀ ਉਨ੍ਹਾਂ ਦੀ ਆਪਣੀ ਨਿਗਰਾਨੀ ਹੇਠ ਕਲਮ-ਬੱਧ ਕੀਤੀ ਗਈ, ਦੀ ਅੰਤਿਕਾ ਵਜੋਂ ਕੀਤੀ। ਇਸ ਸ਼ਬਦ ਦੇ ਦੋ ਭਾਗ ਹਨ, ਪਹਿਲੇ ਭਾਗ ਵਿੱਚ ਸੰਕਲਿਤ ਕੀਤੇ ਗਏ ਗ੍ਰੰਥ ਨੂੰ ਅਜਿਹੇ ਥਾਲ ਦੇ ਬਿੰਬ ਵਜੋਂ ਚਿਤਰਿਆ ਗਿਆ ਹੈ ਜਿਸ ਵਿੱਚ ਤਿੰਨ ਵਸਤਾਂ ਸਤਿ, ਸੰਤੋਖ ਅਤੇ ਵੀਚਾਰ, ਸਜਾਈਆਂ ਗਈਆਂ ਹਨ ਇਸ ਉਪਰੰਤ ਚੌਥੀ ਵਸਤੂ ਦਾ ਵਰਨਣ ਹੈ-ਅੰਮ੍ਰਿਤ ਨਾਮ ਜੋ ਸਭ ਦੀ ਆਧਾਰ ਵਸਤ ਹੈ। ਗੁਰੂ ਜੀ ਅਨੁਸਾਰ ਜੋ ਇਹ ਭੋਜਨ ਪ੍ਰਾਪਤ ਕਰਦਾ ਹੈ ਉਹ ਬਚ ਜਾਂਦਾ ਹੈ। ਇਹ ਗੱਲ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਇਹ ਅਜੇਹੀ ਵਸਤੂ ਹੈ ਜਿਸ ਦਾ ਤਿਆਗ ਕਰਨ ਯੋਗ ਨਹੀਂ। ਇੰਜ ਕਰਨ ਨਾਲ ਵਿਅਕਤੀ ਜਾਣ ਜਾਂਦਾ ਹੈ ਕਿ ਸਾਰਾ ਬ੍ਰਹਿਮੰਡ ਹੀ ਇੱਕੋ ਸਰਬੋਤਮ ਦਾ ਪਸਾਰਾ ਹੈ। ਦੂਜੇ ਭਾਗ ਵਿੱਚ ਇੱਕ ਸਲੋਕ ਰਾਹੀਂ ਧੰਨਵਾਦ ਕੀਤਾ ਗਿਆ ਹੈ। ਗੁਰੂ ਜੀ ਕ੍ਰਿਤਗਤਾ ਪ੍ਰਗਟਾਉਂਦੇ ਹੋਏ ਗਾਉਂਦੇ ਹਨ ਤੂੰ ਹੀ ਮੈਨੂੰ ਇਹ ਕਾਰਜ ਕਰਨ ਯੋਗ ਬਣਾਇਆ ਹੈ। ਮੇਰੇ ਮਾਲਕ ਮੈਨੂੰ ਤਾਂ ਤੇਰੀਆਂ ਬਖਸ਼ਸ਼ਾਂ ਦੀ ਸੀਮਾਂ ਦਾ ਵੀ ਗਿਆਨ ਨਹੀਂ। ਮੇਰੇ ਵਿੱਚ ਇੱਕ ਵੀ ਗੁਣ ਨਹੀਂ, ਮੈਂ ਨਿਰਗੁਣਿਆਰਾ ਹਾਂ। ਇਹ ਸਭ ਤਾਂ ਤੇਰੀ ਹੀ ਮਿਹਰ ਹੈ....।

ਮੁੰਦਾਵਣੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਹੀ ਅਭਿੰਨ ਭਾਗ ਹੈ ਅਤੇ ਇਸ ਪਵਿੱਤਰ ਗ੍ਰੰਥ ਦੇ ਸੰਪੂਰਨ ਪਾਠ ਹੋਣ ਤੇ ਸਦਾ ਹੀ ਪੜ੍ਹਿਆ ਜਾਂਦਾ ਹੈ। ਇਸ ਦਾ 'ਰਹਿਰਾਸ' ਜੋ ਸਿੱਖਾਂ ਦੀ ਸ਼ਾਮ ਦੀ ਨਿੱਤਨੇਮ ਬਾਣੀ ਹੈ ਦੇ ਭਾਗ ਵਜੋਂ ਵੀ ਪਾਠ ਕੀਤਾ ਜਾਂਦਾ ਹੈ।

ਵਿਦਵਾਨਾਂ ਨੇ ਸ਼ਬਦ ਮੁੰਦਾਵਣੀ ਦੇ ਵੱਖ-ਵੱਖ ਅਰਥ ਕੀਤੇ ਹਨ। ਕਈ ਇਸ ਦੇ ਅਰਥ ਬੁਝਾਰਤ ਜਾਂ ਅੜਾਉਣੀ ਵਜੋਂ ਕਰਦੇ ਹਨ ਕਿਉਂ ਜੋ ਪੋਠੋਹਾਰੀ ਪੰਜਾਬੀ ਵਿੱਚ ਇਹ ਸ਼ਬਦ ਅਜੇ ਵੀ ਇਨ੍ਹਾਂ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਆਪਣੇ ਮੱਤ ਦੀ ਪੁਸ਼ਟੀ ਲਈ ਉਹ ਗੁਰੂ ਅਮਰਦਾਸ ਜਾਂ ਤੀਜੇ ਗੁਰੂ ਨਾਨਕ ਦੀ ਇਹ ਤੁਕ ਸੁਣਾਉਂਦੇ ਹਨ : 'ਇਹੁ ਮੁੰਦਾਵਣੀ ਸਤਿਗੁਰੂ ਪਾਈ ਗੁਰਸਿੱਖਾਂ ਲਧੀ ਭਾਲ' ਗੁਰੂ ਨਾਨਕ ਨੇ ਇਹ ਬੁਝਾਰਤ ਪਾਈ ਗੁਰਸਿੱਖਾਂ ਨੇ ਇਸ ਨੂੰ ਬੁਝ ਲਿਆ ਹੈ (ਸ੍ਰੀ ਗੁਰੂ ਗ੍ਰੰਥ ਸਾਹਿਬ ੬੪੫) ਉਨ੍ਹਾਂ ਦੀ ਦਲੀਲ ਹੈ ਕਿ ਮੁੰਦਾਵਣੀ ਸ਼ਬਦ ਦੀ ਪਹਿਲੀ ਤੁਕ ਵਿੱਚ ਦੈਵੀ ਵਸਤੂਆਂ ਵੱਲ ਸੰਕੇਤ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਇਸ ਪਵਿੱਤਰ ਬਾਣੀ ਦਾ ਪਾਠ ਕਰ ਕੇ ਇਨ੍ਹਾਂ ਦੇ ਅਰਥ ਸਮਝਣ ਦਾ ਸੱਦਾ ਦਿੱਤਾ ਹੈ। ਵਧੇਰੇ ਪ੍ਰਚੱਲਿਤ ਅਰਥ ਵਿੱਚ ਮੁੰਦਾਵਣੀ ਗੁਰੂ ਅਰਜਨ ਦੇਵ ਜੀ ਦੀ ਮੁਹਰ ਦੇ ਰੂਪ ਵਿੱਚ ਸਮਝੀ ਜਾਂਦੀ ਹੈ। ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਸਮੇਂ ਆਪਣੀ



www.AKJ.Org

ਮੋਹਰ ਵਜੋਂ ਮੁੰਦਾਵਣੀ ਵਰਤ ਕੇ ਇਸ ਨੂੰ ਸੀਲ ਬੰਦ ਕਰ ਦਿੱਤਾ। ਇਹ ਸੀਲ ਗ੍ਰੰਥ ਵਿੱਚ ਦਰਜ ਬਾਣੀ ਦੀ ਪ੍ਰਮਾਣੀਕਤਾ ਦੀ ਗਵਾਹੀ ਦੇਂਦੀ ਹੈ ਅਤੇ ਇਸ ਦਾ ਭਾਵ ਸ਼ਾਇਦ ਹੋਰ ਅਣਚਾਹੇ ਵਾਧੇ ਰੋਕਣ ਲਈ ਵੀ ਅੰਤਿਕਾ ਵਜੋਂ ਕੀਤਾ ਗਿਆ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ (**ਗੁਰਬਚਨ ਸਿੰਘ ਤਾਲਿਬ**)

ਮੁੰਦਾਵਣੀ : ਪੰਨਾ ੨੮੫੪

ਫੁੱਟ ਨੋਟ :- ਮੁੰਦਾਵਣੀ ਦਾ ਭਾਵ ਸੀਲ ਜਾਂ ਮੋਹਰ ਹੈ। ਇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਜਿਹੇ ਮੁਹਰ ਬੰਦ ਥਾਲ ਦੇ ਰੂਪ ਵਿੱਚ ਚਿਤਰਿਆ ਹੈ ਜੋ ਉਸ ਸਮੇਂ ਸ਼ਾਹੀ ਦਰਬਾਰਾਂ ਵਿੱਚ ਪੇਸ਼ ਕਰਨ ਦਾ ਰਿਵਾਜ ਸੀ। ਥਾਲ ਦੇ ਬਿੰਬ ਦੇ ਸਮਰਥਨ ਵਿੱਚ ਹੀ 'ਖਾਵੈ' ਅਤੇ 'ਭੁੰਚੈ' ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। **ਪਾਵਨ ਗ੍ਰੰਥ ਦੇ ਅੰਤ ਵਿੱਚ ਆਈ ਇਹ ਰਚਨਾ ਸਮਾਪਤੀ ਦੀ ਸੀਲ ਹੀ ਹੈ।** ਮੁੰਦਾਵਣੀ ਦਾ ਇੱਕ ਹੋਰ ਅਰਥ ਅੜਾਉਣੀ ਜਾਂ ਬੁਝਾਰਤ ਹੈ। ਇਹ ਥਾਲ ਕੀ ਹੈ ਅਤੇ ਇਸ ਵਿੱਚ ਕੀ ਹੈ ? ਇਹ ਰਹੱਸ ਇਸੇ ਸ਼ਬਦ ਵਿੱਚ ਖੋਲ੍ਹਿਆ ਗਿਆ ਹੈ।

ਪੰਨਾ - ੨੮੫੫ ਰਾਗਮਾਲਾ

ਫੁੱਟ ਨੋਟ :- ਇਹ ਕਵੀ ਆਲਮ ਰਚਿਤ ਪ੍ਰੇਮ ਕਥਾ 'ਮਾਧਵਾਨਲ ਕਾਮਕੰਦਲਾ' ਵਿੱਚੋਂ ਲਈ ਗਈ ਸੰਗੀਤ ਤਾਲਾਂ ਦੀ ਸੂਚੀ ਹੈ ਪਰ ਇਸ ਸੂਚੀ ਵਿਚਲਾ ਤਤਕਰਾ ਪਾਵਨ ਗ੍ਰੰਥ ਸਾਹਿਬ ਦੇ ਮੂਲ ਪਾਠ ਵਿੱਚ ਉਪਲਬਧ ਸੰਗੀਤ ਧੁਨਾਂ ਨਾਲ ਮੇਲ ਨਹੀਂ ਖਾਂਦਾ। **ਰਾਗਮਾਲਾ ਗੁਰਬਾਣੀ ਨਹੀਂ ਹੈ।**

## ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਰੂਪ
## (ਡਾ. ਗੋਪਾਲ ਸਿੰਘ)

ਗੁਰੂ ਗ੍ਰੰਥ ਸਾਹਿਬ ਜੀ ਦਾ ਜਿਹੜਾ ਅੰਗਰੇਜ਼ੀ ਅਨੁਵਾਦ ਡਾ. ਗੋਪਾਲ ਸਿੰਘ ਜੀ ਨੇ ਵੀ ਕੀਤਾ, ਉਸ ਵਿੱਚ ਮੁੰਦਾਵਣੀ ਅਤੇ ਰਾਗਮਾਲਾ ਬਾਰੇ ਇਸ ਤਰ੍ਹਾਂ ਲਿਖਿਆ ਹੈ :

ਮੁੰਦਾਵਣੀ ਮ: ੫ - ਸ਼ਬਦਾਰਥ ਇਕ ਅੜਾਉਣੀ ਜਾਂ ਬੁਝਾਰਤ। ਕੁਝ ਵਿਦਵਾਨਾਂ ਨੇ ਇਸ ਦਾ ਅਰਥ ਸੀਲ ਜਾਂ ਮੋਹਰ ਵੀ ਕੀਤਾ ਹੈ। ਸੀਲ ਪੁਸਤਕ ਦੇ ਅੰਤ ਵਿੱਚ ਇਸ ਲਈ ਲਗਾਈ ਗਈ ਕਿ ਇਸ ਤੋਂ ਪਿੱਛੋਂ ਕੋਈ ਅਦਲਾ ਬਦਲੀ ਨਾ ਕੀਤੀ ਜਾ ਸਕੇ। (ਪੰਨਾ ੧੩੫੧)



www.AKJ.Org

ਇਸ ਤੋਂ ਇਲਾਵਾ **ਸ੍ਰ: ਮਨਮੋਹਨ ਸਿੰਘ** ਦੇ ਅਨੁਵਾਦ ਵਿੱਚ ਵੀ ਮੁੰਦਾਵਣੀ ਦੇ ਅਰਥ ਮੋਹਰ ਛਾਪ ਹੀ ਕੀਤੇ ਹੋਏ ਹਨ। ਹਵਾਲੇ ਲਈ ਦੇਖੋ (ਪੰਨਾ ੪੭੨੫, ਸੈਂਚੀ ਨੰ: ੮, ਪ੍ਰਕਾਸ਼ਕ-ਮਨਜੀਤ ਪ੍ਰਿੰਟਿੰਗ ਐਂਡ ਪਬਲਿਸ਼ਰ ਕੰਪਨੀ ੧੭੧, ਇੰਡਸਟਰੀਅਲ ਏਰੀਆ, ਚੰਡੀਗੜ੍ਹ)



www.AKJ.Org

# ਸੰਗੀਤਗਯ ਵਿਦਵਾਨਾਂ ਦੀ ਨਜ਼ਰ ਵਿਚ ਰਾਗਮਾਲਾ

ਪ੍ਰਿ. ਦਿਆਲ ਸਿੰਘ, ਸੰਗੀਤ ਵਿਦਿਆਲਾ, ਰਕਾਬਗੰਜ (ਨਵੀਂ ਦਿੱਲੀ) ਵਾਲਿਆਂ ਦੇ ਰਾਗਮਾਲਾ ਬਾਰੇ ਵਿਚਾਰ :-

ਰਾਗਮਾਲਾ ਤੇ ਭਾਰਤੀ ਸੰਗੀਤ

ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖੇ ਇਕੱਤੀ ਰਾਗ, ਸਤਾਰਾਂ ਘਰ ਤੇ ਰਾਗਮਾਲਾ ਬਾਰੇ ਸਾਡੇ ਸਿੱਖ ਵਿਦਵਾਨਾਂ ਨੇ ਆਪੋ ਆਪਣੇ ਵਿਚਾਰ ਲਿਖੇ ਹਨ। ਪਰ ਬਹੁਤਾ ਮੱਤ-ਭੇਦ ਰਾਗਮਾਲਾ ਸਬੰਧੀ ਰਿਹਾ ਹੈ ਅਤੇ ਹੁਣ ਵੀ ਹੈ।

ਰਾਗਮਾਲਾ, ਘਰ ਤੇ ਰਾਗ ਇਹ ਤਿੰਨੇ ਵਿਸ਼ਯ ਸੰਗੀਤ ਨਾਲ ਸਬੰਧ ਰੱਖਦੇ ਹਨ, ਇਨ੍ਹਾਂ ਵਿਸ਼ਯਾਂ ਤੇ ਉਹ ਵਿਦਵਾਨ ਹੀ ਲਿਖ ਸਕਦੇ ਹਨ, ਜਿਹੜੇ ਆਪ ਰਾਗ ਵਿੱਦਿਆ ਦੇ ਚੰਗੇ ਜਾਣੂ ਤੇ ਸੰਗੀਤ ਸ਼ਾਸਤਰ ਦੇ ਨਿਯਮ ਵੀ ਜਾਣਦੇ ਹੋਣ।

ਸੰਗੀਤ ਬਹੁਤ ਬਾਰੀਕ ਤੇ ਕੋਮਲ ਹੁਨਰ ਹੈ। ਇਸ ਵਿੱਦਿਆ ਨੂੰ ਘੱਟੋ-ਘੱਟ ਅੱਠ-ਦਸ ਸਾਲ ਪਹਿਲਾਂ ਕਿਸੇ ਚੰਗੇ ਉਸਤਾਦ ਤੋਂ ਸਿੱਖੇ ਅਰ ਸੰਗੀਤ ਸ਼ਾਸਤਰਾਂ ਦੀ ਘੋਖ ਕਰੇ ਤਾਂ ਕਿਸੇ ਰਾਗ ਜਾਂ ਤਾਲ ਦੀ ਕੁਝ ਸਮਝ ਪੈਂਦੀ ਹੈ। ਐਵੇਂ ਦੋ ਚਾਰ ਸੰਗੀਤ ਪੁਸਤਕਾਂ ਪੜ੍ਹ ਕੇ ਜਾਂ ਕਿਸੇ ਰਾਗੀ-ਰਬਾਬੀ ਤੋਂ ਪੁੱਛ-ਗਿੱਛ ਕਰਕੇ ਰਾਗ ਸਬੰਧੀ ਚਰਚਾ ਛੇੜਨੀ ਜਾਂ ਲਿਖਣਾ ਆਪਣੀ ਬੇਸਮਝੀ ਜ਼ਾਹਰ ਕਰਨ ਵਾਲੀ ਗੱਲ ਹੈ। ਭਾਵੇਂ ਮੈਂ ਵਿਦਵਾਨ ਜਾਂ ਲਿਖਾਰੀ ਨਹੀਂ ਪਰ ਸੰਗੀਤ ਵਿੱਦਿਆ ਨੂੰ ਬਕਾਇਦਾ ਸਿੱਖਿਆ ਹੈ ਅਤੇ ਕਾਫ਼ੀ ਸਮੇਂ ਤੋਂ ਸੰਗੀਤ ਦੀ ਸਿੱਖਿਆ ਦੇ ਰਿਹਾ ਹਾਂ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਟੀਕਾ ਕਰਨ ਵਾਲਿਆਂ ਨੇ ਰਾਗਮਾਲਾ ਬਾਰੇ ਅਜੀਬੋ-ਗਰੀਬ ਉਥਾਨਕਾਂ ਲਿਖੀਆਂ ਹਨ। ਜਦੋਂ ਉਨ੍ਹਾਂ ਨੂੰ ਪੜ੍ਹੀਦਾ ਹੈ ਤਾਂ ਦੁੱਖ ਵੀ ਹੁੰਦਾ ਹੈ ਤੇ ਹੈਰਾਨੀ ਵੀ। ਕਿਉਂਕਿ ਜੋ ਕੁਝ ਉਨ੍ਹਾਂ ਲਿਖਿਆ ਹੈ, ਉਸ ਤੋਂ ਇਹ ਅਨੁਮਾਨ ਲਾਉਣਾ ਪੈਂਦਾ ਹੈ ਕਿ ਉਹ ਸੰਗੀਤ ਵਿੱਦਿਆ ਦੇ ਉੱਕੇ ਹੀ



www.AKJ.Org

ਜਾਣੂ ਨਹੀਂ ਸਨ। ਟੂਕ ਮਾਤ੍ਰ ਇੱਕ ਉਦਾਹਰਨ ਉਨ੍ਹਾਂ ਵਿੱਚੋਂ ਇੱਥੇ ਦਿੰਦਾ ਹਾਂ। ਫ਼ਰੀਦਕੋਟ ਦੇ ਟੀਕੇ ਵਿੱਚ ਲਿਖਿਆ ਹੈ :

ਜਬ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਬੀੜ ਕਰ ਚੁੱਕੇ ਤੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾ ਭੋਗ ਸੁਨ ਕਰ ੬ ਰਾਗ ੩੦ ਰਾਗਨੀ ੪੮ ਪੁਤ੍ਰ, ਸਭ ਪਰਿਵਾਰ ਸਮੇਤ ਦਰਸ਼ਨ ਕੋ ਆਏ ਔਰ ਕੀਰਤਨ ਕਰ ਬੇਨਤੀ ਪੂਰਬਕ ਬੋਲੇ ਕਿ ਹੇ ਕ੍ਰਿਪਾ ਸਿੰਧ ਜੀ ਹਮ ਸਭ ਕੇ ਵਕਤ ਕਾ ਕੈਸੇ ਨਿਰਣੈ ਹੋਗਾ। ਤਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਕੋ ਆਗਿਆ ਕਰੀ ਕਿ ਜੈਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਆਦਿ ਮੇਂ ਸ਼ਬਦੋਂ ਕਾ ਸੂਚੀ ਪੁਤ੍ਰ ਲਿਖਾ ਹੈ ਤਿਸੀ ਭਾਂਤ ਰਾਗੋਂ ਕਾ ਸੂਚੀਪਤ੍ਰ ਮੰਗਲ ਰੂਪ ਮੇਂ ਲਿਖੋ। ਤਬ ਭਾਈ ਗੁਰਦਾਸ ਜੀ ਨੇ ਏਹੀ ਛੇ ਰਾਗ ਔਰ ਤੀਸ ਰਾਗਨੀ ਅਠਤਾਲੀਸ ਪੁਤ੍ਰ ਜੋ ਆਏ ਥੇ ਰਾਗਮਾਲਾ ਰਖੀ ਹੈ।

ਸਾਡੇ ਹੋਰ ਵੀ ਕਈ ਟੀਕਾ ਕਰਨ ਵਾਲਿਆਂ ਤੇ ਇਤਿਹਾਸਕਾਰਾਂ ਨੇ ਅਜਿਹੀਆਂ ਹਾਸੋ-ਹੀਣੀਆਂ ਗੱਲਾਂ ਲਿਖੀਆਂ ਹਨ। ਜਿਨ੍ਹਾਂ ਦਾ ਕੋਈ ਸਿਰਪੈਰ ਨਹੀਂ। ਸੋ, ਮੇਰੇ ਭਾਈ ਗੁਰਸਿੱਖ ਪ੍ਰੇਮੀਓ। ਉਹ ਸਮਾਂ ਹੁਣ ਲੰਘ ਗਿਆ ਜਦੋਂ ਕਿਸੇ ਗੁਣੀ ਗਿਆਨੀ ਦੀ ਕਹੀ ਜਾਂ ਲਿਖੀ ਬਾਤ ਨੂੰ ਲੋਕੀਂ ਸੱਤ ਬਚਨ ਕਹਿ ਕੇ ਮੰਨ ਲੈਂਦੇ ਸਨ। ਮੌਜੂਦਾ ਸਮੇਂ ਦੇ ਪੜ੍ਹੇ ਲਿਖੇ ਵੀਚਾਰਵਾਨ ਬੰਦੇ ਕੋਈ ਠੋਸ ਗੱਲ ਚਾਹੁੰਦੇ ਹਨ, ਜਿਸ ਵਿੱਚ ਵਜ਼ਨ ਹੋਵੇ, ਦਲੀਲ ਹੋਵੇ।

ਉਪਰੋਕਤ ਇਨ੍ਹਾਂ ਸਾਰੀਆਂ ਗੱਲਾਂ ਨੂੰ ਵੀਚਾਰ ਕੇ ਮੈਂ ਪਹਿਲਾਂ ਰਾਗਮਾਲਾ ਸਬੰਧੀ ਆਪਣੇ ਵੀਚਾਰ ਲਿਖਣ ਲੱਗਾ ਹਾਂ। ਜੋ ਕੁਝ ਮੈਂ ਲਿਖਾਂਗਾ ਉਸ ਦਾ ਇਹ ਭਾਵ ਨਹੀਂ ਕਿ ਮੈਂ ਰਾਗਮਾਲਾ ਪੜ੍ਹਦਾ ਨਹੀਂ ਜਾਂ ਇਸ ਨੂੰ ਠੀਕ ਨਹੀਂ ਸਮਝਦਾ। ਪਰ ਕੁਝ ਬਾਰੀਕ ਸੰਗੀਤਕ ਗੱਲਾਂ ਐਸੀਆਂ ਹਨ ਜਿਨ੍ਹਾਂ ਨੂੰ ਅੱਜ ਕੱਲ੍ਹ ਦੇ (ਗਾਇਕ) ਰਾਗੀ ਤੇ ਸੰਗੀਤ ਸਾਸ਼ਤ੍ਰ ਦੇ ਨਿਯਮਾਂ ਨੂੰ ਜਾਨਣ ਵਾਲੇ ਬੰਦੇ ਨਹੀਂ ਮੰਨਦੇ। ਉਨ੍ਹਾਂ ਨੂੰ ਸਮਝਾਉਣ ਲਈ ਤੇ ਗੁਰਬਾਣੀ ਦਾ ਟੀਕਾ ਕਰਨ ਵਾਲਿਆਂ ਦੀ ਗਿਆਤ ਵਾਸਤੇ ਇਹ ਲਿਖ ਰਿਹਾ ਹਾਂ ਤਾਂ ਜੋ ਅੱਗੋਂ ਮੱਖੀ ਤੇ ਮੱਖੀ ਮਾਰਨ ਦੀ ਆਦਤ ਛੱਡ ਦੇਣ।

ਇਸ ਲੇਖ ਨੂੰ ਪ੍ਰਸ਼ਨ ਉੱਤਰ ਦੀ ਵਿਧੀ ਅਨੁਸਾਰ ਲਿਖਣ ਦਾ ਯਤਨ ਕੀਤਾ ਹੈ। ਇੰਝ ਪਾਠਕਾਂ ਦੇ ਸ਼ੰਕੇ ਵੀ ਨਵਿਰਤ ਹੁੰਦੇ ਜਾਣਗੇ ਅਤੇ ਉਪਰੋਕਤ ਸਾਰੀ ਕਹਾਣੀ ਵੀ ਸਮਝ ਆ ਜਾਵੇਗੀ।

ਪ੍ਰਸ਼ਨ :- ਰਾਗ ਦੀ ਉਤਪਤੀ ਕਿਵੇਂ ਹੋਈ, ਇਸ ਦਾ ਥੋੜ੍ਹਾ ਪਿਛੋਕੜ ਦੱਸਣ ਦੀ ਖੇਚਲ ਕਰੋਗੇ ?

ਉੱਤਰ :- ਸੰਗੀਤ ਵਿੱਦਿਆ ਦਾ ਬੜਾ ਪੁਰਾਣਾ ਇਤਿਹਾਸ ਹੈ ਅਤੇ ਇਸ ਸਬੰਧੀ ਕੁਝ ਵਿਦਵਾਨਾਂ ਦੇ ਮੱਤ-ਭੇਦ ਵੀ ਹਨ। ਪਰ ਕਿਹਾ ਜਾਂਦਾ ਹੈ ਕਿ ਈਸਾ



www.AKJ.Org

ਤੋਂ ਦੋ ਹਜ਼ਾਰ ਸਾਲ ਪਹਿਲਾਂ ਸੰਗੀਤ ਵਿੱਚ ਸਾ, ਗਾ, ਪਾ, ਇਨ੍ਹਾਂ ਸੁਰਾਂ ਤੇ ਵੇਦ ਮੰਤ੍ਰ ਗਾਏ ਜਾਂਦੇ ਸਨ। ਫਿਰ ਇੱਕ-ਇੱਕ ਕਰਕੇ ਸੁਰ ਵਧਦੇ ਗਏ। ਇੰਝ ਸੱਤ ਸੁਰ ਹੋਏ ਅਰ ਵੈਦਿਕ ਕਾਲ ਵਿੱਚ (ਸਾਮਾਮਾਨ) ਆਰੰਭ ਹੋਇਆ। ਭਾਵ, ਸ਼ਾਮਵੇਦ ਮੰਤ੍ਰਾਂ ਨੂੰ ਗਾਉਣਾ। ਉਸ ਤੋਂ ਬਾਅਦ ਸਹਿਜੇ ਸਹਿਜੇ ਰਾਗਾਂ ਦੀ ਉਤਪਤੀ ਆਰੰਭ ਹੋਈ।

ਭਾਰਤ ਦਾ ਨਾਟਯ ਸਾਸ਼ਤ੍ਰ ਈਸਾ ਦੇ ਆਸ-ਪਾਸ ਹੀ ਲਿਖਿਆ ਗਿਆ ਸੀ, ਉਸ ਵਿੱਚ ਸੁਰਤਿ ਰਾਗ, ਜਾਤੀ, ਅਲੰਕਾਰ ਮੂਰਛਨਾ ਆਦਿ ਦਾ ਵਰਣਨ ਹੈ। ਅੱਠਵੀਂ ਸਦੀ ਵਿੱਚ ਮਤੰਗ ਦਾ (ਬਹੁਦੇਸੀ) ਸੰਗੀਤ ਲਿਖਿਆ ਮਿਲਦਾ ਹੈ। ਉਸ ਵਿੱਚ (ਰਾਗ) ਸ਼ਬਦ ਦਾ ਜ਼ਿਕਰ ਹੈ। ਉਸ ਸਮੇਂ ਪੰਡਿਤ ਨਾਰਦ ਕ੍ਰਿਤ (ਸੰਗੀਤ ਮਦਰੰਦ) ਵਿੱਚ ਰਾਗ-ਰਾਗਨੀ ਦੀ ਕਲਪਨਾ (ਮਨੁੱਖ ਰਾਗ ਤੇ ਇਸਤਰੀ ਰਾਗਣੀ) ਪਹਿਲੀ ਵਾਰ ਕੀਤੀ ਗਈ। ਕਿਹਾ ਜਾਂਦਾ ਹੈ ਕਿ ਅੱਗੋਂ ਇਸੇ ਦੇ ਆਧਾਰ ਤੇ ਗ੍ਰੰਥ ਲਿਖਣ ਵਾਲਿਆਂ ਨੇ ਰਾਗ-ਰਾਗਨੀ ਵਰਗ ਬਣਾਏ।

ਪ੍ਰਸ਼ਨ :- ਰਾਗ-ਰਾਗਨੀ ਵਰਗ ਕਿਸ ਨੂੰ ਕਹਿੰਦੇ ਹਨ ?

ਉੱਤਰ :- ਸੰਗੀਤ ਸਾਸ਼ਤ੍ਰ ਅਨੁਸਾਰ ਇੱਕ ਸਪਤਕ ਵਿੱਚ ਬਾਰਾਂ (੧੨) ਸੁਰ ਹੁੰਦੇ ਹਨ। ਇਨ੍ਹਾਂ ਬਾਰਾਂ ਸੁਰਾਂ ਤੋਂ ਹੀ ਵਿਦਵਾਨ ਗਾਇਕ ਰਾਗਾਂ ਦੀ ਰਚਨਾ ਕਰਦੇ ਹਨ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ- ਕਿ ਰਾਗ ਕਿਸੇ ਦੇਵੀ-ਦੇਵਤੇ ਨੇ ਨਹੀਂ ਬਣਾਏ ਅਤੇ ਨਾ ਹੀ ਇਹ ਰੂਪਧਾਰ ਕੇ ਆਉਣ ਵਾਲੀਆਂ ਰੂਹਾਂ ਹਨ, ਨਾ ਇਹ ਆਪ ਗਾਉਂਦੇ ਹਨ, ਨਾ ਵੇਖਦੇ ਹਨ ਅਤੇ ਨਾ ਹੀ ਸੁਣਦੇ ਹਨ। ਬਾਰਾਂ ਸੁਰਾਂ ਤੋਂ ਮੈਂ ਦੱਸ ਰਿਹਾ ਸੀ, ਕਿ ਬਾਰਾਂ ਸੁਰਾਂ ਤੋਂ ਰਾਗਾਂ ਦੀ ਰਚਨਾ ਪਹਿਲਾਂ ਵੀ ਗਾਇਕ (ਸੰਗੀਤਾਚਾਰਯ) ਕਰਦੇ ਸਨ। ਜਿਵੇਂ ਤਾਨਸੈਨ ਨੇ ਵੀ ਕਈ ਪ੍ਰਕਾਰ ਦੇ ਰਾਗ ਬਣਾਏ-ਮੀਏਂ ਕੀ ਟੋਡੀ, ਮੀਏਂ ਕੀ ਸਾਰੰਗ, ਮੀਏਂ ਕੀ ਮਲਾਰ ਤੇ ਦਰਬਾਰੀ ਕਾਨੜਾ ਆਦਿ। ਇੰਜ ਹੀ ਜੋਨਪੁਰੀ, ਮੁਲਤਾਨੀ, ਬਹਾਦਰੀ ਟੋਡੀ, ਬਿਲਾਸਖਾਨੀ, ਟੋਡੀ, ਸੂਰਦਾਸੀ ਮਲਾਰ ਆਦਿ। ਮੇਰੇ ਕਹਿਣ ਦਾ ਭਾਵ ਹੈ ਕਿ ਸਭ ਰਾਗ ਪਹਿਲਾਂ ਵੀ ਕਲਾਕਾਰ ਹੀ ਬਣਾਉਂਦੇ ਸਨ ਅਤੇ ਅੱਜ-ਕੱਲ੍ਹ ਵੀ ਨਵੇਂ ਤੋਂ ਨਵੇਂ ਰਾਗ ਗਾਇਕ ਬਣਾ ਰਹੇ ਹਨ। ਪੁਰਾਣੇ ਰਾਗਾਂ ਵਿੱਚੋਂ ਹੁਣ ਬਹੁਤ ਸਾਰੇ ਰਾਗ ਖ਼ਤਮ ਹੋ ਗਏ ਅਤੇ ਉਨ੍ਹਾਂ ਦੀ ਥਾਂ ਨਵੇਂ ਰਾਗ ਪ੍ਰਚੱਲਤ ਹੋ ਗਏ ਹਨ।

ਸ਼ੁਰੂ ਵਿੱਚ ਕੁਝ ਗਿਣਤੀ ਦੇ ਹੀ ਰਾਗ ਸਨ, ਪਰ ਸਮੇਂ ਅਨੁਸਾਰ ਜਦੋਂ ਰਾਗਾਂ ਦੀ ਗਿਣਤੀ ਬਹੁਤ ਵਧ ਗਈ ਤਾਂ, ਰਾਗਾਂ ਨੂੰ ਸਮਝਣ ਲਈ ਰਾਗ ਵਰਗ ਬਣਾਏ। ਜਿਸ ਨੂੰ ਅੱਜ-ਕੱਲ੍ਹ ਠਾਟ ਜਾਂ ਮੇਲ ਕਹਿੰਦੇ ਹਨ। ਭਾਵ-ਪੁਰਾਤਨ ਸਮੇਂ ਵਿੱਚ ਵੱਖੋ-ਵੱਖ ਸੁਰਾਂ ਤੋਂ ਬਣਨ ਵਾਲੇ ਸੰਪੂਰਨ ਜਾਤੀ ਦੇ ਛੇ ਰਾਗਾਂ ਨੂੰ ਮੁਖੀ (ਠਾਟ) ਮੰਨ ਕੇ ਜਿਸ ਦੀਆਂ ਸੁਰਾਂ ਤੋਂ ਜਿਹੜੇ ਰਾਗ ਮਿਲਾ ਕੇ ਬਣਦੇ ਸਨ, ਉਨ੍ਹਾਂ ਨੂੰ ਉਸ ਵਰਗ ਵਿੱਚ ਸ਼ਾਮਲ ਕਰਕੇ ਵਿਦਵਾਨਾਂ ਨੇ ਸੰਗੀਤ ਗ੍ਰੰਥ ਲਿਖੇ। ਇਸੇ ਨੂੰ ਹੀ ਰਾਗ ਵਰਗ



www.AKJ.Org

ਕਹਿੰਦੇ ਹਨ।

ਗਿਆਰਵੀਂ ਬਾਰ੍ਹਵੀਂ, ਸਦੀ ਵਿੱਚ ਗੰਭੀਰ ਪਰਕ੍ਰਿਤੀ ਦੇ ਰਾਗਾਂ ਨੂੰ ਰਾਗ, ਕੋਮਲ ਤੇ ਸ਼ਿੰਗਾਰ ਰਸ ਵਾਲੇ ਰਾਗਾਂ ਨੂੰ ਰਾਗਨੀ ਦੀ ਕਲਪਨਾ ਕੀਤੀ ਗਈ ਹੈ। ਭਾਵ-ਰਾਗ ਪਿਤਾ, ਰਾਗਨੀ ਮਾਤਾ ਉਸ ਤੋਂ ਅੱਗੋਂ ਪੁੱਤਰ, ਪੁਤ੍ਰ-ਵਧੂ, ਧੀਆਂ ਆਦਿ। ਇਸ (ਪ੍ਰਵਾਰ ਵਰਗ) ਰਾਗ ਵਰਗ ਦੇ ਅਨੁਸਾਰ ਜਿਨ੍ਹਾਂ-ਜਿਨ੍ਹਾਂ ਵਿਦਵਾਨ ਪੰਡਿਤਾਂ ਨੇ ਸੰਗੀਤ ਗ੍ਰੰਥ ਲਿਖੇ ਅੱਗੋਂ ਉਨ੍ਹਾਂ ਦੇ ਨਾਮ ਤੋਂ ਸੰਗੀਤ ਮੱਤ ਪ੍ਰਚੱਲਤ ਹੋ ਗਏ। ਜਿਵੇਂ ਸ਼ਿਵਮਤ* ਜਾਂ ਸੋਮੇਸ਼ਵਰ ਪੰਡਿਤ ਤੋਂ ਸੋਮੇਸ਼ਵਰ ਮੱਤ, (੨) ਕਿਸ਼ਨ ਮੱਤ ਜਾਂ ਕਲਿਨਾਥ ਪੰਡਿਤ ਤੋਂ ਕਲਿਨਾਥ ਮੱਤ, ਭਰਤ ਮੱਤ ਤੇ ਹਨੂੰਵੰਤ ਮੱਤ।

ਪ੍ਰਸ਼ਨ :- ਰਾਗ ਵਰਗ ਤਾਂ ਅਸੀਂ ਸਮਝ ਲਿਆ। ਹੁਣ ਤੁਸੀਂ ਦੱਸੋ ਕਿ ਮਨੁੱਖ ਜਾਂ ਇਸਤ੍ਰੀ ਸਰੀਰ ਵਾਂਗ ਇਨ੍ਹਾਂ ਰਾਗ ਰਾਗਨੀਆਂ ਦੇ ਕੋਈ ਸੂਖਮ ਸਰੀਰ ਜਾਂ ਰੂਪ ਹੁੰਦੇ ਹਨ ?

ਉੱਤਰ :- ਗੁਰਮੁਖੋ! ਰਾਗ ਜਾਂ ਰਾਗਨੀ ਦਾ ਨਾ ਰੂਪ ਹੈ ਨਾ ਰੰਗ, ਅਤੇ ਨਾ ਹੀ ਮਰਦ-ਇਸਤ੍ਰੀ ਵਾਂਗ ਸਰੀਰ ਹੈ, ਚੰਗਾ ਗਾਉਣ ਬਜਾਉਣ ਵਾਲਾ ਜਦੋਂ ਆਪਣੀ ਮਸਤੀ ਵਿੱਚ ਰਾਗ ਅਲਾਪਦਾ ਹੈ ਤਾਂ, ਉਸ ਦੀ ਮਧੁਰ ਆਵਾਜ਼ ਦਾ ਸਰੋਤਿਆਂ ਅਰ ਆਸ-ਪਾਸ ਦੇ ਵਾਤਾਵਰਨ ਉੱਤੇ ਪ੍ਰਭਾਵ ਜ਼ਰੂਰ ਪੈਂਦਾ ਹੈ। ਪਰ ਇਹ ਅਸਰ ਜਾਂ ਪ੍ਰਭਾਵ ਕਿਸੇ ਰਾਗ ਦੀਆਂ ਸੁਰਾਂ ਦਾ ਨਹੀਂ। ਸਗੋਂ, ਗਾਉਣ ਵਾਲੇ ਦੀ ਮਧੁਰ ਆਵਾਜ਼ ਜਾਂ ਸੁਰੀਲੇ ਸਾਜ ਵਿੱਚੋਂ ਸੰਗੀਤਮਈ ਨਿਕਲੀ ਮਿੱਠੀ ਧੁਨਿ ਦਾ ਚਮਤਕਾਰ ਹੁੰਦਾ ਹੈ।

ਪ੍ਰਸ਼ਨ :- ਕਈ ਪ੍ਰਾਚੀਨ ਸੰਗੀਤ ਗ੍ਰੰਥਾਂ ਵਿੱਚ ਅਸਾਂ ਰਾਗਾਂ ਦੇ ਅਲੰਕਾਰ ਪੜ੍ਹੇ ਹਨ, ਉਨ੍ਹਾਂ ਵਿੱਚ ਰਾਗਾਂ ਦੀ ਰੂਪ-ਰੇਖਾ ਇੰਜ ਬਯਾਨ ਕੀਤੀ ਹੈ, ਜਿਵੇਂ ਉਹ ਖੜੋਤੇ ਜਾਂ ਬੈਠੇ ਗਾ ਬਜਾ ਰਹੇ ਹੋਣ। ਪਰ ਤੁਸੀਂ ਦੱਸ ਰਹੇ ਹੋ ਕਿ ਇਨ੍ਹਾਂ ਦਾ ਕੋਈ ਰੰਗ-ਰੂਪ ਹੀ ਨਹੀਂ ਹੁੰਦਾ, ਇਹ ਕਿਵੇਂ ਹੋ ਸਕਦਾ ਹੈ, ਥੋੜ੍ਹਾ ਇਸ ਨੂੰ ਸਮਝਾਓ ?

ਉੱਤਰ :- ਤੁਸੀਂ ਠੀਕ ਆਖਦੇ ਹੋ। ਪ੍ਰਾਚੀਨ ਗ੍ਰੰਥਾਂ ਵਿੱਚ ਇੰਝ ਹੀ ਲਿਖਿਆ ਹੈ। ਇੱਕ ਉਰਦੂ ਦੀ ਸੰਗੀਤ ਪੁਸਤਕ (ਕਾਨੂੰਨ ਮੋਸੀਕੀ) ਵਿੱਚ ਤਾਂ ਛੇ ਰਾਗ ਤੀਹ ਰਾਗਣੀਆਂ ਦੀਆਂ ਤਸਵੀਰਾਂ ਮੈਂ ਵੀ ਦੇਖੀਆਂ ਹਨ। ਹੋਰ ਵੀ ਕਈ ਸੰਗੀਤ ਗ੍ਰੰਥ ਪੰਦਰਵੀਂ ਸੋਲਵੀਂ ਸਦੀ ਦੇ ਲਿਖੇ ਮਿਲਦੇ ਹਨ, ਜਿਨ੍ਹਾਂ ਵਿੱਚ ਰਾਗਾਂ ਨੂੰ ਦੇਵੀ-ਦੇਵਤਿਆਂ ਦੇ ਰੂਪ ਵਿੱਚ ਯਾਦ ਕੀਤਾ ਗਿਆ ਹੈ। ਉਨ੍ਹਾਂ ਨੂੰ ਪੜ੍ਹਕੇ ਆਰਟਿਸਟ ਹੁਣ ਵੀ ਚੰਗੀ ਤਸਵੀਰ ਬਣਾ ਸਕਦਾ ਹੈ। ਜਿਵੇਂ :- ਸੰਸਕ੍ਰਿਤ ਦਾ ਵਿਦਵਾਨ ਪੰਡਿਤ ਦਮੋਦਰ (ਸੰਗੀਤ ਦਰਪਣ) ਵਿੱਚ ਸ੍ਰੀ ਰਾਗ ਬਾਰੇ ਲਿਖਦਾ ਹੈ :-

'ਸਿਰੀ ਰਾਗ ਮੇਂ ਖੜਜ ਗ੍ਰਿਹ, ਅੰਸ ਔਰ ਨਯਾਜ (ਸੁਰ) ਹੈ। ਯਹ ਸੰਪੂਰਣ ਹੋ ਕਰ ਸਮਪੰਨ ਹੈ। ਜਿਸ ਕੀ ਉਮਰ ਅਠਾਰਹ ਵਰਸ਼ ਕੀ ਹੈ। ਕਾਮਦੇਵ ਸਮਾਨ ਜਿਸ ਦੀ ਸੁੰਦਰ ਮੂਰਤੀ ਹੈ, ਜੋ ਧੀਰ ਹੈ। ਔਰ ਜਿਸ ਨੇ ਅਰੁਣ ਆਪਣੇ ਕਾਨੋਂ ਮੇਂ ਕੋਮਲ



www.AKJ.Org

ਪਲਵੋਂ ਕੇ ਆਭੂਸ਼ਣ ਪਹਨ ਰੱਖੇ ਹੈਂ। ਖੜਜਾਦਿਕ ਜਿਸ ਕੀ ਅਭਿਲਾਸ਼ਾ ਕਰਤੇ ਹੈਂ। ਜਿਸ ਨੇ ਅਰੁਣ ਵਰਣ ਕੇ ਵਸਤ੍ਰ ਧਾਰਣ ਕਿਏ ਹੈਂ। ਐਸਾ ਛਤ੍ਰੀਪੀਲ ਮੂਰਤੀ ਸ੍ਰੀ ਰਾਗ ਹੈ। ਇੰਝ ਹੋਰ ਵੀ ਬਹੁਤ ਸਾਰੇ ਰਾਗ-ਰਾਗਨੀਆਂ ਦਾ ਵਰਣਨ ਇਸ ਪੁਸਤਕ ਵਿੱਚ ਹੈ।

ਪ੍ਰਸ਼ਨ :- ਪ੍ਰਾਚੀਨ ਗ੍ਰੰਥਾਂ ਵਿੱਚ ਇਸ ਕਿਸਮ ਦੀਆਂ ਮਨੋਕਲਪਤ ਗੱਲਾਂ ਕਿਉਂ ਅਤੇ ਕਦੋਂ ਆਰੰਭ ਹੋਈਆਂ, ਜਿਸ ਨਾਲ ਸਾਰੀ ਤਾਣੀ ਉਲਝ ਗਈ ਤੇ ਕਈ ਸਦੀਆਂ ਤੱਕ ਚਲਦੀ ਰਹੀ?

ਉੱਤਰ :- ਇੱਥੇ ਇਹ ਗੱਲ ਤਾਂ ਨੋਟ ਕਰਨ ਵਾਲੀ ਹੈ : ਗਿਆਰਵੀਂ ਬਾਰ੍ਹਵੀਂ ਸਦੀ ਵਿੱਚ ਹਿੰਦੁਸਤਾਨ ਉੱਤੇ ਮੁਸਲਮਾਨਾਂ ਦਾ ਰਾਜ ਕਾਯਮ ਹੋ ਚੁੱਕਿਆ ਸੀ, ਜਦੋਂ ਇਹ ਲੋਕ ਬਾਹਰੋਂ ਆਏ ਸਨ ਤਾਂ ਇਨ੍ਹਾਂ ਨਾਲ ਗਾਉਣ ਬਜਾਉਣ ਵਾਲੇ ਕਲਾਕਾਰ ਵੀ ਆਏ ਸੀ। ਤੇਹਰਵੀਂ ਸਦੀ ਦੇ ਆਰੰਭ ਵਿੱਚ ਦਿੱਲੀ ਦੇ ਤਖਤ ਉੱਤੇ ਅਲਾਉਦੀਨ ਖਿਲਜੀ ਦਾ ਰਾਜ ਸੀ। ਉਸੇ ਦੇ ਦਰਬਾਰ ਦਾ ਪ੍ਰਸਿੱਧ ਗਾਇਕ ਤੇ ਰਾਜ ਮੰਤ੍ਰੀ ਹਜ਼ਰਤ ਅਮੀਰ ਖੁਸਰੋ ਜੋ ਬੜਾ ਚਤੁਰ ਕਵੀ ਤੇ ਸੰਗੀਤਕਾਰ ਸੀ, ਉਸ ਨੇ ਕਈ ਨਵੇਂ ਰਾਗ ਤੇ ਸਾਜ਼ ਬਣਾਏ ਅਤੇ ਹਿੰਦੁਸਤਾਨੀ ਗਾਇਕਾਂ ਨਾਲ ਮਿਲ ਕੇ ਸੰਗੀਤ ਦੀ ਇੱਕ ਨਵੀਂ ਪਦਯਤੀ ਕਾਇਮ ਕੀਤੀ। ਜਿਸ ਨੂੰ (ਉੱਤਰੀ ਭਾਰਤੀ ਸੰਗੀਤ) ਆਖਦੇ ਹਨ। ਇਸ ਬਾਰੇ ਮੈਂ ਅੱਗੇ ਦੱਸਾਂਗਾ।

ਮੈਂ ਦੱਸ ਰਿਹਾ ਸੀ ਕਿ ਜਦੋਂ ਮੁਸਲਮਾਨਾਂ ਦਾ ਰਾਜ ਕਾਇਮ ਹੋ ਗਿਆ ਤਾਂ, ਉਨ੍ਹਾਂ ਆਪਣੇ ਸ਼ਾਹੀ ਦਰਬਾਰਾਂ ਵਿੱਚ ਹਿੰਦੂ ਤੇ ਮੁਸਲਮਾਨ ਗਾਇਕਾਂ ਦੇ ਮੁਕਾਬਲੇ ਕਰਾਉਣੇ ਅਤੇ ਉਨ੍ਹਾਂ ਕੋਲੋਂ ਨਵੇਂ ਤੋਂ ਨਵੇਂ ਰਾਗ ਸੁਣਨੇ ਸ਼ੁਰੂ ਕੀਤੇ। ਸਮੇਂ ਦੇ ਬਾਦਸ਼ਾਹ ਦੀ ਐਸੀ ਰੁਚੀ ਵੇਖ ਕੇ ਗਾਇਕ ਵੀ ਆਪਣੀ ਕਲਾਕਾਰੀ ਵਿਖਾਉਣ ਵਿੱਚ ਲੱਗ ਗਏ। ਇਹ ਤੁਸੀਂ ਜਾਣਦੇ ਹੀ ਹੋ ਕਿ ਜਿਵੇਂ ਲਿਖਾਰੀ, ਕਵੀ ਜਾਂ ਪਬਲਿਕ ਵਿੱਚ ਬੋਲਣ ਵਾਲਾ, ਸਰੋਤਿਆਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਮੌਕੇ ਅਨੁਸਾਰ ਖਯਾਲੀ ਭੂਮਿਕਾ ਬੰਨ੍ਹਦਾ ਹੈ। ਤਿਵੇਂ ਗਾਇਕ ਬਾਦਸ਼ਾਹ ਨੂੰ ਖੁਸ਼ ਕਰਨ ਲਈ ਆਪਣੇ ਰਾਗ ਜਾਂ ਰਾਗਨੀ ਦੀ ਰੂਪ ਰੇਖਾ ਰਾਗ ਅਲਾਪਣ ਤੋਂ ਪਹਿਲਾਂ ਬੜੇ ਸੁੰਦਰ ਢੰਗ ਨਾਲ ਬਿਆਨ ਕਰਦੇ ਸਨ। ਉਨ੍ਹਾਂ ਦੀ ਕਲਾਤਮਕ ਖਿਆਲੀ ਤੇ ਬਿਆਨੀ ਤੋਂ, ਇੰਝ ਭਾਸਣ ਲੱਗਦਾ ਸੀ ਜਿਵੇਂ ਰਾਗ ਆਪ ਪ੍ਰਤੱਖ ਬਾਦਸ਼ਾਹ ਦੇ ਅੱਗੇ ਗਾ ਰਿਹਾ ਹੋਵੇ। ਇੱਕ ਉਦਾਹਰਣ ਇਥੇ ਦਿੰਦਾ ਹਾਂ :-

"ਬਾਦਸ਼ਾਹ ਸਲਾਮਤ ਆਪ ਕੀ ਖਿਦਮਤ ਮੇਂ ਆਪ ਕਾ ਨਾਚੀਜ਼ ਗੁਲਾਮ ਧਨਾਸਰੀ ਰਾਗਨੀ ਪੇਸ਼ ਕਰਤਾ ਹੈ। ਕੈਸਾ ਹੈ ਰੂਪ ਇਸ ਰਾਗਨੀ ਕਾ ਜ਼ਰਾ ਗੌਰ ਫੁਰਮਾਏਂ। ਇਸ ਕੀ ਜਾਤੀ ਓਡਵ ਸੰਪੂਰਣ ਹੈ। ਗ੍ਰਹ ਅੰਸ਼ (ਸੁਰ) ਖੜਜ ਹੈ। ਮੂਰਛਨਾ ਪਹਿਲੀ ਹੈ। ਇਸ ਕਾ ਬੀਰ ਰਸ ਮੇਂ ਪ੍ਰਯੋਗ ਹੋਤਾ ਹੈ। ਔਰ ਜੋ ਸੁੰਦਰ ਹੈ, ਦੂਰਵਾਦਲ ਕੇ ਸਮਾਨ



www.AKJ.Org

ਜਿਸ ਕਾ ਸਿਆਮ ਵਰਣ ਕਾ ਸਰੀਰ ਹੈ। ਜੋ ਬਿਰਹ ਮੇਂ ਤ੍ਰਸਤ ਹੋ ਕਰ ਅਪਨੇ ਪ੍ਰੀਤਮ ਕਾ ਚਿਤ੍ਰ ਬਨਾ ਰਹੀ ਹੈ। ਜਿਸ ਕੇ ਗਾਲ ਸਫ਼ੇਦ ਹੋ ਗਏ ਹੈਂ ਔਰ ਨੇਤਰੋਂ ਸੇ ਪ੍ਰਵਾਹਿਤ ਹੋਨੇ ਵਾਲੀ ਅਸ਼ਰੁਧਾਰਾ ਸੇ ਜਿਸ ਕੇ ਸਤਨ (ਥਨ) ਭੀਗ ਜਾਤੇ ਹੈਂ। ਐਸੀ ਯਹ ਧਨਾਸਰੀ ਰਾਗਨੀ ਹੈ।"

ਐਸੀ ਖੂਬਸੂਰਤ ਬਿਆਨੀ ਸੁਣ ਕੇ ਬਾਦਸ਼ਾਹ ਵੀ ਝੂਮ ਉਠਦਾ ਸੀ ਅਤੇ ਸਰੋਤੇ ਵੀ। ਸੋ, ਰਾਗ ਬਾਰੇ ਇੰਝ ਦੀਆਂ ਮਨੋ-ਕਲਪਤ ਕਹਾਣੀਆਂ ਸੁਣ ਕੇ ਰਾਜ ਮੰਤ੍ਰੀ ਜਾਂ ਹੋਰ ਕਈ ਵਿਦਵਾਨ ਪੰਡਿਤ ਗਾਉਣ ਵਾਲਿਆਂ ਦੀ ਕਲਪਨਾ ਅਨੁਸਾਰ ਅੱਗੋਂ ਸੰਗੀਤ ਸਾਸ਼ਤਰ ਲਿਖਦੇ ਸਨ। ਪਰ ਮੌਜੂਦਾ ਸਮੇਂ ਵਿੱਚ ਇਹੋ ਜਿਹੀਆਂ ਕੋਮਲ ਕਲਪਨਾਵਾਂ ਦਾ ਇੱਕ ਕੱਚੀ ਕੌਡੀ ਮੁੱਲ ਨਹੀਂ।

ਪ੍ਰਸ਼ਨ :- ਜਿਹੜੀ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਉਹ ਕਿਸੇ ਸੰਗੀਤ ਮੱਤ ਨਾਲ ਮਿਲਦੀ ਹੈ ਜਾਂ ਗੁਰਮਤਿ ਸੰਗੀਤ ਕੋਈ ਵੱਖਰਾ ਮੱਤ ਹੈ ?

ਉੱਤਰ :- ਰਾਗਮਾਲਾ ਵਿੱਚ ਲਿਖੇ ਛੇ ਰਾਗ ਤਾਂ ਕਈ ਸੰਗੀਤ ਗ੍ਰੰਥਾਂ ਵਿੱਚ ਹੂਬਹੂ ਲਿਖੇ ਹਨ, ਪਰ ਰਾਗਨੀਆਂ ਤੇ ਪੁਤ੍ਰ ਲਗਭਗ ਸਾਰੇ ਹਨੂੰਵੰਤ ਮੱਤ ਨਾਲ ਮਿਲਦੇ ਹਨ। ਇਹ ਮੱਤ ਸੰਗੀਤ ਪੁਸਤਕ (ਰਾਗ ਦੀਪਕਾ) ਵਿੱਚ ਲਿਖਿਆ ਹੈ। ਉਂਜ ਹਨੂਵੰਤ ਮੱਤ ਵੀ ਇੱਕ ਨਹੀਂ। ਇਸ ਦੇ ਵੀ ਚਾਰ ਮੱਤ ਹਨ, ਜਿਹੜੇ ਵੱਖੋ-ਵੱਖ ਸੰਗੀਤ ਗ੍ਰੰਥਾਂ ਵਿੱਚ ਲਿਖੇ ਹਨ। ਸੋ, ਇਸ ਮੱਤ ਭੇਦ ਨੂੰ ਜੇ ਥੋੜ੍ਹਾ ਸਮਝਣ ਦੀ ਕੋਸ਼ਿਸ਼ ਕਰੋਗੇ, ਤਾਂ ਤੁਸੀਂ ਵੀ ਹੈਰਾਨ ਹੋਵੋਗੇ ਕਿ ਅਸੀਂ ਕਿਸ ਭੰਬਲ-ਭੂਸੇ ਵਿੱਚ ਪਏ ਹਾਂ।

ਸੰਗੀਤ ਪੁਸਤਕਾਂ ਵਿੱਚ ਜਿਹੜਾ ਮੱਤ-ਭੇਦ ਹਰ ਕਿਸੇ ਨੂੰ ਨਜ਼ਰ ਆਉਂਦਾ ਹੈ। ਉਹ ਕੇਵਲ ਲਿਖਤੀ ਹੈ। ਗਾਉਣ ਜਾਂ ਬਜਾਉਣ ਵਿੱਚ ਨਾ ਗੁਰੂ ਸਾਹਿਬਾਨ ਦੇ ਸਮੇਂ ਕੋਈ ਮੱਤ-ਭੇਦ ਸੀ ਅਤੇ ਨਾ ਹੀ ਹੁਣ ਹੈ। ਰਾਗਾਂ ਸਬੰਧੀ ਮੱਤ-ਭੇਦ ਕੀ ਹੈ, ਇਸ ਦਾ ਵਰਣਨ ਅੱਗੇ ਕੀਤਾ ਜਾਏਗਾ।

ਭਾਰਤ ਵਰਸ਼ ਵਿੱਚ ਕਈ ਸੌ ਸਾਲਾਂ ਤੋਂ ਦੋ ਹੀ ਸੰਗੀਤ ਪਦਯਤੀਆਂ ਚਲੀਆਂ ਆ ਰਹੀਆਂ ਹਨ (ਉੱਤਰੀ ਸੰਗੀਤ ਤੇ ਕਰਨਾਟਕੀ ਸੰਗੀਤ) ਕਰਨਾਟਕੀ ਸੰਗੀਤ ਨੂੰ ਮਹਾਂਰਾਸ਼ਟਰ ਜਾਂ ਦੱਖਣ ਏਰੀਏ ਵਿੱਚ ਗਾਉਂਦੇ ਹਨ। ਉਸ ਦੇ ਨਾ ਸੁਰ ਸਾਡੇ ਸੁਰਾਂ ਨਾਲ ਮਿਲਦੇ ਹਨ, ਨਾ ਰਾਗ ਤੇ ਨਾ ਤਾਲ। ਦੂਜਾ ਹੈ (ਉੱਤਰੀ ਭਾਰਤੀ ਸੰਗੀਤ) ਜਿਸ ਨੂੰ ਹਿੰਦੁਸਤਾਨੀ ਸੰਗੀਤ ਆਖਦੇ ਹਨ। ਇਹ ਪੰਜਾਬ ਤੋਂ ਲੈ ਕੇ ਦਿੱਲੀ, ਬਿਹਾਰ, ਬੰਗਾਲ, ਸਭ ਥਾਂ ਇੱਕੋ ਜਿਹਾ ਹੀ ਗਾਇਕ ਗਾਉਂਦੇ ਬਜਾਉਂਦੇ ਹਨ। ਥੋੜ੍ਹਾ ਬਹੁਤ ਫਰਕ ਤਾਂ ਉਸਤਾਦ ਦੇ ਸਿਖਾਉਣ ਵਿੱਚ ਜਾਂ ਅੱਗੋਂ ਗਾਉਣ ਵਾਲੇ ਦੀ ਅਦਾਇਗੀ ਵਿੱਚ ਸੁਤੇ ਹੀ ਹੋ ਜਾਂਦਾ ਹੈ। ਕਿਉਂਕਿ ਇਹ ਤਾਂ ਹਵਾ ਹੈ। ਇਸ ਨੂੰ ਕਾਬੂ ਕਰਨਾ ਹੀ ਤਾਂ ਕਲਾ ਹੈ। ਜੋ ਬੜੀ ਕਰੜੀ ਮਿਹਨਤ ਕਰਨ ਤੋਂ ਬਾਅਦ ਸੁਰ-ਤਾਲ ਹੁੰਦੀ ਹੈ।



www.AKJ.Org

ਐਵੇਂ ਗੱਲਾਂ ਨਾਲ ਇਹ ਹੁਨਰ ਆਉਣ ਵਾਲਾ ਨਹੀਂ।

"ਗੁਰਮਤਿ ਸੰਗੀਤ ਕੋਈ ਵੱਖਰਾ ਮੱਤ ਨਹੀਂ।" ਕਈ ਇਸ ਗੱਲ ਨੂੰ ਗੁਰੂ ਸਾਹਿਬਾਨ ਵੱਲੋਂ ਪ੍ਰਚਾਰਿਆ ਤੇ ਬਾਕੀ ਮੱਤਾਂ ਤੋਂ ਵੱਖਰਾ ਦੱਸਣ ਦਾ ਯਤਨ ਕਰਦੇ ਹਨ। ਜਿਵੇਂ 'ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ' ਵੱਲੋਂ ਪ੍ਰਕਾਸ਼ਿਤ ਕੀਤੀ ਗਈ (ਗੁਰਮਤਿ ਸੰਗੀਤ) ਪੁਸਤਕ ਦੇ ਪਹਿਲੇ ਭਾਗ ਵਿੱਚ ਬੜੇ ਲੰਬੇ-ਚੌੜੇ ਲੇਖ ਇਸੇ ਸਬੰਧੀ ਲਿਖੇ ਹਨ ਕਿ ਗੁਰਮਤਿ ਸੰਗੀਤ ਇੱਕ ਵੱਖਰਾ ਮੱਤ ਹੈ। ਜੋ ਕੁਝ ਸਾਡੇ ਉਨ੍ਹਾਂ ਵਿਦਵਾਨਾਂ ਨੇ ਲਿਖਿਆ ਹੈ, ਉਹ ਕੇਵਲ ਸੰਗੀਤ ਪੁਸਤਕਾਂ ਤੋਂ ਹੀ ਵੇਖ ਕੇ ਲਿਖਿਆ ਹੈ। ਸੰਗੀਤ ਵਿੱਦਿਆ ਦੇ ਉਹ ਆਪ ਜਾਣੂ ਨਹੀਂ ਸਨ, ਐਸਾ ਉਨ੍ਹਾਂ ਦੀ ਲਿਖਤ ਤੋਂ ਕਈ ਥਾਂ ਪ੍ਰਤੱਖ ਨਜ਼ਰ ਆ ਰਿਹਾ ਹੈ।

ਮੈਂ ਦੱਸ ਰਿਹਾ ਸੀ ਕਿ ਉੱਤਰੀ ਸੰਗੀਤ ਸਾਰੇ ਭਾਰਤ ਵਰਸ਼ ਵਿੱਚ ਇੱਕੋ ਜਿਹਾ ਗਾਇਆ ਬਜਾਇਆ ਜਾਂਦਾ ਹੈ। ਇੱਥੇ ਕੁਝ ਰਾਗਾਂ ਦੇ ਵਰਣਨ ਕਰਕੇ ਦਸਦਾ ਹਾਂ:

ਰਾਗ ਕਲਿਆਨ (ਸੰਪੂਰਣ ਜਾਤੀ) ਦਾ ਹੈ। ਭੈਰਉ ਰਾਗ (ਸੰਪੂਰਣ ਜਾਤੀ) ਦਾ ਹੈ। ਆਸਾ ਤੇ ਆਸਾਵਰੀ ਦੋਵੇਂ (ਓਡਵ ਸੰਪੂਰਣ, ਜਾਤੀ) ਦੇ ਹਨ। ਸ੍ਰੀ ਰਾਗ (ਓਡਵ ਸੰਪੂਰਣ) ਹੈ। ਤਿਲੰਗ (ਓਡਵ ਓਡਵ) ਹੈ। ਰਾਗ ਵਿੱਚ ਸੁਰਾਂ ਵੱਧ ਘੱਟ ਕਰਨ ਦਾ ਨਾਮ ਜਾਤੀ ਹੈ। ਜਿਵੇਂ ਸੱਤ ਸੁਰਾਂ ਨੂੰ ਸੰਪੂਰਨ ਜਾਤੀ ਕਹਿੰਦੇ ਹਨ। ਛੇ ਸੁਰ ਖਾੜਵ ਤੇ ਪੰਜ ਸੁਰ ਓਡਵ ਜਾਤੀ ਕਹੀ ਜਾਂਦੀ ਹੈ। ਕੁੱਲ ਨੌਂ ਜਾਤੀਆਂ ਨਾਲ ਸਾਰੇ ਰਾਗ ਬਣਦੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਸੈਂਕੜੇ ਰਾਗਾਂ ਨੂੰ ਜਿਵੇਂ ਸਾਡੇ ਰਾਗੀ ਰਬਾਬੀ ਗਾਉਂਦੇ ਹਨ। ਤਿਵੇਂ ਹਿੰਦੂ ਤੇ ਮੁਸਲਮਾਨ ਗਾਇਕ ਗਾਉਂਦੇ ਹਨ। ਸੋ ਸਾਡਾ ਗੁਰਮਤਿ ਸੰਗੀਤ ਕੋਈ ਵੱਖਰਾ ਮੱਤ ਨਹੀਂ, ਹਾਂ ਫਰਕ ਕੇਵਲ ਇਤਨਾ ਹੈ ਕਿ ਅਸੀਂ ਰਾਗਾਂ ਵਿੱਚ ਗੁਰਬਾਣੀ ਗਾਉਂਦੇ ਹਾਂ, ਓਹ ਦੋਹੇ (ਸਲੋਕ) ਜਾਂ ਭਜਨ ਆਦਿ ਗਾਉਂਦੇ ਹਨ। ਉਹ ਰਾਗ ਦੀ ਅਲਾਪਕਾਰੀ ਨੂੰ ਮੁੱਖ ਰੱਖਦੇ ਹਨ। ਪਰ ਅਸੀਂ ਰਾਗ, ਤਾਲ ਤੇ ਸਾਜ਼ ਨੂੰ ਬਤੌਰ ਸਹਾਇਕ ਮੰਨ ਕੇ ਗੁਰਬਾਣੀ ਨੂੰ ਹੀ ਤਰਜੀਹ ਦਿੰਦੇ ਹਾਂ ਤੇ ਗਾਉਂਦੇ ਹਾਂ। ਕਿਉਂਕਿ ਸਾਡਾ ਲਕਸ਼ ਕੀਰਤਨ ਕਰਨਾ ਤੇ ਗੁਰੂ ਦੀ ਬਾਣੀ ਦਾ ਰਸ ਤੇ ਆਨੰਦ ਲੈਣਾ ਹੈ। ਉਨ੍ਹਾਂ ਦਾ ਨਿਸ਼ਾਨਾ ਉਹ ਨਹੀਂ ਜੋ ਸਾਡਾ ਹੈ। ਇਸ ਨੂੰ ਤੁਸੀਂ ਭਾਵੇਂ ਆਪਣਾ ਵੱਖਰਾ ਮੱਤ ਕਹਿ ਕੇ ਖੋਜੀ ਤੇ ਵਿਦਵਾਨ ਕਹਾਓ। ਪਰ ਅਸਲ ਵਿੱਚ ਇਹ ਇੱਕੋ ਹੀ ਉੱਤਰੀ ਭਾਰਤੀ ਸੰਗੀਤ ਪਦਯਤੀ ਮੰਨੀ ਜਾਂਦੀ ਹੈ।

ਪ੍ਰਸ਼ਨ :- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖੇ ਇਕੱਤੀਹ ਰਾਗ ਜਿਨ੍ਹਾਂ ਵਿੱਚ ਗੁਰੂ ਸਾਹਿਬਾਨ ਨੇ ਆਪ ਬਾਣੀ ਉਚਾਰਣ ਕੀਤੀ ਹੈ। ਕੀ ਉਨ੍ਹਾਂ ਰਾਗਾਂ ਦੇ ਨਾਮ ਇਸ ਰਾਗਮਾਲਾ ਵਿੱਚ ਦਰਜ ਹਨ ?

ਉੱਤਰ :- ਇਹ ਸਵਾਲ ਤੁਸਾਂ ਬਹੁਤ ਚੰਗਾ ਕੀਤਾ ਹੈ। ਇਸ ਦਾ ਉੱਤਰ ਦੇਣ ਲਈ ਮੈਂ ਸੰਗੀਤ ਗ੍ਰੰਥ ਪੜ੍ਹੇ ਹਨ। ਰਾਗ-ਰਾਗਨੀ ਬਾਰੇ ਸੰਖੇਪ ਵਿੱਚ ਉੱਤੇ ਲਿਖ



www.AKJ.Org

ਹੀ ਦਿੱਤਾ ਹੈ ਕਿ ਗਿਆਰਵੀਂ ਬਾਰ੍ਹਵੀਂ ਸਦੀ ਵਿੱਚ ਕਿਵੇਂ ਰਾਗ ਰਾਗਨੀ ਦੀ ਕਲਪਨਾ ਕਰਕੇ ਸੰਗੀਤ ਗ੍ਰੰਥ ਲਿਖੇ ਗਏ। ਉਸ ਤੋਂ ਪਹਿਲਾਂ ਤਾਂ ਸੰਗੀਤ ਗ੍ਰੰਥਾਂ ਵਿੱਚ (ਰਾਗ) ਸ਼ਬਦ ਹੀ ਲਿਖਿਆ ਮਿਲਦਾ ਹੈ। ਜਿਸ ਨੂੰ ਗ੍ਰਾਮ-ਰਾਗ ਕਹਿੰਦੇ ਹਨ :

੧. ਖਾਡਵ, ੨. ਪੰਚਮ, ੩. ਮਧਯਮ, ੪. ਖੜਕ ਗ੍ਰਾਮ, ੫. ਸਾਧਾਰਿਤ, ੬. ਕੌਸ਼ਿਕ ਮਧਯਮ ਤੇ, ੭. ਮਧਯਮ ਗ੍ਰਾਮ। ਉਸ ਸਮੇਂ ਰਾਗਾਂ ਦੇ ਇਹ ਸੱਤ ਭੇਦ ਸਨ।

ਰਾਗਮਾਲਾ ਵਿੱਚ ਛੇ ਰਾਗ ੩੦ ਰਾਗਨੀਆਂ ੪੮ ਪੁਤ੍ਰ ਕੁੱਲ ੮੪ ਰਾਗਾਂ ਦੇ ਨਾਮ ਲਿਖੇ ਹਨ। ਪਰ ਇਕੱਤੀ ਰਾਗਾਂ ਵਿੱਚੋਂ ਨੌਂ ਰਾਗਾਂ ਦੇ ਨਾਮ ਇਸ ਰਾਗਮਾਲਾ ਵਿੱਚ ਨਹੀਂ। ਉਹ ਰਾਗ ਹਨ :

੧. ਰਾਗ ਮਾਝ, ੨. ਬਿਹਾਗੜਾ, ੩. ਵਡਹੰਸ, ੪. ਜੈਤਸਰੀ, ੫. ਰਾਮਕਲੀ, ੬. ਮਾਲੀ ਗਾਉੜਾ, ੭. ਤੁਖ਼ਾਰੀ, ੮., ਪ੍ਰਭਾਤੀ ਤੇ ੯. ਜੈਜਾਵੰਤੀ।

ਪ੍ਰਸ਼ਨ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਈ ਸੰਗੀਤ ਨਹੀਂ, ਪਰ ਬਾਣੀ ਰਾਗਾਂ ਵਿੱਚ ਲਿਖੀ ਹੈ ਅਤੇ ਰਾਗਮਾਲਾ ਵੀ ਇਸ ਵਿੱਚ ਦਰਜ ਹੈ। ਸੋ, ਰਾਗਮਾਲਾ ਵਿੱਚ ਇਨ੍ਹਾਂ ਇਕੱਤੀਹ ਰਾਗਾਂ ਦੇ ਨਾਮ ਤਾਂ ਜ਼ਰੂਰ ਆਉਣੇ ਚਾਹੀਦੇ ਹਨ ?

ਉੱਤਰ :- ਤੁਹਾਡੀ ਜਾਣਕਾਰੀ ਲਈ ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸਮਝਦਾ ਹਾਂ ਕਿ 'ਭਰਤਮੱਤ ਦੇ ਹਨੂਵੰਤ ਮੱਤ, ਵਿੱਚ ਜਿਹੜੀਆਂ ਰਾਗਮਾਲਾ ਲਿਖੀਆਂ ਹਨ, ਉਨ੍ਹਾਂ ਵਿੱਚ ਇਨ੍ਹਾਂ ਨੌਂ (੯) ਰਾਗਾਂ ਦੇ ਨਾਮ ਵੀ ਲਿਖੇ ਹਨ। ਪਰ ਜਿਸ ਰਾਗਮਾਲਾ ਨੂੰ ਅਸੀਂ ਆਪਣੀ ਤੇ ਭਾਈ ਗੁਰਦਾਸ ਜੀ ਦੀ ਲਿਖੀ ਮੰਨਦੇ ਹਾਂ, ਉਸ ਵਿੱਚ ਇਨ੍ਹਾਂ ਰਾਗਾਂ ਨੂੰ ਕੋਈ ਥਾਂ ਨਾ ਮਿਲ ਸਕੀ, ਸੱਚ ਜਾਣੋ, ਮੈਨੂੰ ਤਾਂ, ਇਸ ਗੱਲ ਦਾ ਬੜਾ ਦੁੱਖ ਹੈ ਕਿ ਇਨ੍ਹਾਂ ਨੌਂ ਰਾਗਾਂ ਦਾ ਕਸੂਰ ਕੀ ਸੀ ? ਕੀ ਇਹ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਸੁਣ ਕੇ ਹਾਜ਼ਰ ਨਹੀਂ ਸੀ ਹੋਏ ? ਜਾਂ ਭਾਈ ਸਾਹਿਬ ਕਿਸੇ ਗੱਲੋਂ ਇਨ੍ਹਾਂ ਨਾਲ ਨਰਾਜ਼ ਸਨ। ਭਾਵੇਂ ਇਹ ਹੈਰਾਨ ਕਰਨ ਵਾਲੀ ਗੱਲ ਹੈ ਪਰ ਹੈਰਾਨ ਜਾਂ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਸਾਂ ਸਾਰਿਆਂ ਨੂੰ ਲੱਖ-ਲੱਖ ਸ਼ੁਕਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਰਾਗ ਰਾਗਨੀ ਦੀ ਪਦਯਤੀ ਨੂੰ ਕਬੂਲ ਹੀ ਨਹੀਂ ਕੀਤਾ। ਸਗੋਂ, ਜਿਵੇਂ ਹਜ਼ਾਰਾਂ ਸਾਲ ਪਹਿਲਾਂ ਸਾਡੇ ਰਿਸ਼ੀ ਮੁਨੀ ਸੰਗੀਤਵੇਤਾ ਰਾਗ ਨੂੰ ਰਾਗ ਹੀ ਮੰਨਦੇ ਸਨ। ਤਿਵੇਂ ਗੁਰੂ ਸਾਹਿਬਾਨ ਨੇ ਵੀ ਰਾਗ ਨੂੰ ਰਾਗ ਹੀ ਲਿਖਿਆ ਹੈ। ਕਿਉਂਕਿ ਰਾਗ ਰਾਗਨੀ ਕਪੋਲ ਗੱਲਾਂ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਸੰਗੀਤ ਵਿੱਦਿਆ ਦੇ ਮਹਾਨ ਵਿਦਵਾਨ ਸਨ। ਉਹ ਆਪ ਤੰਤੀ ਸਾਜ਼ (ਸਰੰਦਾ) ਵਜਾ ਕੇ ਕੀਰਤਨ ਕਰਦੇ ਸਨ। ਸੋ, ਗੁਰੂ ਸਾਹਿਬਾਨ ਨੇ ਰਾਗਾਂ ਬਾਰੇ ਐਸੀਆਂ ਮਨੋ ਕਲਪਤ ਗੱਲਾਂ ਨੂੰ ਛੱਡ ਕੇ ਰਾਗ ਸ਼ਬਦ ਹੀ ਵਰਤਿਆ ਹੈ।



www.AKJ.Org

ਸਾਡੀ ਬੇ ਸਮਝੀ ਇਸ ਤੋਂ ਵੱਧ ਹੋਰ ਕੀ ਹੋ ਸਕਦੀ ਹੈ ਕਿ ਅਸੀਂ ਇਸ ਰਾਗ ਵਿੱਦਿਆ ਨੂੰ ਅਜੇ ਤੱਕ ਨਹੀਂ ਸਮਝ ਸਕੇ। ਰਾਗ ਰਾਗਨੀ ਦੀ ਪ੍ਰਵਾਰ ਕਲਪਨਾ ਨੂੰ ਛੱਡ ਕੇ ਠਾਟ ਪਦਯਤੀ ਸਾਰੇ ਭਾਰਤ ਵਿੱਚ ਸੋਲ੍ਹਵੀਂ ਸਦੀ ਤੋਂ ਹੀ ਛੱਡੀ ਜਾ ਚੁੱਕੀ ਸੀ। ਪਰ ਅਸੀਂ ਅਜੇ ਬੀਸਵੀਂ ਸਦੀ ਵਿੱਚ ਵੀ ਉਸੇ ਤਰ੍ਹਾਂ ਰਾਗ ਰਾਗਨੀ ਤੇ ਰਾਗਮਾਲਾ ਦੀ ਉਥਾਨਕਾ ਲਿਖਦੇ ਆ ਰਹੇ ਹਾਂ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਸਮ ਗ੍ਰੰਥ ਵਿੱਚ ਵੀ ਕੇਵਲ ਰਾਗ ਸ਼ਬਦ ਹੀ ਲਿਖਿਆ ਮਿਲਦਾ ਹੈ। ਕ੍ਰਿਸ਼ਨ ਅਵਤਾਰ ਵਿੱਚ ਇੱਕ ਕਬਿੱਤ ਲਿਖਿਆ ਹੈ। 'ਬਾਜਤ ਬਸੰਤ ਅਰੁ ਮਾਲਕੋਂਸ ਮਾਰੂ ਰਾਗ' ਬਨ ਮੇਂ ਬਜਾਵੇਂ ਕਾਨ ਮੰਗਲ ਨਿਵਾਸੁਰੀ। ਸੁਰੀ ਅਰੁ ਅਸੁਰੀ ਅਉ ਪੰਨਗੀ ਜੇ ਹੁਤੀ ਤਹਾਂ, ਧੁਨ ਕੇ ਸੁਨਤ ਪੈਨ ਰਹੀ ਸੁਧ ਜਾਧਰੀ। ਕਹੈ ਇਉਂ ਦਾਸਰੀ ਸੁ ਐਸੀ ਬਾਜੀ ਬਾਸੁਰੀ, ਸੁਮੇਰੇ ਜਾਨੇ ਯਾ ਮੈਂ ਸਭ ਰਾਗ ਕੋ ਨਿਵਾਸੁਰੀ॥੩੩੨੫॥ ਇਸ ਤੋਂ ਅੱਗੇ ਪਾਰਸ ਨਾਥ ਰੁਦ੍ਰ ਅਵਤਾਰ ਦੇ ਪ੍ਰਕਰਣ ਵਿੱਚ ਜੋ ਬਿਸਨਪਦੇ ਲਿਖੇ ਹਨ, ਉਹ ਵੀ ਰਾਗ ਪਰਜ, ਕਾਫੀ, ਸੋਰਠ, ਸੂਹੀ, ਰਾਮਕਲੀ, ਸਾਰੰਗਾ, ਗਉਰੀ, ਤਿਲੰਗ, ਕੇਦਾਰਾ, ਦੇਵਗੰਧਾਰੀ, ਕਲਿਆਨ, ਮਾਰੂ, ਰਾਗਡਾਨਾ ਤੇ ਬਸੰਤ। ਇਹ ਸਭ ਰਾਗ ਲਿਖੇ ਹਨ - ਰਾਗਨੀ ਨਹੀਂ।

ਪ੍ਰਸ਼ਨ :- ਮੌਜੂਦਾ ਸਮੇਂ ਦੇ ਸਾਡੇ ਰਾਗੀ ਰਬਾਬੀ (ਕੀਰਤਨੀਏ) ਆਦਿ ਗ੍ਰੰਥ ਵਿੱਚ ਲਿਖੀ ਰਾਗਮਾਲਾ ਤੋਂ ਕੋਈ ਅਗਵਾਈ ਜਾਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ? ਕੀ ਰਾਗ ਰਾਗਨੀ ਦੀ ਪ੍ਰਵਾਰ ਪਦਯਤੀ ਨੂੰ ਅੱਜਕੱਲ੍ਹ ਦੇ ਗਾਇਕ ਮੰਨਦੇ ਹਨ ?

ਉੱਤਰ :- ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੀ ਰਾਗਮਾਲਾ ਮੌਜੂਦਾ ਸਮੇਂ ਦੇ ਰਾਗੀ (ਗਾਇਕਾਂ) ਦੀ ਕੋਈ ਅਗਵਾਈ ਨਹੀਂ ਕਰਦੀ। ਹਾਂ, ਜਿਵੇਂ ਸੰਸਕ੍ਰਿਤ ਦੇ ਪ੍ਰਾਚੀਨ ਸੰਗੀਤ ਗ੍ਰੰਥਾਂ ਵਿੱਚ ਕਈ ਪ੍ਰਕਾਰ ਦੀਆਂ ਰਾਗਮਾਲਾ ਲਿਖੀਆਂ ਹਨ, ਤਿਵੇਂ ਇਹ ਰਾਗਮਾਲਾ ਵੀ ਲਿਖੀ ਹੈ। ਅਸੀਂ ਇਸ ਨੂੰ ਉਸ ਸਮੇਂ ਦੀ (ਠਾਟ ਪਦਯਤੀ) ਕਹਿ ਸਕਦੇ ਹਾਂ।

ਰਾਗ ਰਾਗਨੀ ਦੀ ਪ੍ਰਵਾਰ ਪਦਯਤੀ ਨੂੰ ਤਾਂ ਪੰਦਰ੍ਹਵੀਂ ਸੋਲਵ੍ਹੀਂ ਸਦੀ ਵਿੱਚ ਹੀ ਬਹੁਤ ਸਾਰੇ ਸੰਗੀਤ ਵਿਦਵਾਨਾਂ ਨੇ ਛੱਡ ਦਿੱਤਾ ਸੀ। ਜਿਵੇਂ ਪੰਦਰ੍ਹਵੀਂ ਸਦੀ ਵਿੱਚ ਲਿਖੀ ਲੋਚਨ ਕ੍ਰਿਤ (ਰਾਗ ਤਰੰਗਣੀ) ਵਿੱਚ ਰਾਗ ਰਾਗਨੀ ਪਦਯਤੀ ਛੱਡ ਕੇ ਠਾਟ ਪਦਯਤੀ ਅਪਨਾਈ। ਉਸ ਨੇ ਸਾਰੇ ਰਾਗਾਂ ਨੂੰ ਬਾਰਾਂ ਜਨਕ ਮੇਲ, (ਠਾਟ) ਵਿੱਚ ਵੰਡ ਦਿੱਤਾ। ਭਾਵ ੧੨ ਰਾਗਾਂ ਨੂੰ ਜਨਕ, ਤੇ ਬਾਕੀ ਜਿਹੜੇ ਰਾਗ ਉਨ੍ਹਾਂ ਰਾਗਾਂ ਤੋਂ ਬਣਦੇ ਸਨ, ਉਨ੍ਹਾਂ ਨੂੰ ਜਨਯ, ਰਾਗ ਦੀ ਸੰਗਿਆ ਦਿੱਤੀ।

ਸੋਲ੍ਹਵੀਂ ਸਦੀ ਵਿੱਚ ਹੀ ਦੱਖਣ ਏਰੀਏ ਦੇ ਪੰਡਿਤ ਸੋਮਨਾਥ ਨੇ ਵੀ ਆਪਣੇ ਸੰਗੀਤ (ਰਾਗ ਵਿਬੋਧ) ਵਿੱਚ ਰਾਗਾਂ ਨੂੰ ਜਨਯ-ਜਨਕ ਠਾਟ ਅਨੁਸਾਰ ਹੀ ਲਿਖਿਆ



www.AKJ.Org

ਹੈ।

ਦੱਖਣੀ ਭਾਰਤ ਵਿੱਚ ਪੰਡਿਤ ਵਯੰਕਟਮੁਖੀ ਨੇ ਆਪਣਾ ਸੰਗੀਤ ਗ੍ਰੰਥ (ਚਤੁਰ ਦੀ ਡਿਪਕਾਸ਼ਕਾ) ਸਤਾਰ੍ਹਵੀਂ ਸਦੀ ਵਿੱਚ ਲਿਖਿਆ ਹੈ। ਉਸਨੇ ਬਾਰਾਂ ਸੁਰਾਂ ਤੋਂ ੭੨ ਮੇਲ (ਠਾਟ) ਬਣਾਏ ਅਤੇ ਉਨ੍ਹਾਂ ਨੂੰ ਦੋ ਭਾਗਾਂ ਵਿੱਚ ਵੰਡ ਕੇ, ਬਾਰਾਂ ਸੁਰਾਂ ਦੇ ਦੋ ਹਿੱਸੇ ਕਰਕੇ ਗਣਿਤ ਦੇ ਹਿਸਾਬ ਨਾਲ ਇੱਕ ਠਾਟ ਤੋਂ ਚਾਰ ਸੌ ਚੁਰਾਸੀ ਰਾਗਾਂ ਦੀ ਉਤਪਤੀ ਹੋਣੀ ਸਿੱਧ ਕੀਤੀ ਹੈ।

ਉਸ ਤੋਂ ਬਾਅਦ ਉਹ ਲਿਖਦਾ ਹੈ ਕਿ ਇਸ ਤੋਂ ਅੱਗੇ ਹੋਰ ਕੋਈ ਨਵਾਂ ਰਾਗ ਜੇ ਸ੍ਰਿਸ਼ਟੀ ਦਾ ਰਚਨ ਵਾਲਾ ਬ੍ਰਹਮਾਂ ਵੀ ਬਣਾਉਣਾ ਚਾਹੇ ਤਾਂ ਨਹੀਂ ਬਣ ਸਕਦਾ। ਇਹ ਹੈ ਰਾਗ ਦੀ ਉਤਪਤੀ ਦਾ ਨਿਚੋੜ ਕਿ ਕਿਵੇਂ ਰਾਗ ਬਣਦੇ ਹਨ। ਅਸੀਂ ਅਜੇ ਵੀ ਖੂਹ ਦੇ ਡੱਡੂ ਵਾਂਗ ਉਸੇ ਦਾਇਰੇ ਵਿੱਚ ਗੇੜੇ ਲਾ ਰਹੇ ਹਾਂ।

ਪ੍ਰਸ਼ਨ :- ਮੌਜੂਦਾ ਸਮੇਂ ਦੇ (ਗਾਇਕ) ਕੀਰਤਨੀਏਂ ਰਾਗ ਰਾਗਨੀ ਦੀ ਪਦਯਤੀ ਨੂੰ ਮੰਨਦੇ ਹਨ ? ਕੀ ਸਾਡੇ ਪਾਸ ਕੋਈ ਐਸਾ ਸੰਗੀਤ ਸਾਸ਼ਤ੍ਰ ਹੈ ਜਿਸ ਨੂੰ ਪੜ੍ਹ ਕੇ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਇਕੱਤੀ ਰਾਗਾਂ ਨੂੰ ਗਾ ਬਜਾ ਸਕੀਏ ?

ਉੱਤਰ :- ਰਾਗ ਰਾਗਨੀ ਦੀ ਪ੍ਰਵਾਰ ਪਦਯਤੀ ਦਾ ਭੋਗ ਤਾਂ ਸੋਲ੍ਹਵੀਂ ਸਦੀ ਵਿੱਚ ਪੈ ਗਿਆ ਸੀ। ਪਰ ਕੁੱਝ ਸੰਗੀਤ ਗ੍ਰੰਥ ਲਿਖਣ ਵਾਲੇ ਪ੍ਰੇਮੀ ਮਰੀ ਬਿੱਲੀ ਵਾਂਗ ਅਠਾਰ੍ਹਵੀਂ ਸਦੀ ਤੱਕ ਰਾਗ ਰਾਗਣੀ ਦੀ ਪੱਧਤੀ ਖਿੱਚੀ ਚਲੇ ਆਏ। ਅਠਾਰਵੀਂ ਸਦੀ ਦੇ ਅਖੀਰ ਵਿੱਚ ਸੰਗੀਤ ਨਾਲ ਸਨੇਹ ਰੱਖਣ ਵਾਲੇ ਦੋ ਮਹਾਨ ਵਿਦਵਾਨ ਸਾਡੇ ਦੇਸ਼ ਵਿੱਚ ਪੈਦਾ ਹੋਏ। ਉਹ ਸਨ : 'ਸ੍ਰੀ ਵਿਸ਼ਨੂ ਨਾਰਾਇਣ, ਭਾਤਖੰਡੇ, ਅਤੇ ਸ੍ਰੀ ਵਿਸ਼ਨੂੰ ਦਿਗੰਬਰ, ਪਲੁਸਕਰ', ਇਨ੍ਹਾਂ ਦੋਹਾਂ ਨੇ ਪਹਿਲਾਂ ਸੰਗੀਤ ਵਿੱਦਿਆ ਨੂੰ ਆਪ ਚੰਗੇ ਉਸਤਾਦਾਂ ਤੋਂ ਸਿੱਖਿਆ, ਉਸ ਤੋਂ ਬਾਅਦ ਸਾਰੇ ਭਾਰਤ ਵਰਸ਼ ਵਿੱਚ ਥਾਂ-ਥਾਂ ਜਾ ਕੇ ਗਾਉਣ ਬਜਾਉਣ ਵਾਲੇ ਸੰਗੀਤ ਵਿਦਵਾਨਾਂ ਨੂੰ ਮਿਲੇ, ਸੰਗੀਤ ਸੰਮੇਲਨ ਕਰਾਏ ਗਏ ਅਤੇ ਜਿਨ੍ਹਾਂ ਰਾਗਾਂ ਬਾਰੇ ਮੱਤਭੇਦ ਸਨ, ਉਨ੍ਹਾਂ ਨੂੰ ਵੀ ਸਮਝਿਆ ਅਤੇ ਸੰਗੀਤ ਗ੍ਰੰਥਾਂ ਦੀ ਖੋਜ ਵੀ ਕੀਤੀ। ਸ੍ਰੀ ਵਿਸ਼ਨੂ ਨਾਰਾਇਣ ਭਾਤਖੰਡੇ ਸੰਸਕ੍ਰਿਤ ਦੇ ਪੰਡਿਤ ਵੀ ਸਨ ਅਤੇ ਐਸ. ਐਸ. ਬੀ. ਦੀ ਡਿਗਰੀ ਵੀ ਕੀਤੀ ਸੀ। ਉਸਨੇ ਸੋਚ ਵਿਚਾਰ ਕੇ ਨਵੇਂ ਸਿਰੋਂ (ਠਾਟ ਪਦਯਤੀ) ਅਨੁਸਾਰ ਰਾਗ ਵਰਗ ਬਣਾਏ। ਪੰਡਿਤ ਵਯੰਕਟ ਮੁਖੀ ਦੇ ੭੨ ਠਾਟ ਮੇਲਾਂ ਤੋਂ ਸਾਡੇ ਕੁੱਲ ੩੬ ਠਾਟ ਬਣਦੇ ਹਨ। ਭਾਤਖੰਡੇ ਨੇ ਇਨ੍ਹਾਂ ਵਿੱਚੋਂ ਐਸੇ ਦਸ ਠਾਟ ਕਾਯਮ ਕੀਤੇ ਜਿਨ੍ਹਾਂ ਤੋਂ ਬਾਕੀ ਲਗਭਗ ਸਾਰੇ ਰਾਗ ਬਣ ਸਕਦੇ ਹਨ।

ਉਹ ਦਸ ਠਾਟ ਇਹ ਹਨ :

੧. ਰਾਗ ਬਿਲਾਵਲ, ੨. ਕਲਿਆਣ, ੩. ਖਮਾਜ, ੪. ਕਾਫੀ, ੫. ਭੈਰਉ, ੬. ਭੈਰਵੀ, ੭. ਆਸਾਵਰੀ, ੮. ਪੂਰਵੀ, ੯. ਮਾਰਵਾ ਤੇ ੧੦. ਟੋਡੀ।



www.AKJ.Org

ਇਨ੍ਹਾਂ ਠਾਟਾਂ ਦੇ ਅਨੁਸਾਰ ਉਸ ਨੇ ਕਈ ਸੰਗੀਤ ਗ੍ਰੰਥ ਲਿਖੇ ਅਤੇ ਇੱਕ ਐਸੀ ਸਵਰ ਲਿਪੀ ਵੀ ਬਣਾਈ ਜਿਸ ਨਾਲ ਗਾਉਣ ਬਜਾਉਣੰ ਵਾਲੀ ਤਰਜ਼ (ਟਿਯੂਨ) ਨੂੰ ਸੁਰ ਤਾਲ ਵਿੱਚ ਲਿਖਿਆ ਜਾ ਸਕਦਾ ਹੈ। ਜੋ ਇਸ ਸਮੇਂ ਲਗਭਗ ਸਾਰੇ ਭਾਰਤ ਵਿੱਚ ਪ੍ਰਚੱਲਤ ਹੈ।

ਪੰਡਿਤ ਵਿਸ਼ਨੂ ਦਿਗੰਬਰ ਪਲੁਸਕਰ ਤਾਂ ਚੰਗੇ ਵਿਦਵਾਨ ਗਾਇਕ ਸਨ। ਉਨ੍ਹਾਂ ਵੀ ਇੱਕ ਨਵੀਂ ਲਿਪੀ ਬਣਾਈ। ਇਹ ਕੁਝ ਔਖੀ ਹੈ ਇਸ ਲਈ ਵਿਦਿਆਰਥੀ ਇਸ ਨੂੰ ਬਹੁਤ ਘੱਟ ਲਿਖਦੇ ਹਨ। ਆਪ ਇਕਤਾਰਾ ਬਜਾ ਕੇ ਕੀਰਤਨ ਕਰਦੇ ਸਨ। ਸ਼ਬਦ (ਗੁਰਬਾਣੀ) ਬਹੁਤ ਪ੍ਰੇਮ ਤੇ ਮਸਤੀ ਨਾਲ ਗਾਉਂਦੇ ਸਨ। ਉਨ੍ਹਾਂ ਸ਼ਬਦਾਂ ਦੀਆਂ ਟਿਯੂਨਾਂ ਸ਼ੁੱਧ ਰਾਗਾਂ ਵਿੱਚ ਪੰਡਿਤ ਵਿਨਾਯਕਰਾਵ ਪਟਵਰਧਨ ਦੇ ਸੰਗੀਤ (ਰਾਗ ਵਿਗਿਆਨ) ਵਿੱਚ ਲਿਖੀਆਂ ਹਨ। ਸੋ, ਮੌਜੂਦਾ ਸਮੇਂ ਵਿੱਚ ਸੰਗੀਤ ਦੇ ਵਿਦਵਾਨ ਪੰਡਿਤ ਰਾਗਾਂ ਨੂੰ ਰਾਗ ਹੀ ਮੰਨਦੇ ਹਨ ਅਤੇ ਠਾਟ ਪਦਯਤੀ ਅਨੁਸਾਰ ਹੀ ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦੇ ਰਹੇ ਹਨ। ਸੰਗੀਤ ਬੀ. ਏ. ਸੰਗੀਤ ਐਮ. ਏ. ਸੰਗੀਤਾਚਾਰੀਯਾ ਤੇ ਪੀ. ਐਚ. ਡੀ. ਦੀਆਂ ਡਿਗਰੀਆਂ ਇਸੇ ਆਧਾਰ ਤੇ ਹੀ ਮਿਲਦੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੇਸ਼ ਵਿਦੇਸ਼ਾਂ ਵਿੱਚ ਗਏ ਅਤੇ ਕੀਰਤਨ ਰਾਹੀਂ ਲੋਕਾਂ ਨੂੰ ਸੱਚੇ ਧਰਮ ਦਾ ਉਪਦੇਸ਼ ਦਿੰਦੇ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਬੀੜ ਤਿਆਰ ਕਰਵਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਵੰਜਾ ਕਵੀ ਰੱਖ ਕੇ ਸੰਸਕ੍ਰਿਤ ਗ੍ਰੰਥਾਂ ਦੇ ਉਲੱਥੇ ਵੀ ਕਰਵਾਏ। ਸਾਡੇ ਰਾਗੀ ਰਬਾਬੀ ਵੀ ਗੁਰੂ ਘਰ ਵਿੱਚ ਗਾਉਂਦੇ ਬਜਾਉਂਦੇ ਰਹੇ ਪਰ ਕਿਸੇ ਨੇ ਵੀ ਸੰਗੀਤ ਸਾਸ਼ਤ੍ਰ ਲਿਖਣ ਜਾਂ ਲਿਖਾਉਣ ਵੱਲ ਧਿਆਨ ਨਹੀਂ ਦਿੱਤਾ। ਮੇਰਾ ਅਨੁਮਾਨ ਹੈ ਕਿ ਦਸਵੇਂ ਪਾਤਸ਼ਾਹ ਨੇ ਜਿਹੜਾ (ਵਿੱਦਿਆ ਸਾਗਰ) ਗ੍ਰੰਥ ਲਿਖਵਾਇਆ ਸੀ ਉਸ ਵਿੱਚ ਸੰਗੀਤ ਸਬੰਧੀ ਕੁਝ ਲਿਖਿਆ ਹੋਵੇਗਾ। ਪਰ ਉਸ ਨੂੰ ਸਰਸਾ ਨਦੀ ਰੋਹੜ ਕੇ ਲੈ ਗਈ। ਸੋ, ਸਾਡੇ ਪਾਸ ਹੁਣ ਐਸਾ ਕੋਈ ਸੰਗੀਤ ਸਾਸ਼ਤ੍ਰ ਨਹੀਂ ਜਿਸ ਦੇ ਆਧਾਰ ਤੇ ਅਸੀਂ ਆਪਣਾ ਗੁਰਮਤਿ ਸੰਗੀਤ ਕਾਇਮ ਕਰ ਸਕੀਏ।

ਪ੍ਰਸ਼ਨ :- ਹਿੰਦੀ, ਉਰਦੂ ਜਾਂ ਪੰਜਾਬੀ ਲਿਪੀ ਵਿੱਚ ਸਾਡੇ ਪਾਸ ਕੋਈ ਸੰਗੀਤ ਪੁਸਤਕ ਹੈ ? ਕੀ ਅਸੀਂ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੇ ਰਾਗਾਂ ਅਨੁਸਾਰ ਕਰਦੇ ਹਾਂ ? ਕੀ ਸਾਡੇ ਸਿੱਖ ਰਾਗੀ ਇਸ ਮੌਜੂਦਾ ਸਮੇਂ ਵਿੱਚ ਕਿਸੇ ਸੰਗੀਤ ਪਦਯਤੀ ਅਨੁਸਾਰ ਕੀਰਤਨ ਕਰਦੇ ਹਨ ਜਾਂ ਇਨ੍ਹਾਂ ਦੀ ਕੋਈ ਆਪਣੀ ਗੁਰਮਤ ਸੰਗੀਤ ਪਦਯਤੀ ਹੈ ?

ਉੱਤਰ :- ਹੁਣ ਤੋਂ ਪੰਜਾਹ ਸਾਲ ਪਹਿਲਾਂ ਸਾਡੇ ਪਾਸ ਕੀਰਤਨ ਸਬੰਧੀ ਕੋਈ ਸੰਗੀਤ ਪੁਸਤਕ ਨਹੀਂ ਸੀ। ਗੁਰੂ ਮਹਾਰਾਜ ਦੀ ਕਿਰਪਾ ਨਾਲ ਹੁਣ ਕੁਝ (ਗੁਰਮਤ ਸੰਗੀਤ) ਜਾਂ (ਗੁਰਬਾਣੀ ਸੰਗੀਤ) ਦੇ ਨਾਮ ਹੇਠ ਸੰਗੀਤ ਗ੍ਰੰਥ ਛਪੇ ਹਨ। ਪਰ ਇਨ੍ਹਾਂ



www.AKJ.Org

ਵਿੱਚ ਸਾਡੀਆਂ ਪ੍ਰਾਚੀਨ ਸ਼ਬਦ ਗੀਤਾਂ ਨੂੰ ਹੀ (ਸਵਰ ਲਿਪੀ) ਵਿੱਚ ਸਵਰ ਬੱਧ ਕੀਤਾ ਗਿਆ ਹੈ।

## ਪ੍ਰੋ. ਤਾਰਾ ਸਿੰਘ

*ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿੱਚ ਅੰਕਿਤ ਰਾਗਮਾਲਾ ਦੇ ਸਬੰਧ ਵਿਚ ਵੀ ਵਿਚਾਰ ਕਰਨਾ ਅਵੱਸ਼ਕ ਪ੍ਰਤੀਤ ਹੁੰਦਾ ਹੈ। ਇਸ ਦੀ ਕਾਵਿ ਮਈ ਦ੍ਰਿਸ਼ਟੀ ਜਾਂ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਦਰਜ ਹੋਣਾ ਸਾਡੀ ਚਰਚਾ ਦਾ ਵਿਸ਼ਾ ਨਹੀਂ ਹੈ ਇਸ ਦਾ ਨਿਰਣਾ ਜਾਂ ਨਿਖੇੜਾ ਕਰਨਾ ਗੁਰਮਤਿ ਆਚਾਰੀਆ ਜਾਂ ਹੋਰ ਵਿਦਵਾਨਾਂ ਦਾ ਖੇਤਰ ਹੈ। ਮੈਂ ਆਪਣੀ ਖੋਜ ਦੇ ਆਧਾਰ ਤੇ ਇਹ ਸਪਸ਼ਟ ਰੂਪ ਵਿੱਚ ਕਹਿਣਾ ਚਾਹਾਂਗਾ ਕਿ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਦਾ ਭਾਰਤੀ ਕਲਾਸਿਕੀ ਸੰਗੀਤ ਨਾਲ ਤਾਂ ਵਿਸ਼ੇਸ਼ ਸਬੰਧ ਹੈ ਪਰ ਰਾਗ ਰਾਗਣੀ ਪੱਧਤੀ ਨਾਲ ਇਸ ਦਾ ਦੂਰ ਦਾ ਵੀ ਰਿਸ਼ਤਾ ਨਹੀਂ ਹੈ। ਰਾਗ ਮਾਲਾ ਗੁਰੂ ਗ੍ਰੰਥ ਸਾਹਿਬ ਦੀ ਨਿਰਧਾਰਤ ਸੰਗੀਤ ਪੱਧਤੀ ਦੇ ਸੰਦਰਭ ਵਿੱਚ ਨਾ ਤਾਂ ਕ੍ਰਿਆਤਮਕ ਰੂਪ ਵਿੱਚ ਉਪਯੋਗੀ ਹੈ ਅਤੇ ਨਾ ਹੀ ਇਸ ਪ੍ਰਣਾਲੀ ਦੇ ਵਿਗਿਆਨਕ ਵਿਸ਼ਲੇਸ਼ਣ ਲਈ ਸਿਧਾਂਤਿਕ ਰੂਪ ਵਿੱਚ ਆਧਾਰ ਭੂਤ ਸਮੱਗਰੀ ਵਜੋਂ ਨਿਸ਼ਚਿਤ ਸੇਧ ਪ੍ਰਦਾਨ ਕਰਦੀ ਹੈ।

ਰਾਗਮਾਲਾ ਵਿੱਚ ਭੈਰਵ ਨੂੰ ਪ੍ਰਥਮ ਰਾਗ ਮੰਨਿਆ ਗਿਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਰਾਗ ਨੂੰ ਪ੍ਰਾਥਮਿਕਤਾ ਪ੍ਰਦਾਨ ਕੀਤੀ ਗਈ ਹੈ। ਰਾਗ ਮਾਲਾ ਵਿੱਚ ਗੁਰੂ ਗ੍ਰੰਥ ਸਾਹਿਬ ਦੇ ੩੧ ਪ੍ਰਮੁੱਖ ਰਾਗਾਂ ਵਿੱਚੋਂ ੧੦ ਰਾਗਾਂ, ਮਾਝ, ਬਿਹਾਗੜਾ, ਵਡਹੰਸੁ, ਜੈਤਸਰੀ, ਰਾਮਕਲੀ, ਨਟਨਾਰਾਇਨ, ਮਾਲੀਗਾਉੜਾ, ਤੁਖਾਰੀ, ਪ੍ਰਭਾਤੀ ਅਤੇ ਜੈਜੈਵੰਤੀ ਆਦਿ ਦਾ ਕਿਸੇ ਪ੍ਰਵਾਰ ਵਿੱਚ ਉਲੇਖ ਨਹੀਂ ਹੈ। ਇੱਥੋਂ ਤੱਕ ਕਿ ਜੋ ਰਾਗ ਪ੍ਰਕਾਰ ਨਿਰੋਲ ਗੁਰੂ ਸਾਹਿਬਾਨ ਵਲੋਂ ਪ੍ਰਚਾਰ ਵਿਚ ਆਏ ਜਿਵੇਂ ਮਾਝ ਅਤੇ ਤੁਖਾਰੀ ਉਨ੍ਹਾਂ ਦੇ ਨਾਮਾਂ ਦਾ ਵੀ ਜ਼ਿਕਰ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਰਾਗਾਂ ਦੇ ਸ਼ਬਦ ਜੋੜ ਰਾਗ ਮਾਲਾ ਦੇ ਸ਼ਬਦ ਜੋੜਾਂ ਨਾਲ ਮੇਲ ਨਹੀਂ ਖਾਂਦੇ। ਉਦਾਹਰਣ ਵਜੋਂ ਗੁਰੂ ਗ੍ਰੰਥ ਲਲਿਤ ਰਾਗਮਾਲਾ, ਲਲਤ, ਬਿਲਾਵਲੁ ਬਿਲਾਵਲ ਜਾਂ ਵਿਲਾਵਲੀ, ਭੈਰਉ ਭੈਰਵ, ਤਿਲੰਗ ਤੈਲੰਗੀ, ਮਾਲੀਗਉੜਾ, ਗਉਰਾ, ਕਲਿਆਣਾ ਕਲ੍ਹਾਨਾ, ਬੈਰਾੜੀ ਬੈਰਾਰੀ, ਸੂਹੀ ਸੂਹਉ, ਮਲਾਰ ਮਲਾਰੀ ਆਦਿ। ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗਾਂ ਵਿੱਚ ਕਿਤੇ ਵੀ ਕਿਸੇ ਰਾਗ ਨੂੰ ਰਾਗਨੀ ਪਰਵਾਨ ਨਹੀਂ ਕੀਤਾ ਗਿਆ। ਇੱਥੋਂ ਤੱਕ ਕਿ ਆਸਾਵਰੀ, ਗੁਜਰੀ, ਦੇਵਗੰਧਾਰੀ, ਬੈਰਾੜੀ, ਸੂਹੀ, ਜੈਜਾਵੰਤੀ, ਆਦਿ ਕਥਿਤ ਰਾਗਨੀਆਂ ਨੂੰ 'ਰਾਗੁ' ਨਾਮ ਹੀ ਪ੍ਰਦਾਨ ਕੀਤਾ ਗਿਆ।

ਫੁੱਟ ਨੋਟ : *. ਅੰਮ੍ਰਿਤ ਕੀਰਤਨ, (ਮਾਸਕ ਪੱਤਰ) ਪ੍ਰੋ: ਤਾਰਾ ਸਿੰਘ ਵਿਸ਼ੇਸ਼ ਅੰਕ, ਅੰਕ ੫-੯ ਜਨਵਰੀ ਫਰਵਰੀ ੧੯੯੦



www.AKJ.Org

## ਰਾਗਮਾਲਾ ਦਾ ਸਰੂਪ

ਰਾਗਮਾਲਾ ਦਾ ਸਰਲ ਅਤੇ ਸਧਾਰਨ ਅਰਥ ਰਾਗਾਂ ਦੀ ਮਾਲਾ ਕੀਤਾ ਜਾਂਦਾ ਹੈ। ਡਾ. ਚਰਨ ਸਿੰਘ ਜੀ ਨੇ ਰਾਗਮਾਲਾ ਨੂੰ ਰਾਗਾਂ ਦੀ ਲੜੀ 'ਸੰਗਲੀ' ਅਤੇ ਰਾਗਾਂ ਦੀ ਅਨੁਕ੍ਰਮਣਿਕਾ ਅਰਥਾਤ ਨਾਮਾਵਲੀ ਵੀ ਕਿਹਾ ਹੈ। ਭਾਈ ਕਾਨ੍ਹ ਸਿੰਘ ਜੀ ਨੇ 'ਮਹਾਨ ਕੋਸ਼' ਵਿੱਚ (ਪੰਨਾ-੧੦੨੮ ਤੇ) ਰਾਗਮਾਲਾ ਦੇ ਅਰਥ : ਰੰਗੀਨ ਮਾਲਾ, ਰੰਗ ਬਿਰੰਗੀ ਮਾਲਾ, ਜੜਾਊ ਹਾਰ, ਦਿਖੈ ਚਾਰ ਆਭਾ (ਦਸਮ ਗ੍ਰੰਥ) ਮਾਨੋ ਰਾਗਮਾਲਾ ਚਰਿਤ੍ਰ, ਐਸੀ ਰਚਨਾ, ਜਿਸ ਵਿੱਚ ਰਾਗਾਂ ਦੀ ਨਾਮਾਵਲੀ ਹੋਵੇ, ਕੀਤੇ ਹਨ।

ਰਾਗਮਾਲਾ ਦੇ ਅੱਖਰ ਤਾਂ ਚਾਰ ਹਨ ਪਰ ਇਸ ਦੇ ਪਿਛੋਕੜ ਵਿੱਚ ਸੰਗੀਤ ਦਾ ਧੁਰਾ ਲੰਮੇ ਸਮੇਂ ਤੋਂ ਜੁੜਿਆ ਹੋਇਆ ਹੈ ਅਸਲ ਵਿੱਚ ਇਸ ਦੇ ਅਰਥ ਹਨ ਰਾਗਾਂ ਨੂੰ ਗਾਉਣ ਵੇਲੇ ਉਨ੍ਹਾਂ ਦਾ ਸਮਾਂ ਅਤੇ ਸੁਰਾਂ ਦੇ ਮੇਲ ਦੱਸਣਾ, ਜਿਨ੍ਹਾਂ ਤੋਂ ਰਾਗ ਬਣਦੇ ਹਨ। ਰਾਗ ਕਿਸ ਤਰ੍ਹਾਂ ਬਣੇ ਇਸਦੀ ਵੀ ਰੌਚਕ ਕਥਾ ਹੈ। ਵਿਸ਼ਵ ਕੋਸ਼ ਅਨੁਸਾਰ ਸਾਮਵੇਦ ਸੰਗੀਤ ਦਾ ਸਭ ਤੋਂ ਪ੍ਰਾਚੀਨ ਤੇ ਮੁਢਲਾ ਧੁਰਾ ਹੈ। ਇਸ ਤੋਂ ਪਹਿਲਾਂ ਇੱਕ-ਇੱਕ ਰਾਗ ਜਾਂ ਇੱਕ-ਇੱਕ ਸੁਰ ਕਿਵੇਂ ਵਿਕਸਿਤ ਹੋਈ, ਇਸ ਬਾਰੇ ਵੀ ਥੋੜ੍ਹਾ ਬਹੁਤਾ ਜਾਣਨਾ ਜ਼ਰੂਰੀ ਹੈ।

*ਵੈਦਕ ਕਾਲ ਵਿੱਚ ਤਿੰਨ ਸਵਰਾਂ ਦਾ ਗਾਇਨ ਸਾਮਿਕ ਕਹਾਉਂਦਾ ਸੀ, ਸਾਮਿਕ ਸ਼ਬਦ ਤੋਂ ਹੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਪਹਿਲਾਂ ਸਾਮ ਵੇਦ ਦੇ ਮੰਤ੍ਰ ਤਿੰਨ ਸਵਰਾਂ ਨਾਲ ਹੀ ਗਾਏ ਜਾਂਦੇ ਸਨ। ਇਹ ਤਿੰਨ ਸਵਰ ਹਨ : ਸ, ਗ ਤੇ ਪ। ਹੌਲੀ-ਹੌਲੀ ਵਿਕਾਸ ਕਰਕੇ ਸਾਮ ਵੇਦ ਨੇ ਚਾਰ, ਪੰਜ, ਛੇ ਤੇ ਸੱਤ ਸੁਰਾਂ ਤੱਕ ਰਾਗਾਂ ਨੂੰ ਪਹੁੰਚਾਇਆ। ਇਨ੍ਹਾਂ ਵਿੱਚ ਛੇਵੇਂ ਅਤੇ ਸੱਤਵੇਂ ਸਵਰ ਦੇ ਬਹੁਤ ਹੀ ਘੱਟ ਸਾਮ ਮਿਲਦੇ ਹਨ। ਪਹਿਲੀਆਂ ਤਿੰਨ ਸੁਰਾਂ ਦਾ ਨਾਮ, ਪ੍ਰਥਮ, ਦੁਤੀਆ, ਤ੍ਰਿਤੀਆਂ ਰੱਖਿਆ ਗਿਆ ਇਹ ਸਾਰੇ ਅਵਰੋਹੀ ਸਨ, (ਉੱਚੇ ਤੋਂ ਨੀਵੇਂ ਵੱਲ ਨੂੰ) ਇਸ ਤੋਂ ਬਾਅਦ 'ਨੀ' ਦੀ ਪ੍ਰਾਪਤੀ ਹੋਈ, ਜਿਸ ਦਾ ਨਾਮ ਚਤੁਰਥ' ਰੱਖਿਆ ਗਿਆ। ਇਸੇ ਤਰ੍ਹਾਂ ਹੀ ਗੰਧਾਰ ਤੋਂ ਇੱਕ ਉੱਚੇ ਸਵਰ (ਮਾਧਿਅਮ) ਦੀ ਪ੍ਰਾਪਤੀ ਹੋਈ, ਜਿਸ ਦਾ ਨਾਮ 'ਕ੍ਰੁਸ਼ਟਾ' ਪਿਆ। ਇਸ ਤੋਂ ਬਾਅਦ ਨਿਸ਼ਾਦ ਤੋਂ ਇੱਕ ਥੱਲੇ ਵਾਲੇ ਸਵਰ ਦੀ ਪ੍ਰਾਪਤੀ ਹੋਈ, ਜਿਸਦਾ ਨਾਮ 'ਮੰਦ੍ਰ' (ਗੰਭੀਰ) ਪਿਆ। ਜਦੋਂ ਇਸ ਤੋਂ ਵੀ ਥੱਲੇ ਵਾਲੇ ਇੱਕ ਹੋਰ ਸੁਰ ਦੀ ਪ੍ਰਾਪਤੀ ਹੋਈ ਤਾਂ ਉਸ ਦਾ ਨਾਮ 'ਆਤਿਸਵਰ' ਜਾਂ 'ਅਤਿਸਵਰਯ' ਰੱਖਿਆ। ਇਹ ਹੈ ਰਾਗ ਦੀਆਂ ਸੱਤ ਸੁਰਾਂ ਦੇ ਉਪਜਣ ਦੀ ਗਾਥਾ ਦਾ ਸੰਖੇਪ ਹਾਲ।

ਗਾਇਨ ਦੇ ਨਾਲ ਜੋ ਸਾਜ ਉਸ ਵੇਲੇ ਵਜਾਏ ਜਾਂਦੇ ਸਨ, ਉਨ੍ਹਾਂ ਦੇ ਨਾਮ ਬਾਲਮੀਕੀ ਰਮਾਇਣ' ਵਿੱਚ ਭੇਰੀ, ਧੁਨਭਿ, ਮਰਦੰਗ, ਪਟਹ, ਘਟਿ, ਪਣਾਵ, ਡਿੰਡਮ, ਵੀਣਾ ਆਦਿ ਹਨ। ਜਿਨ੍ਹਾਂ ਵਿੱਚੋਂ ਹੁਣ ਕਈਆਂ ਦੇ ਨਾਮ ਨਾ-ਮਾਤਰ ਰਹਿ ਗਏ ਹਨ।



www.AKJ.Org

ਤਾਮਿਲ ਗ੍ਰੰਥਾਂ ਪੁਰਨਾਨੂਰ ਅਤੇ ਪਤੁਪਾਟਟੂ ਵਿੱਚ ਚਮੜੇ ਦੇ ਨਾਲ ਮੜ੍ਹੇ ਸਾਜਾਂ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਜਿਨ੍ਹਾਂ ਸਾਜਾਂ ਨਾਲ ਪ੍ਰਾਚੀਨ ਰਿਸ਼ੀ ਅਤੇ ਸਾਧਿਕ ਆਪਣੇ ਮਨੋਭਾਵਾਂ ਨੂੰ ਪ੍ਰਗਟ ਕਰਦੇ ਸਨ ਤੇ ਫਿਰ ਰਾਜ ਦਰਬਾਰਾਂ ਵਿੱਚ ਸਥਾਨ ਪ੍ਰਾਪਤ ਹੋਇਆ, ਜਿਨ੍ਹਾਂ ਵਿੱਚੋਂ, 'ਮੈਥਿਲਾ' ਦੇ ਰਾਜ ਨਾਨਯਦੇਵ, ਚਾਲੂਕਿਆ ਵੰਸ਼ ਦੇ ਮਹਾਰਾਜ ਸੋਮੇਸ਼ਵਰ ਅਤੇ ਉਸਦਾ ਪੁੱਤਰ ਪ੍ਰਤਾਪ ਚੱਕਰਵਰਤੀ ਤੇ ਚਾਣੁਕਿਆਂ ਦੇ ਰਾਜਾ ਹਰਿਪਾਲ ਆਦਿਕ ਰਾਜਿਆਂ ਨੇ ਸੰਗੀਤ ਨੂੰ ਸ਼ਕਤੀ, ਸ਼ੁੱਧਤਾ ਅਤੇ ਸਵੱਛਤਾ ਪ੍ਰਦਾਨ ਕੀਤੀ। ਭਾਰਤ ਦੇ ਮੰਦਰਾਂ ਵਿੱਚ ਦੇਵਦਾਸੀਆਂ (ਸੁੰਦਰ ਤੇ ਚਤੁਰ ਕੰਨਿਆਂ) ਜੋ ਗਾਇਨ ਤੇ ਨਾਚ ਵਿੱਚ ਪ੍ਰਬੀਨ ਹੁੰਦੀਆਂ ਸਨ, ਪੱਥਰਾਂ ਨੂੰ ਤ੍ਰਾਸ ਕੇ ਬਣਾਏ ਗਏ ਦੇਵਤਿਆਂ ਨੂੰ ਈਸ਼ਵਰ ਦੇ ਭਿੰਨ-ਭਿੰਨ ਗੁਣਾਂ ਦੇ ਪ੍ਰਤੀਕ ਤੇ ਸਰੂਪ ਸਮਝ ਕੇ ਉਨ੍ਹਾਂ ਦੇ ਸਾਹਮਣੇ ਨਾਚ ਕਰਦੀਆਂ, ਗਾਉਂਦੀਆਂ ਅਤੇ ਮੂਰਤੀਆਂ ਨਾਲ ਵਿਆਹ ਵੀ ਕਰਾਉਂਦੀਆਂ ਸਨ। ਰਾਜ ਦਰਬਾਰਾਂ ਵਿੱਚ ਗਾਇਨ ਨ੍ਰਿਤ ਕਰਨ ਵਾਲੀਆਂ ਸੁੰਦਰ ਤੇ ਸੁਜਾਨ ਯੁਵਤੀਆਂ ਨੂੰ ਖਾਸ ਤੌਰ ਉੱਤੇ ਵੱਡੇ ਨਗਰਾਂ ਵਿੱਚ ਨਗਰ-ਵਧੂ ਚੁਣਿਆ ਜਾਂਦਾ ਸੀ, ਜਿਨ੍ਹਾਂ ਦਾ ਸਤਿਕਾਰ ਤੇ ਮਾਣ ਰਾਜ ਕੁਮਾਰਾਂ ਨਾਲੋਂ ਵੀ ਵੱਧ ਕੇ ਕੀਤਾ ਜਾਂਦਾ ਸੀ।

ਇਸ ਕਿਸਮ ਦੀਆਂ ਸੰਗੀਤ, ਨ੍ਰਿਤ ਅਤੇ ਕਾਵਿ ਵਿੱਚ ਪ੍ਰਬੀਨ 'ਦੇਵੀਆਂ' ਰਾਜ ਦਰਬਾਰਾਂ ਦੀ ਸ਼ੋਭਾ ਅਤੇ ਸਮਾਜ ਵਿੱਚ ਸਤਿਕਾਰ ਯੋਗ ਥਾਂ ਰੱਖਦੀਆਂ ਸਨ। ਦੱਸਿਆ ਜਾਂਦਾ ਹੈ ਕਿ ਜਦੋਂ ਅਲਾਉ ਦੀਨ ਖਿਲਜੀ ਦੇ ਸਮੇਂ ਮੁਸਲਮਾਨਾਂ ਵਿੱਚ ਸੰਗੀਤ ਨੇ ਪ੍ਰਵੇਸ਼ ਕੀਤਾ, ਤਾਂ ਉਨ੍ਹਾਂ ਨੇ ਨ੍ਰਿਤ ਤੇ ਰਾਗ ਰੰਗ ਦੇ ਅਨੇਕਾਂ ਰੂਪ ਸੰਗੀਤ ਨਾਲ ਜੋੜੇ। ਇਹ ਵੀ ਮੰਨਿਆ ਜਾਂਦਾ ਹੈ ਕਿ ਤਬਲੇ ਦੀ ਕਾਢ ਵੀ ਅਮੀਰ ਖੁਸਰੋ ਦੀ ਹੀ ਉਪਜ ਹੈ। ਪਿੱਛੋਂ ਜੌਨਪੁਰ (੧੪੦੦-੧੪੪੦) ਦੇ ਰਾਜੇ ਇਬਰਾਹੀਮ ਦੇ ਪੁੱਤਰ ਬਹਾਦਰ ਮਲਿਕ ਨੇ ਸਾਰੇ ਹੀ ਸੰਗੀਤੱਗਾਂ ਤੇ ਗ੍ਰੰਥਾਂ ਨੂੰ ਇਕੱਠਿਆਂ ਕੀਤਾ ਅਤੇ ਫਿਰ ਵਿਦਵਾਨਾਂ ਨੂੰ ਆਦੇਸ਼ ਦਿੱਤਾ ਕਿ ਸਾਰੇ ਗ੍ਰੰਥਾਂ ਨੂੰ ਇਕੱਠਾ ਕਰਕੇ ਐਸੇ 'ਸੰਗੀਤ ਗ੍ਰੰਥਾਂ ਦੀ ਰਚਨਾ ਕੀਤੀ ਜਾਵੇ, ਜਿਸ ਵਿੱਚ ਸੰਗੀਤ ਬਾਰੇ ਹੁਣ ਤੱਕ ਚਲੇ ਆ ਰਹੇ ਸਾਰੇ ਮੱਤ-ਭੇਦਾਂ ਦਾ ਨਿਪਟਾਰਾ ਹੋ ਜਾਵੇ। ਉਨ੍ਹਾਂ ਮਾਹਰ ਵਿਦਵਾਨਾਂ ਨੇ 'ਸੰਗੀਤ ਸ਼੍ਰੋਮਣੀ' ਗ੍ਰੰਥ ਦੀ ਰਚਨਾ ਕੀਤੀ ਤੇ ਰਾਗਾਂ ਨੂੰ ਭਿੰਨ-ਭਿੰਨ ਮੱਤਾਂ ਵਿੱਚ ਵੰਡਿਆ।

ਮੇਵਾੜ ਦੇ ਰਾਜਾ ਕੁੰਭ (੧੪੩੧-੧੪੬੯ ਈ:) ਇੱਕ ਬਹਾਦਰ ਯੋਧੇ ਹੋਣ ਦੇ ਨਾਲ ਸੰਗੀਤ ਵਿੱਚ ਵੀ ਬੜੇ ਮਾਹਿਰ ਸਨ। ਉਨ੍ਹਾਂ ਨੇ 'ਗੀਤ ਗੋਵਿੰਦ' ਤੇ ਇੱਕ ਟੀਕਾ ਅਤੇ 'ਸੰਗੀਤ ਰਾਗ' ਨਾਮੀ ਪੁਸਤਕ ਦੀ ਰਚਨਾ ਕੀਤੀ।

ਲੋਚਨ ਕਵੀ ਨੇ 'ਰਾਗ ਤਿਰੰਗਣੀ' ਦਾ ਪ੍ਰਵਚਨ ਲਿਖਿਆ। ਇਸ ਵਿੱਚ ਰਾਗਾਂ ਦਾ ਵਰਗੀਕਰਣ ਭਿੰਨ-ਭਿੰਨ ਥਾਟਾਂ ਵਿੱਚ ਕੀਤਾ ਹੈ।

ਗਵਾਲੀਅਰ ਦੇ ਰਾਜਾ ਮਾਨ ਸਿੰਘ ਤੋਮਰ ਨੇ ਧਰੁਪਦ ਸ਼ੈਲੀ ਦੇ ਗਾਇਨ ਦਾ ਵਿਕਾਸ ਕੀਤਾ। ਬੈਜੂ (ਬਾਵਰਾ) ਕਵੀ ਜੋ ਇਸ ਦਾ ਦਰਬਾਰੀ ਸੀ, ਨੇ ਹਿੰਦੀ ਵਿੱਚ



www.AKJ.Org

'ਕਾਮ ਕੰਤੂਹਲਾ' ਨਾਮਕ ਗ੍ਰੰਥ ਦੀ ਰਚਨਾ ਕੀਤੀ, ਜਿਸ ਨੂੰ ਸੰਗੀਤ ਉੱਤੇ ਹਿੰਦੀ ਦਾ ਪਹਿਲਾ ਗ੍ਰੰਥ ਮੰਨਿਆ ਜਾਂਦਾ ਹੈ। ਖੋਜ ਅਨੁਸਾਰ ਭਾਰਤੀ. ਸੰਗੀਤ ਦਾ ਜੋ ਸਭ ਤੋਂ ਪ੍ਰਾਚੀਨ ਗ੍ਰੰਥ ਮਿਲਦਾ ਹੈ, ਉਹ 'ਨਾਟ ਸਾਸ਼ਤ੍ਰ' ਹੈ। ਇਸ ਵਿੱਚ ਸੁਰ, ਗ੍ਰਾਮ, ਮੂਰਛਨਾ, ਜਾਤਿ ਅਤੇ ਤਾਲ ਦਾ ਵਿਵੇਚਨ ਕੀਤਾ ਗਿਆ ਹੈ।

ਮੁਗਲ ਬਾਦਸ਼ਾਹਾਂ ਵਿੱਚੋਂ ਅਕਬਰ ਨੇ (੧੫੫੬-੧੬੦੫) ਸਾਰੀਆਂ ਕੋਮਲ ਕਲਾਵਾਂ ਨੂੰ ਵਿਕਸਾਇਆ ਅਤੇ ਸਮਾਜ ਨੂੰ ਪ੍ਰਭਾਵਿਤ ਕੀਤਾ। ਤਾਨਸੈਨ ਜੋ ਅਕਬਰ ਦੇ ਦਰਬਾਰ ਦੇ ੯ ਰਤਨਾਂ ਵਿੱਚੋਂ ਇੱਕ ਸੀ, ਉਹ ਪਹਿਲਾਂ 'ਰੀਵਾ' ਦੇ ਮਹਾਰਾਜਾ ਰਾਮਚੰਦਰ ਬੁੰਦੇਲ ਦੇ ਦਰਬਾਰ ਵਿੱਚ ਦਰਬਾਰੀ ਰਾਗੀ ਤੇ ਕਵੀ ਸੀ। ਬਾਅਦ ਵਿੱਚ ਅਕਬਰ ਨੇ ਇਸ ਨੂੰ ਆਪਣੇ ਦਰਬਾਰ ਵਿੱਚ ਬੁਲਾ ਲਿਆ। ਜਿਸ ਦੀ ਸੰਗੀਤ ਕਲਾ ਦੀ ਧੁਨ, ਮੁਹਾਰਤ, ਪ੍ਰਤਿਭਾ ਸਾਰੇ ਸੰਸਾਰ ਵਿੱਚ ਹੁਣ ਤੱਕ ਮੰਨੀ ਜਾਂਦੀ ਹੈ। ਉਨ੍ਹਾਂ ਨੇ ਦਰਬਾਰੀ ਕਾਨੜਾ, ਮੀਆਂ ਦੀ ਤੋੜੀ, ਮੀਆਂ ਕੀ ਮਲਾਰ ਆਦਿ ਰਾਗਾਂ ਦਾ ਨਿਰਮਾਣ ਕੀਤਾ। ਉਸ ਸਮੇਂ ਕਈ ਰਾਗਮਾਲਾ ਲਿਖੀਆਂ ਗਈਆਂ ਜਿਨ੍ਹਾਂ ਵਿੱਚੋਂ ਕੁਝ ਕੁ ਦਾ ਵਰਣਨ ਹੇਠਾਂ ਦਿੱਤਾ ਗਿਆ ਹੈ :

ਫੁੱਟ ਨੋਟ : ੧. ਹਿੰਦੀ ਵਿਸ਼ਵਕੋਸ਼, ਖੰਡ ੧੧, ੧੯੬੯ ਈ: ਪੰਨਾ ਨੰ: ੩੫੪

## 1. ਕਵੀ ਸ਼ਿਆਮ ਮਿਸ਼ਰ ਦੁਆਰਾ ਰਚੀ ਰਾਗਮਾਲਾ

ਅਕਬਰੀ ਦਰਬਾਰ ਦੇ ਰਤਨ ਤੇ ਮਹਾਨ ਸੰਗੀਤਕਾਰ 'ਤਾਨਸੇਨ' (੧੫੧੦-੧੫੮੯ ਈ:) ਦੇ ਸਮ ਕਾਲੀਨ ਹੀ ਇੱਕ ਹੋਰ ਸੰਗੀਤਗਯ ਕਵਿ ਸਿਆਮ ਮਿਸ਼ਰ ਹੋਇਆ, ਜਿਸ ਨੂੰ ਘਨਸਿਆਮ ਮਿਸ਼ਰ ਵੀ ਆਖਿਆ ਜਾਂਦਾ ਹੈ। ਇਨ੍ਹਾਂ ਦੇ ਪਿਤਾ ਦਾ ਨਾਮ ਚਤ੍ਰਭੁਜ ਮਿਸ਼ਰ ਸੀ, ਜੋ ਰਾਜਘਾਟ ਆਗਰਾ ਦੇ ਰਹਿਣ ਵਾਲੇ ਸਨ। ਕਵੀ ਸ਼ਿਆਮ ਮਿਸ਼ਰ ਨੇ ਮੁਢਲੀ ਤੇ ਲੋੜੀਂਦੀ ਸਿੱਖਿਆ ਆਪਣੇ ਪਿਤਾ ਸ਼੍ਰੋਮਣੀ ਮਿਸ਼ਰ ਜੀ ਪਾਸੋਂ ਹੀ ਪ੍ਰਾਪਤ ਕੀਤੀ।

ਕਵੀ ਸ਼ਿਆਮ ਮਿਸ਼ਰ ਜੀ ਕੁਝ ਚਿਰ ਅਕਬਰੀ ਦਰਬਾਰ ਵਿੱਚ ਵੀ ਰਹੇ। ਬਾਅਦ ਵਿੱਚ ਆਪ ਲਹੌਰ ਵਿੱਚ ਸ਼ੇਖ ਖਾਂ ਦੇ ਵੰਸ਼ ਵਿੱਚ ਕਾਸਿਮ ਖਾਂ (੧੫੪੬-੧੫੯੪ ਈ:) ਦੇ ਆਸ਼ਰਮ ਵਿੱਚ ਚਲੇ ਗਏ। 'ਵਿਸ਼ਵਭਾਰਤੀ' ਸ਼ਾਂਤੀ ਨਿਕੇਤਨ, ਪੱਤ੍ਰਿਕਾ ਸਾਲ ਅੰਕ ਦੇ ਪੰਨਾ-੨੨੯" ਅਨੁਸਾਰ ਕਵੀ ਸ਼ਿਆਮ ਮਿਸ਼ਰ ਜੀ ਨੇ ਤਿੰਨ ਪ੍ਰਸਿੱਧ ਗ੍ਰੰਥਾਂ ਦੀ ਰਚਨਾ ਕੀਤੀ, ਜਿਹੜੇ 'ਕਿਸ਼ਨ ਧਿਆਨ ਚਤੁਰਾਸ਼ਟਰਕ', 'ਰਾਗਮਾਲਾ ਜਾਂ ਕਾਸਿਮ ਰਸਿਕ ਵਿਲਾਸ ਅਤੇ ਸਵਰ ਵਿਲਾਸ ਦੇ ਨਾਮ ਨਾਲ ਜਾਣੇ ਜਾਂਦੇ ਹਨ। ਇਨ੍ਹਾਂ ਵਿੱਚੋਂ ਪਹਿਲੀ ਅਤੇ ਤੀਜੀ ਰਚਨਾ ਦਾ ਰਚਨਕਾਲ ਅਗਿਆਤ ਹੈ, ਪ੍ਰੰਤੂ, ਰਾਗਮਾਲਾ ਨਾਮੀ ਗ੍ਰੰਥ ਦੀ ਰਚਨਾ ਕਵਿ ਨੇ 'ਫਗੁਣ ਕ੍ਰਿਸ਼ਣ ਇਕਾਦਸ਼ੀ ਸੰਮਤ ੧੬੦੨ ਅਰਥਾਤ ੧੫੪੫ ਈਸਵੀ ਵਿੱਚ ਕੀਤੀ।



www.AKJ.Org

ਸਿਆਮ ਮਿਸ਼ਰ ਦੀ ਰਾਗਮਾਲਾ ਅਤੇ ਇਹੋ ਜਿਹੀਆਂ ਹੋਰ ਰਾਗਮਾਲਾ ਜੋ ਸਾਡੇ ਦੇਖਣ ਵਿੱਚ ਆਈਆਂ ਹਨ, ਉਹਨਾਂ ਸਭਨਾਂ ਵਿੱਚ ਸ਼ਿੰਗਾਰ-ਰਸੀ ਨਾਇੱਕ-ਨਾਇਕਾ ਭੇਦ ਹਨ। ਜੇ ਉਹਨਾਂ ਵਿੱਚੋਂ ਕੁੱਝ ਛੰਦ, ਦੋਹਰੇ, ਨਮੂਨੇ ਵਜੋਂ ਦਿੱਤੇ ਜਾਣ ਤਾਂ ਇੰਝ ਲਗਦਾ ਹੈ ਕਿ ਅਸੀਂ ਅਸਲ ਪ੍ਰਯੋਜਨ ਤੋਂ ਦੂਰ ਜਾ ਰਹੇ ਹਾਂ, ਕਿਉਂਕਿ ਰਾਗਮਾਲਾਵਾਂ ਰਚਣ ਵਾਲਿਆਂ ਨੇ ਨਾਇਕ-ਨਾਇਕਾ ਭੇਦ ਤੇ ਉਹਨਾਂ ਦੇ ਨਖ-ਸਿਖ ਤੇ ਹਾਵ-ਭਾਵ ਜਿਵੇਂ ਬਿਆਨ ਕੀਤੇ ਹਨ ਤੇ ਨਾਲੋ-ਨਾਲ ਰਾਗਾਂ ਬਾਰੇ ਜੋ ਟਿੱਪਣੀਆਂ ਦਿੱਤੀਆਂ ਹਨ, ਉਹ ਇਹ ਇਤਨਾ ਸ਼ਿੰਗਾਰ-ਰਸੀ ਹਨ ਕਿ ਰਾਗਮਾਲਾ ਜਿੰਨੀਆਂ ਹਨ, ਉਹਨਾਂ ਦੇ ਚਿੱਤਰ ਕੋਕ-ਸਾਸ਼ਤਰ ਨੂੰ ਵੀ ਮਾਤ ਪਾਉਣ ਵਾਲੇ ਹਨ। ਬਿਨਾਂ ਅਰਥਾਂ ਤੋਂ ਭਾਵ ਪ੍ਰਗਟਾਊ ਕੁੱਝ ਤੁਕਾਂ ਦਿੱਤੀਆਂ ਜਾਂਦੀਆਂ ਹਨ :-

ਪਾਂਚੋ ਰਾਗਨੀ ਸਾਹਿਤ ਜਾਤ ਰੂਪ ਵਰਨਣ :
ਸਿਰੀ ਰਾਗ ਸੁਰ ਸਰਜ ਸੰਪੂਰਨ ਜਾਤ ਹੈ।
ਲਾਲ ਵਾਸਨ ਅਰ ਨੈਨ ਘੂੰਗਰੋ ਗਾਤ ਹੈ।
ਸੁੰਦਰ ਮੂਰਤ ਪਟਕ ਗਰੇ ਮੇ ਮਾਲ ਹੈ।
ਕੰਵਲ ਫੂਲ ਕਰ ਲੈ ਸੋ ਬਚਨ ਰਿਸਾਲ ਹੈ। ਇੱਕ ਹੋਰ ਵੰਨਗੀ :-

ਗੋਰੀ ਪਰਮ ਸੁੰਦਰੀ ਖੜੀ॥
ਘਰੇ ਹਰੋ ਪਟ ਰਸ ਸੋ ਭਰੀ॥
ਕਰੈ ਸ਼ਿੰਗਾਰ ਸੇ ਆਏ ਤਾਹਾਂ॥
ਸੋਵਤ ਸੇਜ ਪੁਰਸ ਜੋ ਜਾਹਾਂ॥
ਕਾਮ ਭਰੀ ਅਤਿ ਵਿਆਕੁਲ ਭਾਰੀ॥
ਰਿਤੀ ਮਨੋ ਚਾਹਤ ਹੈ ਨਾਰੀ। ੫੬੨॥

ਰਾਗਮਾਲਾ ਵਿੱਚ ਹੋਰ ਸਭ ਅਜਿਹੀਆਂ ਸ਼ਿੰਗਾਰ ਰਸੀ ਤੇ ਕਾਮ ਉਤੇਜਿਤ ਕਰਨ ਵਾਲੀਆਂ ਰਚਨਾਵਾਂ ਹਨ।

ਯਾਦ ਰਹੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੰਪਾਦਨਾ ੧੬੦੦ ਈ: ਦੇ ਆਰੰਭ ਵਿੱਚ ਹੋਈ। ਇਸ ਤੋਂ ਇਹ ਸਪੱਸ਼ਟ ਹੈ ਕਿ ਕਵੀ ਸ਼ਿਆਮ ਮਿਸ਼ਰ ਦੁਆਰਾ ਰਚਿਆ 'ਰਾਗਮਾਲਾ' ਨਾਮੀ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਲਗਭਗ ੬੧ ਸਾਲ ਪਹਿਲਾਂ ਲਿਖਿਆ ਗਿਆ। ਸੋ, ਇਸ ਰੋਸ਼ਨੀ ਵਿੱਚ ਦਰਜ 'ਰਾਗਮਾਲਾ' ਦਾ ਵਿਕਾਸ ਕਰਕੇ ਹੋਰਨਾਂ ਗ੍ਰੰਥਾਂ ਤੱਕ ਪਹੁੰਚਣ ਦੀ ਗੁੰਜਾਇਸ਼ ਹੀ ਨਹੀਂ।

ਇਸ ਰਚਨਾ ਦਾ ਆਰੰਭ ਭੈਰਉ ਰਾਗ ਤੋਂ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਦੋਵਾਂ ਪੱਖਾਂ ਤੋਂ ਬੇਮੇਲ (ਅਜੋੜ) ਹੈ, ਇਸ ਰਚਨਾ ਵਿੱਚ, ਉਨ ਗਾਏ, ਪੁਨ ਗਾਵਹੇ, ਵੈ ਗਾਵਹਿ, ਉਨ ਗਾਇ, ਗਾਵਹਿ ਗਾਇਨ ਪਾਤਰ, ਇਹ ਪੜਨਾਵ ਦੱਸਦੇ ਹਨ ਕਿ ਇਹ ਕਿਸੇ ਦਰਬਾਰ ਵਿੱਚ ਗਾਏ ਗਏ ਰਾਗਾਂ ਦਾ ਵਰਨਣ ਹੈ, ਜਿਸ ਦੇ ਅੱਗੇ



www.AKJ.Org

ਪਿੱਛੇ ਰਹਿ ਗਏ ਛੰਦ ਪ੍ਰਗਟ ਕਰਦੇ ਹਨ ਕਿ ਇਹ ਕਿਸੇ ਚੱਲ ਰਹੇ ਕਿੱਸੇ ਦਾ ਭਾਗ 'ਪ੍ਰਥਮ ਰਾਗ ਭੈਰਉ ਵੈ ਕਰਈ' ਤੋਂ ਪਹਿਲਾਂ ਪ੍ਰਸੰਸਾ ਵਿੱਚ ਆਉਂਦਾ ਹੈ ਕਿ ਕਾਮਕੰਦਲਾ ਨੇ ਪਹਿਲਾ ਵੀ ਹੁਨਰ ਦਿਖਾਏ ਹਨ।

ਇਸ ਰਾਗਮਾਲਾ ਗ੍ਰੰਥ ਵਿੱਚ ਕੀ ਕੁਝ ਲਿਖਿਆ ਹੋਇਆ ਹੈ, ਇਸ ਦਾ ਅੰਦਾਜ਼ਾ ਉਪਰ ਲਿਖੇ ਹਵਾਲੇ ਤੋਂ ਲੱਗ ਜਾਂਦਾ ਹੈ।

ਕਵੀ ਸ਼ਿਆਮ ਮਿਸ਼ਰ ਦੀ ਇਸ ਰਾਗਮਾਲਾ ਦਾ ਜ਼ਿਕਰ ਕਰਨਾ ਅਸੀਂ ਇਸ ਲਈ ਜ਼ਰੂਰੀ ਸਮਝਿਆ ਹੈ ਕਿ ਪਾਠਕਾਂ ਨੂੰ ਪਤਾ ਚਲ ਜਾਵੇ ਕਿ ਅਸਲ ਰਾਗਮਾਲਾ ਕੀ ਹੁੰਦੀ ਹੈ ? ਅੱਗੇ ਕੁਝ ਹੋਰ ਰਾਗਮਾਲਾ ਗ੍ਰੰਥਾਂ ਦੇ ਹਵਾਲੇ ਦੇ ਰਹੇ ਹਾਂ, ਜਿਨ੍ਹਾਂ ਤੋਂ ਰਾਗਮਾਲਾ ਦਾ ਪ੍ਰਾਚੀਨ ਪ੍ਰਯੋਜਨ ਜਾਣਿਆ ਜਾ ਸਕਦਾ ਹੈ :

## ੧. ਪੁੰਡਰੀਕ ਬਿਠੁਲ ਦੀ ਰਾਗਮਾਲਾ

ਅਕਬਰ ਦੇ ਰਾਜ-ਕਾਲ ਤੋਂ ਪਹਿਲਾਂ ਹੀ ਰਾਗਾਂ ਨੂੰ ਤਰਤੀਬ ਦੇਣ ਵਾਸਤੇ 'ਰਾਗਮਾਲਾ' ਨਾਮੀ ਪੁਸਤਕਾਂ ਰਚੀਆਂ ਜਾਣ ਲੱਗ ਪਈਆਂ ਸਨ। ਮਿਸਾਲ ਦੇ ਤੌਰ 'ਤੇ ਅਚਾਰੀਆ* (ਖੇਮਕਰਣ) ਦੁਆਰਾ ਰਾਗਮਾਲਾ ਜਾਂ ਰਤਨਮਾਲਾ ਨਾਮੀ ਪੁਸਤਕ ਦੀ ਰਚਨਾ ਦਾ ਸੰਗੀਤ ਗ੍ਰੰਥਾਂ ਵਿੱਚ ਗਿਆਨ ਮਿਲਦਾ ਹੈ। ਰਾਗਾਂ ਨੂੰ ਕ੍ਰਮਬੱਧ ਕਰਨ ਦੇ ਪ੍ਰਭਾਵੀ ਸਮੇਂ ਵਿੱਚ ਹੀ ਇੱਕ ਸੰਗੀਤ ਦਾ ਮਹਾਨ ਵਿਦਵਾਨ 'ਪੁੰਡਰੀਕ ਬਿਠੁਲ' ਹੋਇਆ। ਇਹਨਾਂ ਦਾ ਜਨਮ ਕਰਨਾਟਕ ਦੇ 'ਸ਼ਿਵ ਗੰਗਾ' ਨਾਮਕ ਪਿੰਡ ਵਿੱਚ (੧੫੧੫-੧੫੮੪ ਈ:) ਨੂੰ ਹੋਇਆ। ਉਹ ਜ਼ਿਆਦਾ ਸਮਾਂ ਬੁਰਹਾਨਪੁਰ ਦੇ ਰਾਜਾ ਬੁਰਹਾਨ ਖਾਂ ਦੇ ਦਰਬਾਰ ਵਿੱਚ ਹੀ ਰਹੇ। ਪਰ ਜਦੋਂ ਅਕਬਰ ਨੇ ਬੁਰਹਾਨਪੁਰ ਉਤੇ ਹਮਲਾ ਕਰਕੇ ਫਤਹਿ ਕਰ ਲਿਆ ਤਾਂ ਅਚਾਰੀਆ 'ਪੁੰਡਰੀਕ ਬਿਠੁਲ' ਵੀ ਬਾਦਸ਼ਾਹ ਦੇ ਨਾਲ ਦਿੱਲੀ ਆ ਗਏ।

ਅਚਾਰੀਆ* ਪੁੰਡਰੀਕ ਬਿਠੁਲ ਦੁਆਰਾ ਚਾਰ ਗ੍ਰੰਥਾਂ (ਸਦ੍ਰਾਗਚੰਦ੍ਰੋਦਯ, ਰਾਗਮਾਲਾ, ਰਾਜ ਮੰਜਰੀ, ਤੇ ਨ੍ਰਿਤ ਨਿਰਣਯ) ਦੀ ਰਚਨਾ ਕੀਤੀ ਗਈ। ਸੰਗੀਤ ਦੇ ਵਿਦਵਾਨ ਅਨੁਸਾਰ ਪੁੰਡਰੀਕ ਬਿਠੁਲ ਦੁਆਰਾ ਰਚਿਤ 'ਰਾਗਮਾਲਾ' ਦਾ ਰਚਨਕਾਲ ਸੰਮਤ ੧੫੭੬ ਹੈ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਰਾਗਮਾਲਾ ਨਾਮੀ ਗ੍ਰੰਥ "ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੀ ਸੰਪਾਦਨਾ ਤੋਂ ਲਗਭਗ ੩੦ ਸਾਲ ਪਹਿਲਾਂ ਰਚਿਆ ਗਿਆ।

## ੨. ਯਸ਼ੋਦਾਨੰਦ ਸ਼ੁਕਲ ਦੀ ਰਾਗਮਾਲਾ

ਯਸ਼ੋਦਾਨੰਦ ਸ਼ੁਕਲ ਦੁਆਰਾ ਰਚਿਤ 'ਰਾਗਮਾਲਾ' ਨਾਮੀ ਪੁਸਤਕ ਨੂੰ ਸ੍ਰੀ 'ਜਗਦੀਸ਼ਵਰ ਪਾਂਡੇ' ਵਲੋਂ ਸੰਪਾਦਿਤ ਕਰਕੇ ਕਾਸ਼ੀ ਪ੍ਰਸ਼ਾਦ ਜਾਇਸਵਾਲ ਸ਼ੋਧਸੰਸਥਾਨ



www.AKJ.Org

(ਪਟਨਾ) ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ।

ਸੰਨ ੧੯੬੦ ਵਿੱਚ ਕਾਸ਼ੀ ਪ੍ਰਸ਼ਾਦ ਜਾਯਸਵਾਲ ਸ਼ੋਧ ਸੰਸਥਾਨ, ਪਟਨਾ ਦੇ ਤਤਕਾਲੀਨ ਨਿਰਦੇਸ਼ਕ, ਡਾ. ਕਾਲੀਕਿੰਕਰ ਦੱਤ ਨੇ ਪਿੰਡ ਅਰਪਾ, ਜ਼ਿਲ੍ਹਾ ਪਟਨਾ ਦੇ ਨਿਵਾਸੀ ਪੰ: ਯਮੁਨਾ ਦਿਵੇਦੀ ਕੋਲੋਂ ਕੁੱਝ ਹੱਥ-ਲਿਖਤ ਗ੍ਰੰਥ ਪ੍ਰਾਪਤ ਕੀਤੇ। ਉਨ੍ਹਾਂ ਵਿੱਚ ਯਸ਼ੋਦਾਨੰਦ ਸ਼ੁਕਲ ਕ੍ਰਿਤ 'ਰਾਗਮਾਲਾ' ਨਾਮਕ ਇੱਕ ਗ੍ਰੰਥ ਵੀ ਸੀ ਜਿਸ ਵਿੱਚ ਸੁਰ, ਗ੍ਰਾਮ, ਮੂਰਛਨਾ, ਸ਼ਰੁਤੀ, ਰਾਗ ਦੇ ਲੱਛਣ, ਰਾਗਾਂ ਦੀ ਉਤਪਤੀ, ਰਾਗ ਦਾ ਨਾਮ, ਰਾਗਾਂ ਦਾ ਪ੍ਰਾਕਿਤਕ ਸੁਭਾਵ, ਰਾਗਾਂ ਦੇ ਗਾਉਣ ਦਾ ਸਮਾਂ, ਗਾਉਣ ਸਮੇਂ ਗੁਣ ਤੇ ਦੋਸ਼ਾਂ ਦਾ ਵਰਣਨ ਅਤੇ ਤਾਲ ਆਦਿ ਬਾਰੇ ਬਹੁਤ ਹੀ ਖੋਜ ਭਰਪੂਰ ਜਾਣਕਾਰੀ ਦਿੱਤੀ ਗਈ ਹੈ।

ਇਹ ਗ੍ਰੰਥ ਪਾਂਡੂਲਿੱਪੀ ਵਿੱਚ ਹੈ ਤੇ ਗ੍ਰੰਥਕਾਰ ਯਸ਼ੋਦਾਨੰਦ ਸ਼ੁਕਲ ਨੇ ਆਪਣੇ ਆਪ ਨੂੰ 'ਮਾਲਦੀਵ ਦਾ ਬ੍ਰਾਹਮਣ' ਦੱਸਿਆ ਹੈ, ਜਿਨ੍ਹਾਂ ਦਾ ਉਪਨਾਮ 'ਕਵਿਦਾਸ' ਸੀ। ਇਸ ਗ੍ਰੰਥ ਦਾ ਲਿਖਣ ਸਮਾਂ ਸੰਮਤ ੧੮੧੫ (੧੭੫੮ ਈ:) ਹੈ। ਕਵੀ ਨੇ ਕਬਿੱਤ, ਦੋਹਾ, ਸਵੈਯਾ, ਸੋਰਠਾ ਤੇ ਛਪੈ ਛੰਦਾਂ ਦੁਆਰਾ ਵੱਖ-ਵੱਖ ਰਾਗਾਂ ਤੇ ਰਾਗਣੀਆਂ ਦਾ ਵਰਣਨ ਕੀਤਾ ਹੈ।

## ਕੁਝ ਹੋਰ ਰਾਗਮਾਲਾ ਦੇ ਗ੍ਰੰਥ

ਫਤਹਿਪੁਰ ਵਿੱਚ ਸੰਗੀਤ ਸਬੰਧੀ ਚਾਰ 'ਰਾਗਮਾਲਾ' ਗ੍ਰੰਥ ਏਕੜਲਾ ਪਿੰਡ ਦੇ ਨਿਵਾਸੀ ਰਾਵਤ ਓਮ ਪ੍ਰਕਾਸ਼ ਸਿੰਹ ਜੀ ਤੋਂ ਪ੍ਰਾਪਤ ਹੋਏ, ਤਿੰਨ ਚਿਤ੍ਰਾਂ ਸਮੇਤ ਤੇ ਚੌਥਾ ਕੇਵਲ ਕਾਵਿ ਰੂਪ ਹੈ।

੧. ਲਛਮਣਦਾਸ ਦੀ ਰਾਗਮਾਲਾ
੨. ਅਨੰਦ ਦੀ ਰਾਗਮਾਲਾ
੩. ਗੋਵਿੰਦ ਦੀ ਰਾਗਮਾਲਾ
੪. ਚੰਦਦਾਸ ਦੀ ਰਾਗਮਾਲਾ

ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਰਾਗਮਾਲਾ ਮਿਲਦੀਆਂ ਹਨ। ਹਰੇਕ ਦਾ ਕੋਈ ਪ੍ਰਯੋਜਨ ਹੈ, ਜਿਨ੍ਹਾਂ ਤੋਂ ਸੰਗੀਤ ਬਾਰੇ ਕੋਈ ਸਿੱਖਿਆ ਜਾਂ ਗਾਇਨ ਵਿਧੀ ਦੇ ਸੰਕੇਤ ਮਿਲਦੇ ਹਨ।

## ਰਾਗ ਰਾਗਨੀਆਂ ਦਾ ਦੈਵੀ ਸਰੂਪ

ਪੰਜਾਬੀ ਖਾਸ ਕਰਕੇ ਗੁਰਬਾਣੀ ਸਾਹਿਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜ਼ਿਆਦਾਤਰ ਟੀਕਿਆਂ ਵਿੱਚ ਇੱਕ ਮਨੋ-ਕਲਪਿਤ ਕਥਾ ਆਉਂਦੀ ਹੈ ਕਿ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਰਹੇ ਸਨ



www.AKJ.Org

ਤਾਂ ਰਾਗ ਰਾਗਨੀਆਂ ਨੇ ਆ ਕੇ ਹਾਲ-ਪਾਹਰਿਆ ਪਾਈ ਕਿ ਅਸੀਂ ਬਹੁਤ ਦੁਖੀ ਹਾਂ। ਗਾਉਣ ਵਾਲਿਆਂ ਨੇ ਨੂੰਹ ਨੂੰ ਸਹੁਰੇ ਨਾਲ, ਪਿਉਂ ਨੂੰ ਧੀ ਨਾਲ ਜੋੜ ਕੇ ਸਾਡੇ ਅੰਗ-ਭੰਗ ਕਰ ਦਿੱਤੇ ਹਨ। ਤੁਸੀਂ ਗ੍ਰੰਥ ਦਾ ਸੰਕਲਨ ਕਰ ਰਹੇ ਹੋ ਕਿਰਪਾ ਕਰਕੇ ਸਾਡੀ ਵਿਥਿਆ ਵਿੱਚ ਜੋੜ ਦੇਵੋ ਤੇ ਗਾਉਣ ਵਾਲਿਆਂ ਨੂੰ ਸਾਡੇ ਗਾਉਣ ਦੇ ਪ੍ਰਥਾਇ ਸਹੀ ਆਦੇਸ਼ ਕਰੋ।

ਇੱਥੇ ਇਹ ਖਿਆਲ ਰੱਖਣ ਵਾਲੀ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਰਾਗਾਂ ਦੀਆਂ ਧੀਆਂ, ਨੂੰਹਾਂ ਅਤੇ ਸਹੁਰਿਆਂ ਦਾ ਜ਼ਿਕਰ ਨਹੀਂ ਆਉਂਦਾ। ਅਗਰ ਰਾਗਾਂ ਵਿੱਚ ਸਹੁਰੇ, ਨੂੰਹਾਂ ਤੇ ਧੀਆਂ ਦਾ ਕੋਈ ਸਬੰਧ ਨਹੀਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਨ੍ਹਾਂ ਦੇ ਸੁਮਿਲਤ ਕਰਨ ਬਾਰੇ ਜਾਣਕਾਰੀ ਜ਼ਰੂਰ ਹੁੰਦੀ ਜਿਵੇਂ :

ਏਕ ਸੁਆਨ ਕੈ ਘਰਿ ਗਾਵਣਾ, ਯਾਨੜੀਏ ਕੇ ਘਰਿ ਗਾਵਣਾ,
ਰਹੋਏ ਕੇ ਛੰਤਾਂ ਕੇ ਘਰ ਅਤੇ ਛੰਤਾਂ ਕੀ ਜਤਿ, ਆਦਿ।

ਰਾਗ ਰਾਗਨੀਆਂ ਦੀ ਇਸ ਤਰ੍ਹਾਂ ਦੀ ਇੱਕ ਪੌਰਾਣਿਕ ਕਥਾ ਵੀ ਮਿਲਦੀ ਹੈ ਜੋ ਨਾਰਦ ਦੇ ਨਾਮ ਨਾਲ ਜੋੜੀ ਗਈ ਹੈ ਕਿ ਇਕ ਵਾਰ ਰਾਗ ਰਾਗਨੀਆਂ ਦੇ ਅੰਗ-ਭੰਗ ਦਿਖਾਉਣ ਲਈ ਬਿਸ਼ਨੂੰ ਜੀ ਨਾਰਦ ਨੂੰ ਰਾਗਾਂ ਦੇ ਮੰਡਲ ਵਿੱਚ ਲੈ ਗਏ। ਜਾਪਦਾ ਹੈ ਕਿ ਏਸੇ ਕਥਾ ਨੂੰ ਹੀ ਸਾਡੇ "ਮਹਾਂ ਗਿਆਨੀਆਂ" ਨੇ ਸਵੀਕਾਰ ਕਰਕੇ ਆਪਣੇ ਗ੍ਰੰਥਾਂ ਵਿੱਚ ਲੈ ਆਂਦਾ ਹੈ। ਆਪ ਜੀ ਦੀ ਜਾਣਕਾਰੀ ਲਈ ਅਸੀਂ 'ਸ੍ਰੀ ਪ੍ਰਭਦਿਆਲ ਸੀਤਲ ਦਾ ਰਾਗ ਰਾਗਨੀਆਂ ਦਾ ਦੈਵੀ ਸਰੂਪ' ਨਿਬੰਧ ਦਾ ਸਾਰ ਦਿੰਦੇ ਹਾਂ।

## ਰਾਗਨੀਆਂ ਦੇ ਦੈਵੀ ਸਰੂਪ ਅਤੇ ਉਸ ਦਾ ਧਿਆਨ (ਸ੍ਰੀ ਪ੍ਰਭਦਿਆਲ)

ਸੰਗੀਤ ਦੇ ਪ੍ਰਵਾਨਿਤ ਚਾਰ ਮੱਤਾਂ "ਆਦਿ ਮੱਤ, ਕ੍ਰਿਸ਼ਨ ਮੱਤ, ਭਰਤ ਮੱਤ, ਹਨੂੰਮੰਤ ਮੱਤ" ਵਿੱਚ ੬ ਰਾਗ, ਅੱਗੋਂ ਹਰ ਰਾਗ ਦੀਆਂ ੫ ਜਾਂ ੬ ਰਾਗਨੀਆਂ ਤੇ ੭ ਜਾਂ ੮ ਪੁੱਤਰ ਨਿਸ਼ਚਿਤ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਹਨੂੰਮੰਤ ਮੱਤ ਅਨੁਸਾਰ ੬ ਰਾਗ ਇਹ ਹਨ : ੧. ਭੈਰਵ, ੨. ਮਾਲਕੋਸ਼, ੩. ਹਿੰਡੋਲ, ੪. ਦੀਪਕ, ੫. ਸ੍ਰੀ ਅਤੇ ੬. ਮੇਘ ਇਨ੍ਹਾਂ ਤੋਂ ਅੱਗੇ ਰਾਗਨੀਆਂ, ਪੁੱਤਰ ਅਤੇ ਪੁੱਤਰਵਧੂ ਵੀ ਦੱਸੇ ਹਨ।

ਦੱਖਣੀ ਭਾਰਤ ਵਿੱਚ ਰਾਗਾਂ ਦੀ ਵੰਡ ਅਲੱਗ ਅਲੱਗ ਢੰਗ ਨਾਲ ਹੋਈ ਹੈ। ਉੱਤਰੀ ਭਾਰਤ ਵਿੱਚ ਰਾਗ ਰਾਗਣੀਆਂ ਅਤੇ ਉਨ੍ਹਾਂ ਦੇ ਪੁੱਤਰ ਰਾਗ ਤੇ ਪੁੱਤਰ ਵਧੂ

ਫੁੱਟ ਨੋਟ : ੧. ਨਾਗਰੀ ਪ੍ਰਚਾਰਣੀ ਪੱਤ੍ਰਿਕਾ, ਅੰਕ ੪, ਪੰਨਾ-੩੫੩।

੨. ਹਿੰਦੀ ਵਿਸ਼ਵਕੋਸ਼, ਖੰਡ-੧੧, ਪੰਨਾ ੩੫੮, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ ਨੰਬਰ-੨੩੦, ਕਰਤਾ, : ਓਮੇਸ਼ ਜੋਸ਼ੀ।

੩. ਨਾਗਰੀ ਪ੍ਰਚਾਰਣੀ ਪੱਤ੍ਰਿਕਾ ੧੯੨੦ ਈ: ਅੰਕ ੪, ਪੰਨਾ ੩੫੪



www.AKJ.Org

ਰਾਗਣੀਆਂ ਨੂੰ ਮਿਲਾ ਕੇ ਕੁੱਲ ਸੰਖਿਆ ੧੦੭ ਤੱਕ ਪਹੁੰਚ ਗਈ ਹੈ। ਇਨ੍ਹਾਂ ਦੇ ਨਾਮਾਂ ਦੀ ਖੋਜ ਸ਼ਤਰੂ, ਜਾਤੀ, ਪ੍ਰਦੇਸ਼, ਪਸ਼ੂ, ਪੰਛੀ, ਗਾਇਕ, ਅਰਥਾਤ ਉਸਨੂੰ ਗ੍ਰਹਿਣ ਕਰਨ ਵਾਲੇ ਦੇ ਆਧਾਰ ਪਰ ਕੀਤੀ ਗਈ ਹੈ। ਜਿਵੇਂ ਮੇਘ ਅਤੇ ਬਸੰਤ ਰਾਗਾਂ ਦਾ ਸਬੰਧ ਮੌਸਮਾਂ ਨਾਲ ਹੈ। ਸ਼ੱਕ, ਆਭੀਰੀ, ਕੰਬੋਜੀ ਆਦਿ ਰਾਗਣੀਆਂ ਦਾ ਸਬੰਧ ਪ੍ਰਦੇਸ਼ਾਂ ਨਾਲ ਹੈ। ਨਾਗਧਵਨੀ, ਹੰਸਧਵਨੀ, ਮਯੂਰੀ, ਕੋਕਿਲਾ ਆਦਿ ਰਾਗਨੀਆਂ ਪਸ਼ੂ ਪੰਛੀਆਂ ਦੀ ਆਵਾਜ਼ ਨਾਲ ਸਬੰਧਿਤ ਹਨ ਅਤੇ ਮੀਆਂ ਦੀ ਮਲ੍ਹਾਰ, ਵਿਲਾਸਥਾਨੀ ਟੋਡੀ ਤੇ ਬਹਾਦਰੀ ਟੋਡੀ ਗਾਇਕਾਂ ਅਰਥਾਤ ਉਸ ਦੇ ਗ੍ਰਹਿਣ ਕਰਨ ਵਾਲੇ ਦੇ ਨਾਉਂ ਪਰ ਅਧਾਰਿਤ ਹਨ।

**ਰਾਗ ਰਾਗਣੀਆਂ ਦੇ ਦੇਵੀ ਦੇਵਤਾ:** ਭਾਰਤੀ ਸੰਗੀਤ ਸਾਸ਼ਤਰੀਆਂ ਦਾ ਇਹ ਵਿਸ਼ਵਾਸ ਰਿਹਾ ਹੈ ਕਿ ਹਰ ਇੱਕ ਰਾਗ ਅਤੇ ਰਾਗਨੀ ਦੀਆਂ ਸੰਗੀਤਕ ਵਿਸ਼ੇਸ਼ਤਾਵਾਂ ਦੇ ਅੰਦਰੂਨੀ ਕਈ ਪ੍ਰਕਾਰ ਦੇ ਦੇਵੀ ਦੇਵਤਾ ਹੁੰਦੇ ਹਨ। ਜੋ ਆਪਣੇ ਦੁਨਿਆਵੀ ਰੂਪ ਵਿੱਚੋਂ ਉਕਤ ਰਾਗ ਰਾਗਣੀਆਂ ਨੂੰ ਅਨੁਸ਼ਾਸਿਤ ਕਰਦੇ ਹਨ। ਉਨ੍ਹਾਂ ਦੇਵੀ ਦੇਵਤਿਆਂ ਦੀ ਪ੍ਰਾਰਥਨਾ ਦੁਆਰਾ ਉਨ੍ਹਾਂ ਨੂੰ ਮੂਰਤੀ ਰੂਪ ਵਿੱਚ ਪੇਸ਼ ਕਰਨ ਤੇ ਹੀ ਗਾਇਕ ਅਰਥਾਤ ਵਾਦਕ ਨੂੰ ਕਿਸੇ ਰਾਗ ਰਾਗਨੀ ਦੇ ਵਿੱਚ ਸਫਲਤਾ ਮਿਲ ਸਕਦੀ ਹੈਂ। ਉਨ੍ਹਾਂ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਸਮੇਂ ਉਨ੍ਹਾਂ ਦੇ ਰੂਪ ਦਾ ਧਿਆਨ ਕਰਨਾ ਹੁੰਦਾ ਹੈ। ਇਸ ਪ੍ਰਕਾਰ ਦਾ ਵਿਸ਼ਵਾਸ ਹਿੰਦੂ ਧਰਮ ਵਿੱਚ ਸਤਿਕਾਰਤ ਮੂਰਤੀ ਪੂਜਾ ਦੇ ਸਿਧਾਂਤ ਪਰ ਅਧਾਰਿਤ ਹੋ ਜਾਂਦਾ ਹੈ।

**ਰਾਗ ਰਾਗਣੀਆਂ ਦੇ ਦੈਵੀ ਰੂਪ ਦੀ ਪਰੰਪਰਾ:** ਪ੍ਰਸਿੱਧ ਵਿਦਵਾਨ ਸ੍ਰੀ ਓ. ਸੀ. ਰੰਗੋਲੀ ਨੇ ਲਿਖਿਆ ਹੈ, "ਭਾਰਤੀ ਸੰਗੀਤ ਸਾਸ਼ਤਰ ਦੇਂ ਇਸ ਮੂਰਤੀ ਪੂਜਾ ਸੰਬੰਧੀ ਸਿਧਾਂਤ ਨੇ, ਜਿਸ ਦੇ ਅਨੁਸਾਰ ਧਿਆਨ ਅਰਥਾਤ ਪੂਜਾ ਦੁਆਰਾ ਅਨੁਭਵੀ ਦੇਵੀ ਨੂੰ ਸੱਦਿਆ ਜਾਂਦਾ ਹੈ। ਰਾਗ ਰਾਗਣੀਆਂ ਦੇ ਰੂਪਾਂ ਨਾਲ ਸਬੰਧਿਤ ਦੋ ਭਿੰਨ ਪੱਖਾਂ ਦੀ ਧਾਰਨਾ ਦਾ ਜਨਮ ਹੋਇਆ। ਸ਼ਰੰਵਯ ਨਾਦਰੂਪ ਅਤੇ ਦ੍ਰਿਸ਼ ਮੂਰਤੀ ਰੂਪ, ਅਰਥਾਤ ਨਾਦ ਮਾਇਆ ਰੂਪ ਅਤੇ ਦੇਵ ਮਾਇਆ ਰੂਪ। ਰਾਗ ਸਾਸ਼ਤਰ ਦੇ ਇਸ ਸੁਭਾਵਿਕ ਸਿਧਾਂਤ ਦੀ ਅਤੇ ਜਦ ਕਿ ਪੂਰਵਵਰਤੀ ਗ੍ਰੰਥਾਂ ਵਿੱਚ ਸੰਕੇਤ ਕੀਤਾ ਗਿਆ ਹੈ, ਫਿਰ ਵੀ 'ਰਾਗ ਵਿਬੋਧ' ਦੀ ਰਚਨਾ ਨਾਲ ਪੂਰਵ ਦੇ ਕਿਸੀ ਭੀ ਗ੍ਰੰਥ ਵਿੱਚੋਂ ਇਸ ਦੀ ਸਪਸ਼ਟ ਅਰਥਾਤ ਵਿਸਥਾਰ ਸਹਿਤ ਚਰਚਾ ਨਹੀਂ ਮਿਲਦੀ।

'ਰਾਗ ਵਿਬੋਧ' ਦੇ ਪੂਰਵ-ਵਰਤੀ.ਗ੍ਰੰਥਾਂ ਵਿੱਚ 'ਅਦਭੁਤ ਰਮਾਇਣ' ਦਾ ਇੱਕ ਪ੍ਰਸੰਗ ਵਰਨਣ ਹੈ। ਉਸ ਵਿੱਚ ਕਿਹਾ ਗਿਆ ਹੈ ਕਿ ਮਹਾਂ ਮੁਨ ਨਾਰਦ ਸੰਗੀਤ ਦੇ ਬੜੇ ਆਚਾਰੀਯ ਸਨ। (ਫਿਰ ਵੀ ਸੰਗੀਤ ਸ਼ਾਸਤਰ ਐਸਾ ਮਹਾਨ ਹੈ ਕਿ ਉਸ ਵਿੱਚ ਪੂਰਣਤਾ ਪ੍ਰਾਪਤ ਕਰਨ ਦਾ ਕੋਈ ਭੀ ਵਿਅਕਤੀ ਦਾਅਵਾ ਨਹੀਂ ਕਰ ਸਕਦਾ। ਚਾਹੇ ਉਹ ਕਿਤਨਾ ਹੀ ਬੜਾ ਸੰਗੀਤਕਾਰ ਹੋਵੇ।) ਕਿਹਾ ਜਾਂਦਾ ਹੈ ਨਾਰਦ ਨੂੰ ਆਪਣੇ ਸੰਗੀਤ ਗਿਆਨ ਦਾ ਗਰਬ ਹੋ ਗਿਆ ਸੀ ਜਿਸ ਨੂੰ ਦੂਰ ਕਰਨ ਦੇ ਲਈ ਵਿਸ਼ਨੂੰ ਉਸ ਨੂੰ



www.AKJ.Org

ਦੇਵ ਲੋਕ ਵਿੱਚ ਲੈ ਗਏ। ਉਥੇ ਨਾਰਦ ਨੇ ਦੇਖਿਆ ਕਿ ਅਨੇਕ ਇਸਤਰੀ ਪੁਰਸ਼ ਅੰਗ-ਭੰਗ ਅਵਸਥਾ ਵਿੱਚ ਪਏ ਹੋਏ ਹਨ। ਨਾਰਦ ਨੇ ਉਸਨੂੰ ਪੁੱਛਿਆ, "ਤੁਸੀਂ ਕੌਣ ਹੋ ?" ਅਤੇ ਤੁਹਾਡੀ ਐਸੀ ਦਰਦਨਾਕ ਦਸ਼ਾ ਕਿਉਂ ਹੋਈ ਹੈ ?" ਉਨ੍ਹਾਂ ਨੇ ਦੱਸਿਆ 'ਅਸੀਂ ਮਹਾਂਦੇਵ ਦੁਆਰ੍ਹਾ ਉਤਪੰਨ ਰਾਗ ਰਾਗਣੀਆਂ ਹਾਂ। ਨਾਰਦ ਦੇ ਅਸ਼ੁੱਧ ਗਾਇਣ ਨਾਲ ਸਾਡੀ ਇਹ ਦੁਰਦਸ਼ਾ ਹੋਈ ਹੈ। ਜਦੋਂ ਸਾਨੂੰ ਸ਼ੁੱਧ ਰੂਪ ਨਾਲ ਗਾਇਨ ਕੀਤਾ ਜਾਵੇਗਾ ਤਾਂ ਅਸੀਂ ਪੂਰਨ ਸਮਰੱਥ ਹੋ ਜਾਵਾਂਗੇ। ਇਸ ਕੰਥਾਨਕ ਵਿੱਚ ਜਿੱਥੇ ਰਾਗ ਰਾਗਣੀਆਂ ਦੇ ਦੇਵੀ ਰੂਪ ਦੀ ਸਥਾਪਨਾ ਕੀਤੀ ਗਈ ਹੈ, ਉਥੇ ਉਨ੍ਹਾਂ ਦੇ ਸਾਵਧਾਨੀ ਪੂਰਵਕ ਸ਼ੁਧ ਰੀਤ ਨਾਲ ਗਾਇਨ ਕਰਨ ਦੀ ਅਵੱਸ਼ਕਤਾ ਪਰ ਵੀ ਬਲ ਦਿੱਤਾ ਗਿਆ ਹੈ।" (ਅਦਭੁਤ ਰਮਾਇਣ)

ਉਹ ਕਾਲ ਮੁਗਲ ਸਮਰਾਟ ਜਹਾਂਗੀਰ ਦੇ ਸਾਸ਼ਨ ਦਾ ਆਰੰਭਕ ਯੁੱਗ ਸੀ ਜਦੋਂ ਉੱਤਰ ਭਾਰਤ ਵਿੱਚ ਸੰਗੀਤ, ਚਿੱਤਰ ਅਤੇ ਕਵਿਤਾ ਆਦਿ ਸਭ ਕਲਾਵਾਂ ਦੀ ਬੜੀ ਉਨਤੀ ਹੋਈ ਸੀ। ਬ੍ਰਜ ਦੇ ਵੈਸ਼ਨਵ ਧਰਮਾਚਾਰੀਆਂ ਦੇ ਭਗਤੀ ਪ੍ਰਚਾਰ ਦੇ ਕਾਰਨ ਹਿੰਦੂ ਦੇਵੀ ਦੇਵਤਿਆਂ ਦਾ ਸਨਮਾਨ ਵੀ ਵਧ ਗਿਆ ਸੀ। ਉਸ ਕਾਲ ਵਿੱਚ ਸੰਗੀਤ, ਚਿੱਤਰ ਅਤੇ ਕਲਾਵਾਂ ਦੇ ਪ੍ਰਸਪਰ ਸਬੰਧ, ਰਾਗ ਰਾਗਣੀਆਂ ਦੇ ਦੈਵੀ ਰੂਪ ਅਤੇ ਉਸ ਦੇ ਧਿਆਨ ਦੀ ਪ੍ਰਵਿਰਤੀ ਦਾ ਬੜਾ ਪ੍ਰਚਾਰ ਹੋਇਆ। ਵੈਸੇ ਸੰਗੀਤ ਗ੍ਰੰਥਾਂ ਵਿੱਚ ਉੱਪਰ ਦੱਸੀ ਪ੍ਰਵਿਰਤੀ ਦਾ ਆਰੰਭ ਪਹਿਲਾਂ ਤੋਂ ਹੀ ਹੋ ਚੁੱਕਾ ਸੀ, ਜਿਵੇਂ ਅਸੀਂ ਅੱਗੇ ਦੇਖਾਂਗੇ।

ਚਿੱਤਰਕਾਰ ਸ੍ਰੀ ਜਗਦੀਸ਼ ਮਿੱਤਲ ਨੇ ਇਸ ਸਬੰਧ ਵਿੱਚ ਖੋਜ ਕਰਨ ਤੋਂ ਬਾਅਦ ਲਿਖਿਆ ਹੈ ਕਿ "ਰਾਗ ਰਾਗਨੀਆਂ ਦਾ ਚਿਤਰਨ ਅਸਾਡੇ ਇੱਥੇ ਕਦੋਂ ਤੋਂ ਸ਼ੁਰੂ ਹੋਇਆ, ਇਸ ਸਬੰਧ ਵਿੱਚ ਪੱਕੇ ਤੌਰ 'ਤੇ ਕੁੱਝ ਕਹਿਣਾ ਔਖਾ ਹੈ। ਲੇਕਿਨ ਐਸਾ ਮੰਨਿਆ ਗਿਆ ਹੈ ਕਿ ੧੬ਵੀਂ ਸਦੀ ਤੱਕ ਰਾਗ ਰਾਗਣੀਆਂ ਦੇ ਧਿਆਨ (ਮੋਟਿਫਸ) ਰੂਪਮਾਨ ਹੋ ਚੁੱਕੇ ਸਨ।

ਰਾਗ ਰਾਗਣੀਆਂ ਦੇ ਧਿਆਨ ਦਾ ਰੂਪ ਨਿਸ਼ਚਿਤੰ ਹੋ ਜਾਣ ਦੇ ਨਾਲ-ਨਾਲ ਚਿੱਤਰਕਾਰਾਂ ਅਤੇ ਕਵੀਆਂ ਨੂੰ ਆਪਣੀ ਕਲਾ ਦਾ ਇੱਕ ਨਵਾਂ ਖੇਤਰ ਮਿਲ ਗਿਆ ਅਤੇ ਉਸ ਸਭ ਦੀ ਸਾਧਨਾ ਦੇ ਫਲਸਰੂਪ ਚਿੱਤਰ ਕਲਾ ਦੀ ਇੱਕ ਨਵੀਂ ਸ਼ੈਲੀ ਪ੍ਰਕਾਸ਼ ਵਿੱਚ ਆਈ। ਜਿਸ ਨੂੰ ਰਾਗਮਾਲਾ ਕਿਹਾ ਗਿਆ। ਇਨ੍ਹਾਂ ਚਿੱਤਰਾਂ ਨੂੰ ਦੇਖ ਕੇ ਹੀ ਗਿਆਨ ਜੋ ਜਾਂਦਾ ਹੈ ਕਿ ਕਿਸ ਰਾਗ-ਰਾਗ਼ਨੀ ਦੁਆਰਾ ਕਿਸ ਰਸ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਸ਼ੁਰੂ ਵਿੱਚ ਰਾਜਿਆਂ ਨੇ ਆਪਣੇ ਧਿਆਨ ਲਈ ਚਿੱਤਰਕਾਰਾਂ ਤੋਂ ਚਿੱਤਰ ਬਣਵਾਏ ਅਤੇ ਕਵੀਆਂ ਤੋਂ ਉਸ ਉਤੇ ਧਿਆਨ ਦੇ ਛੰਦ ਲਿਖਵਾਏ। ਉੱਤਰੀ ਭਾਰਤ ਵਿੱਚ ਚਿੱਤਰਕਾਰ ਕਵੀ ਅਤੇ ਕਵੀ ਚਿੱਤਰਕਾਰ ਵੀ ਹੁੰਦੇ ਹਨ। ਧਿਆਨ ਦੇ ਛੰਦਾਂ ਦੀ ਰਚਨਾ ਜ਼ਿਆਦਾਤਰ ਕਵੀਆਂ ਦੀਆਂ ਕਲਪਨਾ ਦੁਆਰਾ ਹੀ ਹੋਈ ਮਿਲਦੀ ਹੈ। ਅਜਿਹੇ ਵੀ ਕਈ ਸੰਗੀਤਕਾਰ ਹੋਏ ਹਨ ਜੋ ਕਵੀ ਅਤੇ ਚਿੱਤਰਕਾਰ ਵੀ ਸਨ।



www.AKJ.Org

'ਰਾਗਮਾਲਾ' ਦੇ ਤਾਰੀਖ ਸਹਿਤ ਪ੍ਰਾਪਤ ਚਿੱਤਰਾਂ ਦਾ ਸਭ ਤੋਂ ਪੁਰਾਣਾ ਸੈਟ ਕਲਕੱਤਾ ਦੇ 'ਸ਼ੇਰੀ ਗੋਪੀ ਕਿਸ਼ਨ ਕਾਨੋਠੀਆਂ' ਦੇ ਸੰਗ੍ਰਹਿ ਦਾ ਕਿਹਾ ਜਾਂਦਾ ਹੈ। ਉਦੈਪੁਰ ਦੇ ਨਿਕਟਵਰਤੀ ਚਾਂਵਡ ਨਾਮਕ ਸਥਾਨ ਵਿੱਚ ਕਿਸੀ ਨਸੀਰੁਦੀਨ ਚਿੱਤਰਕਾਰ ਨੇ ਸੰਨ ੧੬੬੨ ਵਿੱਚ ਉਸ ਸੈਟ ਦੇ ੪੨ ਚਿੱਤਰ ਬਣਾਏ ਸੀ। ਜੋ ਜ਼ਿਆਦਾਤਰ ਰਾਜਸਥਾਨੀ ਮੁਗਲ ਅਤੇ ਪਹਾੜੀ ਸ਼ੈਲੀਆਂ ਦੇ ਹਨ।

ਆਰੰਭਕ ਚਿੱਤਰਾਂ ਵਿੱਚ ਧਿਆਨ ਦੇ ਛੰਦ ਸੰਸਕ੍ਰਿਤ ਭਾਸ਼ਾ ਵਿੱਚ ਰਚੇ ਹੋਏ ਮਿਲਦੇ ਹਨ। ਪ੍ਰੰਤੂ ਬਾਅਦ ਵਿੱਚ ਉਹ ਬ੍ਰਿਜਭਾਸ਼ਾ ਵਿੱਚ ਲਿਖੇ ਜਾਣ ਲੱਗੇ। ਇਨ੍ਹਾਂ ਚਿੱਤਰਾਂ ਪਰ ਲਿਖੇ ਹੋਏ ਬ੍ਰਿਜਭਾਸ਼ਾ ਦੇ ਛੰਦ ਬ੍ਰਜ ਸਾਹਿਤ ਦੀ ਕਵਿਤਾ ਦਾ ਮਹੱਤਵਪੂਰਨ ਅਧਾਰ ਹਨ।

ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਰਾਗਮਾਲਾ ਦੇ ਇਹ ਚਿੱਤਰ ਜਿੱਥੇ ਚਿੱਤਰਕਲਾ ਦੇ ਸੁੰਦਰ ਨਮੂਨੇ ਹਨ। ਉਥੇ ਉਸ ਦੇ ਧਿਆਨ ਦੇ ਛੰਦ ਕਵਿਤਾ ਕਲਾ ਦੇ ਭੀ ਸੁੰਦਰ ਉਦਾਹਰਨ ਹਨ। ਪ੍ਰੰਤੂ ਉਹ ਐਸੀ ਭੱਦੀ ਲਿੱਪੀ ਅਤੇ ਅਸ਼ੁੱਧ ਭਾਸ਼ਾ ਵਿੱਚ ਲਿਖੇ ਮਿਲਦੇ ਹਨ ਕਿ ਜਿਸ ਵਿੱਚ ਚਿੱਤਰਾਂ ਦੀ ਸੁੰਦਰਤਾ ਹੀ ਘੱਟ ਹੋ ਜਾਂਦੀ ਹੈ, ਸੁੰਦਰ ਚਿੱਤਰਾਂ ਉੱਤੇ ਉਹ ਭੱਦੀ ਅਤੇ ਅਸ਼ੁੱਧ ਲਿਖਤ ਅਜੇਹੀ ਬੇਮੇਲ ਲਗਦੀ ਹੈ ਜਿਵੇਂ ਕਿਸੇ ਚਾਂਦੀ ਦੀਆਂ ਤਾਰਾਂ ਦੇ ਸੁੰਦਰ ਬਸਤਰ ਉੱਤੇ ਟਾਟ ਦੀ ਟਾਕੀ ਲਗਾ ਦਿੱਤੀ ਹੋਵੇ। ਇਸ ਪ੍ਰਕਾਰ ਦੀ ਅਸੰਗਤ ਉਸ ਕਾਲ ਦੀ ਫਾਰਸੀ ਲਿਪੀ ਵਾਲੇ ਚਿੱਤਰਾਂ ਵਿੱਚ ਨਹੀਂ ਮਿਲਦੀ। ਫਾਰਸੀ ਲਿਪੀ ਦੇ ਸ਼ਬਦ ਸ਼ੁੱਧ ਅਤੇ ਕਲਾਤਮਕ ਢੰਗ ਨਾਲ ਲਿਖੇ ਗਏ ਹਨ। ਉਸ ਦਾ ਕਾਰਨ ਮੁਸਲਮਾਨਾਂ ਦਾ ਧਾਰਮਿਕ ਸਤਿਕਾਰ ਵੀ ਹੈ। ਹਿੰਦੂ ਚਿੱਤਰਕਾਰਾਂ ਨੇ ਦੇਵੀ ਦੇਵਤਿਆਂ ਦੇ ਸੁੰਦਰ ਚਿੱਤਰ ਬਣਾਉਣ ਦੇ ਨਾਲ-ਨਾਲ ਉਨ੍ਹਾਂ ਉੱਪਰ ਸੁੰਦਰ ਲਿਖਤ ਕਰਨ ਵੱਲ ਧਿਆਨ ਨਹੀਂ ਦਿੱਤਾ। ਮੁਸਲਮਾਨ ਚਿੱਤਰਕਾਰਾਂ ਨੂੰ ਦੇਵੀ ਦੇਵਤਿਆਂ ਦੇ ਚਿੱਤਰ ਬਣਾਉਣ ਦੀ ਆਗਿਆ ਨਹੀਂ ਸੀ। ਇਸ ਤਰ੍ਹਾਂ ਉਨ੍ਹਾਂ ਦੀ ਚਿੱਤਰਕਲਾ ਦਾ ਮਾਪਦੰਡ ਹੀ ਸੁੰਦਰ ਸ਼ਬਦਾਂ ਦਾ ਲਿਖਣਾ ਹੋ ਗਿਆ। ਮੁਗਲ ਸਾਮਰਾਜ ਅੰਦਰ ਚਿੱਤਰ ਸ਼ਾਲਾਵਾਂ ਵਿੱਚ ਚਿੱਤਰਕਾਰਾਂ ਦੇ ਨਾਲ-ਨਾਲ ਉੱਚੀਆਂ ਤਨਖਾਹਾਂ ਤੇ ਮੁਨਸਬਦਾਰ ਵੀ ਰੱਖੇ ਹੋਏ ਸਨ।

'ਰਾਗਮਾਲਾ' ਦੇ ਚਿੱਤਰਾਂ ਅਤੇ ਉਨ੍ਹਾਂ ਦੇ ਧਿਆਨ ਦੇ ਛੰਦਾਂ ਦੇ ਉਦਾਹਰਣ ਸਵਰੂਪ ਅਸੀਂ ਇੱਥੇ 'ਭੈਰਵੀ ਰਾਗਿਨੀ' ਦੇ ਇੱਕ ਵਿਆਖਿਆਕਾਰ ਚਿੱਤਰ ਦਾ ਵਰਨਣ ਪੇਸ਼ ਕਰਦੇ ਹਾਂ। ਭੈਰਵੀ ਭੂਤ ਕਾਲ ਦੀ ਰਾਗਿਨੀ ਹੈ। ਉਸ ਦਾ ਸਵਰੂਪ ਪਾਰਬਤੀ ਦੀ ਉਸ ਅਵਸਥਾ ਦਾ ਮੰਨਿਆ ਗਿਆ ਜਦੋਂ ਉਹ ਸ਼ਿਵ ਜੀ ਨੂੰ ਪਤੀ ਰੂਪ ਵਿੱਚ ਪ੍ਰਾਪਤ ਕਰਨ ਦੀ ਇੱਛਾ ਨਾਲ ਮਾਨਸਰੋਵਰ ਸਥਿਤ 'ਸ਼ਿਵ' ਮੰਦਰ ਵਿੱਚ ਸ਼ਿਵ ਲਿੰਗ ਦੀ ਪੂਜਾ ਅਰਾਧਨਾ ਵਿੱਚ ਲੱਗੀ ਹੋਈ ਸੀ। ਉਹ ਆਪਣੇ ਹੱਥ ਦੀ ਘੰਟੀ ਦੀ ਸਹਾਇਤਾ ਨਾਲ ਆਪਣੇ ਗਾਇਨ ਨੂੰ ਲੈਅ ਅਤੇ ਤਾਲ-ਬੱਧ ਰੱਖਦੀ ਹੈ। ਉਸ ਦੇ ਪਿੱਛੇ ਪੂਜਾ



www.AKJ.Org

ਦੀ ਸਮੱਗਰੀ ਲਈ ਇੱਕ ਸਹੇਲੀ ਖੜ੍ਹੀ ਹੈ। ਮਾਨ ਸਰੋਵਰ ਦੇ ਪਵਿੱਤਰ ਪਾਣੀ ਦੇ ਕਿਨਾਰੇ ਕਲੋਲ ਕਰਨ ਵਾਲੇ ਪੰਛੀਗਣ ਕਾਲੀਨ ਵਾਤਾਵਰਣ ਨੂੰ ਸੂਚਿਤ ਕਰਦੇ ਹਨ। ਇਸ ਪ੍ਰਕਾਰ 'ਭੈਰਵੀ ਰਾਗਿਨੀ' ਦਾ ਚਿਤਰਣ ਕਰ ਉਸ ਉੱਪਰ ਧਿਆਨ ਦੇ ਜੋ ਛੰਦ ਲਿਖੇ ਗਏ ਹਨ। ਉਸ ਵਿੱਚੋਂ ਇੱਕ ਉਦਾਹਰਣ ਇਸ ਤਰ੍ਹਾਂ ਹੈ :

ਸੰਸਕ੍ਰਿਤ ਸਰੋਵਰ ਸਥੇ ਮੰਡਲੇ ਸਰੋਰੂ ਹੈ, ਸੰਕਰਸਕ ਬਅੰਤ,
ਤਾਲ ਪ੍ਰਯੋਗੀ ਪ੍ਰਤਿਬਦ ਯੋਗਤਾ, ਸੋਗੀਤ ਠਰਠਰਾਹਟ ਭੈਰੀਵਯੰ।

**ਬ੍ਰਿਜ ਭਾਸ਼ਾ :**

ਰਾਜ ਕੁਮਾਰ ਭੈਰਵੀ ਰਾਨੀ, ਦੇਖ ਰੂਪ ਭੈਰਵ ਲਲਚਾਨੀ,
ਭਈ ਮਗਨ ਸਰ ਸੁਰਤ ਬਿਸਾਰੀ.........।
ਰਖੇ ਮਨੋਰਥ ਸ਼ਿਵ ਮਠ ਆਈ। ਬਹੁਤ ਭਾਂਤਿ ਕੀ ਪੂਜਾ ਲਾਈ॥
ਲੀਏ ਤਾਲ ਪਰ ਸੁਜਸ ਸੁਨਾਵੋ। ਮਨ ਏਹੋ ਬੱਸ, ਭੈਰਵ ਪਿਯ ਪਾਵੇ।
ਇਹ ਨਿਮਤ ਚਿੱਤ ਗਾਓ ਗਾਵੈ, ਪਿਯ ਸਨੇਹ ਏਕ ਬਿਸਾਰੇ।
ਮਾਨ ਸਰੋਵਰ ਵਿਮਲ ਜੀ, ਪੰਖੀ ਕਰਤ ਕਲੋਲ।
ਤਿਹਿ ਤਟ ਸ਼ੋਭਿਤ ਸ਼ਿਵ ਭਵਨ, ਰਾਜਿਤ ਰਸਿਤ ਅਮੋਲ।

ਇਸ ਪ੍ਰਕਾਰ ਸਾਰੇ ਰਾਗ ਰਾਗਨੀਆਂ ਦੇ ਵਰਨਣ ਦੇ ਨਾਲ ਉਨ੍ਹਾਂ ਦੇ ਚਿੱਤਰ ਬਣਾਏ ਜਾਂਦੇ ਸੀ, ਅਰਥਾਤ ਉਨ੍ਹਾਂ ਚਿੱਤਰਾਂ ਉੱਪਰ ਉਨ੍ਹਾਂ ਦਾ.ਵਿਆਖਿਆਤਮਿਕ ਛੰਦਾਂ ਤੋਂ ਹੀ ਉਨ੍ਹਾਂ ਦੇ ਅੰਤਰ ਭੇਦ ਨੂੰ ਜਾਣਿਆ ਜਾ ਸਕਦਾ ਹੈ।

**ਬ੍ਰਿਜ ਦੀ ਦੇਣ :** ਬ੍ਰਿਜਮੰਡਲ ਵਿੱਚ ਰਚਿਆ ਹੋਇਆ ਬ੍ਰਿਜਭਾਸ਼ਾ ਦਾ ਕਦਾਚਿਤ ਸਭ ਤੋਂ ਪੁਰਾਣਾ ਸੰਗੀਤ ਗ੍ਰੰਥ 'ਸ੍ਰੀ ਹਰੀ ਰਾਮ ਮਿਆਸ' ਕ੍ਰਿਤ 'ਰਾਗ ਨਿਰਣਯ' ਜਾਂ 'ਰਾਗਮਾਲਾ' ਹੈ, ਜਿਸ ਵਿੱਚ ੬ ਰਾਗ ਅਤੇ ੩੧ ਰਾਗਨੀਆਂ ਦਾ ਵਿਸਥਾਰ ਪੂਰਵਕ ਸਿਧਾਂਤਕ ਵਿਵੇਚਨ ਕੀਤਾ ਗਿਆ ਹੈ।

ਬ੍ਰਿਜ ਵਿੱਚ ਦੂਸਰੀਆਂ ਕਲਾਵਾਂ ਦੀ ਉੱਨਤੀ ਵੱਲ ਜਿਤਨਾ ਧਿਆਨ ਦਿੱਤਾ ਗਿਆ ਹੈ ਉਤਨਾ ਚਿੱਤਰਕਲਾ ਦੇ ਵੱਲ ਨਹੀਂ ਦਿੱਤਾ ਗਿਆ। ਫਲਸਰੂਪ 'ਰਾਗਮਾਲਾ' ਦੇ ਬਣੇ ਹੋਏ ਚਿੱਤਰ ਵੀ ਬਹੁਤ ਘੱਟ ਮਿਲਦੇ ਹਨ। ਇਸ ਵਿਸ਼ੇ ਦੀ ਵਰਨਣਯੋਗ ਰਚਨਾ 'ਮਥੁਰਾ' ਦੇ 'ਹਰਿਵਲਭ ਨਾਮਕ ਭਗਤ ਕਵੀ ਦੁਆਰਾ ਲਿਖਿਆ ਇੱਕ ਸੰਗੀਤ ਗ੍ਰੰਥ ਹੈ। ਇਨ੍ਹਾਂ ਦੀਆਂ ਕਈ ਹੱਥ ਲਿਖਤ ਪ੍ਰਤੀਆਂ ਵਿਭਿੰਨ ਸਥਾਨਾਂ ਪਰ ਮਿਲੀਆਂ ਹਨ। ਜਿਨ੍ਹਾਂ ਦਾ ਵਰਨਣ ਸ੍ਰੀ 'ਅਗਰ ਚੰਦ ਨਾਹਟਾ' (ਬੀਕਾਨੇਰ ਵਾਲੇ) ਨੇ ਕੀਤਾ ਹੈ। ਇਸੀ ਗ੍ਰੰਥ ਦੇ 'ਰਾਗਧਿਆਏ' ਦੀਆਂ ਪ੍ਰਤੀਆਂ ਸਚਿੱਤਰ 'ਰਾਗਮਾਲਾ' ਦੇ ਨਾਮ ਤੋਂ ਵੀ ਜਾਣੀਆਂ ਜਾਂਦੀਆਂ ਹਨ। ਨਾਹਟਾ ਜੀ ਨੇ ਐਸੀਆਂ ਪ੍ਰਤੀਆਂ ਦਾ ਵਰਨਣ ਕੀਤਾ ਹੈ। ਜਿਨ੍ਹਾਂ ਵਿੱਚੋਂ ਇੱਕ ਪ੍ਰਤੀ ਕੰਵਰ ਮੋਤੀ ਚੰਦਰ ਜੀ ਖਜਾਂਚੀ ਦੇ ਪ੍ਰਤੀਆਂ ਦੇ ਸੰਗ੍ਰਹਿ ਵਿੱਚ ਹੈ, ਜਿਸ ਵਿੱਚ ੪੭ ਚਿੱਤਰ ਹਨ ਅਤੇ ਦੂਸਰੀ ਪ੍ਰਤੀ 'ਪੂਰਣ ਚੰਦਰਜੀ'



www.AKJ.Org

ਨਾਹਰ ਕਲਕੱਤੇ ਵਾਲਿਆਂ ਦੇ ਸੰਗ੍ਰਹਿ ਵਿੱਚ ਹੈ। ਜਿਸ ਵਿੱਚ ੫੨ ਚਿੱਤਰ ਹਨ। ਨਾਹਰ ਜੀ ਦੀ ਪ੍ਰਤੀ ਪੂਰਨ ਹੈ। ਜਦ ਕਿ ਖਜਾਂਚੀ ਜੀ ਦੀ ਪ੍ਰਤੀ ਵਿੱਚ ਪੰਜ ਚਿੱਤਰ ਘੱਟ ਹਨ। ਇਹ ਚਿੱਤਰ ਕਿਸ ਚਿੱਤਰਕਾਰ ਦੇ ਬਣਾਏ ਹੋਏ ਹਨ, ਇਸ ਦਾ ਵਰਨਣ ਨਹੀਂ ਮਿਲਦਾ।

## ਸੰਗੀਤ ਸੀਕਰ ਇੱਕ ਸਵਾਲ (੧੯੩੭ ਈ:)

ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਵਰਤਮਾਨ ਸਮੇਂ ਵਿੱਚ ਇਹ ਰਾਗ ਰਾਗਨੀਆਂ ਵਾਲੇ ਪੁਰਾਤਨ ਖਿਆਲ ਨੂੰ ਮੰਨਣਾ ਕਿਤਨਾ ਕੁ ਉਚਿਤ ਹੈ ? ਇਸ ਸਵਾਲ ਦਾ ਜਵਾਬ ਅਸੀਂ ੧੯੩੭ ਈ: ਵਿੱਚ 'ਸੰਗੀਤ ਸੀਕਰ' ਨਾਮੀ ਛਪੇ ਪੱਤਰ ਦੇ ਪੰਨਾ ੯੬ ਤੋਂ ਦੇ ਰਹੇ ਹਾਂ।

ਇੱਕ ਮੱਤ ਅਨੁਸਾਰ ਭਗਵਾਨ ਸ਼ੰਕਰ ਦੇ ਮੂੰਹ ਵਿੱਚ ਪੰਜ (ਭੈਰਵ, ਹਿੰਡੋਲ, ਸ੍ਰੀ, ਮੇਘ ਤੇ ਦੀਪਕ) ਰਾਗ ਅਤੇ ਪਾਰਵਤੀ ਦੇ ਮੂੰਹ ਵਿੱਚੋਂ ਛੇਵਾਂ (ਮਾਲਕੋਸ) ਰਾਗ ਉਤਪੰਨ ਹੋਇਆ। ਇਨ੍ਹਾਂ ਰਾਗਾਂ ਨੂੰ ਮੁੱਖ ਰੱਖਕੇ ਹੀ ਪਤਨੀਆਂ, ਪੁੱਤਰ, ਪੁੱਤਰਬਧੂ, ਪੜੋਤੇ ਸਵੀਕਾਰ ਕਰਕੇ ਕੁਟੰਬ ਦਾ ਵਰਨਣ ਕੀਤਾ ਜਾਂਦਾ ਸੀ।

ਇਹ ਵਰਗੀਕਰਣ ਤਰਕ ਦੀ ਦ੍ਰਿਸ਼ਟੀ ਤੋਂ ਸਵੀਕਾਰਨ ਯੋਗ ਨਹੀਂ ਸੀ। ਇਸ ਲਈ ਹੀ ਬਾਅਦ ਦੇ ਸੰਗੀਤ ਵਿਦਵਾਨਾਂ ਨੇ ਉਸ ਪਧਤਿ ਦਾ ਪੂਰਨ ਤਿਆਗ ਕਰਕੇ ਗਣਿਤ, ਸਾਸ਼ਤ੍ਰ ਪਰਿਪੂਰਨ ੭੨ ਥਾਟ ਵਾਲੀ (ਜਨਯ-ਜਨਕ) ਪਧਤਿ ਦਾ ਪ੍ਰਚਾਰ ਕੀਤਾ।

ਪ੍ਰਾਚੀਨ ਗ੍ਰੰਥਾਂ ਦਾ ਮੰਥਨ ਕਰਨ ਤੋਂ ਬਾਅਦ ਇਹ ਸਪਸ਼ਟ ਹੁੰਦਾ ਹੈ ਕਿ ਉਨ੍ਹਾਂ ਵਿੱਚ ਕੇਵਲ 'ਰਾਗਾਂ' ਨੂੰ ਪ੍ਰਧਾਨਤਾ ਦਿੱਤੀ ਗਈ ਸੀ। ਉਨ੍ਹਾਂ ਵਿੱਚ ਕਿਤੇ ਵੀ ਰਾਗਨੀ, ਪੁੱਤਰ, ਪੁੱਤਰਬਧੂ ਆਦਿ ਦਾ ਪ੍ਰਮਾਣਿਕ ਵਰਣਨ ਨਹੀਂ ਮਿਲਦਾ। ਇੱਕ ਥਾਂ ਲਿਖਿਆ ਹੈ, "ਸੁ ਰਾਗ ਕਥਿਤੋ ਬੁਧੈ" ਪਰ ਉਥੇ ਲਿਖਿਆ ਹੈ, "ਸ ਭਾਰਯ ਕਥਿਤੋ ਬੁਧੈ" ਕਿ ਕਿਸ ਵਿਸ਼ੇਸ਼ ਤੱਤ ਦੇ ਆਧਾਰ ਉੱਤੇ ਰਾਗਨੀ ਦੀ ਸਾਜਨਾ ਹੋਈ। ਇੱਥੇ ਇਹ ਵੀ ਸਪੱਸ਼ਟ ਨਹੀਂ ਹੁੰਦਾ ਕਿ ਪੁੱਤਰ ਅਤੇ ਪੁੱਤਰਬਧੂ ਆਦਿ ਦੀ ਰਚਨਾ ਕਿਹੜੇ ਤੱਤ ਅਨੁਸਾਰ ਹੋਈ।

ਰਾਗਨੀ, ਪੁੱਤਰ ਆਦਿ ਦੀ ਕਥਾ ਕਿਸੇ ਵੀ ਗ੍ਰੰਥ ਵਿੱਚ ਨਹੀਂ ਮਿਲਦੀ। ਹਨੂੰਮੰਤ ਮੱਤ ਦੇ ਕੁੱਝ ਅਜਿਹੇ ਗ੍ਰੰਥ (ਸੰਗੀਤ ਪਾਰਿਜਾਤ) ਹਨ ਜਿਨ੍ਹਾਂ ਵਿੱਚ ੬ ਰਾਗ ੩੬ ਰਾਗਨੀਆਂ ਅਤੇ ਉਨ੍ਹਾਂ ਦੇ ਪਰਿਵਾਰ ਤੇ ਕੁਝ ਰੌਸ਼ਨੀ ਪਾਈ ਗਈ ਹੈ ਪਰ ਇੱਥੇ ਵੀ ਪ੍ਰਧਾਨਤਾ ਕੇਵਲ ਰਾਗ ਨੂੰ ਹੀ ਮਿਲੀ ਹੈ।

ਸੋ ਜਦੋਂ ਰਾਗਨੀਆਂ, ਪੁੱਤਰ, ਪੁੱਤਰਬਧੂ ਆਦਿ ਦਾ ਸਾਸਤ੍ਰਾਂ ਵਿੱਚ ਪ੍ਰਮਾਣਿਕ ਉਲੇਖ ਹੀ ਨਹੀਂ ਮਿਲਦਾ, ਫਿਰ ਕੇਵਲ ਕਲਪਨਾ ਦੀ ਉਡਾਨ ਨਾਲ ਉਤਪੰਨ ਹੋਈਆਂ



www.AKJ.Org

ਰਾਗਨੀਆਂ, ਪੁੱਤਰ ਆਦਿ ਦਾ ਵਰਗੀਕਰਨ ਉਚਿਤ ਹੁੰਦਾ ਤਾਂ ਰਾਗਾਂ ਦੇ ਨਾਲ ਰਾਗਣੀਆਂ ਦਾ ਵਿਵੇਚਨ ਜ਼ਰੂਰ ਪ੍ਰਾਪਤ ਹੁੰਦਾ, ਜਦੋਂ ਤੱਕ ਇਸ ਗੱਲ ਦਾ ਸੰਤੋਸ਼ਜਨਕ ਪ੍ਰਮਾਣ ਨਹੀਂ ਮਿਲਦਾ ਕਿ ੬ ਰਾਗ, ੩੬ ਰਾਗਨੀਆਂ ਅਤੇ ਉਨ੍ਹਾਂ ਦੇ ਪੁੱਤਰ, ਪੋਤਰੇ ਆਦਿ ਦਾ ਨਿਰਮਾਣ ਕਿਸ ਸਿਧਾਂਤ ਉੱਤੇ ਕੀਤਾ ਗਿਆ ਹੈ ਉਦੋਂ ਤੱਕ ਇਹ ਵਰਗੀਕਰਣ ਮੂਲੋਂ ਹੀ ਮੰਨਣਯੋਗ ਨਹੀਂ ਹੋ ਸਕਦਾ।

ਰਾਗ, ਰਾਗਨੀਆਂ ਤੇ ਪੁੱਤਰ ਆਦਿ ਦੀ ਪਧਤਿ ਮੰਨਣ ਵਾਲਿਆਂ ਨੂੰ ਹੇਠ ਲਿਖੇ ਪ੍ਰਸ਼ਨਾਂ ਤੇ ਵਿਚਾਰ ਕਰਨਾ ਚਾਹੀਦਾ ਹੈ।

ਪ੍ਰ :- ਕਿਹੜਾ ਅਜਿਹਾ ਤੱਤ ਹੈ ਜਿਸ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਰਾਗ ਹੈ ਤੇ ਇਹ ਰਾਗਨੀ ਜਾਂ ਪੁੱਤਰ ਤੇ ਪੁੱਤਰਬਧੂ ?

ਪ੍ਰ :- ਇਸ ਪ੍ਰਾਚੀਨ ਪਧਤਿ ਨੂੰ ਮੰਨਣ ਵਾਲੇ ਕਿਹੜਾ ਮੱਤ ਪ੍ਰਮਾਣਿਕ ਮੰਨਦੇ ਹਨ ?

ਪ੍ਰ :- ਅੱਜਕੱਲ੍ਹ ਕਿਸ-ਕਿਸ ਦੇਸ਼ ਵਿੱਚ ਉਨ੍ਹਾਂ ਦੀ ਇਹ ਪਧਤਿ ਪ੍ਰਚਲਿਤ ਹੈ?

ਇਸ ਤਰਕ ਨੂੰ ਅਧਾਰ ਬਣਾ ਕੇ ਹੀ ਪੰਡਿਤ ਵਿਅੰਕਟ ਮੁਖੀ (੧੭ਵੀਂ ਸਦੀ) ਮੁਹੰਮਦ ਰਜਾ (੧੮੧੩ ਈ:) ਤੇ ਅਚਾਰੀਆਂ ਭਾਤਖੰਡੇ ਆਦਿ ਵਿਦਵਾਨਾਂ ਨੇ ਇਸ ਪਧਤਿ ਨੂੰ ਅਰਥਹੀਨ ਤੇ ਬੇਤੁਕੀ ਆਖ ਕੇ ਸਖਤ ਅਲੋਚਨਾ ਕੀਤੀ।

# ਕੀ ਭੈਰਵ ਆਦਿ ਰਾਗ ਹੈ ?

***-ਲੇਖਕ ਸਵਾਮੀ ਪਰਮਾਨੰਦ***

ਇਸ ਲੇਖ ਦਾ ਮੁੱਖ ਵਿਸ਼ਾ ਇਸ ਗੱਲ ਦੀ ਖੋਜ ਕਰਨਾ ਹੈ ਕਿ ਪੂਰਵ ਲੇਖਕਾਂ ਨੇ 'ਭੈਰਵ ਰਾਗ' ਨੂੰ ਰਾਗਾਂ ਦੀ ਸੂਚੀ ਵਿੱਚ ਪਹਿਲੇ ਸਥਾਨ ਦੀ ਮਾਨਤਾ ਦਿੱਤੀ ਹੈ ਕਿ ਨਹੀਂ ? ਜੇਕਰ ਅਜਿਹਾ ਹੈ ਤਾਂ ਇਸ ਗੱਲ ਦੀ ਖੋਜ ਕਰਨੀ ਹੈ ਕਿ 'ਭੈਰਵ' ਨੂੰ ਹੀ ਕਿਉਂ ਪ੍ਰਾਚੀਨ (ਪ੍ਰਥਮ) ਮੰਨਿਆ ਹੈ ?

੧੭ਵੀਂ ਸਦੀ ਦੇ ਪ੍ਰਮੁੱਖ ਲੇਖਕ ਪੰ: ਦਾਮੋਦਰ ਨੇ ਆਪਣੇ 'ਸੰਗੀਤ ਦਰਪਣ' ਵਿੱਚ ਲਿਖਿਆ ਹੈ ਕਿ 'ਭੈਰਵ; ਆਦਿ ਰਾਗ' ਹੈ, ਪ੍ਰੰਤੂ ਦਰਪਣ ਤੋਂ ਪਹਿਲਾਂ ਦੇ ਕਿਸੇ ਵੀ 'ਸੰਗੀਤ ਸਾਹਿਤ' ਵਿੱਚ 'ਭੈਰਵ' ਨੂੰ ਆਦਿ ਰਾਗ ਨਹੀਂ ਮੰਨਿਆ ਗਿਆ। ਸਗੋਂ, ਇੱਕ ਹੋਰ ਅਚੰਭੇ ਵਾਲੀ ਗੱਲ ਇਹ ਕਿ 'ਭੈਰਵ ਰਾਗ' ਦਾ ਸੰਗੀਤ ਸਾਹਿੱਤ ਵਿੱਚ ਪਹਿਲੀ ਵਾਰ ਦਰਸ਼ਨ ਵੀ ੧੧ਵੀਂ ਤੋਂ ੧੩ਵੀਂ ਸਦੀ (ਆਰੀਆ ਮਾਰਗ ਸੰਗੀਤ) ਵਿੱਚ ਹੀ ਮਿਲਦਾ ਹੈ। ਜੈਨੀ ਸੰਗੀਤਗੱਯ 'ਪਾਰਸ਼ਵਦੇਵ' ਨੇ ਆਪਣੀ ਰਚਨਾ (ਸੰਗੀਤ ਸਮਯ ਸਾਰ) ਵਿੱਚ ਇਸ ਦਾ ਵਰਣਨ ਭੈਰਵੀ ਦੇ ਨਾਲ-ਨਾਲ ਪਹਿਲੀ ਵਾਰ ਕੀਤਾ।



www.AKJ.Org

ਨਿਰਸੰਦੇਹ ਮੰਤਰਾਂ ਦੀ 'ਬਹੁਦੇਸ਼ੀ' ਵਿੱਚ ਭੈਰਵ ਸ਼ਬਦ ਦਾ ਉਲੇਖ ਮਿਲਦਾ ਹੈ। ਜਿਵੇਂ 'ਭੈਰਵ ਕਾਮਦੇਸ਼ਚੈਵ' ਪ੍ਰੰਤੂ ਇਸ ਸ਼ਬਦ ਤੋਂ ਭੈਰਵ ਮਾਧਿਅਮ (ਦਰਮਿਆਨੇ) ਗ੍ਰਾਮ ਦੀ ਤਾਨ ਵਾਲੀ ਝਲਕ ਮਿਲਦੀ ਹੈ ਨਾ ਕਿ ਰਾਗ ਦੀ। ਇਸ ਤੋਂ ਸਪਸ਼ਟ ਜ਼ਾਹਿਰ ਹੈ ਕਿ 'ਭੈਰਵ ਰਾਗ ਜਾਂ ਭੈਰਵੀ' (ਸਮਯ ਸਾਰ) ਤੋਂ ਪੂਰਬ ਦੇ ਕਿਸੇ ਵੀ ਗ੍ਰੰਥ ਵਿੱਚ ਨਹੀਂ ਮਿਲਦੇ।

ਇਹ ਇੱਕ ਸਰਬ ਪ੍ਰਸਿੱਧ ਤੱਥ ਹੈ ਕਿ ਉੱਤਰੀ ਅਤੇ ਦੱਖਣੀ ਭਾਰਤੀ ਸੰਗੀਤ ਦੇ ਰਾਗਾਂ ਦੀ ਉਤਪਤੀ ਆਰੀਆ ਅਤੇ ਅਨਆਰੀਆ ਸੰਸਕ੍ਰਿਤੀ ਤੋਂ ਹੋਈ। 'ਭਾਵ-ਪ੍ਰਕਾਸ਼' ਰਚਨਾ ਵਿੱਚ 'ਸਾਰਦਾਤਨਯ' ਨੇ ਕਿਹਾ ਕਿ ਇੱਕ ਖਾਨਾਬਦੋਸ਼ ਜਾਤੀ 'ਭੀਰਵ' ਹਿਮਾਚਲ ਦੀ ਘਾਟੀ ਵਿੱਚ ਨਿਵਾਸ ਕਰਦੀ ਸੀ। ਉਹ ਲੋਕ 'ਗੰਧਰਵਾਂ' ਦੀ ਤਰ੍ਹਾਂ ਹੀ ਸੰਗੀਤ ਤੇ ਬੜੇ ਪ੍ਰੇਮੀ ਸੀ। 'ਗੰਧਰਵਾ' ਲੋਕ ਉੱਤਰ ਪੱਛਮੀ ਪ੍ਰਾਂਤ (ਅੱਜਕੱਲ੍ਹ ਦੇ ਕਾਬੁਲ ਕੰਧਾਰ) ਦੇ ਰਹਿਣ ਵਾਲੇ ਸਨ। ਭਰਤ ਨੇ ਆਪਣੇ ਨਾਟਯ-ਸ਼ਾਸਤਰ ਵਿੱਚ ਦੱਸਿਆ ਕਿ ਸਵਰ ਤਾਲ ਅਤੇ ਪਦ ਦੁਆਰਾ ਉਤਪੰਨ ਸੰਗੀਤ ਇਨ੍ਹਾਂ ਲੋਕਾਂ ਨੂੰ ਅਧਿਕ ਪਸੰਦ ਸੀ।

'ਸ਼ਾਰਗਦੇਵ' ਨੇ 'ਰਤਨਾਕਰ' ਗੰਧਰਵ ਸੰਗੀਤ ਨੂੰ ਮਾਰਗਦੇਸ਼ੀ ਸੰਗੀਤ ਹੀ ਦੱਸਿਆ ਹੈ ਕਿ ਭੈਰਵ ਜਾਂ ਭੈਰਵੀ ਦੇ ਸਵਰ 'ਭੀਰਵ' ਜਾਤੀ ਦੇ ਰਾਸ਼ਟਰੀ ਗੀਤ ਵਿੱਚ ਪ੍ਰਧਾਨ ਸਨ। ਆਰੀਆ ਨੇ ਉਨ੍ਹਾਂ ਸਵਰਾਂ ਨੂੰ ਆਪਣੇ 'ਮਾਰਗ ਸੰਗੀਤ' ਦੀ ਪਧਤਿ ਵਿੱਚ ੧੧ਵੀਂ ਸਦੀ, ੧੩ਵੀਂ ਸਦੀ ਵਿੱਚ ਜਾਂ ਇਸ ਦੇ ਲਗਭਗ ਸ਼ਾਮਿਲ ਕੀਤਾ। 'ਭੀਰਵਾ' ਜਾਤੀ ਤੋਂ ਲਏ ਜਾਣ ਕਰਕੇ ਹੀ ਇਸਦਾ ਨਾਮ ਭੈਰਂਵੀ ਜਾਂ ਭੈਰਵ ਪੈ ਗਿਆ। ਉਤਰਕਾਲ ਵਿੱਚ ਇਨ੍ਹਾ ਰਾਗਾਂ ਦੀ ਪੌਰਾਣਿਕ ਤੇ ਦਾਰਸ਼ਨਿਕ ਵਿਆਖਿਆ ਕੀਤੀ ਗਈ ਤੇ ਭੈਰਵ ਨੂੰ ਪਤੀ ਤੇ ਭੈਰਵੀ ਨੂੰ ਪਤਨੀ ਆਖਿਆ ਗਿਆ। (**ਜਿਵੇਂ ਪੰਜਾਬ ਦੇ ਪਿੰਡਾਂ ਦੇ ਨਾਉਂ-ਕੋਟਲਾ-ਕੋਟਲੀ, ਬੀਹਲਾ-ਬੀਹਲੀ ਆਦਿ ਮਿਲਦੇ ਹਨ। ਕੀ ਇਹ ਪਿੰਡਾਂ ਦਾ ਸਬੰਧ ਵੀ ਪਤੀ-ਪਤਨੀ ਵਾਲਾ ਮੰਨਿਆ ਜਾਵੇ ? - ਲੇਖਕ**) ਪ੍ਰੰਤੂ ਇਤਿਹਾਸਕ ਪ੍ਰਮਾਣ ਇਸ ਵਿਆਖਿਆ ਤੋਂ ਵਿਪਰੀਤ ਮਿਲਦੇ ਹਨ।

ਬਾਅਦ ਵਿੱਚ 'ਸ਼ਾਰਗਦੇਵ' ਨੇ ਮੌਲਿਕ ਦ੍ਰਿਸ਼ਟੀ ਤੋਂ ਭਿੰਨ ਰੂਪ ਵਿੱਚ ਭੈਰਵ ਰਾਗ ਦਾ ਵਰਨਣ ਕੀਤਾ ਹੈ ਤੇ ਕਿਹਾ ਹੈ ਕਿ ਭੈਰਵ ਰਾਗ ਗ੍ਰਾਮ ਰਾਗ ਭਿੰਨ ਸ਼ੜਜ ਤੋਂ ਪੈਦਾ ਹੋਇਆ ਹੈ। ਜਿਵੇਂ 'ਭੈਰਵ ਸਥਾਣ ਸਮੁਕ੍ਰਭਵਾਤ' 'ਪਾਰਥ ਨੇ ਭੈਰਵ ਸਮ੍ਰਿਤਿ' ਅਰਥਾਤ ਭੈਰਵ ਧਾਰਮਿਕ ਪ੍ਰਾਰਥਨਾ ਅਤੇ ਧਾਰਮਿਕ ਸਮਾਗਮਾਂ ਦੇ ਲਈ ਹੈ। ਭਾਰਤੀ ਸੰਗੀਤ ਦੀ ਪ੍ਰਮੁੱਖ ਪ੍ਰਾਚੀਨ ਪਧਤਿ ਸ਼ੜੱਜਦਿਚਯਕਾ ਵਿੱਚ ਜਾਤੀ ਰਾਗ ਦਾ ਉਦੈ ਸ਼ੜਜ ਗ੍ਰਾਮ ਤੋਂ ਹੋਣ ਦੀ ਗੱਲ 'ਭਰਤ' ਦੇ 'ਨਾਟਯ ਸ਼ਾਸਤਰ' ਵਿੱਚ ਕੀਤੀ ਗਈ ਹੈ।

ਕੇਵਲ ੧੭ਵੀਂ ਸਦੀ ਵਿੱਚ ਦਾਮੋਦਰ ਪੰਡਿਤ ਨੇ ਇਸਦੀ "ਧੈਵਤ ਮੂਰਛਨਾ"



www.AKJ.Org

ਦੇ ਅਧਾਰ ਤੇ ਭੈਰਵ ਰਾਗ ਨਿਸ਼ਚਿਤ ਕੀਤਾ ਹੈ। ਅਸੀਂ ਦੇਖਦੇ ਹਾਂ ਕਿ ਗ੍ਰਾਮ ਰਾਗ ਭਿੰਨ ਸ਼ਡਜ ਰੂਪ ਦੇ ਲਿਹਾਜ ਨਾਲ ਪੰਚਮ ਰੂਪ ਵਿੱਚ ਹੈ ਅਤੇ ਕਿਉਂਕਿ ਭੈਰਵ ਇਸਦੀ ਉਤਪਤੀ ਹੈ ਇਸ ਲਈ ਉਸਨੇ ਵੀ ਪੰਚਮ ਦਾ ਰੂਪ ਧਾਰਣ ਕੀਤਾ। ਦੱਖਣੀ ਸੰਗੀਤ ਪੱਧਤੀ ਵਿੱਚ ਭੈਰਵ ਮਾਲਵਗੋਡ ਜਾਂ ਮਾਲਵਗੋਲ ਦੇ ਨਾਂ ਨਾਲ ਪ੍ਰਚਲਿਤ ਹੋਇਆ।

ਜਿੱਥੋਂ ਤੱਕ ਰਾਗ ਦੀ ਪ੍ਰਾਥਮਿਕਤਾ ਦਾ ਸੁਆਲ ਹੈ, ਪ੍ਰਾਚੀਨ ਸੰਗੀਤੱਗਯਾ ਦੇ ਭਿੰਨ-ਭਿੰਨ ਮੱਤ ਹਨ। ਕਿਸੇ ਮੇਘ, ਕਿਸੇ ਨੇ ਸ੍ਰੀ, ਕੁੱਝ ਨੇ ਹਿੰਡੋਲ ਜਾਂ ਮਾਲਕੌਸ਼ਿਕ ਜਾਂ ਬਸੰਤ ਨੂੰ ਉੱਤਮ ਰਾਗ ਮੰਨਿਆ ਹੈ।

ਪ੍ਰੰਤੂ ਬਾਅਦ ਦੇ ਦਾਮੋਦਰ ਆਦਿ ਲੇਖਿਕਾਂ ਨੇ ਭੈਰਵ ਨੂੰ ਪ੍ਰਥਮ ਤੇ ਸ੍ਰੇਸ਼ਟ ਰਾਗ ਕਿਹਾ ਹੈ। ਕੁਝ ਲੇਖਕ ਮੇਘ ਰਾਗ ਨੂੰ ਪ੍ਰਧਾਨਤਾ ਦਿੰਦੇ ਹਨ ਤੇ ਮਹਾਤਮਾ ਬੁੱਧ ਦੀ 'ਮਤਸਯ ਜਾਤਕਾ ਉਥਾਨਕਾ ਵੱਲ ਅਕਰਸ਼ਿਤ ਕਰਦੇ ਹਨ। ਉਨ੍ਹਾਂ ਦਾ ਮਤ ਹੈ ਕਿ ਦੂਸਰੀ-ਤੀਸਰੀ (੨-੩) ਸਦੀ ਵਿੱਚ ਮੇਘ ਗੀਤ ਦਾ ਨਾਮ ਪਾਇਆ ਜਾਂਦਾ ਹੈ। ਜਾਤਕ ਵਿੱਚ ਲਿਖਿਆ ਹੈ ਕਿ ਇੱਕ ਦਿਨ ਭਗਵਾਨ ਬੁੱਧ ਜੇਤਵਨ ਬਿਹਾਰ ਦੇ ਤਲਾਬ ਤੇ ਪਹੁੰਚੇ ਜੋ ਬਿਲਕੁਲ ਖਾਲੀ ਸੀ। ਉੱਥੇ ਉਨ੍ਹਾਂ ਨੇ ਮੇਘ (ਮੇਘਬਨ ਇੰਦ੍ਰ) ਨੂੰ ਪ੍ਰਾਰਥਨਾ ਕਰਕੇ ਪਾਣੀ (ਮੀਂਹ) ਨਾਲ ਤਲਾਬ ਨੂੰ ਭਰ ਲਿਆ। ਮਹਾਤਮਾ ਬੁੱਧ ਨੇ ਇਸ਼ਨਾਨ ਕੀਤਾ ਤੇ ਸਮਾਧੀ ਲਗਾ ਕੇ ਬੈਠ ਗਏ। ਆਚਾਰੀਆ ਦਾ ਵਿਚਾਰ ਹੈ ਕਿ ਮੇਘ ਗੀਤ ਜਾਂ ਮੇਘ ਰਾਗ ਜੋ ਮੇਘਬਨ ਇੰਦ੍ਰ ਤੇ ਉਨ੍ਹਾਂ ਦੇ ਸੇਵਕਾਂ ਦੁਆਰਾ ਗਾਇਆ ਗਿਆ ਉਹ ਹੋਰ ਕੁਝ ਨਹੀਂ ਸੀ ਕੇਵਲ ਮੇਘ ਰਾਗ ਹੀ ਸੀ।

ਅੱਗੇ ਜਾ ਕੇ ਉਨ੍ਹਾਂ ਹੀ ਵਿਦਵਾਨਾਂ ਦਾ ਮੱਤ ਹੈ ਕਿ 'ਭਰਤ' ਦੇ 'ਨਾਟਿਯਸਾਸ਼ਤਰ' (੨-੩ ਸਦੀ) ਵਿੱਚ ਜਾਤਿ ਗੀਤ ਵਾਸਤਵ ਵਿੱਚ ਜਾਤਿ-ਰਾਗ ਹੀ ਸੀ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਮੇਘ ਰਾਗ ਦੂਸਰੀ-ਤੀਸਰੀ (੨-੩) ਸਦੀ ਵਿੱਚ ਸਥਿਤ ਸੀ। ਇਸ ਦੇ ਅਧਾਰ ਤੇ ਇਸਦੀ ਪ੍ਰਾਚੀਨਤਾ ਦੀ ਸਥਾਪਨਾ ਭੈਰਵ ਰਾਗ ਜੋ ਇਤਿਹਾਸਿਕ ਤੱਥਾਂ ਦੇ ਅਧਾਰ ਤੇ ੯ਵੀਂ ਤੋਂ ੧੧ਵੀਂ ਸਦੀ ਦੀ ਵਸਤੂ ਹੈ-ਤੋਂ ਪੂਰਬ ਦੀ ਮਾਲੂਮ ਹੁੰਦੀ ਹੈ।

ਜਿੱਥੋਂ ਤੱਕ ਮਾਲਵ ਕੋਸ਼ਿਕ ਜਾਂ ਬਸੰਤ ਅਤੇ ਸ੍ਰੀ ਰਾਗ ਦੀ ਪ੍ਰਾਚੀਨਤਾ ਦਾ ਸਵਾਲ ਹੈ ਇਸ ਬਾਬਤ ਧਾਰਮਿਕ ਦਰਸ਼ਨ ਸਾਸ਼ਤ੍ਰ ਦੇ ਅਨੁਸਾਰ ਮੁੱਖ ੫ ਰਾਗ ਸ੍ਰੀ, ਬਸੰਤ, ਭੈਰਵ, ਮੇਘ...... ਰਾਗ ਸ਼ਿਵ ਦੇ ਮੂੰਹ ਵਿੱਚੋਂ ਤੇ ਨਟ ਨਰਾਇਣ ਪਾਰਬਤੀ ਦੇ ਮੁੱਖ ਵਿੱਚੋਂ ਪ੍ਰਗਟ ਹੋਏ। ਸ਼ਿਵ ਦਾ ਪ੍ਰਥਮ ਅਤੇ ਸ਼੍ਰੇਸਟ ਮੁੱਖ "ਸ਼ਡਿਓਜਾਤ" ਹੈ। ਸ੍ਰੀ ਰਾਗ 'ਸ਼ਡਿਓਜਾਤ' ਤੋਂ ਬਸੰਤ ਦੂਸਰੇ ਮੁੱਖ 'ਵਾਮਦੇਵ ਤੋਂ, ਭੈਰਵ ਤੀਜੇ ਮੁੱਖ ਆਧਰੋ (ਮਣੀਪੁਰ) ਤੋਂ, ਪੰਚਮ ਚੌਥੇ ਮੁੱਖ ਤਤਪੁਰਸ਼ ਤੋਂ ਅਤੇ ਮੇਘ ਪੰਜਵੇਂ ਮੁੱਖ 'ਈਸ਼ਾਨ' ਤੋਂ ਉਤਪਨ ਹੋਇਆ।

ਇਸ ਕਥਾਨਿਕਾ ਅਨੁਸਾਰ ਸ੍ਰੀ ਰਾਗ ਨੂੰ ਪ੍ਰਮਾਣਿਕਤਾ ਮਿਲਦੀ ਹੈ ਕਿਉਂਕਿ



www.AKJ.Org

ਇਹ ਸ਼ਿਵ ਦੇ ਪ੍ਰਥਮ ਮੁੱਖ ਵਿੱਚੋਂ ਪੈਦਾ ਹੋਇਆ। ਲੇਕਿਨ ਇਸ ਨੂੰ ਵੀ ਸਵੀਕਾਰਿਆ ਨਹੀਂ ਜਾ ਸਕਦਾ ਕਿਉਂਕਿ ਕੋਸ਼ਿਕ, ਸੈਧਵੀ, ਕੋਭ, ਹਿੰਡੋਲ ਆਦਿ ਸ੍ਰੀ ਰਾਗ ਤੋਂ ਬਹੁਤ ਪੁਰਾਣੇ ਹਨ। ਇਸ ਗੱਲ ਦਾ ਪ੍ਰਮਾਣ ਹੈ 'ਮਤੰਗ' ਦੀ 'ਬਹੁਦੇਸ਼ੀ'।

ਬਾਅਦ ਦੇ ਲੇਖਕ ਵਿਸ਼ੇਸ਼ ਰੂਪ ਵਿੱਚ ਦਾਮੋਦਰ ਅਤੇ ਉਸਦੇ ਸਮਕਾਲੀਨ ਸੰਗੀਤ ਸ਼ਾਸਤ੍ਰੀ ਭੈਰਵ ਨੂੰ ਪ੍ਰਾਚੀਨਤਾ ਦੇ ਲਿਹਾਜ ਨਾਲ ਨਹੀਂ ਬਲਕਿ ਉਸਦੀ ਪ੍ਰਸਿੱਧੀ ਦੇ ਲਿਹਾਜ ਨਾਲ ਮਹੱਤਵਪੂਰਨ ਸਥਾਨ ਦਿੰਦੇ ਹਨ। ਭੈਰਵੀ ਰਾਗ ਦੈਵੀ ਪ੍ਰਭਾਵ, ਸੁੰਦਰਤਾ ਅਤੇ ਗੰਭੀਰਤਾ ਦਾ ਵਾਤਾਵਰਨ ਪੈਦਾ ਕਰਦਾ ਹੈ।

ਕਈ ਲੇਖਕਾਂ ਨੇ ਰਾਗਾਂ ਦਾ ਵਰਗੀਕਰਣ ਤਿੰਨ ਵਰਗਾਂ ਵਿੱਚ ਕੀਤਾ ਹੈ। ਪੁਰਸ਼, ਇਸਤਰੀ, ਤੇ ਨਿਪੁੰਸਕ। ਉਸਦੇ ਠੋਸ, ਕੋਮਲ ਅਤੇ ਦਰਮਿਆਨੇ ਸੁਭਾਅ ਅਨੁਸਾਰ ਲੇਖਕਾਂ ਨੇ ਰਾਗਾਂ ਦੇ ਮਨੋਵਿਗਿਆਨਿਕ ਪਹਿਲੂ ਤੇ ਜ਼ੋਰ ਦਿੱਤਾ ਹੈ। ਰਾਗ ਦੇ ਉੱਚੇ ਜਾਂ ਨੀਵੇ ਦਰਜੇ ਨੂੰ ਸੁੰਦਰਤਾ ਤੇ ਭਾਵਾਤਮਿਕ ਪਹਿਲੂ ਦੁਆਰਾ ਨਿਸ਼ਚਿਤ ਕੀਤਾ ਹੈ। ਹੁਣ ਇਸ ਗੱਲ ਤੇ ਵਿਚਾਰ ਕਰਨਾ ਬਣਦਾ ਹੈ ਕਿ ਕੀ ਭੈਰਵ ਰਾਗ ਨੂੰ ਉਤਮ ਰਾਗ ਮੰਨਿਆ ਜਾ ਸਕਦਾ ਹੈ ?

੯ਵੀਂ ਅਤੇ ੧੧ਵੀਂ ਸਦੀ ਤੋਂ ਪਹਿਲਾਂ ਸੰਗੀਤ ਸਾਹਿਤ ਤੋਂ ਸਾਨੂੰ ਪਤਾ ਲਗਦਾ ਹੈ ਕਿ ਭੈਰਵ ਰਾਗ ਵਿੱਚ ਮੁੱਖ ਤਿੰਨ ਰਸ ਪਾਏ ਜਾਂਦੇ ਹਨ। ਭਰਤ, ਅਭਿਨਵ ਗੁਪਤ, ਵਿਸ਼ਵਨਾਥ, ਸ਼ਾਰਗਦੇਵ ਆਦਿ ਵਿਦਵਾਨਾਂ ਨੇ ਸ਼ਿੰਗਾਰ ਰਸ ਨੂੰ ਉਤਮ ਰਸ ਮੰਨਿਆ ਹੈ। ਉਨ੍ਹਾਂ ਦਾ ਮੱਤ ਹੈ ਕਿ ਸ਼ਿੰਗਾਰ ਰਸ ਤੋਂ ਹੀ ਵਿਸ਼ਵ ਦੇ ਅਨੇਕ ਰੂਪਾਂ ਦੀ ਉਤਪਤੀ ਹੁੰਦੀ ਹੈ। ਵੈਸ਼ਨਵ ਦਾਰਸ਼ਨਿਕਾਂ ਨੇ ਵੀ ਕ੍ਰਿਸ਼ਨ ਤੇ ਰਾਧਾ ਦੇ ਪ੍ਰੇਮ ਦੇ ਪ੍ਰਸੰਗਾਂ ਦਾ ਆਨੰਦ ਲੈਣ ਲਈ ਸ਼ਿੰਗਾਰ ਰਸ ਹੀ ਸਾਧਨ ਮੰਨਿਆ ਹੈ। ਪ੍ਰੰਤੂ ਇਹ ਤਾਂ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਕੇਵਲ ਕਲਾ ਅਤੇ ਲਲਿਤ ਕਲਾ ਦੀ ਦ੍ਰਿਸ਼ਟੀ ਤੋਂ ਹੀ ਸ਼ਿੰਗਾਰ ਰਸ ਉਤਮ ਮੰਨਿਆ ਜਾ ਸਕਦਾ ਹੈ। ਲੇਕਿਨ ਸੰਗੀਤ ਦਾ ਸੱਚਾ ਸਾਧਕ ਜਾਂ ਪ੍ਰੇਮੀ ਸ਼ਾਂਤ ਰਸ ਦੇ ਧਿਆਨ ਨੂੰ ਪ੍ਰਾਥਮਿਕਤਾ ਦਾ ਸਾਧਨ ਮੰਨਦਾ ਹੈ। ਅਸਲ ਵਿੱਚ ਸ਼ਾਂਤ ਰਸ ਸਥਿਰਤਾ, ਸੰਤੁਲਨ ਪੈਦਾ ਕਰਦਾ ਹੈ ਅਤੇ ਸੰਗੀਤ ਦੇ ਸਾਧਕ ਨੂੰ ਸ਼ਬਦ ਬ੍ਰਹਮ ਵਿੱਚ ਧਿਆਨ ਸਥਿਤ ਕਰਾਉਂਦਾ ਹੈ ਤੇ ਭਿਆਨਕ ਰਸ ਡਰ ਅਤੇ ਭੈਅ ਨੂੰ ਪ੍ਰਗਟ ਕਰਦਾ ਹੈ। ਪ੍ਰੰਤੂ ਭੈਰਵ ਰਾਗ, ਭਿਆਨਕ ਰਸ ਕਿਸੇ ਦੇ ਵੀ ਮਸਤਿਕ ਵਿੱਚ ਉਤਪਨ ਨਹੀਂ ਕਰਦਾ।

ਇਸੇ ਤਰ੍ਹਾਂ ਦਾ ਹਾਲ ਭੈਰਵ ਰਾਗ ਵਿੱਚ ਕਰੁਣਾ ਰਸ ਦਾ ਵੀ ਹੈ। ਕਰੁਣਾ ਰਸ ਸਧਾਰਣ ਸਹਾਨੂਭੂਤੀ, ਉਦਾਸੀਨਤਾ, ਦੁੱਖ ਤੇ ਨਿਰਾਸ਼ਤਾ ਦਾ ਸੂਚਕ ਹੈ। ਪ੍ਰੰਤੂ ਭੈਰਵ ਰਾਗ ਵਿੱਚ ਮੌਜੂਦ ਕਰੁਣਾ ਰਸ ਅਜਿਹਾ ਭਾਵ ਉਤਪਨ ਨਹੀਂ ਕਰਦਾ। ਬਲਕਿ ਸ਼ਾਂਤੀ ਮਸਤਿਕ ਵਿੱਚ ਆ ਜਾਂਦੀ ਹੈ। ਇਸ ਲਈ ਪ੍ਰਾਚੀਨ ਇਤਿਹਾਸਕਾਰਾਂ ਦੁਆਰਾ ਭੈਰਵ ਰਾਗ ਉਤਰ ਕਾਲੀਨ ਮੰਨਿਆ ਗਿਆ ਹੈ। ਬਾਅਦ ਦੇ ਲੇਖਕਾਂ ਨੇ ਭੈਰਵ ਰਾਗ



www.AKJ.Org

ਨੂੰ ਸੰਧੀ ਪ੍ਰਕਾਸ਼ ਰਾਗ ਕਿਹਾ ਹੈ ਜੋ ਰਾਤ ਦੇ ਅੰਤਿਮ ਪਹਿਰ ਦਾ ਰਾਗ ਹੈ। ਇਹ ਰਾਗ ਸੂਰਜ ਚੜ੍ਹਨ ਤੋਂ ਪਹਿਲਾਂ ਗਾਉਣ ਵਾਲਾ ਹੈ ਜੋ ਸੂਰਜ ਦੇ ਚੜ੍ਹਨ ਤੋਂ ਪਹਿਲਾਂ ਦਾ ਪ੍ਰਕਾਸ਼ਮਈ ਵਾਤਾਵਰਣ ਪੈਦਾ ਕਰਦਾ ਹੈ। ਇਸ ਸਮੇਂ ਪ੍ਰਕਿਰਤੀ ਦਾ ਸੰਪੂਰਨ ਵਾਤਾਵਰਣ ਆਪਣੀ ਪੂਰਨ ਸੰਤੁਲਨ ਦੀ ਅਵਸਥਾ ਵਿੱਚ ਹੁੰਦਾ ਹੈ ਅਜਿਹੇ ਸਮੇਂ ਵਿੱਚ ਸੰਪੂਰਣ ਜੀਵਨ ਪ੍ਰਾਣੀਆਂ ਦੀ ਸਾਹ ਲੈਣ ਦੀ ਗਤੀ ਵੀ ਸੰਤੁਲਿਤ ਹੁੰਦੀ ਹੈ। ਇਸ ਵੇਲੇ ਸਾਰੀ ਪ੍ਰਕਿਰਤੀ ਤੇ ਸ਼ਾਂਤ ਰਸ ਛਾਇਆ ਹੁੰਦਾ ਹੈ ਅਤੇ ਭੈਰਵ ਰਾਗ ਦੇ ਸੁਰ ਤੇ ਧੁਨ ਗਾਇਕ ਤੇ ਸਾਧਕ ਦੇ ਹਿਰਦੇ ਵਿੱਚ ਇਸ ਪਰਮ ਸ਼ਾਂਤੀ ਨੂੰ ਪ੍ਰਗਟ ਕਰਦੀ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਭੈਰਵ ਰਾਗ ਮਨੁੱਖਾ ਜਾਤੀ ਨੂੰ ਚਿਰ-ਸ਼ਾਂਤੀ ਸੁੱਖ ਦੇਣ ਵਾਲਾ ਰਾਗ ਹੈ ਤੇ ਇਹ ਹੀ ਕਾਰਣ ਹੈ ਕਿ ਇਸ ਨੂੰ ਆਦਿ ਰਾਗ ਕਿਹਾ ਗਿਆ ਹੈ।

**(ਕੁੱਝ ਵਿਦਵਾਨਾਂ ਅਨੁਸਾਰ ਦੱਖਣੀ ਭਾਰਤ ਵਿੱਚ ਭੈਰਵ ਨੂੰ ਪਹਿਲਾ ਰਾਗ ਮੰਨਿਆ ਜਾਂਦਾ ਹੈ ਜੋ ਕਿ ਵਾਸਤਵ ਵਿੱਚ ਸ਼ੱਕੀ ਹੈ ਕਿ ਇਹ ਰਾਗ ਹੈ ਵੀ ਕਿ ਨਹੀਂ ਹੈ-ਲੇਖਕ)**



www.AKJ.Org

www.AKJ.Org

# ਆਲਮ ਬਾਰੇ ਪੂਰੀ ਖੋਜ

ਭਾਈ ਮਨੀ ਸਿੰਘ ਜੀ ਤੋਂ ਚੱਲੀ ਆ ਰਹੀ ਗੁਰਮੱਤ ਵਿੱਦਿਆ ਦੀ ਟਕਸਾਲ ਦੇ ਗਿਆਨੀ ਸੰਤ ਸਿੰਘ ਤੋਂ ਵਿੱਦਿਆ ਪੜ੍ਹੇ, ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਦਾ ਗ੍ਰੰਥ "ਗੁਰ ਪ੍ਰਤਾਪ ਸੂਰਜ" ਗੁਰੂ ਘਰ ਦੇ ਪ੍ਰਸੰਗਾਂ ਤੇ ਸਤਿਗੁਰਾਂ ਦੇ ਜੀਵਨ ਚਰਿੱਤ੍ਰਾਂ ਦਾ ਸੰਗ੍ਰਹਿ ਹੈ। ਇਸ ਗ੍ਰੰਥ ਵਿੱਚ ਗੁਰੂ ਅਰਜਨ ਦੇਵ ਜੀ ਦੁਆਰਾ ਸੰਪੰਨ ਕੀਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਬਾਰੇ ਕਈ ਪੱਖਾਂ ਤੋਂ ਜਾਣਕਾਰੀ ਮਿਲਦੀ ਹੈ। ਵਿਸ਼ੇਸ਼ ਕਰਕੇ, ਕਿਹੜੀਆਂ ਬਾਣੀਆਂ-ਕਿਸ ਤਰਤੀਬ ਨਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਬੀੜ ਵਿੱਚ ਲਿਖੀਆਂ ਗਈਆਂ। ਇਹ ਇੱਕ ਵੱਡਾ ਕਾਰਜ ਸੰਪਾਦਨ ਦਾ ਸੀ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ। ਭਾਈ ਸੰਤੋਖ ਸਿੰਘ ਜੀ ਦਾ ਭੋਗ ਦੀਆਂ ਬਾਣੀਆਂ ਬਾਰੇ ਲਿਖਿਆ ਪ੍ਰਸੰਗ ਵਿਸ਼ੇਸ਼ ਧਿਆਨ ਯੋਗ ਹੈ :-

*" ਲਿਖੇ ਸਮਸਤ ਸਵੈਯੇ ਸੋਊ ਸ਼੍ਰੀ ਗ੍ਰਿੰਥ ਸਾਹਿਬ ਕੇ ਮਾਂਹਿ।*
*ਅੰਤ ਸਰਬ ਕੇ ਲਿਖਿ ਮੁੰਦਾਵਣੀ ਮੁੰਦ੍ਰਿਤਿ ਮੁਹਰ ਲਗੀ ਜਨੁ ਵਾਹਿ।*
*ਭੋਗ ਸਕਲ ਬਾਣੀ ਕਾ ਪਾਯਹੁ ਮਹਿਮਾ ਜਿਸ ਕੀ ਕਹੀ ਨ ਜਾਇ।*
*ਭਵਜਲ ਭੈਰਵ ਕੋ ਜਹਾਜ ਬਡ ਪ੍ਰਭੁ ਕ੍ਰਿਪਾ ਤੇ ਪਾਰ ਪਰਾਇ।।"*

*"ਰਾਗਮਾਲ ਸ਼੍ਰੀ ਗੁਰ ਕੀ ਕ੍ਰਿਤ ਨਹਿੰ ਹੈ ਮੁੰਦਾਵਣੀ ਲਗਿ ਗੁਰ ਬੈਨ।*
*ਇਸ ਮਹਿੰ ਨਹਿੰ ਸੰਸੈ ਕੁਛ ਕਰੀਅਹਿ ਜੇ ਸੰਸੈ ਅਵਿਲੋਕਹੁ ਨੈਨ।*
*ਮਾਧਵ ਨਲ ਆਲਮ ਕਵਿ ਕੀਨਸਿ ਤਿਸ ਮਹਿੰ ਨ੍ਰਿਤਕਾਰੀ ਕਹਿ ਤੈਨ।*
*ਰਾਗ ਰਾਗਨੀ ਨਾਮ ਗਿਨੇ ਤਹਿੰ ਯਾਂਤੇ ਸ਼੍ਰੀ ਅਰਜਨ ਕ੍ਰਿਤ ਹੈ ਨ।। 40।।"*

(ਗੁਰ ਪ੍ਰਤਾਪ ਸੂਰਜ, ਰਾਸਿ 3, ਅੰਸੂ 48, ਪੰਨਾ 2127-28)
ਪ੍ਰਕਾਸ਼ਕ ਖਾਲਸਾ ਸਮਾਚਾਰ, ਅੰਮ੍ਰਿਤਸਰ, ਜੂਨ 1954



www.AKJ.Org

ਗੁਰਧਾਮਾਂ ਅਤੇ ਸਿੱਖੀ ਮੰਡਲ ਦੇ ਹੋਰ ਅਸਥਾਨਾਂ ਉੱਤੇ ਇਸ ਗ੍ਰੰਥ ਦੀ ਕਥਾ ਕੀਤੀ ਜਾਂਦੀ ਹੈ। 'ਸੂਰਜ ਪ੍ਰਕਾਸ਼' ਬ੍ਰਿਜ ਭਾਸ਼ਾ ਵਿੱਚ ਹੈ। ਇਸ ਦੇ ਅਰਥ ਸਮਝਣੇ ਆਮ ਲੋਕਾਂ ਲਈ ਔਖੇ ਹਨ। ਭਾਈ ਵੀਰ ਸਿੰਘ ਜੀ ਨੇ ਇਸ ਗ੍ਰੰਥ ਦਾ ਟੀਕਾ ਸਤੰਬਰ 1934 ਵਿੱਚ ਛਾਪਿਆ। ਥਾਂ-ਥਾਂ ਟਿੱਪਣੀਆਂ ਲਿਖ ਕੇ ਸੋਧਾਂ ਤੇ ਲੋੜੀਂਦੀ ਜਾਣਕਾਰੀ ਵੀ ਦਿੱਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਕਵੀ ਸੰਤੋਖ ਸਿੰਘ ਜੀ ਨੇ ਜਿਵੇਂ 'ਮੁੰਦਾਵਣੀ' ਉੱਤੇ ਲਿਖਿਆ ਹੈ। ਰਾਗਮਾਲਾ ਨੂੰ ਗੁਰੂ ਕੀ ਰਚਨਾ ਨਹੀਂ ਸਵੀਕਾਰਿਆ ਅਤੇ ਆਲਮ ਕ੍ਰਿਤ ਦੱਸਿਆ ਹੈ। ਭਾਈ ਵੀਰ ਸਿੰਘ ਜੀ ਨੇ ਕਵੀ ਸੰਤੋਖ ਸਿੰਘ ਜੀ ਦੇ ਇਸ ਕਥਨ ਨੂੰ ਇਹ ਕਹਿਕੇ ਰੱਦ ਕਰ ਦਿੱਤਾ ਕਿ : ***"ਕਵੀ ਜੀ ਨੇ ਆਲਮ ਕਵੀ ਦੀ ਪੋਥੀ ਦੀ ਪੂਰੀ ਖੋਜ ਨਹੀਂ ਕੀਤੀ।"*** ਐਵੇਂ, ਕਿਸੇ (ਸੋਭਾ ਸਿੰਘ) ਦੇ ਕਹੇ ਤੇ ਲਿਖ ਦਿੱਤਾ ਹੈ। ਭਾਈ ਵੀਰ ਸਿੰਘ ਜੀ ਨੇ ਆਪਣੇ ਮੱਤ ਨੂੰ ਸਿੱਧ ਕਰਨ ਲਈ ਕੁੱਝ ਹਿੰਦੀ ਦੇ ਗ੍ਰੰਥਾਂ ਦੇ ਹਵਾਲੇ ਵੀ ਦਿੱਤੇ ਹਨ। ਜਿਨ੍ਹਾਂ ਵਿੱਚ "ਸ਼ਿਵ ਸਿੰਹ ਸਰੋਜ" ਗ੍ਰੰਥ ਦਾ ਨਾਮ ਖ਼ਾਸ ਕਰਕੇ ਆਉਂਦਾ ਹੈ। ਭਾਈ ਸਾਹਿਬ ਜੀ ਤੇ ਉਹਨਾਂ ਦੇ ਸਾਥੀਆਂ ਨੇ ਆਲਮ ਬਾਰੇ 'ਸ਼ਿਵ ਸਿੰਹ ਸਰੋਜ' ਗ੍ਰੰਥ ਨੂੰ ਆਧਾਰ ਬਣਾਇਆ ਹੈ। ਪ੍ਰੰਤੂ, ਹਿੰਦੀ ਦੇ ਖੋਜੀ ਵਿਦਵਾਨਾਂ, ਖ਼ਾਸ ਕਰਕੇ ਸ੍ਰੀ ਭਵਾਨੀ ਸ਼ੰਕਰ ਯਾਗਯਕ ਤੋਂ ਲੈ ਕੇ ਕਿਸ਼ੋਰੀ ਲਾਲ ਗੁਪਤਾ ਨੇ ਖਾਸ ਕਰਕੇ ਇਸ ਗ੍ਰੰਥ ਨੂੰ ਗ਼ਲਤ ਤੇ ਅਘੜਾ-ਦੁਘੜਾ ਸਮਝ ਕੇ ਰੱਦ ਕੀਤਾ ਹੈ। ਕਿਉਂਕਿ, ਜਿਸ ਸਵੱਈਏ ਦੀ ਇੱਕ ਤੁਕ ਨੂੰ ਆਧਾਰ ਬਣਾ ਕੇ ਆਲਮ ਕਵੀ ਨੂੰ ਔਰੰਗਜ਼ੇਬ ਦੇ ਸਮੇਂ ਹੋਇਆ ਦੱਸਿਆ ਸੀ ਕਿ "ਰਾਗਮਾਲਾ" ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਚੁਰਾ ਕੇ ਲੈ ਗਿਆ ਸੀ ਜੋ ਉਸਨੇ "ਮਾਧਵਾਨਲ ਕਾਮਕੰਦਲਾ" ਗ੍ਰੰਥ ਵਿੱਚ ਪਾਈ, ਇਹ ਕਲਪਣਾ ਝੂਠੀ ਹੀ ਨਹੀਂ ਨਿਕਲੀ; ਸਗੋਂ, ਖੋਜੀਆਂ ਨੇ ਉਲਟੀ ਸਿੱਧ ਕਰ ਵਿਖਾਈ ਅਤੇ ਪ੍ਰਮਾਣਾਂ ਨਾਲ ਇਹ ਸਾਬਤ ਕਰ ਦਿੱਤਾ ਕਿ ਜਿਸ ਆਲਮ ਨੇ 'ਰਾਗਮਾਲਾ' ਲਿਖੀ ਹੈ, ਇਹ ਸੌ-ਫੀਸਦੀ ਅਕਬਰ ਦਾ ਸਮਕਾਲੀ ਸੀ। ਏਸੇ ਆਲਮ ਨੇ 'ਮਾਧਵਾਨਲ ਕਾਮਕੰਦਲਾ' ਕਿੱਸਾ ਲਿਖਿਆ, ਜਿਸ ਵਿੱਚ ਕਾਮਕੰਦਲਾ ਦੁਆਰਾ ਰਾਜ ਦਰਬਾਰ ਵਿੱਚ ਗਾਏ ਗਏ ਰਾਗਾਂ ਦਾ ਵਰਣਨ ਹੈ। ਉਹ 'ਰਾਗਮਾਲਾ' ਵਾਲੇ ਛੰਦ -62 ਤੋਂ 70- 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਅੰਤ ਵਿੱਚ ਜੋੜੇ ਗਏ ਹਨ ਅਤੇ ਇੰਝ, ਰਾਗਮਾਲਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚੋਂ ਆਲਮ ਦੇ ਚੋਰੀ ਕਰਨ ਦੀ ਥਾਂ, ਉਸ ਆਲਮ ਦੀ ਰਚਨਾ 'ਮਾਧਵਨਲ ਕਾਮਕੰਦਲਾ' ਗ੍ਰੰਥ ਵਿੱਚੋਂ ਚੋਰੀ ਕਰਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨਾਲ ਜੋੜੀ ਗਈ ਹੈ।

ਉਂਝ ਤਾਂ ਪਹਿਲਾਂ ਸ੍ਰੀ ਭਵਾਨੀ ਸ਼ੰਕਰ ਅਤੇ ਅਚਾਰੀਆ ਵਿਸ਼ਵਨਾਥ ਪ੍ਰਸ਼ਾਦ ਮਿਸ਼ਰ (ਬਨਾਰਸ) ਨੇ ਸਰੋਜ ਦੀ ਖੋਜ ਨੂੰ ਕੱਚੀ ਤੇ ਹਿੰਦੀ ਸਾਹਿੱਤ ਦੀ ਖੋਜ ਵਿੱਚ ਗੜਬੜ ਪਾਉਣ ਵਾਲੀ ਆਖਿਆ ਸੀ। ਪ੍ਰੰਤੂ, ਉਸ ਦੀਆਂ ਗੰਭੀਰ ਗ਼ਲਤੀਆਂ ਨੂੰ



www.AKJ.Org

ਡਾ: ਕਿਸ਼ੋਰੀ ਲਾਲ ਗੁਪਤਾ ਨੇ ਵਧੇਰੇ ਜ਼ੋਰ ਨਾਲ ਆਪਣੇ ਗ੍ਰੰਥ (ਸਰੋਜ ਸਰਵੇਖਣ) ਵਿੱਚ ਸੋਧਿਆ ਹੈ।

ਆਲੋਚਨਾਤਮਿਕ ਗ੍ਰੰਥ 'ਸਰੋਜ ਸਰਵੇਖਣ' ਲਿਖ ਕੇ ਡਾ: ਕਿਸ਼ੋਰੀ ਲਾਲ ਗੁਪਤਾ (ਪ੍ਰਕਾਸ਼ਕ : ਹਿੰਦੁਸਤਾਨੀ ਅਕੈਡਮੀ, ਅਲਾਹਾਬਾਦ, ਮਾਰਚ 1967) ਨੇ ਇੱਕ ਹਜ਼ਾਰ ਚਾਰ ਸਫ਼ੇ ਗ਼ਲਤੀਆਂ ਸੋਧਣ ਲਈ ਖ਼ਰਚ ਕੀਤੇ। ਇਸ ਵਿੱਚ ਸੈਂਗਰ ਜੀ ਦੀਆਂ ਆਲਮ ਬਾਰੇ ਭੁੱਲਾਂ ਨੂੰ ਵੀ ਸੋਧਿਆ ਅਤੇ ਆਪਣੀਆਂ ਖੋਜ ਭਰੀਆਂ ਟਿੱਪਣੀਆਂ ਕਰਦਿਆਂ ਇਉਂ ਲਿਖਿਆ ਹੈ :-

> ***"ਸ਼ਿਵ ਸਿੰਹ ਕੀ ਇਸ ਭ੍ਰਾਂਤੀ ਨੇ ਹਿੰਦੀ ਸਾਹਿਤਯ ਕੇ ਇਤਿਹਾਸ ਮੇਂ ਬੜੀ ਗੜਬੜੀ ਉਤਪੰਨ ਕਰ ਦੀ ਹੈ। ਲੋਗੋਂ ਨੇ ਦੋ ਆਲਮੋਂ ਕੀ ਕਲਪਨਾ ਕਰ ਲੀ ਥੀ। ਏਕ ਅਕਬਰ ਕਾਲੀਨ ਔਰ ਦੂਸਰੇ 1712 ਮੇਂ ਉਪਸਥਿਤ। ਵਸਤੁਤ: (ਅਸਲ ਵਿੱਚ) ਆਲਮ, ਏਕ ਹੀ ਹੁਏ। ਇਨ ਕਾ ਰਚਨਾ ਕਾਲ ਸੰਬਤ 1640 ਸੇ ਲੇਕਰ ਸੰਬਤ 1660 ਤੱਕ ਹੈ।"***

ਹਿੰਦੀ ਦੀਆਂ ਦਰਜਨਾਂ ਪੁਸਤਕਾਂ ਹਨ, ਜਿਨ੍ਹਾਂ ਵਿੱਚ ਆਲਮ ਨੂੰ ਉੱਚ ਕੋਟੀ ਦਾ ਅਕਬਰ ਸਮਕਾਲੀ ਕਵੀ ਮੰਨਿਆ ਗਿਆ ਹੈ। ਉਸਦੀ "ਮਾਧਵਾਨਲ ਕਾਮਕੰਦਲਾ" ਵਾਲੀ ਰਚਨਾ ਨੂੰ ਪਾਠ- ਪੁਸਤਕਾਂ ਦਾ ਭਾਗ ਭੀ ਬਣਾਇਆ ਗਿਆ ਹੈ। ਇਹ ਪਾਠ-ਪੁਸਤਕਾਂ "ਪ੍ਰੇਮ ਗਾਥਾ" ਤੇ "ਪ੍ਰੇਮ-ਖ਼ਿਆਨ" ਆਦਿ ਭਾਰਤ ਦੇ ਹਿੰਦੀ ਖੇਤਰ ਦੇ ਕਾਲਜਾਂ ਵਿੱਚ 1935 ਤੋਂ ਪੜ੍ਹਾਈਆਂ ਜਾ ਰਹੀਆਂ ਹਨ , ਜਿਨ੍ਹਾਂ ਦੇ ਸੰਪਾਦਕ ਧਰੇਂਦਰ ਵਰਮਾ, ਸ੍ਰੀ ਗਨੇਸ਼ ਪ੍ਰਸ਼ਾਦ ਦਿਵੇਦੀ ਅਤੇ ਸ੍ਰੀ ਗੁਲਾਬ ਰਾਏ ਆਦਿਕ ਅਲਾਹਾਬਾਦ ਦੇ ਪ੍ਰਸਿੱਧ ਵਿਦਵਾਨ ਹਨ, ਉਨ੍ਹਾਂ ਨੇ ਭੂਮਿਕਾਵਾਂ ਵਿੱਚ ਸਪੱਸ਼ਟ ਕੀਤਾ ਹੈ ਕਿ ਇਸ ਪੋਥੀ ਵਿੱਚ ਜਿਸ ਆਲਮ ਕਵੀ ਦੀ ਰਚਨਾ 'ਮਾਧਵਾਨਲ ਕਾਮਕੰਦਲਾ' ਦਿੱਤੀ ਗਈ ਹੈ, ਉਹ ਅਕਬਰ ਦਾ ਸਮਕਾਲੀ ਸੀ। ਇਸ ਰਚਨਾ ਦਾ ਸੰਮਤ 991 ਹਿਜਰੀ (1640 ਈ:) ਦਿੱਤਾ ਹੋਇਆ ਹੈ, ਜੋ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸੰਪਾਦਨਾ ਤੋਂ 20-21 ਸਾਲ ਪਹਿਲਾਂ ਦਾ ਸਮਾਂ ਹੈ। ਕਾਮਕੰਦਲਾ ਦੇ ਨਿਰਤ ਦੀ ਗਾਥਾ ਜੋ ਦੋਹਰਿਆਂ ਤੇ ਚੌਪਈਆਂ ਵਿੱਚ ਚਲਦੀ ਹੈ, ਉਸ ਦਾ ਅੰਕ 62 ਤੋਂ 70 ਹੈ। ਉਹ ਪਿੱਛੇ ਤੋਂ ਚਲਿਆ ਆ ਰਿਹਾ ਪ੍ਰਸੰਗ ਸਿੱਧ ਕਰਦਾ ਹੈ ਕਿ ਇਹ ਰਚਨਾ ਕਿਸੇ ਗ੍ਰੰਥ ਵਿੱਚੋਂ ਕੱਟ ਕੇ ਲਈ ਗਈ ਹੈ, ਜਿਸ ਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅਤੇ ਗੁਰਬਾਣੀ ਨਾਲ ਕੋਈ ਤੁਅੱਲਕ ਨਹੀਂ, ਜਿਸ ਕਾਰਨ, ਅੰਕ ਨਹੀਂ ਲਿਖੇ ਕਿਉਂਕਿ ਅੰਕ ਦੇਣ ਨਾਲ ਇਹ ਭੇਦ ਖੁਲ੍ਹਦਾ ਸੀ। ਇਹ ਕਵਿਤਾ ਗੁਰਬਾਣੀ ਨਾਲ ਉੱਕੀ ਹੀ ਨਹੀਂ ਮਿਲਦੀ। ਚੌਪਈ ਤੇ ਦੋਹਰਿਆਂ ਨਾਲ ਇੱਕ-ਇੱਕ ਅੰਕ ਹੀ ਲਿਖ ਦਿੱਤਾ ਗਿਆ। ਦੇਖਿਆਂ, ਖੋਜਿਆਂ ਤੇ ਪੜਤਾਲਿਆਂ ਜੋ ਅਸਲੀਅਤ ਪ੍ਰਗਟ ਹੁੰਦੀ



www.AKJ.Org

ਹੈ, ਉਸਦੇ ਸਿੱਟੇ ਦੱਸਦੇ ਹਨ ਕਿ ਇਹ ਰਚਨਾ ਆਲਮ ਦੀ ਹੈ। ਸ੍ਰੀਮਾਨ ਭਾਈ ਵੀਰ ਸਿੰਘ ਜੀ ਦਾ ਕਥਨ "*'ਰਾਗਮਾਲਾ'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਆਲਮ ਚੋਰੀ ਕਰਕੇ ਲੈ ਗਿਆ ਸੀ*", ਠੀਕ ਸਿੱਧ ਨਹੀਂ ਹੁੰਦਾ ਹੈ।

ਹਿੰਦੀ ਸਾਹਿੱਤ ਵਿੱਚ ਆਲਮ ਬਾਰੇ ਚਰਚਾ ਦਾ ਮੁੱਢ ਬੰਨ੍ਹਣ ਵਾਲੇ ਲਖਨਊ ਦੇ (ਮਾਯਾ ਸ਼ੰਕਰ, ਭਵਾਨੀ ਸ਼ੰਕਰ) ਯਾਗਯਕ ਬ੍ਰਦਰਜ਼ ਹਨ, ਜਿਨ੍ਹਾਂ ਦੇ ਘਰ ਹਿੰਦੀ ਦੀਆਂ ਪੁਰਾਤਨ ਹੱਥ-ਲਿਖਤ ਤੇ ਦੁਰਲੱਭ ਪੋਥੀਆਂ ਦਾ ਭੰਡਾਰ ਹੈ। 'ਨਾਗਰੀ ਪ੍ਰਚਾਰਣੀ ਸਭਾ' ਦੇ ਵਿਦਵਾਨ ਭਗੀਰਥ ਮਿਸ਼ਰ- ਨੇ "ਹਿੰਦੀ ਸਾਹਿੱਤ ਦਾ ਬ੍ਰਿਹਤ ਇਤਿਹਾਸ" ਅਤੇ ਇੱਕ ਹੋਰ ਵਿਸ਼ੇਸ਼ ਨਿਬੰਧ ਲਿਖਦਿਆਂ ਦੱਸਿਆ ਹੈ ਕਿ ਯਾਗਯਕ ਬ੍ਰਦਰਜ਼ ਦੇ ਘਰ ਪੰਜ ਹੱਥ-ਲਿਖਤ ਪੋਥੀਆਂ 'ਮਾਧਵਾਨਲ ਕਾਮਕੰਦਲਾ' ਦੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਉੱਤੇ ਲਿਖਣ ਦਾ ਸੰਮਤ 1633 ਹੈ, ਜੋ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਪਹਿਲਾਂ ਦੀ ਤਿਥੀ ਹੈ। ਇਨ੍ਹਾਂ ਪੋਥੀਆਂ ਬਾਰੇ ਭਗੀਰਥ ਮਿਸ਼ਰ ਨੇ ਜ਼ਿਕਰ ਕੀਤਾ ਹੈ ਕਿ ਮੈਂ ਇਹ ਪੋਥੀਆਂ ਆਪ ਵੇਖੀਆਂ ਹਨ।

ਯਾਗਯਕ ਬ੍ਰਦਰਜ਼ ਪਾਸ ਇੱਕ ਦਾਰਾ ਸ਼ਿਕੋਹ ਦਾ ਲਿਖਵਾਇਆ (ਸੰਮਤ 1720) ਹੱਥ-ਲਿਖਤ "ਦੋਹਾ ਸਾਰ ਸੰਗ੍ਰਹਿ" ਗ੍ਰੰਥ ਵੀ ਹੈ, ਜਿਸ ਵਿੱਚ ਪੁਰਾਣੇ ਦੋਹਰਿਆਂ ਦਾ ਸੰਗ੍ਰਹਿ ਕਰਦਿਆਂ ਗ੍ਰੰਥ ਦੇ ਸੰਚਤ ਕਰਨ ਵਾਲਿਆਂ ਨੇ ਅਜੇਹੇ ਦੋਹਰੇ ਭੀ ਦਿੱਤੇ ਹਨ, ਜਿਨ੍ਹਾਂ ਵਿੱਚ ਆਲਮ ਕਵੀ ਦਾ ਨਾਮ ਅਕਬਰ ਦੇ ਸਮਕਾਲੀ ਕਵੀਆਂ ਗੰਗ, ਰਹੀਮ, ਰਸਖ਼ਾਨ ਅਤੇ ਸੂਰਦਾਸ ਆਦਿ ਦੇ ਨਾਲ ਆਉਂਦਾ ਹੈ। ਇਸ ਤਰ੍ਹਾਂ ਪ੍ਰਗਟ ਹੈ ਕਿ ਯਾਗਯਕ (ਬ੍ਰਦਰਜ਼) ਭਰਾਵਾਂ ਪਾਸ ਜੋ ਹੱਥ-ਲਿਖਤਾਂ ਹਨ, ਆਲਮ ਦੇ ਸਮੇਂ ਬਾਰੇ ਉਹ ਅਕੱਟ ਗਵਾਹੀ ਹਨ ਕਿ *ਉਹ ਅਕਬਰ ਸਮਕਾਲੀ ਸੀ।*

ਯਾਗਯਕ ਭਰਾਵਾਂ ਨੇ ਆਪਣੇ ਕੋਲ ਪਈਆਂ ਹੱਥ-ਲਿਖਤਾਂ ਅਤੇ ਉਹਨਾਂ ਗ੍ਰੰਥਾਂ ਦਾ ਜਿਨ੍ਹਾਂ ਵਿੱਚ ਅਕਬਰ ਨਾਲ ਆਲਮ ਦਾ ਨਾਮ ਆਉਂਦਾ ਹੈ, 1924 ਦੇ ਰਸਾਲਾ 'ਮਾਯਾ' ਵਿੱਚ ਪ੍ਰਗਟ ਕੀਤਾ। ਹਿੰਦੀ ਸਾਹਿੱਤ ਸੰਸਾਰ ਵਿੱਚ ਜੋ ਭੁਲੇਖਾ "ਸ਼ਿਵ ਸਿੰਹ ਸਰੋਜ" ਨੇ ਪਾਇਆ ਸੀ, ਉਸ ਗ਼ਲਤ ਲਿਖਤ ਨੂੰ ਰੱਦ ਕਰਨ ਦਾ ਉੱਦਮ ਸਭ ਤੋਂ ਪਹਿਲਾਂ ਇਹਨਾਂ ਯਾਗਯਕ ਭਰਾਵਾਂ ਨੇ ਕੀਤਾ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿੱਚ ਰਾਗਮਾਲਾ ਸ਼ਾਮਲ ਹੋਣ ਦਾ ਵਰਣਨ ਵੀ ਹਿੰਦੀ ਵਿੱਚ ਸਭ ਤੋਂ ਪਹਿਲਾਂ ਇਹਨਾਂ ਦੇ ਲਿਖੇ ਲੇਖਾਂ ਵਿੱਚ ਮਿਲਦਾ ਹੈ ਕਿ ਇਸ ਗੁਰਮੁਖ਼ ਬਾਣੀ ਨਾਲ ਪਤਾ ਨਹੀਂ ਇਸ ਸ਼ਿੰਗਾਰ-ਰਸੀ ਰਚਨਾ ਨੂੰ ਕਿਵੇਂ ਥਾਂ ਮਿਲਿਆ?

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਰਾਗਮਾਲਾ' ਬਾਰੇ ਸ੍ਰੀ ਭਵਾਨੀ ਸ਼ੰਕਰ ਯਾਗਯਕ ਜੀ ਦੇ ਲਿਖੇ ਲੇਖ ਵਿੱਚ ਦਿੱਤੇ ਪ੍ਰਸੰਗ ਦਾ ਵੇਰਵਾ ਇਉਂ ਹੈ :-

*"ਸਭ ਤੋਂ ਮਹੱਤਵਪੂਰਨ ਗੱਲ ਇਹ ਹੋਈ ਕਿ ਇਸ ਗ੍ਰੰਥ ਵਿੱਚ*



www.AKJ.Org

*ਕਾਮਕੰਦਲਾ ਦੇ ਨਾਚ ਗਾਉਣ ਦੇ ਵਰਨਣ ਵਿੱਚ ਕਵੀ ਨੇ ਜੋ ਹਨੁਮੰਤ ਮੱਤ ਸੰਗੀਤ ਸ਼ਾਸਤਰ ਅਨੁਸਾਰ ਰਾਗ ਰਾਗਣੀਆਂ ਦਾ ਵਰਗੀਕਰਣ ਕੀਤਾ ਹੈ ਉਸ ਨੂੰ ਗੁਰੂ ਗ੍ਰੰਥ ਸਾਹਿਬ ਜਿਹੇ ਸਤਿਕਾਰ ਯੋਗ ਧਾਰਮਿਕ ਗ੍ਰੰਥ ਵਿੱਚ 'ਰਾਗਮਾਲਾ' ਨਾਉਂ ਹੇਠ ਦਿੱਤਾ ਹੋਇਆ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ 'ਰਾਗਮਾਲਾ' ਅੰਤਮ ਭਾਗ ਵਿੱਚ ਦਿੱਤੀ ਗਈ ਹੈ। ਆਲਮ ਦੀ ਇਹ ਰਚਨਾ ਗੁਰਮੁਖ ਬਾਣੀ ਦੇ ਰੂਪ ਵਿੱਚ ਸਤਿਕਾਰੀ ਜਾਣੀ ਇੱਕ ਵੱਡੀ ਭੁੱਲ ਹੈ। ਲੇਕਿਨ ਇਹ ਜ਼ਰੂਰ ਸਪੱਸ਼ਟ ਹੋ ਜਾਂਦਾ ਹੈ ਕਿ ਮਾਧਵਾਨਲ ਕਾਮਕੰਦਲਾ ਦੇ ਕਰਤਾ ਆਲਮ ਇੱਕ ਉੱਚ ਦਰਜੇ ਦੇ ਕਵੀ ਸਨ।'*

ਯਾਗਯਕ ਜੀ ਅੱਗੇ ਚੱਲਕੇ ਇਸੇ ਵਿਸ਼ੇ ਤੇ ਫੇਰ ਲਿਖਦੇ ਹਨ:-

*"ਆਲਮ ਦੇ ਕੁੱਝ ਪਦ 'ਰਾਗਮਾਲਾ' ਦੇ ਨਾਉਂ ਨਾਲ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹਨ। ਇਸ ਸਬੰਧ ਵਿੱਚ ਸਿੱਖ ਸੰਪਰਦਾ ਵਿੱਚ ਇੱਕ ਸਮੱਸਿਆ ਪੈਦਾ ਹੋ ਗਈ। ਮੁਅੱਜ਼ਮ ਦੇ ਆਸ਼ਰਿਤ ਇੱਕ ਆਲਮ ਦੀ ਕਲਪਨਾ ਹੋਣ ਨਾਲ 'ਰਾਗਮਾਲਾ' ਦਾ ਅੰਸ਼ ਗੁਰੂ ਗ੍ਰੰਥ ਸਾਹਿਬ ਵਿੱਚ ਖੋਟ ਸਮਝਿਆ ਜਾਣ ਲੱਗਾ। ਗੁਰੂ ਨਾਨਕ ਦੇ ਪਦਾਂ ਦਾ ਸੰਗ੍ਰਹਿ ਅਕਬਰ ਦੇ ਰਾਜ ਕਾਲ ਵਿੱਚ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ 1661 (ਕਿਸੇ ਦੇ ਮੱਤ ਅਨੁਸਾਰ ਸੰਮਤ 1658) ਵਿੱਚ ਕਰਾਇਆ ਸੀ। ਇਹੀ ਆਦਿ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਉਂ ਨਾਲ ਪ੍ਰਸਿੱਧ ਹੈ। ਅੰਤਮ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੇਲੇ ਤਾਂ ਇਹ ਹੋਣਾ ਅਸੰਭਵ ਹੀ ਸੀ। ਮੁਅੱਜ਼ਮ ਦੇ ਸਮੇਂ ਵਾਲੇ ਕਲਪਿਤ ਆਲਮ ਦੀ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਹੀ ਹੁੰਦੀ, ਇਸ ਪ੍ਰਕਾਰ ਕੁੱਝ ਕੱਟੜ ਸਿੱਖ 'ਰਾਗਮਾਲਾ' ਵਾਲੇ ਆਲਮ ਰਚਿਤ ਅੰਸ਼ ਨੂੰ ਖੋਟਾ ਮੰਨਣ ਲੱਗੇ ਅਤੇ ਉਸਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿੱਚੋਂ ਕੱਢ ਦੇਣ ਲਈ ਸਵਾਲ ਉਠਾਉਣ ਲੱਗੇ। ਇਸ ਸਬੰਧ ਵਿੱਚ ਅਸਾਂ ਤੋਂ ਪੁੱਛ ਗਿੱਛ ਵੀ ਕੀਤੀ ਗਈ ਸੀ ਅਤੇ ਅਸੀਂ ਆਪਣਾ ਪੱਕਾ ਮੱਤ ਦੇ ਕੇ ਇਸ ਝੂਠੀ ਕਲਪਨਾ ਦੇ ਆਧਾਰ ਤੇ ਉੱਠੀ ਹੋਈ ਉਲਝਣ ਨੂੰ ਜਿੰਨੀ ਸੁਲਝ ਸਕੀ ਸੁਲਝਾਇਆ। ਇਸ ਦਾ ਨਤੀਜਾ ਇਹ ਹੋਇਆ ਕਿ ਸਿੱਖਾਂ ਦੇ ਇੱਕ ਦਲ ਨੇ ਆਪਣੇ*



www.AKJ.Org

***ਵੱਲੋਂ 'ਮਾਧਵਾਨਲ ਕਾਮਕੰਦਲਾ' ਦਾ ਇੱਕ ਸੰਸਕਰਣ ਗੁਰਮੁੱਖੀ ਵਿੱਚ ਛਪਵਾ ਦਿੱਤਾ।"***

(ਆਲਮ ਔਰ ਰਸਖ਼ਾਨ, 1924 ਈ:)

ਯਾਗਯਕ ਬ੍ਰਦਰਜ਼ ਤੋਂ ਬਾਅਦ, ਆਲਮ ਬਾਰੇ, 'ਨਾਗਰੀ ਪ੍ਰਚਾਰਣੀ ਸਭਾ' ਦੇ ਅਚਾਰੀਆ ਅਤੇ ਨਾਗਰੀ ਪ੍ਰਚਾਰਣੀ ਪੱਤ੍ਰਿਕਾ ਦੇ ਐਡੀਟਰ ਸ੍ਰੀ ਵਿਸ਼ਵਨਾਥ ਪ੍ਰਸ਼ਾਦ ਮਿਸ਼ਰ ਦਾ "ਆਲਮ ਔਰ ਉਨਕਾ ਸਮਯ" ਇੱਕ ਖੋਜ ਨਿਬੰਧ ਛਪਿਆ। ਵਿਦਵਾਨ ਲੇਖਕ ਨੇ ਇਸ ਵਿੱਚ ਹਿੰਦੀ ਸਾਹਿੱਤ ਸੰਸਾਰ ਵਿੱਚ ਆਲਮ ਬਾਰੇ ਯਾਗਯਕ ਬ੍ਰਦਰਜ਼ ਦੀਆਂ ਛੋਹੀਆਂ ਭਾਵ-ਪੂਰਤ ਖੋਜਾਂ ਨੂੰ ਹੋਰ ਨਿਖਾਰਿਆ ਅਤੇ ਆਪਣੇ ਵੱਲੋਂ ਭਰਪੂਰ ਯੋਗਦਾਨ ਪਾਇਆ। ਉਨ੍ਹਾਂ ਪਾਸ ਹਿੰਦੀ ਸਾਹਿੱਤ ਦੀ ਨਾਗਰੀ ਸਭਾ ਵੱਡੀ ਸੰਸਥਾ ਸੀ। ਉਸ ਵਿੱਚ ਅਨੇਕਾਂ ਗ੍ਰੰਥ ਤੇ ਰਸਾਲੇ ਪ੍ਰਾਪਤ ਸਨ, ਜਿਨ੍ਹਾਂ ਦੇ ਆਧਾਰ ਉੱਤੇ ਸ੍ਰੀ ਵਿਸ਼ਵਨਾਥ ਜੀ ਨੇ 21 ਸਫ਼ੇ ਦੇ ਨਿਬੰਧ ਵਿੱਚ ਆਲਮ ਨੂੰ ਅਕਬਰ ਸਮਕਾਲੀ ਹੋਣ ਦੇ ਬਹੁਤ ਸਾਰੇ ਪੁਰਾਣੇ ਲੇਖਕਾਂ ਦੇ ਹਵਾਲੇ ਦੇਕੇ, ਸਰੋਜ ਵਾਲੀ ਮਾਨਤਾ ਨੂੰ ਰੱਦ ਕੀਤਾ। ਏਹਨਾਂ ਗ੍ਰੰਥਾਂ ਵਿੱਚ ਚਰਚਿਤ "ਮੁਅੱਜ਼ਮ ਪ੍ਰਭਾਵ" ਗ੍ਰੰਥ ਬਾਰੇ ਟੀਕਾ-ਟਿੱਪਣੀ ਵਰਣਨ ਯੋਗ ਹੈ।

ਜੈਤ ਸਿੰਘ ਮਹਾਂਪਾਤਰ ਦੇ ਹੱਥਾਂ ਦੀ ਲਿਖੀ "ਮੁਅੱਜ਼ਮ ਪ੍ਰਭਾਵ" ਗ੍ਰੰਥ ਦੀ ਕਾਪੀ 'ਨਾਗਰੀ ਪ੍ਰਚਾਰਣੀ ਸਭਾ' ਦੇ ਆਰੀਆ ਭਾਸ਼ਾ ਪੁਸਤਕ ਭੰਡਾਰ ਵਿੱਚ ਸੁਰੱਖਿਅਤ ਹੈ। ਉਸ ਦੀ ਖੋਜ ਕਰਕੇ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ **ਜੋ ਸਵੈਯਾ "ਮੁਅੱਜ਼ਮ ਪ੍ਰਭਾਵ" ਗ੍ਰੰਥ ਵਿੱਚ ਆਲਮ ਦਾ ਕਿਹਾ ਜਾਂਦਾ ਹੈ, ਉਹ ਮੁਅੱਜ਼ਮ ਸ਼ਾਹ ਦੇ ਦਰਬਾਰੀ ਕਵੀ ਜੈਤ ਸਿੰਹ ਮਹਾਂਪਾਤਰ ਦੀ ਰਚਨਾ ਹੈ, ਆਲਮ ਦੀ ਨਹੀਂ।** ਸ੍ਰੀ ਵਿਸ਼ਵਨਾਥ ਜੀ ਨੇ ਇਹ ਪੱਖ ਸਪੱਸ਼ਟ ਕੀਤਾ ਅਤੇ ਇਸ ਲੇਖ ਵਿੱਚ ਜੋ ਹਵਾਲੇ ਦਿੱਤੇ, ਉਨ੍ਹਾਂ ਵਿੱਚੋਂ ਕੁੱਝ ਕੁ ਨੂੰ ਏਥੇ ਦੇਣਾ ਉਚਿਤ ਹੋਵੇਗਾ। ਵਿਸ਼ਵਨਾਥ ਪ੍ਰਸ਼ਾਦ ਮਿਸ਼ਰ ਨੇ ਨਾਗਰੀ ਪ੍ਰਚਾਰਣੀ ਸਭਾ ਦੀ ਲਾਇਬਰੇਰੀ ਵਿੱਚੋਂ ਜੈਤ ਸਿੰਘ ਮਹਾਂਪਾਤਰ ਦਾ ਸਵੈਯਾ ਦੇ ਕੇ ਦੱਸਿਆ ਕਿ ਇਥੇ "ਆਲਮ" ਲਫ਼ਜ਼ ਕਵੀ ਵਾਚਕ ਨਹੀਂ, ਸੰਸਾਰ ਵਾਚਕ ਹੈ।

ਸੰਨ 1904 ਵਿੱਚ ਕਾਂਸ਼ੀ ਨਰੇਸ਼ ਦੇ ਪੁਸਤਕਾਲੇ ਵਿੱਚੋਂ 'ਮਾਧਵਾਨਲ ਕਾਮਕੰਦਲਾ' ਹੱਥ ਲਿਖਤ ਗ੍ਰੰਥ ਪ੍ਰਾਪਤ ਹੋਇਆ। ਵਿਦਵਾਨਾਂ ਨੇ ਉਸ ਦਾ ਮੰਗਲ ਹੀ ਪੜ੍ਹਿਆ ਸੀ, ਸਭ ਨੂੰ ਚਾਨਣਾ ਹੋ ਗਿਆ ਕਿ ਇਸ ਮੰਗਲ ਵਿੱਚ ਲਿਖਣ ਦਾ ਸਮਾਂ 991 ਹਿਜਰੀ ਅਤੇ ਲਿਖਵਾਉਣ ਵਾਲੇ ਟੋਡਰ ਮੱਲ ਦਾ ਨਾਮ ਆਉਂਦਾ ਹੈ ਤੇ ਸਮਕਾਲੀ ਸੁਲਤਾਨ ਅਕਬਰ ਦਾ ਵਰਣਨ ਅਦਬ ਨਾਲ ਕੀਤਾ ਗਿਆ ਹੈ। ***"ਸਾਡੀ ਇਸ ਪੋਥੀ ਵਿੱਚ ਜਿਸ ਰਚਨਾ ਦੇ ਮੰਗਲ ਦੀ ਚਰਚਾ ਭਾਵੇਂ ਕਈ ਵਾਰ ਹੋਈ ਹੈ, ਪਰੰਤੂ ਅਜਿਹੀ ਢੁਕਵੀਂ ਥਾਂ ਤੇ ਉਸਦਾ ਦੁਬਾਰਾ ਦੁਹਰਾਇਆ ਜਾਣਾ ਭੀ ਇੱਕ ਲੋੜ ਹੈ।"***



www.AKJ.Org

*"ਦਿਲੀਪਤ ਅਕਬਰ ਸੁਲਤਾਨਾ। ਸਪਤ ਦੀਪ ਮਹਿ ਜਾਕੀ ਆਨਾ।*

*ਆਗੈ ਨੈਬ ਮਹਾ ਬਲਿ ਮੰਤਰੀ। ਨ੍ਰਿਪ ਰਾਜਾ ਟੌਡਰ ਮਲ ਖੱਤਰੀ।"*

ਅਚਾਰੀਯ ਵਿਸ਼ਵਨਾਥ ਪ੍ਰਸ਼ਾਦ ਨੇ ਆਪਣੇ ਖੋਜ ਨਿਬੰਧ ਵਿੱਚ ਕਾਂਸ਼ੀ ਨਰੇਸ਼ ਪੁਸਤਕਾਲੇ ਤੋਂ ਪ੍ਰਾਪਤ ਹੋਈ ਪੋਥੀ ਦੇ ਮੰਗਲ ਵਿੱਚ ਜੋ ਸੰਬਤ ਲਿਖਿਆ ਹੋਇਆ ਸੀ, ਉਸ ਦੀ ਪੂਰੀ ਵਿਆਖਿਆ ਕੀਤੀ। ***ਹੋਰ ਪੁਰਾਤਨ ਗ੍ਰੰਥਾਂ ਨਵਰਸ ਦੋਹਾਸਾਰ ਰਾਜ ਤਰੰਗਣੀ ਆਦਿ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਦੇ ਸੰਗ੍ਰਹਿ ਹਨ, ਵਿੱਚੋਂ ਕੁੱਝ ਰਚਨਾਵਾਂ ਤੇ ਛੰਦਾਂ ਦੀਆਂ ਤੁਕਾਂ ਦੇ ਕੇ ਦੱਸਿਆ ਹੈ ਕਿ "ਮਾਧਵਾਨਲ ਕਾਮਕੰਦਲਾ" ਦਾ ਰਚਣ ਵਾਲਾ ਉਹੋ ਆਲਮ ਕਵੀ ਹੈ, ਜੋ ਅਕਬਰ ਦਾ ਸਮਕਾਲੀ ਸੀ, ਜਿਸ ਨੇ ਇਹਨਾਂ ਦੋਹਾਂ ਹਸਤੀਆਂ ਅਕਬਰ ਤੇ ਟੋਡਰ ਮੱਲ ਦੀ ਪ੍ਰਸੰਸਾ ਕੀਤੀ ਹੈ।***

***ਅਕਬਰ ਵੱਲੋਂ ਨਵਾਂ 'ਦੀਨ ਇਲਾਹੀ' ਧਰਮ ਚਲਾਉਣ ਬਾਰੇ ਆਲਮ ਦਾ ਹੇਠ ਲਿਖਿਆ "ਸੋਰਠਾ"*** ਵੀ ਰਚਿਆ ਮਿਲਦਾ ਹੈ :-

ਸੋਰਠਾ:-

*ਅਦਲੀ ਕਰੋਂ ਬਖਾਨ, ਸੁਜਸ ਪ੍ਰਗਟ ਚਹੁੰ ਖੰਡ ਮੇਂ ।।*

*ਵਿਦਾਂ ਅਰਥ ਨਿਧਾਨ, ਸ਼ਾਹ ਅਕਬਰ ਜਗਤ ਗੁਰੂ।।*

*ਜਗਪਤ ਰਾਜ ਕੋਟ ਜੁਗ ਕੀਜੈ।। ਸ਼ਾਹਿ ਜਲਾਲ ਛਤ੍ਰ ਪਤਿ ਜੀਜੈ।।*

*ਦਿਲੀ ਪਤਿ ਅਕਬਰ ਸੁਲਤਾਨਾ।। ਸਪਤ ਦੀਪ ਮਹਿ ਜਾਕੀ ਆਨਾ।।*

ਵਿਸ਼ਵਨਾਥ ਪ੍ਰਸ਼ਾਦ ਮਿਸ਼ਰ ਨੇ ਆਪਣੇ ਇਸ ਖੋਜ ਨਿਬੰਧ ਨੂੰ "ਹਿੰਦੀ ਸਾਹਿਤਯ ਕਾ ਅਤੀਤ" ਪੁਸਤਕ ਵਿੱਚ ਸ਼ਾਮਲ ਕੀਤਾ ਹੈ ਅਤੇ ਉਸ ਲੇਖ ਵਿੱਚ ਕਈ ਵਾਧੇ ਵੀ ਕੀਤੇ ਹਨ। ਲੇਖ ਦੇ ਫੁੱਟ ਨੋਟ ਵਿੱਚ ਜ਼ੋਰ ਨਾਲ ਸਿੱਧ ਕੀਤਾ ਹੈ ਕਿ ***"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿੱਚ ਦਰਜ 'ਰਾਗਮਾਲਾ' ਆਲਮ ਦੀ ਰਚਨਾ ਹੈ।"***

(ਹਿੰਦੀ ਸਾਹਿਤਕਾ ਅਤੀਤ)

ਕਿਉਂਕਿ, ਆਦਿ ਬੀੜ ਦੀਆਂ ਸ਼ਾਖਾਂ ਵਿੱਚ ਜਿਤ ਦਰ ਲਖ ਮੁਹੰਮਦਾ, ਰਤਨਮਾਲਾ, ਬਾਇਆਤਿਸ ਆਬ ਖ਼ਾਕ, ਹਕੀਕਤ ਰਾਹ ਮੁਕਾਮ ਕੀ, ਸਾਖ਼ੀ ਰਾਜੇ ਸ਼ਿਵਨਾਭ ਅਤੇ ਰਾਗਮਾਲਾ ਆਦਿ ਵਾਧੂ ਰਚਨਾਵਾਂ ਨਹੀਂ ਹੁੰਦੀਆਂ ਅਤੇ ਲਾਹੌਰੀ ਬੀੜਾਂ ਵਿੱਚ ਇਨ੍ਹਾਂ ਵਾਧੂ ਬਾਣੀਆਂ ਵਿਸ਼ੇਸ਼ ਕਰਕੇ ਰਾਗਮਾਲਾ ਆਦਿ ਕੋਈ ਰਚਨਾ ਨਹੀਂ ਹੁੰਦੀ।

ਹਿੰਦੀ ਦੇ ਪ੍ਰਸਿੱਧ ਵਿਦਵਾਨਾਂ ਵਿੱਚੋਂ ਸ਼ਾਇਦ ਹੀ ਕੋਈ ਅਜਿਹਾ ਲੇਖਕ ਹੋਇਆ ਹੋਵੇ, ਜਿਸ ਨੇ ਹਿੰਦੀ ਦੇ ਕਿਸੇ ਕੋਸ਼, ਹਿੰਦੀ ਸਾਹਿੱਤ ਤੇ ਗ੍ਰੰਥ ਲਈ ਪ੍ਰੇਮ



www.AKJ.Org

ਕਹਾਣੀਆਂ, ਰੀਤੀ ਤੇ ਨੀਤੀ-ਕਾਲ ਲਈ ਕੁੱਝ ਵੀ ਲਿਖਿਆ ਹੋਵੇ ਤੇ ਆਲਮ ਨੂੰ ਜਾਣਦਾ ਨਾ ਹੋਵੇ? ਆਲਮ ਸੰਗੀਤ ਦਾ ਭੀ ਵਿਦਵਾਨ ਸੀ, (ਆਲਮ) ਉਸਦੇ ਅਮੀਰ ਖੁਸਰੋ ਵਰਗੇ ਬਣਾਏ ਹੋਏ ***"ਆਲਮ ਕੇ ਖ਼ਿਆਲ"*** ਵੀ ਮਿਲਦੇ ਹਨ।

### *ਸ੍ਰੀ ਹਰਿ ਪ੍ਰਸ਼ਾਦ ਨਾਇਕ :-*

ਹਰਿ ਪ੍ਰਸ਼ਾਦ ਨਾਇਕ ਦਾ ਨਾਮ ਹਿੰਦੀ ਦੇ ਚੋਟੀ ਦੇ ਖੋਜੀ ਵਿਦਵਾਨਾਂ ਵਿੱਚ ਆਉਂਦਾ ਹੈ। ਇਨ੍ਹਾਂ ਨੇ ਹਿੰਦੁਸਤਾਨ ਅਕੈਡਮੀ ਲਈ ਇੱਕ ਲੇਖ "ਆਲਮ ਕਾ ਸਥਿਤੀ ਕਾਲ" ਲਿਖਿਆ, ਜਿਸ ਵਿੱਚ ਆਪ ਨੇ ਆਲਮ ਦੀ ਸਥਿਤੀ ਹੀ ਨਹੀਂ; ਸਗੋਂ, ਉਸ ਸਮੇਂ ਦਾ ਇਤਿਹਾਸ ਵੀ ਲਿਖ ਦਿੱਤਾ ਹੈ। ਲੇਖ ਵੱਡਾ ਹੋਣ ਕਾਰਨ ਐਡੀਟਰ ਡਾ: ਹਰਦੇਵ ਬਾਹਰੀ ਨੇ ਉਨ੍ਹਾਂ ਬਾਰੇ ਲਿਖਿਆ ਹੈ ਕਿ ਨਾਇਕ ਜੀ ਨੇ ਪਹਿਲਾਂ ਭੀ ਇੱਕ ਲੇਖ ਲਿਖਿਆ ਸੀ। ਉਹ ਛੋਟਾ ਸੀ ਤੇ ਫੇਰ ਪੂਰੀ ਖੋਜ ਕਰਕੇ "ਆਲਮ ਕਾ ਸਥਿਤੀ ਕਾਲ" ਲਿਖਦਿਆਂ ਨਾਇਕ ਜੀ ਨੇ ਉਸ ਜ਼ਮਾਨੇ ਦੀ ਸਥਿਤੀ ਨੂੰ ਸੰਗੀਤ ਦੇ ਪ੍ਰਬੀਨ ਵਜੰਤਰੀਆਂ ਵਾਂਗ, ਆਸ-ਪਾਸ ਦੀਆਂ ਸੁਰਾਂ ਨੂੰ ਵੀ ਟੁਣਕਾਇਆ। ਸਾਡਾ ਪ੍ਰਯੋਜਨ ਵਧੇਰੇ ਆਲਮ ਦੀ ਰਚਨਾ ਦੀ ਖੋਜ ਹੈ। ਆਲਮ ਦੀਆਂ ਰਚਨਾਵਾਂ ਵਿੱਚ 'ਮਾਧਵਾਨਲ ਕਾਮਕੰਦਲਾ' ਬਾਰੇ ਜੋ ਲਿਖਿਆ, ਕਦੋਂ ਲਿਖਿਆ ਅਤੇ ਆਲਮ ਦਾ ਮਹੱਤਵ ਕੀ ਸੀ? ਇਹ ਜਾਣਨਾ ਸਾਡੀਆਂ ਪ੍ਰਮੁੱਖ ਇੱਛਾਵਾਂ ਹਨ ਤੇ ਇਸ ਲਈ ਇਹ ਲੇਖ ਇਸ ਪੱਖੋਂ ਉਪਯੋਗੀ ਹੈ।

ਮੁੱਖ ਨੁਕਤਾ ਇਹ ਹੈ ਕਿ : ਜਿਵੇ ਇੱਕ ਵੱਡੇ ਰਾਗਮਾਲਾ ਪਖੀ ਵਿਦਵਾਨ ਨੇ ਗੁਰ ਪ੍ਰਤਾਪ ਸੂਰਜ ਤੇ ਟਿੱਪਣੀ ਕਰਦਿਆਂ ਕਹਿ ਦਿੱਤਾ ਹੈ ਕਿ ਭਾਈ ਸੰਤੋਖ ਸਿੰਘ ਜੀ ਨੇ ਆਲਮ ਬਾਰੇ ਪੂਰੀ ਖੋਜ ਨਹੀਂ ਕੀਤੀ। ਸਾਨੂੰ ਭਾਈ ਸਾਹਿਬ ਸੰਤੋਖ ਸਿੰਘ ਜੀ ਦੀ ਲਿਖਤ ਵੱਲ ਨਾਇਕ ਜੀ ਦਾ ਲੇਖ ਪੜ੍ਹ ਕੇ ਫਿਰ ਧਿਆਨ ਆ ਗਿਆ ਕਿਉਂਕਿ ਦੋਵੇਂ ਵਿਦਵਾਨ ਭਾ: ਸੰਤੋਖ ਸਿੰਘ ਤੇ ਨਾਇਕ ਦੇ ਵਿਚਾਰ ਮਿਲਦੇ-ਜੁਲਦੇ ਹਨ।

### **ਡਾ: ਜਗਦੀਸ਼ ਨਰਇਣ**

ਯਾਦ ਰਹੇ, ਅਸੀਂ ਇਸ ਕਥਨ ਦੇ ਸੱਚ ਦੀ ਭਾਲ ਕਰ ਰਹੇ ਹਾਂ ਕਿ ਆਲਮ ਹਿੰਦੀ ਦਾ ਕਵੀ ਸੀ, ਇਸ ਲਈ ਹਿੰਦੀ ਦੇ ਵਿਦਵਾਨ ਹੀ ਠੀਕ ਤੌਰ ਤੇ ਆਲਮ ਦੇ ਸਮੇਂ ਬਾਰੇ ਦੱਸ ਸਕਦੇ ਹਨ। ਕੁੱਝ ਲਿਖਤਾਂ ਪੇਸ਼ ਕਰ ਚੁੱਕੇ ਹਾਂ। ਆਲਮ ਬਾਰੇ ਇਹ ਦੱਸਣ ਵਾਲਾ ਕੋਈ ਇੱਕਾ-ਦੁੱਕਾ ਵਿਦਵਾਨ ਨਹੀਂ, ਦਰਜਨਾਂ ਹਿੰਦੀ ਦੇ ਖੋਜੀ ਵਿਦਵਾਨਾਂ ਦੀਆਂ ਲਿਖਤਾਂ ਹਨ. ਜਿਨ੍ਹਾਂ ਨੇ ਖੋਜ-ਪੜਤਾਲ ਕਰਕੇ, ਆਪਣੇ ਖੋਜ ਨਿਬੰਧਾਂ, ਲੇਖਾਂ, ਪੀ.ਐਚ.ਡੀ. ਕਰਨ ਵਾਲੇ ਸਾਹਿੱਤਗਾ ਨੇ ਵੱਖੋ-ਵੱਖਰੇ ਪਹਿਲੂਆਂ ਤੋਂ ਭਿੰਨ- ਭਿੰਨ ਸਮੱਗਰੀ ਦੇ ਅਧਿਐਨ ਕਰਨ ਪਿੱਛੋਂ ਤੱਤ ਕੱਢਿਆ ਹੈ ਕਿ ***ਆਲਮ-***



www.AKJ.Org

***ਅਕਬਰ ਦਾ ਸਮਕਾਲੀ ਅਤੇ 'ਮਾਧਵਾਨਲ ਕਾਮਕੰਦਲਾ' ਗ੍ਰੰਥ ਦਾ ਕਰਤਾ ਸੀ।*** ਏ ਸੇ ਸਬੰਧ ਵਿੱਚ ਹਰਿ ਪ੍ਰਸ਼ਾਦ ਨਾਇਕ ਜੀ ਨੇ ਲਿਖਿਆ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਪਿੱਛੋਂ ਜੋੜੇ ਕੁੱਝ ਛੰਦ ਜਿਨ੍ਹਾਂ ਦਾ ਨਾਮ 'ਰਾਗਮਾਲਾ' ਹੈ, ਆਲਮ ਦੀ ਰਚਨਾ ਹਨ। ਇਹ ਪੜ੍ਹਕੇ ਸਪੱਸ਼ਟ ਹੁੰਦਾ ਹੈ ਕਿ ਭਾਈ ਸੰਤੋਖ ਸਿੰਘ ਜੀ ਨੇ ਪੂਰੀ ਖੋਜ ਕੀਤੀ ਹੋਈ ਸੀ, ਜਿਸ ਦੀ ਪ੍ਰੋੜ੍ਹਤਾ ਸਾਰੇ ਹਿੰਦੀ ਦੇ ਵਿਦਵਾਨ ਕਰ ਰਹੇ ਹਨ। ਇਸ ਵੇਲੇ ਸਾਡੇ ਸਾਹਮਣੇ ਹਰਿ ਪ੍ਰਸ਼ਾਦ ਨਾਇਕ ਦਾ ਇੱਕ ਵੱਡਾ ਖੋਜ ਨਿਬੰਧ ਹੈ, ਜੋ ਅਲਾਹਾਬਾਦ ਤੋਂ ਹਿੰਦੁਸਤਾਨੀ ਅਕੈਡਮੀ ਦੇ ਖੋਜ ਪੱਤਰ, ਅੰਕ, ਪੰਨਾ 76-77, ਸੰਨ 1973 ਵਿੱਚ ਛਪਿਆ ਹੋਇਆ ਹੈ।

ਆਲਮ ਕਦੋਂ ਤੇ ਕਿੱਥੇ ਜਨਮਿਆ ਤੇ ਉਸਦੇ ਮੁੱਢਲੇ ਹਾਲਾਤ ਡਾ: ਜਗਦੀਸ਼ ਨਰਾਇਣ (ਹੋਡਲ) ਜੀ ਨੇ ਜੌਨਪੁਰ ਤੋਂ ਜਾ ਕੇ ਲੱਭੇ ਤੇ ਆਲਮ ਦੇ ਪਿਛਲੇ ਵੰਸ਼ ਨੂੰ ਵੀ ਖੋਜਿਆ ਹੈ। ਆਲਮ ਦੀ ਚੜ੍ਹਦੀ ਜੁਆਨੀ ਦੇ ਝਲਕਾਰੇ ਤਾਂ ਡਾ: ਜਗਦੀਸ਼ ਜੀ ਨੇ ਦਿਖਾਏ ਹਨ। ਪਰ, ਵੱਡਾ ਹੋਕੇ ਸੁੰਦਰ, ਗੰਭੀਰ, ਉੱਚੇ ਭਾਵਾਂ ਭਰੀ ਅਤੇ ਨੀਤੀ ਰਚਨਾ ਦਾ ਕਰਤਾ, ਨਾਇਕ ਜੀ ਨੇ ਹੀ ਖੋਜਿਆ ਤੇ ਦਰਸਾਇਆ ਹੈ। ਇਹ ਭੀ ਕਿ ਆਲਮ ਦਾ ਦੇਹਾਂਤ 72 ਸਾਲ ਦੀ ਉਮਰ ਵਿੱਚ 998 ਹਿਜਰੀ, ਅਕਬਰ ਦੀ ਮੌਤ ਤੋਂ ਇੱਕ ਸਾਲ ਪਹਿਲਾਂ ਹੋਇਆ। ਇਸ ਦੀ ਪੁਸ਼ਟੀ ਨਾਇਕ ਜੀ, ਇੱਕ ਅੰਗ੍ਰੇਜ਼ ਵਿਦਵਾਨ ਵੀ. ਏ. ਸਮਿੱਥ ਰਾਹੀਂ ਇਉਂ ਕਰਦੇ ਹਨ :-

> *"ਹਿਜਰੀ ਸੰਨ 997 ਕੇ ਬਹੁਤ ਪੂਰਵ ਹੀ ਆਲਮ ਨੇ ਆਪਣੇ ਇਸ ਗ੍ਰੰਥ ਕੋ ਸੰਪੂਰਨ ਕਰ ਦਿਯਾ ਥਾ ।"*

ਹਰਿ ਪ੍ਰਸ਼ਾਦ ਨਾਇਕ ਜੀ ਦੇ ਅਨੁਸਾਰ, ਆਲਮ ਨੇ ਛੇ ਗ੍ਰੰਥਾਂ ਦੀ ਰਚਨਾ ਕੀਤੀ। ਇੱਕ ਚਾਰ ਸੌ ਚਾਰ ਛੰਦਾ ਦੀ ਨੀਤੀ ਅਤੇ ਜੀਵਨ ਗਿਆਨ ਦੇਣ ਵਾਲਾ ਸਾਹਿੱਤਕ ਗ੍ਰੰਥ "ਚਤੁਸਤੀ" ਚਾਰ ਸੌ ਚਾਰ ਕਬਿੱਤ ਸਵੱਈਆਂ ਦੇ ਰੂਪ ਵਿੱਚ ਤੇ ਇੱਕ ਹੋਰ "ਸਿਆਮ ਸਨੇਹੀ" ਤੇ 3-4 ਹੋਰ ਗ੍ਰੰਥ ਲਿਖੇ। ਨਾਇਕ ਜੀ ਦੀ ਖੋਜ ਅੱਗੇ ਇਸ ਤਰ੍ਹਾਂ ਚਲਦੀ ਹੈ:-

"ਅਕਬਰ ਕਾ ਜਨਮ ਸਨ 1542 ਈ: ਮੇਂ ਹੂਆ ਥਾ। ਕਵਿ ਆਲਮ ਬਾਦਸ਼ਾਹ ਅਕਬਰ ਸੇ ਇਤਨੇ ਬੜੇ ਥੇ ਜੋ ਸਮ-ਵਯਕ ਕੀ ਪ੍ਰਧਿ (ਸੀਮਾ) ਕੇ ਅੰਤਰਗਤ ਨਹੀਂ ਆ ਸਕਤੇ ਥੇ। ਕਵਿ ਆਲਮ ਕਾ ਜਨਮ 1533 ਈ: ਕੇ ਲਗਭਗ ਸੰਭਵ ਹੈ... ਮਾਧਵਾਨਲ ਕਾਮਕੰਦਲਾ ਕਾ ਰਚਨਾ ਕਾਲ (1583 ਈ:) ਹੈ।"

'ਮਾਧਵਾਨਲ ਕਾਮਕੰਦਲਾ' ਤੋਂ ਬਿਨਾਂ ਆਲਮ ਦੇ ਕਿਸੇ ਵੀ ਗ੍ਰੰਥ ਵਿੱਚ ਰਚਣ ਦਾ ਸਮਾਂ ਨਹੀਂ ਦੱਸਿਆ। ਨਾਇਕ ਜੀ ਨੇ 'ਮਾਧਵਾਨਲ ਕਾਮਕੰਦਲਾ' ਗ੍ਰੰਥ ਦੇ ਸਬੰਧ ਵਿੱਚ ਕਿਸੇ ਪੱਖ ਨੂੰ ਖੋਜਣ ਤੋਂ ਨਹੀਂ ਛੱਡਿਆ। ਉਹਨਾਂ ਨੇ ਵੱਧ ਤੋਂ ਵੱਧ ਪੜਚੋਲ ਕਰਕੇ ਇੱਕ-ਇੱਕ ਵਾਕ ਵਿੱਚੋਂ ਵੀ ਭਾਵਅਰਥ ਕੱਢੇ ਹਨ। ਆਪ (ਵਿਦਵਾਨ)



www.AKJ.Org

ਨੇ ਲਿਖਤੀ ਗ੍ਰੰਥਾਂ ਦਾ ਮੰਥਨ ਕੀਤਾ। ਉਹਨਾਂ ਗ੍ਰੰਥਾਂ ਦਾ ਵਧੇਰੇ ਹੀ ਜਿਨ੍ਹਾਂ ਤੋਂ ਆਲਮ ਨੇ ਮਾਧਵਾਨਲ ਕਾਮਕੰਦਲਾ ਲਿਖਣ ਵਿੱਚ ਮੱਦਦ ਲਈ ਸੀ। ਏਹਨਾਂ ਵਿੱਚ ਆਲਮ ਅਤੇ ਮਾਧਵਾਨਲ ਕਾਮਕੰਦਲਾ ਬਾਰੇ ਲਿਖੇ ਪ੍ਰਸੰਗ ਜਿਥੋਂ-ਜਿਥੋਂ ਲਏ ਗਏ, ਉਹ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੇ ਗ੍ਰੰਥ ਵੀ ਦੱਸੇ ਹਨ, ਜਿਵੇਂ :-

*"ਕੁਛ ਸੰਸਕ੍ਰਿਤ ਕੁਛ ਪ੍ਰਾਕ੍ਰਿਤ ਚੋਰੀ।*
*ਭਾਸ਼ਾ ਬਾਂਧ ਚੌਪਈ ਜੋਰੀ॥"* (ਆਲਮ)

ਕਥਾ ਦਾ ਮੂਲ ਜੋ ਉਸ ਵੇਲੇ ਲੋਕਾਂ ਵਿੱਚ ਵਾਰਤਾ ਰੂਪ ਵਿੱਚ ਪ੍ਰਚੱਲਤ ਸੀ, ਉਹ ਵੀ ਦੀਰਘ-ਦ੍ਰਿਸ਼ਟੀ ਹੋਣ ਕਾਰਨ ਲੋੜੀਂਦੀ ਪਿਛਲੀ ਸਮੱਗਰੀ ਸੰਚਤ ਕਰਨ ਲਈ ਵਰਤਿਆ ਗਿਆ। ਆਲਮ ਤੋਂ ਪਹਿਲਾਂ ਜਿਨ੍ਹਾਂ ਨੇ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਵਿੱਚ 'ਮਾਧਵਾਨਲ ਕਾਮਕੰਦਲਾ' ਦੀ ਕਹਾਣੀ ਲਿਖੀ ਸੀ, ਨਾਇਕ ਜੀ ਨੇ ਉਹਨਾਂ ਦਾ ਵਰਣਨ ਇਉਂ ਕੀਤਾ ਹੈ :-

"ਭੱਟ ਵਿਦਿਆਧਰ ਕੇ ਸਿਯਾ ਕਵਿ ਆਨੰਦਧਰ (ਬਿ: ਸੰਮਤ 1347) ਕ੍ਰਿਤ ਮਾਧਵਾਨ ਖਿਆਨਮ ਸੰਸਕ੍ਰਿਤ, ਮੇਂ ਲਿਖਾ ਹੂਆ ਗਦਾ-ਪਦ-ਮਿਸ਼ਰਤ ਚੰਪੂ ਕਾਵਯ ਹੈ ਇਸਕੇ ਬੀਚ-ਬੀਚ ਮੇਂ ਅਪਭ੍ਰੰਸ਼ ਔਰ ਹਿੰਦੀ ਕੇ ਛੰਦ ਭੀ ਪ੍ਰਯੁਕਤ ਹੂਏ ਹੈਂ।'

ਨਾਇਕ ਜੀ ਨੇ ਆਲਮ ਸਬੰਧੀ ਪਹਿਲਾਂ ਲਿਖਣ ਵਾਲੇ ਵੱਡੇ ਵਿਦਵਾਨਾਂ ਤੋਂ ਲੈ ਕੇ 'ਸ਼ਿਵ ਸਿੰਹ ਸਰੋਜ' ਤੱਕ ਦੀਆਂ ਖੋਜਾਂ ਪੜਤਾਲੀਆਂ। ਟੋਡਰ ਮੱਲ ਨੇ ਗੁਜਰਾਤ ਪ੍ਰਾਂਤ ਦੇ ਭੂਮੀ ਸੁਧਾਰ ਕੀਤੇ ਸਨ ਇਸ ਲਈ ਗੁਜਰਾਤ ਦੇ ਪੁਰਾਣੇ ਰਿਕਾਰਡ ਵੀ ਖੋਜੇ ਪੜਤਾਲੇ। ਗੁਜਰਾਤ ਦੇ ਪ੍ਰਸਿੱਧ ਵਿਦਵਾਨ ਕੇ.ਐਮ. ਮੁਨਸ਼ੀ ਤੱਕ ਵੀ ਪਹੁੰਚ ਕੀਤੀ। ਕਿਉਂਕਿ, ਉਹਨਾਂ ਨੇ ਵੀ ਆਪਣੇ ਗ੍ਰੰਥਾਂ ਵਿੱਚ ਆਲਮ ਤੇ ਟੋਡਰ ਮੱਲ ਦੇ ਹਵਾਲੇ ਦਿੱਤੇ ਸਨ। ਆਲਮ ਬਾਰੇ ਲਿਖਦਿਆਂ ਨਾਇਕ ਜੀ ਨੇ ਕਿਹਾ ਹੈ ਕਿ ਆਲਮ ਨੇ 'ਮਾਧਵਾਨਲ ਕਾਮਕੰਦਲਾ' 40-50 ਵਰ੍ਹੇ ਦੀ ਉਮਰ ਵਿੱਚ ਲਿਖੀ। ਆਪ ਜੀ ਨੇ ਆਲਮ ਦੇ ਸੰਗੀਤੱਗ ਹੋਣ ਦਾ ਵੀ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਹੈ; ਕਿ ਸੰਗੀਤ ਵਿੱਚ ਆਲਮ ਨੂੰ ਨਿਪੁੰਨਤਾ ਹਾਸਲ ਸੀ। ਸੰਗੀਤ ਅਜਿਹੀ ਵਿੱਦਿਆ ਹੈ ਜੋ ਸੌਖਿਆਂ ਨਹੀਂ ਆ ਸਕਦੀ। ਨਾਇਕ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚਲੀ - "*ਰਾਗਮਾਲਾ*"- ਵੱਲ ਸੰਕੇਤ ਕਰਦਿਆਂ ਇਸ ਤਰ੍ਹਾਂ ਲਿਖਿਆ ਹੈ :-

"ਸਿੱਖੋਂ ਕੇ ਧਰਮ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕੇ ਅੰਤ ਮੇਂ 'ਰਾਗਮਾਲਾ' ਕੇ ਨਾਮ ਸੇ ਆਲਮ ਕੇ ਕੁਛ ਪਦ ਸੰਕਲਿਤ ਹੈਂ, ਜਿਸ ਮੇਂ ਰਾਗ ਰਾਗਿਨੀ ਕਾ ਵਰਨਣ ਹੈ :-"



www.AKJ.Org

*“ਰਾਗ ਏਕ ਸੰਗਿ ਪੰਚ ਬਰੰਗਨਿ ।*
*ਸੰਗਿ ਅਲਾਪਹਿ ਆਠਉ ਨੰਦਨ।।”*

ਸੇ ਪ੍ਰਾਰੰਭ ਹੋਕਰ :-

“ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ।
ਸਭੈ ਪੁਤ੍ਰ ਰਾਗਨ ਕੇ ਅਠਾਰਹ ਦਸ ਬੀਸ।”

ਪਰ ਸਮਾਪਤ ਹੋਤਾ ਹੈ। ਰਾਗਮਾਲਾ ਮੇਂ ਨ ਤੋ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਕੇ ਸਬ ਰਾਗ ਪ੍ਰਾਪਤ ਹੈਂ। ਔਰ ਨਾ ਹੀ ਰਾਗਮਾਲਾ ਵਾਲੇ ਕਈ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਮੇਂ ਆਏ ਹੈਂ। ਧਰਮ ਗ੍ਰੰਥ ਕੇ ਉਪਰੋਕਤ ਰਾਗਮਾਲਾ ਕੇ *ਪਦ ਆਲਮਕ੍ਰਿਤ, ‘ਮਾਧਵਾਨਲ ਕਾਮਕੰਦਲਾ’ ਸੇ ਲੀਏ ਗਏ ਹੇਂ।’*

“ਆਦਿ ਗ੍ਰੰਥ ਕਾ ਦੂਸਰਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸਿੱਖੋਂ ਕਾ ਪਰਮ ਪੂਜਯ ਸਰਵੋਤਮ ਧਾਰਮਿਕ ਗ੍ਰੰਥ ਹੈ। ਸਿੱਖੋਂ ਕੀ ਸਭੀ ਦਰਸ਼ਨ ਸਬੰਧੀ ਵਿਚਾਰਧਾਰਾ ਇਸੀ ਗ੍ਰੰਥ ਜੀ ਮੇਂ ਅਨੁਪ੍ਰਨਿਤ (ਪਾਈਆਂ ਜਾਂਦੀਆਂ) ਹਨ ਆਦਿ ਗ੍ਰੰਥ ਕਾ ਪ੍ਰਥਮ ਸੰਪਾਦਨ ਸਿੱਖ ਧਰਮ ਕੇ ਪੰਚਮ ਗੁਰੂ ਅਰਜਨ ਦੇਵ ਜੀ ਦੁਆਰਾ ਸੰਪੰਨ ਹੂਆ ਥਾ, ਕਿੰਤੂ ਅੰਤਿਮ ਰੂਪ ਦੇਨੇ ਕਾ ਸ਼੍ਰੇਯ ਗੁਰੂ ਗੋਬਿੰਦ ਸਿੰਘ (ਅੰਤਮ ਦਸਮ ਗੁਰੂ) ਕੋ ਹੀ ਪ੍ਰਾਪਤ ਹੈ, ਕਯੋਂਕਿ ਨਵਮ ਗੁਰੂ ਤੇਗ ਬਹਾਦਰ ਕੀ ਬਾਣੀ ਇਸ ਗ੍ਰੰਥ ਮੇਂ ਉਨਹੀਂ ਕੇ ਦੁਆਰਾ ਸੰਮਿਲਤ ਕੀ ਗਈ ਥੀ।”

ਇਸ ਧਰਮ ਗ੍ਰੰਥ ਦਾ ਪ੍ਰਾਰੰਭ ਸੰਨ 1583 ਈ: (ਬਿ: ਸੰਮਤ 1640) ਮੇਂ ਹੂਆ ਔਰ ਪੂਰਨ ਹੋਨੇ ਮੇਂ 11 ਵਰਸ ਲਗੇ। ਇਸ ਪਵਿੱਤ੍ਰ ਗ੍ਰੰਥ ਕੇ ਜਨਮ ਕੇ ਸੰਬੰਧ ਮੇਂ ਨਿਮਨਲਿਖਤ ਵਾਕ ਪ੍ਰਸਿੱਧ ਹੈ :-

***ਗ੍ਰੰਥ ਸਾਹਿਬ ਜੀ ਨੇ ਸੰਮਤੁ ਸੋਲਾ ਸੈ ਅਠਵੰਞਵੇ ਜਨਮੁ ਹੈ ਧਾਰਾ।***
***ਗੁਰੂ ਅਰਜਨ ਜੀ ਕੇ ਧਾਮ ਖਿਡਾਵਾ ਭਾਈ ਗੁਰਦਾਸ ਭਲਾ ਲਿਖਾਰਾ । ।੩੫।***

( ਛੰਦ 135 “ਬੰਸਾਵਲੀ” ਨਾਮਾ ਕੇਸਰ ਸਿੰਘ ਛਿੱਬਰ, ਪੰਨਾ 202)

ਸੋ, ਨਾਇਕ ਜੀ ਜਿਹਾ ਵਿਦਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਜਿਸ ਤਰ੍ਹਾਂ ਦੀਆਂ ਭਾਵਾਂ ਭਰੀਆਂ ਟਿੱਪਣੀਆਂ ਲਿਖਦਾ ਹੈ, ਉਨ੍ਹਾਂ ਤੋਂ ਲੇਖਕ ਦੀ ਕਥਨੀ ਨਿਰਪੱਖਤਾ ਤੇ ਮਾਨਤਾ ਪ੍ਰਮਾਣੀਕ ਬਣ ਜਾਂਦੀ ਹੈ।

ਹਿੰਦੀ ਸਾਹਿੱਤ ਵਿੱਚ ਬਹੁਤ ਘੱਟ ਅਜਿਹੇ ਸਾਹਿੱਤਕਾਰ ਹਨ,ਜਿਨ੍ਹਾਂ ਬਾਰੇ ਇੰਨੀ ਖੋਜ ਹੋਈ ਹੋਵੇ, ਜਿੰਨੀ ਆਲਮ ਉੱਪਰ ਹੋਈ ਹੈ। ਪਾਠ-ਪੁਸਤਕਾਂ, ਸਾਹਿੱਤ ਦੇ ਇਤਿਹਾਸ ਗ੍ਰੰਥ, ਹਿੰਦੀ ਸ਼ਬਦ ਸਾਗਰ ਆਦਿ ਅਜਿਹੇ ਕੋਸ਼ਾਂ ਵਿੱਚ, ਜਿੰਨਾਂ ਚਿਰ ਆਲਮ ਦਾ ਵਰਨਣ ਨਹੀਂ ਹੁੰਦਾ, ਅਧੂਰੇ ਸਮਝੇ ਜਾਂਦੇ ਹਨ । ਕੁੱਝ ਚਿਰ ਦੋ ਆਲਮਾਂ ਦਾ ਚੱਕਰ ਚਲਿਆ ਸੀ। ਉਸ ਵੇਲੇ ਵੀ ‘ਮਾਧਵਾਨਲ ਕਾਮਕੰਦਲਾ’ ਦਾ ਕਰਤਾ ਉਸੇ



www.AKJ.Org

ਆਲਮ ਨੂੰ ਮੰਨਿਆ ਗਿਆ *ਜੋ ਅਕਬਰ ਦਾ ਸਮਕਾਲੀ ਸੀ।*

ਖੋਜ ਕਰਨ ਵਾਲਿਆਂ ਨੇ ਆਲਮ ਕਵੀ ਬਾਰੇ ਮੋਟੇ ਤੌਰ ਤੇ ਜਿਵੇਂ ਹਿੰਦੀ ਸਾਹਿੱਤ ਦਾ ਇਨਸਾਈਕਲੋਪੀਡੀਆ 'ਸਾਹਿੱਤ ਅਕੈਡਮੀ, ਦਿੱਲੀ' ਦਾ ਛਪਿਆ ਹੋਇਆ, ਵਿੱਚ ਆਲਮ ਨੂੰ ਸਨੌਢਯ ਬ੍ਰਾਹਮਣ ਜਾਤੀ ਦਾ ਲਿਖਿਆ ਹੈ।

*ਡਾ : ਸੀਤਾ ਬਿੰਵਰਾ (ਐਮ.ਏ.,ਪੀ.ਐਚ.ਡੀ.) :-*

ਡਾ : ਸੀਤਾ ਬਿੰਵਰਾ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਰਾਗਾਂ ਬਾਰੇ ਖੋਜ ਕਰਕੇ ਪੀ.ਐਚ.ਡੀ ਪ੍ਰਾਪਤ ਕੀਤੀ ਹੈ ਤੇ ਅਰੰਭ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ "*ਆਦਿ ਵੇਦ*" ਆਖ ਕੇ ਸਤਿਕਾਰ ਕੀਤਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਰਾਗਾਂ ਸਬੰਧੀ ਖੋਜ ਦੀ ਇਸ ਪਾਏ ਦੀ ਪੁਸਤਕ ਹੋਰ ਕੋਈ ਘੱਟ ਹੀ ਹੋਵੇਗੀ, ਇਸ ਵਿੱਚ ਰਾਗਾਂ ਦਾ ਅਧਿਐਨ ਕਰਦਿਆਂ-2 ਇਹ ਵੀ ਦੱਸਿਆ ਗਿਆ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਕੁੱਝ ਰਾਗ ਇਸ ਕਰਕੇ ਅਲੋਪ ਹੋ ਰਹੇ ਹਨ ਕਿ ਉਨ੍ਹਾਂ ਨੂੰ ਗਾਇਆ ਹੀ ਨਹੀਂ ਜਾਂਦਾ। ਇਸ ਬੇ-ਪਰਵਾਹੀ ਨੇ ਅਪ੍ਰਸੰਗਕ ਬਣਾਏ ਗਏ ਰਾਗਾਂ ਸਬੰਧੀ ਸਖ਼ਤ ਚਿਤਾਵਨੀ ਦਿੱਤੀ ਹੈ। ***"ਲੇਖਿਕਾ ਅਨੁਸਾਰ ਗੂਜਰੀ ਤੇ ਟੋਡੀ ਰਾਗ ਨੂੰ ਸੁਤੰਤਰ ਰਾਗ ਮੰਨਿਆ ਗਿਆ, ਪਰ ਅੱਜ ਇਹ ਸੁਤੰਤਰ ਰੂਪ ਵਿੱਚ ਨਹੀਂ ਮਿਲਦੇ । 'ਬੈਰਾੜੀ ਰਾਗ' ਅੱਜ ਸੁਣਨ ਨੂੰ ਨਹੀਂ ਮਿਲਦਾ। 'ਗਉੜੀ ਰਾਗ' ਹੁਣ ਜ਼ਿਆਦਾ ਪ੍ਰਚੱਲਤ ਨਹੀਂ ਜਦ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿੱਚ ਇਸ ਦੇ 8 ਰੂਪ ਮਿਲਦੇ ਹਨ। "*** ਖੋਜ ਨਿਬੰਧ-ਥੀਸੀਜ਼ ਦੀ ਸਮਾਪਤੀ ਵਿੱਚ ਜਾਕੇ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਅੰਤ ਵਿੱਚ ਦਿੱਤੀ ਗਈ "*ਰਾਗਮਾਲਾ*" ਸਬੰਧੀ ਆਪਣੀ ਨਿਸੰਗ, ਸੰਜੀਦਾ ਤੇ ਸੱਚੀ ਰਾਇ ਇਹਨਾਂ ਸ਼ਬਦਾਂ ਵਿੱਚ ਲਿਖੀ ਹੈ :-

"ਆਦਿ ਗ੍ਰੰਥ; ਆਦਿ ਵੇਦ (ਰਿਗਵੇਦ) ਕੀ ਭਾਂਤ ਅਧਿਆਤਮਕ ਵਿੱਦਿਆ ਕਾ ਗੁਰਮੁਖੀ ਲਿਪੀ ਮੇਂ ਸਰਵ-ਪ੍ਰਥਮ ਲੋਕ ਪ੍ਰਿਯਾ ਗ੍ਰੰਥ ਹੈ। ਯੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਨਾਮ ਸੇ ਭੀ ਵਿਖਿਆਤ ਹੈ।...............:.।

ਆਦਿ ਗ੍ਰੰਥ ਕੇ ਸੰਪਾਦਨ ਕੇ ਸਬੰਧ ਮੇਂ ਏਕ ਬਾਤ ਵਿਸ਼ੇਸ਼ ਮਹੱਤਵ ਪੂਰਨ ਹੈ ਕਿ ਇਸ 1430 ਪ੍ਰਸਠ ਪਤਰੋਉ ਕਾ ਬ੍ਰਹਤਕਾਯ ਗ਼੍ਰੰਥ ਮੇਂ ਸੰਕਲਿਤ ਬਾਨੀ ਕੇ ਵਰਗੀਕਰਣ ਕਾ ਮੁਖਯ ਆਧਾਰ 31 ਰਾਗ ਹੈ, ਇਸ ਗ੍ਰੰਥ ਮੇਂ ਸੰਗੀਤ ਕੇ ਮਹੱਤਵ ਕਾ ਆਭਾਸ ਮਿਲ ਜਾਤਾ ਹੈ। ਵੇ 31 ਰਾਗ ਜਿਨਕੇ ਅੰਤਰਗਤ ਬਾਣੀ ਵਰਗੀਕ੍ਰਿਤ ਹੈ।"

"ਆਦਿ ਗ੍ਰੰਥ ਮੇਂ ਅੰਤ੍ਰਿਮ ਭਾਗ ਮੇਂ ਸੰਲਗੰਨ 'ਰਾਗਮਾਲਾ' ਨਾਮਕ ਕ੍ਰਿਤ ਭੀ ਇਸ ਸੰਬੰਧ ਮੇਂ ਪਾਠਕੋਂ ਕਾ ਧਿਆਨ ਆਕ੍ਰਿਸ਼ਤ ਕਰਤੀ ਹੈ। ਕਿੰਤੂ ਯਹ ਰਚਨਾ



www.AKJ.Org

'ਰਾਗਮਾਲਾ' ਅਥਵਾ 'ਰਾਗ ਕਦੰਬ' ਨਾਮਕ ਪ੍ਰਬੰਧ ਭੇਟ ਨ ਹੋਕਰ ਰਾਗਰਾਗਿਨੀ ਵਰਗੀਕਰਣ ਕੀ ਪ੍ਰੀਚੈਇਤ ਹੈ, 'ਰਾਗਮਾਲਾ' ਪਦ ਮੇਂ ਅਨੇਕ ਰਾਗਨਾਮ ਛਲੇਛਾਤਮਕ ਰੂਪ ਮੇਂ ਪਦਿਆਵਰਦ ਰਹਿਤੇ ਹੈ ਜਹਾਂ ਜਿਸ ਰਾਗ ਕਾ ਨਾਮ ਆਤਾ ਹੈ। ਤਦਨੁਸਾਰ ਹੀ ਪਦ ਵਿਸ਼ਿਸ਼ਟ ਕੇ ਗਾਨੇ ਕੇ ਵਿਧਾਨ ਰਹਿਤਾ ਹੈ ਕਿੰਤੂ ਉਕਤ 'ਰਾਗਮਾਲਾ' ਨਾਮਕ ਕ੍ਰਿਤਿ ਕਿਸੀ ਗੁਰੂ ਅਥਵਾ ਭਕਤਿ ਕਵਿ ਦੁਆਰਾ ਪ੍ਰਨੀਤ ਨ ਹੋਕਰ *ਹਿੰਦੀ ਪੁਸਤਕ "ਮਾਧਵਾਨਲ ਕਾਮਕੰਦਲਾ" ਮੇਂ ਸੇ 10 ਛੰਦੋਂ ਕਾ ਪ੍ਰਛੇਪ* (ਅੰਤਿਕਾ) ਹੈ ਔਰ ਮਧਯਯੁਗ ਮੇਂ ਸੰਸਕ੍ਰਿਤ ਕੇ ਸ਼ਾਸਤ੍ ਗ੍ਰੰਥ ਕੇ ਪ੍ਰਭਾਵ ਰਾਗ ਰਾਗਿਨੀ ਵਰਗੀਕਰਨ ਕੇ ਅਤਯਧਿਕ ਪ੍ਰਚਾਰ ਕਾ ਪਰਿਨਾਮ ਹੈ।"*

***ਡਾ: ਜਗਦੀਸ਼ ਨਰਾਇਣ :-***

ਡਾ: ਜਗਦੀਸ਼ ਨੇ ਅਲੀਗੜ੍ਹ ਯੂਨੀਵਰਸਿਟੀ ਵੱਲੋਂ ਆਲਮ ਬਾਰੇ ਕਰਾਈ ਗਈ ਖੋਜ ਨੂੰ ਕਠਨ ਸਾਧਨਾ ਨਾਲ ਨੇਪਰੇ ਚਾੜ੍ਹਿਆ ਹੈ। ਉਹ ਜੌਨਪੁਰ ਇਲਾਕੇ ਵਿੱਚ ਘੁੰਮੇ-ਫਿਰੇ ਅਤੇ ਸੁਜਾਨਪੁਰ ਦੇ ਆਸ- ਪਾਸ ਆਲਮ ਦੇ ਨਾਮ ਉੱਤੇ ਬਣੀਆਂ ਯਾਦਗਾਰੀ ਚੀਜ਼ਾਂ ਲੱਭੀਆਂ। ਜਿਸ ਦੇ ਨਾਮ ਤੇ ਇੱਕ ਨਗਰ 'ਆਲਮਪੁਰਾ' ਵੀ ਵਸਿਆ ਹੋਇਆ ਸੀ। ਇੱਕ ਆਲਮ ਕਾ ਬਾਗ, ਆਲਮ ਕਾ ਕੂਆ ਅਤੇ ਤਾਲਾਬ (ਆਲਮ ਤਾਲ) ਵੀ ਇਸੇ ਤਰ੍ਹਾਂ ਆਲਮ ਦੇ ਨਾਮ ਉੱਤੇ ਪ੍ਰਸਿੱਧ ਹਨ। ਜਿਨ੍ਹਾਂ ਤੋਂ ਸਪੱਸ਼ਟ ਹੋਇਆ ਕਿ 'ਆਲਮ' ਇਸ ਇਲਾਕੇ ਦੀ ਇੱਕ ਮਹਾਨ ਹਸਤੀ ਸੀ।

ਆਲਮ ਜਿਸ ਵੰਸ਼ ਵਿੱਚੋਂ ਹੋਇਆ ਸੀ, ਉਸ ਬ੍ਰਾਹਮਣ ਕੁਲ ਨੂੰ ਵੀ ਡਾ: ਜਗਦੀਸ਼ ਨਰਾਇਣ ਨੇ ਜਾ ਲੱਭਿਆ, ਜੋ ਪਹਿਲਾਂ ਕੁਝ ਸ਼ਰਮਾਉਂਦੇ ਰਹੇ, ਕਿਉਂਕਿ, ਉਹ ਲੱਕੜੀਆਂ ਧੋ ਕੇ ਬਾਲਣ ਵਾਲੇ ਕੱਟੜ ਹਿੰਦੂ ਸਨ। ਉਹਨਾਂ ਨੂੰ ਇਹ ਗੱਲ ਸ਼ਰਮਸ਼ਾਰ ਕਰਦੀ ਸੀ ਕਿ ਕਿਸੇ ਵੇਲੇ ਉਨ੍ਹਾਂ ਦਾ ਇੱਕ ਵੱਡਾ, ਵਿਦਵਾਨ, ਬਜ਼ੁਰਗ ਇੱਕ ਰੰਗਰੇਜ਼ਨ ਕੱਪੜੇ ਰੰਗਣ ਵਾਲ਼ੀ ਸੁੰਦਰੀ ਨਾਲ ਵਿਆਹ ਕਰਨ ਲਈ ਮੁਸਲਮਾਨ ਹੋ ਗਿਆ ਸੀ। ਆਲਮ ਦਾ ਪਿਛੋਕੜ ਜਿਸ ਵਿਦਵਾਨ ਬ੍ਰਾਹਮਣ ਕੁਲ ਨਾਲ ਮਿਲਦਾ ਹੈ, ਉਹ ਆਪਣੇ ਨਾਮ ਦੇ ਅੰਤ ਵਿੱਚ ਜਿਵੇਂ ਆਮ ਤੌਰ ਤੇ ਹਿੰਦੂਆਂ ਵਿੱਚ 'ਚੰਦ' ਜਾਂ 'ਮੱਲ' ਆਦਿ ਲਾਏ ਜਾਂਦੇ ਹਨ। ਇਸ ਵੰਸ਼ ਦੇ ਬਜੁਰਗ ਆਪਣੇ ਨਾਮ ਨਾਲ 'ਮਣੀ' ਲਫ਼ਜ਼ ਲਗਾਉਂਦੇ ਸਨ। ਖੋਜ ਅਨੁਸਾਰ ਆਲਮ ਦੇ ਪਿਤਾ ਦਾ ਨਾਂ 'ਗਣੇਸ਼ ਮਣੀ' ਤੇ ਆਲਮ ਦਾ ਪਹਿਲਾ ਨਾਮ 'ਲਾਲਮਣੀ' ਸੀ। ਇਸ 'ਲਾਲਮਣੀ' ਦਾ ਦਾਦਾ ਗੋਰਖਪੁਰ ਤੋਂ ਆਕੇ ਜੌਨਪੁਰ ਵਸਿਆ ਸੀ। ਆਲਮ ਦਾ ਸਮਾਂ ਅਕਬਰ ਦੇ ਸਮੇਂ ਨਾਲ ਪੂਰਾ ਮੇਲ ਖਾਂਦਾ ਹੈ। ਜਗਦੀਸ਼ ਨਰਾਇਣ ਜੀ ਨੇ ਇਸ ਤਰ੍ਹਾਂ ਇਨ੍ਹਾਂ ਦੀ ਬੰਸਾਵਲੀ ਦੱਸੀ ਹੈ। ਆਲਮ ਦੀਆਂ ਉਸ ਖਿੱਤੇ ਵਿੱਚ ਪ੍ਰਾਚੀਨ-ਚੀਜਾਂ-ਖੂਹ, ਤਾਲ: ਪਿੰਡ ਸਦੀਵੀ ਯਾਦਗਾਰਾਂ ਹਨ। ਇਨ੍ਹਾਂ ਦਾ ਪ੍ਰੀਵਾਰ *'ਆਲਮੰ ਕਾ ਪੁਰਾ'* ਦੇ ਨੇੜੇ ਵਸਦਾ ਹੈ।

ਜੌਨਪੁਰ ਦੇ ਇਲਾਕੇ ਵਿੱਚ ਇੱਕ ਨਗਰ ਸੁਜਾਨਪੁਰ ਹੈ, ਇੱਥੇ ਇਕ ਕੱਪੜੇ



www.AKJ.Org

ਰੰਗਣ ਵਾਲਿਆਂ ਦੀ ਵਿਦਵਾਨ ਧੀ ਰਹਿੰਦੀ ਸੀ, ਉਹ ਆਪਣੇ ਕਰਤੱਬ ਵਿੱਚ ਪ੍ਰਬੀਨ ਸੀ ਤੇ ਭਾਸ਼ਾ ਦੀ ਵਿਦਵਾਨ ਸੀ। ***ਜਿਸ ਨਾਲ 'ਆਲਮ' ਤਥਾ 'ਲਾਲਮਣੀ' ਦਾ ਪਿਆਰ ਪੈ ਗਿਆ।*** 'ਲਾਲਮਣੀ' ਨੇ ਪਗੜੀ ਸ਼ੇਖ ਨੂੰ ਰੰਗਣ ਲਈ ਭੇਜੀ ਤੇ ਇੱਕ ਲੜ ਵਿੱਚ ਖੱਤ ਬੰਨ੍ਹ ਦਿੱਤਾ। ਜਿਸ ਉੱਤੇ ਇੱਕ ਤੁਕ ਲਿਖੀ ਸੀ :-

***"ਕਨਕ ਛੜੀ ਸੀ ਕਾਮਨੀ ਕਾਹੇ ਕੋ ਕਟ ਛੀਨ।"***

ਪਗੜੀ ਰੰਗ ਕੇ ਵਾਪਸ ਕਰਨ ਸਮੇਂ ਸੁੰਦਰੀ ਨੇ ਜੋ ਕਾਗਜ਼ ਆਲਮ ਨੇ ਭੇਜਿਆ ਸੀ, ਉਸ ਦੇ ਹੇਠਾਂ ਦੂਜੀ ਸਤਰ ਲਿਖ ਕੇ ਦੋਹਰਾ ਪੂਰਾ ਕਰ ਦਿੱਤਾ ਜੋ ਇਉਂ ਹੈ :-

***"ਕਟ ਕੋ ਕੰਚਨ ਕਾਟ ਵਿਧਿ, ਕੁਚਨ ਮੱਧ ਧਰ ਦੀਨ।।"***

ਇਹ ਪੜ੍ਹ ਕੇ ਬ੍ਰਾਹਮਣ 'ਲਾਲਮਣੀ' ਜੀ 'ਆਲਮ' ਮੁਸਲਮਾਨ ਬਣ ਗਏ। ਆਲਮ ਦੀ ਜੀਵਨ ਗਾਥਾ ਦੇ ਅਜੇਹੇ ਪ੍ਰਸੰਗ ਰੌਚਕ ਅਤੇ ਉਸ ਦੀਆਂ ਉੱਪਰ ਦੱਸੀਆਂ ਖੂਹ ਲਗਾਉਣ ਤੇ ਪਿੰਡ "ਆਲਮ ਪੁਰਾ" ਵਸਾਉਣ, ਬਾਗ਼ ਅਤੇ ਤਾਲਾਬ ਬਣਾਉਣ ਜਿਹੀਆਂ ਚੀਜ਼ਾਂ ਸ਼ਾਇਦ ਹੀ ਹੋਰ ਕਿਸੇ ਸਾਹਿੱਤਕਾਰ ਦੇ ਨਾਂ ਨਾਲ ਜੁੜੀਆਂ ਹੋਣ.......।

ਡਾ: ਜਗਦੀਸ਼ ਨਰਾਇਣ ਜੀ ਨੇ ਆਲਮ ਦੇ ਆਰੰਭਕ ਹਾਲ ਦੱਸਣ ਤੋਂ ਵੱਧ ਉਸ ਦੀਆਂ ਰਚਨਾਵਾਂ ਦੀ ਪੁਰਾਤਨਤਾ ਅਤੇ ਸਾਹਿੱਤ ਪ੍ਰਤਿਭਾ ਆਪਣੇ ਥੀਸਿਜ਼ ਵਿੱਚ ਡੂੰਘੀ ਖੋਜ ਨਾਲ ਪ੍ਰਗਟ ਕੀਤੇ ਹਨ ਜੋ ਆਲਮ ਦੀ.ਪ੍ਰਾਚੀਨਤਾ ਅਕਬਰ ਤੱਕ ਲੈ ਜਾਂਦੀ ਹੈ। ਇਸ ਤੱਥ ਦੀ ਪ੍ਰਸ਼ਟੀ ਲਈ (ਆਲਮ ਦੀਆਂ) ਰਚਨਾਵਾਂ ਦਾ ਇੱਕ ਬੰਨ੍ਹ ਅਰਥਾਤ ਬਸਤਾ ਜਿਸ ਵਿੱਚ ਆਲਮ ਦੇ ਛੰਦ ਸੰਪਾਦਨ ਕੀਤੇ ਹੋਏ ਗ੍ਰੰਥ ਹਨ ਇਸ ਬਸਤੇ ਵਿੱਚ ਇੱਕ ਮਹਤੱਵ ਪੂਰਣ ਪੁਸਤਕ *'ਚੁੰਨੜੀ'* ਹੈ ਜੋ ਜਹਾਂਗੀਰ ਦੇ ਰਾਜ ਸਿੰਘਾਸਨ ਤੇ ਬਿਰਾਜਣ ਦੇ ਪਿਛੋਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਜਹਾਂਗੀਰ ਨੂੰ ਭੇਟਾ ਕਰਨ ਲਈ ਤਿਆਰ ਕੀਤਾ ਗਿਆ। ਇਸ ਵਿੱਚ ਕਵੀਵਰ ਆਲਮ ਕਵੀ ਦੇ ਛੰਦ ਹਨ ਇਸ ਬਸਤੇ ਦੀ ਜਾਣਕਾਰੀ ਖੋਜੀ ਵਿਦਵਾਨ ਨੇ ਇਸ ਤਰ੍ਹਾਂ ਦਿੱਤੀ ਹੈ: "ਨਾਗਰੀ ਪ੍ਰਚਾਰਣੀ ਸਭਾ ਦੀ ਉਪਰੋਕਤ ਲਾਇਬਰੇਰੀ ਵਿੱਚ ਗ੍ਰੰਥ ਨੰ: 952 ਤੇ ਇੱਕ ਸੰਗ੍ਰਹਿ ਬਸਤਾ (ਗ੍ਰੰਥ) ਮੌਜੂਦ ਹੈ। ਇਸ ਗ੍ਰੰਥ ਵਿੱਚ ਕ੍ਰਮਵਾਰ ਕਵੀਵਰ ਆਲਮ ਕ੍ਰਿਤ 'ਸੁਦਾਮਾ ਚਰਿੱਤ', ਕਵੀਵਰ ਭਗੌਤੀ ਦਾਸ ਜੈਨ ਕ੍ਰਿਤ 'ਚੁੰਨੜੀ' ਅਤੇ ਇੱਕ ਅਗਿਆਤ ਕਵੀ ਦੁਆਰਾ ਲਿਖਿਤ 'ਸੀਤਾ ਕੀ ਅਗਨੀ ਪ੍ਰੀਖਿਆ' ਨਾਮਕ ਤਿੰਨ ਪ੍ਰਬੰਧ ਕਾਵਿ ਰਚਨਾਵਾਂ ਹਨ ਇਹਨਾਂ ਵਿੱਚੋਂ 'ਚੁੰਨੜੀ' ਨਾਮਕ ਰਚਨਾ ਵਿੱਚ ਲਿਪੀਕਾਲ ਦਾ ਵਰਣਨ ਕਰਦੇ ਹੋਏ ਲਿਖਿਆ ਹੋਇਆ ਹੈ:-

***ਰਚਨਾ ਕਾਲ ਸਬੰਧੀ ਇਸ ਸੰਕੇਤ ਕੇ ਅਨੁਸਾਰ ਯਹ ਸਿੱਧ ਹੋਤਾ ਹੈ ਕਿ ਉਪਰਯੁਕਤ ਸੰਗ੍ਰਹ ਗ੍ਰੰਥ ਸਮਰਾਟ ਜਹਾਂਗੀਰ ਕੇ ਸ਼ਾਸ਼ਨਕਾਲ ਮੇਂ (ਸ਼ਸ਼ਿ) 1 (ਰਸ) 6 (ਬਸੁ) 8 (ਬਿੰਦਾ) 0 ਸੰਬਤ 1680 ਮੇਂ ਸੰਕਲਤ ਹੂਆ।"***

(ਆਲਮ ਔਰ ਜੀਵਨ ਕਲਾ, ਪੰਨਾ-36) ਪ੍ਰਥਮ ਸੰਸਕਰਣ



www.AKJ.Org

ਡਾ: ਜਗਦੀਸ਼ ਨਰਾਇਣ ਨੇ ਬੀਕਾਨੇਰ ਦੇ ਅਨੂਪਮ ਪੁਸਤਕਾਲਿਆਂ ਵਿੱਚ ਹੋਰ ਪੁਰਾਣੇ ਗ੍ਰੰਥ ਲੱਭੇ, ਜਿਨ੍ਹਾਂ ਵਿੱਚੋਂ ਉਸ ਨੂੰ ਆਲਮ ਦੀਆਂ ਰਚਨਾਵਾਂ ਦੀ ਭਰਪੂਰ ਸਮੱਗਰੀ ਮਿਲੀ 'ਆਲਮ ਕੇ ਕਬਿੱਤ' ਜਿਸ ਵਿੱਚ ਆਲਮ ਅਤੇ ਸ਼ੇਖ ਦੇ ਛੰਦ ਆਉਂਦੇ ਹਨ। 'ਸੁਦਾਮਾ ਚਰਿੱਤਰ' ਜਿਨ੍ਹਾਂ ਦੇ ਲਿਪੀਕ੍ਰਾਰ "ਪੂਰਵ ਆਲਮ" ਕਹਿ ਕੇ ਨਕਲਾਂ ਕੀਤੀਆਂ ਮਿਲਦੀਆਂ ਹਨ :-

ਇਹ 'ਚੁੰਨੜੀ' ਗ੍ਰੰਥ ਸੰਬਤ 1680 ਦਾ ਬਨਾਰਸ ਦੀ ਨਾਗਰੀ ਪ੍ਰਚਾਰਣੀ ਸਭਾ ਵਿੱਚ ਮੌਜੂਦ ਹੈ, ਜਿਸ ਦਾ ਲਿਖਣ-ਕਾਲ 1680 ਬਿਕ੍ਰਮੀ ਸੰਬਤ ਹੈ। ਇਹ ਸੰਬਤ ਅਕਬਰ ਦੇ ਰਾਜ-ਕਾਲ ਤੋਂ 25 ਵਰ੍ਹੇ ਪਿੱਛੋਂ ਦਾ ਹੈ। ਉਸਦਾ ਪੁੱਤਰ ਜਹਾਂਗੀਰ ਉਸ ਵੇਲੇ ਰਾਜ ਕਰਦਾ ਸੀ। ਏਸੇ ਕਾਰਨ ਹੀ, ਹਿੰਦੀ ਦੇ ਕਵੀਆਂ ਨੇ, ਉਸ ਦੀ ਸ਼ੋਭਾ ਵਿੱਚ ਚੋਣਵੇਂ ਕਵੀਆਂ ਦੇ ਛੰਦਾਂ ਦਾ ਸੰਚਯ ਸੰਗ੍ਰਹਿ ਕਰਨ ਲਈ ਤਿਆਰ ਕੀਤਾ ਸੀ। **ਉਸ ਸੰਚਯ ਵਿੱਚ ਆਲਮ ਦੇ ਛੰਦ ਲਿਖੇ ਹੋਏ ਮਿਲਦੇ ਹਨ।** ਜਿਸ ਤਰ੍ਹਾਂ 1680 ਸੰਮਤ ਦੇ ਲਿਖੇ ਗ੍ਰੰਥ ਵਿੱਚ ਆਲਮ ਦੀ ਰਚਨਾ ਜਹਾਂਗੀਰ ਸਮੇਂ ਦੀ ਹੈ, ਕਿ ਉਸ ਨੂੰ ਕਿਤੇ ਸਾਡੇ ਮਹਾਨ ਭਾਵ ਔਰੰਗਜੇਬ ਦਾ ਸਮਕਾਲੀ ਬਣਾ ਸਕਦੇ ਹਨ? ਜਹਾਂਗੀਰ ਦੇ ਸਮੇਂ, ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦ ਹੋਏ। ਇਹ ਇੱਕ ਮੋਟੀ ਜਿਹੀ ਗੱਲ ਸਭ ਨੂੰ ਸਮਝ ਵਿੱਚ ਆ ਜਾਣੀ ਚਾਹੀਦੀ ਹੈ। ਜਿਸ ਲਿਖ਼ਤ ਤੋਂ ਹਰਿ ਪ੍ਰਸ਼ਾਦ ਨਾਇਕ ਤੇ ਉਨ੍ਹਾਂ ਵਿਦਵਾਨਾਂ ਦੀ ਦੱਸੀ ਤਿਥੀ ਕਿ ਆਲਮ ਅਕਬਰ ਦੇ ਮਰਨ ਤੋਂ ਇੱਕ ਸਾਲ ਪਹਿਲਾਂ ਚਲਾਣਾ ਕਰ ਗਿਆ ਹੋਇਆ ਦੀ ਤਸਦੀਕ ਹੁੰਦੀ ਹੈ। ਬਿਨ੍ਹਾਂ ਕਿਸੇ ਸ਼ੰਕੇ ਦੇ ਹਿੰਦੀ ਦੇ ਵਿਦਵਾਨਾਂ ਨੇ ਆਲਮ ਦਾ ਸਮਾਂ·ਅਕਬਰ ਸਮਕਾਲੀ ਕੀਤਾ ਹੈ ਅਤੇ ਉਸ ਵੱਲੋਂ 'ਮਾਧਵਾਨਲ ਕਾਮਕੰਦਲਾ' ਸੰਨ 991 ਹਿਜਰੀ 1583 ਈ: ਸੁੱਤੇ ਸਿੱਧ ਪ੍ਰਮਾਣਿਕ ਹੋ ਜਾਂਦਾ ਹੈ। ਬੇਸ਼ੱਕ, ਅਸੀਂ ਸ. ਰਣਧੀਰ ਸਿੰਘ ਜੀ ਦੇ ਪੁਸਤਕਾਲੇ ਵਿੱਚ ਸੰਬਤ 1652 ਵਿੱਚ ਗੁਰਮੁਖੀ ਵਿੱਚ ਲਿਖੀ ਮਾਧਵਾਨਲ ਕਾਮਕੰਦਲਾ ਦੀ ਪੋਥੀ ਦੇਖੀ ਹੈ। ਯਾਗਯਕ ਭਰਾਵਾਂ ਪਾਸ 1633 ਸੰਬਤ ਦੀਆਂ ਲਿਖੀਆਂ ਪੋਥੀਆਂ ਹਨ। ਤਿੰਨ ਹੋਰ ਪ੍ਰਾਚੀਨ ਪੋਥੀਆਂ ਅਲਾਹਾਬਾਦ, ਬੀਕਾਨੇਰ, ਮੱਧ ਪ੍ਰਦੇਸ਼ ਅਤੇ ਵੱਖੋ- ਵੱਖਰੀਆਂ ਥਾਵਾਂ ਉੱਪਰ ਦੱਸੀਆਂ ਗਈਆਂ ਹਨ।

ਪ੍ਰੋਫੈਸਰ ਮੌਜ਼ਮਦਾਰ ਨੇ ਬੀਕਾਨੇਰ ਦੀਆਂ ਪੋਥੀਆਂ ਦਾ ਵਰਣਨ ਕਰਦਿਆਂ, ਜਿਸ ਬਸਤੇ ਵਿੱਚ ਬੰਨ੍ਹੀਆਂ ਪੁਰਾਤਨ ਪੁਸਤਕਾਂ ਮਿਲੀਆਂ ਦੱਸੀਆਂ ਹਨ, ਉਨ੍ਹਾਂ ਦੇ ਸੰਮਤ ਖੁਦ ਵੀ ਪ੍ਰਾਚੀਨ ਹਨ। ਪਰ, ਬੀਕਾਨੇਰ ਦੇ ਪੁਸਤਕਾਲਿਆਂ ਵਿੱਚ ਤਿੰਨ ਪ੍ਰਾਚੀਨ ਗ੍ਰੰਥ ਅਜਿਹੇ ਡਾ: ਜਗਦੀਸ਼ ਨਰਾਇਣ ਨੇ ਬਿਨਾਂ ਕਾਂਕਰੋਲੀ ਦੇ, ਆਪਣੇ ਖੋਜ ਨਿਬੰਧ ਵਿੱਚ ਦੱਸੇ ਹਨ, ਤੇ ਆਲਮ ਦੀ ਰਚਨਾ ਦੀ ਉਹ ਸਾਰੇ ਦੇ ਸਾਰੇ ਸ੍ਰੀ ਦਸ਼ਮੇਸ਼ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਦੇ ਨਕਲ ਹੋਏ ਹਨ। ਉਨ੍ਹਾਂ ਦੇ ਸੰਮਤਾਂ ਦਾ ਵੇਰਵਾ ਇਸ ਪ੍ਰਕਾਰ ਹੈ:-



www.AKJ.Org

1. ਕਾਂਕਰੋਲੀ ਕੀ ਬੰਧ-ਸੰਖਿਆ-72-ਪੁਸਤਕ-28 ਪਰ ਚਤੁਰਸੀ ਨਾਮ ਸੇ ਪ੍ਰਾਪਤ "ਆਲਮ ਔਰ ਸ਼ੇਖ ਕੇ ਕਬਿੱਤ" (ਸਵੈਯੇ ਕਾ ਗ੍ਰੰਥ) ਇਸ ਗ੍ਰੰਥ ਦਾ ਲਿਪੀਕਾਲ ਸੰਮਤ *1712* ਹੈ।

2. ਅਨੂਪਮ ਸੰਸਕ੍ਰਿਤ ਪੁਸਤਕਾਲਾ ਬੀਕਾਨੇਰ, ਪੁਸਤਕ ਕ੍ਰਮ ਨੰ: 220, ਇਸ ਗ੍ਰੰਥ ਵਿੱਚ ਆਲਮ ਅਤੇ ਸ਼ੇਖ ਦੇ ਜ਼ਿਆਦਾਤਰ ਕਬਿੱਤ ਸਵੱਈਏ ਸੰਕਲਿਤ ਹਨ, ਇਸ ਦੇ ਆਖ਼ਰੀ ਪੰਨੇ ਤੇ ਇਸਦੇ ਲਿਖਣ ਦਾ ਸਮਾਂ (ਕਾਪੀਕਰਨ) ਹੇਠ ਲਿਖੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ:-

   "ਸੰਮਤ *1717 ਸਾਲ ਸ਼ਾਕਾ 1583* ਪੁਨਰਮਾਨੇ ਮਹਾਂਮੰਗਲ ਪ੍ਰਚੇ ਅਸ਼ਾੜ ਮਾਸੇ ਦਿਵਤੀ ਆਮ ਸੋਮਵਾਰੇ ਪੁਸਪ ਨਛੱਤਰੇ ਅਸਿਮਨ ਦਿਨੇ ਏਵੰ ਪੁਸਤਕਾ ਸੰਪੂਰਣਮ ਲਿਖਤਮੰ ਕੇਸ਼ੀ ਜਗਨਾਥੇਨ ਸ੍ਰੀਮਾ ਜੈਸਲਮੇਰੁ ਨਗਰੇ ਮਹਾਰਾਜ ਧਿਰਾਜ ਰਾਹੁਲ ਸ੍ਰੀ ਵਿਜੇ ਰਾਜਯ।"

3. ਅਨੂਪਮ ਸੰਸਕ੍ਰਿਤ ਪੁਸਤਕਾਲਾ ਬੀਕਾਨੇਰ ਵਿੱਚ ਭੀ ਨੰਬਰ 70 ਤੇ "ਕਾਵਯ ਸਾਗਰ" ਨਾਮਕ ਗ੍ਰੰਥ ਮੌਜੂਦ ਹੈ। ਇਹ ਗ੍ਰੰਥ ਕਵੀਵਰ ਆਲਮ ਕੇ ਕਬਿੱਤ ਸਵੱਈਆਂ ਦਾ ਹੀ ਸੰਕਲਨ ਗ੍ਰੰਥ ਹੈ। *"ਆਲਮ ਕੇਲਿ"* ਵਿਚਲੇ ਬਹੁਤੇ ਛੰਦ ਇਸ ਵਿੱਚ ਮੌਜੂਦ ਹਨ। ਇਸ ਦੇ ਸ਼ੁਰੂ ਵਿੱਚ ਲੇਖਕ ਨੇ ਖਰੜਾ ਲਿਖਣ ਦੇ ਕਾਲ ਦਾ ਉਲੇਖ ਕਰਦੇ ਹੋਏ ਕਵੀ ਦਾ ਜ਼ਿਕਰ ਹੇਠ ਲਿਖੇ ਸ਼ਬਦਾਂ ਵਿੱਚ ਕੀਤਾ ਹੈ:-

   ***"ਸ੍ਰੀ ਗਣੇਸ਼ਯ ਨਮ : ਅਬ ਕਵਿ ਸਾਗਰ ਲਿਖਤੇ 'ਪੂਰਵ ਕਵੀ (ਭਾਵ ਹੋ ਚੁੱਕੇ ) ਆਲਮ ਕ੍ਰਿਤ'*** ਗ੍ਰੰਥ ਦੇ ਅੰਤ ਵਿੱਚ ਪ੍ਰਤੀ ਲਿਪੀ (ਖਰੜਾ ਲੇਖਨ) ਕਾਲ ਦਾ ਉਲੇਖ ਹੈ ਜੋ ਇਸ ਪ੍ਰਕਾਰ ਹੈ :-"

   ***"ਇਤੀ ਸ਼ੇਖ ਆਲਮ ਕ੍ਰਿਤ ਸੰਪੂਰਣਮ (ਸ੍ਰੀ) ਸੰਬਤ 1752 ਪੋਹ ਸੁਕਲ ਪੰਚਮੀ (5) ਸੋਮਵਾਰੇ ਸੰਪੂਰਣਮ।"***

ਕੁੱਝ ਗ੍ਰੰਥਾਂ ਦੇ ਸੰਗ੍ਰਹਿ ਲਖਨਊ ਅਤੇ ਬੀਕਾਨੇਰ ਵਿੱਚ ਹਨ, ਜਿਨ੍ਹਾਂ ਵਿੱਚ 'ਦੋਹਾਸਾਰ ਸੰਗ੍ਰਹਿ' ਬਹੁਤ ਪ੍ਰਸਿੱਧ ਹੈ, ਜੋ *1720* ਦਾ ਹੈ। ਉਸ ਗ੍ਰੰਥ ਵਿੱਚ ਜਿੱਥੇ ਪੁਰਾਤਨ ਕਵੀਆਂ ਦੇ ਦੋਹੇ ਦਿੱਤੇ ਗਏ ਹਨ, ਉਨ੍ਹਾਂ ਦੋਹਰਿਆਂ ਵਿੱਚ ਅਕਬਰ ਕਾਲ ਦੇ ਕਵੀਆਂ ਦੇ ਨਾਮਾਂ ਵਿੱਚ ***'ਆਲਮ' ਦਾ ਨਾਮ ਆਉਂਦਾ ਹੈ।***

ਇੰਞ, ਪ੍ਰਾਚੀਨ ਗ੍ਰੰਥਾਂ ਵਿੱਚ ਮਿਲਦੀਆਂ ਵੰਨਗੀਆਂ ਸਪੱਸ਼ਟ ਕਰ ਦਿੰਦੀਆਂ ਹਨ ਕਿ ਆਲਮ "ਮਾਧਵਾਨਲ ਕਾਮਕੰਦਲਾ" ਦਾ ਕਰਤਾ ਉਸ ਵੇਲੇ ਸਾਹਿੱਤ ਸੰਸਾਰ ਵਿੱਚ ਚਰਚਿਤ ਸੀ, ਜਦੋਂ ਹਾਲਾਂ ਸ੍ਰੀ ਦਸ਼ਮੇਸ਼ ਜੀ ਦਾ ਅਵਤਾਰ ਵੀ ਨਹੀਂ ਹੋਇਆ ਸੀ। 'ਦੋਹਾ ਸਾਰ ਸੰਗ੍ਰਹਿ' 1720 ਦਾ ਲਿਖਿਆ ਹੋਇਆ ਹੈ। ***ਸ੍ਰੀ ਦਸ਼ਮੇਸ਼ ਜੀ ਦਾ***



www.AKJ.Org

***ਅਵਤਾਰ 1723 ਵਿੱਚ ਹੋਇਆ।*** ਕੋਈ ਭਲੀ ਤੇ ਪੁੰਨੀ ਹਸਤੀ ਇਸ ਹਾਲਤ ਵਿੱਚ ਕੀ ਹੋ ਸਕਦਾ ਹੈ ਕਿ ਉਹ ਦਾਅਵਾ ਕਰੇ ਕਿ ਗੁਰੂ ਜੀ ਦੇ ਦਰਬਾਰ ਵਿੱਚੋਂ ***ਆਲਮ "ਰਾਗਮਾਲਾ" ਚੋਰੀ ਕਰਕੇ ਲੈ ਗਿਆ।***

4. 'ਦੋਹਾ ਸਾਰ ਸੰਗ੍ਰਹ' ਕਾ ਵਿਵਰਣ ਦੇਤੇ ਹੂਏ ਹਿੰਦੀ ਵਿਦਵਾਨੋਂ ਨੇ ਲਿਖਾ ਹੈ ਕਿ "ਆਲਮ ਕਵਿ ਕਾ ਸਮਯ ਨ੍ਰਿਧਾਰਤਿ ਕਰਨੇ ਕੇ ਪ੍ਰਮਾਣ ਮੇਂ ਹਮਨੇ ਹਾਲ ਮੇਂ ਮਾਧੁਰੀ ਮੇਂ ਏਕ ਗ੍ਰੰਥ 'ਦੋਹਾ ਸਾਰ ਸੰਗ੍ਰਹਿ' ਕਾ ਵਰਣਨ ਕੀਆ ਹੈ।" ਯਹ ਗ੍ਰੰਥ ਸੰਵਤ *1720* ਮੇਂ ਬਨਾ ਹੈ ਜੈਸਾ ਕਿ ਉਸਮੇਂ ਲਿਖਾ ਹੈ :-

"ਸਤ੍ਰਹ ਸੌ ਬੀਸੋਤਰਾ, ਮਾਸ ਚੈਤ੍ਰ ਗੁਰੂਵਾਰ।
ਸ਼ੁਕਲ ਪਕਸ਼ ਦਿਤੀਆ ਤਿਥਿ ਰਚੌਂ ਸੌ ਦੋਹਾ ਸਾਰ।।"

(ਆਲਮ ਔਰ ਜੀਵਨ ਕਲਾ, ਪ੍ਰਥਮ ਸੰਸਕਰਣ 1988) ਪੰਨਾ-31

ਭਾਈ ਵੀਰ ਸਿੰਘ ਜੀ ਨੇ 'ਸੂਰਜ ਪ੍ਰਕਾਸ਼', ਪੰਨਾ 2129, ਰਾਸ-3, ਅੰਸੂ 41 ਉੱਤੇ ਆਲਮ ਦੀ ਪੋਥੀ ਦਾ ਸੰਮਤ *1774* ਦਿੱਤਾ ਹੈ। ਜਹਾਂਗੀਰ ਨੂੰ ਪੇਸ਼ ਕੀਤੀ ਗਈ 'ਚੁੰਨੜੀ' ਸੰਬਤ *1680* (ਲਿਪੀਕਾਲ) ਦੀ ਪੋਥੀ ਬਨਾਰਸ ਦੇ ਨਾਗਰੀ ਪ੍ਰਚਾਰਨੀ ਸਭਾ ਦੇ ਪੁਸਤਕਾਲੇ ਵਿੱਚ ਮੌਜੂਦ ਹੈ, ਜਿਸਦਾ ਲਿਖਤੀ ਰੂਪ ਹੀ 94 ਸਾਲ ਪਹਿਲਾਂ ਦਾ ਹੈ, ਇਸ ਵਿੱਚ ਆਲਮ ਦੇ ਛੰਦ ਹਨ। ਦੂਜੀਆਂ ਪੋਥੀਆਂ ਜੋ ਜਗਦੀਸ਼ ਨਰਾਇਣ ਨੇ ***"ਅਨੂਪਮ ਪੁਸਤਕਾਲੇ"*** ਵਿੱਚ ਲੜੀ ਨੰਬਰ 220-70 ਵਿੱਚ ਲਿਪੀਕਾਲ *1717-1752* ਸੰਬਤ ਹੈ, ਜਿਸ ਬਾਰੇ ਸੂਚਨਾ ***"ਪੂਰਵ ਆਲਮ ਕੇ"*** ਦਿੱਤੀ ਹੈ। ਕੀ 1774 ਦੀ ਪੋਥੀ ਇਹਨਾਂ ਤੋਂ ਪਹਿਲਾਂ ਦੀ ਹੈ? ਅਸੀਂ ਲਖਨਊ ਦੀਆਂ ਪੋਥੀਆਂ ਦੀ ਗੱਲ ਪਰ੍ਹੇ ਰੱਖਕੇ ਇਨ੍ਹਾਂ ਦੇ ਆਧਾਰ ਤੇ ਹੀ ਪੁੱਛਦੇ ਹਾਂ ਕੀ ਇਹ ਉਹ ਹੀ ਆਲਮ ਹੈ ਜੋ "ਰਾਗਮਾਲਾ" ਚੋਰੀ ਕਰ ਕੇ ਲੈਕੇ ਗਿਆ ਸੀ। ਇਸ ਲਈ ਕਵੀ ਆਲਮ ਨੂੰ ਸ੍ਰੀ ਦਸ਼ਮੇਸ਼ ਜੀ ਦੇ ਸਮੇਂ ਦਾ ਬਣਾਉਣ ਲਈ ਜੋ ਘਾੜਤਾਂ ਘੜੀਆਂ, ਉਹ ਸਾਰੀਆਂ ਹੀ ਬੇ-ਅਰਥ ਹੋ ਕੇ ਰਹਿ ਜਾਂਦੀਆਂ ਹਨ।

ਇਹਨਾਂ ਪੋਥੀਆਂ ਦਾ ਲਿਪੀਕਾਲ ਵੀ ਉਨ੍ਹਾਂ ਦੇ ਕਲਪੇ ਗਏ ਮੂਲਕਾਲ ਤੋਂ ਬਹੁਤ ਪਹਿਲਾਂ ਦਾ ਹੈ। ਜੇਕਰ, 'ਦੋਹਾ ਸਾਰ ਸੰਗ੍ਰਹ' ਵਿੱਚ ਆਏ ਆਲਮ ਸ਼ੇਖ ਦੇ ਦੋਹਰਿਆਂ ਨੂੰ ਇਸ ਪ੍ਰਸੰਗ ਵਿੱਚ ਵਾਚਿਆ ਜਾਵੇ, ਜੋ ਦਾਰਾ ਸ਼ਿਕੋਹ ਨੇ ਸੰਮਤ 1720 ਵਿੱਚ ਸਪੰਨ ਕਰਵਾਇਆ। ਉਸ ਹਿਸਾਬ ***ਨਾਲ ਆਲਮ ਅਕਬਰ ਦੇ ਸਮੇਂ ਦੇ ਅਤੀ ਨੇੜੇ ਦਾ ਹੋ ਜਾਂਦਾ ਹੈ।*** ਸਾਬਤ ਹੈ ਕਿ 'ਚੁੰਨੜੀ' ਦੇ ਸੰਬਤ 1680 ਨੂੰ ਮਿਲਾ ਕੇ ਅਸੀਂ ਜਹਾਂਗੀਰ ਦੇ ਸਮੇਂ ਵਿੱਚ ਪਹੁੰਚ ਜਾਂਦੇ ਹਾਂ ਤੇ ਅੱਗੇ ਪੋਥੀ ਦਾ ਸੰਮਤ (1583 ਈ: ਹਿਜਰੀ 991) ਹੋਰ ਨੇੜੇ ਹੋ ਜਾਂਦਾ ਹੈ। ਇਸ ਲਈ ਰਾਗਮਾਲਾ ਪੱਖੀ ਮਹਾਂਪੁਰਖਾਂ ਨੇ ਜੋ ਕਵੀ ਆਲਮ ਨੂੰ "ਚੋਰ" ਬਣਾਉਣ ਦਾ ਤਾਣਾ-ਬਾਣਾ ਬੁਣਿਆ ਸੀ, ਉਸਦੇ ਤਾਂ ਕਿਤੇ ਵੀ ਪੈਰ ਨਹੀਂ ਲਗਦੇ।



www.AKJ.Org

ਸਤਿਕਾਰ ਯੋਗ ਭਾਈ ਸਾਹਿਬ ਜੀ ਨੇ 'ਸ਼ਿਵੰ ਸਿੰਹ ਸਰੋਜ' (1774) ਅਤੇ ਜੋਧ ਕਵੀ ਦੇ ਛੰਦ ਜਿਨ੍ਹਾਂ ਬਾਰੇ ਆਪ ਜੀ ਪ੍ਰਚਾਰਦੇ ਸਨ, ਇਹ ਸਭ 'ਸ਼ੈਆਂ' ਇੱਕ ਤੋਂ ਵੱਧ ਪੱਕੀਆਂ ਗਵਾਹੀਆਂ ਹਨ, ਉਹ ਕਿਸੇ ਵੀ ਸਹਾਰੇ ਕਸਵੱਟੀ ਤੇ ਠਹਿਰਨ ਯੋਗ ਨਹੀਂ। ਕਿ ਇਹ ਸਮਝਿਆ ਜਾਵੇ ਕਿ ਏਸ ਕਿਸਮ ਦੇ ਜਦੋਂ ਸਾਰੇ ਨੁੰਮਣੇ ਤੇ ਮਨੋਕਥੀਆਂ ਦੇ ਆਧਾਰ ਇੱਕ-ਇੱਕ ਕਰਕੇ ਢਹਿੰਦੇ ਗਏ, ਤਾਂ ਆਪ ਜੀ ਨੇ ਇਨ੍ਹਾਂ ਕੂੜੇ ਭਰਵਾਸਿਆਂ ਦਾ ਸਹਾਰਾ ਹੀ ਛੱਡ ਦਿੱਤਾ ਤੇ 'ਰਾਗਮਾਲਾ' ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਅਤੇ ਇਲਾਹੀ ਗੱਲਾਂ ਦੀ ਬੁਝਾਰਤ ਪਾਕੇ ਕਿੱਸਾ ਖ਼ਤਮ ਕਰ ਦਿੱਤਾ।

ਅਸੀਂ ਪਾਠਕਾਂ ਦਾ ਧਿਆਨ ਭਾਈ ਵੀਰ ਸਿੰਘ ਜੀ ਦੇ 'ਅਸ਼ਟ ਚਮਤਕਾਰ' (ਪੰਨਾ-59) ਵਿੱਚ ਗੁਰੂ ਅਰਜਨ ਦੇਵ ਜੀ ਦਾ ਜੋ ਜੀਵਨ ਲਿਖਿਆ ਹੈ, ਉਸ ਵੱਲ ਦਿਵਾਉਂਦੇ ਹਾਂ ਕਿ 'ਰਾਗਮਾਲਾ' ਸਿੰਗਲਾਦੀਪ ਚੋਂ ਆਈ 'ਸ੍ਰੀ ਗੁਰੂ ਨਾਨਕ ਦੇਵ ਜੀ' ਦੀ ਬਾਣੀ ਹੈ, ਤਾਂ ਅਬੋਲ ਰਹਿ ਜਾਂਦੇ ਹਾਂ । ਵਿੱਦਤ ਹੋਵੇ ਕਿ ਭਾਈ ਬੰਨੋ ਦੀਆਂ ਵਾਧੂ ਬਾਣੀਆਂ ਦੇ ਨਾਲ ਕੁਝ ਬੀੜਾਂ ਵਿੱਚ 'ਮਹਲੇ' ਦੀ ਸੂਚਨਾ ਵੀ ਦਿੱਤੀ ਹੁੰਦੀ ਹੈ; ਯਥਾ :-

ਸਲੋਕ ਮ: ੧ ਜਿਤ ਦਰ ਲਖ ਮੁਹੰਮਦਾ।

ਰਤਨਮਾਲਾ ਮ: ੧

ਹਕੀਕਤ ਰਾਹ ਮੁਕਾਮ ਮ: ੫

ਆਦਿ । ਇਹ ਸਾਰੇ ਤੱਥ ਰਾਹ ਰੋਕੀਂ ਖੜੇ ਹਨ ਕਿ 'ਰਾਗਮਾਲਾ' ਤਾਂ ਅਜੇਹੀ ਰਚਨਾ ਹੈ, ਜਿਸ ਉੱਤੇ ਨਾ ਕੋਈ ਭਗਤ ਦਾ ਨਾਮ ਤੇ ਨਾ 'ਮਹਲਾ' ਲਿਖਿਆ ਮਿਲਦਾ ਹੈ। ਇਸ ਲਈ ਆਪ ਜੀ ਦੀ ਇਹ ਨਵੀਂ ਕਲਪਨਾ ਨੂੰ ਕੋਈ ਵੀ ਕਿਸੇ ਪਾਸੇ ਖੜ੍ਹੇ ਹੋਣ ਦਾ ਸਹਾਰਾ ਨਹੀਂ ਮਿਲਦਾ।

ਆਪ ਜੀ ਦੇ ਵਿਚਾਰ ਹਨ ਰਾਗਮਾਲ ਸਿੰਘਲਾਦੀਪ (ਲੰਕਾ) ਤੋਂ ਆਈ ਹੈ ਉੱਥੋਂ ਇੱਕ ਰਾਗਮਾਲਾ ਆਈ ਹੈ ਜੋ ਪ੍ਰਾਣਸੰਗਲੀ ਵਿੱਚ ਲਿਖੀ ਹੈ ਉਸ ਦੇ ਕਰਤੇ ਦਾ ਨਾਮ ਆਲਮ ਲਿਖਿਆ ਹੋਇਆ ਹੈ ਅਤੇ ਉਹ ਰਾਗਮਾਲਾ ਵੀ ਇਸੇ ਕਵਿ ਰੰਗ ਵਿੱਚ ਹੈ ਜਿਸਦੀ ਵੰਨਗੀ ਹੇਠ ਲਿਖੇ ਅਨੁਸਾਰ ਹੈ।

**ਪਉੜੀ: ਪਹਿਲੇ ਮੁਜਰੇ ਗਾਂਵਦਾ ਭੈਰਉ ਸੰਗਿ ਪਰੀਆ।**

**ਅਤਿਭੁਜ ਧਾਰੀ ਤਿਲੰਗ ਟੋਡੀ ਜੈਤਸਰੀਆ।**

**ਭੂਪਾਲੀ ਗਾਵੈ ਮਾਲਕਉਸ ਬਹਿ ਆਸਾ ਤੈ ਗੁਜਰੀਆ।**

**ਦੇਵ ਗੰਧਾਰੀ ਆਸਾਵਰੀ ਮਾਲਵੀ ਰਾਮਕਲੀਆ ।।੪।।**

**ਸਲੋਕ: ਮੇਘ ਮਲਾਰ ਗਾਂਵਦੇ ਖਟ ਪਰੀਆ ਲੈ ਖਾਸਿ।**



www.AKJ.Org

ਵਡਹੰਸ ਪਰੀ ਬਿਹਾਗੜਾ ਸਾਰੰਗ ਸੋਰਠ ਰਾਸ।
ਮਿਲ ਗਾਵਹਿੰ ਦੁਇ ਰਾਗਲੀ ਮਾਝ ਕਾਨੜਾ ਰਾਸ।।੧।।

(ਤਿਲੰਗ ਕੀ ਵਾਰ ਮਹਲਾ 1, ਪ੍ਰਾਣਸੰਗਲੀ, ਪੰਨਾ 466,
ਪੰਜਾਬੀ ਯੂਨੀਵਰਸਟੀ, ਪਟਿਆਲਾ, 1999)

ਆਲਮ ਹਿੰਦੀ ਦਾ ਕਵੀ ਸੀ। ਉਸ ਨੇ ਕਿਹੜੀ ਰਚਨਾ ਕਦੋਂ ਰਚੀ ? ਇਹ ਜਾਨਣ ਲਈ ਹਿੰਦੀ ਵਿਦਵਾਨਾਂ ਨੇ ਬਹੁਤ ਲੰਮਾਂ ਸਮਾਂ ਖੋਜ ਕਰਕੇ ਇਹ ਸਿੱਟੇ ਕੱਢੇ ਹਨ ਕਿ ***ਆਲਮ ਅਕਬਰ ਦਾ ਸਮਕਾਲੀ ਹੋਇਆ ਹੈ।*** 'ਮਾਧਵਾਨਲ ਕਾਮਕੰਦਲਾ' ਗ੍ਰੰਥ ਦੀ ਰਚਨਾ ਉਸ ਨੇ 991 ਹਿਜਰੀ (1640 ਸੰਬਤ, 1583 ਈ:) ਵਿੱਚ ਕੀਤੀ। ਪੰਜ ਗ੍ਰੰਥ ਹੋਰ ਵੀ ਲਿਖੇ, ਵਿਸੇਸ਼ ਕਰਕੇ ਵਧੇਰੇ ਚਰਚਿਤ 'ਮਾਧਵਾਨਲ ਕਾਮਕੰਦਲਾ' ਹੋਈ ਹੈ। ਇਸ ਗ੍ਰੰਥ ਨੂੰ ਸ਼ਿੰਗਾਰ-ਰਸੀ ਮੰਨਿਆ ਜਾਂਦਾ ਹੈ। ਇਸ ਦੀ ਅੰਦਰੂਨੀ ਕਹਾਣੀ ਵਿੱਚ ਆਲਮ ਨੇ ਆਪਣੀ ਪ੍ਰਤਿਭਾ ਦੇ ਚਮਤਕਾਰੀ ਗੁਣ ਪਾਏ ਹਨ। ਉਹਨਾਂ ਵਿੱਚ ਇੱਕ ਰਾਜੇ ਦੇ ਦਰਬਾਰ ਵਿੱਚ ਨਿਰਤਕਾ (ਨਿਰਤ ਕਰਨ ਵਾਲੀ ਪਾਤਰਾ) ਨੇ - ***"ਗਾਵੈ ਗਾਇਨ ਪਾਤਰ"*** - ਹਨੂਮੰਤ ਮੱਤ ਅਨੁਸਾਰ, ਰਾਗਾਂ ਨੂੰ ਤਰਤੀਬ ਨਾਲ ਗਾਇਨ ਕਰਾਇਆ ਹੈ। ਹਿੰਦੀ ਦੇ ਵਿਦਵਾਨਾਂ ਅਨੁਸਾਰ ਉਹ ਗਾਇਨ ਅਜਿਹਾ ਲੁਭਾਇਮਾਨ ਸੀ ਕਿ ਸਿੱਖਾਂ ਨੇ ਆਪਣੇ ਗੁਰੂ ਗੰਥ ਸਾਹਿਬ ਵਿੱਚ ਜੋੜ ਲਿਆ । 'ਰਾਗਮਾਲਾ' ਉਸ ਦਾ ਨਾਮ-ਕਰਨ ਕਰ ਦਿੱਤਾ। ਭਾਵੇਂ, ਇਹ ਕੋਈ ਵੱਖਰੀ ਗੱਲ ਨਹੀਂ ਸੀ, ਉਸ ਪੋਥੀ ਦਾ ਭਾਗ ਹੈ। ਜਿਸ ਵਿੱਚ ਪ੍ਰੇਮੀ-ਪ੍ਰੇਮਿਕਾ ਦੀ ਕਹਾਣੀ ਆਉਦੀ ਹੈ।

ਹਿੰਦੀ ਸਾਹਿੱਤ ਦੇ ਵਿਦਵਾਨਾਂ ਨੇ ਬੇ-ਝਿਜਕ ਹੋ ਕੇ ਦੱਸਿਆ ਹੈ ਕਿ "ਮਾਧਵਾਨਲ ਕਾਮਕੰਦਲਾ" ਆਲਮ ਦੀ ਰਚਨਾ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨਾਲ ਜੋੜਿਆ ਗਿਆ ਹੈ ਅਤੇ ਨਾਮ ਰੱਖਿਆ ਗਿਆ ***"ਰਾਗਮਾਲਾ"***। "ਗੁਰਮੁਖ ਬਾਣੀ ਨਾਲ ਉਸਦਾ ਕੋਈ ਮੇਲ ਨਹੀਂ।" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਤੇ ਸਤਿਕਾਰ ਵਾਲਾ ਪੱਖ ਵੀ ਉਹਨਾਂ ਨੇ ਨਜ਼ਰੋਂ ਉਹਲੇ ਨਹੀਂ ਕੀਤਾ। ਅਜਿਹਾ ਲਿਖਣ ਵਾਲਿਆਂ ਵਿੱਚੋਂ ਇੱਕ ਦੋ ਲਿਖਾਰੀ ਨਹੀਂ, ਇੱਕ ਦਰਜਨ ਤੋਂ ਵਧੀਕ ਹਨ। ਹਿੰਦੀ ਸਾਹਿੱਤ ਦੇ ਖੋਜੀ ਵਿਦਵਾਨ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਨੂੰ ਸੁਣਿਆ ਜਾਂ ਪੜ੍ਹਿਆ, ਉਹਨਾਂ ਨੇ ਆਪਣੀ ਖੋਜ ਅਤੇ ਆਲੋਚਨਾ ਦੇ ਗ੍ਰੰਥਾਂ ਵਿੱਚ ਇਸ ਭਾਗ ਬਾਰੇ ਇਹ 50-60 ਸਾਲ ਤੋਂ ਲਿਖਣਾ ਅਰੰਭ ਕੀਤਾ ਹੋਇਆ ਹੈ ਕਿ ਆਲਮ ਦੀ ਇਹ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜੋੜੀ ਗਈ ਹੈ।

ਖੋਜ ਕਰਨ ਵਾਲੇ ਬੜੀ ਉੱਚੀ ਪੱਧਰ ਤੇ ਵਿਦਵਾਨ ਹਨ, ਏਨਾਂ ਤਾਂ ਉਹਨਾਂ ਨੂੰ ਪਤਾ ਸੀ ਕਿ ਇਹ ਰਚਨਾ ਨੂੰ ਖੋਟੀ ਜਾਂ ਵਿਵਾਦ ਵਾਲੀ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਕਿਸੇ ਨੇ ਵਿਰੋਧ ਵਿੱਚ ਕੁੱਝ ਲਿਖਣ ਲਈ ਉਕਸਾਇਆ ਨਹੀਂ। ਇਸ ਰਚਨਾ ਬਾਰੇ



www.AKJ.Org

ਜੋ ਕੁੱਝ ਉਹਨਾ ਨੇ ਟਿੱਪਣੀਆਂ ਕੀਤੀਆਂ ਹਨ ਉਹ ਆਲੋਚਨਾਤਮਿਕ ਦ੍ਰਿਸ਼ਟੀ ਨਾਲ ਪੜਤਾਲ ਕੇ ਹੀ ਲਿਖਿਆ ਹੈ ਕਿ ਆਲਮ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਉਹਨਾਂ ਵਿੱਚੋਂ ਕੁੱਝ ਕੁ ਵਿਦਵਾਨਾਂ ਦੀਆਂ ਕੁੱਝ ਕੁ ਟਿੱਪਣੀਆਂ ਅਤੇ ਖੋਜਾਂ ਦਾ ਸਾਰ ਪਹਿਲਾਂ ਦਿੱਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ ਚਾਰ ਵਿਦਵਾਨ ਪ੍ਰਮੁੱਖ ਹਨ, ਲਖਨਊ ਦੇ ਭਵਾਨੀ ਸ਼ੰਕਰ ਯਾਗਯਕ, ਕਾਂਸ਼ੀ ਦੇ ਅਚਾਰੀਯ ਵਿਸ਼ਵਨਾਥ ਪ੍ਰਸ਼ਾਦ ਮਿਸ਼ਰ, ਡਾ: ਸੀਤਾ ਬਿੰਵਰਾ ਅਤੇ ਸ੍ਰੀ ਹਰਿ ਪ੍ਰਸ਼ਾਦ ਨਾਇਕ।

ਅਸੀਂ ਆਲਮ ਬਾਰੇ ਪੂਰੀ ਖੋਜ, ਭਾਗ, ਦਾ ਆਰੰਭ ਭਾਈ ਵੀਰ ਸਿੰਘ ਜੀ ਵੱਲੋਂ ਲਿਖੇ ਇਹਨਾਂ ਵਾਕਾਂ ਤੋਂ ਸ਼ੁਰੂ ਕੀਤਾ ਸੀ ਕਿ ***"ਭਾਈ ਸੰਤੋਖ ਸਿੰਘ ਜੀ ਨੇ ਕਵੀ ਆਲਮ ਬਾਰੇ ਪੂਰੀ ਖੋਜ ਨਹੀਂ ਕੀਤੀ।"*** ਵਿਦਵਾਨਾਂ ਦੀਆਂ ਇਹ ਟਿੱਪਣੀਆਂ ਪੜ੍ਹ ਕੇ ਕੋਈ ਵੀ ਨਹੀਂ ਆਖ ਸਕਦਾ ਹੈ ਕਿ ਇਨ੍ਹਾਂ ਸਭਨਾਂ ਨੇ ਪੂਰੀ ਖੋਜ ਕੀਤੇ ਬਿਨਾਂ ਹੀ ਲਿਖ ਦਿੱਤਾ।

ਹਿੰਦੀ ਸਾਹਿੱਤ ਵਿੱਚ ਮਿਲਦੀ ਆਲਮ ਸਬੰਧੀ ਸਮੱਗਰੀ ਨੂੰ ਦੋ ਪੱਖਾਂ ਵਿੱਚ ਵੰਡਿਆ ਜਾ ਸਕਦਾ ਹੈ। ਇੱਕ ਪੱਖ, ਜੋ ਆਲਮ ਦਾ ਸਮਾਂ ਤੇ ਉਸਦੀ ਜਾਣਕਾਰੀ ਦਿੰਦਾ ਹੈ। ਇਸ ਪੱਖ ਬਾਰੇ ਜਿਨ੍ਹਾਂ ਵਿਦਵਾਨਾਂ ਨੇ ਕਵੀ ਆਲਮ ਦੀਆਂ ਰਚਨਾਵਾਂ ਵਾਲੇ ਗ੍ਰੰਥ ਸੰਪਾਦਿਤ ਕੀਤੇ, ਉਹਨਾਂ ਵਿਦਵਾਨਾਂ ਦੇ ਨਾਮ ਆਉਂਦੇ ਹਨ ਤੇ ਬਹੁਤੇ ਵਿਦਵਾਨਾਂ ਨੇ ਹਿੰਦੀ ਸਾਹਿੱਤ ਵਿੱਚ ਕਈ ਪੱਖਾਂ ਤੇ ਲਿਖਦਿਆਂ ਹੋਇਆਂ, ਆਲਮ ਦੇ ਹਵਾਲੇ ਦੇ-ਦੇ ਕੇ ਉਸ ਦਾ ਵਰਣਨ ਕੀਤਾ ਹੈ ਕਿ ਆਲਮ ਉੱਤਮ ਕਵੀ ਸੀ, ਉਸਨੇ ਕਈ ਗ੍ਰੰਥ ਲਿਖੇ, ਜਿਨ੍ਹਾਂ ਵਿੱਚ "ਮਾਧਵਾਨਲ ਕਾਮਕੰਦਲਾ" ਜਰੂਰ ਆਉਂਦਾਂ ਹੈ ਤੇ ਹੋਰ ਗ੍ਰੰਥਾਂ ਬਾਰੇ ਵੀ ਜਾਣਕਾਰੀ ਦਿੰਦਿਆਂ *ਆਲਮ ਨੂੰ ਅਕਬਰ ਦਾ ਸਮਕਾਲੀ ਸਿੱਧ ਕੀਤਾ।*

ਦੂਜਾ ਪੱਖ, ਉਹਨਾਂ ਵਿਦਵਾਨਾਂ ਦਾ ਹੈ, ਜਿਨ੍ਹਾਂ ਨੇ ਆਲਮ ਦੀ ਚਰਚਾ ਕਰਦਿਆਂ ਹੋਇਆ ਅਕਬਰ ਸਮਕਾਲੀ ਹੋਣ ਤੋਂ ਇਲਾਵਾ, ਇਹ ਦੱਸਣ ਦੀ ਵੀ ਖੁੱਲ੍ਹ ਲਈ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਅੰਤ ਵਿੱਚ ਜੋ 'ਰਾਗਮਾਲਾ' ਨਾਮਕ ਛੰਦ ਹਨ, ਇਹ ਆਲਮ ਦੀ ਰਚਨਾ ਹਨ। 'ਮਾਧਵਾਨਲ ਕਾਮਕੰਦਲਾ' ਗ੍ਰੰਥ ਵਿੱਚੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿੱਚ ਜੋੜੇ ਗਏ ਹਨ।

ਅਸੀਂ ਇਹ ਜਾਨਣ ਲਈ ਹਿੰਦੀ ਦੇ ਵਿਦਵਾਨਾਂ ਦੇ ਹਵਾਲਿਆਂ, ਲੇਖਾਂ, ਖੋਜ ਪੱਤਰਾਂ, ਅਤੇ ਤ੍ਰੈ-ਮਾਸਕ ਪੱਤਰਾਂ ਦੀ ਘੋਖਣਾ, ਲੰਮੇ ਸਮੇਂ ਤੋਂ ਕਰਦੇ ਆ ਰਹੇ ਹਾਂ। ਜੋ ਕੁੱਝ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ ਸੰਨ 1870-75 (ਉੱਨ੍ਹੀਵੀਂ ਸਦੀ) ਵਿੱਚ ਜਾਣਿਆਂ ਅਤੇ ਵੀਹਵੀਂ ਸਦੀ ਤੇ ਇੱਕੀਵੀਂ ਸਦੀ ਵਿੱਚ ਵੀ ਸੱਚ ਸਾਬਤ ਹੋਇਆ।



www.AKJ.Org

# ਆਲਮ ਬਾਰੇ ਹੋਰ ਹਿੰਦੀ ਵਿਦਵਾਨਾਂ ਦੀ ਖੋਜ

ਹਿੰਦੀ ਸਾਹਿੱਤ ਵਿੱਚ ਆਲਮ ਕਵੀ ਦੀ ਖੋਜ ਦੇ ਸਾਹਿੱਤ ਦੀ ਅਲੋਚਨਾ ਦੇ ਗ੍ਰੰਥ, ਅਭਿਨੰਦਨ ਗ੍ਰੰਥ, ਸਾਹਿੱਤ ਦੇ ਇਤਿਹਾਸ ਦੇ ਗ੍ਰੰਥ ਅਤੇ ਪਾਠ-ਪੁਸਤਕਾਂ ਵਿੱਚ ਗਾਥਾਵਾਂ ਅਤੇ ਜੀਵਨ ਜੁਗਤਾਂ ਦੱਸਣ ਵਾਲੇ ਪੱਖਾਂ ਅਤੇ ਸਾਹਿੱਤ-ਰਸ ਨੂੰ ਡੂੰਘਾਈਆਂ ਨਾਲ ਜਾਂਚ ਕਰਨ ਵਾਲੇ ਵਿਦਵਾਨਾਂ ਦੀਆਂ ਲਿਖਤਾਂ ਪੜ੍ਹੀਏ ਤਾਂ ਆਲਮ ਦਾ ਨਾਮ ਹਿੰਦੀ ਦੇ ਪਹਿਲੇ ਦਰਜੇ ਦੇ ਵਿਦਵਾਨਾਂ ਵਿੱਚ ਆਉਂਦਾ ਹੈ। ਆਲਮ ਦੀ ਚਰਚਾ "ਸ਼ਿਵ ਸਿੰਹ ਸਰੋਜ" ਤੋਂ ਆਰੰਭ ਹੋਈ। ਇਹ ਭਾਸ਼ਾ ਦੇ ਸਾਹਿੱਤ ਦਾ ਪਹਿਲਾ ਗ੍ਰੰਥ ਹੋਣ ਕਾਰਨ ਜੋ ਅਘੜਾ-ਦੁਘੜਾ ਵੀ ਸੀ ਤੇ ਗ਼ਲਤ ਵੀ, ਖਾਸ ਕਰਕੇ ਆਲਮ ਬਾਰੇ ਗ਼ਲਤੀ ਨੇ ਵਿਦਵਾਨਾਂ ਦਾ ਵਧੇਰੇ ਧਿਆਨ ਖਿੱਚਿਆ। ਭਾਵੇਂ, ਕਬੀਰ ਜੀ ਨੂੰ ਸੋਲ੍ਹਵੀ ਸਦੀ ਦਾ ਦਸਣਾ ਤੇ ਮੀਰਾਂ ਬਾਈ ਨੂੰ ਜੋਧਪੁਰ ਦੇ ਰਾਣਾ ਕੁੰਭਾ ਨਾਲ ਵਿਆਹੀ ਲਿਖਣਾ ਵੀ ਘੱਟ ਗ਼ਲਤ ਨਹੀਂ ਸੀ। ਪ੍ਰੰਤੂ, ਇੱਕ ਹਜ਼ਾਰ ਗ਼ਲਤੀ "ਸ਼ਿਵ ਸਿੰਹ ਸਰੋਜ" ਵਿੱਚ ਹੋਣੀ ਮਾਨੋ ਇੱਕ ਅਜੂਬਾ ਹੈ। ਉਸ ਦੀ ਆਲੋਚਨਾ ਤੇ ਡਾ: ਕਿਸ਼ੋਰੀ ਲਾਲ ਗੁਪਤਾ ਨੇ 1004 ਸਫ਼ੇ ਦਾ ਗ੍ਰੰਥ ਲਿਖ ਦਿੱਤਾ ਹੈ। ਹਿੰਦੀ ਭਾਸ਼ਾ ਰਾਸ਼ਟਰ ਭਾਸ਼ਾ ਬਣੀ, ਤਾਂ ਇਸ ਭਾਸ਼ਾ ਬਾਰੇ ਵਿਦਵਾਨਾਂ ਦੀਆਂ ਸੰਸਥਾਵਾਂ ਨੇ ਬਹੁਤ ਸਾਹਿੱਤ ਉਪਜਾਇਆ ਤੇ ਖੋਜਿਆ, ਪੁਰਾਤਨ ਲਿਖਤਾਂ ਦੀ ਭਾਲ ਕਰਕੇ ਗ੍ਰੰਥ ਭਾਰੀ ਗਿਣਤੀ ਵਿੱਚ ਸੰਚਤ ਕੀਤੇ। ਇਸ ਦਾ ਟਾਕਰਾ ਸ਼ਾਇਦ ਦੁਨੀਆਂ ਦੀ ਕੋਈ ਕੌਮ ਵੀ ਨਾ ਕਰ ਸਕੇ ਕਿਉਂਕਿ, ਭਾਰਤੀ ਗਿਆਨ ਅਤੇ ਸਾਹਿੱਤ ਸਦੀਆਂ ਤੋਂ ਰਚਿਆ ਜਾ ਰਿਹਾ ਸੀ। ਉਸ ਦੇ ਕਈ ਵੰਨ-ਸੁਵੰਨੇ ਰੰਗ ਤੇ ਪ੍ਰਕਾਸ਼ ਸਨ ਜੋ ਹੋਰਨਾਂ ਭਾਸ਼ਾਵਾਂ ਨੂੰ ਪ੍ਰਾਪਤ ਨਹੀਂ ਕੇਵਲ ਇੱਕ ਕਵੀ 'ਆਲਮ' ਦੀਆਂ ਲਿਖੀਆਂ ਰਚਨਾਵਾਂ ਦੀ ਖੋਜ ਨੇ ਅਨੇਕਾਂ ਪੁਸਤਕਾਂ ਸਾਹਮਣੇ ਲਿਆਂਦੀਆਂ, ਜਿਨ੍ਹਾਂ ਦੇ ਬਹੁ-ਭਾਂਤੇ ਪੱਖ ਵਰਣਨ ਯੋਗ ਹਨ।

ਇਸ ਵੇਲੇ ਸਾਡਾ ਪ੍ਰਯੋਜਨ ਇਹ ਦੱਸਣਾ ਹੈ ਕਿ ਆਲਮ ਦੀ ਰਚਨਾ ਪ੍ਰਸਿੱਧ "ਮਾਧਵਾਨਲ ਕਾਮਕੰਦਲਾ" ਵਿੱਚੋਂ ਕੁੱਝ ਛੰਦ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਅੰਤਿਮ ਭਾਗ 'ਰਾਗਮਾਲਾ' ਦੇ ਨਾਮ ਹੇਠ ਮਿਲਦੇ ਹਨ, ਉਹਨਾਂ ਬਾਰੇ ਦੋ ਰਾਵਾਂ ਬਣ ਗਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਉਥਾਨਕਾ ਅਤੇ ਪ੍ਰਿਯਾਵਾਂ ਵਿੱਚ ਲਿਖਿਆ ਹੈ ਕਿ 'ਰਾਗਮਾਲਾ' 'ਮਾਧਵ ਸੰਗੀਤ' ਵਿੱਚ ਆਲਮ ਨੇ ਲਿਖੀ ਅਤੇ:

**"ਉਹਾਂ ਸੇ ਈਹਾਂ ਆਈ"**

ਭਾਈ ਸੰਤੋਖ ਸਿੰਘ, ਪੰਡਤ ਤਾਰਾ ਸਿੰਘ ਜੀ 'ਨਰੋਤਮ' ਅਤੇ ਗਿਆਨੀ ਗਿਆਨ ਸਿੰਘ ਨੇ ਉਸੇ ਦੀ ਪ੍ਰੋੜਤਾ ਕੀਤੀ ਕਿ ***"ਰਾਗਮਾਲਾ ਗੁਰਬਾਣੀ ਨਹੀਂ"*** ਜਿਵੇਂ ਗਿਆਨੀ ਨਰੈਣ ਸਿੰਘ ਜੀ ਮੁਜੰਗਾਂ ਨੇ ਕਿਹਾ ਕਿ ***"ਪਹਿਲਾਂ ਪਹਿਲ ਚੀਫ਼ ਖਾਲਸਾ ਦੀਵਾਨ ਭੀ ਰਾਗਮਾਲਾ ਨੂੰ ਗੁਰਬਾਣੀ ਨਹੀਂ ਸੀ ਮੰਨਦਾ ਪਰ ਪਿੱਛੋਂ ਜਾਕੇ ਉਨ੍ਹਾਂ ਦੀ ਨੀਤੀ ਬਦਲ ਗਈ। 'ਪੜ੍ਹ ਲਵੇ ਤਾਂ ਕੋਈ ਲਾਭ ਨਹੀਂ', ਨਾ***



www.AKJ.Org

*ਪੜ੍ਹੇ ਤਾਂ ਕੋਈ ਨੁਕਸਾਨ ਨਹੀਂ।"* 1917 ਈ: ਤੋਂ ਇਹ ਰਚਨਾ ਵੱਡੀ ਚਰਚਾ ਦਾ ਵਿਸ਼ਾ ਬਣ ਗਈ ਅਤੇ ਇਹਦੇ ਕਈ ਪੱਖ ਉਘਾੜ-ਉਘਾੜ ਕੇ ਬਹਿਸਾਂ ਹੋਣ ਲੱਗੀਆਂ। ਇੱਕ ਦਲ ਇਸ ਰਚਨਾ ਦਾ ਪੱਖੀ ਬਣ ਗਿਆ ਅਤੇ ਇੱਕ ਵਿਰੋਧੀ ਬਣ ਗਿਆ। ਬਹੁਤਾ ਦੋਹਾਂ ਪਖਾਂ ਵਿਰੋਧੀਆਂ ਵੱਲੋਂ ਭਾਈ ਸੰਤੋਖ ਸਿੰਘ ਜੀ ਦੇ ਨਾਮ ਨੂੰ ਉਛਾਲਿਆ ਗਿਆ, ਜਿਨ੍ਹਾਂ ਨੇ ਲਿਖਿਆ ਸੀ ਕਿ: *"ਰਾਗਮਾਲਾ ਗੁਰੂ ਕੀ ਕ੍ਰਿਤ ਨਹੀਂ।"*

'ਰਾਗਮਾਲਾ' ਨੂੰ ਗੁਰਬਾਣੀ ਮੰਨਣ ਵਾਲੇ ਪੱਖੀਆਂ ਨੇ ਭੀ ਹਿੰਦੀ ਸਾਹਿੱਤ ਦੀ ਮੱਦਦ ਲਈ ਤੇ 'ਸ਼ਿਵ ਸਿੰਘ ਸਰੋਜ' ਗ੍ਰੰਥ ਲੱਭਿਆ। ਉਸ ਨੂੰ ਉਛਾਲ-ਉਛਾਲ ਕੇ ਪ੍ਰਚਾਰਿਆ ਕਿ ਦੇਖੋ "ਸ਼ਿਵ ਸਿੰਹ ਸਰੋਜ" ਵਿੱਚ ਆਲਮ ਬਾਰੇ ਇਉਂ ਲਿਖਿਆ ਹੋਇਆ ਹੈ ਕਿ "ਆਲਮ" ਸ਼ਹਿਜ਼ਾਦਾ ਮੁਅੱਜ਼ਮ ਦੇ ਸਮੇਂ ਹੋਇਆ ਹੈ ਇਸ ਲਈ ਉਸ *ਨੇ 'ਰਾਗਮਾਲਾ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਚੋਰੀ ਕੀਤੀ।* ਡਾ ਬਲਬੀਰ ਸਿੰਘ ਨੇ ਤਾਂ ਏਥੋਂ ਤੱਕ ਲਿਖ ਦਿੱਤਾ ਹੈ ਕਿ ਇਹ ਚੋਰੀ 'ਪਾਉਂਟਾ ਸਾਹਿਬ' ਕੀਤੀ ਸੀ ਤੇ ਭਾਈ ਵੀਰ ਸਿੰਘ ਜੀ ਨੇ ਵੀ ਚੋਰੀ ਕਿਹਾ ਹੈ। ਉਹਨਾਂ ਦੀਆਂ ਕਵੀ ਆਲਮ ਬਾਰੇ ਕੁਝ ਲਿਖਤਾਂ ਇਸ ਪ੍ਰਕਾਰ ਹਨ:-

"ਇਹ ਰਾਗਮਾਲਾ ਗੁਰੂ ਕ੍ਰਿਤ ਹੈ ਤੇ ਆਲਮ ਕਵੀ ਨੇ, ਜੋ ਦਸਵੇਂ ਪਾਤਸ਼ਾਹ ਦਾ ਦਰਬਾਰੀ ਕਵੀ ਸੀ, ਗੁਰੂ ਘਰ ਵਿੱਚੋਂ ਲੈ ਕੇ ਅਪਣੀ ਕਾਮਕੰਦਲਾ ਨਾਮੇ ਪੋਥੀ ਵਿੱਚ ਪਾ ਲਈ ਸੀ।

ਕਵਿ ਜੀ (ਭਾਈ ਸੰਤੋਖ ਸਿੰਘ) ਨੇ ਆਲਮ ਕਵਿ ਦੀ ਪੋਥੀ ਦੀ ਪੂਰੀ ਖੋਜ ਕੀਤੇ ਬਿਨਾਂ ਇਹ ਕੁਛ (ਰਾਗਮਾਲ ਗੁਰ ਕੀ ਕ੍ਰਿਤ ਨਹਿੰ) ਲਿਖਿਆ ਹੈ।

ਆਲਮ ਨੇ ਗੁਰੂ ਘਰ ਦਾ ਜਾਣੂ ਹੋਣ ਕਰਕੇ ਇਹ ਰਾਗਮਾਲਾ ਜੋ ਉਸਦੀ ਆਪਣੀ ਕ੍ਰਿਤ ਨਹੀਂ ਸੀ ਆਪਣੇ ਹਿੰਦੀ ਤਰਜਮੇ ਵਿੱਚ ਪਾ ਲਈ ਸੀ।

ਰਾਗ ਮਾਲਾ ਗੁਰੂ ਕ੍ਰਿਤ ਹੈ, ਆਲਮ ਪਰਾਈਂ ਕ੍ਰਿਤ ਲੈ ਕੇ ਵਰਤਣ ਵਾਲਾ ਹੈ, ਆਪ ਰਚਣਹਾਰ ਨਹੀਂ।"

(ਸ੍ਰੀ ਗੁਰੂ ਪ੍ਰਤਾਪ ਸੂਰਜ, ਟੀਕਾ ਕ੍ਰਿਤ ਕਰਤਾ ਕਲਗੀਧਰ ਚਮਤਕਾਰ )
ਪੰਨਾ 2128,33, ਜੂਨ 1954

ਹਿੰਦੀ ਸਾਹਿੱਤ ਦੇ ਵਿਦਵਾਨਾਂ ਨੇ ਜਦੋਂ 'ਸਰੋਜ' ਦੀਆਂ ਗਲਤੀਆਂ ਸਾਹਮਣੇ ਲਿਆਂਦੀਆਂ ਤਾਂ ਇਹ ਥੰਮ੍ਹ ਵੀ ਲੜ-ਖੜਾ ਗਿਆ। ਆਲਮ ਕ੍ਰਿਤ "ਮਾਧਵਾਨਲ ਕਾਮਕੰਦਲਾ" ਦੇ ਆਰੰਭ ਵਿੱਚ ਸੰਬਤ ਲਿਖਿਆ ਸੀ ਤੇ ਨਾਲ ਹੀ ਅਕਬਰ ਤੇ ਟੋਡਰ ਮੱਲ ਦਾ ਵਰਣਨ ਸੀ, (ਜਿਨ੍ਹਾਂ ਦੀ ਪ੍ਰੇਰਨਾ ਨਾਲ ਇਹ ਗ੍ਰੰਥ ਲਿਖਿਆ ਗਿਆ ਸੀ।) ਜਿਸ ਕਰਕੇ ਇਹ ਪੱਖ ਵਧੇਰੇ ਨਰੋਆ ਤੇ ਸੱਚਾ ਸੀ ਕਿ ਇਹ ਰਚਨਾ (ਰਾਗਮਾਲਾ) ਅਕਬਰ ਸਮਕਾਲੀ ਆਲਮ ਦੀ ਲਿਖੀ ਪ੍ਰੇਮ-ਕਹਾਣੀ



www.AKJ.Org

"ਮਾਧਵਾਨਲ ਕਾਮਕੰਦਲਾ" ਵਿੱਚੋਂ ਚੋਰੀ ਹੋਈ ਹੈ। ਇਸ ਤੱਥ ਨੂੰ ਝੁਠਲਾਉਣ ਦੇ ਯਤਨ ਕੀਤੇ ਗਏ। ਭਾਈ ਸੰਤੋਖ ਸਿੰਘ ਜੀ ਬਾਰੇ ਕਿਹਾ ਗਿਆ: *"ਉਹਨਾਂ ਨੇ ਪੂਰੀ ਖੋਜ ਨਹੀਂ ਕੀਤੀ, ਉਹ ਭੁਲੇਖਾ ਖਾ ਗਏ।"*

ਇਸ ਨੁਕਤੇ ਨੂੰ ਲੈ ਕੇ ਅਸੀਂ ਹਿੰਦੀ ਦੇ ਵਿਦਵਾਨਾਂ ਤੱਕ ਪਹੁੰਚ ਕੀਤੀ ਤੇ ਜੋ ਕੁੱਝ ਪੁਰਾਤਨ ਹੱਥ-ਲਿਖਤਾਂ ਤੋਂ ਮਿਲਿਆ, ਉਹ ਸਭ ਕੁੱਛ ਪਾਠਕਾਂ ਦੇ ਸਾਹਮਣੇ ਰੱਖ ਦਿੱਤਾ ਹੈ ਜੋ ਰਾਗਮਾਲਾ ਪੱਖੀ ਬਿਲਕੁਲ ਨਹੀਂ। ਜੋ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਉਹ ਸੱਚ ਹੈ। ਉਹਨਾਂ ਵਿੱਚੋਂ ਬਹੁਤਿਆਂ ਦੇ ਹਵਾਲੇ ਪਿੱਛੇ ਦਿੱਤੇ ਜਾ ਚੁੱਕੇ ਹਨ। ਜਿਨ੍ਹਾਂ ਵਿਦਵਾਨਾਂ ਨੇ ਆਲਮ ਬਾਰੇ ਖੋਜ ਕੀਤੀ ਅਸੀਂ ਉਨ੍ਹਾਂ ਦੀਆਂ ਰਚਨਾਵਾਂ ਦਾ ਪੂਰਾ 2 ਸਰਵੇਖਣ ਕੀਤਾ ਹੈ ਅਤੇ ਉਸ ਦੇ ਸਬੰਧਿਤ ਤੱਥ ਪਾਠਕਾਂ ਦੇ ਸਾਹਮਣੇ ਰੱਖੇ ਹਨ। ਆਲਮ, ਅਕਬਰ ਸਮਕਾਲੀ ਸੀ। ਉਸਨੇ ਹਿਜਰੀ 991 ਵਿੱਚ "ਮਾਧਵਾਨਲ ਕਾਮਕੰਦਲਾ" ਲਿਖੀ।

ਸਿੱਖਾਂ ਦਾ ਇੱਕ ਮੱਤ ਇਹ ਕਹਿੰਦਾ ਹੈ ਕਿ 'ਆਲਮ' - ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਇਆ ਤੇ ਗੁਰੂ ਗ੍ਰੰਥ ਵਿੱਚੋਂ 'ਰਾਗਮਾਲਾ' ਚੋਰੀ ਕਰਕੇ ਲੈ ਗਿਆ। ਇਹਨਾਂ ਦੀ ਖੋਜ ਕਸਵੱਟੀ ਤੇ ਲੱਗਿਆ ਅਧੂਰੀ ਵੀ ਹੈ ਅਤੇ ਸਚਾਈ ਤੋਂ ਉਲਟੀ ਵੀ ਹੈ। ਦੂਜਾ ਮੱਤ ਹਿੰਦੀ ਦੇ ਵਿਦਵਾਨਾਂ ਦਾ ਹੈ, ਜੋ ਲਿਖਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਰਾਗਮਾਲਾ, ਆਲਮ ਦੀ ਰਚਨਾ "ਮਾਧਵਾਨਲ ਕਾਮਕੰਦਲਾ" ਵਿੱਚੋਂ ਲਈ ਗਈ ਹੈ। ਹੁਣ ਤੱਕ ਰਾਗਮਾਲਾ ਪੱਖੀਆਂ ਦਾ ਵੱਡਾ ਭਰੋਸਾ 'ਨਾਗਰੀ ਪ੍ਰਚਾਰਣੀ ਸਭਾ' ਉੱਤੇ ਸੀ, ਕਿਉਂਕਿ ਉਹਨਾਂ ਦੇ ਪੁਰਾਣੇ ਗ੍ਰੰਥਾਂ ਦੇ ਹਵਾਲੇ ਦਿੰਦੇ ਰਹਿੰਦੇ ਸੀ।

ਹੁਣ 'ਨਾਗਰੀ ਪ੍ਰਚਾਰਣੀ ਸਭਾ' ਨੇ ਹਿੰਦੀ ਕਵੀਆਂ ਦੀ ਇੱਕ ਪੁਸਤਕ ਛਾਪੀ ਹੈ, ਉਸਦਾ ਨਾਮ ***"ਹਿੰਦੀ ਕਾਵਯ ਗੰਗਾ"*** ਹੈ, ਇਸ ਪੁਸਤਕ ਵਿੱਚ ਨਾਗਰੀ ਸਭਾ ਵੱਲੋਂ *ਆਲਮ ਇੱਕੋ ਹੀ ਮੰਨਣ ਦਾ ਪ੍ਰਮਾਣ* ਇਸ ਤਰ੍ਹਾਂ ਹੈ :-

***"ਆਲਮ :- ਉਪਸਥਿੱਤੀ ਸੰਬਤ 1640-80 ਬਿ: ਲਿਖਾ ਹੂਆ ਹੈ, ਜਾਤੀ ਕੁਲ ਕੇ ਪਹਿਲੇ ਬ੍ਰਾਹਮਣ ਥੇ, ਫਿਰ ਮੁਸਲਮਾਨ ਬਣੇ।"***

ਉਸ ਦੀਆਂ ਰਚਨਾਵਾਂ ਦੀ ਲਿਸਟ ਵਿੱਚ "ਮਾਧਵਾਨਲ ਕਾਮਕੰਦਲਾ" ਦਾ ਨਾਮ ਢੁਕਵੀਂ ਥਾਂ ਉੱਤੇ ਦਿੱਤਾ ਹੋਇਆ ਹੈ। "ਨਾਗਰੀ ਪ੍ਰਚਾਰਣੀ ਸਭਾ" ਪੁਸਤਕ ਦੇ ਸੰਪਾਦਕ ਸੁਧਾਕਰ ਪਾਂਡੇ ਹਨ ਅਤੇ ਇਸਦਾ ਛਪਣ ਦਾ ਸੰਨ *2 ਅਕਤੂਬਰ 1990* ਹੈ। ਪੋਥੀ ਵਿੱਚ ਆਲਮ ਦਾ ਵਰਨਣ ਪੰਨਾ 299 ਉੱਤੇ ਇਸ ਤਰ੍ਹਾਂ ਆਉਂਦਾ ਹੈ :-

***"ਯੇ ਰੀਤੀਕਾਲ ਕੇ ਰੀਤਿ-ਮੁਕਤ ਸ੍ਰੇਸ਼ਠ ਕਵੀ ਹੈ।"***

ਕਾਂਸ਼ੀ ਨਾਗਰੀ ਪ੍ਰਚਾਰਨੀ ਸਭਾ ਹਿੰਦੀ ਦੀ ਪੁਰਾਤਨ ਤੇ ਵੱਡੀ ਸੰਸਥਾ ਹੈ। ਇਸ ਵਿੱਚ ਪਹਿਲਾਂ ਪਹਿਲ ਆਲਮ ਕਵੀ ਨੂੰ "ਸ਼ਿਵ ਸਿੰਘ ਸਰੋਜ" ਦੀ ਲਿਖਤ ਦੇ



www.AKJ.Org

ਅਧਾਰ ਉੱਤੇ ਔਰੰਗਜ਼ੇਬ ਦੇ ਪੁੱਤਰ ਦਾ ਦਰਬਾਰੀ ਮੰਨਿਆ ਜਾਂਦਾ ਸੀ। ਇਸੇ ਭਰਮ ਵਿੱਚ ਨਾਗਰੀ ਪ੍ਰਚਾਰਨੀ ਸਭਾ ਦੇ ਪਹਿਲੇ ਗ੍ਰੰਥਾਂ ਵਿੱਚ ਬਹਾਦਰਸਾਹ ਮੁਅੱਜ਼ਮ ਸਮਕਾਲੀ ਆਲਮ ਦੀ ਧਾਰਨਾ ਪ੍ਰਬਲ ਰਹੀ। ਪਿੱਛੋਂ ਜਾ ਕੇ ਜਦੋਂ ਕਾਂਸ਼ੀ ਨਰੇਸ਼ ਦੀ ਲਾਇਬ੍ਰੇਰੀ ਵਿੱਚੋਂ "ਮਾਧਵਾਨਲ ਕਾਮਕੰਦਲਾ" ਗ੍ਰੰਥ ਪ੍ਰਾਪਤ ਹੋਇਆ ਤਾਂ ਉਸਦੇ ਆਰੰਭਕ ਮੰਗਲ ਵਿੱਚੋਂ ਲਿਖਣ ਦਾ ਸੰਮਤ ਪੜ੍ਹਿਆ ਗਿਆ ਅਤੇ ਨਾਲ ਹੀ ਉਨ੍ਹਾਂ ਮਹਾਨ ਹਸਤੀਆਂ (ਅਕਬਰ ਤੇ ਟੋਡਰ ਮੱਲ) ਦੇ ਨਾਮ ਭੀ ਸਾਹਮਣੇ ਆਏ, ਜਿਨ੍ਹਾਂ ਨੇ ਇਹ ਗ੍ਰੰਥ ਲਿਖਵਾਇਆ ਸੀ। ਇਸ ਪਿੱਛੋਂ 'ਸਰੋਜ' ਵਿਚਲੇ ਆਲਮ ਦੀ ਗੱਲ ਮੱਧਮ ਪੈ ਗਈ, ਜੋ ਸਾਰੇ ਪੱਖਾਂ ਤੋਂ ਗ਼ਲਤ ਹੈ ਸੀ। ਹਿਜਰੀ 991 ਬਾਰੇ ਖੋਜ-ਪੜਤਾਲ ਨੇ ਇਤਨੀ ਸਮੱਗਰੀ ਸਾਹਮਣੇ ਲਿਆਂਦੀ ਕਿ ਨਾਗਰੀ ਪ੍ਰਚਾਰਨੀ ਸਭਾ ਦੇ ਨਵੇਂ ਗ੍ਰੰਥਾਂ ਵਿੱਚ *ਆਲਮ ਨੂੰ ਅਕਬਰ ਸਮਕਾਲੀ* ਮੰਨਿਆ ਜਾਣ ਲੱਗ ਪਿਆ। ਉਹ ਵਿਦਵਾਨ ਤੇ ਉਹਨਾਂ ਦੀਆਂ ਲਿਖਤਾਂ ਦੇ ਕੁੱਝ ਅੰਸ਼ ਹੇਠ ਲਿਖੇ ਅਨੁਸਾਰ ਹਨ:-

1. **ਸ੍ਰੀ ਅਸ਼ੋਕ ਕੁਮਾਰ ਮਿਸ਼ਰ :**

"ਮਾਧਵਾਨਲ ਕਾਮਕੰਦਲਾ- ਭਾਸ਼ਾਬੰਧ ਇਸ ਪ੍ਰੰਪਰਾ ਕੀ ਅਨਯ ਕ੍ਰਿਤੀਓਂ ਮੇਂ ਸੇ ਏਕ ਹੈ। ਇਸ ***'ਪ੍ਰੇਮਾਖਿਆਨ' ਕੇ ਰਚਾਇਤਾ ਆਲਮ ਹੈਂ। ਯਹ ਅਕਬਰ ਕੇ ਸਮਕਾਲੀਨ ਥੇ।*** ਉਨਹੋਂ ਨੇ ਇਸ ਗ੍ਰੰਥ ਕੀ ਰਚਨਾ 991 ਹਿਜਰੀ ਤਥਾ ਸੰਨ 1583- 1584 ਈ: (1640 ਬਿਕ੍ਰਮੀ) ਮੇਂ ਕੀ ਥੀ।"

(ਮਾਧਵਾਨਲ ਕਾਮਕੰਦਲਾ ਕਥਾ ਕਾ ਮੂਲ ਸ੍ਰੋਤ ਔਰ
ਉਸ ਪਰ ਅਧਾਰਿਤ ਹਿੰਦੀ ਰਚਨਾਇਂ)
ਅਕਤੂਬਰ 1976,ਭਾਗ-37, ਅੰਕ-4, ਹਿੰਦੁਸਤਾਨੀ।

2. **ਮੁਨਸ਼ੀ ਦੇਵੀ ਪ੍ਰਸਾਦਿ ਜੀ:(ਰਾਜਸਥਾਨ ਦੇ ਪ੍ਰਸਿੱਧ ਵਿਦਵਾਨ)**

"ਮੁਨਸ਼ੀ ਦੇਵੀ ਪ੍ਰਸਾਦਿ *ਇੱਕ ਹੀ ਆਲਮ ਮਾਨਤੇ ਥੇ ਔਰ ਉਨਹੇ ਅਕਬਰ ਕਾ ਸਮਸਾਮਯਿਕ (ਸਮੇਂ ਦਾ) ਸਵੀਕਾਰ ਕਰਤੇ ਥੇ* ਇਸ ਆਲਮ ਕੇ 500 ਛੰਦ ਭੀ ਉਨਕੇ ਪਾਸ ਥੇ।"

(ਆਲਮ ਔਰ ਸਥਿਤੀ ਕਾਲ) ਹਰਿ ਪ੍ਰਸਾਦਿ ਨਾਇਕ

3. **ਸ੍ਰੀ ਰਾਮ ਕੇਰ ਤ੍ਰਿਪਾਠੀ :**

ਸ੍ਰੀ ਰਾਮ ਕੇਰ ਤ੍ਰਿਪਾਠੀ ਨੇ 'ਚੰਦਰ ਭਾਨ' "ਗੁਪਤ ਅਭਿਨੰਦਨ ਗ੍ਰੰਥ" ਵਿੱਚ 'ਮਾਧਵਾਨਲ ਕਾਮਕੰਦਲਾ' ਬਾਰੇ ਆਪਣੀ ਖੋਜ ਦਾ ਸਾਰ ਇਸ ਤਰ੍ਹਾਂ ਦਿੱਤਾ ਹੈ:-

"ਅਭੀ ਹਾਲ ਮੇਂ ਹੀ ਪ੍ਰਕਾਸ਼ਿਤ ਹਸਤ-ਲਿਖਤ 'ਹਿੰਦੀ ਪੁਸਤਕੋਂ ਕਾ ਵਿਵਰਣ' ਮੇਂ ਉਸਕਾ ਰਚਨਾ-ਕਾਲ 991 ਹਿਜਰੀ (ਸੰਬਤ



www.AKJ.Org

1640) ਸਵੀਕਾਰ ਕੀਆ ਗਿਆ ਹੈ। 'ਮਾਧਵਾਨਲ ਕਾਮਕੰਦਲਾ' ਕੀ ਅਨੇਕ ਪ੍ਰਤਿਯੋਂ ਮੇਂ 'ਨਵ ਸੈ ਇਕਆਵਨ' ਪਾਠ ਹੋਨੇ ਕੇ ਕਾਰਨ ਇਸਸੇ ਰਚਨਾ ਕਾਲ ਯਹੀ ਠੀਕ ਜਾਨ ਪੜਤਾ ਹੈ। ਪ੍ਰਬੰਧਾਤਮਕ ਪ੍ਰੇਮ ਕਥਾ ਕੀ ਦ੍ਰਿਸ਼ਟੀ ਸੇ ਆਲਮ ਕੀ ਯਹ ਰਚਨਾ (ਮਾਧਵਾਨਲ ਕਾਮਕੰਦਲਾ) ਉਨਕੇ ਕ੍ਰਿਤਿਤਵ ਮੇਂ ਸਰਵਧਿਕ ਮਹੱਤਵ ਕੀ ਅਧਿਕਾਰੀ ਹੈ। ਹਿੰਦੀ ਮੇਂ ਪ੍ਰੇਮ-ਕਥਾ ਕੀ ਪ੍ਰੰਪਰਾ ਬਹੁਤ ਪਹਿਲੇ ਸੇ ਚਲੀ ਆ ਰਹੀ ਥੀ।"

(ਸ੍ਰੀ ਚੰਦਨ ਭਾਨ ਗੁਪਤ, ਅਭਿੰਨਦਨ ਗ੍ਰੰਥ, ਪੰਨਾ-349)

ਸੰਮਤ-24 ਜੁਲਾਈ, 1966

4. ***ਹਸਤ-ਲਿਖਤ ਹਿੰਦੀ ਗ੍ਰੰਥੋਂ ਕੀ ਵਿਵਰਨਾਤਮਕ ਸੂਚੀ: (ਡਾ: ਰਾਮ ਕੁਮਾਰ ਵਰਮਾ)***

ਹਿੰਦੀ ਸਾਹਿੱਤ ਸੰਮੇਲਨ ਪ੍ਰਯਾਗ ਦੇ ਮੁਖੀ ਤੇ ਸੁਪ੍ਰਸਿੱਧ ਵਿਦਵਾਨ ਵਾਚਸਪਤਿ ਡਾ: ਰਾਮ ਕੁਮਾਰ ਵਰਮਾ ਤੇ ਉਹਨਾਂ ਦੇ ਸਹਿਯੋਗੀ ਵਿਦਵਾਨ ਮੰਡਲੀ ਡਾ: ਰੋਸ਼ਨ ਲਾਲ ਏਮਾ, ਸ੍ਰੀ ਮਤੀ ਪੁਸ਼ਪਾ ਜਾਯਸਵਾਲ, ਡਾ: ਸ਼ਾਂਤੀ ਰਾਨੀ, ਸ੍ਰੀ ਕੁਲਦੀਪ ਕਪੂਰ, ਸ੍ਰੀ ਅਸ਼ੋਕ ਕੁਮਾਰ ਵਰਮਾ ਤੇ ਵਾਚਸਪਤਿ ਗੈਰੋਲਾ ਆਦਿ ਵਿਦਵਾਨਾਂ ਨੇ ਸੰਨ-ਸੰਮਤ ਤੇ ਰਚਨਾਕਾਲ ਬਾਰੇ ਦੱਸਿਆ ਅਤੇ ਆਲਮ ਦੀਆਂ ਮਿਲੀਆਂ ਕਈ ਹੱਥ ਲਿਖਤਾਂ ਦੇ ਰਚਨਾਕਾਲ ਬਾਰੇ ਦੱਸਿਆ ਅਤੇ ਹੱਥ-ਲਿਖਤਾਂ ਤੋਂ ਜੋ ਪ੍ਰਾਪਤ ਹੋਇਆ, ਉਸ ਵਿੱਚੋਂ ਕੁੱਛ ਅੰਸ਼ ਹੇਠ ਲਿਖੇ ਅਨੁਸਾਰ ਮਿਲਦੇ ਹਨ :-

"ਕਵੀ ਆਲਮ ਕ੍ਰਿਤ 'ਮਾਧਵਾਨਲ ਕਾਮਕੰਦਲਾ' ਏਕ ਪ੍ਰਸਿੱਧ ਪ੍ਰੇਮਾਖਿਆਨ ਕਾਵਯ ਹੈ। ਮਾਧਵਾਨਲ ਔਰ ਕਾਮਕੰਦਲਾ ਕੇ ਪਾਰਸਪਰਿਕ ਪ੍ਰੇਮ-ਕਥਾ ਪਰ ਸੂਫ਼ੀ ਪ੍ਰਭਾਵ ਸਪੱਸ਼ਟ ਹੈ। ਅਕਬਰ ਕੇ ਨਾਮ ਕਾ ਉਲੇਖ ਹੈ ਕਿ *ਕਵੀ ਆਲਮ, ਅਕਬਰ ਕੇ ਸਮਕਾਲੀਨ ਥੇ।* ਪ੍ਰਸ਼ਠ 5 ਪਰ ਗ੍ਰੰਥ ਕਾ ਰਚਨਾ ਕਾਲ :-"

*"ਸਨ ਨੌ ਸੌ ਇਕਆਵਨ, ਜਬ ਹੀ,*
*ਕਥਾ ਅਰੰਭ ਭਈ ਕੀਨੋ ਤਬ ਹੀ।"*

(ਹਸਤ-ਲਿਖਤ ਹਿੰਦੀ ਗ੍ਰੰਥੋਂ ਕੀ ਵਿਵਰਨਾਤਮਕ ਸੂਚੀ)

ਪੰਨਾ-36-1, ਹਿੰਦੀ ਸਾਹਿਤ ਸੰਮੇਲਨ ਪ੍ਰਯਾਗ ਸੰਸਕਰਨ 1971 ਈ:

5. **ਪਦਮ ਭੂਸ਼ਨ ਸ੍ਰੀ ਰਾਮ ਕੁਮਾਰ ਵਰਮਾ:**

ਹਿੰਦੀ ਸਾਹਿੱਤ ਦੇ ਪ੍ਰਸਿੱਧ ਵਿਦਵਾਨ ਰਾਮ ਕੁਮਾਰ ਵਰਮਾ ਪਦਮ



www.AKJ.Org

ਭੂਸ਼ਨ ਜੀ ਨੇ ਹਿੰਦੀ ਇਤਿਹਾਸ ਅਤੇ ਸਾਹਿੱਤ ਵਿੱਚ ਪਾਈ ਭ੍ਰਾਂਤੀ ਦਾ ਨਿਰੀਖਣ ਕੀਤਾ ਤੇ ਨਾਲ ਹੀ ਕਵੀਆਂ ਤੇ ਸਾਹਿੱਤ ਪ੍ਰਵਿਰਤੀਆਂ ਦੀ ਵੀ ਆਲੋਚਨਾ ਕੀਤੀ ਹੈ। ਪ੍ਰੇਮ-ਕਾਵਯ ਆਲੋਚਨਾ ਵਿੱਚ 'ਮਾਧਵਾਨਲ ਕਾਮਕੰਦਲਾ' ਨਾਮ ਹੇਠ ਜੋ ਵਰਣਨ ਕੀਤਾ ਉਸਦਾ ਸੰਖੇਪ ਦੇ ਰਹੇ ਹਾਂ :-

> ***"ਕਵੀ ਆਲਮ- ਇਨਹੋ ਨੇ ਹਿਜਰੀ 991 (ਸੰਬਤ 1640) ਮੇਂ ਸ਼ਹਿਨਸ਼ਾਹ ਜਲਾਲੂਦੀਨ ਅਕਬਰ ਕੇ ਰਾਜਯਕਾਲ ਮੇਂ ਦੋਹਾ-ਚੌਪਈ ਮੇਂ ਵਹ ਰਚਨਾ ਲਿਖੀ। ਇਸਕਾ ਨਾਮ ('ਮਾਧਵਾਨਲ ਕਾਮਕੰਦਲਾ') "ਮਾਧਵਾਨਲ ਭਾਸ਼ਾ-ਬੰਧ ਕਵੀ ਆਲਮ ਕ੍ਰਿਤ ਹੈ।'***
>
> ('ਹਿੰਦੀ ਸਾਹਿਤਯ ਕਾ ਅਲੋਚਨਾਤਮਕ ਇਤਿਹਾਸ'
> ਛਠਾ ਸੰਸਕਰਣ-1971 ਇਲਾਹਾਬਾਦ

6. **ਧੀਰੇਂਦਰ ਵਰਮਾ:**

ਅਲਾਹਾਬਾਦ ਦੇ ਮਹਾਨ ਵਿਦਵਾਨ ਧੀਰੇਂਦਰ ਵਰਮਾ ਨੇ ਦਿੱਲੀ ਵਿਸ਼ਵ ਵਿਦਿਆਲਯ ਕੇ ਤਤਵਿਧਾਨ ਮੇਂ ਭਾਰਤੀਯ ਹਿੰਦੀ ਪਰਿਸ਼ਦ ਕੇ ਸਤਾਰਵੇਂ ਅਧਿਵੇਸ਼ਨ ਕੇ ਅਵਸਰ ਪਰ ਲੱਛਮੀ ਕਾਂਤ ਵਾਰਨੇਯ, ਡਾਕਟਰ ਵਰਜੇਸ਼ਵਰ ਵਰਮਾ, ਡਾ : ਹਰਦੇਵ ਬਾਹਰੀ, ਡਾ: ਜਗਦੀਸ਼ ਗੁਪਤਾ, ਸ੍ਰੀ ਨਿਤਯਾ ਨੰਦ ਤ੍ਰਿਵੇਦੀ, ਸ੍ਰੀ ਮਾਤਾ ਬਦਲ ਜਾਯਸੀ, ਡਾ: ਰਾਮਸਰੂਪ ਚਤੁਰਵੇਦੀ, ਉਦਯਸ਼ੰਕਰ ਸ਼ਾਸਤ੍ਰੀ ਅਤੇ ਹੋਰ ਉੱਚ *ਕੋਟੀ* ਦੇ ਵਿਦਵਾਨਾਂ ਦੇ ਸਹਿਯੋਗ ਨਾਲ ਖੋਜ ਭਰਪੂਰ "ਹਿੰਦੀ ਅਨੁਸ਼ੀਲਨ" ਗ੍ਰੰਥ ਰਚਿਆ ਜਿਸ ਵਿੱਚ ਹਿੰਦੀ ਸਾਹਿੱਤ ਦੀਆਂ ਸ਼ੰਕਾਵਾਦੀ ਲਿਖਤਾਂ ਦਾ ਅਨੁਸ਼ੀਲਨ ਕੀਤਾ ਗਿਆ ਤੇ ਆਲਮ ਸਬੰਧੀ *'ਡਾ: ਉਦਯਸ਼ੰਕਰ ਸ਼ਾਸਤ੍ਰੀ'* ਜੀ ਨੇ *'ਮਾਧਵਾਨਲ ਕਾਮਕੰਦਲਾ' ਕਾ ਰਚੇਤਾ ਆਲਮ ਸੂਫ਼ੀ ਕਵੀ ਥਾ?* ਨਾਮੀ ਨਿਬੰਧ ਖੋਜ ਭਰਪੂਰ ਲਿਖਿਆ, ਜੋ ਅਸੀਂ ਸੰਖੇਪ ਕਰਕੇ ਪਾਠਕਾਂ ਦੇ ਸਨਮੁਖ ਕਰ ਰਹੇ ਹਾਂ :-

"ਹਿੰਦੀ ਸਾਹਿਤਯ ਮੇਂ ਆਲਮ ਨਾਮ ਕੇ ਕਵੀ ਕੀ ਰਚਨਾਏਂ ਸਦਾ ਸੇ ਆਦਰ ਸਾਥ ਪੜ੍ਹੀ ਜਾਤੀ ਰਹੀ ਹੈਂ। ਸ੍ਰੀ ਰਾਮਚੰਦਰ ਸ਼ੁਕਲ ਨੇ ਅਪਨੇ ਇਤਿਹਾਸ ਮੇਂ ਲਿਖਾ ਹੈ ਕਿ ***'ਯੇ ਅਕਬਰ ਕੇ ਸਮਯ ਕੇ ਯੇਕ ਮੁਸਲਮਾਨ ਕਵਿ ਥੇ, ਜਿਨਹੋ ਨੇਂ ਸੰਨ 991 ਹਿਜਰੀ ਸੰਬਤ 1631-40 ਬਿਕ੍ਰਮੀ ਮੇਂ 'ਮਾਧਵਾਨਲ ਕਾਮਕੰਦਲਾ' ਨਾਮ ਕੀ ਪ੍ਰੇਮ-ਕਹਾਨੀ ਦੋਹਾ-ਚੌਪਈ ਮੇਂ ਲਿਖੀ।*** ਪਾਂਚ ਚੌਪਈਉਂ (ਅੰਦ੍ਰਲਿਯੋਂ) ਪਰ ਏਕ-ਏਕ ਦੋਹਾ ਯਾ ਸੋਰਠਾ ਹੈ। ਯਹ ਸ਼ਿੰਗਾਰ-ਰਸ ਕੀ ਦ੍ਰਿਸ਼ਟੀ ਸੇ ਹੀ ਲਿਖੀ ਜਾਣ



www.AKJ.Org

ਪੜਤੀ ਹੈ, ਆਧਿਆਤਮਕ ਦ੍ਰਿਸ਼ਟੀ ਸੇ ਨਹੀਂ।"

'ਹਿੰਦੀ ਅਨੁਸ਼ੀਲਨ-ਭਾਰਤੀਯ ਹਿੰਦੀ ਪ੍ਰੀਸ਼ਦ'

ਪ੍ਰਥਮ ਸੰਸਕਰਣ-1960, ਪੰਨਾ-457

7. **ਨਾਗਰੀ ਪ੍ਰਚਾਰਣੀ ਸਭਾ ਕਾਂਸ਼ੀ**

ਪਹਿਲੇ ਦੱਸੇ ਅਨੁਸਾਰ 'ਨਾਗਰੀ ਪ੍ਰਚਾਰਨੀ ਸਭਾ' (ਬਨਾਰਸ) ਵੱਲੋਂ ਹਸਤ-ਲਿਖਤ ਹਿੰਦੀ ਗ੍ਰੰਥੋਂ ਕੀ ਖੋਜ ਕਰਨ ਤੋਂ ***'ਮਾਧਵਾਨਲ ਕਾਮਕੰਦਲਾ' ਦੇ ਰਚੇਤੇ ਆਲਮ ਬਾਰੇ ਸੰਨ 991 ਹਿਜਰੀ ਲਿਖਿਆ ਹੋਇਆ ਮਿਲਿਆ ਹੈ, ਜੋ ਅਕਬਰ ਦਾ ਸਮਕਾਲੀ ਬਣਦਾ ਹੈ।*** ਜੋ ਲੇਖ ਛਪਿਆ, ਉਸ ਦਾ ਸੰਖੇਪ ਵੇਰਵਾ ਪਾਠਕਾਂ ਦੇ ਸਾਹਮਣੇ ਹੈ :-

> "ਪਹਿਲੇ 'ਆਲਮ' ਦੋ ਮਾਨੇ ਗਏ ਥੇ, ਏਕ ਅਕਬਰ ਕਾਲੀਨ ਔਰ ਦੂਸਰਾ ਮੁਅੱਜ਼ਮ ਸ਼ਾਹ ਕੇ ਸਮਯ ਮੇਂ ਪ੍ਰੰਤੂ ਅਬ ਸਪੱਸ਼ਟ ਹੋ ਗਯਾ ਹੈ ਕਿ ***'ਆਲਮ' ਨਾਮ ਕੇ ਏਕ ਹੀ ਕਵੀ ਹੁਏ ਹੈਂ ਜੋ 'ਅਕਬਰ' ਕੇ ਸਮਯ ਮੇਂ ਵਰਤਮਾਨ ਥੇ ਔਰ ਉਨਹੋਂਨੇ 'ਮਾਧਵਾਨਲ ਕਾਮਕੰਦਲਾ' ਕੀ ਰਚਨਾ ਕੀ।"***

('ਹਸਤਲਿਖਤ ਹਿੰਦੀ ਗ੍ਰੰਥੋਂ ਕੀ ਖੋਜ ਕਾ ਪਰੀਚਾਯਤਮਕ ਵਿਵਰਨ',

ਪੰਨਾ-22,34) 13 ਪੰਨੇ

ਜਿਨ੍ਹਾਂ ਹਿੰਦੀ ਦੇ ਕੁੱਝ ਵਿਦਵਾਨ ਖੋਜੀਆਂ ਨੇ ਸ਼ਿਵ ਸਿੰਹ ਸਰੋਜ ਦੀ ਭ੍ਰਾਂਤੀ ਕਰਕੇ ਦੋ ਆਲਮ ਮੰਨੇ ਸਨ। ਪਰ ਉਨ੍ਹਾਂ ਨੇ ਵੀ ਮਾਧਵਾਨਲ ਕਾਮਕੰਦਲਾ ਦਾ ਕਰਤਾ ਅਕਬਰ ਸਮਕਾਲੀ ਹੀ ਮੰਨਿਆ ਹੈ। ਉਹਨਾਂ ਦੇ ਵੀਚਾਰ ਹੇਠ ਲਿਖੇ ਅਨੁਸਾਰ ਹਨ-

1. **ਨਾਗਰੀ ਪ੍ਰਚਾਰਣੀ ਸਭਾ (ਬਨਾਰਸ) :**

> "ਸੰਨ 1904 ਮੇਂ ਖੋਜ ਕੇ ਸਿਲਸਿਲੇ ਮੇਂ ਮਹਾਰਾਜ ਬਨਾਰਸ ਕੇ ਪੁਸਤਕਾਲਯ *'ਸਰਸਵਤੀ ਭੰਡਾਰ'* ਮੇਂ ਆਲਮ ਕੀ 'ਮਾਧਵਾਨਲ ਕਾਮਕੰਦਲਾ' ਨਾਮਕ ਪ੍ਰੇਮ-ਕਥਾ ਦੋਹੇ-ਚੌਪਈਯੋਂ ਮੇਂ ਲਿਖੀ ਹੂਈ ਮਿਲੀ ਥੀ। ਖੋਜ ਕੇ ਤਤਕਾਲੀਨ ਨਿਰੀਕਸ਼ਕ ਬਾਬੂ ਸ਼ਯਾਮ ਸੁੰਦਰ ਦਾਸ ਜੀ ਨੇ ਉਸ ਮੇਂ ਉਲਿਖਿਤ ਰਚਨਾ ਕਾਲ 991 ਹਿਜਰੀ (1583 ਸੰਨ) ਕੇ ਆਧਾਰ ਪਰ ਯਹ ਘੋਸ਼ਣਾ ਕੀ ਥੀ ਕਿ *ਹਿੰਦੀ ਮੇਂ ਏਕ ਨਹੀਂ ਦੋ ਆਲਮ ਹੈਂ, ਕਯੋਂਕਿ 'ਮਾਧਵਾਨਲ ਕਾਮਕੰਦਲਾ' ਮੇਂ ਅਕਬਰ ਔਰ ਉਨਕੇ ਭੂਸਵਯਾਸਥਾਪਕ ਟੋਡਰ ਮੱਲ ਕਾ ਉਲੇਖ ਹੈ।"*

2. **ਅਚਾਰੀਯ ਰਾਮਚੰਦਰ ਸ਼ੁਕਲ:**

ਅਚਾਰੀਯ ਰਾਮਚੰਦਰ ਸ਼ੁਕਲ ਦੁਆਰਾ ਲਿਖਤ ਗ੍ਰੰਥ "ਹਿੰਦੀ



www.AKJ.Org

ਸਾਹਿਤਯ ਕਾ ਇਤਿਹਾਸ" ਪ੍ਰਕਾਸ਼ਕ 'ਨਾਗਰੀ ਪ੍ਰਚਾਰਣੀ ਸਭਾ' ਵਿਚਲੀ (ਜਨਮ ਅਸ਼ਟਮੀ 1999 ਸੰਬਤ ਦੇ ਸਫ਼ਾ-173) ਆਲਮ ਬਾਰੇ ਜਾਣਕਾਰੀ ਉਦਯਸ਼ੰਕਰ ਸ਼ਾਸ਼ਤਰੀ ਦੇ ਲੇਖ ਵਿੱਚ ਦੇ ਆਏ ਹਾਂ।

*(ਨੋਟ:- ਰਾਮਚੰਦਰ ਸ਼ੁਕਲ ਜੀ ਉਨ੍ਹਾਂ ਪਹਿਲੇ ਦੋ-ਤਿੰਨ ਵਿਦਵਾਨਾਂ ਵਿੱਚੋਂ ਇੱਕ ਹਨ, ਜੋ ਦੋ ਆਲਮ ਮੰਨਦੇ ਸਨ, ਪਰ ਉੱਪਰ ਲਿਖੀ ਲਿਖਿਤ ਤੋਂ ਸਾਫ਼ ਪ੍ਰਗਟ ਹੈ ਕਿ 'ਮਾਧਵਾਨਲ ਕਾਮਕੰਦਲਾ' ਦੇ ਕਰਤਾ ਉਸੇ ਆਲਮ ਨੂੰ ਮੰਨਦੇ ਹਨ, ਜੋ ਅਕਬਰ ਸਮਕਾਲੀ ਸੀ।*

3. **ਪੀਤੰਬਰ ਦੱਤ ਬੜਥਵਾਲ :**

ਡਾ: ਪੀਤੰਬਰ ਦੱਤ ਬੜਥਵਾਲ ਨੇ ਆਪਣੇ *'ਪ੍ਰਾਚੀਨ ਹੱਥ-ਲਿਖਤ ਹਿੰਦੀ* ਗ੍ਰੰਥੋਂ ਕਾ ਵਿਵਰਣ' ਵਿੱਚ ਆਲਮ ਬਾਰੇ ਇਸ ਤਰ੍ਹਾਂ ਲਿਖਿਆ ਹੈ:-

> "ਆਲਮ ਨਾਮ ਕੇ ਦੋ ਕਵੀ ਹੂਏ, ਏਕ ਸੁਪ੍ਰਸਿੱਧ ਸ਼ੇਖ ਰੰਗਰੇ ਜ਼ਿਨ ਕਾ ਪ੍ਰੇਮੀ ਆਲਮ ਜੋ ਮੁਗਲ ਸਮਰਾਟ ਅਕਬਰ ਕੇ ਸਮੇਂ ਮੇਂ ਹੂਆ ਔਰ ਜਿਸਨੇ 'ਮਾਧਵਾਨਲ ਕਾਮਕੰਦਲਾ' ਔਰ ਸਿਯਾਮ ਸਨੇ ਹੀ ਜਾਂ ਰੁਕਮਣੀ ਵਿਯਾਲਹੋਂ ਨਾਮਕ ਗ੍ਰੰਥ ਕੀ ਰਚਨਾ ਕੀ।"

(ਨਾਗਰੀ ਪ੍ਰਚਾਰਣੀ ਪੱਤ੍ਰਿਕਾ, ਵਰਸ਼ 45, ਅੰਕ-4)
ਮਾਘ 1977 ਸੰਬਤ, ਪੰਨਾ-327

4. **ਹਜ਼ਾਰੀ ਪ੍ਰਸ਼ਾਦ ਦਿਵੇਦੀ:**

*'ਹਿੰਦੀ ਸਾਹਿਤਯ ਕਾ ਉਦਗਮ ਔਰ ਵਿਕਾਸ'* ਪੰਨਾ 223) ਉੱਤੇ ਆਲਮ ਦੇ ਬਾਰੇ ਡਾ: ਹਜ਼ਾਰੀ ਪ੍ਰਸ਼ਾਦ ਦਿਵੇਦੀ ਦਾ ਲੇਖ ਵੀ ਪ੍ਰਾਪਤ ਹੈ। ਇਸ ਵਿਸ਼ੇ ਵਿੱਚ ਉਨ੍ਹਾਂ ਹੇਠ ਲਿਖੀ ਜਾਣਕਾਰੀ ਦਿੱਤੀ ਹੈ :-

> *"ਆਲਮ ਨਾਮ ਕੇ ਦੋ ਕਵੀ ਹੂਏ ਹੈਂ। ਏਕ ਤੋਂ 16ਵੀਂ ਸਤਾਬਦੀ ਕੇ ਅੰਤ੍ਰਿਮ ਭਾਗ ਮੇਂ ਉਤਪੰਨ ਹੂਏ ਥੇ ਔਰ 'ਮਾਧਵਾਨਲ ਕਾਮਕੰਦਲਾ' ਨਾਮਕ ਪੁਸਤਕ ਲਿਖੀ ਥੀ ਅਰ ਦੂਸਰੇ ਕਵੀ ਔਰੰਗਜ਼ੇਬ ਕੇ ਪੁਤਰ ਮੁਅੱਜ਼ਮ ਸ਼ਾਹ ਕੇ ਆਸ਼ਰਿਤ ਥੇ। ਅਤ ਏਵ 18ਵੀਂ ਸ਼ਤਾਬਦੀ ਕੇ ਅੰਤ ਮੇਂ ਵਰਤਮਾਨ ਥੇ।"*

*(ਨੋਟ :- ਸਪੱਸ਼ਟ ਹੈ ਕਿ ਏਨ੍ਹਾਂ ਨੇ ਆਲਮ ਨਾਮ ਦੇ ਦੋ ਕਵੀ ਮੰਨਦਿਆਂ ਹੋਇਆਂ ਭੀ 'ਮਾਧਵਾਨਲ ਕਾਮਕੰਦਲਾ' ਗ੍ਰੰਥ ਦਾ ਕਰਤਾ 16ਵੀਂ ਸਦੀ ਦੇ ਅੰਤ ਵਿੱਚ ਉਤਪੰਨ ਹੋਇਆ ਮੰਨਿਆ ਹੈ ਜੋ ਕਿ ਅਕਬਰ ਦਾ ਸਮਕਾਲੀ ਸੀ।)*

ਹਿੰਦੀ ਦੇ ਪ੍ਰਸਿੱਧ ਵਿਦਵਾਨਾਂ ਸ੍ਰੀ ਭਗੀਰਥ ਮਿਸ਼ਰ, ਸ੍ਰੀ ਭਵਾਨੀ ਸ਼ੰਕਰ ਯਾਗਯਕ (ਲਖਨਊ), ਅਚਾਰੀਯ ਵਿਸ਼ਵਨਾਥ ਮਿਸ਼ਰ, ਡਾ: ਹਰਦੇਵ ਬਾਹਰੀ, ਡਾ:



www.AKJ.Org

ਸੀਤਾ ਬਿੰਵਰਾ ਆਦਿ ਨੇ ਆਪਣੀਆਂ ਲਿਖਤਾਂ ਵਿੱਚ 'ਰਾਗਮਾਲਾ' ਆਲਮ ਦੀ ਕ੍ਰਿਤ 'ਮਾਧਵਾਨਲ ਕਾਮਕੰਦਲਾ' ਵਿੱਚੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿੱਚ ਗਈ ਹੋਈ ਦੱਸਿਆ ਹੈ। ਹੋਰਨਾਂ ਵਿਦਵਾਨਾਂ ਦੀਆਂ ਇਸ ਭਾਂਤ ਦੀਆਂ ਰਾਵਾਂ ਅੱਗੇ ਦਿੱਤੀਆਂ ਜਾ ਰਹੀਆਂ ਹਨ ਕਿ ਗੁਰੂ ਗ੍ਰੰਥ ਸਾਹਿਬ ਕੇ ਅੰਤ ਵਿੱਚ ਜੋ ਰਾਗਮਾਲਾ ਸਿਰਲੇਖ ਹੇਠ ਦੋਹੇ-ਚੌਪਈਆਂ ਹਨ ਉਹ ਆਲਮ ਦੀ ਰਚਨਾ 'ਮਾਧਵਾਨਲ ਕਾਮਕੰਦਲਾ' ਵਿੱਚੋਂ ਹਨ।

1. **ਪਰਸ਼ੂ ਰਾਮ ਚਤੁਰਵੇਦੀ :-**

ਪਰਸ਼ੂ ਰਾਮ ਚਤੁਰਵੇਦੀ ਭਗਤੀ ਮੱਤ ਦੇ ਮਹਾਨ ਪ੍ਰਸਿੱਧ ਵਿਦਵਾਨ ਮੰਨੇ ਜਾਂਦੇ ਹਨ, ਜਿਨ੍ਹਾਂ ਨੇ ਕਈ ਗ੍ਰੰਥ ਰਚੇ। ਉਹਨਾਂ ਨੇ ਵੀ "ਮੱਧਕਾਲੀਨ ਸ਼ਿੰਗਾਰਕ ਪ੍ਰਵਿਰਤੀਆਂ" ਵਿੱਚ ਆਲਮ ਬਾਰੇ ਹੇਠ ਲਿਖੇ ਅਨੁਸਾਰ 'ਰਾਗਮਾਲਾ' ਆਲਮ ਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਚੜ੍ਹੀ ਇਸ ਤਰ੍ਹਾਂ ਦੱਸਿਆ ਹੈ:-

"ਆਲਮ ਨੇ ਅਪਨੀ ਇਸ ਰਚਨਾ ਕੇ ਅੰਤਰਗਤ ਅੱਛਾ ਕਾਵਯ ਕੌਸ਼ਲ ਪ੍ਰਦਰਸ਼ਿਤ ਕੀਆ ਹੈ। ਇਨਕੇ ਰੂਪਕ ਕਹੀਂ ਕਹੀਂ ਅਤਿਅੰਤ ਸੁੰਦਰ ਹੈਂ। ਇਨਹੋਂ ਨੇ ਰਾਗੋਂ ਕੇ ਵਿਵਿਧ ਨਾਮ ਗਿਣਾਏ ਹੈਂ ਤਥਾ ਕ੍ਰਮਵਾਰ ਏਵੰ ਕਾਮ-ਸ਼ਾਸਤਰ ਕੀ ਰਹੱਸਮਈ ਬਾਤੋਂ ਕੇ ਭੀ ਉਲੇਖ ਕੀਯੇ ਹੈਂ। ***ਸਿੱਖੋਂ ਕੇ 'ਗੁਰੂ ਗ੍ਰੰਥ ਸਾਹਿਬ' ਕੇ ਅੰਤ ਮੇਂ ਕਹੀ ਗਈ 'ਰਾਗਮਾਲਾ' ਆਲਮ ਕੀ ਇਸ ਰਚਨਾ (ਮਾਧਵਾਨਲ ਕਾਮਕੰਦਲਾ) ਸੇ ਹੀ ਉਧ੍ਰਿਤ (ਨਕਲ) ਕਰ ਲੀ ਗਈ ਥੀ।*** ਇਸ ਪੁਸਤਕ ਕਾ ਪ੍ਰਧਾਨ ਰਸ ਸ਼ਿੰਗਾਰ ਰਸ ਹੀ ਹੈ।" ਭਗਤੀ ਮੱਤ ਕੇ ਸਾਗਰ ਮੇਂ ਐਸੀ ਸ਼ਿੰਗਾਰ ਰਸੀ ਰਚਨਾ ਕਾ ਆ ਜਾਨਾ ਅਸਚਰਜ ਕੀ ਬਾਤ ਹੈ।"

(ਮੱਧਕਾਲੀਨ ਸ਼ਿੰਗਾਰਕ ਪ੍ਰਵਿਰਤੀਆਂ), 1960 ਈ: ਸਫ਼ਾ 94-95

2. **ਧੀਰੇਂਦਰ ਵਰਮਾ :-**

ਧੀਰੇਂਦਰ ਵਰਮਾ ਜੋ ਯੂਨੀਵਰਸਿਟੀਆਂ ਦੇ ਉਪ-ਕੁਲਪਤੀ ਰਹੇ ਤੇ ਜੋ ਹਿੰਦੀ ਦੀ ਸਾਹਿੱਤਕ ਅਕੈਡਮੀ ਦੇ ਸੰਚਾਲਕ ਰਹੇ ਉਹਨਾਂ ਨੇ 'ਰਾਗਮਾਲਾ' ਬਾਰੇ ਇਉਂ ਲਿਖਿਆ ਹੈ :-

> "ਕਾਮਕੰਦਲਾ ਕੇ ਨ੍ਰਿਤਯ-ਗਾਨ ਵਰਣਨ ਮੇਂ ਕਵੀ ਨੇ ਅਪਨੇ ਸੰਗੀਤ ਗਿਆਨ ਕਾ ਵਿਸ਼ੇਸ਼ ਪਰਿਚਯ ਦੀਆ। ***ਯਹੀ ਅੰਸ਼, 'ਰਾਗਮਾਲਾ' ਨਾਮ ਸੇ 'ਗੁਰੂ ਗ੍ਰੰਥ ਸਾਹਿਬ' ਮੇਂ ਸੰਗਰਹਿਤ ਹੂਆ ਹੈ।'***

(ਹਿੰਦੀ ਸਾਹਿਤ ਕੋਸ਼), ਭਾਗ-2, ਪੰਨਾ-32,
ਗਿਆਨ ਮੰਡਲ ਲਿਮਟਿਡ ਵਾਰਾਨਸੀ 1963 ਈ:



www.AKJ.Org

3. **ਹਿੰਦੀ ਵਿਸ਼ਵਕੋਸ਼ (ਵਾਰਾਨਸੀ) :–**

> ***"ਸ਼ਹਿਨਸ਼ਾਹ ਅਕਬਰ ਕੇ ਸਮਕਾਲੀਨ ਸੂਫ਼ੀ ਕਵੀ ਆਲਮ ਜਿਨਕੀ ਰਚਨਾ 'ਮਾਧਵਾਨਲ ਕਾਮਕੰਦਲਾ' ਸੀਰਸ਼ਕ ਪ੍ਰੇਮਾਖਿਆਨ ਹੈ, ਇਸਕੇ ਅਤਿਰਿਕਤ ਯਹ ਭੀ ਕਹਾ ਜਾਤਾ ਹੈ ਕਿ 'ਗੁਰੂ ਗ੍ਰੰਧ ਸਾਹਿਬ' ਕੇ ਅੰਤ੍ਰਿਮ ਭਾਗ ਮੇਂ ਦੀ ਹੁਈ 'ਰਾਗਮਾਲਾ' ਮਾਧਵਾਨਲ ਕਾਮਕੰਦਲਾ (ਦੋ ਆਲਮ ਰਚਿਤ) ਕਾ ਅੰਸ਼ ਹੈ.... । ਔਰ ਅਕਬਰ ਕਾ ਸ਼ਾਸਨ ਕਾਲ ਸੰਨ 1605 ਈ: ਤੱਕ ਰਹਾ।"***

(ਹਿੰਦੀ ਵਿਸ਼ਵ ਕੋਸ਼, ਖੰਡ ੧, ਨਾਗਰੀ ਪ੍ਰਚਾਰਨੀ ਸਭਾ ਵਾਰਾਨਸੀ, ਨਵੀਨ ਸੰਸੋਧਕ–1973 ਈ: ਪੰਨਾ–445)

4. **ਭਾਰਤੀਯ ਸਾਹਿਤ ਕੋਸ਼ (ਸੰਪਾਦਕ ਡਾ: ਨਗੇਂਦਰ):–**

ਡਾ: ਨਗੇਂਦਰ ਜੀ ਉੱਚਕੋਟੀ ਦੀ ਵਿਦਵਾਨ ਹਸਤੀ ਮੰਨੇ ਜਾਂਦੇ ਹਨ, ਜੋ ਦਿੱਲੀ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਹੈਡ ਰਹੇ, ਉਹਨਾਂ ਦੀ 'ਰਾਗਮਾਲਾ' ਬਾਰੇ ਲਿਖਤ ਇਸ ਤਰ੍ਹਾਂ ਹੈ:–

***"ਯੇ (ਆਲਮ) ਬਾਦਸ਼ਾਹ ਅਕਬਰ ਕੇ ਸਮਕਾਲੀਨ ਥੇ........। ਆਲਮ ਪ੍ਰਾਰੰਭ ਸੇ ਹੀ ਏਕ ਵਿਖਿਆਤ ਕਵੀ ਰਹੇਂ ਹੈਂ। ਕਹਤੇ ਹੈਂ ਕਿ 'ਗੁਰੂ ਗ੍ਰੰਥ ਸਾਹਿਬ' ਕੇ ਅੰਤ੍ਰਿਮ ਭਾਗ ਮੇਂ ਦੀ ਹੂਈ 'ਰਾਗਮਾਲਾ' ਇਨਕੇ ਗ੍ਰੰਧ 'ਮਾਧਵਾਨਲ ਕਾਮਕੰਦਲਾ' ਕਾ ਅੰਸ਼ ਹੈ।*** ਆਲਮ ਕੀ ਖ਼ਿਆਤੀ ਅਧਿਕਤਰ (ਵਧੇਰੇ ਕਰਕੇ) ਮੁਕਤ ਕਾਵਿ ਕੇ ਕਾਰਨ ਮਾਨੀ ਜਾਤੀ ਹੈ।"

ਭਾਰਤੀਯ ਸਾਹਿਤਯ ਕੋਸ਼, ਪੰਨਾ–110 ਸੰਸਕਰਨ 1981 ਈ:

5. **ਹਿੰਦੀ ਭਾਸ਼ਾ ਏਵਮ ਸਾਹਿੱਤ ਵਿਸ਼ਵਕੋਸ਼**

"ਹਿੰਦੀ ਵਿੱਚ ਇੱਕ ਹੋਰ ਵਿਸ਼ਵਕੋਸ਼ (ਹਿੰਦੀ ਭਾਸ਼ਾ ਏਵੰ ਸਾਹਿੱਤ ਵਿਸ਼ਵਕੋਸ਼) ਮਿਲਦਾ ਹੈ, ਜਿਸ ਦੇ ਕਰਤਾ ਡਾ: ਗਣਪਤ ਚੰਦਰ ਡੀ.ਲਿਟ. ਹਨ। ਇਸ ਕੋਸ਼ ਦੇ ਖੰਡ–1 ਵਿੱਚ 'ਮਾਧਵਾਨਲ ਕਾਮਕੰਦਲਾ' ਵਿੱਚ ਆਈ ਰਾਗਮਾਲਾ ਬਾਰੇ ਇਸ ਤਰ੍ਹਾਂ ਲਿਖਿਆ ਹੈ :–

> ***"ਇਨਕੇ ਸਫੁਟ ਛੰਦ ਰਸਿਕ ਸਮੁਦਾਯ ਮੇ ਬਹੁਤ ਲੋਕਪ੍ਰਿਯ ਹੈਂ 'ਗੁਰੂ ਗ੍ਰੰਥ ਸਾਹਿਬ' ਮੇ ਅੰਤਿਮ .ਅੰਸ਼ ਮੇਂ 'ਮਾਧਵਾਨਲ ਕਾਮਕੰਦਲਾ' ਕੀ ਰਾਗਮਾਲਾ (ਨਾਮਕ) ਪ੍ਰਤਿਨਿੱਧ ਰਚਨਾ ਹੈ।"***

(ਹਿੰਦੀ ਭਾਸ਼ਾ ਏਵੰ ਸਾਹਿੱਤ, ਵਿਸ਼ਵਕੋਸ਼, ਖੰਡ–1) ਪੰਨਾ–77, ਪ੍ਰਥਮ 1995



www.AKJ.Org

6. **ਡਾ: ਜਗਦੀਸ਼ ਸ਼ਰਮਾ (ਹੋਡਲ) :**

ਡਾ: ਜਗਦੀਸ਼ ਸ਼ਰਮਾ, ਜਿਨ੍ਹਾਂ ਦੀ "ਆਲਮ ਜੀਵਨ ਔਰ ਕਥਾ" ਪੁਸਤਕ ਦੇ ਹਵਾਲੇ ਵੱਖਰੀ ਥਾਂ ਦੇ ਆਏ ਹਾਂ। ਉਨ੍ਹਾਂ ਨੇ 'ਰਾਗਮਾਲਾ' ਬਾਰੇ ਇਉਂ ਲਿਖਿਆ ਹੈ:-

> ***"ਇਸ ਰਾਗ-ਰਾਗਨੀ ਵਰਣਨ ਕੋ 'ਰਾਗਮਾਲਾ' ਕੇ ਨਾਮ ਸੇ ਸਿੱਖੋਂ ਕੇ ਪਵਿੱਤਰ ਗ੍ਰੰਥ 'ਗ੍ਰੰਥ ਸਾਹਿਬ' ਮੇਂ ਭੀ ਸਥਾਨ ਮਿਲਾ ਜੋ ਕਵੀਵਰ ਆਲਮ ਕੇ ਮਹੱਤਵ ਕਾ ਪ੍ਰਤਿਪਾਦਕ ਹੈ।"***

(1988 ਈ:) 'ਆਲਮ-ਵਿਲਾਸ' ਪੰਨਾ-30

7. **ਭਾਗੀਰਥ ਮਿਸ਼ਰ :-**

**ਭਾਗੀਰਥ ਮਿਸ਼ਰ ਬਨਾਰਸ ਦੇ ਉੱਚਕੋਟੀ ਦੇ ਵਿਦਵਾਨ ਹਨ ਅਤੇ** "ਹਿੰਦੀ ਸਾਹਿਤਯ ਕਾ ਬ੍ਰਿਹਤ ਇਤਿਹਾਸ" ਦੇ ਮੁੱਖ ਲੇਖਕ ਹਨ। ਉਹਨਾਂ ਨੇ 'ਰਾਗਮਾਲਾ' ਬਾਰੇ ਆਪਣੀ ਰਾਇ ਇਸ ਤਰ੍ਹਾਂ ਦਿੱਤੀ ਹੈ:-

> ***"ਗੁਰੂ ਗ੍ਰੰਧ ਸਾਹਿਬ' (ਆਦਿ ਗ੍ਰੰਥ) ਕੇ ਅੰਤ੍ਰਿਮ ਭਾਗ ਮੇਂ 'ਰਾਗਮਾਲਾ' ਨਾਮ ਸੇ ਉਪਲਬਧ ਰਚਨਾਏਂ ਆਲਮਕ੍ਰਿਤ 'ਮਾਧਵਾਨਲ ਕਾਮਕੰਦਲਾ' ਕਾ ਹੀ ਅੰਸ਼ ਹੈ।"***

(ਹਿੰਦੀ ਸਾਹਿੱਤਯ ਕਾ ਬ੍ਰਿਹਤ ਇਤਿਹਾਸ), ਭਾਗ 7, ਪੰਨਾ-67

ਜੋਧ ਕਵੀ ਦੇ ਕੱਚੀ ਸੰਸਕ੍ਰਿਤ ਵਿੱਚ ਘੜੇ ਗਏ ਛੰਦ, "ਸ਼ਿਵ ਸਿੰਹ ਸਰੋਜ" ਦੀ ਕੱਚੀ ਜਾਣਕਾਰੀ ਭਰੇ ਗ੍ਰੰਥ, ਨੂੰ ਆਧਾਰ ਮੰਨਣਾ, ਜਦੋਂ ਕਿ ਉਹ ਇੱਕ ਹਜ਼ਾਰ ਗ਼ਲਤੀਆਂ ਨਾਲ ਭਰਪੂਰ ਹੈ, ਜਿਨ੍ਹਾਂ ਵਿੱਚੋਂ ਇੱਕ ਵੱਡੀ ਗ਼ਲਤੀ, ਆਲਮ ਬਾਰੇ ਮੰਨੀ ਜਾਂਦੀ ਹੈ। ਲਫਜੀ ਚੱਕਰ ਅਤੇ ਹੋਰ ਕਾਲਪਨਿਕ ਨੁਮ੍ਹਣੇ ਆਪਣੇ ਮੱਤ ਨੂੰ ਪ੍ਰਗਟ ਕਰਨ ਲਈ ਰਚੇ ਤੇ ਜੋ ਲਭੇ ਸਨ, ਉਹਨਾਂ ਸਭਨਾ ਦਾ ਬਹੁਤ ਸਾਰਾ ਨਿਰੀਕਰਣ ਬੜੌਦਾ ਦੇ ਪ੍ਰੋਫੈਸਰ ਮੌਜ਼ਮਦਾਰ ਨੇ ਆਪਣੀ ਚਿੱਠੀ ਵਿੱਚ ਕਰ ਦਿੱਤਾ ਹੈ ਜੋ ਅਖ਼ਬਾਰ "ਅਕਾਲੀ" ਵਿੱਚ ਛਪੀ ਸੀ।

ਮੌਜ਼ਮਦਾਰ ਦੀ ਚਿੱਠੀ ਪੜ੍ਹ ਕੇ ਇੱਕ ਪੱਖੋਂ ਮਸਲਾ ਸਾਫ਼ ਹੋ ਜਾਂਦਾ ਹੈ ਕਿ ਜੋਧ ਕਵੀ ਦਾ ਕਿਸੇ ਹੱਥ-ਲਿਖਤ ਗ੍ਰੰਥਾਂ ਦੀ ਸੂਚੀ ਜਾਂ ਪੁਸਤਕਾਲਯ ਵਿੱਚ ਨਾਂ ਤੱਕ ਨਹੀਂ ਮਿਲਦਾ। "ਆਲਮ ਔਰ ਸਥਿਤੀ ਕਾਲ" ਲਈ ਪ੍ਰੋਫੈਸਰ ਮੌਜ਼ਮਦਾਰ ਦੀ ਚਿੱਠੀ ਅਰਥ-ਭਰਪੂਰ ਬਣ ਜਾਂਦੀ ਹੈ। ਉਨ੍ਹਾਂ ਨੇ ਜੋ ਪ੍ਰਸ਼ਨ ਕੀਤਾ ਸੀ ਜੋਧ ਕਵੀ ਦੀ ਰਚਨਾ ਪ੍ਰਾਚੀਨ ਕਿਸੇ ਪੁਸਤਕਾਲੇ ਜਾਂ ਕਿਸੇ ਨਿੱਜੀ ਲਾਇਬ੍ਰੇਰੀਆਂ ਤੋਂ ਤਾਂ ਹੁਣ ਤੱਕ ਪ੍ਰਗਟ ਨਹੀਂ ਹੋਈ। ਇਹ ਵੱਖਰੀ ਗੱਲ ਹੈ ਕਿ ਜਿਵੇਂ ਪਹਿਲਾਂ ਕੁੱਝ ਛੰਦ ਲਿਖਵਾਏ ਸਨ, ਇਸ ਤਰ੍ਹਾਂ ਦਾ ਕੋਈ ਨਕਲੀ ਖਰੜਾ ਕਿਤੇ ਬਣਾ ਰੱਖਿਆ ਹੋਵੇ, ਪਰ ਹਿੰਦੀ ਦੇ



www.AKJ.Org

ਵਿਦਵਾਨਾਂ ਨੇ ਤਾਂ 'ਮਾਧਵਾਨਲ ਕਾਮਕੰਦਲਾ' ਦੀਆਂ ਪੁਰਾਣੀਆਂ ਤੋਂ ਪੁਰਾਣੀਆਂ ਬੋਸਟਨ (ਯੂ. ਐਸ. ਏ.) ਤੱਕ ਦੀਆਂ ਪੋਥੀਆਂ ਵੀ ਪ੍ਰਾਪਤ ਕਰ ਲਈਆਂ ਹਨ, ਜਿਨ੍ਹਾਂ ਦੇ ਹਵਾਲੇ ਅਸੀਂ ਪਿੱਛੇ ਦੇ ਆਏ ਹਾਂ।

ਡਾ: ਬਲਬੀਰ ਸਿੰਘ, ਜੋ ਪ੍ਰਸਿੱਧ ਵਿਦਵਾਨ ਮੰਨੇ ਜਾਂਦੇ ਹਨ, ਜਿਨ੍ਹਾਂ ਨੇ "ਜੋਧ ਕਵੀ ਅਤੇ ਆਲਮ" ਇੱਕ ਕਿਤਾਬਚਾ ਲਿਖਿਆ। ਉਹਨਾਂ ਨੇ ਰਾਗਮਾਲਾ ਅਤੇ ਆਲਮ ਬਾਰੇ ਆਪਣੀ ਸਾਰੀ ਬਹਿਸ ਦਾ ਸਾਰ ਥੋੜ੍ਹੇ ਲਫ਼ਜ਼ਾਂ ਵਿੱਚ ਇਉਂ ਦਿੱਤਾ ਹੈ :-

> *"ਅਗਰ ਇਹ ਗੱਲ ਮੰਨ ਲਈ ਜਾਏ ਕਿ ਆਲਮ ਦਾ ਸਮਾਂ ਔਰੰਗਜ਼ੇਬ* ਵਾਲਾ ਸਮਾਂ ਹੈ ਤਾਂ ਰਾਗਮਾਲਾ ਦਾ ਸੁਆਲ ਆਪੇ ਹੱਲ ਹੋ ਜਾਂਦਾ ਹੈ ਪਰ ਮੁਸ਼ਕਲ ਉਸ ਵੇਲੇ ਪੈਂਦੀ ਹੈ ਜਿਸ ਵੇਲੇ ਕਿਹਾ ਜਾਏ ਕਿ ਆਲਮ ਔਰੰਗਜ਼ੇਬ ਦੇ ਵੇਲੇ ਨਹੀਂ ਹੋਇਆ। ਪ੍ਰੰਤੂ ਅਕਬਰ ਦੇ ਜਮਾਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਝਣ ਤੋਂ ਕੁਛ ਸਮਾਂ ਪਹਿਲੇ ਹੋਇਆ।"

(ਪੰਨਾ 42)

ਇਸ ਲਿਖਤ ਤੋਂ ਸਿੱਟਾ ਸੌ-ਫੀਸਦੀ ਸਾਹਮਣੇ ਆਉਂਦਾ ਹੈ ਕਿ ***ਆਲਮ ਔਰੰਗਜ਼ੇਬ ਦੇ ਸਮੇਂ ਨਹੀਂ ਹੋਇਆ। ਇਹ ਅਕਬਰ ਦੇ ਸਮੇਂ ਹੀ ਹੋਇਆ ਸੀ।*** ਦਿੱਤੀ ਜਾਣਕਾਰੀ ਅਨੁਸਾਰ ਡਾ: ਸਾਹਿਬ ਦੇ ਮੱਤ ਦੀ *'ਅਗਰ'* ਵਾਲੀ ਮੁਸ਼ਕਲ ਆਪਣੇ ਆਪ ਹੱਲ ਹੋ ਜਾਂਦੀ ਹੈ।

*'ਅਗਰ'* ਸ਼ਬਦ ਡਾ: ਸਾਹਿਬ ਨੇ ਸ਼ਾਇਦ ਏਸੇ ਲਈ ਵਰਤਿਆ ਸੀ ਕਿ ਆਲਮ ਬਾਰੇ ਸਾਹਿੱਤਕਾਰਾਂ, ਵਿਦਵਾਨਾਂ ਦੀਆਂ ਖੋਜਾਂ, ਪੁਰਾਤਨ ਹੱਥ ਲਿਖਤਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦੀਆਂ ਸ਼ਾਖਾਂ ਤੇ ਨਕਲਾਂ ਮੁੰਦਾਵਣੀ ਦੇ ਪ੍ਰਾਚੀਨ ਅਰਥ ਉਨ੍ਹਾਂ ਦੇ ਮੱਤ ਦਾ ਸਾਥ ਨਹੀਂ ਦੇ ਰਹੇ ਸਨ। ਇਸ ਲਈ ਉਹਨਾਂ ਨਿਸਚੇ ਕਰਕੇ ਕਹਿਣ ਦੀ ਥਾਂ, ਜੋ *'ਅਗਰ'* ਕਿਹਾ ਹੈ, ਹੁਣ ਇਹ ਦੁਬਿਧਾ ਆਪਣੇ ਆਪ ਖ਼ਤਮ ਹੋ ਜਾਦੀ ਹੋ ਜਦੋਂ ਕਿ ਸਾਰੇ ਦੇ ਸਾਰੇ ਹਿੰਦੀ ਦੇ ਵਿਦਵਾਨ ਆਲਮ ਕਵੀ ਦਾ ਸਮਾਂ ਅਕਬਰ ਸਮਕਾਲੀ ਮੰਨਦੇ ਹਨ।

ਡਾ: ਸਾਹਿਬ ਕਿਉਂਕਿ ਪੂਰਬੀ ਅਤੇ ਪੱਛਮੀ ਵਿੱਦਿਆ ਦੇ ਵਿਦਵਾਨ ਮੰਨੇ ਜਾਂਦੇ ਰਹੇ ਹਨ। ਇਸ ਲਈ ਇਹ ਢੁਕਵੀਂ ਗੱਲ ਹੋਵੇਗੀ ਕਿ ਜੇ ਉਹਨ੍ਹਾਂ ਦੇ ਸ਼ੰਕੇ ਨਵਿਰਤ ਕਰਨ ਵਾਲੀ ਖੋਜ ਦਾ ਸਾਰ ਅੰਗ੍ਰੇਜ਼ੀ ਵਿੱਚ ਛਾਪਿਆ ਜਾਵੇ ਤੇ ਦੂਜਾ "ਹਿੰਦੀ ਸਾਹਿੱਤ ਦਾ ਇਨਸਾਈਕਲੋਪੀਡੀਆ" ਸਾਹਮਣੇ ਰਖਿਆ ਜਾਵੇਂ। ਇਹ ਦਿੱਲੀ ਦੀ ਵੱਡੀ ਸਾਹਿੱਤ ਅਕੈਡਮੀ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਕਵੀ ਆਲਮ ਬਾਰੇ ਹੇਠ ਲਿਖੀ ਐਂਟਰੀ ਇਸ ਪ੍ਰਕਾਰ ਹੈ :-



www.AKJ.Org

ALAM (Hindi; b 1585, d. 1625) Tradition has it that he was born in a Brahmin family somewhere in Jaunpur (U.P) but he was so enamouured of the wit and poetic talent of a Muslim woman (dyer) that he embraced Islam. His creative period is supposed to fall between 1585 and 1625. The following four works are attributed to him; (1) *Madhavanal-Kamakandala* (a love romance in Avadhi); (2) *Sudama-Charitra* (a narrative of the friend ship of Krishna and Sudama); (3) *Shyamsanehi* (a poetic portrayal of Rukmini's marriage with Krishna) and (4) a collection of love-poems of Alam under various names *Alamkali, Alam Ke Kavitta, Kavitta-Chatussat* etc. The reputation of the poet, however rests on the last i.e. his love poems. He is at his best in these poems which deals with erotic sentiment. Unlike the language used by many of his contemporaries, his Brajbhasha is very refined, elegant and rich in the harmony of sense and sound.

ਡਾਕਟਰ ਸਾਹਿਬ ਜੀ ਦੇ ਪਾਏ ਭੁਲੇਖੇ ਉਹਨਾਂ ਦੇ ਕਥਨ ਅਨੁਸਾਰ ਆਪਣੇ ਆਪ ਖ਼ਤਮ ਹੋ ਜਾਂਦੇ ਹਨ; ਬੇਸ਼ੱਕ, "ਰਾਗਮਾਲਾ" ਨੂੰ ਆਲਮ ਚੋਰੀ ਕਰਕੇ ਨਹੀਂ ਲੈ ਕੇ ਗਿਆ; ਸਗੋਂ ਉਸਦੀ ਰਚਨਾ ਦੀ ਹੀ ਚੋਰੀ ਕੀਤੀ ਗਈ ਹੈ।

ਰਾਗਮਾਲਾ ਪੱਖੀ ਸਜਣ ਹੁਣ ਤੱਕ 'ਨਾਗਰੀ ਪ੍ਰਚਾਰਣੀ ਸਭਾ' ਦੇ ਗ੍ਰੰਥਾਂ, ਸ਼ਬਦ-ਕੋਸ਼ਾਂ ਦੇ ਹਵਾਲੇ ਦੇ-ਦੇ ਛਾਪਦੇ ਆ ਰਹੇ ਹਨ ਕਿ ਦੇਖੋ ਏਹਨਾਂ ਗ੍ਰੰਥਾਂ ਵਿੱਚ ਹਿੰਦੀ ਦੇ ਵਿਦਵਾਨਾਂ ਨੇ ਮੰਨਿਆ ਹੈ ਕਿ ਆਲਮ ਮੁਅੱਜ਼ਮ ਦੇ ਸਮੇਂ ਹੋਇਆ ਹੈ। ਹੁਣ ਆਲਮ ਬਾਰੇ ਹੋਈ ਪੂਰਨ ਖੋਜ ਤੋਂ ਬਾਅਦ 'ਨਾਗਰੀ ਪ੍ਰਚਾਰਣੀ ਸਭਾ' ਦੇ ਗ੍ਰੰਥਾਂ ਵਿੱਚ ਵੀ ਇਹ ਭੁੱਲ ਨਹੀਂ ਦੁਹਰਾਈ ਜਾ ਰਹੀ ਅਤੇ ਆਲਮ ਅਕਬਰ ਸਮਕਾਲੀ ਦਾ ਬੋਲਬਾਲਾ ਹੋ ਗਿਆ ਹੈ। ਜੋਧ ਕਵੀ ਬਾਰੇ ਡਾਕਟਰ ਮੌਜ਼ਮਦਾਰ ਦੀ ਵੰਗਾਰ ਦਾ ਕਿ "ਕੀ ਉਹ ਜੋਧ ਕਵੀ ਸੱਚ ਮੁੱਚ ਹੋਇਆ ਹੈ?" ਇਸ ਦਾ ਉੱਤਰ ਉਸ ਨੂੰ ਨਹੀਂ ਦਿੱਤਾ ਗਿਆ। ਜੇਕਰ, ਉਹਨਾਂ ਦਾ ਜਵਾਬ ਦਿੱਤਾ ਜਾਂਦਾ ਤਾਂ ਦੂਜੀ ਐਡੀਸ਼ਨ ਵਿੱਚ ਜ਼ਰੂਰ ਉਸਦੀ ਚਰਚਾ ਕਰਦੇ। ਡਾ: ਮੌਜ਼ਮਦਾਰ ਵੱਲੋਂ ਲਿਖੀ ਗਈ ਚਿੱਠੀ ਦਾ ਮੂਲ ਪਾਠ ਹੇ



www.AKJ.Org

ਠ ਲਿਖੇ ਅਨੁਸਾਰ ਹੈ :-

ਪ੍ਰੋ: ਮੌਜ਼ਮਦਾਰ ਨੇ 1942 ਈ: ਵਿੱਚ ਇੱਕ ਗ੍ਰੰਥ ਦੀ ਰਚਨਾ ਕੀਤੀ, ਜਿਸ ਨੂੰ ਬੜੌਦਾ ਯੂਨੀਵਰਸਿਟੀ ਵੱਲੋਂ 'ਮਾਧਵਾਨਲ ਪ੍ਰਬੰਧਮ' ਨਾਮ ਦੇ ਕੇ ਛਪਿਆ ਤੇ ਦੱਸਿਆ ਗਿਆ ਹੈ ਕਿ :-

"ਇਹ ਗਾਥਾ ਪੱਛਮੀ ਭਾਰਤ ਵਿੱਚ ਅਧਿੱਕ ਪ੍ਰਸਿੱਧ ਰਹੀ ਹੈ। ਮਰਾਠੀ ਭਾਸ਼ਾ ਵਿੱਚ ਇਸ ਨੂੰ ਬਹੁਤ ਦੇਰ ਬਾਅਦ ਅਨੁਵਾਦਿਤ ਕੀਤਾ ਗਿਆ। ਪ੍ਰੋਫੈਸ਼ਰ ਮੌਜ਼ਮਦਾਰ ਅਨੁਸਾਰ ਮੁਸਲਿਮ ਕਵੀ (ਆਲਮ) ਨੇ ਇਸ ਗਾਥਾ ਨੂੰ ਹਿੰਦੀ ਵਿੱਚ 'ਮਾਧਵਾਨਲ ਕਾਮਕੰਦਲਾ' (ਅਣਛਪੀ) ਦੇ ਸਿਰਲੇਖ ਹੇਠ 991 ਹਿਜਰੀ (ਸੰਮਤ 1640, 1584 ਈ:) ਨੂੰ ਲਿਖਿਆ।" ਉਨ੍ਹਾਂ ਨੇ ਵੇਰਵਾ ਦਿੰਦਿਆਂ ਦੱਸਿਆ ਹੈ ਕਿ ਅਕਬਰ ਦੁਆਰਾ ਆਪਣੀ ਗੁਜਰਾਤ ਉੱਪਰ ਵਿਜੇ ਤੋਂ ਇੱਕ ਦਹਾਕਾ ਬਾਅਦ ਰਾਜਾ ਬਿਕ੍ਰਮ ਅਤੇ ਭੋਜ ਜਿਹੀ ਸੋਭਾ ਨੂੰ ਚਿਰੰਜੀਵ ਰੱਖਣ ਲਈ ਮੰਤਰੀ ਟੋਡਰ ਮੱਲ ਦੀ ਪ੍ਰੇਰਨਾ ਨਾਲ ਇਸ ਗ੍ਰੰਥ ਦੀ ਰਚਨਾ ਹੋਈ। ਮੌਜ਼ਮਦਾਰ ਨੇ 'ਮਾਧਵਾਨਲ ਪ੍ਰਬੰਧਮ' ਨਾਮੀ ਕਿਤਾਬ ਵਿੱਚ ਆਲਮ ਦੀ ਰਚਨਾ ਨੂੰ ਗੱਜ-ਵੱਜ ਕੇ ਅਕਬਰ ਦੇ ਜ਼ਮਾਨੇ ਦੀ ਹੋਣ ਦਾ ਦੋ ਵਾਰ ਉਲੇਖ ਕੀਤਾ ਹੈ। ਆਲਮ ਪ੍ਰਤੀ ਪ੍ਰਸੰਗਕ ਦੋਹੇ ਨਾਇਕ ਜੀ ਦੇ ਲੇਖ ਵਿੱਚ ਆ ਚੁੱਕੇ ਹਨ। ਇਹ ਕਿਤਾਬ ਟੋਡਰ ਮੱਲ ਨੇ ਅਕਬਰ ਦੇ ਸਮੇਂ ਲਿਖਵਾਈ, ਜਿਸ ਵਿੱਚੋਂ ਹੇਠ ਲਿਖੇ ਵਾਕ ਮੋਜ਼ਮਦਾਰ ਦੇ ਲੇਖ ਵਿੱਚ ਜ਼ਰੂਰੀ ਸਮਝਦੇ ਦੁਬਾਰਾ ਪੁਸ਼ਟੀ ਵਜੋਂ ਦਿੱਤੇ ਜਾ ਰਹੇ ਹਨ :-

"ਜਗਪਤਿ ਰਾਜ ਕੋਟਿ ਜੁਗ ਕੀਜੈ। ਸਾਹ ਜਲਾਲ ਛਤਰਪਤਿ ਕਹੀਜੇ॥
ਦਿੱਲਪਤਿ ਅਕਬਰ ਸੁਰਤਾਨਾ। ਸਖਤ ਦੀਪ ਮੇਂ ਜਾਕੀ ਆਨਾ ॥
ਧਰਮ ਰਾਜ ਸਬ ਦੇਸ਼ ਚਲਾਵਾ। ਹਿੰਦੂ, ਤੁਰਕ ਪੰਥ ਸਬ ਲਾਵਾ ॥
ਆਗੇ ਨੇਓ ਮਹਾਂਮਤਿ ਮੰਤਰੀ। ਨ੍ਰਿਪ ਰਾਜਾ ਟੋਡਰ ਮੱਲ ਸ਼ੱਤਰੀ॥"

ਦੋਹਾ :-

*"ਜੋ ਮਤਿ ਬਿਕ੍ਰਮ ਭੋਜ ਕੀ, ਮੰਤਰ ਕਰਤ ਮਨ ਚੈਨ।*
*ਸੁਨਤ ਵੇਦ ਸੁਮਿਰਤ ਸਦਾ, ਪੁਨਯ ਕਰਤ ਦਿਨ ਰੈਨ॥"*

ਚੌਪਾਈ :-

*ਸੰਨ ਨੌ ਸੌ ਇਕਿਆਨਵੇਂ ਆਈ। ਕਰੋ ਕਥਾ ਅਬ ਬੋਲੋ ਤਾਈ ॥*
*ਕਹੋ ਬਾਤ ਸੁਨੋ ਸਭ ਲੋਗ। ਕਰੋ ਕਥਾ ਸਿਗਾਰ ਵਿਯੋਗ।*
*ਕੁਛ ਅਪਨੀ ਕੁਝ ਪ੍ਰਾਕ੍ਰਿਤੀ ਚੋਰੋਂ। ਜਥਾ ਸ਼ਕਤ ਕਰ ਅੱਛਰ ਜੋਰੋਂ॥*
*ਕਥਾ ਸੰਸਕ੍ਰਿਤ ਸੁਨਿ ਕੁਛ ਥੋਰੀ। ਭਾਸ਼ਾ ਬਾਂਧ ਚੌਪਈ ਜੋਰੀ॥*



www.AKJ.Org

ਦੋਹਾ :-

*ਮਾਧੋਨਲ ਸਭਗੁਨ ਚਤਰ। ਕਾਮਕੰਦਲਾ ਜੋਗ।*
*ਕਰੇ ਕਥਾ ਆਲਮ ਸੁਕਵਿ, ਉਤਪਤਿ ਬਿਰਹ ਵਿਯੋਗ॥*

(ਮਾਧਵਾਨਲ ਪ੍ਰਬੰਧਮ ਪ੍ਰਥਮ ਖੰਡ, ਭੂਮਿਕਾ ਪੰਨਾ-11)

ਪ੍ਰੋ: ਮੌਜ਼ਮਦਾਰ ਦੀ ਇਹ ਕਿਤਾਬ ਛਪ ਕੇ ਜਦੋਂ ਲਾਹੌਰ ਯੂਨੀਵਰਸਿਟੀ ਵਿੱਚ ਪਹੁੰਚੀ, ਜਿਸ ਵਿੱਚ ਸੰਸਕ੍ਰਿਤ, ਪ੍ਰਾਕ੍ਰਿਤ, ਗੁਜਰਾਤੀ ਤੇ ਅਪਭ੍ਰੰਸ਼ ਗ੍ਰੰਥਾਂ ਦੇ ਹਵਾਲੇ ਦਿੱਤੇ ਹੋਏ ਸਨ ਤਾਂ ਇਸ ਵਿਸ਼ੇ ਦੇ ਕੁੱਝ ਖੋਜੀਆਂ ਨੂੰ ਹੈਰਾਨੀ ਹੋਈ ਕਿ ਇਸ ਵਿੱਚ ਜੋਧ ਕਵੀ ਦਾ ਨਾਮ ਕਿਉਂ ਨਹੀਂ ਆਇਆ, ਕਿਉਂਕਿ ਕੁੱਝ ਲੋਕਾਂ ਨੇ ਆਲਮ ਨੂੰ ਉਲੱਥਾਕਾਰ ਤੇ ਜੋਧ ਕਵੀ ਨੂੰ ਮੂਲ ਲੇਖਕ ਪ੍ਰਚਾਰਨਾ ਆਰੰਭਿਆ ਹੋਇਆ ਸੀ। ਕੁੱਝ ਵਿਦਵਾਨਾਂ ਵੱਲੋਂ ਪ੍ਰੋਫੈਸਰ ਮੌਜ਼ਮਦਾਰ ਤੋਂ ਮੰਗ ਕੀਤੀ ਗਈ ਕਿ ਤੁਸੀਂ ਜੋਧ ਕਵੀ ਦੇ ਗ੍ਰੰਥ ਦਾ ਨਾਮ ਹੀ ਨਹੀਂ ਲਿਖਿਆ। ਜਿਸ ਬਾਰੇ ਪੰਜਾਬ ਵਿੱਚ ਕੁੱਝ ਲੋਕ ਚਰਚਾ ਕਰ ਰਹੇ ਹਨ। ਜੋਧ ਕਵੀ ਦੀ ਰਚਨਾ ਨੂੰ ਮੂਲ ਕ੍ਰਿਤ ਸਮਝ ਕੇ ਆਲਮ ਦੇ ਗ੍ਰੰਥ ਨੂੰ ਉਸਦਾ ਅਨੁਵਾਦ ਮਾਤਰ ਦੱਸਦੇ ਹਨ। ਪ੍ਰੋ: ਮੌਜ਼ਮਦਾਰ ਲਿਖਦੇ ਹਨ ਕਿ ਏਸ ਖ਼ਾਸ ਪ੍ਰੀਤ-ਕਹਾਣੀ ਨੂੰ ਹਿੰਦੀ ਵਿੱਚ ਲਿਖਣਾ ਏਸ ਕਰਕੇ ਭੀ ਸਿੱਧ ਹੁੰਦਾ ਹੈ ਕਿਉਂ ਜੋ ਅਕਬਰ ਦੇ ਓਸ ਸਮੇਂ ਦੇ ਬੁਲੰਦ ਹਿੰਮਤ ਤੇ ਬਹਾਦਰਾਨਾ ਕਾਰਨਾਮੇ ਵਿਕਰਮਾਦਿੱਤ ਦੇ ਕਾਰਨਾਮਿਆਂ ਨਾਲ ਸੋਹਣੀ ਤਰ੍ਹਾਂ ਟਕਰਾ ਸਕਦੇ ਸਨ। ਆਲਮ ਦੀ ਕਵਿਤਾ ਦਾ ਇਹ ਮੁੱਢਲਾ ਹਿੱਸਾ ਮੈ ਆਪਣੇ ਗ੍ਰੰਥ ਦੇ ਮੁੱਖ-ਬੰਧ ਵਿੱਚ ਫੁੱਟ ਨੋਟ ਵਜੋਂ ਦਿੱਤਾ ਹੈ। ਉਸ ਵਿੱਚ ਦੱਸਿਆ ਗਿਆ ਹੈ ਕਿ ਰਚਨਾ ਕਰਨ ਦਾ ਸਮਾਂ 991 ਹਿਜਰੀ ਅਥਵਾ ਸੰਮਤ 1640 ਅਤੇ 1584 ਈਸਵੀ ਵਿੱਚ ਆਈਆਂ ਸਮਕਾਲੀ ਇਤਿਹਾਸਕ ਗਵਾਹੀਆਂ ਨਾਲ ਮੇਲ ਖਾਂਦਾ ਹੈ।

ਆਲਮ ਦੇ ਸਮੇਂ ਸਬੰਧੀ 'ਮਿਸ਼ਰ ਬੰਧੂ ਵਿਨੋਦ' (ਜਿਲਦ ਦੂਜੀ ਐਡੀਸ਼ਨ ਸੰਮਤ 1984) ਸਫ਼ਾ 532-33 ਵੇਖਣ ਦੀ ਕ੍ਰਿਪਾਲਤਾ ਕਰੋ ਜੀ, ਜਿੱਥੇ ਕਰਤਾ ਕਿਸੇ ਕਿਸਮ ਦੀ ਭੁੱਲ ਤੋਂ ਬਚਣ ਲਈ ਦੋ ਆਲਮ ਦੱਸਦਾ ਹੈ। ਇੱਕ ਜੋ ਅਕਬਰ ਦੇ ਸਮੇਂ ਹੋਇਆ ਤੇ ਦੂਜਾ ਔਰੰਗਜ਼ੇਬ ਦੇ ਸਮੇਂ। ਮੇਰਾ ਆਪਣਾ ਖ਼ਿਆਲ ਹੈ ਕਿ ਇਹ ਨੋਟ 1903 ਅਤੇ 1904 ਦੇ ਸਮੇਂ ਦੇ ਹਿੰਦੀ ਖਰੜਿਆਂ ਦੀ ਖੋਜ ਦੀ ਰਿਪੋਰਟ ਵਿੱਚ ਦਿੱਤੀ ਅਸਲੀ ਕਵਿਤਾ ਦੇ ਵਾਚਿਆਂ ਬਿਨਾ ਐਵੇਂ ਸੁਣੇ-ਸੁਣਾਏ ਹੀ ਲਿਖ ਦਿੱਤਾ ਗਿਆ ਹੈ, ਨਹੀਂ ਤਾਂ ਮਾਧਵ ਕਥਾ ਦਾ ਕਰਤਾ ਆਲਮ ਨਾਗਰੀ ਪ੍ਰਚਾਰਨੀ ਸਭਾ ਦੇ ਇੱਕਠੇ ਕੀਤੇ ਖਰੜਿਆਂ ਦੇ ਆਧਾਰ ਤੇ ਅਵੱਸ਼ ਹੀ ਅਕਬਰ ਦੇ ਸਮੇਂ ਹੋਇਆ ਮੰਨਿਆ ਜਾਂਦਾ। ਆਲਮ ਦੇ ਸਮੇਂ ਸਬੰਧੀ ਇਹ ਰਾਇ ਮੈਂ ਨਿਰੀ ਇਨ੍ਹਾਂ ਖਰੜਿਆਂ ਦੇ ਆਧਾਰ ਤੇ ਹੀ ਬਣਾਈ ਹੈ ਜੋ ਬੀਕਾਨੇਰ ਫੋਰਟ ਲਾਇਬ੍ਰੇਰੀ ਦੇ ਖਰੜਿਆਂ ਨਾਲ ਮਿਲਾਏ ਜਾ ਚੁੱਕੇ ਹਨ। ਮੈਂ 'ਬ੍ਰਿਹਤ ਸ਼ਬਦ ਸਾਗਰ' ਅਤੇ 'ਸ਼ਿਵ ਸਿੰਘ ਸਰੋਜ' ਵਿੱਚ



www.AKJ.Org

ਪ੍ਰਗਟਾਏ ਖ਼ਿਆਲਾਂ ਸਬੰਧੀ ਕੁੱਝ ਨਹੀਂ ਕਹਿ ਸਕਦਾ ਕਿਉਂ ਜੋ ਉਹ ਕਾਫ਼ੀ ਸੁਧਾਈ ਦੇ ਮੁਥਾਜ ਹਨ। (ਹੁਣ ਇਹ ਪੂਰੀ ਖੋਜ ਪਿੱਛੋਂ, ਸੋਧੇ ਜਾ ਚੁੱਕੇ ਹਨ। ਇਹਨਾਂ ਦਾ ਮਤ ਮੌਜ਼ਮਦਾਰ ਵਾਲਾ ਹੀ ਹੈ। (ਲੇਖਕ)

ਮੇਰੇ ਪਾਸ ਆਲਮ ਦੀ ਮਾਧਵ ਕਥਾ ਦੀ ਛਪੀ ਹੋਈ ਇੱਕ ਪੂਰੀ ਕਾਪੀ ਹੈ ਜੋ ਕਿ ਦੋ ਖਰੜਿਆਂ ਤੋਂ ਤਿਆਰ ਕੀਤੀ ਗਈ ਹੈ। ਪਹਿਲਾ ਨਾਗਰੀ ਪ੍ਰਚਾਰਨੀ ਸਭਾ ਅਤੇ ਦੂਜਾ ਥੀਕਾਨੇਰ ਫੋਰਟ ਲਾਇਬਰੇਰੀ ਤੋਂ। ਦੂਜਾ ਖਰੜਾ ਇਸੇ ਕਰਕੇ ਵਧੇਰੇ ਧਿਆਨ ਯੋਗ ਹੈ, ਕਿਉਂ ਜੋ ਇਹ ਇੱਕ ਪ੍ਰਤਿਸ਼ਠ ਸੰਗ੍ਰਹਿ ਕਾਪੀ ਹੈ, ਜਿਸ ਵਿੱਚ ਪਹਿਲੋਂ ਗਨਪਤੀ 'ਮਾਧਵ ਪ੍ਰਬੰਧ' ਸੰਮਤ 1616 ਅਤੇ ਆਲਮ ਦੀ ਮਾਧਵ ਕਥਾ 1640 ਰਚਨ ਕਾਲ ਅਨੁਸਾਰ ਦਰਜ ਹਨ। ਪਹਿਲੇ ਦੋ, ਮੇਰੀ ਪੁਸਤਕ ਵਿੱਚ ਛਪੇ ਹਨ। ਆਲਮ ਦੀ ਰਚਨਾ ਜਗ੍ਹਾ ਦੀ ਥੁੜ੍ਹ ਕਰਕੇ ਨਹੀਂ ਛਾਪੀ ਜਾ ਸਕੀ।

ਪੁਸਤਕ ਦੇ ਰਚਨ ਕਾਲ ਨੂੰ ਅਗਾਹਾਂ ਨੀਯਤ ਕਰਨ ਦੇ ਹੱਕ ਵਿੱਚ ਆਪ ਜੀ ਦੇ ਕਿਤਾਬੀ ਹਵਾਲਿਆਂ ਤੋਂ ਕੱਢੇ ਸਿੱਟੇ ਮੇਰੇ ਖ਼ਿਆਲ ਵਿੱਚ ਖੜੋਣ ਯੋਗ ਨਹੀਂ ਹਨ। ਕੀ *ਇਹ ਕਵਿਤਾ ਦਾ ਕੋਈ ਤੀਸਰਾ ਖਰੜਾ ਹੈ?* ਖ਼ੈਰ? ਇਨ੍ਹਾਂ ਨੂੰ ਇਸ ਤਰ੍ਹਾਂ ਪੜ੍ਹੋ :-

*(ੳ) 'ਕਥਾ' ਨਹੀਂ 'ਗਾਥਾ', 'ਸੰਸਕ੍ਰਿਤ' ਨਹੀਂ 'ਸਹਿਸਕ੍ਰਿਤ'।*

*(ਅ) ਕੁਛ ਅਪਨੀ ਕੁਛ, 'ਪ੍ਰਾਕ੍ਰਿਤ ਚੋਰੋਂ' ਨਹੀਂ, 'ਪ੍ਰਾਕ੍ਰਿਤ ਜੋਰੋਂ।'*

ਹੁਣ ਰਚਨ ਕਾਲ ਵਾਲੀ ਦੱਸਣ ਵਾਲੀ ਤੁਕ ਇਸ ਤਰ੍ਹਾਂ ਹੈ :-

*ਸਨ ਨੌ ਸੌ ਇਕਆਵਨਯ ਆਈ (ਆਹੀ)।*
*ਕਰੋ (ਰਚੋ) ਕਥਾ ਅਬ ਬੋਲੋ ਤਾਈ (ਤਾਹੀ)*

(ਬੀਕਾਨੇਰੀ ਖਰੜੇ ਵਿੱਚੋਂ)

ਆਪ ਦੇ 'ਆਹੀ' ਤੇ 'ਤਾਹੀ' ਦੇ ਅਰਥ ਮੈਨੂੰ ਧੂ-ਘੜੀਸ ਕੇ ਘੜੇ ਜਾਪਦੇ ਹਨ ਜੋ ਕਿ ਉਪਰੋਕਤ ਇਤਿਹਾਸਕ ਵਾਕਿਆਤਾਂ ਅੱਗੇ ਉੱਕਾ ਹੀ ਨਿਰਮੂਲ ਹਨ। ਆਪ ਜੀ ਦੇ ਕਥਨ ਮੁਤਾਬਕ 1774 ਈਸਵੀ ਦਾ ਖਰੜਾ ਕਿਉਂ ਜੀ, ਇਹ ਕਵਿਤਾ ਨਕਲ ਕਰਨ ਦੀ ਤਾਰੀਖ਼ ਹੈ ਜਾਂ ਕਵਿਤਾ ਰਚਣ ਦੀ? ਲੋੜੀਂਦੀ ਦੇਖ-ਭਾਲ ਤੋਂ ਬਾਅਦ ਮੈਨੂੰ ਭੀ ਇਸ ਨੁਕਤੇ ਸਬੰਧੀ ਜਾਣੂ ਕਰਾਉਣ ਦੀ ਕ੍ਰਿਪਾਲਤਾ ਕਰਨਾ ਜੀ।"

ਜਿਨ੍ਹਾਂ ਵਿਅਕਤੀਆਂ ਰਾਹੀਂ ਚਿੱਠੀ ਪੱਤਰ ਹੋ ਰਿਹਾ ਸੀ, ਉਹ ਇਸ ਦਾ ਕੋਈ ਜਵਾਬ ਨਹੀਂ ਦੇ ਸਕੇ ਅਤੇ ਕਿਤਾਬ ਦੀ ਦੂਜੀ ਐਡੀਸ਼ਨ ਸੰ: 1981 ਈ: ਨੂੰ ਪਹਿਲੇ ਰੂਪ ਵਿੱਚ ਹੀ ਛਾਪੀ ਜਾਣਾ ਇਸ ਦਾ ਪ੍ਰਮਾਣ ਹੈ।

***ਕੀ ਜੋਧ ਕਵੀ ਨੇ ਸੰਸਕ੍ਰਿਤ ਵਿੱਚ ਕਾਮਕੰਦਲਾ ਕਿਤਾਬ ਵੀ ਲਿਖੀ ਹੈ?***



www.AKJ.Org

ਇਹ ਇੱਕ ਉਹ ਪ੍ਰਸ਼ਨ ਹੈ, ਜਿਸ ਦਾ ਜਵਾਬ 'ਰਾਗਮਾਲਾ' ਨੂੰ ਗੁਰਬਾਣੀ ਮੰਨਣ ਤੇ ਮਨਾਉਣ ਵਾਲੇ ਨਹੀਂ ਦੇ ਸਕਦੇ। ਕਿਉਂਕਿ ਜਵਾਬ ਵਿੱਚ ਘਰੇ-ਰਚੇ ਕੱਚੇ ਸਲੋਕ ਅਤੇ ਉਹਨਾਂ ਵਿੱਚ ਦਿੱਤੇ ਗਏ ਪ੍ਰਸੰਗ ਕਿਸੇ ਵੀ ਲਾਇਬ੍ਰੇਰੀ ਦੇ ਗ੍ਰੰਥ ਵਿੱਚ ਨਹੀਂ, ਨਾ ਹੀ ਉਹ ਕਿਸੇ ਵਿਦਵਾਨ ਪਾਸ ਹਨ। ਇਹ ਕਲਪਨਾ ਓਦੋਂ ਉੱਕੀ ਹੀ ਬੇ-ਅਰਥੀ ਹੋ ਜਾਂਦੀ ਹੈ, ਜਦੋਂ 'ਮਾਧਵਾਨਲ ਕਾਮਕੰਦਲਾ' ਦੀਆਂ ਹੱਥ-ਲਿਖਤ ਪੋਥੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਤੋਂ ਪਹਿਲਾਂ ਦੀਆਂ ਮਿਲ ਰਹੀਆਂ ਹਨ। ਇਹ ਹੱਥ-ਲਿਖਤ ਪੁਸਤਕਾਂ ਇਸ ਵੇਲੇ ਲਖਨਊ ਦੇ ਯਾਗਯਕ ਪੰਡਤਾਂ ਦੀ ਇੱਕ ਘਰੋਗੀ ਖੋਜ ਸੰਸਥਾ ਵਿੱਚ ਪਈਆਂ ਹਨ। ਦੂਜੀਆਂ ਪ੍ਰਾਚੀਨ ਕਾਪੀਆਂ ਵਿੱਚ ਇਲਾਹਾਬਾਦ, ਦੂਜਾ ਮੱਧ ਪ੍ਰਦੇਸ਼, ਤੀਜੀਆਂ ਕੁੱਝ ਪੋਥੀਆਂ ਬੀਕਾਨੇਰ (ਰਾਜਸਥਾਨ) ਵਿੱਚ ਹਨ, ਜਿਨ੍ਹਾਂ ਦਾ ਵਰਨਣ ਡਾ: ਮੌਜ਼ਮਦਾਰ ਨੇ ਵੀ ਕੀਤਾ ਹੈ।

ਸਾਡੇ ਵੱਡੇ ਸਹਿਤਕਾਰ ਨੂੰ ਪਤਾ ਨਹੀਂ ਕਿਸ ਕਾਰਨ ਇਹ ਕਹਿਣਾ ਪਿਆ ਕਿ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ 'ਸੂਰਜ ਪ੍ਰਕਾਸ਼' ਦੇ ਲਿਖਾਰੀ ਨੇ ਆਲਮ ਬਾਰੇ ਪੂਰੀ ਖੋਜ ਪੜਤਾਲ ਕਰਕੇ ਨਹੀਂ ਲਿਖਿਆ। ਅਸੀਂ ਪਹਿਲਾਂ ਸਰਲ ਤਰੀਕੇ ਨਾਲ ਕਵੀ ਆਲਮ ਦੇ ਪ੍ਰਾਚੀਨ ਹੋਣ ਬਾਰੇ ਚਰਚਾ ਕੀਤੀ ਹੈ। ਜਿਨ੍ਹਾਂ ਵਿਦਵਾਨਾਂ ਨੇ ਕਵੀ ਆਲਮ ਉੱਤੇ ਖੋਜਾਂ ਕੀਤੀਆਂ, ਉਹ ਪੂਰੀਆਂ ਹੀ ਕੀਤੀਆਂ ਹਨ। ਉਹਨਾਂ ਖੋਜੀਆਂ ਦੀ ਇਹ ਖੋਜ 70 ਵਰ੍ਹੇ ਤੋਂ ਚੱਲ ਰਹੀ ਹੈ। ਪਿਛਲੇ 15-20 ਸਾਲਾਂ ਵਿੱਚ ਇਸ ਨੇ ਆਪਣੇ ਰੂਪ ਨੂੰ ਨਿਖਾਰਿਆ ਹੈ ਅਤੇ ਸਾਰੇ ਵਿਦਵਾਨ ਜੋ ਵੱਖਰੇ 2 ਮੱਤ ਰੱਖਦੇ ਸਨ, ਇੱਕ 2 ਕਰਕੇ ਇਸ ਸਚਾਈ ਦੇ ਧਾਰਨੀ ਹੋ ਗਏ ਹਨ ਕਿ ਕਵੀ ਆਲਮ ਅਕਬਰ ਸਮਕਾਲੀ ਸੀ, ਉਸ ਨੇ 'ਮਾਧਵਾਨਲ ਕਾਮਕੰਦਲਾ' ਗ੍ਰੰਥ ਰਚਿਆ। ਜਿਸ ਵਿੱਚ ਸੰਗੀਤ ਦੀ ਜਾਣਕਾਰੀ ਦੱਸਣ ਲਈ ਆਪਣੀ ਪਾਤਰ ਦੇ ਮੂਹੋਂ ਰਾਗਾਂ ਦਾ ਗਾਇਨ ਕਰਵਾਇਆ। ਜਿਸ ਤਰ੍ਹਾਂ ਹਿੰਦੀ ਦੇ ਵਿਦਵਾਨਾਂ ਨੇ ਲਿਖਿਆ ਹੈ, ਉਹ ਅਸੀਂ ਉੱਪਰ ਦੱਸ ਆਏ ਹਾਂ।

ਹਿੰਦੀ ਦੇ ਵਿਦਵਾਨਾਂ ਨੇ ਜਿਵੇਂ ਦੱਸਿਆ ਕਿ ਆਲਮ ਨੇ 'ਮਾਧਵਾਨਲ ਕਾਮਕੰਦਲਾ' ਗ੍ਰੰਥ, ਕਿੱਸੇ ਦੇ ਰੂਪ ਵਿੱਚ 40-50 ਸਾਲ ਦੀ ਉਮਰ ਵਿੱਚ ਲਿਖਿਆ। ਉਸ ਵੇਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਬੀੜ ਦੇ ਰੂਪ ਵਿੱਚ ਪ੍ਰਕਾਸ਼ਮਾਨ ਹੀ ਨਹੀਂ ਹੋਏ ਸਨ। 'ਮਾਧਵਾਨਲ ਕਾਮਕੰਦਲਾ' ਵਿੱਚ ਰਾਗਮਾਲਾ ਭਾਗ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ 20-21 ਸਾਲ ਪਹਿਲਾਂ ਲਿਖਿਆ ਜਾ ਚੁੱਕਾ ਸੀ, (ਰਾਗਾਂ ਦੀ ਨਾਮਾਵਲੀ, ਜਿਸ ਨੂੰ 'ਰਾਗਮਾਲਾ' ਦਾ ਸਿਰਲੇਖ ਦਿੱਤਾ ਗਿਆ ਹੈ।)

ਲੇਖਕ ਨੇ 'ਮਾਧਵਾਨਲ ਕਾਮਕੰਦਲਾ' ਦੀਆਂ ਪੁਰਾਤਨ ਹੱਥ-ਲਿਖਤ ਪੋਥੀਆਂ ਦੇਖੀਆਂ ਹਨ। ਅਸੀਂ ਯਤਨਸ਼ੀਲ ਰਹੇ ਹਾਂ ਕਿ ਪੁਸਤਕ ਦੇ ਏਸੇ ਐਡੀਸ਼ਨ ਵਿੱਚ ਉਨ੍ਹਾਂ ਪੋਥੀਆਂ ਦੇ ਚਿੱਤ੍ਰ ਦਿੱਤੇ ਜਾਣ।



www.AKJ.Org

***ਰਾਗਮਾਲਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਕਿਵੇਂ ਆਈ?***

'ਗੁਰਬਿਲਾਸ ਪਾਤਸ਼ਾਹੀ ਛੇਵੀ' ਨੇ ਭਾਈ ਬੰਨੋ ਦੀ ਬੀੜ ਵਿੱਚ ਵਾਧੂ ਬਾਣੀਆਂ ਕਿਵੇਂ ਆਈਆਂ, ਦਾ ਇਹ ਪ੍ਰਮਾਣ ਦਿੱਤਾਂ ਹੈ :-

*"ਬਾਣੀ ਕੁਛ ਕੁ ਵਧੀਕ ਲਿਖਾਈ।*
*ਸਿਖਨ ਤੇ ਸੋ ਪੋਥੀ ਪਾਈ॥"*

ਜਿਹੜੀ ਬਾਣੀ (ਵਾਧੂ) ਭਾਈ ਬੰਨੋ ਨੇ ਆਪਣੀ ਬੀੜ ਤਿਆਰ ਕਰਨ ਸਮੇਂ ਪਾਈ, ਉਹ ਕੁੱਝ ਪਹਿਲਾਂ ਲਿਖੀਆਂ ਪੋਥੀਆਂ ਵਿੱਚੋਂ ਸੀ। ਇਹੋ ਕਾਰਨ ਹੈ ਕਿ ਜਿਨ੍ਹਾਂ ਬੀੜਾਂ ਵਿੱਚ ***"ਜਪੁ ਗੁਰੂ ਰਾਮਦਾਸ ਜੀਉ ਕਿਆਂ ਦਸਤਖਤਾਂ ਕੀ ਨਕਲੁ"*** ਲਿਖਿਆ ਹੈ, ਉਹ ਬੀੜਾਂ ਵਾਧੂ ਬਾਣੀਆਂ ਤੋਂ ਰਹਿਤ ਹਨ ਤੇ ਉਹਨਾਂ ਦਾ ਭੋਗ ਵੀ 'ਮੁੰਦਾਵਣੀ' ਉੱਤੇ ਪੈਂਦਾ ਹੈ। ਦੂਜੀਆਂ ਬੀੜਾਂ ਜਿਨ੍ਹਾਂ ਵਿੱਚ ***"ਜਪੁ" ਦੇ ਨਾਲ "ਨਕਲੁ ਕਾ ਨਕਲੁ ਦਾ ਨਕਲ"*** ਆਦਿ ਲਿਖਿਆ ਹੈ, ਉਹਨਾਂ ਵਿੱਚ ਸਾਰੀਆਂ ਵਾਧੂ ਬਾਣੀਆਂ ਲਿਖੀਆਂ ਮਿਲਦੀਆਂ ਹਨ।

ਤੀਜੀ ਸ਼ਾਖ ਲਾਹੌਰੀ ਬੀੜਾਂ ਦੀ ਹੈ, ਜੋ ਬਹੁਤੀ ਪ੍ਰਚੱਲਤ ਨਹੀਂ ਹੋਈ। ਉਹਨਾਂ ਵਿੱਚ ਵੀ ਵਾਧੂ ਬਾਣੀਆਂ ਨਹੀਂ। ਭੋਗ ਦੀਆਂ ਬਾਣੀਆਂ ਦਾ ਕੁੱਝ ਕੁ ਭੇਦ ਹੈ। ਗੱਲ ਤਾਂ ਇਤਨੀ ਹੀ ਸੀ ਕਿ ਆਦਿ ਬੀੜ ਦੀ ਸ਼ਾਖ ਦੀਆਂ ਬੀੜਾਂ ਅਨੁਸਾਰ, ਹੋਰ ਬੀੜਾਂ ਲਿਖੀਆਂ ਜਾਂਦੀਆਂ ਤਾਂ ਆਦਿ ਬੀੜ ਦੀ ਪ੍ਰਥਾ ਵਧਦੀ ਰਹਿੰਦੀ। ਕਿਉਂਕਿ, ਉਹ ਬੀੜ ਸੁਲੱਭ ਨਹੀਂ ਸੀ। ਲਿਖਣ ਵਾਲੇ ਆਪੋ-ਆਪਣੀ ਮੱਤ ਵਰਤਦੇ ਰਹੇ। ਕੁਝ ਬੀੜਾਂ ਵਿੱਚ ਭਾਈ ਬੰਨੋ ਦੀ ਬੀੜ ਨਾਲੋਂ ਵੀ ਬਹੁਤ ਸਾਰੀਆਂ ਹੋਰ ਵਾਧੂ ਬਾਣੀਆਂ ਹਨ। ਬੀੜਾਂ ਦੀ ਇਕ ਹੋਰ ਵੱਖਰੀ ਕਿਸਮ ਜਿਸ ਵਿੱਚ ਹਰ ਰਾਗ ਦਾ ਤਤਕਰਾ ਰਾਗ ਦੇ ਅਰੰਭ ਵਿੱਚ ਦਿਤਾ ਮਿਲਦਾ ਹੈ। ਲਿਖਣ ਵਾਲਿਆਂ ਨੂੰ ਜਾਪਦਾ ਹੈ ਜਿਵੇਂ ਇਹ ਵੀ ਪਤਾ ਨਹੀਂ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਰਾਗਾਂ ਅਨੁਸਾਰ ਸੈਂਚੀਆਂ ਵਿੱਚ ਨਹੀਂ ਵੰਡਿਆ ਜਾ ਸਕਦਾ ਜਿਨ੍ਹਾਂ ਵਿੱਚ ਹਰ ਰਾਗ ਦੇ ਸ਼ਬਦਾਂ ਦਾ ਤਤਕਰਾ ਵੱਖਰਾ ਲਿਖਿਆ ਜਾਏ। ਅਜੇਹੀਆਂ ਬੀੜਾਂ ਪਟਨਾ ਸਾਹਿਬ 'ਤੋਸ਼ੇਖ਼ਾਨੇ' ਵਿੱਚ ਕਾਫੀ ਹਨ।

ਸਾਡੇ ਪਾਸ ਆਦਿ ਬੀੜ ਦੀ ਸ਼ਾਖ ਵਿੱਚੋਂ ਇੱਕ ਅਜੇਹੀ ਤਸਦੀਕ ਸ਼ੁਦਾ ਬੀੜ ਪ੍ਰਾਪਤ ਹੈ, ਜਿਸ ਦਾ ਅੱਖ਼ਰ-ਅੱਖ਼ਰ ਆਦਿ ਬੀੜ ਨਾਲ ਸੋਧਿਆ ਹੋਇਆ ਤੇ ਸੁਧਾਈ ਬੜੀ ਬਾਰੀਕ-ਬੀਨੀ ਤੇ ਰੀਝਾਂ ਨਾਲ ਕੀਤੀ ਹੋਈ ਹੈ। ਸ਼ਬਦਾਂ ਦੇ ਤਤਕਰੇ ਤੇ ਰਾਗਾਂ ਦੇ ਤਤਕਰਿਆਂ ਤੇ ਅੰਤ ਵਿੱਚ ਭੋਗ ਮੁੰਦਾਵਣੀ ਉੱਤੇ ਹੈ।

ਭੋਗ ਦਾ ਮਹੱਤਵ ਨਾ ਸਮਝਣ ਵਾਲੇ ਲਿਖਾਰੀਆਂ ਨੇ ਬੀੜਾਂ ਵਿੱਚ ਵਾਧੂ ਬਾਣੀਆਂ ਦਾ ਵੀ ਇੱਕ ਇੱਕ ਧੁਰਵਾ ਨਹੀਂ ਰੱਖਿਆ, ਜਿਵੇਂ ਹਜੂਰ ਸਾਹਿਬ ਤੇ ਪਟਨਾ ਸਾਹਿਬ ਦੀਆਂ ਹਜੂਰੀ ਬੀੜਾਂ ਦੀ ਸਮਾਪਤੀ ਵਖੋ ਵਖਰੀ ਕੀਤੀ ਗਈ ਹੈ।



www.AKJ.Org

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਅੰਤਮ ਮੰਗਲ 'ਮੁੰਦਾਵਣੀ' ਅਤੇ ਸ਼ੁਕਰਾਨੇ ਦਾ ਸਲੋਕ ***"ਤੇਰਾ ਕੀਤਾ ਜਾਤੋ ਨਾਹੀ"*** ਲਿਖਿਆ, ***"ਰਹਿਤ ਨਾਮਿਆਂ"*** ਵਿੱਚ ਵੀ ਇਹੋ ਸੂਚਨਾ ਦਿੱਤੀ ਮਿਲਦੀ ਹੈ ਕਿ ***"ਭੋਗ ਸਲੋਕਾਂ ਉੱਤੇ ਪਾਵਣਾ"***, ਅਸੀਂ ਇਸ ਪੋਥੀ ਵਿੱਚ ਇੱਕ ਮਹੱਤਵਪੂਰਨ ਸੂਚਨਾ ਪ੍ਰਗਟ ਕੀਤੀ ਹੈ। ਇਹ ਉਨ੍ਹਾਂ ਬੀੜਾਂ ਦੀ ਹੈ, ਜਿਨ੍ਹਾਂ ਦੇ ਅੰਤ ਵਿੱਚ ***"ਤਨੁ ਮਨੁ ਥੀਵੈ ਹਰਿਆ"*** ਪਿੱਛੋਂ ਇਹ ਵਾਕ ਲਿਖਿਆ ਹੁੰਦਾ ਹੈ :-

***"ਏਹੋ ਭੋਗ ਸ਼੍ਰੀ ਆਦਿ ਗ੍ਰੰਥ ਜੀ ਹੈ॥"***

ਇਸ ਤਰ੍ਹਾਂ ਦੀ ਪ੍ਰਥਾ ਦਾ ਮਹੱਤਵ ਲਿਖਾਰੀਆਂ ਨੇ ਪਤਾ ਨਹੀਂ, ਕਿਉਂ ਨਹੀਂ ਸਮਝਿਆ?



www.AKJ.Org

# ਰਾਗਮਾਲਾ ਦੀ ਪਰੰਪਰਾ ਤੇ ਚਰਚਾ

ਗਿਆਨੀ ਨਰੈਣ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟੀਕੇ ਦੀ ਭੂਮਿਕਾ ਵਿਚ ਬੀੜਾਂ ਦੇ ਲਿਖਣ ਤੇ ਛਾਪਣ ਦੇ ਬਿਰਤਾਂਤ ਚੰਗੇ ਵੇਰਵੇ ਨਾਲ ਲਿਖੇ ਹਨ। ਜੰਗਾਂ-ਯੁੱਧਾਂ ਤੋਂ ਬਾਅਦ ਬੀੜਾਂ ਦੇ ਲਿਖਣ ਤੇ ਛਾਪਣ ਦੇ ਹਾਲਾਤ ਉਨ੍ਹਾਂ ਨੇ ਚੰਗੀ ਖੋਜ ਨਾਲ ਲਿਖੇ ਹਨ। ਜਦੋਂ ਸਿੱਖ ਸਮਾਜ ਦੇ ਹਾਲਾਤ ਠੀਕ ਹੋਏ ਤਾਂ ਸਿੱਖਾਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਬਾਰੇ ਚੇਤਨਾ ਉਪਜੀ। ਬੀੜਾਂ ਲਿਖਵਾ ਕੇ ਸਿੱਖ ਆਪਣੇ ਧਾਮਾਂ ਨੂੰ ਸੁਭਾਗੇ ਬਣਾਉਣ ਲੱਗੇ। ਬੀੜਾਂ ਲਿਖਣ ਦਾ ਸਮਾਂ ਲੰਘਣ ਪਿੱਛੋਂ, ਬੀੜਾਂ ਛਾਪਣ ਦਾ ਸਮਾਂ ਆਇਆ। ਪੱਥਰ ਦੇ ਛਾਪੇ ਚਾਲੂ ਹੋਏ, ਉਨ੍ਹਾਂ ਛਾਪੇਖ਼ਾਨਿਆਂ ਵਿਚ ਸਹੀ ਸੋਧ ਦੀ ਅਣਹੋਂਦ ਕਾਰਨ ਵੱਖੋ-ਵੱਖਰੀ ਭਾਂਤ ਦੀਆਂ ਬੀੜਾਂ ਛਾਪੀਆਂ ਜਾਣ ਲੱਗੀਆਂ। ਉਸ ਸਮੇਂ ਬੀੜਾਂ ਲਿਖਣ ਵਾਲਿਆਂ ਵੱਲੋਂ ਇਹ ਵੀ ਨਹੀਂ ਸੀ ਦੇਖਿਆ ਜਾਂਦਾ ਕਿ ਬੀੜ ਵਿਚ ਕੋਈ ਫਾਲਤੂ ਰਚਨਾ ਤਾਂ ਨਹੀਂ, ਤੇ ਸ਼ਬਦ, ਬਾਣੀ ਅੱਗੇ ਪਿੱਛੇ ਤਾਂ ਨਹੀਂ ਹੋਏ ਹੋਏ। ਸੁਲੱਭ ਹੋਣ ਕਾਰਨ ਭਾਈ ਬੰਨੋ ਵਾਲੀ ਬੀੜ ਦੀਆਂ ਨਕਲਾਂ ਪਹਿਲਾਂ ਵਧੇਰੇ ਲਿਖੀਆਂ ਜਾਂਦੀਆਂ ਸਨ ਤੇ ਫਿਰ ਛਾਪਖ਼ਾਨੇ ਹੋਂਦ ਵਿਚ ਆਉਣ ਕਰਕੇ ਵੱਧ ਤੋਂ ਵੱਧ ਛਾਪੀਆਂ ਜਾਣ ਲੱਗ ਪਈਆਂ। ਜਿਨ੍ਹਾਂ ਵਿਚ ਮੁੰਦਾਵਣੀ ਤੋਂ ਪਿੱਛੋਂ ਵਾਧੂ ਬਾਣੀਆਂ, ਵਿਚਕਾਰ ਸੂਰਦਾਸ ਤੇ ਮੀਰਾਂਬਾਈ ਦਾ ਪਦਾ ਆਦਿ ਵੀ ਸ਼ਾਮਲ ਹੁੰਦੇ ਸਨ। ਛਾਪਣ ਵਾਲੇ ਕਈ ਹੋਰ ਪੱਖਾਂ ਤੋਂ ਵੀ ਆਪਣੀ ਮੱਤ ਵਰਤਦੇ ਸਨ। ਇਕ ਬੀੜ ਉੱਤੇ ਬਿੰਦੀਆਂ ਐਨੀਆਂ ਲਗਵਾ ਦਿੱਤੀਆਂ ਕਿ ਸਿੰਘ ਸਭਾ ਲਾਹੌਰ ਦੇ ਪੰਥ ਸੇਵਕਾਂ ਨੇ ਦੇਖ ਕੇ ਏਸ ਨਵੀਂ ਪਾਈ ਜਾਣ ਵਾਲੀ ਰੀਤ ਨੂੰ ਜਾ ਕੇ ਰੋਕਿਆ।

ਅਸੀਂ ਉਪਰ ਆਖ ਆਏ ਹਾਂ ਕਿ ਭਾਈ ਬੰਨੋਂ ਵਾਲੀ ਬੀੜ ਤੋਂ ਬਹੁਤੀਆਂ ਬੀੜਾਂ ਲਿਖੀਆਂ ਗਈਆਂ ਤੇ ਫਿਰ ਏਸੇ ਬੀੜ ਅਨੁਸਾਰ ਬਹੁਤੀਆਂ ਛਾਪੀਆਂ ਜਾਣ ਲੱਗੀਆਂ। ਇਨ੍ਹਾਂ ਦੇ ਵੇਰਵੇ ਗਿਆਨੀ ਜੀ ਨੇ ਆਪਣੇ ਟੀਕੇ ਦੀ ਭੂਮਿਕਾ ਵਿਚ ਦਿੱਤੇ ਹਨ। ਮੁੰਦਾਵਣੀ ਤੇ ਭੋਗ ਵਾਲੀਆਂ ਕੁਝ ਆਦਿ ਬੀੜ ਤੇ ਦਮਦਮੀ ਬੀੜ ਦੀ ਸ਼ਾਖ ਦੀਆਂ ਬੀੜਾਂ ਵੀ ਛਾਪੀਆਂ ਗਈਆਂ। (ਜਿਨ੍ਹਾਂ ਦਾ ਵੇਰਵਾ 'ਰਾਗਮਾਲਾ



www.AKJ.Org

ਦਰਪਨ’ ਲਿਖਤ ਗਿਆਨੀ ਸ਼ੇਰ ਸਿੰਘ ਵਿਚ ਵੀ ਮਿਲਦਾ ਹੈ।)

ਗਿਆਨੀ ਨਰੈਣ ਸਿੰਘ ਜੀ ਮੁਜੰਗਾਂ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟੀਕੇ ਦੀ ਭੂਮਿਕਾ ਵਿਚ ਬੀੜਾਂ ਦੇ ਭੇਦਾਂ ਬਾਰੇ ਵੀ ਲਿਖਿਆ ਹੈ। ਕੁਝ ਖ਼ਾਸ ਹੱਥ-ਲਿਖਤ ਬੀੜਾਂ ਦਾ ਜ਼ਿਕਰ ਕਰਦਿਆਂ (ਭੂਮਿਕਾ, ਪੰਨਾ ‘ਜ’ ਉੱਤੇ) 7 ਨੰਬਰ ਦੇ ਸਿਰਲੇਖ ਹੇਠਾਂ ਨਿਮਨਲਿਖਿਤ ਸੂਚਨਾ ਦਿੱਤੀ ਹੈ :

(7) ਬੁਰਜ ਵਾਲੀ ਬੀੜ : (ਇਹ ਬੀੜ ਪਟਿਆਲਾ ਵਿਖੇ ਬੁਰਜ ਬਾਬਾ ਆਲਾ ਸਿੰਘ ਜੀ ਵਿਚ ਸ਼ੋਭਦੀ ਹੈ) **ਇਸ ਵਿਚ ਦਮਦਮੇ ਸਾਹਿਬ ਜੀ ਦੀ ਬੀੜ ਨਾਲੋਂ ਇਕ ਇਹੀ ਫ਼ਰਕ ਹੈ ਜੋ ਇਸਦੇ ਅੰਤ ਵਿਚ ਰਾਗਮਾਲਾ ਨਹੀਂ ਹੈ,** ***ਇਸਦੇ ਉਤਾਰੇ ਵੀ ਕਿਤੇ ਕਿਤੇ ਦਰਸ਼ਨ ਦਿੰਦੇ ਹਨ।***

(ਭੂਮਿਕਾ-ਗਿਆਨੀ ਨਰੈਣ ਸਿੰਘ ਜੀ, ਪੰਨਾ ‘ਜ’)

ਗਿਆਨੀ ਨਰੈਣ ਸਿੰਘ ਜੀ ਮੁਜੰਗਾਂ ਵਾਲਿਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪਣ ਸੰਬੰਧੀ ਪ੍ਰਸੰਗ ਜੋ ਆਪ ਜੀ ਦੇ ਟੀਕੇ ਦੀ ਭੂਮਿਕਾ, ਦੇ ਪੰਨਾ ‘ਜ’ ਤੇ ਹੇਠ ਲਿਖਿਆ ਹੈ :

“ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਛਪਣਾ।”

ਪਹਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਾਹ (ਇੱਛਾ) ਵਾਲੇ ਪੁਰਸ਼ ਨੂੰ ਕਈ ਕਈ ਮਹੀਨੇ ਲਿਖਾਰੀ ਸਿੰਘਾਂ ਅੱਗੇ ਬੇਨਤੀਆਂ ਤਰਲੇ ਤੇ ਖੁਸ਼ਾਮਦਾਂ ਕਰਨੀਆਂ ਪੈਂਦੀਆਂ ਸਨ, ਅਤੇ ਫਿਰ ਵੀ ਜੇ ਇੱਛਾਵਾਨ ਨੂੰ ਦਮਦਮੇ ਵਾਲੀ ਬੀੜ ਦੀ ਸਿੱਕ ਹੁੰਦੀ ਤੇ ਲਿਖਾਰੀ ਕੋਲ ਭਾਈ ਬੰਨੋ ਵਾਲੀ ਬੀੜ ਹੁੰਦੀ, ਤਦ ਉਹ ਉਸਦਾ ਹੀ ਉਤਾਰਾ ਕਰਕੇ ਉਸ ਪ੍ਰੇਮੀ ਨੂੰ ਦੇ ਦਿੰਦਾ ਸੀ, ਭੇਟਾਂ ਵਜੋਂ ਵੀ 101 ਤੋਂ 1001 ਤੱਕ ਦਮੜੇ ਖਰਚਣੇ ਪੈਂਦੇ ਸਨ। ਇਹ ਕੁਝ ਹੋਣ ਤੇ ਵੀ ਪ੍ਰੇਮੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਾਪਤੀ ਸੌਖੀ ਨਹੀਂ ਹੋ ਸਕਦੀ ਸੀ। ਸੰਮਤ 1916-17 (1860 ਈ:) ਬਿਕਰਮੀ ਵਿਚ ਕੋਹਿਨੂਰ ਯੰਤ੍ਰਾਇਲਯ ਪ੍ਰੈਸ, ਲਾਹੌਰ ਦਰਵਾਜ਼ਾ ਸ਼ੇਰਾਂ ਦੇ ਮਾਲਕ ਲਾਲਾ ਹਰਸੁਖ ਰਾਇ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛਾਪਣ ਦੀ ਸਲਾਹ ਕੀਤੀ, ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਜੀ ਆਣ ਕੇ ਪੰਥ ਪਾਸ ਬੇਨਤੀ ਕੀਤੀ।

“ਦਾਸ ਦੀ ਇੱਛਾ ਹੈ, ਜੋ ਸ੍ਰੀ ਗੁਰੂ ਗ੍ਰੰਥ ਜੀ ਛਾਪੇ ਜਾਵਨ, ਪੰਥ ਦਾਸ ਨੂੰ ਹੁਕਮ ਦੇਵੇ ਜੋ ਕੇਹੜੀ ਬੀੜ ਛਾਪੀ ਜਾਵੇ? ਅਰਥਾਤ ਭਾਈ ਗੁਰਦਾਸ ਜੀ ਵਾਲੀ ਬੀੜ, ਭਾਈ ਬੰਨੋ ਵਾਲੀ ਬੀੜ, ਦਮਦਮੇ ਸਾਹਿਬ ਵਾਲੀ ਬੀੜ, ਇਹ ਤਿੰਨ ਬੀੜਾਂ ਬਹੁਤ ਪ੍ਰਚਲਤ ਹਨ। **ਲਿਖਾਰੀ ਲੋਕ ਬਹੁਤਾ ਦੋਹਾਂ ਬੀੜਾਂ ਦੇ ਉਤਾਰੇ ਕਰਕੇ ਦਿੰਦੇ**



www.AKJ.Org

ਹਨ, ਤੀਜੀ ਭਾਈ ਗੁਰਦਾਸ ਜੀ ਵਾਲੀ ਬੀੜ ਦੇ ਉਤਾਰੇ ਘੱਟ ਹੋਏ ਹਨ, ਪਰ ਪੰਥ ਦਾਸ ਨੂੰ ਜਿਹੜੀ ਬੀੜ ਦੀ ਆਗਿਆ ਦੇਵੇ, ਉਹੀ ਛਾਪ ਦੇਵੇਗਾ। ਉਸ ਵੇਲੇ ਪੰਥ ਵਿਚ ਇਸ ਗੱਲ ਤੇ ਵਿਚਾਰ ਹੋਈ, ਪਰ ਅੰਤ ਫੈਸਲਾ ਹੋਇਆ ਜੋ ਤਿੰਨਾਂ ਬੀੜਾਂ ਦੇ ਨਾਮ ਵੱਖੋ ਵੱਖਰੇ ਕਾਗਜ਼ਾਂ ਤੇ ਲਿਖ ਕੇ ਸਰਵੋਰ ਵਿਚ ਪਾ ਦਿਉ, ਜਿਹੜਾ ਕਾਗਜ਼ ਤਰ ਜਾਵੇ, ਉਸ ਬੀੜ ਨੂੰ ਛਾਪ ਦਿੱਤਾ ਜਾਵੇ। ਇਸ ਫੈਸਲੇ ਅਨੁਸਾਰ ਕਾਗਜ਼ ਲਿਖ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਅਰਦਾਸ ਸੋਧ ਕੇ, ਕਾਗਜ਼ ਹਰ ਕੀ ਪਉੜੀ ਵਿਚ ਪ੍ਰਵਾਹ ਦਿੱਤੇ ਗਏ। ਪਹਿਲੇ ਤਾਂ ਤਿੰਨੇ ਕਾਗਜ਼ ਸਰੋਵਰ ਵਿਚ ਟੁੱਬੀ ਮਾਰ ਗਏ, ਫਿਰ ਦੋ ਘੰਟੇ ਤੋਂ ਮਗਰੋਂ ਇਕ ਕਾਗਜ਼ ਉਪਰ ਤਰ ਆਇਆ। ਪੰਥ ਦੇ ਹੁਕਮ ਅਨੁਸਾਰ ਇਕ ਸਿੰਘ ਨੇ ਉਹ ਕਾਗਜ਼ ਲਿਆ ਕੇ ਦੀਵਾਨ ਦੇ ਵਿਚ ਹਾਜ਼ਰ ਕੀਤਾ, ਉਸ ਨੂੰ ਖੋਲ੍ਹ ਕੇ ਪੜ੍ਹਿਆ ਤੇ ਲਿਖਿਆ ਸੀ :

"ਦਮਦਮੇ ਸਾਹਿਬ ਜੀ ਵਾਲੀ ਬੀੜ ਛਪੇ"

ਬਸ, ਇਸ ਹੁਕਮ ਨੂੰ ਪ੍ਰਵਾਨ ਕੀਤਾ ਗਿਆ, ਅਤੇ ਸ੍ਰੀ ਦਮਦਮੇ ਸਾਹਿਬ ਜੀ ਵਾਲੀ ਬੀੜ ਛਪਣ ਲੱਗੀ। ਸਭ ਤੋਂ ਪਹਿਲੀ ਛਪੀ ਬੀੜ ਨੂੰ ਭਾਈ ਤਾਰਾ ਸਿੰਘ ਜੀ ਲਿਖਾਰੀ ਭਾਈ ਸਾਹਿਬ ਐਸ.ਐਸ. ਲਾਹੌਰਾ ਸਿੰਘ ਜੀ ਦੇ ਪਿਤਾ ਜੀ ਨੇ ਲਿਖਿਆ ਸੀ। ਇਹ ਬੀੜ ਸੰਮਤ ੧੯੨੧-੨੨ ਬਿ. ਸੰਨ ੧੮੬੪ ਵਿਚ ਛਪੀ ਸੀ। ਗਿਆਨੀ ਜੀ ਮੁਤਾਬਕ ਬੀੜਾਂ ਛਾਪਣ ਦਾ ਕਾਰਜ ੧੯੨੧ ਬਿਕਰਮੀ (ਸੰਨ 1864) ਤੋਂ ਚੱਲਿਆ।

(ਭੂਮਿਕਾ - ਗਿਆਨੀ ਨਰੈਣ ਸਿੰਘ ਜੀ ਮੁਜੰਗਾਂ, ਪੰਨਾ-ਜ)

ਸੰਨ 1945 ਬਹੁਤਾ ਪੁਰਾਣਾ ਸਮਾਂ ਨਹੀਂ ਸੀ। ਉਸ ਸਮੇਂ ਦੀਆਂ ਛਪੀਆਂ ਬੀੜਾਂ ਸਬੰਧੀ ਇਕ ਘਟਨਾ ਬੜੀ ਦਿਲਚਸਪ ਹੈ, ਜਦੋਂ ਇਕ ਪਾਠੀ ਸਿੰਘ ਤੋਂ ਅਜੀਬ ਤਾਅਨੇ ਸੁਣੇ :

ਪੰਡਤ ਕਰਤਾਰ ਸਿੰਘ ਦਾਖਾ ਤੇ ਲੇਖਕ, ਕਾਨ੍ਹਗੜ੍ਹ ਦੇ ਸ. ਹਰਦਮ ਸਿੰਘ ਦੇ ਘਰ ਲਿਖਤੀ ਬੀੜ ਦੇ ਦਰਸ਼ਨ ਕਰਨ ਲਈ ਪੁੱਜੇ। ਦੂਜੇ ਦਿਨ ਸੰਗ੍ਰਾਂਦ ਹੋਣ ਕਰਕੇ, ਉਨ੍ਹਾਂ ਦੇ ਘਰ ਗ੍ਰੰਥੀ ਸਿੰਘ ਨੇ ਛਾਪੇ ਦੀ ਪ੍ਰਕਾਸ਼ ਕੀਤੀ ਹੋਈ ਬੀੜ ਤੋਂ ਭੋਗ ਪਾਇਆ। ਅਸੀਂ ਵੀ ਹਾਜ਼ਰੀ ਭਰੀ। ਗ੍ਰੰਥੀ ਸਿੰਘ ਨੇ 'ਮੁੰਦਾਵਣੀ' ਉੱਤੇ ਭੋਗ ਪਾ ਕੇ "ਜਿਤੁ ਦਰ ਲਖ ਮੁਹੰਮਦਾ" ਪੜ੍ਹਨਾ ਸ਼ੁਰੂ ਕਰ ਦਿੱਤਾ। ਅਸੀਂ ਉੱਠ ਕੇ ਜਾਣ ਲੱਗੇ, ਤਾਂ ਉਨ੍ਹਾਂ ਨੇ ਕਿਹਾ :

"ਜੀ ਇਹ ਮਰਿਆਦਾ ਨਹੀਂ, ਕਿ ਤੁਸੀਂ ਵਿਚੋਂ ਉੱਠ ਕੇ ਜਾਵੋ। ਅਸੀਂ ਤਾਂ ਭੋਗ ਦੀਆਂ ਸਾਰੀਆਂ ਬਾਣੀਆਂ ਹੀ ਪੜ੍ਹ ਕੇ ਭੋਗ ਪਾਉਂਦੇ ਹਾਂ। ਥੋੜ੍ਹਾ ਚਿਰ ਹੋਰ ਬੈਠੋ ਤੇ ਸਬਰ ਕਰੋ।"



www.AKJ.Org

ਪੰਡਤ ਜੀ ਨੇ ਕਿਹਾ, "ਇਹ ਬਾਣੀਆਂ ਭਾਈ ਬੰਨੋ ਦੀਆਂ ਹਨ।"

ਗ੍ਰੰਥੀ ਸਿੰਘ ਨੇ ਕਿਹਾ, "ਕਿਸੇ ਦੀਆਂ ਹੋਣ, ਅਸੀਂ ਤਾਂ ਜੋ ਬੀੜ ਵਿਚ ਲਿਖਿਆ ਹੈ, ਅੱਖਰ-ਅੱਖਰ ਪੜ੍ਹਨਾ ਹੈ।" ਨਾਲ ਹੀ ਤੁਕ ਸੁਣਾ ਦਿੱਤੀ :

"ਅੱਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ।"

ਪੰਡਤ ਜੀ ਨੇ ਕਿਹਾ, "ਤਾਂ ਤੁਸੀਂ, ਮੀਰਾਂ ਬਾਈ ਦਾ ਸ਼ਬਦ ਵੀ ਪੜ੍ਹਿਆ ਹੋਵੇਗਾ।"

ਗ੍ਰੰਥੀ ਜੀ ਨੇ ਕਿਹਾ, "ਹਾਂ ਜੀ, ਪੜ੍ਹਿਆ ਹੈ, ਸੂਰਦਾਸ ਦਾ ਸ਼ਬਦ ਵੀ ਪੂਰਾ ਪੜ੍ਹਿਆ ਹੈ, 'ਰਾਮਕਲੀ ਰਾਗ' ਵਿਚ ਜੇਹੜਾ ਛੰਦ 'ਰਣਝੁੰਝਨੜਾ' ਆਉਂਦਾ ਹੈ, ਜੋ ਬੀੜਾਂ ਨਵੀਆਂ ਛਪੀਆਂ ਹਨ, ਉਨ੍ਹਾਂ ਵਿਚ ਛਾਪਿਆ ਨਹੀਂ ਜਾਂਦਾ, ਉਹ ਵੀ ਪੜ੍ਹਿਆ ਹੈ। ਮੈਂ ਤਾਂ, ਹਰ ਮਹੀਨੇ ਏਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀਆਂ ਸਾਰੀਆਂ ਬਾਣੀਆਂ ਪੜ੍ਹਦਾ ਹਾਂ, ਭੋਗ ਵੀ ਵੱਡਾ ਪਾਉਂਦਾ ਹਾਂ।"

ਅਸੀਂ ਮੱਥਾ ਟੇਕ ਕੇ ਆਪਣੇ ਰਾਹ ਪਏ। ਉਹ ਭਾਈ ਬੰਨੋ ਵਾਲੀਆਂ ਸਾਰੀਆਂ ਬਾਣੀਆਂ ਪੜ੍ਹ ਕੇ ਵੱਡਾ ਭੋਗ ਪਾਉਣ ਲੱਗਿਆ ਰਿਹਾ।

ਗਿਆਨੀ ਨਰੈਣ ਸਿੰਘ ਜੀ ਨੇ ਏਸ ਸਮੇਂ ਦੀਆਂ ਲਿਖੀਆਂ ਤੇ ਛਾਪੀਆਂ ਜਾਂਦੀਆਂ ਬੀੜਾਂ, ਅਜਿਹੇ ਵੱਡੇ ਭੋਗ ਤੇ ਛੋਟੇ ਭੋਗ ਵਾਲੀਆਂ ਦਾ ਵਰਨਣ ਕੀਤਾ ਹੈ। ਵੱਡਾ ਭੋਗ, ਭਾਈ ਬੰਨੋ ਵਾਲੀਆਂ ਦਾ ਤੇ ਛੋਟਾ ਭੋਗ ਦਮਦਮੀ ਬੀੜ ਦਾ ਦੱਸਿਆ ਹੈ। ਉਨ੍ਹਾਂ ਨੇ ਇਕ ਬੀੜ ਬੁਰਜ ਬਾਬਾ ਆਲਾ ਸਿੰਘ ਵਾਲੀ ਦਮਦਮੀ ਬੀੜ ਦਾ ਵਰਨਣ ਕੀਤਾ ਹੈ। ਗਿਆਨੀ ਜੀ ਨੇ ਦਮਦਮੀ ਬੀੜ ਬਾਰੇ ਲਿਖਿਆ ਹੈ, ਜਿਸ ਵਿਚ ਨੌਂਵੇਂ ਪਾਤਸ਼ਾਹ ਜੀ ਦੀ ਬਾਣੀ ਹੈ, ਸਲੋਕਾਂ ਪਿੱਛੋਂ ਭੋਗ 'ਮੁੰਦਾਵਣੀ' ਉੱਪਰ ਪੈਂਦਾ ਹੈ ਤੇ ਇਸ ਬੀੜ ਵਿਚ ਇਕੋ ਗੱਲ ਵੱਖਰੀ ਹੈ ਕਿ ਇਸ ਵਿਚ ਰਾਗਮਾਲਾ ਨਹੀਂ ਹੈ।

ਆਦਿ ਬੀੜ ਦੀਆਂ ਹੋਰ ਨਕਲਾਂ ਵੀ ਬੁਰਜ ਬਾਲਾ ਆਲਾ ਸਿੰਘ ਵਿਚ ਮੌਜੂਦ ਹਨ, ਜੋ ਗਿਆਨੀ ਜੀ ਦੇ ਧਿਆਨ ਵਿਚ ਨਹੀਂ ਆਈਆਂ, ਪਰ ਇਹ ਬੀੜਾਂ ਦਮਦਮੀ ਬੀੜਾਂ ਤੋਂ ਪ੍ਰਾਚੀਨ ਭਾਈ ਗੁਰਦਾਸ ਵਾਲੀ ਬੀੜ ਦੀ ਸ਼ਾਖ ਵਿਚੋਂ ਹਨ, ਜਿਨ੍ਹਾਂ ਦਾ ਵੇਰਵਾ ਬੀੜਾਂ ਵਾਲੇ ਪ੍ਰਕਰਣ ਵਿਚ ਵੱਖਰਾ ਦਿੱਤਾ ਗਿਆ ਹੈ।

ਇਕ ਅਜਿਹੀ ਬੀੜ ਹੈ, ਜਿਸ ਵਿਚ ਸ੍ਰੀ ਦਸਮੇਸ਼ ਜੀ ਦਾ ਨੀਸਾਣੁ ਹੈ।

### ਗੁਰੂ ਰਖੈਗੁ

ਅੰਤਲੇ ਸਫ਼ਿਆਂ ਉੱਪਰ ਗੁਰੂ ਸਾਹਿਬਾਨ ਜੀ ਦੇ ਚਲਾਣੇ ਦੇ ਸੰਮਤ ਗੁਰੂ



www.AKJ.Org

ਹਰਿਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਤੱਕ ਦਿੱਤੇ ਹੋਏ ਹਨ। ਅੱਠਵੇਂ ਗੁਰੂ ਜੀ ਪਿੱਛੋਂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੌਵੇਂ ਗੁਰੂ ਬਣੇ। ਮਹਲਾ ੯ ਤੇ ਇਹਨਾਂ ਦੀ ਬਾਣੀ ਇਹਨਾਂ ਬੀੜਾਂ ਵਿਚ ਨਹੀਂ ਚੜ੍ਹੀ। ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਇਹ ਬੀੜ ਨੌਵੇਂ ਪਾਤਿਸ਼ਾਹ ਜੀ ਦੇ ਸਮੇਂ ਤੋਂ ਪਹਿਲਾਂ ਦੀ ਲਿਖੀ ਹੋਈ ਹੈ। ਅਜਿਹੀ ਸਥਿਤੀ ਹੀ ਇਸੇ ਸ਼ਾਖ ਦੀ ਤੀਸਰੀ (ਸੀਨਰੀ ਵਾਲੀ) ਬੀੜ ਦੀ ਹੈ।

ਛਾਪੇਖ਼ਾਨੇ ਵਾਲਿਆਂ ਵੱਲੋਂ ਵੀ ਇਸ ਭਾਂਤ ਦੀਆਂ ਚਿਤ੍ਰਤ ਬੀੜਾਂ ਵੀ ਛਾਪੀਆਂ ਜਾਂਦੀਆਂ ਰਹੀਆਂ, ਜਿਨ੍ਹਾਂ ਵਿਚ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਤੇ ਸਫ਼ਿਆਂ ਦੀ ਸਜਾਵਟ ਕਰਨ ਲਈ ਚਿਤ੍ਰ-ਮਚਿੱਤ੍ਰੇ ਪੱਤ੍ਰੇ ਬਣਾਏ ਜਾਂਦੇ ਸਨ। (ਮੇਰੇ ਪਾਸ ਇਕ ਅਜਿਹੀ ਬੀੜ ਹੈ, ਜਿਸ ਵਿਚ ਦਸਾਂ ਪਾਤਿਸ਼ਾਹੀਆਂ ਦੇ ਚਿਤ੍ਰ ਹਨ।)

ਕੁਝ ਬੀੜਾਂ ਵਿਚ ਮਹੱਤਵਪੂਰਨ ਸੂਚਨਾ "ਤਨ ਮਨ ਥੀਵੈ ਹਰਿਆ" ਤੋਂ ਪਿੱਛੋਂ ਮਿਲਦੀ ਹੈ :

ਏਹੁ ਭੋਗ ਆਦਿ ਗ੍ਰੰਥ ਜੀ ਹੈ।

ਇਸ ਸਮੇਂ ਦੇ ਲਿਖਾਰੀਆਂ ਨੇ ਇਹ ਸੂਚਨਾ ਬੇਪ੍ਰਵਾਹੀ ਨਾਲ ਅਣਦੇਖੀ ਕਰ ਦਿੱਤੀ ਸੀ।

ਇਹ ਸੂਚਨਾ ਨੂੰ ਵਿਚਕਾਰੋਂ ਹਟਾ ਦੇਣ ਨਾਲ ਬਹੁਤੇ ਭੁਲੇਖੇ ਪਏ। ਕੁਝ ਭੋਲੇ ਪ੍ਰੇਮੀਆਂ ਵੱਲੋਂ ਰਾਗਮਾਲਾ ਨੂੰ ਗੁਰਬਾਣੀ ਦੀ ਤੁਲਨਾ ਦਿੱਤੀ ਜਾਣ ਲੱਗੀ। ਜਿਵੇਂ ਗਿਅਨੀ ਨਰੈਣ ਸਿੰਘ ਜੀ ਨੇ ਆਪਣੇ ਟੀਕੇ ਵਿਚ ਲਿਖਿਆ ਹੈ ਕਿ ਪਹਿਲਾਂ ਪਹਿਲ, ਚੀਫ਼ ਖਾਲਸਾ ਦੀਵਾਨ ਵਾਲੇ ਵੀ 'ਰਾਗਮਾਲਾ' ਪੜ੍ਹਨ ਦੇ ਵਿਰੁੱਧ ਸਨ ਤੇ ਜੇ ਕਿਸੇ ਨੇ ਪੜ੍ਹ ਲਈ ਤਾਂ ਇਹ ਕਹਿ ਕੇ ਆਈ ਗਈ ਕਰ ਦਿੰਦੇ ਸਨ ਕਿ ਨਾ ਇਸਦੇ ਪੜ੍ਹਨ ਦਾ ਲਾਭ ਹੈ ਨਾ ਪੜ੍ਹਨ ਦਾ ਪਾਪ।

(ਟੀਕਾ, ਪਹਿਲੀ ਪੋਥੀ, ਪੰਨਾ-ਖ)
ਟੀਕਾਕਾਰ ਪੰਡਤ ਨਰੈਣ ਸਿੰਘ ਜੀ ਗਿਆਨੀ

ਅਸੀਂ ਪੁਰਾਤਨ ਅਖ਼ਬਾਰਾਂ ਅਤੇ ਹੋਰ ਲਿਖਤਾਂ ਵਿਚੋਂ ਪੜ੍ਹਦੇ ਹਾਂ ਕਿ ਪੁਰਾਤਨ ਸਮੇਂ ਰਾਗਮਾਲਾ ਪੜ੍ਹਨ ਅਤੇ ਨਾ ਪੜ੍ਹਨ ਬਾਰੇ ਕੀ ਪ੍ਰਥਾ ਚੱਲ ਰਹੀ ਸੀ। ਪੰਥਕ ਜਥੇਬੰਦੀ ਚੀਫ਼ ਖਾਲਸਾ ਦੀਵਾਨ ਸੰਨ 10 ਨਵੰਬਰ, 1901 ਨੂੰ ਹੋਂਦ ਵਿਚ ਆਈ। ਚੀਫ਼ ਖਾਲਸਾ ਦੀਵਾਨ ਦਾ ਇਸ ਬਾਰੇ ਕੀ ਰੋਲ ਰਿਹਾ, ਇਹ ਉਨ੍ਹਾਂ ਦੇ ਅਮਲ ਤੋਂ ਪਤਾ ਲਗਦਾ ਹੈ ਅਤੇ ਪੁਰਾਤਨ ਅਖਬਾਰਾਂ ਦੀਆਂ ਟਿੱਪਣੀਆਂ ਅਤੇ ਸੂਚਨਾਵਾਂ ਤੋਂ ਪ੍ਰਗਟ ਹੁੰਦਾ ਹੈ। ਇਸ ਸੰਬੰਧੀ ਰਾਗਮਾਲਾ ਪੜ੍ਹਨ, ਨਾ ਪੜ੍ਹਨ ਉੱਤੇ ਬੜੇ ਝਗੜੇ ਹੁੰਦੇ ਰਹੇ, ਡਾਂਗਾ ਤੇ ਤਲਵਾਰਾਂ ਚਲਦੀਆਂ ਰਹੀਆਂ, ਮਸਲੇ ਕਚਹਿਰੀਆਂ ਤੱਕ



www.AKJ.Org

ਪਹੁੰਚਦੇ ਰਹੇ। ਉਸ ਹਾਲਤ ਵਿਚ ਪੰਥਕ ਜਥੇਬੰਦੀ 'ਚੀਫ਼ ਖਾਲਸਾ ਦੀਵਾਨ' ਤੋਂ ਸਰਕਾਰੀ ਤੌਰ ਤੇ ਪੱਤਰਾਂ ਦੇ ਉੱਤਰ ਮੰਗੇ ਜਾਂਦੇ ਰਹੇ ਅਤੇ 'ਚੀਫ਼ ਖਾਲਸਾ ਦੀਵਾਨ' ਵੱਲੋਂ ਉੱਤਰ ਦਿੱਤੇ ਜਾਂਦੇ ਰਹੇ। ਉਹ ਗਿਆਨੀ ਨਰੈਣ ਸਿੰਘ ਜੀ ਦੀ ਲਿਖਤ ਦੀ ਤਸਦੀਕ ਕਰਦੇ ਹਨ ਕਿ 'ਚੀਫ਼ ਖਾਲਸਾ ਦੀਵਾਨ' ਦਾ ਪੁਰਾਣੇ ਸਮੇਂ ਇਹ ਮੱਤ ਸੀ ਕਿ **'ਰਾਗਮਾਲਾ ਗੁਰਬਾਣੀ ਨਹੀਂ'।**

ਜਦੋਂ ਇਹ ਮਸਲਾ ੧੯੧੭ ਈ. ਵਿਚ ਉੱਠਿਆ ਤਾਂ ਅਖ਼ਬਾਰ 'ਪੰਥ ਸੇਵਕ' ਵਿਚ ਉਹ ਸਾਰੀਆਂ ਲਿਖਤਾਂ ਛਾਪੀਆਂ ਗਈਆਂ, ਜਿਨ੍ਹਾਂ ਵਿਚ ਦੱਸਿਆ ਗਿਆ ਕਿ ਏਨ੍ਹਾਂ-ਏਨ੍ਹਾਂ ਸਮਿਆਂ ਤੇ ਏਥੇ-ਏਥੇ ਰਾਗਮਾਲਾ ਬਾਰੇ ਝਗੜੇ ਹੋਏ ਤੇ ਫੈਸਲੇ ਚੀਫ਼ ਖਾਲਸਾ ਦੀਵਾਨ ਦੇ ਹੁਕਮਾਂ ਨਾਲ ਕੀਤੇ ਗਏ ਕਿ **'ਰਾਗਮਾਲਾ ਗੁਰਬਾਣੀ ਨਹੀਂ।'**

ਈਪੂ, ਨੌਰੋਬੀ ਤੇ ਹੋਰਨਾਂ ਅਦਾਲਤਾਂ ਨੇ 'ਚੀਫ਼ ਖਾਲਸਾ ਦੀਵਾਨ' ਤੋਂ ਪੱਤਰ ਮੰਗਵਾ ਕੇ ਉਨ੍ਹਾਂ ਮੁਤਾਬਕ ਫੈਸਲੇ ਲਏ ਕਿ **"ਰਾਗਮਾਲਾ ਗੁਰਬਾਣੀ ਨਹੀਂ।"** ਉਸ ਸਮੇਂ ਦੇ ਕੁਝ ਵੇਰਵੇ ਹੇਠ ਲਿਖੇ ਅਨੁਸਾਰ ਹਨ :

(ੳ) ਸੰਨ ੧੯੦੭ ਵਿਚ ਜਦ ਕਿ ਪੁਲਿਸ ਗੁਰ ਦਵਾਰਾ ਈਪੂ ਕੁਆਲਾ ਲੰਪਰ ਵਿਚ ਭੋਗ ਦੇ ਸਮੇਂ ਰਾਗਮਾਲਾ ਦੇ ਪੜ੍ਹਨ ਨਾ ਪੜ੍ਹਨ ਦੀ ਬਾਬਤ ਰੌਲਾ ਪਿਆ ਜਿਸ ਦੀ ਬਾਬਤ ਇਹ ਨੌਬਤ ਕਪਤਾਨ ਸਰਾਹਮ ਸਾਹਿਬ ਅਜੀਟਨ ਤੱਕ ਪੌਂਹਚੀ ਅਤੇ ਇਸ ਕਪਤਾਨ ਸਾਹਿਬ ਨੇ ਚੀਫ਼ ਖਾਲਸਾ ਦੀਵਾਨ ਦੇ ਦਫ਼ਤਰ ਵਿਚੋਂ ਫੈਸਲਾ ਮੰਗਵਾਇਆ ਸੀ ਉਹ ਫੈਸਲਾ ਇਹ ਸੀ ਕਿ ਰਾਗਮਾਲਾ ਗੁਰਬਾਣੀ ਨਹੀਂ ਹੈ।

(ਇਹ ਚਿੱਠੀ ਅਜੇ ਵੀ ਮੌਜੂਦ ਹੈ) ਪੰਥ ਸੇਵਕ ੧੯੧੭

(ਅ) ਸੰਨ 1910 ਵਿਚ ਗੁਰਦੁਆਰਾ ਪੂਸੰਗ (ਫੂਸਣ) ਪੈਰਾਕ ਵਿਚ ਭੋਗ ਦੇ ਸਮੇਂ ਇਹ ਸਵਾਲ ਛਿੜਿਆ ਅਤੇ ਇਸ ਸਵਾਲ ਦੀ ਨੌਬਤ ਲੜਾਈ ਤੱਕ ਪਹੁੰਚੀ ਜਿਸ ਵਿਚ ਕਈ ਸਿੰਘ ਸਭਾ ਦੇ ਪ੍ਰੇਮੀ ਅਤੇ ਕਈ ਅਨਮਤੀ ਖਾਲਸਾ ਜੀ ਫੱਟੜ ਹੋਏ ਅਤੇ ਪੁਲਿਸ ਨੂੰ ਇੰਤਜ਼ਾਮ ਕਰਨ ਵਾਸਤੇ ਆਪ ਆਉਣਾ ਪਿਆ ਅਤੇ ਮੁਕੱਦਮਾ ਹਾਈ ਕੋਰਟ ਪਹੁੰਚ ਕੇ ਚੀਫ਼ ਖਾਲਸਾ ਦੀਵਾਨ ਦੀ ਚਿੱਠੀ ਤੇ ਫੈਸਲਾ ਹੋਇਆ ਕਿ ਰਾਗਮਾਲਾ ਗੁਰਬਾਣੀ ਨਹੀਂ ਹੈ।

ਪੰਥ ਸੇਵਕ ੧੯੧੭ (ਈਪੂ ਕੁਆਲਾਲੰਪਰ)

(ੲ) ਭਾਈ ਪਾਲ ਸਿੰਘ ਪ੍ਰਚਾਰਕ ਮਲਾਇਆ ਦੀਵਾਨ ਜੋ ਕਿ ਵਿਦਯਾਲਾ ਤਰਨਤਾਰਨ ਤੋਂ ਇਸ ਟਾਪੂ ਵਿਚ ਚੀਫ਼ ਖਾਲਸਾ ਦੀਵਾਨ ਦੀ ਮਾਰਫਤ ਮੰਗਵਾਇਆ ਗਿਆ ਸੀ ਅਤੇ ਤਕਰੀਬਨ ਛੇ ਸਾਲ ਦੇ ਅਰਸੇ ਤੋਂ ਇਸ



www.AKJ.Org

ਟਾਪੂ ਵਿਚ ਸਿੰਘ ਸਭਾ ਦਾ ਪ੍ਰਚਾਰ ਕਰ ਰਹੇ ਸਨ ਅਤੇ ਕਈ ਦੀਵਾਨਾਂ ਪਰ ਇਹਨਾਂ ਨੇ ਇਸੇ ਵਿਸ਼ੇ ਉੱਪਰ ਹੀ ਜ਼ੋਰ-ਜ਼ੋਰ ਨਾਲ ਪ੍ਰਚਾਰ ਕੀਤਾ ਹੈ ਕਿ ਰਾਗਮਾਲਾ ਗੁਰਬਾਣੀ ਨਹੀਂ ਹੈ।

ਉਹਨਾਂ ਦਾ ਕਥਨ ਹੈ ਕਿ ਚੀਫ਼ ਖਾਲਸਾ ਦੀਵਾਨ ਦੀਆਂ ਹਦਾਇਤਾਂ ਅਨੁਸਾਰ ਮੈਂ ਪ੍ਰਚਾਰ ਕਰਦਾ ਰਿਹਾ ਹਾਂ।

ਪੰਥ ਦਾ ਦਾਸ - ਈਸ਼ਰ ਸਿੰਘ ਈਪੂ ਕੁਆਲਾਲੰਪਰ
ਪੰਥ ਸੇਵਕ ਲਾਹੌਰ, 17 ਅਕਤੂਬਰ, 1917

(ਸ) ਸ੍ਰੀ ਗੁਰੂ ਸਿੰਘ ਸਭਾ ਨੈਰੋਬੀ (ਅਫ਼ਰੀਕਾ) ਨੇ ਵੀ ਏਸੇ ਤਰ੍ਹਾਂ ਰਾਗਮਾਲਾ ਦਾ ਫੈਸਲਾ ਇਉਂ ਅਦਾਲਤਾਂ ਤੱਕ ਜਾ ਕੇ ਸਪੱਸ਼ਟ ਕਰਵਾਇਆ। ਜਿਸਦੀ ਸੂਚਨਾ 'ਪੰਥ ਸੇਵਕ', ਪੰਨਾ 2, 10 ਅਕਤੂਬਰ, 1917 ਵਿਚ ਹੇਠ ਲਿਖੇ ਅਨੁਸਾਰ ਹੈ :

"ਏਥੋਂ ਤੱਕ ਕਿ ਸ੍ਰੀ ਗੁਰੂ ਸਿੰਘ ਸਭਾ ਨੈਰੋਬੀ (ਅਫ਼ਰੀਕਾ) ਨੇ ਤਾਂ ਰਾਗਮਾਲਾ ਦਾ ਫ਼ੈਸਲਾ ਕਿ ਇਹ ਗੁਰਬਾਣੀ ਨਹੀਂ ਅਰ ਕਿਸੇ ਨੇ ਪਿੱਛੋਂ ਬੀੜ ਵਿਚ ਲਿਖ ਦਿੱਤੀ ਹੈ, ਅਦਾਲਤ ਦੇ ਜ਼ਰੀਏ ਕਰਵਾਯਾ ਹੋਯਾ ਹੈ। ਸਿੰਘ ਸਭਾ ਨੈਰੋਬੀ ਚੀਫ਼ ਖਾਲਸਾ ਦੀਵਾਨ ਨਾਲ ਵੀ ਸੰਬੰਧਤ ਹੈ। ਫੇਰ ਪਤਾ ਨਹੀਂ ਇਹ ਕਿਸ ਮੂੰਹ ਨਾਲ ਹੁਣ ਰਾਗਮਾਲਾ ਨੂੰ ਗੁਰਬਾਣੀ ਸਿੱਧ ਕਰਦੇ ਹਨ।"

(ਨੋਟ : ਸਿੰਘ ਸਭਾ ਨੈਰੋਬੀ ਨੇ ਰਾਗਮਾਲਾ ਦੇ ਵਿਰੁੱਧ ਇਕ ਕਿਤਾਬ ਵੀ ਛਾਪੀ ਸੀ)

**(ਸ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਪਰਚੀਆਂ ਪਾਉਣੀਆਂ**

ਇਨ੍ਹਾਂ ਵਿਚੋਂ ਸੰਨ 1917 ਵਿਚ ਰਾਗਮਾਲਾ ਦਾ ਮਸਲਾ ਬਹੁਤ ਹੀ ਦੁਖਦਾਈ ਰੂਪ ਧਾਰਨ ਕਰ ਗਿਆ ਤਾਂ ਬਾਗ਼ਵਾਨਪੁਰੇ ਲਾਹੌਰ ਦੀ ਸਿੰਘ ਸਭਾ ਵਿਚ ਜੁੜੇ ਦੀਵਾਨ ਅੰਦਰ ਅਰਦਾਸਾ ਕਰਕੇ ਦੋ ਪਰਚੀਆਂ ਪਾ ਕੇ ਇਹ ਜਾਨਣਾ ਯੋਗ ਸਮਝਿਆ ਗਿਆ ਕਿ ਇਲਾਹੀ ਸੰਕੇਤ ਕੀ ਮਿਲਦਾ ਹੈ ? ਪਰਚੀਆਂ ਉੱਤੇ ਲਿਖਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਰੱਖ ਕੇ ਪਰਚੀ ਚੁੱਕੀ ਜਾਵੇ। ਪਰਚੀਆਂ ਵਿਚ ਇਕ ਤੇ ਲਿਖਿਆ ਗਿਆ ਕਿ "**ਰਾਗਮਾਲਾ ਗੁਰਬਾਣੀ ਹੈ**" ਤੇ ਦੂਸਰੀ ਤੇ ਲਿਖਿਆ ਗਿਆ ਕਿ "**ਰਾਗਮਾਲਾ ਗੁਰਬਾਣੀ ਨਹੀਂ ਹੈ, ਕੱਚੀ ਬਾਣੀ ਹੈ।**"

ਸਿੰਘ ਸਭਾ ਦੇ ਦੀਵਾਨ ਵਿਚੋਂ ਇਕ ਸਿੰਘ ਨੇ ਦੋਹਾਂ 'ਚੋਂ ਇਕ ਪਰਚੀ ਚੁੱਕੀ ਤੇ ਪੜ੍ਹੀ ਗਈ, ਜਿਸ ਤੇ ਲਿਖਿਆ ਹੋਇਆ ਸੀ ਕਿ "**ਰਾਗਮਾਲਾ ਗੁਰਬਾਣੀ ਨਹੀਂ ਹੈ।**" ਤਾਂ ਸੰਗਤਾਂ ਵਿਚ ਰਾਗਮਾਲਾ ਬਾਰੇ ਦੁਬਿਧਾ ਦੂਰ ਹੋ ਗਈ ਤੇ ਸਭ ਨੇ ਖੁਸ਼ੀ ਪ੍ਰਗਟ ਕੀਤੀ। ਇਹੀ ਸੂਚਨਾ ੫ ਸਤੰਬਰ, ੧੯੧੭ ਦੇ ਪੰਥ ਸੇਵਕ ਵਿਚ ਹੇਠ ਲਿਖੇ ਅਨੁਸਾਰ ਛਾਪੀ ਗਈ :



www.AKJ.Org

## ਰਾਗਮਾਲਾ ਤੇ ਗੁਰ ਫੁਰਮਾਨ

ਅਖ਼ਬਾਰ ਦਾ ਲੇਖ ਹੈ – ਗੁਰੂ ਪੰਥ ਵਿਚ ਰਾਗਮਾਲਾ ਸੰਬੰਧੀ ਰੌਲਾ ਵੇਖ ਕੇ ਮੰਡਨ ਤੇ ਖੰਡਨ ਕਰਨ ਵਾਲਿਆਂ ਵੱਲੋਂ ਆਪੋ ਆਪਣੇ ਪੱਖ ਵਿਚ ਸਬੂਤ ਦੇਂਦੇ ਸੁਣ ਕੇ ਸਾਡੇ ਮਨ ਚਿੰਤਾ ਦੇ ਸਾਗਰ ਵਿਚ ਡੁੱਬ ਗਏ ਸਨ। ਇਸ ਦੁੱਖ ਨੂੰ ਦੂਰ ਕਰਨ ਲਈ ਸਾਨੂੰ ਸੱਚੇ ਸਤਿਗੁਰੂ ਦੀ ਸ਼ਰਣ ਲੈਣੀ ਪਈ ਕਿਉਂਕਿ ਜੇਕਰ ਤੇ ਰਾਗਮਾਲਾ ਗੁਰਬਾਣੀ ਹੋਈ ਤੇ ਅਸੀਂ ਪੱਖ ਵਿਚ ਕੱਚੀ ਬਾਣੀ ਕਹਿੰਦੇ ਰਹੇ ਤਾਂ ਗੁਰੂ ਤੋਂ ਬੇਮੁਖ ਹੋਏ ਜੇਕਰ ਪੱਖ ਵਿਚ ਗੁਰਬਾਣੀ ਕਹਿੰਦੇ ਰਹੇ ਤੇ ਅਸਲ ਵਿਚ ਕੱਚੀ ਹੋਏ ਤਦ ਵੀ ਕੱਚੀ ਬਾਣੀ ਨੂੰ ਗੁਰਬਣੀ ਕਹਿਣ ਕਰਕੇ ਗੁਰੂ ਤੋਂ ਬੇਮੁਖ ਹੋਏ। ਇਸ ਦੁੱਖ ਨੂੰ ਅਨੁਭਵ ਕਰਦੇ ਹੋਏ ਤਿਆਰ ਬਰ ਤਿਆਰ ਸਿੰਘਾਂ ਦੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ, ਬੇਨਤੀ ਵਾਸਤੇ ਗਈ। ਹੱਥ ਜੋੜ ਬੇਨਤੀ ਕੀਤੀ ਕਿ ਹੇ ਸੱਚੇ ਪਾਤਿਸ਼ਾਹ ਜੀ ਆਪ ਇਸ ਗੱਲ ਦਾ ਨਿਰਣਾ ਕਰੋ ਕਿਉਂ ਜੋ ਅਸੀਂ ਸੰਸਾਰੀ ਜੀਵ ਆਪ ਦੀ ਗਤੀ ਨੂੰ ਕੀ ਜਾਣ ਸਕਦੇ ਹਾਂ।

**ਗੁਰਵਾਕ**

ਤੇਰੀ ਗਤਿ ਮਿਤ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ॥

ਇਸ ਬੇਨਤੀ ਤੇ ਅਰਥਾਤ ਅਰਦਾਸੇ ਦੇ ਉੱਤਰ ਵਿਚ ਏਹ ਫੁਰਮਾਨ ਆਇਆ :

ਧਨਾਸਰੀ ਮਹਲਾ ੫

ਚਤਰ ਦਿਸਾ ਕੀਨੋ ਬਲੁ ਆਪਨਾ ਸਿਰ ਊਪਰਿ ਕਰੁ ਧਾਰਿਓ॥ ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ॥ ਹਰ ਜਨ ਰਾਖੇ ਗੁਰ ਗੋਵਿੰਦ॥ ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ॥ਰਹਾਉ॥ ਜੋ ਮਾਗਹਿ ਠਾਕੁਰ ਆਪਨੇ ਤੇ ਸੋਈ ਸੋਈ ਦੇਵੈ। ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥੨॥੧੪॥੪੫॥

ਪੰਨਾ ੬੮੧

ਸੰਗਤ ਦੇ ਹੁਕਮ ਤੇ ਗ੍ਰੰਥੀ ਸਿੰਘ ਹੋਰਾਂ ਨੇ ਉਨ੍ਹਾਂ ਚਿੱਠੀਆਂ ਵਿਚੋਂ ਜੋ ਕਿ ਗੁਰੂ ਸਾਹਿਬ ਦੀ ਮੰਜੀ ਸਾਹਿਬ ਉੱਤੇ ਗੁਰੂ ਸਾਹਿਬ ਦੀ ਦੇਹ ਦੇ ਹੇਠਾਂ ਰੱਖੀਆਂ ਸਨ ਅਤੇ ਜਿਨ੍ਹਾਂ ਦਾ ਵੱਖੋ ਵੱਖਰਾ ਲੇਖ ਇਹ ਸੀ ਇਕ ਉੱਤੇ : ਰਾਗਮਾਲਾ ਗੁਰੂ ਬਾਣੀ ਹੈ, ਦੂਜੀ ਉੱਤੇ : ਰਾਗਮਾਲਾ ਗੁਰੂ ਬਾਣੀ ਨਹੀਂ ਕੱਚੀ ਬਾਣੀ ਹੈ। ਇਕ ਪਰਚੀ ਚੁੱਕੀ ਜੋ ਏਹ ਸੀ ਕਿ ਰਾਗਮਾਲਾ ਗੁਰੂ ਬਾਣੀ ਨਹੀਂ ਕੱਚੀ ਬਾਣੀ ਹੈ ਸੋ



www.AKJ.Org

ਆਪਣੇ ਅਰਦਾਸੇ ਤੇ ਭਰੋਸਾ ਕਰਦੇ ਹੋਏ ਇਸ ਗੱਲ ਦੇ ਅਸੀਂ ਕਾਇਲ ਹਾਂ ਤੇ ਗੁਰਮਤ ਖੋਜੀਆਂ ਤੇ ਸਮੂਹ ਗੁਰੂ ਪੰਥ ਅੱਗੇ ਬੇਨਤੀ ਕਰਦੇ ਹਾਂ ਕਿ ਇਸ ਜ਼ਾਹਰੀ ਕਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਾਇਲ ਹੋਵੇ। ਸੰਗਤ ਵਿਚ ਹੇਠ ਲਿਖੇ ਸਿੰਘ (ਆਦਿਕ) ਹਾਜ਼ਰ ਸਨ :

1. ਭਾਈ ਗੁਰਮੁਖ ਸਿੰਘ ਜੀ ਉਪਦੇਸ਼ਕ ਲਾਹੌਰ 2. ਭਾਈ ਕਰਤਾਰ ਸਿੰਘ ਜੀ ਗ੍ਰੰਥੀ ਸ੍ਰੀ ਗੁਰੂ ਸਿੰਘ ਸਭਾ ਲੰਡਾ ਬਾਜ਼ਾਰ 3. ਭਾਈ ਦਿਆਲ ਸਿੰਘ ਸਪੁੱਤਰ ਸ. ਲਾਲ ਸਿੰਘ 4. ਭਾਈ ਦੇਵਾ ਸਿੰਘ ਜੀ ਲਾਹੌਰ 5. ਰਾਜਿੰਦਰ ਸਿੰਘ

ਦਾਸ-ਹੁਕਮ ਸਿੰਘ ਜਾਗੀਰਦਾਰ
ਬੁਟਾਹਰੀ ਵਾਲਾ
(ਪੰਥ ਸੇਵਕ, ਲਾਹੌਰ, ੫ ਸਤੰਬਰ ੧੯੧੭)

**ਭਾਈ ਲਾਲ ਸਿੰਘ ਜੀ ਗੁੱਜਰਾਂਵਾਲੀਏ**
**ਪ੍ਰਚਾਰਕ ਚੀਫ਼ ਖਾਲਸਾ ਦੀਵਾਨ ਵੱਲੋਂ ਜ਼ਰੂਰੀ ਐਲਾਨ**

ਜੋ ਵਾਦ-ਵਿਵਾਦ ਰਾਗਮਾਲਾ ਬਾਰੇ ੧੯੧੭ ਈ. ਵਿਚ ਹੋਏ ਤੇ ਇਕ ਦੂਜੇ ਉੱਤੇ ਦੂਸ਼ਣ ਲੱਗੇ, ਉਹਨਾਂ ਝਗੜਿਆਂ ਨੂੰ ਇਕ ਪਾਸੇ ਰੱਖਦੇ ਹੋਏ ਜਿਨ੍ਹਾਂ ਘਟਨਾਵਾਂ ਵਿਚ ਇਤਿਹਾਸਕ ਅਤੇ ਸੱਚ ਪ੍ਰਗਟਾਊ ਤੱਥ ਹਨ, ਅਸੀਂ ਇੱਥੇ ਉਹ ਹੀ ਦਿੱਤੇ ਹਨ। ਵੈਸੇ ਤਾਂ ਉਸ ਵੇਲੇ ਸਿੱਖ ਪੰਥ ਵਿਚ ਉੱਘੇ ਤੇ ਵਿਦਵਾਨ ਪ੍ਰਚਾਰਕ ਬਹੁਤ ਸਨ। ਪਰ, ਭਾਈ ਲਾਲ ਸਿੰਘ ਗੁੱਜਰਾਂਵਾਲੀਏ ਪ੍ਰਚਾਰਕ ਦਾ ਵੱਡਾ ਨਾਉਂ ਸੀ ਜੋ ਸਿੰਘ ਸਭਾ ਲਹਿਰ ਦੇ ਮੁੱਢਲੇ ਪੰਥ ਸੇਵਕਾਂ ਪ੍ਰੋ. ਗੁਰਮੁਖ ਸਿੰਘ ਤੇ ਭਾਈ ਦਿੱਤ ਸਿੰਘ ਜੀ ਨਾਲ ਰਲ ਕੇ ਸੇਵਾ ਕਰਦਾ ਰਿਹਾ ਸੀ। ਕੇਵਲ ਉਹਨਾਂ ਦਾ ਹੀ ਇਕ ਬਿਆਨ ਜੋ ਸਭ ਪ੍ਰਚਾਰਕਾਂ ਦੀ ਪ੍ਰਤੀਨਿਧਤਾ ਕਰਦਾ ਹੈ, ਹੇਠ ਲਿਖੇ ਅਨੁਸਾਰ ਦਿੱਤਾ ਜਾਂਦਾ ਹੈ :

"ਰਾਗਮਾਲਾ ਦਾ ਰੌਲਾ ਇਸ ਵੇਲੇ ਪੰਥ ਵਿਚ ਪੂਰੇ ਜ਼ੋਰ ਨਾਲ ਛਿੜ ਰਿਹਾ ਹੈ ਜਿਸ ਨੂੰ ਨਵੇਂ ਸਿਰਿਓਂ ਛੇੜਨ ਦਾ ਜ਼ਿੰਮੇਵਾਰ ਭਾਈ ਵੀਰ ਸਿੰਘ ਹੈ ਚੂੰਕਿ ਉਨ੍ਹਾਂ ਦੀ ਅਖ਼ਬਾਰ ਵਿਚ ਅੱਜ ਕੱਲ ਇਹ ਗੱਲ ਜ਼ੋਰ ਨਾਲ ਲਿਖੀ ਜਾ ਰਹੀ ਹੈ ਕਿ ਰਾਗਮਾਲਾ ਖੰਡਨ ਦਾ ਪ੍ਰਚਾਰ ਕੇਵਲ ਬਾਬੂ ਤੇਜਾ ਸਿੰਘ ਨੇ ਕੀਤਾ ਹੈ ਇਸ ਲਈ ਕਿ ਇਹ ਇਕ ਧਾਰਮਿਕ ਅਸੂਲੀ ਮਾਮਲਾ ਹੈ। ਮੈਂ ਯੋਗ ਸਮਝਦਾ ਹਾਂ ਕਿ ਇਸ ਮਾਮਲੇ ਉੱਤੇ ਆਪਣੇ ਵੱਲੋਂ ਵੀ ਰੌਸ਼ਨੀ ਪਾਵਾਂ। ਮੈਂ ਹਾਂ ਉਹ ਲਾਲ ਸਿੰਘ ਉਪਦੇਸ਼ਕ ਗੁਜਰਾਂਵਾਲ ਦਾ ਜਿਸ ਨੂੰ ਸਿੱਖ ਕੌਮ ਦੀ (ਮੰਦੀ ਚੰਗੀ ਜੋ ਕੁਝ ਮੈਥੋਂ ਹੋ ਸਕੀ) ਖਿਦਮਤ ਕਰਦਿਆਂ ਅੱਜ 30 ਕੁ ਸਾਲ ਹੋ ਚੁੱਕੇ ਹਨ, ਜਿਸਨੇ ਸ੍ਰੀਮਾਨ ਭਾਈ ਗੁਰਮੁਖ ਸਿੰਘ ਜੀ ਗੁਰਪੁਰ ਨਿਵਾਸੀ, ਸ੍ਰੀਮਾਨ ਭਾਈ ਦਿੱਤ ਸਿੰਘ ਜੀ ਅਤੇ



www.AKJ.Org

ਡਾਕਟਰ ਜੈ ਸਿੰਘ ਜੀ ਦਾ ਜ਼ਮਾਨਾ ਦੇਖਿਆ ਹੈ ਅਤੇ ਭਾਈ ਵੀਰ ਸਿੰਘ ਜੀ ਨਾਲ ਵੀ ਮੈਂ 19 ਸਾਲ ਤੋਂ ਹੰਢ ਰਿਹਾ ਹਾਂ। ਮੈਂ ਟਾਪੂਆਂ ਵਿਚ ਰਾਗਮਾਲਾ ਦੇ ਬਰਖਿਲਾਫ਼ ਪ੍ਰਚਾਰ ਕੀਤਾ, ਪੋਠੋਹਾਰ ਦਾ ਇਲਾਕਾ ਮੈਂ ਗਾਹਿਆ, ਮਾਝਾ ਤੇ ਮਾਲਵਾ ਮੈਂ ਫਿਰਿਆ ਅਤੇ ਲਾਹੌਰ ਤੇ ਗੁੱਜਰਾਂਵਾਲੇ ਦੀ ਗਲੀ ਗਲੀ ਵਿਚ ਪ੍ਰਚਾਰ ਕੀਤਾ। ਇਹ ਪ੍ਰਚਾਰ ਜੋ ਮੈਂ ਕੀਤਾ ਪੁਰਾਤਨ ਸਮੇਂ ਦੇ ਸ੍ਰੀ ਭਾਈ ਦਿੱਤ ਸਿੰਘ ਜੀ ਗਿਆਨੀ ਤੇ ਨਵੀਨ ਸਮੇਂ ਦੇ ਭਾਈ ਵੀਰ ਸਿੰਘ ਦੇ ਪੂਰਨਿਆਂ ਤੇ ਕੀਤਾ। ਮੈਂ ਹੁਣ ਤੱਕ ਰਾਗਮਾਲਾ ਨਹੀਂ ਪੜ੍ਹਦਾ ਅਤੇ ਰਾਗਮਾਲਾ ਪੜ੍ਹੀ ਜਾਣ ਦੇ ਸਖ਼ਤ ਵਿਰੁੱਧ ਹਾਂ ਕਿਉਂਕਿ ਰਾਗਮਾਲਾ ਗੁਰਬਾਣੀ ਨਹੀਂ। ਇਸ ਲਈ ਰਾਗਮਾਲਾ ਕੱਢੇ ਜਾਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਖੰਡਤ ਨਹੀਂ ਹੋਈ ਬਲਕਿ ਅਸਲ ਸਰੂਪ ਵਿਚ ਹੋ ਗਈ ਹੈ। ਰਾਗਮਾਲਾ ਰਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਖੰਡਿਤ ਕਹਿਣਾ ਘੋਰ ਪਾਪ ਹੈ ਤੇ ਕਹਿਣ ਵਾਲਾ ਤਨਖ਼ਾਹੀਆ ਹੈ ਅਤੇ ਮੁੰਦਾਵਣੀ ਤੋਂ ਪਿੱਛੋਂ ਜੋ ਗੜਬੜ ਭਾਈ ਬੰਨੋ ਜੀ ਆਦਿਕ ਸਿੱਖ ਲਿਖਾਰੀਆਂ ਨੇ ਪਾ ਦਿੱਤੀ ਸੀ ਉਹ ਸਦਾ ਲਈ ਸਾਫ਼ ਹੋ ਗਈ ਹੈ।

ਪੰਥ ਦਾ ਦਾਸ - ਲਾਲ ਸਿੰਘ ਉਪਦੇਸ਼ਕ ਗੁਜਰਾਂਵਾਲੀਆ,

(ਪੰਥ ਸੇਵਕ, ਲਾਹੌਰ, ੭ ਨਵੰਬਰ, ੧੯੧੭)

## ਰਾਗਮਾਲਾ ਬਾਰੇ ਮਹਾਰਾਜਾ ਪਟਿਆਲਾ ਅਤੇ ਨਾਭਾ ਦੇ ਵਿਚਾਰ

ਰਾਗਮਾਲਾ ਦੀ ਸੰਨ 1917 ਵਿਚ ਬਹਿਸ ਚੱਲੀ ਤਾਂ ਇਹ ਵਿਵਾਦ ਦੋ ਸਿੱਖ ਮਹਾਰਾਜਿਆਂ ਤੱਕ ਵੀ ਪੁੱਜਿਆ। ਉਸ ਸਮੇਂ ਦੇ ਅਖ਼ਬਾਰਾਂ ਦੀਆਂ ਟਿੱਪਣੀਆਂ ਅੱਗੇ ਦਿੱਤੀਆਂ ਜਾ ਰਹੀਆਂ ਹਨ :

ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਪਾਸ, ਪ੍ਰਸਿੱਧ ਗਿਆਨੀ ਗਿਆਨ ਸਿੰਘ ਜੀ ਨੇ ਮਹਾਰਾਜੇ ਤੱਕ ਪਹੁੰਚ ਕੀਤੀ ਅਤੇ ਉਨ੍ਹਾਂ ਨਾਲ ਕੀਤੀ ਗਈ ਚਰਚਾ ੧੦ ਅਪ੍ਰੈਲ ੧੯੧੮ ਪੰਥ ਸੇਵਕ ਦੇ ਪਰਚੇ ਵਿਚ ਛਾਪੀ ਗਈ ਜਿਸ ਦੀ ਨਕਲ ਇਉਂ ਹੈ :

## ਰਾਗਮਾਲਾ ਸੰਬੰਧੀ ਸ੍ਰੀ ਪਟਲੇਸ਼੍ਵਰ ਤੇ ਗਿਆਨੀ ਗਿਆਨ ਸਿੰਘ ਜੀ ਨਾਲ ਮੁਲਾਕਾਤ

ਅਸੀਂ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਪਟਿਆਲਾ ਤੇ ਸ੍ਰੀ ਮਾਨ ਬਾਬਾ ਗਿਆਨ ਸਿੰਘ ਜੀ ਕਰਤਾ "ਪੰਥ ਪ੍ਰਕਾਸ਼" ਦੇ ਸੱਚੇ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਰਾਗ ਮਾਲਾ ਸੰਬੰਧੀ ਆਪਣੀ ਅਮੋਲਕ ਰਾਏ ਬਜ਼ਰੀਆ ਰਜਿਸਟਰੀ ਭੇਜ ਕੇ ਸਾਨੂੰ ਨਿਵਾਜਿਆ ਹੈ। ਇਸ ਫੈਸਲੇ ਨੂੰ ਪੜ੍ਹ ਕੇ ਕੁਲ ਪੰਥ ਪਿਆਰੇ ਨਿਸ਼ਚਿੰਤ ਹੋ



www.AKJ.Org

ਜਾਣਗੇ ਕਿ ਸਾਡੇ ਪੰਥ ਵਿਚ ਰੰਕ ਤੋਂ ਲੈ ਕੇ ਰਾਉ ਤੱਕ ਰਾਗ ਮਾਲਾ ਬਾਬਤ ਸਭ ਕੀ ਰਾਏ ਰੱਖਦੇ ਹਨ। ਇਸ ਤੋਂ ਪ੍ਰਗਟ ਹੁੰਦਾ ਹੈ ਕਿ :

"ਚੀਫ਼ ਖਾਲਸਾ ਦੀਵਾਨ ਦੀ ਟਪਲੇਬਾਜ਼ੀ ਦਾ ਮਹਾਰਾਜਾ ਸਾਹਿਬ ਬਹਾਦਰ ਤੇ ਅਸਰ ਨਹੀਂ ਹੋਯਾ, ਅਰ ਉਨ੍ਹਾਂ ਨੇ ਨਿਰਭੈਤਾ ਤੇ ਨਿਰਪੱਖਤਾ ਨਾਲ ਆਪਣੀ ਰਾਏ ਨੂੰ ਪ੍ਰਗਟ ਕਰ ਦਿੱਤਾ ਹੈ।"

ਮੁਲਾਕਾਤ ਦਾ ਵੇਰਵਾ ਜੋ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ, 'ਪੰਥ ਸੇਵਕ' ਵਿਚ ਇਸ ਤਰ੍ਹਾਂ ਛਪਿਆ ਹੋਇਆ ਹੈ :

ਮੁਝੇ ਬ੍ਰਿਧ ਲੇਖਕ ਇਤਿਹਾਸ। ਦਾਸ ਪੰਥ ਕਾ ਲਖਕੈ ਖਾਸ॥
ਸਿੰਘ ਸਿਖ ਸਰਧਾਲੂ ਨੀਕੇ। ਅਨਕ ਪ੍ਰੇਮੀ ਖੇਮੀ ਜੀ ਕੇ॥
ਮਿਲੇ ਮੋਹਿ ਪਟਿਆਲੇ ਆਇ। ਦੀਓ ਇਹੋ ਪ੍ਰਸੰਗ ਚਲਾਇ॥
ਜੋ ਮੈ ਗੁਰੂ ਖਾਲਸਾ ਮਾਹਿ। ਹੈ ਲਿਖ ਰਖਯੋ ਅਖਯੋ ਸੁ ਵਾਹਿ॥
ਮਾਨ ਗਏ ਸਭ ਸਹੀ ਯਹੀ ਹੈ। ਰਾਗਮਾਲਾ ਗੁਰਵਾਕ ਨਹੀਂ ਹੈ॥

ਗਿਆਨੀ ਗਿਆਨ ਸਿੰਘ
ਕਰਤਾ ਪੰਥ ਪ੍ਰਕਾਸ਼ ੍ਰਤਵਾਰੀਖ ਗੁਰੂ ਖਾਲਸਾ, ਪਟਿਆਲਾ
ਪੰਥ ਸੇਵਕ, 10 ਅਪ੍ਰੈਲ, 1918

ਨਾਭੇ ਵਿਚ ਸਮਾਗਮ ਸਮੇਂ ਮੁੰਦਾਵਣੀ ਤੇ ਭੋਗ, ਦੀ ਪੰਥ ਸੇਵਕ, 3 ਜੁਲਾਈ, 1918 ਦੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ :

**ਅਖੰਡ ਪਾਠ ਦਾ ਭੋਗ.**

ਏਸ ਦਿਨ ਤੋਂ ਪਹਿਲਾਂ ਫੌਜੀ ਸਿੰਘਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਅਖੰਡ ਪਾਠ ਦਾ ਭੋਗ ਪੈ ਚੁੱਕਾ ਸੀ। 20 ਜੂਨ ਦੀ ਸਵੇਰ ਨੂੰ ਸਰਕਾਰ ਨਾਭਾ ਵੱਲੋਂ ਛਾਵਨੀ ਦੀ ਸਿੰਘ ਸਭਾ ਦੇ ਆਲੀਸ਼ਾਨ ਅਸਥਾਨ ਵਿਚ ਅਖੰਡ ਪਾਠ ਦਾ ਭੋਗ ਪਿਆ। ਅੰਮ੍ਰਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਯਾ ਤੇ ਦੀਵਾਨ ਸਜਿਆ, ਜਿਸ ਵਿਚ ਫੌਜ ਤੇ ਰਿਸਾਲੇ ਦੇ ਸੈਂਕੜੇ ਸਿਪਾਹੀ, ਬੇਅੰਤ ਆਮ ਲੋਕ, ਚੀਫ਼ ਸੈਕ੍ਰੇਟਰੀ, ਹੋਮ ਮਨਿਸਟਰ, ਹਾਈ ਕੋਰਟ ਦੇ ਜੱਜ, ਪ੍ਰਾਈਵੇਟ ਸੈਕ੍ਰੇਟਰੀ, ਨਾਜ਼ਮ, ਫੌਜੀ ਅਫ਼ਸਰ ਤੇ ਹੋਰ ਬਹੁਤ ਸਾਰੇ ਵੱਡੇ ਛੋਟੇ ਰਿਆਸਤੀ ਅਹਿਲਕਾਰ ਹਾਜ਼ਰ ਸਨ। ਅੰਮ੍ਰਿਤ ਵੇਲੇ ਹੀ ਸ੍ਰੀ ੧੦੮ ਹਜ਼ੂਰ ਅਟਲ ਪ੍ਰਤਾਪੀ ਮਾਲਵਿੰਦ੍ਰ ਬਹਾਦੁਰ ਜੀ ਆ ਕੇ ਦੀਵਾਨ ਵਿਚ ਅੱਤ ਪ੍ਰੇਮ ਨਾਲ ਸ਼ਸ਼ੋਭਿਤ ਹੋ ਗਏ। ਏਸ ਵੇਲੇ ਸ੍ਰੀ 108 ਹਜ਼ੂਰ ਜੀ ਦਾ ਆਪਣੇ ਸਤਿਗੁਰੂ ਦੇ ਦਰਬਾਰ ਵਿਚ ਆਪਣੇ ਮੁਲਾਜ਼ਮਾਂ ਤੇ ਪਰਜਾ ਦੇ ਦਰਮਿਆਨ ਪੂਰੇ ਸਿੱਖੀ ਪ੍ਰੇਮ ਨਾਲ ਬੈਠਣਾ ਅਜੇਹਾ ਨਜ਼ਾਰਾ ਸੀ ਜੋ



www.AKJ.Org

ਦਰਸ਼ਕਾਂ ਦੇ ਦਿਲਾਂ ਉੱਤੇ ਸਿੱਖੀ ਦੇ ਮਹਾਨ ਉੱਚੇ ਅਸੂਲਾਂ ਤੇ ਸ੍ਰੀ ੧੦੮ ਹਜ਼ੂਰ ਜੀ ਦੀ ਦਿਲੀ ਪਵਿੱਤ੍ਰਤਾ ਦਾ ਅਸਰ ਬਿਠਾਏ ਬਿਨਾਂ ਨਹੀਂ ਰਹਿ ਸਕਦਾ ਸੀ। ਏਸ ਦੀਵਾਨ ਵਿਚ ਸਾਰੀ ਸੰਗਤ ਦੀ ਗਿਣਤੀ ਹਜ਼ਾਰਾਂ ਤੱਕ ਪਹੁੰਚਦੀ ਸੀ। **ਸਾਢੇ ਛੇ ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਮੁੰਦਾਵਣੀ ਪਰ ਪਾਯਾ ਗਿਆ ਤੇ ਅਰਦਾਸਾ ਸੋਧਿਆ ਗਿਆ।**

(ਪੰਥ ਸੇਵਕ ਲਾਹੌਰ, ੩ ਜੁਲਾਈ, ੧੯੧੮)

੧. ਮਹਾਰਾਜਾ ਸਾਹਿਬ ਨਾਭਾ ਬਾਰੇ ਇਕ ਸੂਚਨਾ ਹੋਰ ਹੈ ਕਿ ਭਾਰਤ ਦੀ ਰਾਜਧਾਨੀ ਜੋ ਉਸ ਸਮੇਂ ਕਲਕੱਤੇ ਵਿਚ ਸੀ ਅਤੇ ਕਾਂਗਰਸ ਦਾ ਵੱਡਾ ਸਮਾਗਮ ਸੀ, ਸਿੰਘਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਅਕਾਲੀ ਕੌਰ ਸਿੰਘ ਨੇ 'ਮੁੰਦਾਵਣੀ' ਉਪਰ ਪਾਇਆ। ਵਿਸਥਾਰ ਸਹਿਤ 'ਪੰਥ ਸੇਵਕ' ਵਿਚ ਛਪੀ ਖ਼ਬਰ ਦੀ ਨਕਲ ਹੇਠ ਲਿਖੇ ਅਨੁਸਾਰ ਹੈ :

"ਇਸ ਦੀਵਾਨ ਦਾ ਉਪਦੇਸ਼ਕ ਈਸ਼ਰ ਸਿੰਘ ਜਦੋਂ ੧੯੦੪ ਈ. ਵਿਚ ਬਜਬਜ ਦੀਵਾਨ ਪਰ ਆਇਆ। ਏਥੇ ਤਿੰਨ ਦਿਨ ਪ੍ਰਚਾਰ ਹੋਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਇਆ ਪਰ ਰਾਗਮਾਲਾ ਪੜ੍ਹਨ ਵੇਲੇ ਉਸ ਨੇ ਉਠ ਕੇ ਉਪਦੇਸ਼ ਕੀਤਾ ਕਿ ਇਹ **ਗੁਰੂ ਬਾਣੀ ਨਹੀਂ ਇਹ ਨਹੀਂ ਪੜ੍ਹਣੀ** ਚਾਹੀਦੀ, ਇਹ ਇਕ ਕਵੀ ਆਲਮ ਦੀ ਕ੍ਰਿਤ ਹੈ, ਪਿਛੋਂ ਕਿਸੇ ਨੇ ਭੁਲੇਖੇ ਨਾਲ ਫਾਲਤੂ ਗੱਲਾਂ ਵਾਂਗ ਲਿਖ ਛੱਡੀ ਹੈ, ਇਹ ਬੀੜ ਵਿਚ ਨਹੀਂ।

ਇਸ ਤੋਂ ਮਗਰੋਂ ਸੰਨ ੧੯੦੬ ਦੇ ੩੦ ਤੇ ੩੧ ਦਸੰਬਰ ਅਰ ਜਨਵਰੀ ੧ (੧੯੦੭) ਨੂੰ ਕਲਕੱਤੇ ਗੁਰੂ ਕੇ ਬਾਗ ਵਿਚ ਦੀਵਾਨ ਲੱਗਾ। ਪ੍ਰੈਜ਼ੀਡੰਟ ਸ੍ਰਦਾਰ ਧਰਮ ਸਿੰਘ ਜੀ ਘਰਜਾਖੀਏ ਸਨ ਸ੍ਰਦਾਰ ਨਰੈਣ ਸਿੰਘ ਗੁਜਰਾਂਵਾਲੇ ਭੀ ਸ਼ਾਮਲ ਸਨ। ਭੋਗ ਅਕਾਲੀ ਕੌਰ ਸਿੰਘ ਨੇ ਪਾਇਆ। ਉਥੇ ਭੀ ਰਾਗਮਾਲਾ ਨ ਪੜ੍ਹੀ ਗਈ ਅਰ ਇਸ ਦੇ ਵਿਰੁੱਧ ਪ੍ਰਚਾਰ ਕੀਤਾ ਗਿਆ।

ਇਸਦਾ ਸਾਰਾ ਜ਼ਮੀਮਾ ਭਾਈ ਵੀਰ ਸਿੰਘ ਦੇ ਪ੍ਰੈਸ ਵਿਚ ਛਪਿਆ। ਉਸ ਵਕਤ ਕਲਕੱਤੇ ਕਾਂਗ੍ਰੇਸ ਭੀ ਸੀ। ਸ੍ਰੀ ੧੦੮ ਹਜ਼ੂਰ ਮਾਲਵੇਂਦਰ ਮਹਾਰਾਜਾ ਬਹਾਦਰ ਰਿਪਦਮਨ ਸਿੰਘ ਸਾਹਿਬ ਨਾਭਾ ਭੀ ਏਥੇ ਤਸ਼ਰੀਫ ਲਿਆਏ ਹੋਏ ਸਨ ਤੇ ਸਭ ਇਕਤ੍ਰਤਾ ਵਿਚ ਸ਼ਾਮਲ ਸਨ।

ਹਰਨਾਮ ਸਿੰਘ ਸਕਤ੍ਰ
ਖਾਲਸਾ ਦੀਵਾਨ, ਕਲਕੱਤਾ
(ਪੰਥ ਸੇਵਕ ਲਾਹੌਰ, ੧੩ ਫਰਵਰੀ, ੧੯੧੮)



www.AKJ.Org

## ਭਾਈ ਜੋਧ ਸਿੰਘ ਅਤੇ ਰਾਗਮਾਲਾ

ਭਾਈ ਜੋਧ ਸਿੰਘ ਸੰਨ ੧੯੧੮ ਵਿਚ ਲਾਇਲਪੁਰ ਹੈਡਮਾਸਟਰ ਸਨ। ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਇਆ। ਇਸ ਖੁਸ਼ੀ ਵਿਚ ਪਾਏ ਗਏ ਭੋਗ ਸਮੇਂ ਨਗਰ ਦੇ ਸਿੰਘ ਇਕੱਤਰ ਹੋਏ। ਭਾਈ ਸਾਹਿਬ ਨੇ ਉਸ ਖੁਸ਼ੀ ਭਰੇ ਸਮੇਂ ਪਾਠ ਦਾ ਭੋਗ ਮੁੰਦਾਵਣੀ ਉੱਤੇ ਆਪ ਪਾਇਆ। ਇਸ ਪਿੱਛੋਂ ਲਾਇਲਪੁਰ ਵਿਚ 'ਮੁੰਦਾਵਣੀ' ਉੱਤੇ ਭੋਗ ਪਾਏ ਜਾਣ ਲੱਗੇ। ਜਿਸ ਦਾ ਅਖ਼ਬਾਰ ਪੰਥ ਸੇਵਕ ਵਿਚ ਇਸ ਤਰ੍ਹਾਂ ਵਰਣਨ ਕੀਤਾ ਮਿਲਦਾ ਹੈ :

(੨) "ਸ੍ਰੀਮਾਨ ਮਾਸਟਰ ਜੋਧ ਸਿੰਘ ਜੀ ਐਮ.ਏ. ਖਾਲਸਾ ਹਾਈ ਸਕੂਲ ਲਾਇਲਪੁਰ ਦੇ ਹੈਡਮਾਸਟਰ ਹਨ ਤੇ ਗੁਰਬਾਣੀ ਦੇ ਗਯਾਤਾ ਤੇ ਗੁਰ ਇਤਿਹਾਸ ਦੇ ਚੰਗੇ ਖੋਜੀ ਹਨ। ੧੦ ਫਰਵਰੀ ਨੂੰ ਆਪ ਦੇ ਘਰ ਭੁਝੰਗੀ ਹੋਣ ਪਰ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠ ਦਾ ਭੋਗ ਪਿਆ। ਲਾਇਲਪੁਰ ਦੀ ਬੇਅੰਤ ਸੰਗਤ ਇਕਤ੍ਰ ਸੀ। ਭੋਗ ਮੁੰਦਾਵਣੀ ਤੇ ਪਾਇਆ ਗਿਆ। ਅਰ ਰਾਗਮਾਲਾ ਕੱਚੀ ਬਾਣੀ ਸਮਝ ਕੇ ਤਰਕ ਕੀਤੀ ਗਈ। ਸੰਗਤ ਤੇ ਬਹੁਤ ਅੱਛਾ ਅਸਰ ਹੋਯਾ।

(੨) ਏਥੇ ਹੀ ਸ੍ਰੀ ਮਾਨ ਭਾਈ ਬੂੜ ਸਿੰਘ ਜੀ ਚੇਤਨ ਸਿੰਘ ਦੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਇਆ ਗਿਆ। ਇਨ੍ਹਾਂ ਦੇ ਘਰ ਬੀੜ ਹੀ ਖਾਲਸ ਸੀ ਅਰਥਾਤ ਰਾਗਮਾਲਾ ਜੈਸੀ ਕੱਚੀ ਬਾਣੀ ਤੋਂ ਬਿਨਾਂ ਸੀ ਕਿਸੇ ਭੀ ਉਜਰ ਨ ਕੀਤਾ ਅਰ ਸਭ ਨੇ ਪ੍ਰਸੰਨਤਾ ਪ੍ਰਗਟ ਕੀਤੀ।

(੩) ਭਾਈ ਸੋਹਨ ਸਿੰਘ ਜੀ ਦੇ ਘਰ ੨੨੨ ਚੱਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਇਆ ਗਿਆ। ਭੁਜੰਗੀ ਦੇ ਜਨਮ ਦਾ ਸਮਾਗਮ ਸੀ। ਰਾਗਮਾਲਾ ਕੱਚੀ ਬਾਣੀ ਸਮਝ ਕੇ ਛੱਡ ਦਿੱਤੀ ਗਈ।

(੪) ਚੱਕ ੪੦ ਵਿਚ ਸ੍ਰਦਾਰ ਸੂਰਤ ਸਿੰਘ ਦੇ ਘਰ ਭੋਗ ਪਿਆ ਅਖੰਡ ਪਾਠ ਦੇ ਭੋਗ ਸਮੇਂ ਦਾ ਸੰਗਤ ਦੀ ਗਹਿਮੀ ਗਹਿਮ ਸੀ। ਰਾਗ਼ਮਾਲਾ ਬਿਲਕੁਲ ਨ ਪੜ੍ਹੀ ਗਈ। ਇਨ੍ਹਾਂ ਭੋਗਾਂ ਤੇ ਪਾਠਾਂ ਤੋਂ ਇਲਾਵਾ ਮੈਂ ਬਹੁਤ ਸਾਰੇ ਹੋਰ ਭੀ ਦਸ ਸਕਦਾ ਹਾਂ ਜਿਥੇ ਰਾਗਮਾਲਾ ਨਹੀਂ ਪੜੀ ਗਈ ਅਰ ਬਿਨਾ ਰਾਗਮਾਲਾ ਬੀੜਾਂ ਅਸਥਾਪਨ ਹਨ ਇਨ੍ਹਾਂ ਸਭ ਬਾਤਾਂ ਤੋਂ ਸਾਬਤ ਹੈ ਕਿ ਰਾਗਮਾਲਾ ਦਾ ਝਗੜਾ ਨਿਪਟ ਗਿਆ ਹੈ।

ਭਗਤ ਸਿੰਘ ਲਇਲਪੁਰ,
(੧੭ ਫਰਵਰੀ, ੧੯੧੮, ਪੰਥ ਸੇਵਕ ਲਾਹੌਰ)

ਸੰਨ ੧੯੧੨ ਵਿਚ ਸਿੱਖ ਐਜੂਕੇਸ਼ਨਲ ਕਾਨਫਰੰਸ ਜਲੰਧਰ ਹੋਈ। ਉਸ ਵੇਲੇ



www.AKJ.Org

ਗੁਰਦੁਆਰਾ ਰਕਾਬਗੰਜ ਸਾਹਿਬ ਦੀ ਕੰਧ ਢਾਹੇ ਜਾਣ ਦਾ ਮਸਲਾ ਸਿੱਖਾਂ ਵਿਚ ਸੁਲਘ ਰਿਹਾ ਸੀ। ਸ. ਹਰਚੰਦ ਸਿੰਘ ਲਾਇਲਪੁਰੀ ਨੇ ਗੁਰਦੁਆਰਾ ਰਕਾਬਗੰਜ ਦੀ ਕੰਧ ਦਾ ਮਸਲਾ ਸਿੱਖ ਐਜੂਕੇਸ਼ਨ ਕਾਨਫਰੰਸ ਵਿਚ ਉਠਾਉਣਾ ਚਾਹਿਆ। ਉਨ੍ਹਾਂ ਨੂੰ ਆਗਿਆ ਨਾ ਦਿੱਤੀ ਗਈ।

ਸ੍ਰ. ਹਰਚੰਦ ਸਿੰਘ ਕਾਨਫਰੰਸ ਵਿਚੋਂ ਵਾਕ-ਆਊਟ ਕਰ ਗਏ ਤੇ ਸਿੱਖਾਂ ਵਿਚ ਗਰਮਦਲੀਆਂ ਨੇ ਇਹ ਮਸਲਾ ਹੱਥ ਵਿਚ ਲੈ ਲਿਆ। ਗਰਮਦਲੀਆਂ ਨੇ ਆਪਣੇ ਦੀਵਾਨ ਕਰਨੇ ਆਰੰਭ ਕਰ ਦਿੱਤੇ ਅਤੇ ਖਾਲਸਾ ਦੀਵਾਨ ਆਪੋ ਆਪਣੇ ਜ਼ਿਲ੍ਹਿਆਂ ਤੇ ਆਪਣੇ ਇਲਾਕਿਆਂ ਦੇ ਬਣਾ ਲਏ, ਜਿਵੇਂ - ਸੈਂਟ੍ਰਲ ਮਾਝਾ ਦੀਵਾਨ, ਬਾਰ ਦੀਵਾਨ, ਧੂਰੀ ਦੀਵਾਨ, ਜ਼ਿਲ੍ਹਾ ਪੋਠੋਹਾਰ ਦੀ ਸਿੰਘ ਸਭਾ ਰਾਵਲਪਿੰਡੀ (ਪੋਠੋਹਾਰ ਦੀਆਂ ਸਿੰਘ ਸਭਾਵਾਂ ਖਾਸ ਕਰਕੇ ਰਾਵਲਪਿੰਡੀ ਜੋ ਇਨ੍ਹਾਂ ਸਭਨਾਂ ਦੀਵਾਨਾਂ ਨਾਲੋਂ ਸ਼ਕਤੀਸ਼ਾਲੀ ਸੀ) ਆਦਿਕ ਬਹੁਤ ਸਾਰੇ ਦੀਵਾਨਾਂ ਨੇ ਇਸ ਮਸਲੇ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ।

ਖਾਲਸਾ ਦੀਵਾਨਾਂ, ਸਿੰਘ ਸਭਾਵਾਂ ਨੇ ਗਰਮ ਧੜਿਆਂ ਨਾਲ ਰਲ ਕੇ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੇ ਜਾਣ ਦੇ ਮਸਲੇ ਤੋਂ ਐਜੀਟੇਸ਼ਨ ਆਰੰਭ ਕਰ ਦਿੱਤੀ। ਨਾਲ ਹੀ ਗੁਰਦੁਆਰਿਆਂ ਵਿਚ ਹੋ ਰਹੀਆਂ ਮਨਮਤਾਂ ਨੂੰ ਸੁਧਾਰਨ ਦਾ ਕੰਮ ਜੋ ਪਹਿਲਾਂ ਹੀ ਆਰੰਭਿਆ ਹੋਇਆ ਸੀ, ਉਹ ਤੇਜ਼ ਕਰ ਦਿੱਤਾ। ਸਿੰਘ ਸਭਾਵਾਂ ਵੱਲੋਂ ਮਤੇ ਕੀਤੇ ਜਾਣ ਲੱਗੇ। ਇਸ ਤਰ੍ਹਾਂ ਧੀਮੀ ਗਤੀ ਨਾਲ ਚੱਲਣ ਵਾਲਾ ਚੀਫ਼ ਖਾਲਸਾ ਦੀਵਾਨ ਪਿੱਛੇ ਰਹਿੰਦਾ ਗਿਆ ਅਤੇ ਸਥਾਨਕ ਦੀਵਾਨ ਤੇਜੀ ਨਾਲ ਅੱਗੇ ਵਧਦੇ ਗਏ।

ਗੁਰਦੁਆਰਾ ਸੁਧਾਰ ਲਹਿਰ ਦੀਆਂ ਜੜ੍ਹਾਂ, ਗੁਰਦੁਆਰਾ ਰਕਾਬਗੰਜ ਸਾਹਿਬ ਦੇ ਮਸਲੇ ਨਾਲ ਜੁੜੀਆਂ ਹੋਈਆਂ ਸਨ। ਪੰਜਾਬ ਭਰ ਵਿਚ ਉਸ ਵੇਲੇ ਪੁਜਾਰੀ ਗੁਰਦੁਆਰਿਆਂ ਉੱਤੇ ਕਾਬਜ਼ ਸਨ। ਕਈ ਗੁਰਧਾਮਾਂ ਨਾਲ ਵੱਡੀਆਂ ਜਾਇਦਾਦਾਂ ਹੋਣ ਕਾਰਨ ਨਿੱਤ ਕੁਰੀਤੀਆਂ ਵਧ ਰਹੀਆਂ ਸਨ। ਗੁਰਧਾਮਾਂ ਦੇ ਦਰਸ਼ਨਾਂ ਲਈ ਪੁੱਜੇ ਯਾਤਰੂਆਂ ਲਈ ਪੁਜਾਰੀ ਲੋਕ ਵਿਘਨ ਪਾਉਂਦੇ ਸਨ। ਸੁਧਾਰਕ ਜਥਿਆਂ ਦੇ ਪ੍ਰਭਾਵ ਨਾਲ ਸੰਨ ੧੯੧੯ ਵਿਚ ਖਾਲਸਾ ਬਰਾਦਰੀ ਇਕ ਸੰਸਥਾ ਬਣਾਈ ਗਈ। ਉਸ ਵੱਲੋਂ ਛੂਆ-ਛਾਤ ਦੂਰ ਕਰਨ ਅਤੇ ਪੁਜਾਰੀਆਂ ਦੇ ਵਿਰੋਧ ਵਿਚ ਪ੍ਰਚਾਰ ਕੀਤਾ ਜਾਣ ਲੱਗਾ।

੧੨ ਅਕਤੂਬਰ ੧੯੨੦ ਈ. ਜਲ੍ਹਿਆਂਵਾਲੇ ਬਾਗ਼ ਵਿਚ ਛੂਆ-ਛਾਤ ਨੂੰ ਤੋੜਨ ਅਤੇ ਪੁਜਾਰੀਆਂ ਦੇ ਵਤੀਰੇ ਵਿਰੁੱਧ ਕੁਝ ਕਰਨ ਲਈ ਵੱਡਾ ਦੀਵਾਨ ਕੀਤਾ ਗਿਆ। ਖਾਲਸਾ ਕਾਲਜ ਦੇ ਪ੍ਰੋਫੈਸਰ ਬਾਵਾ ਹਰਿਕ੍ਰਿਸ਼ਨ ਸਿੰਘ ਅਤੇ ਪ੍ਰੋ. ਤੇਜਾ



www.AKJ.Org

ਸਿੰਘ ਅਤੇ ਹੋਰਨਾਂ ਨੇ ਅਛੂਤ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਅਤੇ ਫੈਸਲਾ ਕੀਤਾ ਕਿ ਦੂਜੇ ਦਿਨ ਖਾਲਸਾ ਬਰਾਦਰੀ ਦੇ ਇਕ ਮੁਖੀ ਦੇ ਸਿਰ ਉੱਤੇ ਕੜ੍ਹਾਹ ਪ੍ਰਸਾਦਿ ਪਰਾਂਤ ਰੱਖ ਕੇ ਸ੍ਰੀ ਹਰਿਮੰਦਰ ਸਾਹਿਬ ਲੈ ਕੇ ਜਾਣਗੇ, ਸਮੂਹ ਸਿੰਘ ਅਤੇ ਕਾਲਜ ਦੇ ਵਿਦਿਆਰਥੀ ਜਲੂਸ ਵਿਚ ਸ਼ਾਮਲ ਹੋਣਗੇ।

ਜਲ੍ਹਿਆਂ ਵਾਲੇ ਬਾਗ ਵਿਚ ਇਸ ਕਾਰਜ ਲਈ ਦੂਜੇ ਦਿਨ ਭਾਰੀ ਇਕੱਠ ਹੋਇਆ। ਕੜ੍ਹਾਹ ਪ੍ਰਸਾਦਿ ਦੀ ਪਰਾਤ ਭਾਈ ਮਤਾਬ ਸਿੰਘ (ਸਪੁੱਤਰ ਸੰਤ ਲਖਮੀਰ ਸਿੰਘ ਜੀ) ਦੇ ਸਿਰ ਤੇ ਰੱਖ ਕੇ ਸਭ ਸ਼ਬਦ ਪੜ੍ਹਦੇ ਸ੍ਰੀ ਹਰਿਮੰਦਰ ਸਾਹਿਬ ਨੂੰ ਰਵਾਨਾ ਹੋਏ। ਇਸ ਜਲੂਸ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਵੱਲ ਆਉਂਦਾ ਦੇਖ ਕੇ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪੁਜਾਰੀ ਭੈ-ਭੀਤ ਹੋ ਕੇ ਸ੍ਰੀ ਦਰਬਾਰ ਸਾਹਿਬ ਛੱਡ ਕੇ ਨੱਸ ਗਏ। ਇਕ ਪੁਜਾਰੀ ਗੁਰਬਚਨ ਸਿੰਘ ਤਾਬੇ ਬੈਠਾ ਰਿਹਾ। ਬਾਵਾ ਹਰਿਕ੍ਰਿਸ਼ਨ ਸਿੰਘ ਆਪ ਅਰਦਾਸ ਕਰਨ ਲਈ ਖੜੇ ਹੋਏ ਅਤੇ ਚੌਰ ਦੀ ਸੇਵਾ ਪੁਜਾਰੀ ਕਰਦਾ ਰਿਹਾ। ਇਤਨੇ ਨੂੰ ਜਥੇਦਾਰ ਭਾਈ ਤੇਜਾ ਸਿੰਘ ਭੁੱਚਰ ਅਤੇ ਕਰਤਾਰ ਸਿੰਘ ਝੱਬਰ ਉਦੋਂ ਸਿਆਲਕੋਟ ਗੁਰਦੁਆਰਾ ਸੁਧਾਰ ਲਹਿਰ ਦੇ ਇਕ ਕੇਸ ਵਿਚੋਂ ਰਿਹਾਅ ਹੋ ਕੇ ਸ੍ਰੀ ਹਰਿਮੰਦਰ ਸਾਹਿਬ ਆ ਪੁੱਜੇ। ਉਨ੍ਹਾਂ ਕਿਹਾ; "ਬਾਵਾ ਜੀ, ਅਰਦਾਸ ਅਸੀਂ ਇਸੇ ਸਿੰਘ ਤੋਂ ਕਰਾਉਣੀ ਹੈ" ਉਸ ਨੇ ਅਰਦਾਸ ਕੀਤੀ। ਅਰਦਾਸ ਹੋਣ ਉਪਰੰਤ ਭਾਈ ਗੁਰਬਚਨ ਸਿੰਘ ਨੂੰ ਕਿਹਾ ਕਿ : "ਹੁਕਮਨਾਮਾ ਲਉ ਜੀ।" ਮਹਾਰਾਜ ਜੀ ਦਾ ਵਾਕ ਨਿਕਲਿਆ :

**"ਨਿਗੁਣਿਆ ਨੋ ਆਪੇ ਬਖਸ ਲਏ ਭਾਈ ਸਤਿਗੁਰ ਕੀ ਸੇਵਾ ਲਾਇ।**
**ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ।੧।**

ਪੰਨਾ ੬੩੮

ਇਸ ਤੋਂ ਗੁਰਦੁਆਰੇ ਦੇ ਸੁਧਾਰਾਂ ਨੂੰ ਅਜੇਹਾ ਜ਼ੋਰਦਾਰ ਥਾਪੜਾ ਮਿਲਿਆ, ਸ੍ਰੀ ਅੰਮ੍ਰਿਤਸਰ ਸ਼ਹਿਰ ਤੇ ਹੋਰ ਆਲੇ-ਦੁਆਲੇ ਦੀਆਂ ਸੰਗਤਾਂ ਪਰਿਕਰਮਾਂ ਵਿਚ ਆ ਜੁੜੀਆਂ। ਉਨ੍ਹਾਂ ਨੂੰ ਦੇਖ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ, ਤਖ਼ਤ ਸਾਹਿਬ ਨੂੰ ਸੁੰਨਾ ਛੱਡ ਕੇ ਭੱਜ ਗਏ। ਸਿਆਣੇ ਸੱਜਣਾਂ ਨੇ ਇਹ ਹਾਲਾਤ ਡੀ.ਸੀ. ਨੂੰ ਲਿਖ ਭੇਜੇ। ਉੱਤਰ ਵਿਚ ਡੀ.ਸੀ. ਨੇ ਚਿੱਠੀ ਲਿਖੀ ਕਿ ਤੁਸੀਂ ਆਪ ਦਸਾਂ ਸਿੱਖਾਂ ਦੀ ਇਕ ਕਮੇਟੀ ਮੁਕੱਰਰ ਕਰ ਲਉ। ਇਉਂ ਪੁਜਾਰੀਵਾਦ ਦਾ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਕਾਲਾ ਹੋਇਆ।

ਦੂਜੇ ਦਿਨ ਕੁਝ ਨਿਹੰਗਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਮੁੜ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸੈਂਟ੍ਰਲ ਮਾਝਾ ਦੀਵਾਨ ਤੇ ਧੂਰੀ ਦੀਵਾਨ ਅਤੇ ਸੁਤੰਤਰ ਦੀਵਾਨ ਗੁਰਦਾਸਪੁਰ ਨੇ ਨਿਹੰਗਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਕਬਜ਼ਾ ਨਾ ਹੋਣ ਦਿੱਤਾ।



www.AKJ.Org

ਅਗਲੇ ਦਿਨ ਖਾਲਸਾ ਕਾਲਜ ਦੇ ਵਿਦਿਆਰਥੀ ਤੇ ਪ੍ਰੋਫੈਸਰ ਨੀਲੀਆਂ ਗੂੜ੍ਹੀਆਂ ਪੱਗਾਂ ਬੰਨ੍ਹ ਕੇ ਅਕਾਲ ਤਖਤ ਸਾਹਿਬ ਉੱਤੇ ਪਹੁੰਚ ਗਏ ਤੇ ਅਕਾਲ ਤਖਤ ਦੀ ਸੇਵਾ ਸੰਭਾਲ ਲਈ। ਝੱਬਰ ਦੀ ਲਿਖਤ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਮਣੇ ਦੀਵਾਨ ਸਜਾ ਕੇ ਭਾਸ਼ਣ ਵੀ ਹੋਏ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਕਹਿਆ ਗਿਆ ਕਿ ਹੁਣ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪੰਥਕ ਮਰਿਆਦਾ ਅਨੁਸਾਰ ਸੇਵਾ ਕਰਨੀ ਹੈ। ਭੁੱਚਰ ਜੀ ਨੇ ਸਭ ਵਾਧੂ ਗੱਲਾਂ ਅਤੇ ਪੁਜਾਰੀਵਾਦ ਦੀ ਮਰਿਆਦਾ ਨੂੰ ਖ਼ਤਮ ਕਰਕੇ ਪੰਥਕ ਮਰਿਆਦਾ ਚਾਲੂ ਕਰ ਦਿੱਤੀ ਅਤੇ ਇਸ ਦਿਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ "ਮੁੰਦਾਵਣੀ" ਉੱਤੇ ਪਾਇਆ ਜਾਣਾ ਸ਼ੁਰੂ ਹੋਇਆ।

ਡੀ.ਸੀ. ਦੀ ਹਦਾਇਤ ਤੇ ਬਣੀ ਪਹਿਲੀ ਕਮੇਟੀ ਦੇ ਪ੍ਰਧਾਨ ਸ. ਸੁੰਦਰ ਸਿੰਘ ਰਾਮਗੜ੍ਹੀਆ, ਬਾਵਾ ਹਰਿਕ੍ਰਿਸ਼ਨ ਸਿੰਘ (ਮੀਤ ਪ੍ਰਧਾਨ), ਪ੍ਰੋਫੈਸਰ ਤੇਜਾ ਸਿੰਘ (ਮੈਂਬਰ), ਤੇਜਾ ਸਿੰਘ ਭੁੱਚਰ, ਕਰਤਾਰ ਸਿੰਘ ਝੱਬਰ, ਸ. ਚੰਦਾ ਸਿੰਘ ਐਡੀਟਰ ਪੰਥ ਸੇਵਕ ਲਾਹੌਰ ਅਤੇ ਗਿਆਨੀ ਸ਼ੇਰ ਸਿੰਘ ਆਦਿ ਮੈਂਬਰਾਂ ਦੀ ਕਮੇਟੀ ਬਣਾਈ ਗਈ। ਇਸ ਕਬਜ਼ੇ ਪਿੱਛੋਂ ਫਿਰ ਵੱਡੀ ਸ਼੍ਰੋਮਣੀ ਕਮੇਟੀ ਬਣੀ ਤੇ ਇਸ ਪ੍ਰਾਪਤੀ ਪਿੱਛੇ ਸਿੱਖਾਂ ਅੰਦਰ ਗੁਰਦੁਆਰਾ ਸੁਧਾਰ ਲਈ ਜੋਸ਼ ਹੋਰ ਵਧ ਗਿਆ ਅਤੇ ਗੁਰਦੁਆਰਿਆਂ ਤੇ ਕਬਜ਼ੇ ਕੀਤੇ ਜਾਣ ਲੱਗੇ। ਜਿਸ ਤੋਂ ਕੁਝ ਥਾਵਾਂ ਤੇ ਫਸਾਦ ਵੀ ਹੋਏ। ਪਰੰਤੂ ਵੱਡੀ ਘਟਨਾ ਇਹ ਵਰਤੀ ਕਿ :

ਮਹਾਰਾਜਾ ਰਿਪਦੁਮਨ ਸਿੰਘ ਨਾਭਾ ਜੋ ਸਿੰਘ ਸਭਾਈ ਵਿਚਾਰਾਂ ਤੇ ਸੁਧਾਰ ਦੇ ਹਾਮੀ ਸਨ, ਉਨ੍ਹਾਂ ਦੇ ਵਿਰੁੱਧ ਅੰਗ੍ਰੇਜ਼ੀ ਸਰਕਾਰ ਨੇ ਇਕ ਮੁਕੱਦਮਾ ਬਣਾ ਕੇ ਗੱਦੀ ਤੋਂ ਲਾਹ ਦਿੱਤਾ, ਜਿਸ ਤੋਂ ਸਿੱਖ ਸੰਗਤਾਂ ਵਿਚ ਭਾਰੀ ਜੋਸ਼ ਉਤਪੰਨ ਹੋਇਆ।

ਜੈਤੋਂ ਵਿਚ ਰੋਸ ਪ੍ਰਗਟ ਕਰਨ ਲਈ ਗੰਗਸਰ ਗੁਰਦੁਆਰੇ ਵਿਚ ਮਹਾਰਾਜਾ ਨਾਭਾ ਦੀ ਹਮਾਇਤ ਵਿਚ ਅਖੰਡ ਪਾਠ ਅਰੰਭਿਆ ਗਿਆ। ਇਸ ਸਮੇਂ ਸਰਕਾਰ ਨੇ ਅਖੰਡਪਾਠੀਆਂ ਨੂੰ ਹਟਾ ਕੇ ਸਰਕਾਰੀ ਬੰਦਿਆਂ ਨੂੰ ਪਾਠ ਕਰਨ ਬਿਠਾ ਕੇ ਵਿਘਨ ਪਾਇਆ। ਇਸ ਉੱਤੇ ਸੰਗਤਾਂ ਹੋਰ ਭੜਕ ਗਈਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥਾ ਭੇਜਿਆ ਗਿਆ ਕਿ ਸਰਕਾਰੀ ਪਾਠੀਆਂ ਦੀ ਥਾਂ, ਇਹ ਜਥਾ ਪਾਠ ਕਰੇਗਾ।

ਜਥਾ ਜੈਤੋਂ ਪੁੱਜਿਆ, ਜਥੇ ਦਾ ਪ੍ਰੋਗਰਾਮ ਸੀ ਕਿ ਗੁਰਦੁਆਰੇ ਦੇ ਅੰਦਰ ਜਥਾ ਹੀ ਅਖੰਡ ਪਾਠ ਕਰੇ। ਪੁਲੀਸ ਨੇ ਪਹਿਲਾਂ ਜਥੇ ਨੂੰ ਧੱਕਿਆ, ਫਿਰ ਗੋਲੀ ਚਲਾ



www.AKJ.Org

ਦਿੱਤੀ। ਬਹੁਤ ਸਾਰੇ ਸਿੰਘ ਫੱਟੜ ਤੇ ਸ਼ਹੀਦ ਹੋਏ। ਫਿਰ ਸ੍ਰੀ ਅੰਮ੍ਰਿਤਸਰ ਤੋਂ ਦੂਜਾ ਜਥਾ ਚੱਲਿਆ। ਇਉਂ ਲੱਗਿਆ ਜਿਵੇਂ ਸਿੰਘਾਂ ਨੇ ਸ਼ਹੀਦੀ ਗਾਨੇ ਬੰਨ੍ਹ ਲਏ ਹੋਣ। ਫੇਰ ਹੋਰ ਜਥੇ ਚੱਲਣ ਲੱਗੇ ਜਿਨ੍ਹਾਂ ਉੱਤੇ ਭਾਰੀ ਤਸੱਦਦ ਕੀਤਾ ਜਾਣ ਲੱਗਿਆ। ਸਰਕਾਰ ਲਈ ਇਸ ਹਾਲਤ ਵਿਚ ਸਿੰਘਾਂ ਨੂੰ ਸੰਭਾਲਣਾ ਸੰਭਵ ਨ ਹੋਣ ਕਾਰਣ, ਪਾਠ ਕਰਨ ਦੀ ਖੁੱਲ੍ਹ ਦੇ ਦਿੱਤੀ ਅਤੇ ਮੋਰਚਾ ਫਤਹਿ ਹੋ ਗਿਆ।

**੨੧ ਜੁਲਾਈ ੧੯੨੫ ਈ. ਨੂੰ ੧੦੧ ਅਖੰਡ ਪਾਠ ਆਰੰਭ ਕੀਤੇ ਗਏ ਤੇ ੬ ਅਗਸਤ ੧੯੨੫ ਈ. ਨੂੰ ਭੋਗ ਪਾਏ ਗਏ। ਜਿਸ ਵਿਚ ਸੰਤ ਅਤਰ ਸਿੰਘ ਜੀ ਤੱਕ ਪੰਥ ਦੀਆਂ ਪ੍ਰਸਿੱਧ ਹਸਤੀਆਂ ਸ਼ਾਮਲ ਹੋਈਆਂ। ਇਸ ਸਮੇਂ ਸਾਰੇ ਅਖੰਡ ਪਾਠਾਂ ਦਾ ਭੋਗ ਮੁੰਦਾਵਣੀ ਉੱਤੇ ਪਾਇਆ ਗਿਆ।**

"ਭਾਈ ਰਣਜੋਧ ਸਿੰਘ ਦਰਦੀ, ਕਾਨ ਸਿੰਘ ਰਾਗੀ ਪੱਤੋਂ, ਨਾਹਰ ਸਿੰਘ ਵਿਯੋਗੀ ਧਲੇਕੇ ਆਦਿਕ ਸਿੰਘਾਂ ਨੇ ਚਿੱਠੀ ਲਿਖ ਕੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖ਼ਬਰਦਾਰ ਕੀਤਾ ਕਿ ਕਿਧਰੇ ਸੰਤਾਂ ਦੀ ਰਾਗਮਾਲਾ ਵਾਲੀ ਗੱਲ ਨਾ ਮੰਨ ਲਈ ਜਾਵੇ। ਜੈਤੋ ਦੇ ਮੋਰਚੇ ਵੇਲੇ ਦੇ ਅਖੰਡਪਾਠਾਂ ਦਾ ਭੋਗ ਮੁੰਦਾਵਣੀ ਉੱਤੇ ਪਾਇਆ ਜਾਂਦਾ ਰਿਹਾ।"

(ਗੁਰਦੁਆਰਾ ਗਜ਼ਟ, ੧੯੬੫, ਪੰਨਾ ੧੧੯)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸਨੂੰ ੭ ਨਵੰਬਰ ੧੯੨੧ ਈ. ਵਿਚ ਗੈਰਕਾਨੂੰਨੀ ਕਰਾਰ ਦਿੱਤਾ ਗਿਆ। ਪਹਿਲੀ ਕਮੇਟੀ ਦੇ ਲੀਡਰ ਅੰਮ੍ਰਿਤਸਰ ਤੋਂ ਲਾਹੌਰ ਦੇ ਕਿਲ੍ਹੇ ਤੇ ਦੂਜੀ ਕਮੇਟੀ ਦੇ ਮੈਂਬਰਾਂ ਨੂੰ ਵੱਖੋ-ਵੱਖਰੀਆਂ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਸੀ। ਹਾਲਾਤ ਨੂੰ ਅਨੁਭਵ ਕਰਕੇ ਆਖ਼ਰ ਗੱਲ ਇੱਥੇ ਨਿਬੜੀ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ ਸੀ, ਉਹ ਕਿਸੇ ਕਾਨੂੰਨ ਅਨੁਸਾਰ ਬਣਾਈ ਜਾਵੇ। ਇਹ ਅਮਲ ੧੯੨੫ ਈ. ਨੂੰ ਸਿੱਖ ਲੀਡਰਾਂ ਤੇ ਅੰਗਰੇਜ਼ ਸਰਕਾਰ ਵਿਚਕਾਰ ਗੁਰਦੁਆਰਾ ਐਕਟ ਦੇ ਰੂਪ ਵਿਚ ਆਇਆ। ਜਿਸ ਐਕਟ ਅਧੀਨ ੪ ਦਸੰਬਰ ੧੯੨੬ ਈ. ਤੱਕ ਸਾਰਾ ਚਾਰਜ ਦੇ ਦਿੱਤਾ ਤੇ ਸ਼੍ਰੋਮਣੀ ਕਮੇਟੀ ਇਕ ਕਾਨੂੰਨੀ ਸੰਸਥਾ ਬਣ ਗਈ ਅਤੇ ਉਸਦੇ ਫੈਸਲਿਆਂ ਨੂੰ ਠੀਕ ਮੰਨਿਆ ਜਾਣ ਲੱਗਾ। ਸਿੱਖ ਰਹਿਤ ਮਰਯਾਦਾ ਤਿਆਰ ਕਰਨ ਲਈ ਚੋਣਵੇਂ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਗਈ। ਉਹਨਾਂ ਦੀ ਮੀਟਿੰਗ ਸੱਦ ਕੇ ਪਾਸ ਕੀਤਾ ਗਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੰਥਕ ਮਰਯਾਦਾ ਬਣਾਈ ਜਾਵੇ ਜੋ ਸਭ ਗੁਰਦੁਆਰਿਆਂ ਵਿਚ ਲਾਗੂ ਹੋਵੇ। ਉਸ ਵੱਡੀ ਕਮੇਟੀ ਵਿਚੋਂ ਇਕ ਸਬ-ਕਮੇਟੀ ਥਾਪੀ ਗਈ, ਜਿਸ ਦੇ ਕਨਵੀਨਰ ਪ੍ਰੋਫੈਸਰ ਤੇਜਾ ਸਿੰਘ ਖਾਲਸਾ ਕਾਲਜ ਵਾਲੇ ਬਣਾਏ ਗਏ। ਉਨ੍ਹਾਂ ਨੇ ਚਿੱਠੀਆਂ ਪੱਤਰ ਪਾ ਕੇ ਖੁੱਲ੍ਹੇ ਤੌਰ ਤੇ ਸਿੱਖ ਸੰਗਤਾਂ



www.AKJ.Org

ਤੋਂ ਰਾਵਾਂ ਦੀ ਮੰਗ ਕੀਤੀ ਅਤੇ ਰਹਿਤ ਮਰਯਾਦਾ ਦਾ ਹਰ ਸਫ਼ਾ ਅੱਧਾ ਛਪਿਆ ਅਤੇ ਅੱਧਾ ਅਣ-ਛਪਿਆ ਸੀ ਜੋ ਸੰਗਤਾਂ ਨੂੰ ਭੇਜਿਆ ਗਿਆ। ਉਹਨਾਂ ਸਾਰੀਆਂ ਰਾਵਾਂ ਦੇ ਚਾਨਣੇ ਵਿਚ ਬਾਵਾ ਹਰਿਕ੍ਰਿਸ਼ਨ ਸਿੰਘ, ਭਾਈ ਜੋਧ ਸਿੰਘ, ਗਿਆਨੀ ਸ਼ੇਰ ਸਿੰਘ, ਪ੍ਰੋ. ਤੇਜਾ ਸਿੰਘ ਅਤੇ ਹੋਰ ਧਾਰਮਿਕ ਸਲਾਹਕਾਰ (ਸੱਤ ਮੈਂਬਰਾਂ ਦੀ ਕਮੇਟੀ) ਦੇ ਆਗੂਆਂ ਨੇ ਸਿੱਖ ਮਰਯਾਦਾ ਦਾ ਖਰੜਾ ਤਿਆਰ ਕੀਤਾ। ਇਹਨਾਂ ਮੀਟਿੰਗਾਂ ਵਿਚ ਵਿਸ਼ੇਸ਼ ਕਰਕੇ ਮੌਕੇ ਤੇ ਹੋਰ ਹਸਤੀਆਂ ਵੀ ਪੁੱਜਦੀਆਂ ਰਹੀਆਂ, ਜਿਵੇਂ ਕਿ ਭਾਈ ਕਾਨ੍ਹ ਸਿੰਘ ਜੀ ਨਾਭਾ, ਧਰਮਾਨੰਤ ਸਿੰਘ, ਭਾਗ ਸਿੰਘ, ਗੁਰਦਾਸਪੁਰ, ਸੰਤ ਤੇਜਾ ਸਿੰਘ ਡਬਲ ਐਮ.ਏ. ਆਦਿ। ਖਰੜਾ ਸ਼੍ਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਕੋਲ ਭੇਜਿਆ ਗਿਆ। ਉਸ ਪਿੱਛੋਂ ਫਿਰ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ ੭ ਜਨਵਰੀ, ੧੯੪੫ ਵਿਚ ਹੋਈ। ਇਸ ਇਕੱਤਰਤਾ ਵਿਚ ੧੬ ਮਤੇ ਪਾਸ ਕੀਤੇ ਗਏ ਤੇ ਮਤਾ ਨੰ. ੫ 'ਰਾਗਮਾਲਾ ਅਤੇ ਭੋਗ' ਸਿਰਲੇਖ ਹੇਠ ਲਿਖੇ ਅਨੁਸਾਰ ਪਾਸ ਹੋਇਆ :

੫. "ਪਰਵਾਨ ਹੋਇਆ ਕਿ ਧਾਰਮਿਕ ਸਲਾਹਕਾਰ ਕਮੇਟੀ ਦੀ ਰਾਏ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਮੁੰਦਾਵਣੀ ਤੇ ਪਾਇਆ ਜਾਣਾ ਚਾਹੀਦਾ ਹੈ ਰਾਗਮਾਲਾ ਨਹੀਂ ਪੜ੍ਹਨੀ ਚਾਹੀਦੀ।"

ਇਸ ਪਿੱਛੋਂ ਖਾਲਸਾ ਸਮਾਚਾਰ ਵਿਚ ਕੁਝ ਰਾਗਮਾਲਾ ਪੱਖੀ ਲੇਖ ਛਪੇ ਜਿਨ੍ਹਾਂ ਦਾ ਸਾਰ ਸੀ ਕਿ ਰਾਗਮਾਲਾ ਆਲਮ ਦੀ ਆਪਣੀ ਰਚਨਾ ਨਹੀਂ ਉਸ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਚੋਰੀ ਕਰਕੇ ਆਪਣੀ ਪੁਸਤਕ ਵਿਚ ਲਿਖੀ ਹੈ।

ਧਾਰਮਿਕ ਸਲਾਹਕਾਰ ਕਮੇਟੀ ਦੀ ਇਕੱਤ੍ਰਤਾ ਮਿਤੀ ੧੩.੫.੪੫ ਵਿਚ ਭਾਈ ਜੋਧ ਸਿੰਘ ਜੀ ਦੀ ਰਾਗਮਾਲਾ ਤੇ ਸ੍ਰੀ ਗੁਰੂ ਗ੍ਰੰਥ ਜੀ ਦਾ ਭੋਗ ਪਾਉਣ ਸੰਬੰਧੀ ਪੱਤ੍ਰਿਕਾ ਪੇਸ਼ ਹੋਈ ਤੇ ਪ੍ਰਵਾਨ ਹੋਇਆ ਕਿ ੨੭ ਮਈ ਨੂੰ ਅਗਲੀ ਇਕੱਤਰਤਾ ਵਿਚ ਵਿਚਾਰ ਕੀਤੀ ਜਾਵੇਗੀ। ੨੭ ਮਈ ੧੯੪੫ ਦੀ ਇਕੱਤਰਤਾ ਵਿਚ ਚਰਚਾ ਕੀਤੀ ਗਈ। ਜਿਸ ਵਿਚ ਭਾਈ ਜੋਧ ਸਿੰਘ ਜਿਸਨੇ ਆਪਣੀ ਰਾਏ ਰਾਗਮਾਲਾ ਦੇ ਵਿਰੁੱਧ ਤੋਂ ਹੱਕ ਵਿਚ ਬਦਲ ਕੇ, ਮੀਟਿੰਗ ਵਿਚ ਜੋ ਪਾਰਟ ਅਦਾ ਕੀਤਾ ਉਸ ਕਾਰਨ, ਮੀਟਿੰਗ ਵਿਚ ਛਿੱਥੇ ਹੋ ਕੇ ਵਾਕ-ਆਊਟ ਕਰ ਗਏ। ਇਸ ਮੀਟਿੰਗ ਦਾ ਬਿਰਤਾਂਤ ਵੱਖਰਾ ਹੈ।

ਸ਼੍ਰੋਮਣੀ ਕਮਟੀ ਨੇ, ਸਾਹਮਣੇ ਆਈਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਤੇ ਅਸੈਂਬਲੀ ਦੀਆਂ ਚੋਣਾ ਨੂੰ ਮੁੱਖ ਰਖਦੇ ਹੋਏ, ਜਿਥੇ ਜੋ ਕੁੱਝ ਹੁੰਦਾ ਸੀ ਉਸ ਨੂੰ ਹਰ ਥਾਂ ਪਹਿਲਾਂ ਵਾਂਗ ਹੀ ਚਲਣ ਦਾ ਫੈਸਲਾ ਕਰ ਦਿੱਤਾ। ਇਸ ਮੁਤਾਬਿਕ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਮੁੰਦਾਵਣੀ ਉੱਤੇ ਭੋਗ ਪੈਂਦੇ ਰਹ।



www.AKJ.Org

ਜਿਤਨਾਂ ਚਿਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਪ੍ਰਾਚੀਨ ਇਮਾਰਤ ਢਾਹੀ ਨਾ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਲਾਨਾ ਸਮਾਗਮ ੨੬ ਅਕਤੂਬਰ ੧੯੪੫ ਈ: ਨੂੰ ਹੋਇਆ। ਰਾਗਮਾਲਾ ਦੇ ਸਵਾਲ ਬਾਰੇ ਸਟੇਟਸ-ਕੋ ਹੀ ਕਾਈਮ ਰਖਣ ਦਾ ਮਤਾ ਹੇਠ ਲਿਖੇ ਅਨੁਸਾਰ ਪਾਸ ਹੋਇਆ।.

**ਰਾਗਮਾਲਾ ਦਾ ਸਵਾਲ ਤੇ ਉਸ ਬਾਰੇ ਮਤਾ**

**ਸਰਦਾਰ ਅਮਰ ਸਿੰਘ ਜੀ (ਸ਼ੇਰੇ ਪੰਜਾਬ) ਵੱਲੋਂ ਰਾਗਮਾਲਾ ਬਾਰੇ ਇਹ ਮਤਾ ਪੇਸ਼ ਕੀਤਾ ਗਿਆ, ਜਿਸ ਸਬੰਧੀ ਪ੍ਰਧਾਨ ਸਾਹਿਬ ਨੇ ਦੱਸਿਆ ਕਿ ਸੰਨ ੧੯੩੬ ਈ: ਵਿੱਚ ਧਾਰਮਿਕ ਸਲਾਹਕਾਰ ਕਮੇਟੀ ਨੇ ਫੈਸਲਾ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਮੁੰਦਾਵਣੀ ਤੇ ਪਾਇਆ ਜਾਵੇ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਰਾਗਮਾਲਾ ਕੱਢਣ ਦਾ ਹੀਆ ਕੋਈ ਨਾ ਕਰੇ। ਇਸ ਫੈਸਲੇ ਤੇ ਕਿਸੇ ਥਾਂ ਅਮਲ ਹੋਇਆ ਅਤੇ ਕਿਸੇ ਥਾਂ ਨਹੀਂ। ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਪੰਜਾ ਸਾਹਿਬ ਵਿੱਚ ਉਦੋਂ ਤੋਂ ਹੀ ਭੋਗ ਮੁੰਦਾਵਣੀ ਤੇ ਪਾਇਆ ਜਾਂਦਾ ਹੈ, ਜਦੋਂ ਤ੍ਰੋਂ ਇਹ ਪਵਿਤ੍ਰ ਅਸਥਾਨ ਮੁੜ ਪੰਥਕ ਪ੍ਰਬੰਧ ਵਿੱਚ ਆਏ ਹਨ। ਧਾਰਮਿਕ ਸਲਾਹਕਾਰ ਕਮੇਟੀ ਦੇ ਇਕ ਮੈਂਬਰ ਸਾਹਿਬ ਵੱਲੋਂ ਇਹ ਮਾਮਲਾ ਦੁਬਾਰਾ ਵਿਚਾਰ ਹਿੱਤ ਪੇਸ਼ ਹੋਣ ਤੇ ਇਕ ਸਬ ਕਮੇਟੀ ਪੁਰਾਤਨ ਬੀੜਾਂ ਦੇ ਦਰਸ਼ਨ ਕਰ ਕੇ ਰਿਪੋਰਟ ਕਰਨ ਲਈ ਨਿਯਤ ਕੀਤੀ ਗਈ ਹੈ, ਜਦੋਂ ਤੱਕ ਕੋਈ ਫੈਸਲਾ ਨਹੀਂ ਹੁੰਦਾ, ਰਾਗਮਾਲਾ ਸਬੰਧੀ ਸਟੇਟਸ-ਕੋ ਹੀ ਕਾਇਮ ਰਹੇਗਾ।**

ਸ੍ਰੋ: ਗੁ: ਪ੍ਰ: ਕਮੇਟੀ ਦਾ ਪੰਜਾਹ ਸਾਲਾ, ਇਤਿਹਾਸ (੧੯੨੬ ਤੋਂ ੧੯੭੬)

ਪੰਨਾ ੨੨੯, ਲੇਖਕ: ਸਮਸ਼ੇਰ ਸਿੰਘ ਅਸ਼ੋਕ



www.AKJ.Org

# ਰਾਗਮਾਲਾ ਬਾਰੇ ਚਰਚਾ

ਸੰਨ ੧੯੧੭ ਵਿਚ 'ਰਾਗਮਾਲਾ' ਬਾਰੇ ਜੋ ਗਰਮਾ-ਗਰਮ ਬਹਿਸ ਹੋਈ, ਗੁਰਦੁਆਰਾ ਸੁਧਾਰ ਲਹਿਰ ਦੇ ਸਿਖ਼ਰ ਉੱਤੇ ਪੁੱਜਣ ਕਾਰਨ ਜਿਨ੍ਹਾਂ ਗੁਰਦੁਆਰਿਆਂ ਉੱਤੇ ਸੁਧਾਰਕ ਜਥਿਆਂ ਦਾ ਕਬਜ਼ਾ ਹੁੰਦਾ ਸੀ, ਉਥੇ 'ਮੁੰਦਾਵਣੀ' ਤੇ ਭੋਗ ਪੈਣਾ ਆਰੰਭ ਹੋ ਜਾਂਦਾ ਸੀ। ਮੋਰਚਿਆਂ ਦੇ ਫਲਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਅਤੇ ਗੁਰਦੁਆਰੇ ਕਾਨੂੰਨੀ ਤੌਰ ਤੇ ਪੰਥਕ ਪ੍ਰਬੰਧ ਹੇਠ ਆਏ। ਉਸ ਵੇਲੇ ਜੋ ਅਮਲ ਗੁਰਦੁਆਰਿਆਂ ਵਿਚ ਪ੍ਰਚੱਲਤ ਸੀ, ਰਹੁ-ਰੀਤ ਵਿਚ ਵੀ ਉਸੇ ਅਮਲ ਨੂੰ ਲਾਗੂ ਕੀਤਾ ਗਿਆ। ਜੋ ਚਰਚਾ ੧੯੧੭ ਵਿਚ ਹੋਈ ਸੀ ਕਿ "ਰਾਗਮਾਲਾ ਗੁਰਬਾਣੀ ਨਹੀਂ", ਇਹ ਵਿਚਾਰ ਸਿੱਖ ਰਹਿਤ ਮਰਿਆਦਾ ਦੇ ਖਰੜੇ ਵਿਚ ਲਿਖੇ ਗਏ ਤੇ ਉਨ੍ਹਾਂ ਉਪਰ ਅਮਲ ਵੀ ਆਰੰਭਿਆ ਗਿਆ। ਗੁਰਦੁਆਰਾ ਸੁਧਾਰ ਲਹਿਰ ਸਮੇਂ ਰਾਗਮਾਲਾ ਪੱਖੀ ਸੱਜਣ ਚੁੱਪ ਰਹੇ। ਜਦੋਂ ਕੁਝ ਵਿਵਸਥਾ ਠੰਢੀ ਹੋਈ ਤਾਂ ਸੰਤਾਂ-ਮਹੰਤਾਂ ਨੇ ਫਿਰ ਬਲ ਧਾਰਿਆ। ਕੁਝ ਚਿਰ ਪਿੱਛੋਂ ਇਹ ਮਸਲਾ ਉਠਾਇਆ ਗਿਆ। ਖਾਲਸਾ ਸਮਾਚਾਰ ਵਿਚ ਲੇਖ ਲਿਖੇ ਜਾਣ ਲੱਗੇ ਅਤੇ ਦੱਸਿਆ ਜਾਣ ਲੱਗਿਆ ਕਿ ਇਹ ਰਚਨਾ ਗੁਰਬਾਣੀ ਹੈ, ਆਲਮ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚੋਂ ਚੋਰੀ ਕਰਕੇ, ਆਪਣੀ ਪੋਥੀ "ਮਾਧਵਾਨਲ ਕਾਮਕੰਦਲਾ" ਵਿਚ ਪਾਈ ਹੈ ਸ਼ਿਵ ਸਿੰਘ ਸਰੋਜ ਦੀ ਲਿਖਤ ਇਸ ਦਾ ਆਧਾਰ ਬਣਾਈ ਗਈ। ਆਲਮ ਦੀ ਪੋਥੀ ਦੇ ਮੰਗਲ ਨੂੰ ਜਿਸ ਵਿਚ ਲਿਖਣ ਦਾ ਸੰਮਤ ੯੯੧ ਹਿਜਰੀ ਬਣਦਾ ਸੀ, ਇਸ ਸੰਮਤ ਨੂੰ ਮੂਲ ਰੂਪ ਵਿੱਚੋਂ ਇਕ ਸੰਸਕ੍ਰਿਤ ਦੇ ਕਵੀ ਜੋਧ ਦੇ ਲਿਖੇ ਗ੍ਰੰਥ ਦਾ ਉਲੱਥਾ ਦੱਸਿਆ ਜਾਣ ਲੱਗਾ।

ਕੁਝ ਲੇਖਾਂ ਵਿਚ ਆਲਮ ਦੀ ਰਚਨਾ ਵਿਚੋਂ ਗੁਰਮੁਖੀ ਦੇ ਵਰਤੇ ਹੋਏ ਲਫ਼ਜ਼ਾਂ ਨੂੰ ਦੱਸਿਆ ਜਾਣ ਲੱਗਿਆ ਕਿ ਦੇਖੋ ਆਲਮ ਦੀ ਰਚਨਾ ਗੁਰਮੁਖੀ ਜਾਂ ਗੁਰਮਤਿ ਦੇ ਪ੍ਰਭਾਵੀ ਹੈ। ਜਵਾਬ ਵਿਚ ਕੁਝ ਵਿਦਵਾਨਾਂ ਨੇ ਦੱਸਿਆ ਕਿ ਅਜਿਹੇ ਸ਼ਬਦ ਤਾਂ ਆਲਮ ਤੋਂ ਪਹਿਲਾਂ ਹੋਏ ਹਿੰਦੀ ਦੇ ਹੋਰ ਵਿਦਵਾਨਾਂ ਨੇ ਵਰਤੇ ਹਨ। ਜਿਵੇਂ:

"ਸਿਵਰੋਂ ਆਦਿ ਏਕ ਕਰਤਾਰੋ।
ਜਿਨ੍ਹ ਜੀਉ ਦੀਨ੍ਹ ਕੀਨ੍ਹ ਸੰਸਾਰੋ॥"



www.AKJ.Org

ਇਹ ਜਾਇਸੀ ਦੇ ਗ੍ਰੰਥ "ਪਦਮਾਵਤ" ਵਿਚੋਂ ਹੈ ਜੋ ਆਲਮ ਤੋਂ ਪਹਿਲਾਂ ਹੋਇਆ ਸੀ। "ਕਥਾ ਅਰੰਭ ਹੋਤ ਹੈ ਜਬ ਹੀ॥" ਵਿਚ ਇਸ ਨੂੰ 'ਆਹੀ, ਤਾਹੀ' ਦੇ ਚੱਕਰ ਵਿਚ ਘੁੰਮਾਇਆ ਜਾਣ ਲੱਗਾ। ਬਹਿਸ ਕਿਸੇ ਤਰ੍ਹਾਂ ਵੀ ਤਥਾਂ ਦੇ ਅਧਾਰਿਤ ਨਾ ਹੋਣ ਕਾਰਨ ਪਾਣੀ ਵਿਚ ਮਧਾਣੀ ਸੀ। ਜਿਸ ਨੂੰ ਪੁਰਾਤਨ ਗ੍ਰੰਥਾਂ ਦੇ ਪ੍ਰਮਾਣ ਦੇ ਕੇ ਬੜੌਦੇ ਦੇ ਪ੍ਰੋਫੈਸਰ ਮੌਜ਼ਮਦਾਰ ਨੇ ਨਿਰਆਧਾਰ ਸਾਬਤ ਕੀਤਾ।

ਬੇਸ਼ੱਕ, ਇਸ ਸਮੇਂ ਆਲਮ ਬਾਰੇ ਕਈ ਹਿੰਦੀ ਦੇ ਗ੍ਰੰਥਾਂ ਵਿਚ ਜਿਵੇਂ ਮੁਨਸ਼ੀ ਦੇਵੀ ਪ੍ਰਸਾਦ (ਰਾਜਸਥਾਨ), ਲਾਹੌਰ ਦੀ ਯੂਨੀਵਰਸਿਟੀ ਤੋਂ ਸ਼ਰਨਦਾਸ ਭਨੋਤ ਜਿਹੇ ਖੋਜੀ ਅਕਬਰ ਸਮਕਾਲੀ ਇੱਕੋ ਆਲਮ ਮੰਨ ਰਹੇ ਸਨ ਅਤੇ ਸ਼ਿਵ ਸਿੰਘ ਸਰੋਜ ਦੀਆਂ ਲਿਖਤਾਂ ਨੂੰ ਗਲਤ ਕਰਾਰ ਦਿੰਦੇ ਹੋਏ ਆਲਮ ਬਾਰੇ ਲਖਨਊ ਦੇ ਸ੍ਰੀ ਭਵਾਨੀ ਸ਼ੰਕਰ ਯਾਗਯਕ ਨੇ ੧੯੨੪ ਈ. ਨੂੰ 'ਮਾਧੁਰੀ' ਰਸਾਲੇ ਅੰਦਰ "ਆਲਮ ਔਰ ਰਸਖ਼ਾਨ" ਲੇਖ ਲਿਖ ਕੇ ਪ੍ਰਗਟ ਕਰ ਦਿੱਤਾ ਸੀ ਕਿ **ਆਲਮ ਇੱਕੋ ਹੀ ਹੋਇਆ ਹੈ, ਉਹ ਅਕਬਰ ਸਮਕਾਲੀ ਸੀ।** ਅਸਚਰਜਤਾ ਦੀ ਗੱਲ ਇਹ ਹੋਈ ਕਿ ਸਾਨੂੰ ਪਤਾ ਤੱਕ ਨਹੀਂ ਕਿ ਅਜਿਹਾ ਕੋਈ ਲੇਖ ਲਿਖਿਆ ਗਿਆ। ਜੇਕਰ ਪਤਾ ਸੀ ਤਾਂ ਉਨ੍ਹਾਂ ਨੇ ਇਸ ਨੂੰ ਦਬਾ ਕੇ ਰੱਖਿਆ ਕਿ ਹਿੰਦੀ ਵਿਚ ਛਪੇ ਲੇਖ ਦਾ ਆਮ ਸਿੱਖਾਂ ਨੂੰ ਕੀ ਪਤਾ ਹੋ ਸਕਦਾ ਹੈ? ਕਿਉਂਕਿ, ਉਸ ਵੇਲੇ ਪੰਜਾਬ ਦੀ ਸਰਕਾਰੀ ਬੋਲੀ ਉਰਦੂ ਪ੍ਰਭਾਵੀ ਸੀ ਅਤੇ ਹਿੰਦੀ ਦੀ ਜਾਣਕਾਰੀ ਬਹੁਤ ਘੱਟ ਹੁੰਦੀ ਸੀ।

ਇਹ ਉਹ ਸਮਾ ਹੈ ਜਦੋਂ 'ਰਾਗਮਾਲਾ' ਪੱਖੀ ਕਰਤਾਰਪੁਰ ਵਾਲੀ ਬੀੜ ਦੀ ਸੇਵਾ ਸੰਭਾਲ ਕਰਦੇ ਹੋਏ ਭਾਈ ਕਾਨ੍ਹ ਸਿੰਘ ਜੀ ਦੀ ਚਿੱਠੀ ਵਿਚ ਲਿਖੀਆਂ ਲਿਖਤਾਂ ਨੂੰ ਅਲੋਪ ਕਰ ਰਹੇ ਸਨ।

ਗਿਆਨੀ ਸ਼ੇਰ ਸਿੰਘ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਧਾਰਮਿਕ ਪੱਖੋਂ ਵਿਸ਼ੇਸ਼ ਸਥਾਨ ਸੀ, ਜਿਸ ਨੇ ੧੯੧੭ ਈ. ਵਿਚ ਪਹਿਲੀ ਚਰਚਾ ਸਮੇਂ 'ਰਾਗਮਾਲਾ' ਦੇ ਵਿਰੋਧ ਵਿੱਚ ਵਧੇਰੇ ਪ੍ਰਚਾਰ ਕੀਤਾ ਸੀ। ਉਸ ਵੇਲੇ ਪੋਠੋਹਾਰ ਦੇ ਕਸਬਿਆਂ ਕਹੂਟਾ ਆਦਿ ਵਿਚ ਭਾਈ ਜੋਧ ਸਿੰਘ ਨਾਲ ਉਨ੍ਹਾਂ ਜਾ ਕੇ 'ਰਾਗਮਾਲਾ' ਵਿਰੋਧੀ ਪ੍ਰਚਾਰ ਕਰਿਆ ਕਰਦੇ ਸਨ। ਇਹ ਸੂਚਨਾ 'ਪੰਥ ਸੇਵਕ' ਦੀ ਛਪੀ ਇਕ ਖ਼ਬਰ ਤੋਂ ਮਿਲਦੀ ਹੈ, ਜੋ ਕਹੂਟੇ ਦੇ ਦੀਵਾਨ ਦੀ ਹੈ। ਉਸ ਦੀਵਾਨ ਵਿਚ ਇਹ ਵੀ ਚਰਚਾ ਹੋਈ ਲਿਖੀ ਹੈ ਕਿ ਇੱਥੇ ਨੇੜੇ ਹੀ 'ਰਾਗਮਾਲਾ' ਰਹਿਤ ਇਕ ਹੱਥ-ਲਿਖਤ ਬੀੜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਨੂੰਨੀ ਹੈਸੀਅਤ ਮਿਤੀ ੧੯੨੫ ਈ. ਵਿਚ ਹਾਸਲ ਕੀਤੀ। ਉਸ ਪਿੱਛੋਂ ਰਹਿਤ-ਮਰਿਆਦਾ ਦਾ ਖਰੜਾ ਵੀ ਬਣਾਇਆ ਗਿਆ ਤੇ ਅਜਿਹੇ ਐਲਾਨ ਵੀ ਕੀਤੇ ਗਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ



www.AKJ.Org

ਜੀ ਦਾ ਭੋਗ 'ਮੁੰਦਾਵਣੀ' ਉੱਤੇ ਪਾਇਆ ਜਾਵੇ ਅਤੇ 'ਰਾਗਮਾਲਾ' ਨਾ ਪੜ੍ਹੀ ਜਾਵੇ। ਗਿਆਨੀ ਸ਼ੇਰ ਸਿੰਘ ਸਿੱਖ ਰਹਿਤ ਮਰਿਆਦਾ ਦਾ ਖਰੜਾ ਤਿਆਰ ਕਰਨ ਸਮੇਂ ਧਾਰਮਿਕ ਸਲਾਹਕਾਰ ਕਮੇਟੀ ਦੇ ਪ੍ਰਭਾਵਸ਼ਾਲੀ ਮੈਂਬਰ ਸਨ। ਇਸ ਲਈ ਕੋਈ ਚਰਚਾ ਕਰਨ ਲਈ ਸਾਹਮਣੇ ਨਹੀਂ ਸੀ ਆਉਂਦਾ। ਖਾਲਸਾ ਸਮਾਚਾਰ ਨੇ ਉਸ ਸਮੇਂ 'ਰਾਗਮਾਲਾ' ਪੱਖੀ ਕੁਝ ਲੇਖ ਲਿਖੇ, ਜੋ ਸਿੱਖਾਂ ਦਾ ਕੋਈ ਧਿਆਨ ਨਾ ਖਿੱਚ ਸਕੇ। ਭਾਈ ਕਾਨ੍ਹ ਸਿੰਘ, ਸੰਨ ੧੯੩੮ ਵਿਚ ਅਤੇ ਗਿਆਨੀ ਸ਼ੇਰ ਸਿੰਘ ਦੇ ਚਲਾਣੇ ਕਰ ਜਾਣ ਦੇ ਮਗਰੋਂ, ਖਾਲਸਾ ਸਮਾਚਾਰ ਵਿਚ ਮੁੜ ਲੇਖ ਛਪਣ ਲੱਗੇ ਅਤੇ ਇਕ 'ਰਾਗਮਾਲਾ' ਮੰਡਨ ਸਭਾ ਵੀ ਬਣਾ ਲਈ ਤੇ ਉਸ ਵੱਲੋਂ 'ਰਾਗਮਾਲਾ' ਦੇ ਪੱਖ ਵਿਚ ਐਲਾਨ ਕੀਤੇ ਗਏ।

ਏਨ੍ਹਾਂ ਸਮਿਆਂ ਵਿਚ ਪ੍ਰਿੰਸੀਪਲ ਜੋਧ ਸਿੰਘ ਖਾਲਸਾ ਕਾਲਜ ਦੀ ਪ੍ਰਿੰਸੀਪਲ ਦੀ ਮਿਆਦ ਮੁੜ ਮੁੜ ਵਧਾ ਰਹੇ ਸਨ। ਚੀਫ਼ ਖਾਲਸਾ ਦੀਵਾਨ ਦੀ ਕੁੰਜੀ ਜਿਹੀ ਸ਼ਕਤੀ ਰੱਖਣ ਵਾਲੀ ਹਸਤੀ ਦੀ ਪ੍ਰਸੰਨਤਾ ਲੈਣ ਲਈ ਪ੍ਰਿ: ਜੋਧ ਸਿੰਘ ਨੇ 'ਰਾਗਮਾਲਾ' ਬਾਰੇ ਆਪਣੀ ਰਾਏ ਬਦਲ ਲਈ। ਇਸ ਵੇਲੇ ਜਦੋਂ ਰਾਏ ਬਦਲੀ ਉਦੋਂ ਭਾਈ ਕਾਨ ਸਿੰਘ ਤੇ ਗਿਆਨੀ ਸ਼ੇਰ ਸਿੰਘ ਚਲਾਣਾ ਕਰ ਚੁੱਕੇ ਸਨ। ਉਸੇ ਹੀ ਭਾਈ ਜੋਧ ਸਿੰਘ ਜਿਸ ਨੇ ਸੰਨ ੧੯੧੭ ਵਿਚ ਲਾਇਲਪੁਰ ਵਿਚ 'ਰਾਗਮਾਲਾ' ਵਿਰੋਧੀ ਲਹਿਰ ਨੂੰ ਉਭਾਰਿਆ ਸੀ ਤੇ ਖਾਲਸਾ ਕਾਲਜ ਵਿਚ ਵੀ ਆਪਣੇ ਘਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਭੋਗ 'ਮੁੰਦਾਵਣੀ' ਉੱਤੇ ਆਪ ਪਾਇਆ ਸੀ ਤੇ ਪਹਿਲਾਂ ਰਹਿਤ-ਮਰਿਆਦਾ ਦੇ ਖਰੜੇ ਵਿਚ 'ਮੁੰਦਾਵਣੀ' ਉੱਤੇ ਭੋਗ ਪਾਉਣ ਵਾਲੀ ਕਮੇਟੀ ਵਿਚ ਸਿਰ ਕੱਢ ਮੈਂਬਰ ਸਨ। ਫੇਰ, ਧਾਰਮਿਕ ਸਲਾਹਕਾਰ ਕਮੇਟੀ ਦੇ ਮੈਂਬਰ ਹੋਣ ਦੀ ਹੈਸੀਅਤ ਵਿਚ ਆਪਣੀ ਰਾਏ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਐਲਾਨ ਬਦਲਣ ਹਿੱਤ ਪੱਤਰ ਲਿਖ ਦਿੱਤਾ ਤੇ ਸਲਾਹਕਾਰ ਕਮੇਟੀ ਦੀ ਮੀਟਿੰਗ ਸੱਦਣ ਦੀ ਮੰਗ ਕੀਤੀ ਤਾਂ ਕਿ 'ਰਾਗਮਾਲਾ' ਬਾਰੇ ਮੁੜ ਵਿਚਾਰ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਨਾਗੋਕੇ ਜੋ ਨਾਲ ਹੀ ਅਕਾਲ ਤਖ਼ਤ ਦੇ ਜਥੇਦਾਰ ਵੀ ਸਨ, ਵਾਈਸ ਪ੍ਰਧਾਨ ਬਸੰਤ ਸਿੰਘ ਸਨ, ਉਨ੍ਹਾਂ ਨੇ ੧੩.੧੨.੧੯੪੬ ਨੂੰ ਮੀਟਿੰਗ ਸੱਦ ਲਈ।

ਉਸ ਸਮੇਂ ਦੋਵਾਂ ਪੱਖਾਂ ਦੇ ਖ਼ਿਆਲਾਂ ਦੀਆਂ ਧਾਰਮਿਕ ਹਸਤੀਆਂ ਵੱਲੋਂ 'ਰਾਗਮਾਲਾ' ਖੰਡਨ ਤੇ ਮੰਡਨ ਸਭਾਵਾਂ ਬਣੀਆਂ ਹੋਈਆਂ ਸਨ। ਮੰਡਨ ਸਭਾ ਦੇ ਪ੍ਰਧਾਨ ਸੰਤ ਨਿਹਚਲ ਸਿੰਘ ਮੰਡੀ ਬਹਾਉਦੀਨ ਤੇ ਖੰਡਨ ਸਭਾ ਦੇ ਪ੍ਰਧਾਨ ਪੰਡਤ ਕਰਤਾਰ ਸਿੰਘ ਦਾਖਾ ਸਨ। ਮੀਟਿੰਗ ਦੀ ਕਾਰਵਾਈ ਤੇ ਦੋਵਾਂ ਪੱਖਾਂ ਦੇ ਵਿਚਾਰ ਸੁਣਨ ਲਈ ਸ਼੍ਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ ਵੀ



www.AKJ.Org

ਹਾਜ਼ਰ ਸਨ। ਇਹ ਹੈਰਾਨੀ ਦੀ ਗੱਲ ਸੀ ਕਿ ਧਾਰਮਿਕ ਸਲਾਹਕਾਰ ਕਮੇਟੀ ਦੇ ਦੂਜੇ ਮੈਂਬਰ ਮੀਟਿੰਗ ਵਿਚ ਨਹੀਂ ਸਨ ਆਏ।

ਇਸ ਮੀਟਿੰਗ ਵਿਚ 'ਰਾਗਮਾਲਾ' ਖੰਡਨ ਤੇ ਮੰਡਨ ਸਭਾ ਦੇ ਮੈਂਬਰਾਂ ਅਤੇ ਕਈ ਵੱਡੇ-ਵੱਡੇ ਸੰਤਾਂ-ਮਹੰਤਾਂ ਦੇ ਦਰਸ਼ਨ ਹੋਏ। ਜਿਨ੍ਹਾਂ ਵਿਚ ਸੰਤ ਨਿਹਚਲ ਸਿੰਘ, ਸੰਤ ਸੰਗਤ ਸਿੰਘ ਕਮਾਲੀਆ, ਸੰਤ ਤੇਜਾ ਸਿੰਘ ਜੀ ਸ਼ਾਸਤਰੀ, ਸੰਤ ਅਮੀਰ ਸਿੰਘ, ਇਕ ਉਦਾਸੀ ਮਹਾਂਪੁਰਖ, ਅਕਾਲੀ ਕੌਰ ਸਿੰਘ ਅਤੇ ਪ੍ਰਿੰ: ਜੋਧ ਸਿੰਘ ਆਦਿ ਪੁੱਜੇ। ਪ੍ਰਿੰ: ਜੋਧ ਸਿੰਘ ਜੀ ਇਸ ਪਾਰਟੀ ਦੇ ਲੀਡਰ ਸਨ।

ਦੂਜੇ ਪਾਸੇ ਪੰਡਤ ਕਰਤਾਰ ਸਿੰਘ ਦਾਖਾ, ਗਿਆਨੀ ਨਾਹਰ ਸਿੰਘ ਗੁੱਜਰਵਾਲ, ਪ੍ਰੋ. ਹਰਮਿੰਦਰ ਸਿੰਘ ਲਾਹੌਰ, ਡਾ. ਤਿਰਲੋਚਨ ਸਿੰਘ, ਗੁਰਚਰਨ ਸਿੰਘ ਸਾਖੀ (ਪੋਤਰਾ ਸੰਤ ਲਖਬੀਰ ਸਿੰਘ) ਅਤੇ ਉਸ ਮੀਟਿੰਗ ਵਿਚ ਕੁਝ ਹੋਰ ਸੱਜਣ ਵੀ ਸਨ ਤੇ ਉਨ੍ਹਾਂ ਵਿਚ ਲੇਖਕ ਵੀ ਸ਼ਾਮਲ ਸੀ। ਜਥੇਦਾਰ ਮੋਹਨ ਸਿੰਘ ਨਾਗੋਕੇ ਨੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦੱਸਿਆ ਕਿ ਇਹ ਮੀਟਿੰਗ ਪ੍ਰਿੰਸੀਪਲ ਜੋਧ ਸਿੰਘ ਦੇ ਪੱਤਰ ਉੱਤੇ ਸੱਦੀ ਗਈ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਮੀਟਿੰਗ ਵਿਚ ਧਾਰਮਿਕ ਸਲਾਹਕਾਰ ਕਮੇਟੀ ਦੇ ਮੈਂਬਰ ਨਹੀਂ ਪੁੱਜੇ, ਜਿਨ੍ਹਾਂ ਦੀ ਸ਼ਮੂਲੀਅਤ ਜ਼ਰੂਰੀ ਸੀ। ਇਸ ਕਥਨ ਨਾਲ ਮੀਟਿੰਗ ਆਰੰਭ ਹੋਈ :

ਪੰਡਤ ਕਰਤਾਰ ਸਿੰਘ ਨੇ ਭਾਈ ਜੋਧ ਸਿੰਘ ਨੂੰ ਸੰਬੋਧਿਤ ਕਰਦਿਆਂ ਕਿਹਾ : ਪ੍ਰਿੰਸੀਪਲ ਸਾਹਿਬ ਆਪ ਜੀ ਦਾ ਇਸ ਮੀਟਿੰਗ ਵਿਚ ਕਿਹੜਾ ਪੱਖ ਹੈ?

ਪ੍ਰਿੰਸੀਪਲ ਸਾਹਿਬ ਨੇ ਕਿਹਾ : **"ਮੈਂ ਇਸ ਮੀਟਿੰਗ ਵਿਚ 'ਰਾਗਮਾਲਾ' ਦਾ ਪੱਖੀ ਹਾਂ।"**

ਪੰਡਤ ਕਰਤਾਰ ਸਿੰਘ ਨੇ ਕਿਹਾ : "ਤੁਸੀਂ ਤਾਂ ਸਾਰੀ ਉਮਰ ਰਾਗਮਾਲਾ ਵਿਰੋਧੀ ਰਹੇ ਹੋ। ਤੁਸੀਂ ਖਾਲਸਾ ਕਾਲਜ ਆਪਣੀ ਕੋਠੀ ਵਿਚ ਇਕ ਵਾਰੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਪਾਠ ਦਾ ਭੋਗ ਆਪ 'ਮੁੰਦਾਵਣੀ' ਉੱਤੇ ਪਾਇਆ ਸੀ। ਮੈਂ ਉਸ ਸਮੇਂ, ਸਿੱਖ ਮਿਸ਼ਨਰੀ ਕਾਲਜ ਵਿਚ ਪੜ੍ਹਾਉਂਦਾ ਹੁੰਦਾ ਸੀ।"

ਪ੍ਰਿੰ. ਜੋਧ ਸਿੰਘ ਨੇ ਕਿਹਾ : **"ਮੈਂ ਆਪਣੀ ਰਾਏ ਬਦਲ ਲਈ ਹੈ।"**

ਪੰਡਤ ਜੀ ਨੇ ਕਿਹਾ : ਰਾਏ ਬਦਲਣ ਦਾ ਕਾਰਨ ਕੀ ਹੈ? ਹੁਣ ਫੇਰ ਰਾਏ ਕਦੋਂ ਬਦਲਣੀ ਹੈ?

ਪ੍ਰਿੰ. ਜੋਧ ਸਿੰਘ ਨੇ ਕਿਹਾ : **"ਕਰਤਾਰਪੁਰ ਵਾਲੀ ਬੀੜ ਵਿਚ 'ਰਾਗਮਾਲਾ' ਉਸੇ ਕਲਮ ਤੋਂ ਲਿਖੀ ਹੈ, ਜਿਸ ਕਲਮ ਤੋਂ ਬੀੜ ਲਿਖੀ ਹੋਈ ਹੈ।"**



www.AKJ.Org

ਪੰਡਤ ਕਰਤਾਰ ਸਿੰਘ ਨੇ ਕਿਹਾ : ਕੀ ਉਸ ਬੀੜ ਨੂੰ ਆਪ ਆਧਾਰ ਮੰਨਦੇ ਹੋ ?

ਪ੍ਰਿੰਸੀਪਲ ਸਾਹਿਬ ਨੇ ਕਿਹਾ : 'ਹਾਂ', ਮੈਂ ਉਸ ਬੀੜ ਨੂੰ ਆਧਾਰ ਮੰਨਦਾ ਹਾਂ।

ਪੰਡਤ ਜੀ ਨੇ ਕਿਹਾ : ਕੀ ਕੋਈ ਉਹ ਬੀੜ ਵੀ ਆਧਾਰ ਬਣ ਸਕਦੀ ਹੈ, ਜਿਸ ਵਿਚ ਨੌਂਵੇਂ ਪਾਤਸ਼ਾਹ ਜੀ ਦੀ ਬਾਣੀ ਨਾ ਹੋਵੇ ? 'ਸੋ ਪੁਰਖ' ਜੋ ਕਰਤਾਰਪੁਰ ਵਾਲੀ ਬੀੜ ਵਿਚ ਨਹੀਂ, ਕੀ ਉਸ ਨੂੰ ਪ੍ਰਚਲਿਤ ਬੀੜ ਵਿਚੋਂ ਕੱਢਿਆ ਜਾਵੇਗਾ, ਜੋ ਕੁਝ ਬੀੜ ਵਿਚ ਹੋਰ ਲਿਖਿਆ ਹੈ, ਉਹ ਵੀ ਛਾਪੋਗੇ ?

ਭਾਈ ਜੋਧ ਸਿੰਘ ਨੇ ਕਿਹਾ : "ਅਜੇਹੀ ਗੱਲ ਉਸ ਬੀੜ ਵਿਚ ਕੋਈ ਨਹੀਂ, ਜੋ ਛਾਪੀ ਨਾ ਜਾ ਸਕੇ।"

ਪੰਡਤ ਜੀ ਨੇ ਕਿਹਾ : ਤੁਸੀਂ ਭਾਈ ਕਾਹਨ ਸਿੰਘ ਜੀ ਦੀ 1917 ਵਾਲੀ ਚਿੱਠੀ ਪੜ੍ਹੀ ਹੈ ?

ਪ੍ਰਿੰਸੀਪਲ ਜੋਧ ਸਿੰਘ ਨੇ ਕਿਹਾ : "ਹਾਂ ਪੜ੍ਹੀ ਹੈ, ਭਾਈ ਕਾਨ੍ਹ ਸਿੰਘ ਜੀ ਨੇ ਜੋ ਕੁਝ ਲਿਖਿਆ ਸੀ, ਉਹ ਉਸ ਬੀੜ ਵਿਚ ਨਹੀਂ।"

ਪੰਡਤ ਕਰਤਾਰ ਸਿੰਘ ਨੇ ਕਿਹਾ : ਪ੍ਰਿੰਸੀਪਲ ਜੀ, ਜੋ ਭਾਈ ਕਾਨ੍ਹ ਸਿੰਘ ਨੇ ਲਿਖਿਆ ਸੀ, ਉਸ ਨੂੰ ਉਨ੍ਹਾਂ ਦੇ ਜੀਉਂਦੇ ਜੀਅ ਕਿਉਂ ਨਾ ਵੰਗਾਰਿਆ ਗਿਆ। ਹੁਣ ਪਿੱਛੋਂ, ਉਹ ਲਿਖਤਾਂ ਕੱਢ ਕੇ ਕਹਿ ਰਹੇ ਹੋ, ਬੀੜ ਵਿਚ ਤਾਂ ਹੈ ਹੀ ਨਹੀਂ ?

ਪ੍ਰਿੰ. ਜੋਧ ਸਿੰਘ ਨੇ ਕਿਹਾ : "ਮੈਂ ਕਰਤਾਰਪੁਰ ਵਾਲੀ ਬੀੜ ਵਿਚ ਜੋ ਇਸ ਵੇਲੇ ਹੈ, ਉਸ ਦੀ ਗੱਲ ਕਰ ਰਿਹਾ ਹਾਂ ਤੇ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਉਹ ਲਿਖਤਾਂ ਕੱਢੀਆਂ ਗਈਆਂ ਹਨ।"

ਪੰਡਤ ਕਰਤਾਰ ਸਿੰਘ ਨੇ ਕਿਹਾ : "ਭਾਈ ਕਾਨ੍ਹ ਸਿੰਘ ਨੇ ਜੋ ਕੁਝ ਲਿਖਿਆ ਸੀ, ਕਿ ਉਹ ਸਾਰਾ ਕੁਝ ਬੀੜ ਵਿਚ ਹੈ ਸੀ ਤੇ ਪਿੱਛੋਂ ੧੯੨੪ ਵਿਚ ਚੁੱਪ-ਚਪੀਤੇ ਕੱਢਿਆ ਗਿਆ ਹੈ।"

ਪ੍ਰਿੰ. ਜੋਧ ਸਿੰਘ ਨੇ ਕਿਹਾ : "ਇਸ ਦੇ ਕੀ ਸਬੂਤ ਹਨ ?"

ਪੰਡਤ ਜੀ ਨੇ ਉੱਤਰ ਦਿੱਤਾ : "ਸਬੂਤ ਹਨ, ਜਦੋਂ ਉਹ ਲਿਖਤਾਂ ਤਰਨਤਾਰਨੀ ਕਮੇਟੀ ਵੱਲੋਂ ਕੱਢੀਆਂ ਗਈਆਂ, ਉਦੋਂ ਮੈਂ ਤਰਨਤਾਰਨ ਵਿਦਿਆਲੇ ਵਿਚ ਪੜ੍ਹਾਉਂਦਾ ਹੁੰਦਾ ਸੀ। ਜਿਨ੍ਹਾਂ ਨੇ ਉਹ ਕੱਢੀਆਂ, ਉਹਨਾਂ ਵਿਚ ਮੈਂ ਵੀ ਇਕ ਪਾਪੀ ਸ਼ਾਮਲ ਸੀ।"

ਨੋਟ : ਭਾਈ ਕਾਨ੍ਹ ਸਿੰਘ ਨਾਭਾ ਦੀ ਚਿੱਠੀ 'ਰਾਗਮਾਲਾ' ਵਾਲੇ ਭਾਗ ਵਿਚ ਅਸੀਂ ਪਿਛੇ ਦੇ ਆਏ ਹਾਂ।



www.AKJ.Org

ਪ੍ਰਿੰਸੀਪਲ ਸਾਹਿਬ ਨੇ ਕਿਹਾ : "ਮੈਂ ਹੋਰ ਕੁਝ ਨਹੀਂ ਜਾਣਦਾ ਜੋ ਕੁਝ ਭਾਈ ਕਾਨ੍ਹ ਸਿੰਘ ਜੀ ਨੇ ਦੱਸਿਆ, ਉਹ ਬੀੜ ਵਿਚ ਨਹੀਂ।"

ਪੰਡਤ ਕਰਤਾਰ ਸਿੰਘ ਨੇ ਕਿਹਾ : "ਖਾਲਸਾ ਸਮਾਚਾਰ ਦੀਆਂ ਲਿਖਤਾਂ ਗਵਾਹ ਹਨ ਕਿ ਸਫ਼ਿਆਂ ਦੀ ਭੰਨ ਤੋੜ ਕੀਤੀ ਗਈ ਹੈ। ਪੁਰਾਣੇ ਸਮਾਚਾਰਾਂ ਵਿਚ ਲਿਖਿਆ ਹੋਇਆ ਹੈ ਕਿ 'ਰਾਗਮਾਲਾ' ਮੁੰਦਾਵਣੀ ਤੋਂ 4 ਸਫ਼ੇ ਛੱਡ ਕੇ ਪਿੱਛੇ ਲਿਖੀ ਹੋਈ ਹੈ।[1]

ਤਰਨਤਾਰਨੀ ਪਾਰਟੀ ੧੯ ਅਕਤੂਬਰ ੧੯੨੪ ਈ. ਨੂੰ ਜਿਸ ਵਿਚ ਪੰਡਤ ਕਰਤਾਰ ਸਿੰਘ ਜੀ ਵੀ ਸਨ, ਦੀ ਗੱਲ ਚੱਲੀ ਤਾਂ ਚਰਚਾ ਕੁਝ ਗਰਮਾਇਸ਼ ਫੜ ਗਈ।[2] ਇਕ ਮਹਾਨ ਭਾਵੀ ਮਹੰਤ ਜੀ ਨੇ ਪੰਡਤ ਕਰਤਾਰ ਸਿੰਘ ਨੂੰ ਥਿੜਕਾਉਣ ਲਈ ਬੋਲਾ ਕਸਦਿਆਂ ਕਿਹਾ : "ਪੰਡਤ ਜੀ! ਤੁਸੀਂ ਬਹੁਤਾ 'ਰਾਗਮਾਲਾ' ਦਾ ਵਿਰੋਧ ਨਾ ਕਰੋ। ਜਿਨ੍ਹਾਂ ਨੇ ਪਹਿਲਾਂ ਵਿਰੋਧ ਕੀਤਾ, ਉਹ ਬੜੀ ਬੁਰੀ ਮੌਤ ਮਰੇ ਹਨ।"

ਪੰਡਤ ਜੀ ਨੇ ਜਵਾਬ ਦਿੱਤਾ : ਮਹੰਤ ਜੀ, ਇਸ ਪਾਸੇ ਨਾ ਚੱਲੋ ਤਾਂ ਚੰਗਾ ਹੈ। ਮੈਂ – ਜੇ 'ਰਾਗਮਾਲਾ' ਭਗਤਾਂ ਦੇ ਮਰਨ ਦੇ ਹਾਲਾਤ ਦੱਸਣ ਲੱਗਾ ਕਿ ਉਹ ਕਿਵੇਂ ਮਰੇ, ਤਾਂ ਇਸ ਮੀਟਿੰਗ ਵਿਚ ਤਲਖ਼ੀ ਵਧ ਜਾਵੇਗੀ? ਇਹ ਗੱਲ ਢਕੀ ਹੀ ਰਹਿਣ ਦੇਵੋ।

ਜਥੇਦਾਰ ਮੋਹਨ ਸਿੰਘ ਨਾਗੋਕੇ ਨੇ ਸੰਤਾਂ-ਮਹੰਤਾਂ ਤੇ ਮਹਾਂਪੁਰਖਾਂ ਨੂੰ ਸੰਬੋਧਨ ਕਰ ਕੇ ਕਿਹਾ : "ਤੁਸੀਂ, ਮਹਾਂਪੁਰਸ਼ਾਂ ਨੇ ਜੋ ਫ਼ੁਰਮਾਉਣਾ ਹੈ, ਉਹ ਵੀ ਫ਼ੁਰਮਾਉ?"

ਸੰਤ ਤੇਜਾ ਸਿੰਘ ਸ਼ਾਸਤ੍ਰੀ ਨੇ ਕਿਹਾ : "ਗੁਰਬਿਲਾਸ ਪਾਤਸ਼ਾਹੀ ੬ਵੀਂ" ਇਕ ਪੁਰਾਤਨ ਗ੍ਰੰਥ ਹੈ, ਉਸ ਵਿਚ ਲਿਖਿਆ ਹੈ :

ਪਾਵਹੁ ਭੋਗ ਰਾਗਮਾਲਾ ਪੜ੍ਹ।
ਛਿਨ ਮਹਿ ਪਾਪ ਜਾਹਿ ਤਾ ਕੇ ਸੜ।

ਕੁਝ ਸੰਤਾਂ-ਮਹਾਂਪੁਰਖਾਂ ਨੇ ਅਜਿਹੇ ਖ਼ਿਆਲ ਪੇਸ਼ ਕੀਤੇ, ਜਿਵੇਂ "ਰਹਿਰਾਸ ਵੱਡੀ ਚਾਹੀਏ। ਅਖੰਡ ਪਾਠਾਂ ਸਮੇਂ ਜੋਤਾਂ ਜਗਾਉਣੀਆਂ ਅਤੇ ਕੁੰਭ ਰੱਖਣੇ ਚਾਹੀਦੇ ਹਨ।"

ਪੰਡਤ ਕਰਤਾਰ ਸਿੰਘ ਨੇ ਕਿਹਾ : ਪ੍ਰਿੰਸੀਪਲ ਸਾਹਿਬ! ਕੀ ਤੁਸੀਂ ਏਹਨਾਂ ਸਾਰੀਆਂ ਗੱਲਾਂ ਬਾਰੇ ਵੀ ਰਾਏ ਬਦਲ ਲਈ ਹੈ?

ਪ੍ਰਿੰਸੀਪਲ ਜੋਧ ਸਿੰਘ ਨੇ ਕਿਹਾ : "ਏਹਨਾਂ ਅਸੂਲਾਂ ਬਾਰੇ ਮੇਰੀ ਰਾਏ ਓਹੋ



www.AKJ.Org

ਹੈ, ਜੋ ਪਹਿਲਾਂ ਸੀ।"

ਸੰਤ ਤੇਜਾ ਸਿੰਘ ਸ਼ਾਸਤ੍ਰੀ ਨੇ ਕਿਹਾ : "ਮੇਰੀ ਗੱਲ ਦਾ ਜਵਾਬ ਦੇਵੋ।"

ਮੈਂ (ਗਿਆਨੀ ਗੁਰਦਿੱਤ ਸਿੰਘ) ਇਹ ਦੇਖ ਕੇ ਕਿ ਇਨ੍ਹਾਂ ਵਿਚੋਂ ਕੋਈ ਨਹੀਂ ਬੋਲਦਾ, ਕਿਉਂਕਿ ਮੈਂ ਪਹਿਲਾਂ ਕਦੇ ਵੀ ਕਿਸੇ ਮੀਟਿੰਗ ਵਿਚ ਬੋਲਿਆ ਨਹੀਂ ਸੀ। ਝਿਜਕਦਾ-੨ ਖੜ੍ਹਾ ਹੋ ਗਿਆ ਅਤੇ ਕਿਹਾ : "ਗੁਰਬਿਲਾਸ ਪਾਤਸ਼ਾਹੀ ੬ਵੀਂ" ਵਿਚੋਂ ਸੰਤ ਤੇਜਾ ਸਿੰਘ ਜੀ ਸ਼ਾਸਤ੍ਰੀ ਨੇ ਪ੍ਰਮਾਣ ਦਿੱਤੇ ਹਨ। ਉਸ ਗ੍ਰੰਥ ਵਿਚ ਅਜਿਹੇ ਦੋ ਹੋਰ ਪ੍ਰਮਾਣ ਵੀ ਹਨ, ਇੱਕ ਹੈ :

"ਰਾਗਮਾਲਾ ਪੜ ਪ੍ਰੇਮ ਸੇ ਭੋਗ ਜਪੁਜੀ ਤੇ'ਪਾਏ।"

ਇਸ ਤੇ ਖੰਡਨ ਪੱਖੀਆਂ ਨੇ ਆਵਾਜ਼ਾ ਕੱਸਿਆ : ਕਿਉਂ ਜੀ, 'ਜਪੁਜੀ' ਭੋਗ ਦੀ ਬਾਣੀ ਹੈ?

ਮੇਰੀ ਗੱਲ ਚੱਲ ਹੀ ਰਹੀ ਸੀ ਤੇ ਮੈਂ ਆਖਿਆ ਕਿ : "ਗੁਰਬਿਲਾਸ ਪਾਤਸ਼ਾਹੀ ੬ਵੀਂ" ਵਿਚ ਇਹ ਵਾਕ ਤਾਂ ਭੋਗ ਪਾਉਣ ਬਾਰੇ ਹਨ। ਪਰ, ਬੀੜ ਦਾ ਭੋਗ 'ਸ੍ਰੀ ਗੁਰੂ ਅਰਜਨ ਦੇਵ ਜੀ' ਨੇ ਕਿੱਥੇ ਪਾਇਆ ਸੀ - ਉਸ ਬਾਰੇ ਇਉਂ ਲਿਖਿਆ ਹੈ :

"ਵਾਰ ਵਧੀਕ ਸਲੋਕ ਲਿਖ ਮੁੰਦਾਵਣੀ ਔਰ ਲਿਖਾਇ।
ਤਤਕਰਾ ਲਿਖ ਗ੍ਰੰਥ ਕਾ ਭੋਗ ਗ੍ਰੰਥ ਜੀ ਪਾਇ॥"

ਪੰਡਤ ਜੀ ਨੇ ਕਿਹਾ : "ਤੁਸੀਂ ਭੋਗ ਜਿੱਥੇ ਮਰਜ਼ੀ ਹੈ - ਪਾਉ; ਪਰ, 'ਸ੍ਰੀ ਗੁਰੂ ਅਰਜਨ ਦੇਵ ਜੀ' ਨੇ ਤਾਂ ਭੋਗ 'ਮੁੰਦਾਵਣੀ' ਉੱਤੇ ਪਾਇਆ ਲਿਖਿਆ ਹੈ, ਇਹ 'ਗੁਰਬਿਲਾਸ ਪਾ. ੬' ਦਾ ਕਥਨ ਹੈ।"

ਦੂਜਾ ਪ੍ਰਮਾਣ ਮੈਂ ਇਹ ਦਿੱਤਾ ਕਿ ਇਕੱਲਾ "ਗੁਰਬਿਲਾਸ ਪਾ. ੬" ਹੀ ਇਤਿਹਾਸ ਗ੍ਰੰਥ ਨਹੀਂ। "ਗੁਰਪ੍ਰਤਾਪ ਸੂਰਜ" ਗ੍ਰੰਥ ਉਸ ਤੋਂ ਮਹੱਤਵਪੂਰਨ ਗ੍ਰੰਥ ਹੈ, ਜਿਸ ਵਿਚ ਲਿਖਿਆ ਹੈ :

"ਰਾਗਮਾਲਾ ਗੁਰ ਕੀ ਕ੍ਰਿਤ ਨਹਿ, ਹੈ ਮੁੰਦਾਂਵਣੀ ਲਗ ਗੁਰ ਬੈਨ।
ਇਸ ਮਹਿ ਸੰਸੈ ਨਹਿ ਕਿਛ ਕਰੀਅਹਿ, ਜੇ ਸੰਸੈ ਅਵਲੋਕਹੁ ਨੈਨ।
ਮਾਧਵਨਾਲ ਆਲਮ ਕਵਿ ਕੀਨਸ, ਤਿਸ ਮਹਿ ਨ੍ਰਿਤਕਾਰੀ ਕਹਿ ਤੈਨ।
ਰਾਗ ਰਾਗਨੀ ਨਾਮ ਗਿਨੇ ਤਹਿ, ਤਾ ਤੇ ਸ੍ਰੀ ਅਰਜਨ ਕ੍ਰਿਤ ਹੈ ਨ॥"

ਅਕਾਲੀ ਕੌਰ ਸਿੰਘ ਜੀ ਨੇ ਕਿਹਾ : "ਮੈਂ ਕਾਬਲ ਤੋਂ ਲੈ ਕੇ ਬਰ੍ਹਮਾ ਤੱਕ ਜੋ ਲਿਖਤੀ ਬੀੜਾਂ ਦੇਖੀਆਂ ਹਨ, ਸਭਨਾਂ ਵਿਚ 'ਰਾਗਮਾਲਾ' ਓਸੇ ਕਲਮ ਤੋਂ ਹੀ ਲਿਖੀ ਹੁੰਦੀ ਹੈ, ਜਿਸ ਤੋਂ ਬੀੜ ਲਿਖੀ ਹੁੰਦੀ ਹੈ।"



www.AKJ.Org

ਮੈਂ ਅਕਾਲੀ ਕੌਰ ਸਿੰਘ ਜੀ ਨੂੰ ਸੰਬੋਧਨ ਕਰਦਿਆਂ ਕਿਹਾ : "ਅਕਾਲੀ ਜੀ ਨੇ ਠੀਕ ਹੀ ਕਿਹਾ ਹੈ ਕਿ ਜਿਸ ਕਲਮ ਨਾਲ ਬੀੜ ਲਿਖੀ ਹੁੰਦੀ ਹੈ, ਓਸ ਕਲਮ ਨਾਲ 'ਰਾਗਮਾਲਾ' ਲਿਖੀ ਹੁੰਦੀ ਹੈ ਤੇ ਉਸ ਤੋਂ ਪਹਿਲਾਂ ਰਤਨਮਾਲਾ, ਰਾਹ ਮੁਕਾਮ ਕੀ ਸਾਖੀ ਤੇ ਹੋਰ ਵਾਧੂ ਬਾਣੀਆਂ ਵੀ ਉਸੇ ਕਲਮ ਨਾਲ ਲਿਖੀਆਂ ਹੁੰਦੀਆਂ ਹਨ।

ਅਕਾਲੀ ਕੌਰ ਸਿੰਘ ਜੀ ਨੇ ਬੜੀ ਨਿਰਛੱਲਤਾ ਨਾਲ ਆਖ ਦਿੱਤਾ : "ਮੈਂ ਇਸ ਪੱਖੋਂ ਬੀੜਾਂ ਦੇ ਦਰਸ਼ਨ ਨਹੀਂ ਕੀਤੇ।"

ਭਾਈ ਜੋਧ ਸਿੰਘ ਜੀ ਉੱਠ ਖੜ੍ਹੇ ਹੋਏ। ਉਨ੍ਹਾਂ ਕਿਹਾ : "ਤੂੰ ਕਿਸੇ ਇਕ ਬੀੜ ਦਾ ਵੀ ਨਾਮ ਦੱਸ ਸਕਦਾ ਹੈ, **ਜਿਸ ਵਿਚ ਮੁੰਦਾਵਣੀ ਤੋਂ ਪਿੱਛੋਂ 'ਰਾਗਮਾਲਾ' ਨਾ ਹੋਵੇ?"**

ਉੱਤਰ ਵਿਚ ਮੈਂ ਕਿਹਾ : "ਮੈਂ ਹੁਣੇ ਹੀ ਦਰਸ਼ਨ ਕਰਾ ਸਕਦਾ ਹਾਂ।"

ਜਿਨ੍ਹਾਂ ਬੀੜਾਂ ਦੇ ਮੇਰੇ ਪਾਸ ਚਿਤ੍ਰ ਸਨ, ਇਕ੍ ਇਕ ਕਰਕੇ ਦਿਖਾਉਣੇ ਸ਼ੁਰੂ ਕਰ ਦਿੱਤੇ ਅਤੇ ਨਾਲ ਹੀ ਉਨ੍ਹਾਂ ਬਾਬਤ ਸੰਖੇਪ ਜਾਣਕਾਰੀ ਵੀ ਦਿੰਦਾ ਰਿਹਾ।

ਪਹਿਲਾਂ ਮੈਂ ਉਨ੍ਹਾਂ ਨੂੰ ਪੋਠੋਹਾਰ ਇਲਾਕੇ 'ਸਾਗਰੀ' (ਮਾਣਕਿਆਣਾ) ਪਿੰਡ ਦੀ ਬੀੜ ਦੇ ਚਿੱਤਰ ਦਿਖਾਏ। ਫਿਰ, 'ਗੋਂਦਲਾਂਵਾਲਾ' ਵਾਲੀ ਬੀੜ, ਤਰਨਤਾਰਨ ਵਾਲੀ ਬੀੜ, ਇਸ ਪਿੱਛੋਂ ਬਾਬਾ ਆਲਾ ਸਿੰਘ ਜੀ ਦੇ ਬੁਰਜ ਵਾਲੀਆਂ ਚਾਰ ਬੀੜਾਂ ਦੇ ਚਿੱਤਰਾਂ ਦੇ ਦਰਸ਼ਨ ਕਰਾਏ।

ਭਾਈ ਜੋਧ ਸਿੰਘ ਨੇ ਕਿਹਾ : "ਮੇਰਾ 'ਮੁੱਦਾ' ਕਰਤਾਰਪੁਰੀ ਬੀੜ ਹੀ ਹੈ, ਓਸ ਵਿਚ "ਰਾਗਮਾਲਾ' ਉਸੇ ਹੱਥ ਦੀ ਲਿਖੀ ਹੋਈ ਹੈ, ਜਿਸ ਦੀ ਕਿ ਬੀੜ।"

ਮੈਂ ਬੇਨਤੀ ਕੀਤੀ : "ਕੀ ਕਿਸੇ ਬੀੜ ਦਾ ਪਾਠ – 'ਤਨਨਾ' – ਦੀ ਥਾਂ:

"ਤਤਨਾ ਬੁਨਨਾ ਸਭ ਤਜਿਓ ਕਬੀਰ"

ਕੀਤਾ ਜਾ ਸਕਦਾ ਹੈ ਤੇ :

"ਆਪਨੜੈ ਘਰ ਖੜੀ ਤਕਾਂ।"

ਕਿ : "ਆਪਨੜੈ ਘਰ ਥਕੀ ਤਕਾਂ।"

ਠੀਕ ਹੈ?

ਮੈਂ ਆਪਣੀ ਗੱਲ ਜਾਰੀ ਰੱਖਦਿਆਂ ਹੋਇਆਂ ਕਿਹਾ : "ਛੋਟਿਆਂ ਭੇਦਾਂ ਦੀ ਗੱਲ ਛੱਡੋ। ਉਸ ਬੀੜ ਵਿਚ ਕਈ ਸਫ਼ਿਆਂ ਤੇ ਕਈ ਵਾਰ 'ਸਤਿਗੁਰ ਪ੍ਰਸਾਦਿ" ਲਿਖਿਆ ਹੋਇਆ ਹੈ, ਜੋ ਦੂਜੀਆਂ ਬੀੜਾਂ ਵਿਚ ਨਹੀਂ। ਕੀ ਜਿੱਥੇ ਇਹ ਵਾਕ



www.AKJ.Org

ਲਿਖਿਆ ਹੁੰਦਾ ਹੈ, ਉਹ ਵੀ ਓਵੇਂ ਜਿਵੇਂ ਛਾਪਿਆ ਜਾਵੇਗਾ ? ਨਾਲ ਹੀ ਮੈਂ ਕਿਹਾ : "ਆਸਾ ਰਾਗ" ਦੇ ਕਬੀਰ ਜੀ ਦੇ ਸ਼ਬਦਾਂ ਵਿਚ ੩੬ ਵੇਂ ਪਦੇ :-

"ਕਰਵਤ ਭਲਾ ਨ ਕਰਵਟ ਤੇਰੀ"

ਤੋਂ ਪਹਿਲਾਂ ਜੋ ੩੫ਵਾਂ ਪਦਾ ਹੈ, ਕੀ ਤੁਹਾਨੂੰ ਉਸਦਾ ਪਤਾ ਹੈ, ਜੋ ਓਸੇ ਕਲਮ ਤੇ ਸਿਆਹੀ ਨਾਲ ਲਿਖਿਆ ਹੋਇਆ ਹੈ, ਜਿਸ ਨਾਲ ਬੀੜ ਲਿਖੀ ਹੋਈ ਹੈ ? ਇਕ ਬੀੜ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾ ਨੇ ੧੯੧੯ ਬਿਕ੍ਰਮੀ (੧੮੬੨ ਈ.) ਵਿਚ ਕਰਤਾਰਪੁਰ ਤੋਂ ਬੜੀ ਸ਼ਾਨ ਨਾਲ ਮੰਗਵਾਈ ਅਤੇ ਇਕ ਸਾਲ ਬੀੜ ਪਟਿਆਲੇ ਰੱਖ ਕੇ ਨਕਲ ਕਰਾਈ ਗਈ, ਜਿਸ ਤੇ ਭਾਰੀ ਖ਼ਰਚਾ ਕੀਤਾ। ਉਸ ਬੀੜ ਵਿਚ ਇਕ ਪਦਾ ਕਬੀਰ ਜੀ ਦੀ ਬਾਣੀ 'ਆਸਾ ਰਾਗ' ਵਿਚ ਲਿਖਿਆ ਮਿਲਦਾ ਹੈ - ਉਹ ਇਹ ਹੈ :

"ਦੇਖੋ ਲੋਗਾ ਹਰਿ ਕੀ ਸਗਾਈ<br>
ਮਾਂ ਧਰੀ ਪੂਤ ਧੀਆ ਸੰਗ ਜਾਈ।<br>
ਹਮਹੇਂ ਬਾਪ, ਰਾਮ ਪੂਤ ਹਮਾਰਾ<br>
ਮੈਂ ਬਹਿਨੋਈ ਰਾਮ ਮੇਰਾ ਸਾਲਾ।<br>
ਅਬ ਮੇਰੀ ਰਾਮ ਕਹੇਗੀ ਬਲਈਆ<br>
ਰਾਮ ਮੇਰੋ ਸਸੁਰ, ਮੈਂ ਰਾਮ ਜਵਈਆ।<br>
ਕਹੈ ਕਬੀਰ ਸੁਨੋ ਰੇ ਪੂਤਾ<br>
ਰਾਮ ਜਪਹਿ ਤੇਈ ਨਰ ਕੂਤਾ॥੩੫॥

ਇਹ ਪਦਾ ਕਰਤਾਰਪੁਰੀ ਬੀੜ ਵਿਚੋਂ ਲਿਖਿਆ ਹੋਇਆ ਹੈ ਜਿਥੋਂ ਨਕਲ ਕੀਤਾ ਗਿਆ ਹੈ।

ਇਹ ਸੁਣਦਿਆਂ ਹੀ ਹੰਗਾਮਾ ਖੜ੍ਹਾ ਹੋ ਗਿਆ। ਪੰਡਤ ਕਰਤਾਰ ਸਿੰਘ ਨੇ ਮਹਾਨਭਾਵੀ ਸੰਤਾਂ-ਮਹੰਤਾਂ ਨੂੰ ਕਿਹਾ : "**ਕਿਸੇ ਸ਼ਰਧਾਲੂ ਦਾ ਇਹ ਸੰਪਟ ਪਾਠ ਵੀ ਲਗਾ ਦਿਆ ਕਰੋ ?**"

ਭਾਈ ਜੋਧ ਸਿੰਘ ਨੇ ਕਿਹਾ : "**ਇਹ ਸ਼ਬਦ ਹੜਤਾਲਿਆ ਹੋਇਆ ਹੈ।**"

ਮੈਂ ਕਿਹਾ : ਜੇ ਹੜਤਾਲਿਆ ਹੋਵੇ ਤਾਂ ਬੇਸ਼ੱਕ, ਮੈਨੂੰ ਕੋਈ ਵੀ ਸਜ਼ਾ ਦੇ ਦੇਵੇ, ਮਨਜ਼ੂਰ ਹੈ। ਇਸ ਉੱਤੇ ਇਕ ਨਿੱਬ ਦੀ ਪਤਲੀ ਜਿਹੀ ਲਕੀਰ ਖਿੱਚੀ ਹੋਈ ਹੈ। ਉਹ ਉਸ ਸਮੇਂ ਤੋਂ ਬਹੁਤ ਪਿੱਛੋਂ ਦੀ ਹੋ ਸਕਦੀ ਹੈ, ਜਦੋਂ ਨਿੱਬਾਂ ਵਾਲੀਆਂ ਕਲਮਾਂ ਆਈਆਂ। ਸਾਡੇ ਤਾਂ ਪ੍ਰਚਲਿਤ ਉਹੋ ਹੀ ਕਲਮਾਂ ਸਨ, ਜਿਨ੍ਹਾਂ ਨਾਲ ਬੀੜਾਂ ਲਿਖੀਆਂ ਜਾਂਦੀਆਂ ਰਹੀਆਂ। ਜੇਕਰ, ਹੜਤਾਲ ਫੇਰੀ ਹੁੰਦੀ ਜਾਂ ਉਸ ਸਮੇਂ ਲੀਕ



www.AKJ.Org

ਹੀ ਫੇਰੀ ਹੁੰਦੀ ਤਾਂ ਪਟਿਆਲੇ ਵਾਲੀ ਬੀੜ ਦਾ ਲਿਖਾਰੀ ਸ਼ਬਦ ਨੂੰ ਨਕਲ ਨਾ ਕਰਦਾ, ਜਿਵੇਂ ਉਸ ਨੇ ਕਈ ਹੋਰ ਗ਼ਲਤੀਆਂ ਇਸ ਵਿਚ ਨਜ਼ਰ-ਅੰਦਾਜ਼ ਕੀਤੀਆਂ ਹਨ। ਫੇਰ, ਇਹ ਵੀ ਕਰ ਦਿੰਦਾ।

ਪ੍ਰਿੰ: ਜੋਧ ਸਿੰਘ ਨੇ ਕਿਹਾ : "ਹੋਰ ਗ਼ਲਤੀਆਂ ਨਜ਼ਰ-ਅੰਦਾਜ਼ ਕਰਨ ਤੋਂ ਕੀ ਭਾਵ ਹੈ?"

ਮੈਂ ਕਿਹਾ : "ਸੁਖਮਨੀ ਸਾਹਿਬ" ਦੇ ਸਲੋਕਾਂ ਨਾਲ ਸਾਰੀਆਂ ਬੀੜਾਂ ਵਿਚ ਅੰਕ ਨਹੀਂ ਹੁੰਦੇ, ਅਸਟਪਦੀਆਂ ਦਾ ਅੰਕ ਦਿੱਤਾ ਹੁੰਦਾ ਹੈ। ਪਰ, ਇਸ ਬੀੜ ਵਿਚ ੬ ਸਲੋਕਾਂ ਤੱਕ ਸਲੋਕਾਂ ਦੇ ਅੰਕ ਵੀ ਦਿੱਤੇ ਹੋਏ ਹਨ ਅਤੇ ਅੱਗੇ ਅਗਲੇ ਸਲੋਕਾਂ ਦਾ ਕੋਈ ਅੰਕ ਨਹੀਂ ਦਿੱਤਾ, ਨਾ ਹੀ ਇਨ੍ਹਾਂ ਅੰਕਾਂ ਤੇ ਕਿਸੇ ਨੇ ਹੜਤਾਲ ਫੇਰੀ ਹੈ। ਇਸ ਤੋਂ ਕੀ ਸੇਧ ਮਿਲਦੀ ਹੈ ਕਿ ਅੰਕ ਲਿਖੇ ਜਾਣ ਕਿ ਛੱਡੇ ਜਾਣ? ਤੁਸੀਂ ਕਿਸ ਪੱਖੋਂ ਇਸ ਬੀੜ ਨੂੰ ਇੱਥੇ ਆਧਾਰ ਬਣਾਉਂਦੇ ਹੋ? ਵਾਧੂ ਪਦਿਆਂ ਦੇ ਸਬੂਤ ਹੋਰ ਵੀ ਹਨ, ਆਗਿਆ ਹੋਵੇ ਤਾਂ ਬੇਨਤੀ ਕਰ ਸਕਦਾ ਹਾਂ।

ਇਸ ਤੇ ਭਾਈ ਸਾਹਿਬ ਖ਼ਫ਼ਾ ਹੋ ਗਏ ਅਤੇ ਗੁੱਸੇ ਵਿਚ ਆ ਗਏ। ਉਨ੍ਹਾਂ ਜਥੇਦਾਰ ਜੀ ਨੂੰ ਸੰਬੋਧਨ ਕਰਕੇ ਕਿਹਾ : "ਤੁਸੀਂ ਤਾਂ ਇਸ ਮੁੰਡੇ ਨੂੰ ਹੀ ਟਾਈਮ ਦੇਈ ਜਾਂਦੇ ਹੋ। ਅਸੀਂ ਏਹੋ ਜਿਹੀਆਂ ਗੱਲਾਂ ਸੁਣਨ ਨਹੀਂ ਆਏ।"

ਜਥੇਦਾਰ ਨੇ ਕਿਹਾ : "ਇਹ ਚਰਚਾ ਹੈ, ਤੁਸੀਂ ਪਹਿਲਾਂ ਵੀ ਕਾਫ਼ੀ ਗੱਲਾਂ ਕੀਤੀਆਂ ਹਨ, ਹੁਣ ਹੋਰ ਵੀ ਕਰ ਲਉ।" ਇਹਨਾਂ ਦਾ ਜਵਾਬ ਵੀ ਤਾਂ ਕੋਈ ਦਿਓ?

ਇਹ ਸੁਣ ਕੇ ਪ੍ਰਿੰ: ਜੋਧ ਸਿੰਘ ਜੀ ਉੱਠ ਕੇ ਚਲੇ ਗਏ ਕਿ ਅਸੀਂ ਤਾਂ ਵਾਕ-ਆਊਟ ਕਰਦੇ ਹਾਂ।

ਜਥੇਦਾਰ ਮੋਹਨ ਸਿੰਘ ਨੇ ਮੈਨੂੰ ਕਿਹਾ : "ਇਹ ਤਸਵੀਰਾਂ ਤੇ ਕਾਗ਼ਜ਼ ਮੈਨੂੰ ਦੇ ਦੇਵੋ। ਸਵੇਰੇ ਦਫ਼ਤਰ ਖੁੱਲ੍ਹਣ ਤੇ ਸੈਕਟਰੀ ਸਾਹਿਬ ਤੋਂ ਲੈ ਲੈਣਾ।"

ਪਤਾ ਲੱਗਿਆ ਕਿ ਇਸ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ। ਦੂਜੇ ਦਿਨ, ਮੈਂ ਆਪਣੇ ਕਾਗ਼ਜ਼ ਤੇ ਤਸਵੀਰਾਂ ਲੈਣ ਲਈ ਦਫ਼ਤਰ ਗਿਆ ਤਾਂ ਉਨ੍ਹਾਂ ਨੇ ਜਿਸ ਲਿਫਾਫੇ ਵਿਚ ਮੇਰੇ ਕਾਗ਼ਜ਼ ਤੇ ਤਸਵੀਰਾਂ ਸਨ, ਦੇ ਦਿੱਤਾ। ਇਕ ਹੋਰ ਲਿਫ਼ਾਫ਼ਾ, ਜਿਸ ਵਿਚ ਮੈਨੂੰ "ਗੁਰਬਾਣੀ ਦਾ ਰਿਸਰਚ-ਸਕਾਲਰ" ਦੀ ਨਿਯੁਕਤੀ ਦਾ ਫੈਸਲਾ ਕੀਤਾ ਹੋਇਆ ਸੀ, ਮੈਨੂੰ ਉਹ ਵੀ ਦੇ ਦਿੱਤਾ। ਅਤੇ ਇਸਦੀ ਵਸੂਲੀ ਦੇ ਰਜਿਸਟਰ ਤੇ ਦਸਤਖ਼ਤ ਕਰਵਾ ਲਏ।



www.AKJ.Org

# ਲੇਖਕ ਨੂੰ ਗੁਰਬਾਣੀ ਦੀ ਖੋਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰ: ਕਮੇਟੀ ਦਾ ਨਿਯੁਕਤੀ ਪੱਤਰ

ਤਾਰ ਦਾ ਪਤਾ–
"ਸ਼੍ਰੋਮਣੀ"

੧ ੴ ਵਾਹਿਗੁਰੂ ਜੀ ਕੀ ਫ਼ਤਿਹ ॥

ਟੈਲੀਫੋਨ ਨੰ:
੫੩੧

## ਦਫ਼ਤਰ:–ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ **ਅੰਤ੍ਰਿੰਗ** ਕਮੇਟੀ ਦੀ ਇਕੱਤ੍ਰਤਾ ਮਿਤੀ ੧੦-੧੨-੯੬ ਦੇ ਗੁਰਮਤਾ ਨੰ: ੧੯੩੨ ਦੀ ਨਕਲ:–

ਪੇਸ਼ ਹੋਕੇ ਪ੍ਰਵਾਨ ਹੋਇਆ ਕਿ ਗੁਰਬਾਣੀ ਦੀ ਖੋਜ ਲਈ ਗਿਆਨੀ ਗੁਰਦਿਤ ਸਿੰਘ ਜੀ ਬਹਾਦਰਗੜ੍ਹ ਨੂੰ ਸ਼੍ਰੋਮਣੀ ਕਮੇਟੀ ਦੀ ਮੁਲਾਜ਼ਮਤ ਵਿਚ ਰਖ ਲਿਆ ਜਾਵੇ॥ ਤਨਖਾਹ ਆਦਿ ਦਾ ਫੈਸਲਾ ਕਰਨ ਦੇ ਅਧਿਕਾਰ ਪ੍ਰਧਾਨ ਸਾਹਿਬ ਸ਼੍ਰੋ:ਗੁ:ਪ੍ਰ: ਕਮੇਟੀ ਨੂੰ ਦਿਤੇ ਜਾਂਦੇ ਹਨ।

---

ਨੰਬਰ 13121 / ੨੦– ਮਿਤੀ ੧੪-੧੨-੯੬

ਉਪ੍ਰੋਕਤ ਉਤਾਰਾ ੧- ਗਿ: ਗੁਰਦਿਤ ਸਿੰਘ ਜੀ ੨- ਪ੍ਰਧਾਨ ਸਾ: ਸ਼੍ਰੋ: ਕਮੇਟੀ।

ਜੀ ਦੀ ਸੇਵਾ ਵਿਚ ਗਿਆਤ / ਯੋਗ ਕਾਰਰਵਾਈ ਲਈ ਭੇਜਿਆ ਜਾਂਦਾ ਹੈ।


ਦਾਸ:–

ਸਕੱਤ੍ਰ,
ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ



www.AKJ.Org


# ਮੁੰਦਾਵਣੀ




੧੭੫੨ ਸੰਮਤ ਵਿਚ ਲਿਖੀ ਇਸ ਬੀੜ ਦੇ ਤਤਕਰੇ ਦਾ ਅਰੰਭ ਜਪੁ ਸ੍ਰੀ ਗੁਰੂ ਰਾਮਦਾਸ ਜੀਓ ਕਿਆ ਦਸਤਖਤਾਂ ਦੀ ਨਕਲ ਤੋਂ ਹੁੰਦਾ ਹੈ ਅਤੇ ਅੰਤ ਮੁੰਦਾਵਣੀ ਉੱਪਰ ਹੈ। "ਤਨ ਮਨ ਥੀਵੈ ਹਰਿਆ" ਤੋਂ ਪਿਛੋਂ "ਏਹੋ ਭੋਗ ਸ੍ਰੀ ਆਦਿ ਗ੍ਰੰਥ ਜੀ" ਲਿਖਿਆ ਹੈ। ਇਸ ਬੀੜ ਦੇ ਦਰਸ਼ਨ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਹੋਏ।



www.AKJ.Org




ਇਸ ਪ੍ਰਾਚੀਨ ਬੀੜ ਦੀ ਲਿਖਤ ਵਿੱਚ ਇਹ ਪ੍ਰੇਰਨਾ ਕੀਤੀ ਗਈ ਹੈ ਕਿ ਜੇ ਕੋਈ ਬੀੜ ਲਿਖੇ ਤਾਂ ਸ਼ੁੱਧ ਲਿਖੇ ਅਤੇ ਸੁੱਧ ਉਹੋ ਹੀ ਹੋ ਸਕਦੀ ਹੈ, ਜੋ ਆਦਿ ਗ੍ਰੰਥ ਨਾਲ ਸੋਧੀ ਹੋਵੇ। ਇਸ ਟਿੱਪਣੀ ਦੇ ਲਿਖਾਰੀ ਨੇ ਮੁੱਢਲਾ ਨਾਮ ਭਾਈ ਗੁਰਦਾਸ ਜੀ ਦਾ ਦਿੱਤਾ ਹੈ, ਜਿਸ ਤੋਂ ਗੁਰੂ ਜੀ ਨੇ ਬੀੜ ਲਿਖਵਾਈ ਸੀ। ਇਸ ਤਸਵੀਰ ਦੀ ਇਬਾਰਤ ਇਉਂ ਹੈ :-

ੴ ਇਹੁ ਗਿਰੰਥ ਫਤੇ ਚੰਦ ਕੇ ਗਿਰੰਥ ਕਾ ਨਕਲ ਫਤੇ ਚੰਦ
ਕਾ ਗਰੰਥ ਪੁਹਕਰ ਕੇ ਗਿਰੰਥ ਕਾ ਨਕਲ ਪੁਹਕਰ ਦਾ ਗਿਰੰਥ ਵਡੇ
ਗਿਰੰਥ ਨਾਲ ਸੋਧਿਆ ਹੈ ਪੰਜਵੇ ਮਹਲ ਗੁਰਦਾਸ ਭਲੇ ਪਾਸਹੁ
ਲਿਖਵਾਇਆ ਸੀ ਜੋ ਉਸ ਗਿਰੰਥ ਨਾਲਿ ਸੋਧੈ ਸੋ ਗਿਰੰਥ ਸ਼ੁਧ
ਹੋਵੈ ਜੇ ਫੇਰ ਗ੍ਰਿੰਥ ਸੋਧਿਆ ਲੋੜੀਐ ਤਾ ਜਗਨੇ ਬ੍ਰਹਮਣ ਦੇ ਗਿਰੰਥ ਨਾਲਿ ਸੁਧਿ
ਕਰ ਲੈਇਓ ਹੋਰਨਾ ਗਿਰੰਥਾ ਨਾਲਹੁ ਜਗਨੇ ਬ੍ਰਹਮਣ ਦਾ ਗਿਰੰਥ
ਸੁਧ ਕੀਤਾ ਪੁਹਕਰ ਦਾ ਗਿਰੰਥ ਜਗਨੇ ਦੇ ਗਿਰੰਥ ਨਾਲਿ ਸੁਧ
ਕੀਆ ਹੈ॥



www.AKJ.Org

# ਆਦਿ ਗ੍ਰੰਥ ਨਾਲ ਸੋਧੀ ਬੀੜ ਦਾ ਤਤਕਰਾ



੨

ਤਤਕਰਾ

| | | | |
|---|---|---|---|
| ੧ | [illegible] | | ਆਦਿ |
| ੨ | ਸੋਦਰੁ ਪੰਨੇ ਸਬਦ | ਪਤਿ | ੩ |
| ੩ | [illegible] | ਪਤਿ | ੪ |
| ੪ | ਸੋਹਿਲਾ [illegible] | ਪਤਿ | ੫ |
| ੧ | ਰਾਗੁ ਸਿਰੀਰਾਗੁ | ਪਤਿ | ੫ |
| ੨ | ਰਾਗੁ ਮਾਝ | ਪਤਿ | ੩੫ |
| ੩ | ਰਾਗੁ ਗਉੜੀ | ਪਤਿ | ੫੬ |
| ੪ | ਰਾਗੁ ਆਸਾ | ਪਤਿ | ੧੨੭ |
| ੫ | ਰਾਗੁ ਗੂਜਰੀ | ਪਤਿ | ੧੭੮ |
| ੬ | ਰਾਗੁ ਦੇਵਗੰਧਾਰੀ | ਪਤਿ | ੧੯੩ |
| ੭ | ਰਾਗੁ ਬਿਹਾਗੜਾ | ਪਤਿ | ੧੯੬ |
| ੮ | ਰਾਗੁ ਵਡਹੰਸੁ | ਪਤਿ | ੨੦੩ |
| ੯ | ਰਾਗੁ ਸੋਰਠਿ | ਪਤਿ | ੨੧੮ |
| ੧੦ | ਰਾਗੁ ਧਨਾਸਰੀ | ਪਤਿ | ੨੪੧ |
| ੧੧ | ਰਾਗੁ ਜੈਤਸਰੀ | ਪਤਿ | ੨੫੪ |
| ੧੨ | ਰਾਗੁ ਟੋਡੀ | ਪਤਿ | ੨੬੦ |
| ੧੩ | ਰਾਗੁ ਬੈਰਾੜੀ | ਪਤਿ | ੨੬੨ |
| ੧੪ | ਰਾਗੁ ਤਿਲੰਗ | ਪਤਿ | ੨੬੩ |
| ੧੫ | ਰਾਗੁ ਸੂਹੀ | ਪਤਿ | ੨੬੬ |
| ੧੬ | ਰਾਗੁ ਬਿਲਾਵਲੁ | ਪਤਿ | ੨੯੦ |
| ੧੭ | ਰਾਗੁ ਗੋਂਡ | ਪਤਿ | ੩੦੪ |
| ੧੮ | ਰਾਗੁ ਰਾਮਕਲੀ | ਪਤਿ | ੩੧੯ |
| ੧੯ | ਰਾਗੁ ਨਟ | ਪਤਿ | ੩੫੫ |
| ੨੦ | ਰਾਗੁ ਮਾਲੀਗਉੜਾ | ਪਤਿ | ੩੫੮ |
| ੨੧ | ਰਾਗੁ ਮਾਰੂ | ਪਤਿ | ੩੫੯ |
| ੨੨ | ਰਾਗੁ ਤੁਖਾਰੀ | ਪਤਿ | ੪੦੨ |
| ੨੩ | ਰਾਗੁ ਕੇਦਾਰਾ | ਪਤਿ | ੪੦੬ |
| ੨੪ | ਰਾਗੁ ਭੈਰਉ | ਪਤਿ | ੪੦੯ |
| ੨੫ | ਰਾਗੁ ਬਸੰਤੁ | ਪਤਿ | ੪੨੪ |
| ੨੬ | ਰਾਗੁ ਸਾਰੰਗ | ਪਤਿ | ੪੩੫ |

ੴ ਸਤਿਗੁਰ ਪ੍ਰਸਾਦਿ


| | | | |
|---|---|---|---|
| ੨੭ | ਰਾਗੁ ਮਲਾਰ | ਪਤਿ | ੪੫੫ |
| ੨੮ | ਰਾਗੁ ਕਾਨੜਾ | ਪਤਿ | ੪੬੯ |
| ੨੯ | ਰਾਗੁ ਕਲਿਆਣ | ਪਤਿ | ੪੭੮ |
| ੩੦ | ਰਾਗੁ ਬਿਭਾਸ ਪਰਭਾਤੀ | ਪਤਿ | ੪੮੦ |
| ੧ | ਸਲੋਕ ਸਹਸਕ੍ਰਿਤੀ | ਪਤਿ | ੪੮੯ |
| ੨ | ਗਾਥਾ | ਪਤਿ | ੪੯੨ |
| ੩ | ਫੁਨਹੇ | ਪਤਿ | [illegible] |
| ੪ | ਚਉਬੋਲੇ | ਪਤਿ | ੪੯੩ |
| ੫ | ਸਲੋਕ ਕਬੀਰ ਜੀ ਕੇ | ਪਤਿ | [illegible] |
| ੬ | ਸਲੋਕ ਸੇਖ ਫਰੀਦ ਕੇ | ਪਤਿ | ੪੯੯ |
| ੭ | ਸਵਯੇ ਸ੍ਰੀ ਮੁਖਬਾਕ | ਪਤਿ | ੫੦੧ |
| ੮ | ਸਵਯੇ [illegible] | ਪਤਿ | ੫੦੩ |
| ੯ | ਸਲੋਕ ਵਾਰਾਂ ਤੇ ਵਧੀਕ | ਪਤਿ | ੫੧੧ |
| ੧੦ | ਮੁੰਦਾਵਣੀ | ਪਤਿ | ੫੧੭ |

ਇਹ ਆਦਿ ਗ੍ਰੰਥ ਜੀ ਨਾਲ ਸੋਧੀ ਹੋਈ ਬੀੜ ਦਾ ਤਤਕਰਾ ਹੈ। ਇਸ ਬੀੜ ਦੇ ਦੋਹਾਂ (ਰਾਗਾਂ ਅਤੇ ਸ਼ਬਦਾਂ ਦੇ) ਤਤਕਰਿਆਂ ਦੀ ਸਮਾਪਤੀ ਮੁੰਦਾਵਣੀ ਉੱਤੇ ਹੈ।



www.AKJ.Org

# ਸਾਗਰੀ ਪਿੰਡ (ਰਾਵਲਪਿੰਡੀ) ਵਾਲੀ ਬੀੜ ਦਾ ਤਤਕਰਾ




ਇਹ ਸਾਗਰੀ ਪਿੰਡ ਵਾਲੀ ਬੀੜ ਦਾ ਤਤਕਰਾ ਹੈ,
ਜਿਸ ਦੀ ਸਮਾਪਤੀ ਮੁੰਦਾਵਣੀ ਉੱਤੇ ਹੈ।



www.AKJ.Org

# ਸਾਗਰੀ ਪਿੰਡ (ਰਾਵਲਪਿੰਡੀ) ਵਾਲੀ ਬੀੜ ਦਾ ਅੰਤਿਮ ਪਤ੍ਰਾ




ਇਹ ਸਾਗਰੀ ਪਿੰਡ ਵਾਲੀ ਬੀੜ ਦਾ ਅੰਤਮ ਸਫਾ ਹੈ।
ਜਿਸ ਦਾ ਭੋਗ ਮੁੰਦਾਵਣੀ ਉੱਤੇ ਹੈ।



www.AKJ.Org

## ਸਾਗਰੀ ਪਿੰਡ (ਰਾਵਲਪਿੰਡੀ) ਵਾਲੀ ਬੀੜ ਵਿੱਚ ਦਰਜ ਛੇਵੇਂ ਪਾਤਸ਼ਾਹ ਜੀਉ ਕੇ ਨੀਸਾਣ




ਇਹ ਸਾਗਰੀ ਪਿੰਡ ਵਾਲੀ ਬੀੜ ਦੇ ਚਿਤ੍ਰ ਦਰਸ਼ਨ ਹਨ ਜਿਸ ਦਾ (ਤਤਕਰੇ ਅਤੇ ਅੰਤਲੇ ਸਫੇ ਅਨੁਸਾਰ) ਭੋਗ ਮੁੰਦਾਵਣੀ ਉੱਤੇ ਪੈਂਦਾ ਹੈ। ਇਸ ਪੂਰੇ ਸਫੇ ਉੱਤੇ "ਨੀਸਾਣ ਸ੍ਰੀ ਗੁਰੂ ਜੀਉ ਕੇ" ਦਿੱਤੇ ਹਨ।

ਨੋਟ :- ਚੱਲ ਰਹੇ ਬੀੜ ਦੇ ਪਾਠ ਦੇ ਨਾਲ ਮੁੰਦਾਵਣੀ ਲਿਖ ਕੇ ਭੋਗ ਪਾਉਣਾ ਅਤੇ ਸਾਹਮਣੇ ਗੁਰੂ ਜੀ ਦੇ ਨੀਸਾਣਾਂ ਦਾ ਹੋਣਾ, ਇਹ ਸਿੱਧ ਕਰਦਾ ਹੈ ਕਿ ਮੁੰਦਾਵਣੀ ਤੋਂ ਬਾਅਦ ਕਿਸੇ ਕਿਸਮ ਦੀਆਂ ਕੋਈ ਵਾਧੂ ਬਾਣੀਆਂ ਨਹੀਂ ਹੁੰਦੀਆਂ ਸਨ।



www.AKJ.Org

# ਪਿੰਡ ਗੋਂਦਲਾਵਾਲਾ ਵਾਲੀ ਬੀੜ




ਇਸ ਬੀੜ ਦੇ ਪਿੰਡ ਗੋਂਦਲਾਵਾਲਾ (ਨਜ਼ਦੀਕ ਗੁੱਜਰਾਂਵਾਲਾ) ਵਿੱਚ ਦਰਸ਼ਨ ਹੁੰਦੇ ਰਹੇ ਹਨ। ਇਸ ਚਿਤ੍ਰ ਵਿੱਚ ਭੋਗ ਵਾਲਾ ਅੰਤਿਮ ਪੰਨਾ ਹੈ ਅਤੇ ਭੋਗ ਮੁੰਦਾਵਣੀ ਉੱਤੇ ਹੈ।



www.AKJ.Org

# ਤਰਨਤਾਰਨ ਵਾਲੀ ਬੀੜ ਦੇ ਰਾਗਾਂ ਦੇ ਤਤਕਰੇ ਦਾ ਚਿਤ੍ਰ




ਇਹ ਬੀੜ ਪਿੰਡ ਖਾਰਾ ਚਭਾਲ (ਝਬਾਲ) ਦੇ ਵਾਸੀ ਭਾਈ ਪਾਖਰਮਲ ਵਿਲੋਂ ਦੀ ਲਿਖੀ ਹੋਈ ਹੈ। ਇਹ ਚਿਤ੍ਰ ਰਾਗਾਂ ਦੇ ਤਤਕਰੇ ਦਾ ਹੈ, ਜਿਸ ਦਾ ਭੋਗ ਮੁੰਦਾਵਣੀ ਉੱਤੇ ਹੈ।



www.AKJ.Org

# ਤਰਤਤਾਰਨ ਵਾਲੀ ਬੀੜ ਦੇ ਅੰਤਿਮ ਪਤ੍ਰੇ ਦਾ ਚਿਤ੍ਰ




ਇਹ ਚਿਤ੍ਰ ਤਰਨਤਾਰਨ ਵਾਲੀ ਬੀੜ ਦੇ ਅੰਤਿਮ ਪਤ੍ਰੇ ਦਾ ਹੈ। ਮੁੰਦਾਵਣੀ ਤੋਂ ਬਾਅਦ ਲਿਖਾਰੀ ਨੇ ਆਪਣੀ ਪਹਿਚਾਣ ਅਤੇ ਬੀੜ ਲਿਖੇ ਜਾਣ ਦਾ ਸੰਮਤ ਇਉ ਅੰਕਿਤ ਕੀਤਾ ਹੈ :-

"੧ਓ ਸੰਮਤ ੧੭੪੫ ਮਾਘ ਸੁਦੀ ੫ ਗਰੰਥ ਜੀ
ਲਿਖਿਆ ਪੂਰਨ ਹੋਆ॥ ਲਿਖਾਰੀ ਪਾਖਰ ਮਲ ਢਿਲੋਂ
ਵਾਸੀ ਖਾਰਾ ਚਭਾਲ ਪੋਤ੍ਰਾ ਲੰਗਾਹ ਕਾ॥
ਵਾਹਿਗੁਰੂ॥



www.AKJ.Org



38
ਸਵਯੇਕਣਟਕੇਮਃ੧
ਪ੬੨ ਇਕਮਨਿਪੁਰਖੁਧਿਆ ੧
ਪ੬੨ ਸਵਯੇਮਹਲਾ੨
ਪ੬੨ ਸੋਈਪੁਰਖੁਧੰਨਕਰਤਾ ੧
ਸਵਯੇਮਃ੩
ਪ੬੩ ਸੋਈਪੁਰਖੁਸਿਮਰੁ ੧
ਸਵਯੇਮਃ੪
ਪ੬੪ ਇਕਮਨਪੁਰਖੁਨਿਰੰਜ ੧
ਸਵਯੇਮਃ੫
ਪ੬੮ ਸਿਮਰੰਸੋਈਪੁਰਖੁਅਚ ੧
ਸਲੋਕੁਵਾਰਾਂਤੇਵਧੀਮਃ੧
ਪ੬੯ ਉਤੰਗੀਪੈਓਹਰਗਹਿਰ ੧
ਸਲੋਕ ਮਃ੪
ਪ੭੩ ਵਡਭਾਗੀਆਸੋਹਾਗ ੧
ਸਲੋਕਮਃ੫
ਪ੭੪ ਰਤੇਸੇਈਜਿਮੁਖਨਾਮੋ ੧
ਮੁੰਦਾਵਣੀ ੧

ਇਹ ਚਿਤ੍ਰ ਤਤਕਰੇ ਦਾ ਹੈ ਅਤੇ ਸਮਾਪਤੀ ਮੁੰਦਾਵਣੀ ਉੱਤੇ ਹੈ।



www.AKJ.Org


# ਬਾਬਾ ਆਲਾ ਸਿੰਘ ਜੀ ਦੇ ਬੁਰਜ ਵਾਲੀ ਦੂਜੀ ਬੀੜ




ਇਹ ਚਿਤ੍ਰ ਬਾਬਾ ਆਲਾ ਸਿੰਘ ਜੀ ਦੇ ਬੁਰਜ ਵਾਲੀ ਦੂਜੀ ਬੀੜ ਦੇ ਤਤਕਰੇ ਦਾ ਹੈ, ਜਿਸ ਦੀ ਸਮਾਪਤੀ ਮੁੰਦਾਵਣੀ ਉੱਤੇ ਹੈ।



www.AKJ.Org






ਇਹ ਦੋ ਚਿਤ੍ਰ ਭਾਈ ਕੇ ਫਫੜੇ ਵਾਲੀ ਪਹਿਲੀ ਬੀੜ ਦੇ ਹਨ, ਪਹਿਲਾ ਚਿਤ੍ਰ ਤਤਕਰੇ ਦਾ ਹੈ ਅਤੇ ਦੂਜਾ ਚਿਤ੍ਰ ਭੋਗ ਵਾਲੇ ਪਤ੍ਰੇ ਦਾ ਹੈ, ਦੋਹਾਂ ਚਿਤ੍ਰਾਂ ਅਨੁਸਾਰ ਸਮਾਪਤੀ ਮੁੰਦਾਵਣੀ ਉੱਤੇ ਹੈ।



www.AKJ.Org

# ਪਿੰਡ ਭਾਈ ਕੇ ਫਫੜੇ ਵਾਲੀ ਦੂਜੀ ਬੀੜ






ਇਹ ਦੋ ਚਿਤ੍ਰ ਭਾਈ ਕੇ ਫਫੜੇ ਵਾਲੀ ਦੂਜੀ ਬੀੜ ਦੇ ਹਨ, ਜਿਨ੍ਹਾਂ ਵਿੱਚ ਇੱਕ ਚਿਤ੍ਰ ਬੀੜ ਦੇ ਤਤਕਰੇ ਦਾ ਹੈ ਅਤੇ ਦੂਜਾ ਅੰਤਿਮ ਪੰਨੇ ਦਾ। ਦੋਹਾਂ ਚਿਤ੍ਰਾਂ ਅਨੁਸਾਰ ਸਮਾਪਤੀ ਮੁੰਦਾਵਣੀ ਉੱਤੇ ਹੈ।



www.AKJ.Org

# ਪਟਿਆਲੇ ਵਾਲੀ ਬੀੜ




ਇਹ ਚਿਤ੍ਰ ਦੁਰਗਾ ਸਿੰਘ ਦੇ ਘਰ ਪਟਿਆਲੇ ਵਾਲੀ ਬੀੜ ਦਾ ਹੈ। ਦੁਰਗਾ ਸਿੰਘ, ਧਰਮ ਸਿੰਘ, ਪਰਮ ਸਿੰਘ ਲਿਖਾਰੀਆਂ ਦੇ ਘਰਾਣੇ ਵਿੱਚੋਂ ਅਤੇ ਮਹੰਤ ਗੱਜਾ ਸਿੰਘ ਰਾਗੀ ਦੇ ਰਾਗਾਂ ਬਾਰੇ ਲਿਖੇ ਗਏ ਗ੍ਰੰਥ ਦੇ ਲਿਖਾਰੀ ਸਨ। ਇਹ ਚਿਤ੍ਰ ਤਤਕਰੇ ਦਾ ਹੈ ਅਤੇ ਸਮਾਪਤੀ ਮੁੰਦਾਵਣੀ ਉੱਤੇ ਹੈ।




www.AKJ.Org

# ਪਟਿਆਲੇ ਵਾਲੀ ਬੀੜ


ਮੁੰਦਾਵਣੀ ਮਹਲਾ ੫ ੴਸਤਿਗੁਰ ਪ੍ਰਸਾਦਿ

ਭਾਈ ਦੁਰਗਾ ਸਿੰਘ (ਪਟਿਆਲਾ) ਵਾਲੀ ਬੀੜ ਦਾ ਇਹ ਅੰਤਿਮ ਪੰਨੇ ਦਾ ਚਿਤ੍ਰ ਦਰਸ਼ਨ ਹੈ ਜਿਸ ਦਾ ਭੋਗ ਮੁੰਦਾਵਣੀ ਉੱਤੇ ਹੈ।

## ਡੇਹਰਾਦੂਨ ਵਾਲੀ ਬੀੜ ਦਾ ਅੰਤਿਮ ਪੰਨਾ




ਇਹ ਬੀੜ ਡੇਹਰਾਦੂਨ ਦੇ ਦੇਹੁਰੇ ਵਿੱਚ ਹੈ। 'ਤਨੁ ਮਨੁ ਥੀਵੈ ਹਰਿਆ' ਦੇ ਪਿੱਛੋਂ ਇਥੇ ਵੀ ਇਹ ਸੂਚਨਾ ਦਿੱਤੀ ਹੈ-

**ਏਹੁ ਭੋਗੁ ਸ੍ਰੀ ਆਦਿ ਗਿਰੰਥ ਜੀ ਹੈ।**



www.AKJ.Org

# ਮੁੰਗੇਰ (ਬਿਹਾਰ) ਵਾਲੀ ਬੀੜ



੧ੴ ਸਤਿਗੁਰ ਪ੍ਰਸਾਦਿ ਮੁੰਦਾਵਣੀ ਮਹਲਾ ੫

ਇਹ ਬੀੜ ਬਿਹਾਰ ਦੇ ਮੁੰਗੇਰ ਨਗਰ ਤੋਂ ਪ੍ਰਾਪਤ ਹੋਈ ਹੈ। ਬੀੜ ਲਿਖਣ ਦਾ ਸੰਮਤ ੧੭੬੨ ਲਿਖਿਆ ਹੈ ਅਤੇ ਭੋਗ ਮੁੰਦਾਵਣੀ ਉੱਤੇ ਹੈ।



www.AKJ.Org

# ਬਰਮਿੰਘਮ (ਲੰਡਨ) ਵਾਲੀ ਬੀੜ




ਇਹ ਬੀੜ ਚੰਨਣ ਸਿੰਘ "ਚੰਨ" ਬਰਮਿੰਘਮ ਪਾਸ ਹੈ। ਇਸ ਬੀੜ ਦੇ ਤਤਕਰੇ ਦੇ ਆਰੰਭ ਵਿੱਚ ਸੰਮਤ ੧੭੪੯ ਲਿਖਿਆ ਹੋਇਆ ਹੈ ਅਤੇ ਇਸ ਵਿੱਚ ਗ੍ਰੰਥ ਜਾਂ ਪੋਥੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾ ਸ਼ਬਦ ਵਰਤਿਆ ਹੋਣਾ ਬਾਕੀ ਬੀੜਾਂ ਨਾਲੋਂ ਵਿਲੱਖਣ ਹੈ।



www.AKJ.Org


# ਬਰਮਿੰਘਮ (ਲੰਡਨ) ਵਾਲੀ ਬੀੜ




ਇਸ ਚਿਤ੍ਰ ਵਿੱਚ - "ਤਨ ਮਨ ਥੀਵੈ ਹਰਿਆ"-ਤੋਂ ਬਾਅਦ ਸਿਆਹੀ ਦੀ ਵਿਧੀ ਲਿਖੀ ਹੋਈ ਹੈ। ਜਿਸ ਤੋਂ ਸਪੱਸ਼ਟ ਹੈ ਕਿ ਬੀੜ ਦੀ ਸਮਾਪਤੀ ਤਾਂ "ਤਨ ਮਨ ਥੀਵੈ ਹਰਿਆ"-ਉੱਤੇ ਹੀ ਹੈ। ਇਸ ਵਿੱਚ **ਸਿਆਹੀ ਕੀ ਵਿਧੀ** ਤੋਂ ਬਾਅਦ ਹੋਰ ਵਾਧੂ ਬਾਣੀਆਂ ਵੀ ਲਿਖ ਛੱਡੀਆਂ ਹਨ। ਕਈ ਹੋਰਨਾਂ ਬੀੜਾਂ ਵਿੱਚ **ਸਿਆਹੀ ਕੀ ਵਿਧੀ** ਸਭ ਤੋਂ ਪਿੱਛੋਂ ਲਿਖੀ ਹੁੰਦੀ ਹੈ। ਇੱਥੇ ਇਹ ਵਿਸ਼ੇਸ਼ ਗੱਲ ਹੈ ਕਿ "ਤਨ ਮਨ ਥੀਵੈ ਹਰਿਆ"-ਤੋਂ ਪਿੱਛੋਂ **ਸਿਆਹੀ ਕੀ ਵਿਧੀ** ਲਿਖੀ ਹੈ।



www.AKJ.Org






ਇਹ ਬੀੜ "ਅਕਾਲ ਤਖ਼ਤ ਸਾਹਿਬ" ਵਿੱਚ ਉਪਰਲੀ ਮੰਜਿਲ ਵਿੱਚ ਸੁਸ਼ੋਭਿਤ ਰਹੀ ਹੈ, ਇਸ ਦੇ ਦੋ ਚਿਤ੍ਰ ਹਨ। ਪਹਿਲਾ ਚਿਤ੍ਰ ਤਤਕਰੇ ਦਾ ਹੈ ਅਤੇ ਦੂਜਾ ਚਿਤ੍ਰ ਬੀੜ ਦੇ ਅਖ਼ੀਰਲੇ ਸਫ਼ੇ ਦਾ ਹੈ। ਦੋਹਾਂ ਚਿਤ੍ਰਾਂ ਅਨੁਸਾਰ ਭੋਗ ਮੁੰਦਾਵਣੀ ਤੇ ਹੈ।



www.AKJ.Org




ਇਹ ਬੀੜ ਲੇਖਕ ਦੇ ਨਿੱਜੀ ਪੁਸਤਕਾਲਯ ਵਿੱਚ ਹੈ। ਪਹਿਲਾ ਚਿਤ੍ਰ ਮੁੰਦਾਵਣੀ ਤੱਕ ਤਤਕਰੇ ਦਾ ਅਤੇ ਦੂਜਾ ਚਿਤ੍ਰ ਮੁੰਦਾਵਣੀ ਉੱਤੇ ਸਮਾਪਤੀ ਦਾ ਹੈ। ਮੁੰਦਾਵਣੀ ਤੋਂ ਬਾਅਦ ਲਿਖਾਰੀ ਨੇ ਬੀੜ ਲਿਖੇ ਜਾਣ ਦਾ ਸਮਾਂ ਤੇ ਸਥਾਨ ਇਉਂ ਅੰਕਿਤ ਕੀਤਾ ਹੈ :-

"ਸੰਮਤ ੧੭੯੯ ਮਿਤੀ ਸਾਵਣ ਸੁਦੀ ੮ ਬੁਧਵਰਿ ਡੇਢ ਪਹਰ ਦਿਨ ਚੜੇ ਗਿਰੰਥ ਕਾ ਭੋਗ ਪਇਆ ਕਰਤਾਰਪੁਰ।"



www.AKJ.Org

# ਹਜ਼ੂਰ ਸਾਹਿਬ ਵਾਲੀ ਬੀੜ



੧ਓ ਸਤਿਗੁਰ ਪ੍ਰਸਾਦਿ


ਮੁੰਦਾਵਣੀ ਮਹਲਾ ੫

ਇਸ ਬੀੜ ਦੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਦਰਸ਼ਨ ਕੀਤੇ।
ਚਿਤ੍ਰ ਵਿੱਚ ਮੁੰਦਾਵਣੀ ਉੱਤੇ ਸਮਾਪਤੀ ਹੈ।



www.AKJ.Org

# ਹਜ਼ੂਰ ਸਾਹਿਬ ਵਾਲੀ ਬੀੜ




ਬੀੜ ਹਜ਼ੂਰ ਸਾਹਿਬ : ਇਸ ਬੀੜ ਦੀ ਸਮਾਪਤੀ ਫ਼ਰੀਦ ਜੀ ਦੇ ਸਲੋਕਾਂ ਉੱਤੇ ਹੈ,
ਪਰੰਤੂ ਰਾਗਮਾਲਾ ਜਾਂ ਕੋਈ ਹੋਰ ਵਾਧੂ ਬਾਣੀ ਦਰਜ ਨਹੀਂ।
ਮੁੰਦਾਵਣੀ ੭੭੮ ਨੰਬਰ ਪਤ੍ਰੇ ਉੱਤੇ ਹੈ।



www.AKJ.Org

# ਹਜੂਰ ਸਾਹਿਬ ਵਾਲੀ ਬੀੜ




ਇਹ ਚਿਤ੍ਰ ਸੱਚਖੰਡ ਸ੍ਰੀ ਹਜੂਰ ਸਾਹਿਬ ਤੋਂ ਪ੍ਰਾਪਤ ਬੀੜ ਦਾ ਹੈ, ਜਿਸਦਾ ਭੋਗ ਮੁੰਦਾਵਣੀ ਉੱਤੇ ਹੈ।



www.AKJ.Org

# ਸਿੱਖ ਰੈਫਰੈਂਸ ਲਾਇਬ੍ਰੇਰੀ (ਅੰਮ੍ਰਿਤਸਰ) ਵਾਲੀ ਬੀੜ






ਇਹ "ਸਿੱਖ ਰੈਫ਼ਰੈਂਸ ਲਾਇਬ੍ਰੇਰੀ" ਅੰਮ੍ਰਿਤਸਰ ਵਾਲੀ ਬੀੜ ਦੇ ਦੋ ਚਿਤ੍ਰ ਹਨ। ਪਹਿਲੇ ਚਿਤ੍ਰ ਵਿੱਚ ਨੌਵੇਂ ਮਹਲੇ ਕੇ ਨੀਸਾਣ ਹਨ ਅਤੇ ਦੂਜਾ ਚਿਤ੍ਰ ਤਤਕਰੇ ਦਾ ਹੈ, ਜਿਸ ਦੇ ਆਰੰਭ ਵਿੱਚ–"ਜਪੁ ਸਿਰੀ ਗੁਰੂ ਰਾਮਦਾਸ ਜੀਉ ਕਿਆ ਦਸਖਤਾ ਕਾ ਨਕਲੁ" ਦੀ ਸੂਚਨਾ ਦਿੱਤੀ ਹੈ ਅਤੇ ਤਤਕਰੇ ਦੀ ਸਮਾਪਤੀ ਮੁੰਦਾਵਣੀ ਤੇ ਹੈ।



www.AKJ.Org

# ਪਟਨਾ ਸਾਹਿਬ ਵਾਲੀਆਂ ਬੀੜਾਂ


੧ੴ ਸਤਿਗੁਰ ਪ੍ਰਸਾਦਿ॥


ਮੁੰਦਾਵਣੀ ਮਹਲਾ ੫ ਥਾਲਵਿਚਿਤਿੰਨਿਵਸਤੂਪਈਓਸਤੁਸੰਤੋਖੁਵੀਚਾਰੋ॥ਅੰਮ੍ਰਿਤਨਾਮੁਠਾਕੁਰਕਾਪਇਓਜਿਸਕਾਸਭਸੁਅਧਾਰੋ॥ਜੇਕੋਖਾਵੈਜੇਕੋਭੁੰਚੈਤਿਸਕਾਹੋਇਉਧਾਰੋ॥ਏਹਵਸਤੁਤਜੀਨਹਜਾਈਨਿਤਨਿਤਰਖੁਉਰਿਧਾਰੋ॥ਤਮਸੰਸਾਰੁਚਰਨਲਗਿਤਰੀਐਸਭੁਨਾਨਕਬ੍ਰਹਮਪਸਾਰੋ॥੧॥੧॥

ਇਹ ਬੀੜ ਪਟਨਾ ਸਾਹਿਬ ਦੇ ਤੋਸ਼ੇਖਾਨੇ ਵਿੱਚ ਸੁਰੱਖਿਅਤ ਹੈ, ਜਿਸ ਦਾ ਭੋਗ ਮੁੰਦਾਵਣੀ ਉੱਤੇ ਪੈਂਦਾ ਹੈ। ਉਪਰਲੇ ਚਿਤ੍ਰ ਵਿੱਚ ਦਸਵੇਂ ਪਾਤਸ਼ਾਹ ਜੀ ਕੇ ਨੀਸਾਣ ਵੀ ਦਿੱਤੇ ਹਨ।



www.AKJ.Org

## ਪਟਨਾ ਸਾਹਿਬ ਵਾਲੀ ਬੀੜ





ਇਹ ਚਿਤ੍ਰ ਪਟਨਾ ਸਾਹਿਬ ਦੇ ਤੋਸ਼ੇਖਾਨੇ ਦੀ ਬੀੜ ਦਾ ਹੈ। ਇਹ ਚਿਤ੍ਰ ਤਤਕਰੇ ਦਾ ਹੈ, ਇਸ ਦੀ ਸਮਾਪਤੀ ਮੁੰਦਾਵਣੀ ਤੇ ਹੈ।



www.AKJ.Org

# ਪਟਨਾ ਸਾਹਿਬ ਵਾਲੀ ਬੀੜ


ੴ ਸਤਿਗੁਰਪ੍ਰਸਾਦਿ॥ ਮੁੰਦਾਵਣੀ ਮਹਲਾ
੫ ਥਾਲਵਿਚਿਤਿੰਨਿਵਸਤੂਪਈਓਸਤੁਸੰਤੋਖੁਵੀਚਾਰੋ॥ਅੰਮ੍ਰਿ
ਤਨਾਮੁਠਾਕੁਰਕਾਪਇਓਜਿਸਕਾਸਭਸੁਅਧਾਰੋ॥ਜੇਕੋਖਾਵੈਜੇਕੋਭੁੰਚੈਤਿਸ
ਕਾਹੋਇਉਧਾਰੋ॥ਏਹਵਸਤੁਤਜੀਨਹਜਾਈਨਿਤਨਿਤਰਖੁਉਰਿਧਾਰੋ॥ਤਮ
ਸੰਸਾਰੁਚਰਨਲਗਿਤਰੀਐਸਭੁਨਾਨਕਬ੍ਰਹਮਪਸਾਰੋ॥੧॥

ਇਹ ਬੀੜ ਪਟਨਾ ਸਾਹਿਬ ਦੇ ਤੋਸ਼ੇਖਾਨੇ ਦੀ ਹੈ। ਇਸ ਬੀੜ ਦਾ ਭੋਗ ਮੁੰਦਾਵਣੀ ਉੱਤੇ ਪੈਂਦਾ ਹੈ।



www.AKJ.Org

# ਪਟਨਾ ਸਾਹਿਬ ਵਾਲੀਆਂ ਹੋਰ ਬੀੜਾਂ




ਇਹ ਚਿੱਤਰ ਪਟਨਾ ਸਾਹਿਬ ਦੇ ਤੋਸ਼ੇਖਾਨੇ ਵਿੱਚ ਸੁਰਖਿਅਤ ਇਕ ਹੋਰ ਬੀੜ ਦਾ ਹੈ ਜਿਸਦਾ ਭੋਗ ਮੁੰਦਾਵਣੀ ਤੇ ਹੈ।



www.AKJ.Org

# ਪਟਨਾ ਸਾਹਿਬ ਵਾਲੀ ਇੱਕ ਹੋਰ ਬੀੜ




ਇਸ ਬੀੜ ਦਾ ਭੋਗ ਮੁੰਦਾਵਣੀ ਉੱਤੇ ਪੈਂਦਾ ਹੈ ਅਤੇ ਹਾਸ਼ੀਏ ਉੱਤੇ ਇੱਕ ਅਹਿਮ ਸੂਚਨਾ ਟੇਢੇ ਦਾਉ ਮੁੰਦਾਵਣੀ ਦੇ ਸਾਹਮਣੇ ਇਸ ਤਰ੍ਹਾਂ ਲਿਖੀ ਹੋਈ ਹੈ :- "ਇਸ ਜਗਹ ਸਲੋਕ ਮਹਲਾ ੯ ਨਾਵੇ ਕੇ ਚਾਹੀਐ ਆਗੇ ਲਿਖੇ ਗਏ।"



www.AKJ.Org

# ਪਟਨਾ ਸਾਹਿਬ ਵਾਲੀ ਇੱਕ ਹੋਰ ਬੀੜ




ਇਹ ਚਿਤ੍ਰ ਭੋਗ ਵਾਲੇ ਅੰਤਿਮ ਪੰਨੇ ਦਾ ਹੈ, ਜਿਸ ਵਿੱਚ ਮੁੰਦਾਵਣੀ ਤੋਂ ਬਾਅਦ ਪੰਜਵੇਂ ਮਹਲੇ ਦੀ ਬਾਣੀ ਦਾ ਕੁੱਲ ਜੋੜ ਲਿਖਿਆ ਹੈ। ਜੋ ਇਸ ਤਰ੍ਹਾਂ ਹੈ :-
ਜੋੜ ਬਾਣੀ ਕਾ॥ ਚਉਪਦੇ ੧੩੪੬॥ ਅਸਟਪਦੀਆ ੬੭॥ ਛਿੰਝ ੧॥ ਗੁਣਵੰਤੀ ੧॥ ਦਿਨ ਰੈਨਿ ੧॥ ਥਿਤੀ ੧॥ ਰੁਤੀ ੧॥ ਬਾਰਹਮਾਹ ੧॥ ਸੋਲਹੇ ੧੪॥ ਪਹਰੇ ਤਥਾ ਛੰਦ ੬੩॥ ਬਾਵਨ ਆਖਰੀ ੧॥ ਸੁਖਮਨੀ ੧॥ ਵਾਰਾਂ ੬॥ ਤਿਨ ਕਾ ਜੁਮਲਾ ੧੫੦੪॥ ਸਲੋਕ ਸਹਸਕ੍ਰਿਤੀ ੬੭॥ ਗਾਥਾ ੨੪॥ ਫੁਨਹੇ ੨੩॥ ਚਉਬੋਲੇ ੧੧॥ ਸਵੈਯੇ ੨੦॥ ਸਲੋਕ ਵਾਰਾਂ ਤੇ ਵਧੀਕ ਤਥਾ ਮੁੰਦਾਵਣੀ ੨੪॥ ਕੁਲਕਾ ਜੁਮਲਾ ੧੬੭੩॥



www.AKJ.Org

## ਕੁਝ ਹੋਰ ਬੀੜਾਂ






ਇਹ ਦੋ ਬੀੜਾਂ ਲੇਖਕ ਦੇ ਨਿੱਜੀ ਪੁਸਤਕਾਲੇ ਵਿੱਚ ਸੁਰੱਖਿਅਤ ਹਨ
ਜਿਨ੍ਹਾਂ ਦਾ ਭੋਗ ਮੁੰਦਾਵਣੀ ਉੱਤੇ ਪੈਂਦਾ ਹੈ।



www.AKJ.Org

## ਨਿੱਜੀ ਪੁਸਤਕਾਲਯ ਵਿਚਲੀ ਛੋਟੇ ਸਾਈਜ਼ ਵਾਲੀ ਬੀੜ




ਇਹ ਨਿੱਜੀ ਪੁਸਤਕਾਲੇ ਵਾਲੀ ਬੀੜ ਦੇ ਦੋ ਚਿਤ੍ਰ ਹਨ। ਪਹਿਲਾ ਚਿਤ੍ਰ ਤਤਕਰੇ ਦਾ ਹੈ ਅਤੇ ਦੂਜਾ ਚਿਤ੍ਰ ਭੋਗ ਵਾਲੇ ਪਤ੍ਰੇ ਦਾ। ਦੋਹਾਂ ਚਿਤ੍ਰਾਂ ਅਨੁਸਾਰ ਭੋਗ ਮੁੰਦਾਵਣੀ ਉੱਤੇ ਹੈ।



www.AKJ.Org

## ਭਾਈ ਬੰਨੋ ਦੀ ਸ਼ਾਖ ਦੀ ਬੀੜ



੫ ਆਖਣੁਸੁਨਣੁਨਾਮੁ
੬ ਰਾਮਨਾਮੁਜਪੁਅੰਤਰਿ
੭ ਇਕਘੁਰਿਬਖਸਿਲਏ
ਮਹਲਾ ੩ ਪਤਿ
੧ ਗੁਰਪ੍ਰਸਾਦੀਵੇਖੁਤੂਹਰਿ
੩ ਭੈਭਾਇਜਾਗੇਸੇਜਨਜਾ
ਮਹਲਾ ੫ ਪਤਿ
੧ ਮਾਤਪਿਤਾਭਾਈਸੁਤ
੩ ਮਨਮਹਿਕ੍ਰੋਧੁਮਹਾ
੩ ਸਿਮਰਤਿਨਾਮੁਕਿਲ
ਬਾਣੀਭਗਤਾਕੀ ਪਤਿ
ਸਲੋਕਸਹਸਕ੍ਰਿਤੀਮਃ੧ ਪਤਿ
ਸਲੋਕਸਹਸਕ੍ਰਿਤੀਮਃ੫ ਪਤਿ
ਗਥਾਮਹਲਾ ੫ ਪਤਿ
ਫੁਨਹੇਮਹਲਾ ੫ ਪਤਿ
ਚਉਬੋਲਮਹਲਾ ੫ ਪਤਿ
ਸਲੋਕਭਗਤਕਬੀਰਜੀ ਪਤਿ
ਸਲੋਕਸੇਖਫਰੀਦਜੀਕਪਤਿ
ਸਵਯੇਸ੍ਰੀਮੁਖਵਾਕ੍ਯਮਹਲਾ ੫ ਪਤਿ
ਸਵਯੇਕਲਕੇਤਥਾਭਟਾਹੋਰਨਾਕੇ ਪਤਿ
ਸਲੋਕਵਾਰਾਤੇਵਧੀਕਮਹਲਾ ੧ ਪਤਿ
ਸਲੋਕਮਹਲਾ ੩ ਪਤਿ


ਸਲੋਕਮਹਲਾ ੪ ਪਤਿ
ਸਲੋਕਮਹਲਾ ੫ ਪਤਿ
ਸਲੋਕਮਹਲਾ ੯ ਪਤਿ
ਮੁੰਦਾਵਣੀਮਃ੫ ਪਤਿ
ਸਲੋਕਮਹਲਾ ੧ ਪਤਿ
ਜਿਤੁਦਰਿਲਖਮਹੰਮਦਾ
ਸਲੋਕਮਹਲਾ ੧ ਬਾਲੇਆਤਸਿ
ਰਤਨਮਾਲਾਮਃ੧
ਪਤਿ
ਹਕੀਕਤਿਰਾਹਮੁਕਾਮਰਾਜੇ

ਇਹ ਚਿਤ੍ਰ ਭਾਈ ਬੰਨੋ ਦੀ ਸ਼ਾਖ ਦੀ ਬੀੜ ਦਾ ਹੈ, ਜਿਸ ਵਿੱਚ ਮੁੰਦਾਵਣੀ ਪਿਛੋਂ ਵਾਧੂ ਬਾਣੀਆਂ ਤਾ ਲਿਖੀਆਂ ਹੋਈਆਂ ਹਨ, ਪਰ ਰਾਗਮਾਲਾ ਨਹੀਂ।



www.AKJ.Org

# ਭਾਈ ਬੰਨੋ ਦੀ ਸ਼ਾਖ ਦੀ ਇੱਕ ਹੋਰ ਬੀੜ



੧ੳ ਸਤਿਨਾਮੁ ਕਰਤਾਪੁਰਖੁ ਨਿਰਭਉ
ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ
ਗੁਰਪ੍ਰਸਾਦਿ
ਸ੍ਰੀ ਪੋਥੀ ਕਾ ਤਤਕਰਾ ਰਾਗਾਂ ਕਾ
੨੭ ਜੈਤੀ ਜੋਤਿ ਸਮਾਵਣੇ ਕਾ ਚਲਿਤ੍ਰ
ਸਮਤੁ ੧੭੪੧
ਨੀਸਾਣੁ ਸ੍ਰੀ ਗੁਰੂ ਜੀ ਕੇ ਦਸਤਖਤ
ਸੰ. ੧੦ ਪਤ੍ਰੀ ੨੭
੨੭ ਜਪੁ ਗੁਰੂ ਰਾਮਦਾਸ ਜੀਉ ਕੇ ਨਕਲ ਕਾ
ਨਕਲ ਜਿਸ ਕਾ ਨਕਲ
੩੦ ਸੋ ਦਰੁ ਪੰਚ ਸਬਦ
੩੧ ਸੋ ਪੁਰਖੁ ਚਾਰਿ ਸਬਦ
੩੨ ਸੋਹਿਲਾ ਆਰਤੀ ਪੰਚ ਸਬਦ
੩੩ ਸਿਰੀਰਾਗੁ
੭੨ ਮਾਝ
੯੯ ਗਉੜੀ
[illegible] ਆਸਾ
੨੫੬ ਗੂਜਰੀ
੨੭੧ ਦੇਵਗੰਧਾਰੀ
੨੭੫ ਬਿਹਾਗੜਾ
੨੮੨ ਵਡਹੰਸੁ
੨੯੯ ਸੋਰਠਿ
੩੩੬ ਧਨਾਸਰੀ
੩੪੧ ਜੈਤਸਰੀ
੩੪੭ ਟੋਡੀ
੩੫੦ ਬੈਰਾੜੀ
੩੫੧ ਤਿਲੰਗ
੩੫੪ ਸੂਹੀ
੩੮੧ ਬਿਲਾਵਲੁ
੪੦੮ ਗੋਂਡ
੪੧੪ ਰਾਮਕਲੀ
੪੫੬ ਨਟਨਾਰਾਇਨ
੪੫੯ ਮਾਲੀਗਉੜਾ
੫੦੮ ਮਾਰੂ
੫੧੨ ਤੁਖਾਰੀ
੫੧੩ ਕੇਦਾਰਾ
੫੧੫ ਭੈਰਉ
੫੩੩ ਬਸੰਤ ਹਿੰਡੋਲੁ
੫੪੫ ਸਾਰਗ
੫੬੮ ਮਲਾਰ
੫੮੫ ਕਾਨੜਾ
੫੯੫ ਕਲਿਆਨ
੫੯੯ ਪ੍ਰਭਾਤੀ ਬਿਭਾਸ
੬੦੮ ਜੈਜਾਵੰਤੀ
੬੦੮ ਸਲੋਕ ਸਹਸਕ੍ਰਿਤੀ
੬੧੧ ਗਾਥਾ
੬੧੧ ਫੁਨਹੇ
੬੧੨ ਚਉਬੋਲੇ
੬੧੨ ਸਲੋਕ ਭਗਤ ਕਬੀਰ ਜੀਉ ਕੇ
੬੧੮ ਸਲੋਕ ਸੇਖ ਫਰੀਦ ਜੀਉ ਕੇ
੬੨੧ ਸਵੈਯੇ ਸ੍ਰੀ ਮੁਖਬਾਕ੍ਯ
੬੨੨ ਸਵੈਯੇ ਕਲਬੋਲ ਭਟਾਂ ਕੇ
੬੨੦ ਸਲੋਕ ਵਾਰਾਂ ਤੇ ਵਧੀਕ
੬੨੬ ਸਲੋਕ ਮ: ੯
੬੨੮ ਸਲੋਕ ਮਹਲਾ ੧
੬੨੮ ਸਲੋਕ ਗੋਸਟਿ ਮਲਾਰ ਨਾਲਿ ਹੋਈ

ਇਹ ਚਿਤਰ ਭਾਈ ਬਨੋ ਕੀ ਬੀੜ ਦੀ ਸ਼ਾਖ ਵਾਲੀ ਇਕ ਬੀੜ ਦੇ ਤਤਕਰੇ ਦਾ ਹੈ ਜਿਸ ਦੀ ਸਮਾਪਤੀ ਸਲੋਕ ਗੋਸ਼ਟਿ ਮਲਾਰ ਨਾਲ ਹੋਈ ਉੱਤੇ ਹੈ ਅਤੇ ਰਾਗਮਾਲਾ ਨਹੀਂ ਹੈ।



www.AKJ.Org

# ਲਾਹੌਰੀ ਬੀੜ ਦੀਆਂ ਨਕਲਾਂ
## ਹਜ਼ੂਰ ਸਾਹਿਬ ਵਾਲੇ ਬੜੇ ਬਾਬਾ ਜੀ




ਇਹ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਾਲੇ ਬੜੇ ਬਾਬਾ ਜੀ ਹਨ। ਸਲੋਕ ਵਾਰਾਂ ਤੇ ਵਧੀਕ ਤੋਂ ਬਾਅਦ ਮੁੰਦਾਵਣੀ ਲਿਖੀ ਹੈ ਅਤੇ ਸਮਾਪਤੀ ਕਬੀਰ ਤੋਂ ਬਾਅਦ ਸ਼ੇਖ਼ ਫ਼ਰੀਦ ਜੀ ਦੇ ਸਲੋਕਾਂ ਤੇ ਕੀਤੀ ਹੈ।



www.AKJ.Org

# ਹਜ਼ੂਰ ਸਾਹਿਬ ਵਾਲੇ ਬੜੇ ਬਾਬਾ ਜੀ



ਪੁਰਾਤਨ ਬੀੜ ਸੱਚਖੰਡ ਸ੍ਰੀ ਹਜ਼ੂਰ ਸਾਹਿਬ : ਇਸ ਬੀੜ ਦੀ ਸਮਾਪਤੀ ਫ਼ਰੀਦ ਜੀ ਦੇ ਸਲੋਕਾਂ ਉੱਤੇ ਹੈ ਅਤੇ ਰਾਗਮਾਲਾ ਆਦਿਕ ਵਾਧੂ ਬਾਣੀ ਕੋਈ ਨਹੀਂ ਹੈ। ਇਸ ਬੀੜ ਨੂੰ ਵੀ ਬੜੇ ਬਾਬਾ ਜੀ ਮੰਨਿਆ ਜਾਂਦਾ ਹੈ।



www.AKJ.Org

# ਪਟਨਾ ਸਾਹਿਬ ਵਾਲੀ ਇੱਕ ਹੋਰ ਬੀੜ




ਬੀੜ ਪਟਨਾ ਸਾਹਿਬ : ਇਸ ਬੀੜ ਦੀ ਸਮਾਪਤੀ ਵੀ ਫ਼ਰੀਦ ਜੀ ਦੇ ਸਲੋਕਾਂ ਉੱਤੇ ਹੈ। ਵਾਰਾਂ ਤੇ ਵਧੀਕ ਸਲੋਕਾਂ ਦੇ ਨਾਲ ਹੀ "ਤੇਰਾ ਕੀਤਾ ਜਾਤੋ ਨਾਹੀ" ....ਵਾਲਾ ਸਲੋਕ ਲਿਖ ਕੇ ਮੁੰਦਾਵਣੀ ਲਿਖੀ ਹੈ। ਇਸ ਵਿੱਚ ਵੀ ਰਾਗਮਾਲਾ ਤੇ ਹੋਰ ਕੋਈ ਵਾਧੂ ਬਾਣੀ ਦਰਜ ਨਹੀਂ ਹੈ।



www.AKJ.Org

# ਪਟਨਾ ਸਾਹਿਬ ਵਾਲੀ ਬੀੜ (ਸੰਮਤ ੧੭੪੩)



ੴਸਤਿਗੁਰਪ੍ਰਸਾਦਿ
ਤਤਕਰਾਸੂਚੀਪਤ੍ਰਪੋਥੀਕਾ
ਸੰਬਤ੧੭੪੩ ਮਿਤੀਕਤਕ
ਵਦੀਪੰਚਮੀਆਗੇਰੋਵਿਰੋ


| | | | |
|---|---|---|---|
| ੩੯ | ਜਪੁ | ੧੫ | ਬਿਲਾਵਲੁ |
| ੪੪ | ਸੋਦਰੁਪੰਚਸਬਦਿ | ੧੬ | ਗੋਡ |
| ੪੬ | ਸੋਹਿਲਾਆਰਤੀ | ੧੭ | ਰਾਮਕਲੀ |
| ੧ | ਸਿਰੀਰਾਗੁ | ੧੮ | ਨਟ |
| ੨ | ਮਾਝ | ੧੯ | ਮਾਲੀਗਉੜਾ |
| ੩ | ਗਉੜੀ | ੨੦ | ਮਾਰੂ |
| ੪ | ਆਸਾ | ੨੧ | ਤੁਖਾਰੀ |
| ੫ | ਗੂਜਰੀ | ੨੨ | ਕੇਦਾਰਾ |
| ੬ | ਦੇਵਗੰਧਾਰੀ | ੨੩ | ਭੈਰਉ |
| ੭ | ਬਿਹਾਗੜਾ | ੨੪ | ਬਸੰਤੁ |
| ੮ | ਵਡਹੰਸੁ | ੨੫ | ਸਾਰੰਗ |
| ੯ | ਸੋਰਠਿ | ੨੬ | ਮਲਾਰ |
| ੧੦ | ਧਨਾਸਰੀ | ੨੭ | ਕਾਨੜਾ |
| ੧੧ | ਜੈਤਸਰੀ | ੨੮ | ਕਲਿਆਨ |
| ੧੨ | ਟੋਡੀ | ੨੯ | ਪ੍ਰਭਾਤੀ |
| ੧੨ | ਬੈਰਾੜੀ | ੩੦ | ਜੈਜਾਵੰਤੀ |
| ੧੩ | ਤਿਲੰਗ | ੧ | ਸਲੋਕਸਹਸਕ੍ਰਿਤੀ |
| ੧੪ | ਸੂਹੀ | ੨ | ਗਾਥਾ |
| | | ੩ | ਫੁਨਹੇ |
| | | ੪ | ਚਉਬੋਲੇ |
| | | ੫ | ਸਲੋਕਵਾਰਾਂਤੇਵਧੀਕ |
| | | ੬ | ਸਵਯੇਸ੍ਰੀਮੁਖਬਾਕ |
| | | ੭ | ਸਲੋਕਕਬੀਰਜੀਓਕੇ |

ਪਟਨਾ ਸਾਹਿਬ ਦੇ ਤੋਸ਼ੇਖਾਨੇ ਦੀ ਇਹ ਬੀੜ ਸੰਮਤ ੧੭੪੩ ਦੀ ਲਿਖੀ ਹੋਈ ਹੈ। ਇਸ ਦੀ ਸਮਾਪਤੀ ਫ਼ਰੀਦ ਜੀ ਦੇ ਸਲੋਕਾਂ ਤੇ ਹੁੰਦੀ ਹੈ ਅਤੇ ਰਾਗਮਾਲਾ ਆਦਿਕ ਕੋਈ ਵਾਧੂ ਬਾਣੀ ਦਰਜ ਨਹੀਂ। ਮੁੰਦਾਵਣੀ ਵਾਰਾਂ ਤੇ ਵਧੀਕ ਸਲੋਕਾਂ ਦੇ ਪਿੱਛੋਂ ਲਿਖੀ ਹੈ।



www.AKJ.Org

# ਪਟਨਾ ਸਾਹਿਬ ਵਾਲੀ ਬੀੜ




ਬੀੜ ਪਟਨਾ ਸਾਹਿਬ : ਇਸ ਬੀੜ ਦੇ ਚਿਤ੍ਰ ਤੋਂ ਸਪੱਸ਼ਟ ਹੈ ਕਿ "ਤੇਰਾ ਕੀਤਾ ਜਾਤੋ ਨਾਹੀ" ਵਾਲਾ ਸਲੋਕ ਵਾਰਾਂ ਤੇ ਵਧੀਕ ਸਲੋਕਾਂ ਦੇ ਨਾਲ ਹੀ ਲਿਖ ਕੇ, ਫਿਰ ਮੁੰਦਾਵਣੀ ਲਿਖੀ ਹੈ, ਇਸ ਦੀ ਸਮਾਪਤੀ ਭੱਟਾਂ ਦੇ ਸਵੱਈਆਂ ਉੱਤੇ ਹੈ ਅਤੇ ਰਾਗਮਾਲਾ ਆਦਿਕ ਵਾਧੂ ਬਾਣੀ ਕੋਈ ਨਹੀਂ ਹੈ।



www.AKJ.Org

# ਪਟਨਾ ਸਾਹਿਬ ਵਾਲੀ ਬੀੜ



ਰੁਰਜੋਤਿਅਰਜੁਨਮਾਹਿਧਰੀ॥੪॥ਜਗੁਅਉਰਨਯਾਹਿਮਹਾਤਮਮੈਅਵਤਾਰੁ
ਉਜਾਗਰੁਆਨਿਕੀਅਉ॥ਤਿਨਕੇਦੁਖਕੋਟਿਕਦੂਰਿਗਏਮਥੁਰਾਜਿਨਅੰਮ੍ਰਿਤ
ਨਾਮੁਪੀਅਉ॥ਇਹਪਧਤਿਤੇਮਤਚੂਕਹਿਰੇਮਨਭੇਦੁਬਿਭੇਦੁਨਜਾਨਿਬੀਅ
ਉ॥ਪਰਤਛਿਰਿਦੈਗੁਰਅਰਜੁਨਕੈਹਰਿਪੂਰਨਬ੍ਰਹਮਿਨਿਵਾਸੁਲੀਅਉ॥੫॥
ਜਬਲਉਨਹੀਭਾਗਲਿਲਾਰਉਦੈਤਬਲਉਭ੍ਰਮਤੇਫਿਰਤੇਬਹੁਧਾਯਉ॥
ਕਲਿਘੋਰਸਮੁਦ੍ਰਮੈਬੂਡਤਥੇਕਬਹੂਮਿਟਿਹੈਨਹੀਰੇਪਛੁਤਾਯਉ॥ਤਤੁਬਿ
ਚਾਰੁਯਹੈਮਥੁਰਾਜਗਤਾਰਨਕਉਅਵਤਾਰੁਬਨਾਯਉ॥ਜਪੵਉਜਿਨਿਅ
ਰਜਨਦੇਵਗੁਰੂਫਿਰਿਸੰਕਟਜੋਨਿਗਰਭਨਆਯਉ॥੬॥ਕਲਿਸਮੁਦ੍ਰਭਏਰੂ
ਪਪ੍ਰਗਟਿਹਰਿਨਾਮਉਧਾਰਨੁ॥ਬਸਹਿਸੰਤਜਿਸੁਰਿਦੈਦੁਖਦਾਰਿਦ੍ਰਨਿਵਾਰਨੁ॥
ਨਿਰਮਲਭੇਖਅਪਾਰਤਾਸੁਬਿਨੁਅਵਰੁਨਕੋਈ॥ਮਨਬਚਜਿਨਿਜਾਣਿਅਉ
ਭਯਉਤਿਹਸਮਸਰਿਸੋਈ॥ਧਰਨਿਗਗਨਨਵਖੰਡਮਹਿਜੋਤਿਸਰੂਪੀਰਹਿ
ਓਭਰਿ॥ਭਨਿਮਥੁਰਾਕਛੁਭੇਦੁਨਹੀਗੁਰੁਅਰਜੁਨੁਪਰਤਖਹਰਿ॥੭॥੧੯॥ਅਜੈ
ਗੰਗਜਲੁਅਟਲੁਸਿਖਸੰਗਤਿਸਭਨਾਵੈ॥ਨਿਤਪੁਰਾਣਬਾਚੀਅਹਿਬੇਦਬ੍ਰਹ
ਮਾਮੁਖਿਗਾਵੈ॥ਅਜੈਚਵਰੁਸਿਰਿਢੁਲੈਨਾਮੁਅੰਮ੍ਰਿਤੁਮੁਖਿਲੀਅਉ॥ਗੁਰਅ
ਰਜੁਨਸਿਰਿਛਤ੍ਰੁਆਪਿਪਰਮੇਸਰਿਦੀਅਉ॥ਮਿਲਿਨਾਨਕਅੰਗਦਅਮਰਗੁ
ਰਗੁਰਰਾਮਦਾਸੁਹਰਿਪਹਿਗਯਉ॥ਹਰਿਬੰਸਜਗਤਿਜਸੁਸੰਚਰਉਸੁਕਵਣੁਕ
ਹੈਸ੍ਰੀਗੁਰੁਮੁਯਉ॥੧॥ਦੇਵਪੁਰੀਮਹਿਗਯਉਆਪਿਪਰਮੇਸਰਭਾਯਉ॥ਹਰਿ
ਸਿੰਘਾਸਣੁਦੀਅਉਸ੍ਰੀਗੁਰੁਤਹਬੈਠਾਯਉ॥ਰਹਸੁਕੀਅਉਸੁਰਦੇਵਤੋਹਿਜਸੁ
ਜਯਜਯਜੰਪਹਿ॥ਅਸੁਰਗਏਤੇਭਾਗਿਪਾਪਤਿਨਭੀਤਰਿਕੰਪਹਿ॥ਕਾਟੇਸੁਪਾ
ਪਤਿਨਨਰਹੁਕੇਗੁਰੁਰਾਮਦਾਸਜਿਨਪਾਯਅਉ॥ਛਤ੍ਰਸਿੰਘਾਸਨੁਪਿਰਥਮੀਗੁਰ
ਅਰਜੁਨਕਉਦੇਆਇਅਉ॥੨॥੨॥੯॥੧੪੩॥


ਇਹ ਸਮਾਪਤੀ ਵਾਲਾ ਅੰਤਿਮ ਪੰਨਾ ਹੈ। "ਛਤ੍ਰ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥" ਉੱਤੇ ਸਮਾਪਤੀ ਹੈ।




www.AKJ.Org

# ਮੁੰਗੇਰ (ਬਿਹਾਰ) ਵਾਲੀ ਬੀੜ

(ੳ)



(ਅ)




ਇਸ ਬੀੜ ਦੇ ਦੋ ਚਿਤ੍ਰ ਹਨ- (ੳ) ਇਹ ਚਿਤ੍ਰ ਤਤਕਰੇ ਦਾ ਹੈ, ਜਿਸ ਵਿੱਚ ਵਾਰਾਂ ਤੇ ਵਧੀਕ ਸਲੋਕਾਂ ਤੋਂ ਬਾਅਦ ਮੁੰਦਾਵਣੀ ੬੦੭ ਪੰਨੇ ਤੇ ਹੈ ਅਤੇ ਸਮਾਪਤੀ ਭੱਟਾਂ ਦੇ ਸਵੱਈਆਂ ਉੱਤੇ ਹੈ। (ਅ) ਇਹ ਚਿਤ੍ਰ ਸਮਾਪਤੀ ਵਾਲੇ ਅੰਤਿਮ ਪਤ੍ਰੇ ਦਾ ਹੈ, ਜਿਸ ਵਿੱਚ ਸਮਾਪਤੀ "ਛਤ੍ਰ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥" ਉੱਤੇ ਹੁੰਦੀ ਹੈ। ਰਾਗਮਾਲਾ ਆਦਿਕ ਵਾਧੂ ਬਾਣੀ ਕੋਈ ਨਹੀਂ ਹੈ।



www.AKJ.Org

# ਮੁੰਗੇਰ (ਬਿਹਾਰ) ਵਾਲੀ ਬੀੜ

(ੳ)



(ਅ)



ਇਸ ਬੀੜ ਦੇ ਦੋ ਚਿਤ੍ਰ ਹਨ- (ੳ) ਇਹ ਚਿਤ੍ਰ ਤਤਕਰੇ ਦਾ ਹੈ। ਸਮਾਪਤੀ ਭੱਟਾਂ ਦੇ ਸਵੱਈਆਂ ਉੱਤੇ ਹੈ ਅਤੇ ਰਾਗਮਾਲਾ ਆਦਿਕ ਵਾਧੂ ਬਾਣੀ ਕੋਈ ਨਹੀਂ। ਮੁੰਦਾਵਣੀ ੬੯੬ ਪਤ੍ਰੇ ਉੱਤੇ ਹੈ।

(ਅ) ਇਹ ਨੌਵੇਂ ਪਾਤਸ਼ਾਹ ਜੀ ਦੇ ਨੀਸਾਣ ਹਨ।



www.AKJ.Org

# ਕਾਹਨਗੜ੍ਹ ਵਾਲੀ ਬੀੜ (ਸੰਮਤ ੧੭੧੮)




ਕਾਹਨਗੜ੍ਹ ਵਾਲੀ ਬੀੜ : ਇਹ ਚਿਤ੍ਰ ਤਤਕਰੇ ਦਾ ਹੈ। ਬੀੜ ਦੀ ਸਮਾਪਤੀ ਭੱਟਾਂ ਦੇ ਸਵੱਈਆਂ ਉੱਤੇ ਹੁੰਦੀ ਹੈ। ਅੰਤ ਵਿੱਚ ਜੋਤੀ-ਜੋਤ ਸਮਾਉਣ ਦੇ ਚਲਿਤ੍ਰ ਹਨ ਅਤੇ ਫਿਰ "ਬਸੰਤ ਕੀ ਵਾਰ" ਲਿਖੀ ਹੈ। ਰਾਗਮਾਲਾ ਆਦਿਕ ਵਾਧੂ ਬਾਣੀ ਕੋਈ ਨਹੀਂ ਹੈ। ਮੁੰਦਾਵਣੀ ਵਾਰਾਂ ਤੇ ਵਧੀਕ ਸਲੋਕਾਂ ਦੇ ਨਾਲ ਲਿਖੀ ਹੈ।



www.AKJ.Org

# ਇਕ ਹੋਰ ਹਥ ਲਿਖਤ ਬੀੜ



| ਪਤ | ਪ੍ਰਭਾਤੀ | |
|---|---|---|
| ੪੩੭ | ਨਿਵਲੀਕਰਮਭੁਇਅੰਗ | ੩ |
| ੪੩੭ | ਗੋਤਮੁਤਪਾਅਹਲਿਆ | ੪ |
| ੪੩੭ | ਆਖਣਾਸੁਨਣਾਨਾਮੁ | ੫ |
| ੪੩੭ | ਰਾਮਨਾਮੁਜਪਿਅੰਤਰਿ | ੬ |
| ੪੩੮ | ਇਕਿਧੁਰਿਬਖਸਿਲ | ੭ |
| | ਪ੍ਰਭਾਤੀਮਹਲਾ੩ | |
| ੪੩੮ | ਗੁਰਪਰਸਾਦੀਵੇਖੁਤੂ | ੧ |
| ੪੩੮ | ਭੈਭਾਇਜਾਗੇਸੇਜਨਾ | ੨ |
| | ਪ੍ਰਭਾਤੀਮਹਲਾ੫ | |
| ੪੩੮ | ਮਾਤਪਿਤਾਭਾਈਸੁਤ | ੧ |
| ੪੩੮ | ਮਨਮਹਿਕ੍ਰੋਧੁਮਹਾਅਹੰ | ੨ |
| ੪੩੮ | ਸਿਮਰਤਨਾਮੁਕਿਲਬਿ | ੩ |
| | ਬਾਣੀਭਗਤਕੀਪ[illegible] | |
| ੪੪੦ | ਸਲੋਕਸਹਸਕ੍ਰਿਤੀਮ:੫ | |
| ੪੪੨ | ਗਾਥਾਮਹਲਾ੫ | |
| ੪੪੩ | ਫੁਨਹੇਮਹਲਾ੫ | |
| ੪੪੩ | ਚਉਬੋਲੇਮਹਲਾ੫ | |
| ੪੪੪ | ਸਵਯੇਸ੍ਰੀਮੁਖਬਾਕ੍ਯਮ:੫ | |
| ੪੪੪ | ਸਵਯੇਸ੍ਰੀਮੁਖਬਾਕ੍ਯਮ:੫ | |
| | ਸਵਯੇਕਲਭਟਕੇਤਥੋ ਰਨਕੇਉਸਤਤਿ | |
| ੪੪੫ | ਸਵਯੇਮਹਲੇਪਹਲੇਕੇ | ਕਲਕੇ |
| ੪੪੫ | ਸਵਯੇਮਹਲੇਦੂਜੇਕੇ | ਕਲਕੇ |
| ੪੪੬ | ਸਵਯੇਮਹਲੇਤੀਜੇਕੇ | ਕਲਕੇ |
| ੪੪੭ | ਸਵਯੇਮਹਲੇਚਉਥੇਕੇ | ਕਲਕੇ |
| ੪੫੦ | ਸਵਯੇਮਹਲੇਪੰਜਵੇਕੇ | ਕਲਕੇ |


| | |
|---|---|
| ੪੫੧ | ਸਲੋਕਕਬੀਰਜੀਓਕੇ |
| ੪੫੫ | ਸਲੋਕਫਰੀਦਜੀਓਕੇ |
| | ਸਲੋਕਵਾਰਾਤੇਵਧੀਕ |
| ੪੫੭ | ਸਲੋਕਮਹਲਾ੧ |
| ੪੫੮ | ਸਲੋਕਮਹਲਾ੩ |
| ੪੬੦ | ਸਲੋਕਮਹਲਾ੪ |
| ੪੬੧ | ਸਲੋਕਮਹਲਾ੫ |
| ੪੬੧ | ਮੁੰਦਾਵਣੀਮਹਲਾ੫ |
| ੪੬੨ | ਚਲਿਤ੍ਰਜੋਤੀਜੋਤਿਸਮਾਵਣਕਾ |

ਇਕ ਹੋਰ ਹਥ ਲਿਖਤ ਬੀੜ ਦਾ ਤਤਕਰਾ ਭੋਗ ਮੁੰਦਾਵਣੀ ਮਹੱਲਾ ੫
ਪਿੱਛੋਂ ਚਲਿਤਰ ਜੋਤੀ ਜੋਤ ਸਮਾਵਣ ਕੇ



www.AKJ.Org

# ਮੁੰਗੇਰ (ਬਿਹਾਰ) ਵਾਲੀ ਬੀੜ




ਮੁੰਗੇਰ ਤੋਂ ਪ੍ਰਾਪਤ ਹੋਈ ਸੰਮਤ ੧੭੩੨ ਲਿਖਤ ਬੀੜ ਜਿਸ ਵਿੱਚ ਮਹੱਲਾ ੯ ਦੀ ਬਾਣੀ ਪਿੱਛੋਂ ਮੁੰਦਾਵਣੀ ਤੇ ਭੋਗ ਹੈ।



www.AKJ.Org

# ਸਿੱਖ ਰੈਫ਼ਰਿੰਸ ਲਾਇਬ੍ਰੇਰੀ ਵਾਲੀ ਇੱਕ ਹੋਰ ਬੀੜ




ਸੂਚੀਪਤ੍ਰਪੋਥੀਕਾਤਤਕਰਾਲਿਖਿਆਰਾਗਾਕਾਤਥਾਸਬਦਾ ੧ਓ ਸਤਿਗੁਰਪ੍ਰਸਾਦਿ ਕਾ

| | | | |
|---|---|---|---|
| ੧ | ਪਤ੍ਰਿਜਪੁਸ੍ਰੀਗੁਰੂਰਾਮਦਾਸਜੀਉਕਿਆਦਸ੍ਰਖਤਕਾਨਕਲੁ | | |
| ੫ | ਪਤ੍ਰਿਸੋਦਰੁਪੰਚਸਬਦ | ੪੪੧ | ਪਤ੍ਰਿਰਾਗੁਬਸੰਤੁ |
| ੫ | ਪਤ੍ਰਿਸੋਪੁਰਖੁਚਾਰਿਸਬਦ | ੪੫੧ | ਪਤ੍ਰਿਰਾਗੁਸਾਰੰਗ |
| ੬ | ਪਤ੍ਰਿਸੋਹਿਲਾਪੰਚਸਬਦ | ੪੭੧ | ਪਤ੍ਰਿਰਾਗੁਮਲਾਰ |
| ੭ | ਪਤ੍ਰਿਸਿਰੀਰਾਗੁ | ੪੮੬ | ਪਤ੍ਰਿਰਾਗੁਕਾਨੜਾ |
| ੪੧ | ਪਤ੍ਰਿਰਾਗੁਮਾਝ | ੪੯੫ | ਪਤ੍ਰਿਰਾਗੁਕਲਿਆਨ |
| ੬੪ | ਪਤ੍ਰਿਰਾਗੁਗਉੜੀ | ੪੯੮ | ਪਤ੍ਰਿਰਾਗੁਬਿਭਾਸਪ੍ਰਭਾਤੀ |
| ੧੩੬ | ਪਤ੍ਰਿਰਾਗੁਆਸਾ | ੫੦੭ | ਪਤ੍ਰਿਸਲੋਕਸਹਸਕ੍ਰਿਤੀਮ: ੫ |
| ੧੯੮ | ਪਤ੍ਰਿਰਾਗੁਗੂਜਰੀ | ੫੦੯ | ਪਤ੍ਰਿਗਾਥਾਮਹਲਾ ੫ |
| ੨੦੩ | ਪਤ੍ਰਿਰਾਗੁਦੇਵਗੰਧਾਰੀ | ੫੧੦ | ਪਤ੍ਰਿਫੁਨਹੇਮਹਲਾ ੫ |
| ੨੦੭ | ਪਤ੍ਰਿਰਾਗੁਬਿਹਾਗੜਾ | ੫੧੦ | ਪਤ੍ਰਿਚਉਬੋਲੇਮਹਲਾ ੫ |
| ੨੧੪ | ਪਤ੍ਰਿਰਾਗੁਵਡਹੰਸੁ | ੫੧੧ | ਪਤ੍ਰਿਸਲੋਕਕਬੀਰਜੀਉ |
| ੨੨੯ | ਪਤ੍ਰਿਰਾਗੁਸੋਰਠਿ | ੫੧੬ | ਪਤ੍ਰਿਸਲੋਕਫਰੀਦਜੀਉ |
| ੨੫੪ | ਪਤ੍ਰਿਰਾਗੁਧਨਾਸਰੀ | ੫੧੯ | ਪਤ੍ਰਿਸਵਯੇਸ੍ਰੀਮੁਖਬਾਕ੍ਯਮ: ੫ |
| ੨੬੭ | ਪਤ੍ਰਿਰਾਗੁਜੈਤਸਰੀ | ੫੨੦ | ਪਤ੍ਰਿਸਵਯੇਭਟਾਕੇ |
| ੨੭੩ | ਪਤ੍ਰਿਰਾਗੁਟੋਡੀ | ੫੨੮ | ਪਤ੍ਰਿਸਲੋਕਵਾਰਾਂਤੇਵਧੀਕ |
| ੨੭੬ | ਪਤ੍ਰਿਰਾਗੁਬੈਰਾੜੀ | ੫੩੩ | ਪਤ੍ਰਿਮੁੰਦਾਵਣੀਮ: ੫ |
| ੨੭੬ | ਪਤ੍ਰਿਰਾਗੁਤਿਲੰਗ | | |
| ੨੭੯ | ਪਤ੍ਰਿਰਾਗੁਸੂਹੀ | | |
| ੩੦੫ | ਪਤ੍ਰਿਰਾਗੁਬਿਲਾਵਲੁ | | |
| ੩੩੦ | ਪਤ੍ਰਿਰਾਗੁਗੋਂਡ | | |
| ੩੩੬ | ਪਤ੍ਰਿਰਾਗੁਰਾਮਕਲੀ | | |
| ੩੭੧ | ਪਤ੍ਰਿਰਾਗੁਨਟਨਾਰਾਇਣ | | |
| ੩੭੫ | ਪਤ੍ਰਿਰਾਗੁਮਾਲੀਗਉੜਾ | | |
| ੩੭੭ | ਪਤ੍ਰਿਰਾਗੁਮਾਰੂ | | |
| ੪੧੯ | ਪਤ੍ਰਿਰਾਗੁਤੁਖਾਰੀ | | |
| ੪੨੩ | ਪਤ੍ਰਿਰਾਗੁਕੇਦਾਰਾ | | |
| ੪੨੬ | ਪਤ੍ਰਿਰਾਗੁਭੈਰਉ | | |

ਇਕ ਹੋਰ ਮੱਹਤਵਪੂਰਣ ਬੀੜ ਦੇ ਤਤਕਰੇ ਦਾ ਚਿੱਤਰ ਜਿਸ ਵਿੱਚ ਭੋਗ ਮੁੰਦਾਵਣੀ ਮਹੱਲਾ ੫ ਉੱਤੇ ਹੈ।



www.AKJ.Org




| | | | | | |
|---|---|---|---|---|---|
| | | | | | ਸਬਦ |
| ੭੪੧ | ਸਲੋਕਭਗਤਕਬੀਰਜੀਕੇ | | | ੴਸਤਿਗੁਰਪ੍ਰਸਾਦਿ | |
| ੭੪੬ | ਸਲੋਕਸੇਖਫਰੀਦਜੀਕੇ | | | ਤਤਕਰਾਸਿਰੀਰਾਗਕਾਸਬਦਾ | |
| | | | | ਚਉਪਦੇਮਹਲਾ੧ ਪਤਿ | ੭ |
| ੭੫੧ | ਸਵਯੇਸ੍ਰੀਮੁਖਬਾਕ੍ਯਮ: | ੫ | ੭ | ਮੋਤੀਤਮੰਦਰਊਸਰਹਿ | ੧ |
| ੭੫੨ | ਸਵਯੇਸ੍ਰੀਮੁਖਬਾਕ੍ਯਮ: | ੫ | ੭ | ਕੋਟਿਕੋਟੀਮੇਰੀਆਰਜਾ | ੨ |
| ੭੫੩ | ਸਵਯੇਏਕਸਭਟਕੇ | | ੭ | ਲੇਖੈਬੋਲਣੁਬੋਲਣ | ੩ |
| | ਸਵਯੇਮਹਲੇਪਹਲੇਕੇ | | ੭ | ਲਬੁਕੁਤਾਕੂੜੁਚੂਹੜਾ | ੪ |
| ੭੫੪ | ਸਵਯੇਮਹਲੇਦੂਜੇਕੇ | | ੧੦ | ਅਮਲੁਗਲੋਲਾਕੂੜਕਾ | ੫ |
| ੭੫੫ | ਸਵਯੇਮਹਲੇਤੀਜੇਕੇ | | ੧੦ | ਜਾਲਿਮੋਹੁਘਸਿਮਸੁਕਰਿ | ੬ |
| ੭੫੬ | ਸਵਯੇਮਹਲੇਚਉਥੇਕੇ | | ੧੦ | ਸਭਿਰਸਮਿਠੇਮੰਨਿਐ | ੭ |
| ੭੬੨ | ਸਵਯੇਮਹਲੇਪੰਜਵੇਕੇ | | ੧੦ | ਕੁੰਗੂਕੀਕਾਂਇਆਰਤਨਕੀ | ੮ |
| | | | ੧੦ | ਗੁਣਵੰਤੀਗੁਣਵੀਥਰੈ | ੯ |
| ੭੬੩ | ਸਲੋਕਵਾਰਾਂਤੇਵਧੀਕ | | ੧੧ | ਆਵਹੁਭੈਣੇਗਲਿਮਿਲਹ | ੧੦ |
| | ਸਲੋਕਮਹਲਾ | ੧ | ੧੧ | ਭਲੀਸਰੀਜਿਊਬਰੀ | ੧੧ |
| ੭੬੫ | ਸਲੋਕਮਹਲਾ | ੩ | ੧੧ | ਧਾਤੁਮਿਲੈਫੁਨਿਧਾਤੁਕਉ | ੧੨ |
| ੭੬੬ | ਸਲੋਕਮਹਲਾ | ੪ | ੧੧ | ਧ੍ਰਿਗੁਜੀਵਣੁਦੋਹਾਗਣੀ | ੧੩ |
| ੭੭੦ | ਸਲੋਕਮਹਲਾ | ੫ | ੧੨ | ਸੁੰਞੀਦੇਹਡਰਾਵਣੀ | |
| ੭੭੧ | ਮੁੰਦਾਵਣੀਮਹਲਾ | ੫ | ੧੨ | ਤਨੁਜਲਿਬਲਿਮਾਟੀ | ੧੫ |
| | | | ੧੨ | ਨਾਨਕਬੇੜੀਸਚਕੀ | ੧੬ |
| | ਚਲਿਤ੍ਰਜੋਤੀਜੋਤਿਸਮਾਵਣ | | ੧੨ | ਸੁਣਿਮਨਮਿਤ੍ਰਪਿਆਰਿਆ | ੧੭ |
| | ਕਾ | | ੧੩ | ਮਰਣੈਕੀਚਿੰਤਾਨਹੀ | ੧੮ |

ਪਟਨਾ ਸਾਹਿਬ ਵਾਲੀ ਇਕ ਬੀੜ ਦੇ ਤਤਕਰੇ ਦਾ ਚਿਤਰ ਜਿਸ ਵਿਚ ਸਲੋਕ ਵਾਰਾਂ ਤੇ ਵਧੀਕ ਮ: ੫ ਪਿੱਛੋਂ ਮੁੰਦਾਵਣੀ ਮ:੫ ਅਤੇ ਚਲਿਤਰ ਜੋਤੀ ਜੋਤ ਸਮਾਵਣ ਕੇ ਹੈ।



www.AKJ.Org

## ਪਟਨਾ ਸਾਹਿਬ ਵਾਲੀ ਇੱਕ ਹੋਰ ਬੀੜ



ਸੂਚੀਪਤ੍ਰਪੋਥੀਕਾਤਤਕਰਾ

ਪਤਿ ੧੨ ਜਪੁ
ਪਤਿ ੩੨ ਸੋਦਰੁ ਪੰਚ ਸਬਦ
ਪਤਿ ੪੧ ਸੋ ਪੁਰਖੁ ਪੰਚ ਸਬਦ
ਪਤਿ ੪੩ ਸੋਹਿਲਾ ਪੰਚ ਸਬਦ
ਪਤਿ ੪੪ ਸਿਰੀਰਾਗੁ
ਪਤਿ ੧੦੬ ਮਾਝ
ਪਤਿ ੧੪੬ ਗਉੜੀ
ਪਤਿ ੨੮੦ ਆਸਾ
ਪਤਿ ੩੮੦ ਗੂਜਰੀ
ਪਤਿ ੪੦੮ ਦੇਵਗੰਧਾਰੀ
ਪਤਿ ੪੧੫ ਬਿਹਾਗੜਾ
ਪਤਿ ੪੩੦ ਵਡਹੰਸੁ
ਪਤਿ ੪੫੮ ਸੋਰਠਿ
ਪਤਿ ੫੦੭ ਧਨਾਸਰੀ
ਪਤਿ ੫੩੩ ਜੈਤਸਰੀ
ਪਤਿ ੫੪੪ ਜੈਜਾਵੰਤੀ
ਪਤਿ ੫੪੫ ਟੋਡੀ

ਪਤਿ ੫੫੧ ਬੈਰਾੜੀ
ਪਤਿ ੫੫੩ ਤਿਲੰਗ
ਪਤਿ ੫੫੮ ਸੂਹੀ
ਪਤਿ ੬੧੦ ਬਿਲਾਵਲ
ਪਤਿ ੬੫੮ ਗੋਂਡ
ਪਤਿ ੬੭੨ ਰਾਮਕਲੀ
ਪਤਿ ੭੪੮ ਨਟ ਨਾਰਾਇਣ
ਪਤਿ ੭੫੫ ਮਾਲੀਗਉੜਾ
ਪਤਿ ੭੫੮ ਮਾਰੂ
ਪਤਿ ੮੨੯ ਤੁਖਾਰੀ
ਪਤਿ ੮੩੬ ਕੇਦਾਰਾ
ਪਤਿ ੮੪੧ ਭੈਰਉ
ਪਤਿ ੮੬੫ ਬਸੰਤੁ
ਪਤਿ ੮੮੧ ਸਾਰੰਗ
ਪਤਿ ੯੧੫ ਮਲਾਰ
ਪਤਿ ੯੪੩ ਕਾਨੜਾ
ਪਤਿ ੯੬੧ ਕਲਿਆਨ

ਪਤਿ ੯੬੬ ਬਿਭਾਸ
ਪਤਿ ੯੮੦ ਸਲੋਕ ਸਹਸਕ੍ਰਿਤੀ
ਪਤਿ ੯੮੫ ਗਾਥਾ ਮਹਲਾ ੫
ਪਤਿ ੯੮੬ ਫੁਨਹੇ
ਪਤਿ ੯੮੭ ਚਉਬੋਲੇ
ਪਤਿ ੯੮੮ ਸਲੋਕ ਵਾਰਾਂ ਤੇ ਵਧੀਕ
ਪਤਿ ੯੯੫ ਮੁੰਦਾਵਣੀ
ਪਤਿ ੯੯੬ ਸਲੋਕ ਸ੍ਰੀ ਕਬੀਰ ਜੀ ਕੇ
ਪਤਿ ੧੦੦੭ ਸਲੋਕ ਸੇਖ ਫਰੀਦ ਕੇ
ਪਤਿ ੧੦੧੩ ਸਵਯੇ ਸ੍ਰੀ ਮੁਖਵਾਕ
ਪਤਿ ੧੦੧੫ ਸਵਯੇ ਭਟਾਂ ਕੇ

ਇਸ ਬੀੜ ਦੀ ਸਮਾਪਤੀ ਭੱਟਾਂ ਦੇ ਸਵੱਈਆਂ ਉੱਤੇ ਹੈ ਅਤੇ ਰਾਗਮਾਲਾ ਆਦਿਕ ਵਾਧੂ ਬਾਣੀ ਕੋਈ ਨਹੀਂ। ਮੁੰਦਾਵਣੀ 'ਵਾਰਾਂ ਤੇ ਵਧੀਕ' ਸਲੋਕਾਂ ਤੋਂ ਬਾਅਦ ਲਿਖੀ ਹੈ।



www.AKJ.Org

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਅਪ੍ਰਸੰਗਕ ਵਰਤੋਂ

ੴ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਅਕਾਲ ਜੀ ਸਹਾਇ

**ਹੁਕਮਨਾਮਾ**

ਵੱਲੋਂ

**ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ।**

ਪੰਚ ਖਾਲਸਾ ਦੀਵਾਨ (ਪੰਚ ਖੰਡ) ਭਸੌੜ ਨੇ ਗੁਰਮੁਖੀ ਕੋਰਸ ਨਾਮੇ ਪੁਸਤਕਾਂ ਛਾਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ ਬਦਲੀ ਤੇ ਵਾਧਾ ਘਾਟਾ ਕਰਕੇ ਗੁਰਬਾਣੀ ਤੇ ਉਸ ਦੇ ਕ੍ਰਮ ਨੂੰ ਭੰਗ ਕੀਤਾ ਹੈ ਅਤੇ ਗੁਰ ਮੰਤ੍ਰ ਅਰਦਾਸੇ ਤੇ ਅੰਮ੍ਰਿਤ ਮਿਲਾਉਣ ਵਿਚ ਅਦਲਾ ਬਦਲੀ ਕਰਨ ਦੀਆਂ ਗੁਰਮਤਿ ਵਿਰੁੱਧ ਕਾਰਵਾਈਆਂ ਕੀਤੀਆਂ ਹਨ।

ਇਸ ਲਈ ਬਾਬੂ ਤੇਜਾ ਸਿੰਘ ਤੇ ਬੀਬੀ ਨਿਰੰਜਨ ਕੌਰ ਨੂੰ ਪੰਥ ਵਿਚੋਂ ਖਾਰਜ ਕੀਤਾ ਜਾਂਦਾ ਹੈ ਅਤੇ ਪੰਚ ਖਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਗੁਰਦੁਆਰੇ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਜਾਂਦਾ ਹੈ।

ਕੋਈ ਸਿਖ ਪੰਚ ਖਾਲਸਾ ਦੀਵਾਨ ਵਲੋਂ ਛਪੇ ਗੁਰਮੁਖੀ ਕੋਰਸਾਂ ਨੂੰ ਨਾ ਖਰੀਦੇ, ਨਾ ਆਪਣੇ ਪਾਸ ਰੱਖੇ, ਇਹ ਪੁਸਤਕਾਂ ਪੰਚ ਖਾਲਸਾ ਦੀਵਾਨ ਯਾ ਹੋਰ ਜਿਸ ਕਿਸੇ ਪਾਸ ਹੋਣ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਘੱਲ ਦੇਣ।

੨੬ ਸਾਵਣ ਸੰ: ਨਾਨਕਸ਼ਾਹੀ ੪੫੯

,, ,, ,, ਬਿਕ੍ਰਮੀ ੧੯੮੫

੯ ਅਗਸਤ ਸੰ: ਈਸਵੀ ੧੯੨੮

ਮੋਹਰ ਸ੍ਰੀ ਅਕਾਲ ਤਖ਼ਤ ਸਾਹਿਬ।

ਉਪਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਇੱਕ ਹੁਕਮਨਾਮਾ ਦਿੱਤਾ ਜਾ ਰਿਹਾ ਹੈ। ਇਸ ਹੁਕਮਨਾਮੇ ਦਾ ਸਿੱਧਾ ਸੰਬੰਧ ਭਸੌੜ ਦੇ 'ਪੰਚ ਖਾਲਸਾ ਦੀਵਾਨ' ਨਾਲ ਹੈ। ਜਦੋਂ ਇਸ ਦੇ



www.AKJ.Org

ਮੁਖੀ ਬਾਬੂ ਤੇਜਾ ਸਿੰਘ ਨੂੰ ਪੰਥ ਵਿੱਚੋਂ ਖ਼ਾਰਜ ਕਰਨ ਦਾ ਫੈਸਲਾ ਕੀਤਾ ਗਿਆ ਸੀ ਉਦੋਂ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦੇ ਵਰਕਿੰਗ ਪ੍ਰਧਾਨ ਅਤੇ ਗਿਆਨੀ ਸ਼ੇਰ ਸਿੰਘ ਜੀ ਧਾਰਮਿਕ ਇੰਚਾਰਜ ਸਨ। ਇਹ ਗੱਲਾਂ ੧੯੨੭-੨੮ ਸੰਨ ਦੀਆਂ ਹਨ, ਉਦੋਂ ਗੁਰਦੁਆਰਾ ਐਕਟ ਉੱਤੇ ਵਿਧੀ ਮੁਤਾਬਕ ਅਮਲ ਹੋ ਰਿਹਾ ਸੀ। ਬਾਬੂ ਜੀ ਨੇ ਗੁਰਬਾਣੀ, ਗੁਰਮੰਤਰ ਆਦਿ ਭੰਗ ਕਰਨ ਲਈ ਜੋ ਅਪਰਾਧ ਕੀਤਾ ਸੀ, ਉਸਦੇ ਗਿਆਨੀ ਸ਼ੇਰ ਸਿੰਘ ਵਿਰੋਧੀ ਸਨ ਪਰ, ਉਸ ਤੋਂ ਵੱਧ ਵਿਰੋਧੀ ਪੰਡਤ ਕਰਤਾਰ ਸਿੰਘ ਜੀ 'ਦਾਖਾ' ਸਨ, ਜਿਨ੍ਹਾਂ ਨੇ ਇਸ ਕੁਕਰਮ ਦੇ ਵਿਰੁਧ ਜ਼ਬਰਦਸਤ ਤਕਰੀਰਾਂ ਕੀਤੀਆਂ।

ਬਾਬੂ ਤੇਜਾ ਸਿੰਘ ਜੀ ਨੇ ਭਗਤਬਾਣੀ ਸਾਰੀ, ਭੱਟਾਂ ਦੀ ਬਾਣੀ ਤੇ ਸੱਦ ਰਾਮਕਲੀ, ਨੂੰ ਬੀੜ ਦਾ ਭਾਗ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਗੁਰਮੰਤਰ "ਵਾਹਿਗੁਰੂ" ਦੀ ਥਾਂ "ਵਾਹੁਗੁਰ" ਪ੍ਰਚਾਰਨਾ ਸ਼ੁਰੂ ਕੀਤਾ ਅਤੇ ਅਰਦਾਸ ਵਿੱਚ ਬਦਲੀ ਕੀਤੀ। 'ਗੁਰਮੁਖੀ ਕੋਰਸਾਂ' ਦੇ ਨਾਮ ਹੇਠ ਸੰਨ ੧੯੨੭ ਵਿੱਚ ਵੱਖਰੀਆਂ ਪੋਥੀਆਂ ਛਾਪੀਆਂ। ਇਨ੍ਹਾਂ ਮਸਲਿਆਂ ਉੱਤੇ ਸਿੱਖਾਂ ਵਿੱਚ ਗਰਮਾ-ਗਰਮ ਚਰਚਾ ਹੋਈ। ਇਨ੍ਹਾਂ ਮਨਮੱਤਾਂ ਦਾ ਉੱਤਰ ਨਾ ਦੇਣਾ ਸਿੱਖੀ ਦਾ "ਸ਼ੀਰਾਜ਼ਾ" ਬਖੇਰਨ ਦੀ ਖੁੱਲ੍ਹ ਦੇਣੀ ਸੀ।

ਇਸ ਮਸਲੇ ਨੂੰ ਸ਼੍ਰੋਮਣੀ ਕਮੇਟੀ ਕਿਵੇਂ ਹੱਥ ਵਿੱਚ ਲਵੇ ਤੇ ਨਜਿੱਠੇ? ਕਿਉਂਕਿ, ਉਸ ਵੇਲੇ ਸਿੱਖਾਂ ਦੀ ਇਹੋ ਇੱਕ ਸੰਸਥਾ ਪ੍ਰਤੀਨਿਧ ਤੇ ਕਾਨੂੰਨੀ ਪੱਧਰ ਦੀ ਸੀ। ਇਸ ਲਈ ਗਿਆਨੀ ਨਾਹਰ ਸਿੰਘ ਗੁੱਜਰਵਾਲ ਵਾਲਿਆਂ ਨੇ ਬਾਬੂ ਤੇਜਾ ਸਿੰਘ ਤੇ ਉਨ੍ਹਾਂ ਦੇ ਸਾਥੀ ਕੁਰੀਤੀ ਕਰਨ ਵਾਲਿਆਂ ਨੂੰ ਵੰਗਾਰਨ ਲਈ ਇੱਕ "ਦੁਸ਼ਟ ਦਮਨ" ਸਪਤਾਹਿਕ ਪਰਚਾ ਕੱਢਿਆ ਤੇ ਵਿਰੋਧੀ ਦਲ ਬਣਾਇਆ। ਭਾਈ ਸਾਹਿਬ ਰਣਧੀਰ ਸਿੰਘ ਜੀ ਉਸ ਵੇਲੇ ਜੇਲ੍ਹ ਵਿੱਚ ਸਨ। ਉਨ੍ਹਾਂ ਦੀ ਜੇਲ੍ਹ ਵਿੱਚ ਲਿਖੀ ਪੁਸਤਕ "ਜੋਤ ਵਿਗਾਸ" ਵਿੱਚ ਬਾਬੂ ਤੇਜਾ ਸਿੰਘ ਦੀ ਇਸ ਕੂੜ ਮੱਤ ਬਾਰੇ ਲਿਖਿਆ ਹੋਇਆ ਮਿਲਦਾ ਹੈ:-

***"ਕੁਫ਼ਰ ਗਰਦੀਆਂ ਦਾ ਜੁਗ ਛਿੜਨ ਲੱਗਾ, ਫਿਰਿਆ ਮਗ਼ਜ਼ ਸਿੱਖਾਂ ਸ਼ਰਧੜੋਲਿਆਂ ਦਾ।***
***ਸ੍ਰੀ ਗੁਰੂ ਗ੍ਰੰਥ ਜੀ ਦੀ ਬੀੜ ਤੋੜੀ, ਘੋਰ ਅਪਰਾਧ ਕੀਤਾ ਬੇਅਦਬੋਲਿਆਂ ਦਾ।***
***ਬੀੜ ਤੋੜ ਬਾਣੀ ਅਦਲ ਬਦਲ ਕੀਤੀ, ਘੋਰ ਅਨ੍ਹੇਰ ਜੁਗ ਨੇਹੂ ਗਰਦੋਲਿਆਂ ਦਾ।***
***ਸ੍ਰੀ ਗੁਰੂ ਬੀੜ ਵਿੱਚੋਂ ਬਾਣੀ ਕੱਢਣੇ ਦਾ, ਹੀਆ ਪਿਆ ਕਿਵੇਂ ਮਨਮੁਖੋਲਿਆਂ ਦਾ।'***

ਗਿਆਨੀ ਨਾਹਰ ਸਿੰਘ ਜੀ ਜੋ ਉਸ ਵੇਲੇ "ਕੌਮੀ ਦਰਦ" ਦੇ ਸਹਾਇਕ ਐਡੀਟਰ ਸਨ ਨੂੰ ਭਾਈ ਸਾਹਿਬ ਜੀ ਨੇ ਜੇਲ੍ਹ ਵਿੱਚੋਂ ਹੀ ਕੁੱਝ ਕਰਨ ਲਈ ਪ੍ਰੇਰਿਆ। ਉਪਰੋਕਤ ਕਵਿਤਾ ਦੀਆਂ ਤੁਕਾਂ ਤੋਂ ਪ੍ਰਗਟ ਹੈ ਕਿ ਇਸ ਕਰਕੇ ਗਿਆਨੀ ਨਾਹਰ ਸਿੰਘ ਅਤੇ ਭਾਈ ਸਾਹਿਬ ਦੇ ਜਥੇ ਦੇ ਪੁਰਾਣੇ ਸਿੰਘਾਂ ਨੇ ਇਹ ਐਜੀਟੇਸ਼ਨ ਆਰੰਭੀ ਤੇ ਸਫਲਤਾ ਤੱਕ ਪਹੁੰਚਾਈ। ਇਸ ਮਸਲੇ ਨੂੰ ਤਰਤੀਬ ਦੇਣ ਵਾਲੇ ਸ. ਮਹਿੰਦਰ ਸਿੰਘ 'ਸਿੱਧਵਾਂ',ਜੋ ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਜਰਨਲ ਸੱਕਤਰ ਸਨ, ਹੈਡਮਾਸਟਰ ਧਰਮ ਸਿੰਘ ਫੱਲ੍ਹੇਵਾਲ, ਹੈਡਮਾਸਟਰ ਇਕਬਾਲ ਸਿੰਘ ਸੁਧਾਰ, ਸ੍ਰ: ਸੁੰਦਰ ਸਿੰਘ ਘੁਮਾਣ, ਸ੍ਰ: ਸੇਵਾ ਸਿੰਘ ਤੇ ਗਿਆਨੀ ਦਿਆਲ ਸਿੰਘ ਘੁੰਗਰਾਣਾ, ਜਥੇਦਾਰ ਸ਼ਾਮ ਸਿੰਘ ਮੁਕੰਦਪੁਰ (ਪ੍ਰਧਾਨ, ਅਕਾਲੀ ਜਥਾ ਲੁਧਿਆਣਾ) ਤੇ ਹੋਰ ਦਰਜਨਾਂ ਪੰਥ ਸੇਵਕਾਂ ਅਤੇ ਸਿੰਘ ਸਭਾਵਾਂ ਨੇ ਮਤੇ ਪਾਸ ਕਰਕੇ ਸ੍ਰੋਮਣੀ ਕਮੇਟੀ ਨੂੰ ਭਿਜਵਾਏ। ਇਸ ਮਸਲੇ



www.AKJ.Org

ਤੇ ਚਾਨਣਾ ਪਾਉਣ ਲਈ ਕਈ ਦੀਵਾਨ ਭੀ ਕੀਤੇ ਤੇ ਕਰਾਏ।

ਨਵੀਂ-ਨਵੀਂ ਨਿਯੁਕਤ ਹੋਈ ਸ਼੍ਰੋਮਣੀ ਕਮੇਟੀ ਦਾ ਉਸ ਵੇਲੇ ਧਾਰਮਕ ਚਰਿੱਤਰ ਬਲਵਾਨ ਸੀ। ਧਾਰਮਿਕ ਰਹੁ-ਰੀਤ ਦਾ ਕਾਰਜ ਵਿਦਵਾਨਾਂ ਤੇ ਸਲਾਹਕਾਰਾਂ ਦੀਆਂ ਰਾਵਾਂ ਮੁਤਾਬਕ ਚਲਦਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਰਹੁ-ਰੀਤ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਦੀਆਂ ਵਾਰੋ-ਵਾਰੀ ਤਿੰਨ ਮੀਟਿੰਗਾਂ ਹੋਈਆਂ। ਪਰ, ਬਾਬੂ ਤੇਜਾ ਸਿੰਘ ਤਿੰਨੇ ਹੀ ਮੀਟਿੰਗਾਂ ਵਿੱਚ ਹਾਜ਼ਰ ਨਾ ਹੋਏ।

ਇਸ ਮੀਟਿੰਗ ਵਿੱਚ ਪ੍ਰੋਫੈਸਰ ਤੇਜਾ ਸਿੰਘ ਨੇ ਕਿਹਾ: *"ਭਸੌੜ ਵਾਲੇ ਆਪਣੇ ਆਪ ਨੂੰ ਹੀ ਪੰਥ ਸਮਝਦੇ ਹਨ ਤੇ ਕੁੱਝ ਨਾ ਕੁੱਝ ਨਵਾਂ ਕਰਦੇ ਹੀ ਰਹਿੰਦੇ ਹਨ।"*

ਮੀਟਿੰਗ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕਰਨ ਦਾ ਫੈਸਲਾ ਹੋਇਆ। ਇਹ ਵੀ ਪਾਸ ਹੋਇਆ ਕਿ ਧਾਰਮਕ ਸਲਾਹਕਾਰ ਕਮੇਟੀ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਇਸ ਬਾਰੇ ਨੂੰ ਵਿਚਾਰ ਲਈ ਭੇਜੇ।

ਇਸ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਰਨਲ ਇਜਲਾਸ ਵੀ ਹੋਇਆ, ਜਿਸ ਵਿੱਚ ਸ: ਬਹਾਦਰ ਮਹਿਤਾਬ ਸਿੰਘ ਨੇ ਕਿਹਾ:-

*"ਹੁਕਮਨਾਮਾ ਬਹੁਤਾ ਕਰੜਾ ਹੈ।"*

ਜਿਸਦਾ ਗਿਆਨੀ ਸ਼ੇਰ ਸਿੰਘ ਜੀ ਨੇ ਸੰਖੇਪ ਪਰ ਮੁਦੱਲਲ ਉੱਤਰ ਦਿੱਤਾ ਅਤੇ ਗੁਰਮਤਾ ਸਰਬ-ਸੰਮਤੀ ਨਾਲ ਪਾਸ ਕੀਤਾ ਗਿਆ:-

*"ਹੁਕਮਨਾਮਾ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ,ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਭੇਜਿਆ ਗਿਆ ਕਿ ਸੰਗਤਾਂ ਵਿੱਚ ਇਹ ਹੁਕਮਨਾਮਾ ਪ੍ਰਗਟ ਕੀਤਾ ਜਾਵੇ।"*

ਇਸ ਤਰ੍ਹਾਂ ਲੰਮੀ ਜਦੋ-ਜਹਿਦ ਤੇ ਵੀਚਾਰ ਕਰਨ ਪਿੱਛੋਂ ਇਹ ਹੁਕਮਨਾਮਾ ਜਾਰੀ ਹੋਇਆ। ਮੀਟਿੰਗ ਦੀ ਕਾਰਵਾਈ "ਦੁਸ਼ਟ ਦਮਨ" ਅਖ਼ਬਾਰ ਅਤੇ "ਕੌਮੀ ਦਰਦ" ਵਿੱਚ ਨਾਲੋ-ਨਾਲ ਛਾਪੀ ਜਾਂਦੀ ਰਹੀ। ਅਸੀਂ ਆਪਣੀ ਪੁਸਤਕ "ਭਗਤ ਬਾਣੀ ਇਤਿਹਾਸ" ਪੰਨਾਂ ੫੮੨-੮੩ ਉੱਤੇ ਇਸ ਕਾਰਵਾਈ ਦੀ ਵੇਰਵੇ ਸਹਿਤ ਰੀਪੋਰਟ ਦਿੱਤੀ ਹੋਈ ਹੈ। ਹੁਕਮਨਾਮੇ ਦਾ ਪਿਛੋਕੜ ਇਸ ਲਈ ਦੇਣਾ ਜ਼ਰੂਰੀ ਹੋਇਆ ਕਿ ਵੱਡੇ-ਵੱਡੇ ਵਿਦਵਾਨ ਮੰਨੇ ਜਾਣ ਵਾਲੇ ਆਪਣੇ ਗ੍ਰੰਥਾਂ ਵਿੱਚ ਇਸ ਹੁਕਮਨਾਮੇ ਨੂੰ 'ਰਾਗਮਾਲਾ' ਨਾ ਪੜ੍ਹਨ ਵਾਲਿਆਂ ਨਾਲ ਜੋੜਕੇ ਪੰਥਕ ਫੈਸਲੇ ਦੀ ਕੁਵਰਤੋਂ ਕਰਦੇ ਅਤੇ ਮੰਨ ਮਾਨੀ ਭੂਮਿਕਾ ਬੰਨ੍ਹ ਕੇ ਛਾਪਦੇ ਰਹੇ ਹਨ। ਜਦ ਕਿ ਇਸ 'ਹੁਕਮਨਾਮੇ' ਨੂੰ ਜਾਰੀ ਕਰਾਉਣ ਦੀ ਜਿਨ੍ਹਾਂ ਨੇ ਜਦੋ-ਜਹਿਦ ਕੀਤੀ ਉਹ ਸਾਰੇ ਹੀ 'ਰਾਗਮਾਲਾ' ਵਿਰੋਧੀ ਸਨ ਤੇ ਜਿਨ੍ਹਾਂ ਨੇ ੧੯੧੭ ਦੀ ਬਹਿਸ ਵਿੱਚ ਵੀ ਭਰਪੂਰ ਹਿੱਸਾ ਲਿਆ ਸੀ। ਪਿੱਛੋਂ, ਧਾਰਮਕ ਸਲਾਹਕਾਰ ਕਮੇਟੀ ਬਣਾ ਕੇ **"ਸਿੱਖ ਰਹਿਤ ਮਰਯਾਦਾ"** ਦਾ ਖਰੜਾ ਭੀ ਤਿਆਰ ਕੀਤਾ ਅਤੇ 'ਰਾਗਮਾਲਾ' ਵਿਰੁੱਧ ਗਿਆਨੀ ਸ਼ੇਰ ਸਿੰਘ ਨੇ "ਰਾਗਮਾਲਾ ਦਰਪਨ", ਪੰਡਿਤ ਕਰਤਾਰ ਸਿੰਘ ਦਾਖਾ ਨੇ "ਸੂਚਨਾ ਨੰਬਰ ੧ ਤੇ ੨" ਪੁਸਤਕਾਂ ਭੀ ਰਚੀਆਂ ਜਿਸਦਾ ਸਿੱਟਾ ਸੀ- "ਭੋਗ ਮੁੰਦਾਵਣੀ ਉੱਤੇ ਪਾਉਣਾ"। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਪ੍ਰਬੰਧ ਹੇਠ ਆਉਣ ਸਮੇਂ ਤੋਂ ਹੀ 'ਰਾਗਮਾਲਾ' ਨਹੀਂ ਪੜ੍ਹੀ ਜਾਂਦੀ ਸੀ ਅਤੇ ਭੋਗ ਮੁੰਦਾਵਣੀ ਉੱਤੇ ਹੀ ਪਾਉਣ ਦੀ ਪਰੰਪਰਾ ਪਾਲੀ ਜਾਂਦੀ ਸੀ।



www.AKJ.Org

# ਰਾਗਮਾਲਾ ਅਤੇ ਕਾਮਕੰਦਲਾ ਦਾ ਸੰਖੇਪ ਪ੍ਰਸੰਗ

ਸਿੱਖਾਂ ਦਾ ਵਿਸ਼ਵਾਸ਼ ਹੈ ਕਿ ਗੁਰਬਾਣੀ ਦਾ ਲਗ, ਕੰਨਾ, ਸ਼ੁੱਧ ਰੂਪ ਵਿੱਚ ਲਿਖਿਆ-ਪੜ੍ਹਿਆ ਜਾਵੇ। ਰਾਗਮਾਲਾ ਵਿੱਚ ਜਿੱਥੇ ਰਾਗਾਂ ਦੇ ਨਾਮ ਦਿੱਤੇ ਹਨ, ਓਥੇ ਇਸ ਰਚਨਾ ਵਿੱਚ ਕੁੱਝ ਲਿਖਾਰੀਆਂ ਵੱਲੋਂ ਗਲਤੀਆਂ ਵੀ ਹੁੰਦੀਆਂ ਰਹੀਆਂ ਹਨ ਜਿਵੇਂ:-

| ੧ | ੨ | ੩ | ੪ | ੫ | ੬ |
|---|---|---|---|---|---|
| ਕਾਲਿੰਗ | ਕੁੰਤਲ ਆਉ | ਰਾਮਾ | ਕਮਲ | ਕੁਸਮ | ਚੰਪਕ ਕੇ ਨਾਮਾ। |
| ੭ | ੮ | ੯ | | | |
| ਗਉਰਾ ਔ | ਕਾਨਰਾ | ਕਲਿਆਨਾ ਅਸਟ ਪੁਤਰ ਦੀਪਕ ਕੇ ਜਾਨਾ। | | | |

ਜੇ ਇਨ੍ਹਾਂ ਪੁੱਤਰਾਂ ਦੀ ਗਿਣਤੀ ਕੀਤੀ ਜਾਵੇ ਤਾਂ ਇਹ ੯ ਬਣ ਜਾਂਦੇ ਹਨ। ਨੌਂ ਤੋਂ ਅੱਠ ਬਣਾਉਣ ਲਈ ਰਾਗਮਾਲਾ ਪੱਖੀ ਖੋਜੀ ਇਨ੍ਹਾਂ ਅੱਠਾਂ ਪੁੱਤਰਾਂ ਦੀ ਗਿਣਤੀ ਸਮੇਂ ਕਾਨਰਾ ਅਤੇ ਕਲਿਆਨ ਨੂੰ ਇੱਕ ਦੱਸਦੇ ਹਨ। ਕੁੱਝ ਲਿਖਤੀ ਅਤੇ ਛਪੀਆਂ ਰਾਗਮਾਲਾ ਵਿੱਚ ਚੰਪਕ ਦੀ ਥਾਂ ਪੰਚਨ ਹੈ, ਜੋ ਪਿਛਲੇ ਰਾਗਾਂ ਦੀ ਗਿਣਤੀ ਪੰਜ ਦੱਸਦਾ ਹੈ ਅਤੇ ਇੰਝ ਰਾਗ ਪੁੱਤਰਾਂ ਦੀ ਗਿਣਤੀ ਅੱਠ ਹੋ ਜਾਂਦੀ ਹੈ।

ਮਾਧਵਾਨਲ ਕਾਮਕੰਦਲਾ ਦੇ ਕਿੱਸੇ ਨੂੰ ਵੱਖ ਵੱਖ ਕੋਰਸਾਂ ਵਿੱਚ 'ਪ੍ਰੇਮਾ - ਖਿਆਨ' ਜਾਂ 'ਹਿੰਦੀ ਦੀਆਂ ਪ੍ਰੇਮ ਕਹਾਣੀਆਂ' ਦਾ ਨਾਂ ਦੇ ਕੇ ਕਈ ਰੂਪਾਂ ਵਿੱਚ ਛਾਪਿਆ ਗਿਆ ਹੈ। ਹਿੰਦੁਸਤਾਨ ਅਕੈਡਮੀ ਅਲਾਹਾਬਾਦ ਵਾਲਿਆਂ ਨੇ ਇੱਕ ਪੋਥੀ ਨੂੰ, ਇੱਕ ਪੁਰਾਤਨ ਪੋਥੀ ਨਾਲ ਸੋਧ ਕੇ ਵੀ ਛਾਪਿਆ। ਪ੍ਰੰਤੂ ਉਨ੍ਹਾਂ ਵੱਲੋਂ ਵੀ ਰਾਗਮਾਲਾ ਦੀ ਸ਼ੁੱਧਤਾ ਵੱਲ ਧਿਆਨ ਨਹੀਂ ਦਿੱਤਾ ਗਿਆ।

ਲਖਨਊ ਦੇ ਯਾਗਯਕ ਪਰਵਾਰ ਕੋਲ 'ਮਾਧਵਾਨਲ ਕਾਮਕੰਦਲਾ' ਦੀਆਂ ਪੰਜ ਪੋਥੀਆਂ ਹਨ। ਉਨ੍ਹਾਂ ਦੇ ਦੱਸਣ ਮੁਤਾਬਕ ਸਿੱਖਾਂ ਵਿੱਚ ਜਦੋਂ ਰਾਗਮਾਲਾ ਦੀ ਚਰਚਾ



www.AKJ.Org

ਚੱਲੀ, ਤਾਂ ਉਨ੍ਹਾਂ ਪਾਸ ਇੱਕ ਪਾਰਟੀ ਪੁੱਜੀ, ਜਿਸਨੇ ਪੁਰਾਣੀਆਂ ਪੋਥੀਆਂ ਅੰਦਰੋਂ ਇੱਕ ਪੋਥੀ ਵਿੱਚੋਂ ਰਾਗਮਾਲਾ ਦੀ ਨਕਲ ਕਰਕੇ ਲਿਆਂਦੀ ਤੇ ਗੁਰਮੁਖੀ ਅੱਖ਼ਰਾਂ ਵਿੱਚ ਛਾਪ ਦਿੱਤੀ। ਇਹ ਪੋਥੀ ਵਾਰ-ਵਾਰ ਛਪਦੀ ਰਹੀ। ਬੇਸ਼ੱਕ, ਯਾਗਯਕ ਭਰਾਵਾਂ ਪਾਸ ਮਾਧਵਨਲ ਗ੍ਰੰਥ ਦੀਆਂ ਪੁਰਾਣੀਆਂ ਪੋਥੀਆਂ ਹਨ, ਪ੍ਰੰਤੂ, ਜਦੋਂ ਆਪਣੀ ਲਿਖੀ ਲਿਖਾਈ ਬੀੜ ਦੇ ਪਿੱਛੇ ਭਾਈ ਬੰਨੋ ਨੇ ਵਾਧੂ ਬਾਣੀਆਂ ਸ਼ਾਮਲ ਕੀਤੀਆਂ ਤਾਂ ਇਨ੍ਹਾਂ ਵਿੱਚੋਂ ਅੰਤਮ ਰਾਗਮਾਲਾ ਸੀ। ਇਹ ਪਾਠ ਵੀ ਬਹੁਤ ਪੁਰਾਣਾ ਹੈ, ਜਿਸਨੂੰ ਭਾਈ ਬੰਨੋ ਨੇ ਆਪਣੀ ਛੋਟੀ ਜਿਹੀ ਪੋਥੀ ਦੇ ਪਿੱਛੇ ਕਰਕੇ ਲਿਖਿਆ :-

*"ਬਾਣੀ ਕੁਝ ਕੁ ਵਧੀਕ ਲਿਖਾਈ, ਸਿਖਨ ਤੇ ਸੋ ਪੋਥੀ ਪਾਈ॥"*

(ਗੁ. ਬਿ.)

ਬਾਕੀ ਬੀੜਾਂ ਵਿੱਚ ਭਾਈ ਬੰਨੋ ਦੀ ਬੀੜ ਤੋਂ ਰਾਗਮਾਲਾ ਦੀ ਨਕਲ ਹੁੰਦੀ ਰਹੀ। ਸਾਡੇ ਸਾਹਮਣੇ ਸ੍ਰੀ ਵਿੱਦਿਆ ਨਿਵਾਸ ਮਿਸ਼ਰ ਸੰਪਾਦਤ ਹਿੰਦੀ ਗ੍ਰੰਥ "ਆਲਮ ਗ੍ਰੰਥਾਵਲੀ" ਹੈ। ਇਸ ਪੁਸਤਕ ਨੂੰ ਵਾਣੀ ਪ੍ਰਕਾਸ਼ਨ ਦਰਿਆ ਗੰਜ ਦਿੱਲੀ ਨੇ ਛਾਪਿਆ ਹੈ, ਜਿਸ ਦਾ ੧੯੯੪ ਦਾ ਸੰਸਕਰਣ ਸਾਡੇ ਅਧਿਐਨ ਅਧੀਨ ਹੈ। ਇਸ ਗ੍ਰੰਥ ਵਿੱਚ ਮਾਧਵਾਨਲ ਗ੍ਰੰਥ ਪੰਨਾ ੧੪੭ ਤੋਂ ਸ਼ੁਰੂ ਹੁੰਦਾ ਹੈ ਅਤੇ ਪੰਨਾ ੧੫੪-੧੫੫ ਉੱਤੇ ਰਾਗਮਾਲਾ ਦਾ ਪਾਠ ਚਲਦੇ ਪ੍ਰਸੰਗ ਵਿੱਚ ਬਿਨਾਂ ਰਾਗਮਾਲਾ ਸਿਰਲੇਖ ਦੇ ਆਉਂਦਾ ਹੈ, ਜਿੱਥੇ ਕਾਮਕੰਦਲਾ ਤੋਂ ਇਨ੍ਹਾਂ ਰਾਗਾਂ ਦਾ ਆਲਮ ਨੇ ਗਾਇਨ ਕੀਤਾ ਦੱਸਿਆ ਹੈ। ਇਸ ਪੁਸਤਕ ਵਿੱਚ ਭੂਮਿਕਾ ਦੇ ਪੰਨਾ 'X' ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਈ ਰਾਗਮਾਲਾ ਦੇ ਛੰਦਾਂ ਦੀ ਪ੍ਰਮਾਣੀਕਤਾ ਸਿੱਧ ਹੋਣ ਦਾ ਦਾਹਵਾ ਕੀਤਾ ਗਿਆ ਹੈ। ਮੂਲ ਪਾਠ ਵਿੱਚ ਜੋ ਪਹਿਲੀਆਂ ਪ੍ਰਸੰਗਕ ਤੁਕਾਂ ਸਨ, ਉਹ ਇਹ ਹਨ :-

*ਸੰਗਿਤ ਗਤਿ ਉਠਤ, ਤੰਤ ਕ੍ਰਿਤੀ ਤਿੰਹਿ ਕਾਲ।*
*ਬਹੁਰ ਅਲਾਪੈ ਰਾਗ ਪਟ ਪੰਚ ਪੰਚ ਸੰਗ ਬਾਲ॥*

**ਕਾਮਕੰਦਲਾ ਦਾ ਸੰਖੇਪ ਪ੍ਰਸੰਗ ਇਸ ਪ੍ਰਕਾਰ ਹੈ :-**

ਅਸੀਂ (ਉਪਰ) ਪਿੱਛੇ ਸੰਖੇਪ ਰੂਪ ਵਿੱਚ ਤਿੰਨ ਵੱਡੇ ਵਿਦਵਾਨਾਂ (ਡਾ: ਮੌਜ਼ਮਦਾਰ ਬੜੋਦਾ, ਸ੍ਰੀ ਹਰਿਪ੍ਰਸਾਦ ਨਾਇਕ ਅਤੇ ਅਸ਼ੋਕ ਕੁਮਾਰ ਮਿਸ਼ਰ) ਦੀ ਰਚਨਾ ਪੜ੍ਹ ਆਏ ਹਾਂ, ਜਿਨ੍ਹਾਂ ਨੇ ਦੱਸਿਆ ਹੈ ਕਿ ਕਿੱਸਾ ਕਿਵੇਂ ਲਿਖਿਆ ਗਿਆ।

ਪ੍ਰੰਤੂ, ਜਿੰਨਿਆਂ ਨੇ ਵੀ ਇਹ ਕਿੱਸੇ ਲਿਖੇ ਹਨ ਉਨ੍ਹਾਂ ਵਿੱਚ ਕਵੀ ਆਲਮ ਦੀ "ਮਾਧਵਾਨਲ ਕਾਮਕੰਦਲਾ" ਸਭ ਤੋਂ ਪ੍ਰਸਿੱਧ ਹੈ। ਕਵੀ ਆਲਮ ਨੇ ਆਪਣੀ ਕਲਾਕੌਸ਼ਲਤਾ ਦਿਖਾਉਣ ਲਈ ਇਸ ਰਚਨਾ ਵਿੱਚ ਕਈ ਪ੍ਰਸੰਗ ਦੇ ਕੇ ਗਾਥਾ ਨੂੰ ਆਪਣੀ ਖ਼ੂਬਸੂਰਤ ਕਲਪਨਾ ਦੇ ਰੰਗ ਭਰ ਕੇ ਬੜੀ ਕਸ਼ਸ਼ ਭਰੀ ਬਣਾਇਆ ਹੈ, ਜਿਵੇਂ ਆਰੰਭ ਵਿੱਚ ਬ੍ਰਾਹਮਣ ਮਾਧਵ ਦਾ ਚ੍ਰਿਤ ਐਸਾ ਖਿਚਿਆ ਹੈ ਤੇ ਉਸ ਦੀ ਰਾਗ-ਪ੍ਰਬੀਨਤਾ ਐਸੀ ਦੱਸੀ ਹੈ ਕਿ ਜਦੋਂ ਉਹ ਬੰਸਰੀ ਬਜਾਉਂਦਾ ਸੀ ਤਾਂ ਨਗਰ ਦੀਆਂ ਇਸਤਰੀਆਂ ਦੇ ਭਾਂਡੇ ਛੁੱਟ



www.AKJ.Org

ਜਾਂਦੇ ਸਨ ਜਿਸ ਕਾਰਣ ਮਾਧਵ ਨੂੰ ਰਾਜੇ ਵੱਲੋਂ ਨਗਰ ਨਿਕਾਲੇ ਦੀ ਸਜ਼ਾ ਦਿੱਤੀ ਗਈ। ਅੱਗੇ ਜਾਂਦਾ - ੨ ਉਹ ਕਾਮਸੈਨ ਨਗਰ ਦੇ ਬੂਹੇ ਦੇ ਕੋਲੋਂ ਦੀ ਲੰਘਿਆ ਤਾਂ ਅੰਦਰ ਹੋ ਰਹੇ ਨ੍ਰਿਤਕੀ ਤੇ ਨਾਚ ਦੇ ਛਣਕਾਟੇ ਨੇ ਉਸ ਨੂੰ ਖਿੱਚ ਪਾਈ। ਮਾਧਵ ਨੇ ਅੰਦਰ ਜਾਣਾ ਚਾਹਿਆ, ਦਰਬਾਨ ਨੇ ਉਸ ਨੂੰ ਰੋਕ ਦਿੱਤਾ ਕਿ ਅੰਦਰ ਤਾਂ ਬੜੇ-ਬੜੇ ਗੁਣਵਾਨ ਬੰਦੇ ਬੈਠੇ ਹਨ, ਤੇਰੇ ਜਿਹਾ ਸਧਾਰਨ ਆਦਮੀ ਅੰਦਰ ਨਹੀਂ ਜਾ ਸਕਦਾ। ਕਵੀ ਆਲਮ ਨੇ ਮਾਧਵ ਵਿੱਚ ਇੱਥੇ ਇਕ ਗੁਣ ਅਜਿਹਾ ਪ੍ਰਗਟਾਇਆ, ਜਿਸ ਨਾਲ ਉਹ ਅੰਦਰਲੇ ਦਰਬਾਰ ਦੇ ਮੁਖੀਏ ਦੇ ਬਰਾਬਰ ਜਾ ਬੈਠਾ।

ਮਾਧਵ ਨੇ ਦਰਬਾਨ ਨੂੰ ਜਦੋਂ ਇਹ ਕਿਹਾ ਕਿ ਤੂੰ ਗੁਣਵਾਨ ਕਹਿਨੈ ਅੰਦਰ ਤਾਂ ਮੂਰਖਾਂ ਦੀ ਸਭਾ ਬੈਠੀ ਹੈ, ਨ੍ਰਿਤਕੀ ਦੇ ਨਾਲ ਤਬਲਾ ਵਜਾਉਣ ਵਾਲਾ ਠੀਕ ਤਾਲ ਨਹੀਂ ਦੇ ਰਿਹਾ, ਜਿਸ ਕਾਰਣ ਕਾਮਕੰਦਲਾ ਦਾ ਤਾਲ ਖੁੰਝ ਜਾਂਦਾ ਹੈ :-

"ਚੂਕੇ ਪਾਇਨ ਤਾਲ ਤੇ ਪਾਤਰ ਦੋਸ਼ ਨਾ ਆਹੇ॥" ਕਿਉਂਕਿ, ਤਬਲਾ - ਵਾਦਕ ਦਾ ਅੰਗੂਠਾ ਮੋਮ ਦਾ ਹੈ, ਇਸ ਲਈ ਉਹ ਠੀਕ ਤਰ੍ਹਾਂ ਤਾਲ ਨਹੀਂ ਦੇ ਰਿਹਾ।

ਦਰਬਾਨ ਨੇ ਰਾਜੇ ਨੂੰ ਜਾ ਦੱਸਿਆ। ਰਾਜੇ ਨੇ, ਤਬਲਾਵਾਦਕ ਨੂੰ ਪੁੱਛਿਆ ਤਾਂ ਮਾਧਵ ਦਾ ਕਹਿਣਾ ਸੱਚ ਨਿਕਲਿਆ। ਰਾਜੇ ਨੇ ਕਿਹਾ ਕਿ ਉਸ ਨੂੰ ਅੰਦਰ ਸੱਦ ਲਿਆਓ। ਜਦੋਂ ਮਾਧਵ ਅੰਦਰ ਸਭਾ ਵਿੱਚ ਪੁੱਜਿਆ ਤਾਂ ਰਾਜੇ ਨੇ ਸਵਾਗਤ ਕੀਤਾ ਤੇ ਉਸ ਨੂੰ ਆਪਣੇ ਕੋਲ ਬਿਠਾ ਲਿਆ।

ਮਾਧਵ ਨੂੰ ਹੁਨਰ ਦੇ ਸਿਖ਼ਰ ਤੇ ਪੁੱਜਿਆ ਦੇਖ ਕਿ ਨ੍ਰਿਤਕੀ (ਕਾਮਕੰਦਲਾ) ਨੇ ਆਪਣੇ ਸੰਗੀਤ ਦੀਆਂ ਸਾਰੀਆਂ ਕਲਾਂ ਇੱਕ ਤੋਂ ਬਾਅਦ ਦੂਜੀ, ਪ੍ਰਸੰਗ ਨਾਲ ਸਾਰੇ ਛੇ ਗਾ-ਗਾ ਕੇ, ਸਭਾ ਦਾ ਰੰਗ ਹੋਰ ਨਿਖਾਰ ਦਿੱਤਾ। ਆਲਮ ਨੇ ਆਪਣੀ ਯੋਗਤਾ ਦਿਖਾਉਣ ਲਈ ਨ੍ਰਿਤਕੀ ਵਿੱਚੋਂ ਫਿਰ ਉਹ ਹੁਨਰ ਪ੍ਰਗਟਾਏ ਹਨ ਜੋ ਸੰਗੀਤ ਦੀ ਦੁਨੀਆਂ ਵਿੱਚ ਸ਼ਾਇਦ ਹੀ ਕਿਧਰੇ ਅਮਲ ਵਿੱਚ ਆਏ ਹੋਣ। ਨ੍ਰਿਤਕੀ ਨੇ ਨੱਚਦਿਆਂ - ੨ ਆਪਣੀਆਂ ਛਾਤੀਆਂ ਉੱਤੇ ਇੱਕ ਸੁਗੰਧੀ ਲਾਈ, ਸਿਰ ਉੱਤੇ ਇੱਕ ਭਰਿਆ ਹੋਇਆ ਘੜਾ ਰੱਖਿਆ। ਉਸ ਦੀ ਛਾਤੀ ਉੱਤੇ ਸੁਗੰਧੀ ਤੇ ਮੁਗਧ ਹੋਇਆ ਭੌਰਾ ਆ ਬੈਠਾ। ਬੜੀ ਮੁਸ਼ਕਲ ਬਣੀ, ਭੌਰੇ ਨੂੰ ਉਡਾਉਂਦੀ ਹੈ ਤਾਂ ਸਿਰ ਉੱਤੇ ਰੱਖਿਆ ਘੜਾ ਕਿਵੇਂ ਸੰਭਾਲਿਆ ਜਾਵੇ? ਉਸ ਨੇ ਆਪਣੇ ਸਾਰੇ ਸਰੀਰ ਦੀ ਹਵਾ ਰੋਕ ਕੇ ਛਾਤੀ ਦੇ ਸਥਨ ਵਿੱਚੋਂ ਅਜਿਹੇ ਫਰਾਟੇ ਨਾਲ ਕੱਢੀ ਕਿ ਭੌਰੇ ਨੂੰ ਉੱਡਾ ਦਿੱਤਾ। ਇਸ ਕਲਾ ਨੂੰ ਸ਼ਾਇਦ ਹੋਰਨਾਂ ਨੇ ਚੰਗੀ ਤਰ੍ਹਾਂ ਅਨੁਭਵ ਨਾ ਕੀਤਾ ਹੋਵੇ; ਪਰ ਮਾਧਵ ਨੂੰ ਇਸ ਚਮਤਕਾਰ ਨੇ ਮੋਹ ਲਿਆ।

ਪਹਿਲਾਂ ਜਿਸ ਵੇਲੇ ਮਾਧਵ ਰਾਜ ਦਰਬਾਰ ਵਿੱਚ ਪੁੱਜਿਆ ਸੀ ਤਾਂ ਰਾਜੇ ਨੇ ਗੁਣੀ ਸਮਝ ਕਿ ਆਪਣਾ ਹਾਰ ਉਸ ਦੇ ਗਲ ਵਿੱਚ ਪਾ ਦਿੱਤਾ ਸੀ। ਮਾਧਵ ਕਾਮਕੰਦਲਾ ਦਾ ਇਹ ਅਸਚਰਜ ਕਰਤਬ ਦੇਖ ਰਿਹਾ ਸੀ। ਇਸ ਨੂੰ ਕਲਾ ਦਾ ਕਮਾਲ ਸਮਝ ਕੇ ਜੋ ਰਾਜੇ ਨੇ ਉਸ ਦੇ ਗਲ ਵਿੱਚ ਹਾਰ ਪਾਇਆ ਸੀ, ਮਾਧਵ ਨੇ ਕਾਮਕੰਦਲਾ ਦੇ ਗਲ ਵਿੱਚ ਪਾ



www.AKJ.Org

ਦਿੱਤਾ। ਆਲਮ ਨੇ ਆਪਣਾ ਕਾਵਿਕਲਾ ਦਾ ਹੁਨਰ ਦਿਖਾਉਣ ਲਈ ਨ੍ਰਿਤਕੀ ਦੇ ਮੂੰਹੋਂ ਕਈ ਵਾਜਿਆਂ ਦੀਆਂ ਆਵਾਜ਼ਾਂ ਕੱਢਣ ਦਾ ਵਰਨਣ ਕੀਤਾ ਤੇ ਸੱਭ ਤੋਂ ਹੁਨਰਮਈ ਕਲਾ ਰਾਗਾਂ ਦਾ ਹਨੁਮੰਤ ਮੱਤ ਅਨੁਸਾਰ ਗਾਇਆ ਜਾਣਾ ਸੀ। ਇਸ ਵੇਲੇ ਭਾਰਤ ਅੰਦਰ ਰਾਗਾਂ ਦਾ ਵਿਧਾਨ ਬੱਝ ਚੁੱਕਿਆ ਸੀ। ਚਾਰ ਵੱਡੇ ਰਾਗ ਮੱਤਾਂ ਦੀਆਂ 'ਰਾਗਮਾਲਾਵਾਂ' ਵੀ ਬਣ ਚੁਕੀਆਂ ਸਨ। ਅਜਿਹੇ ਰਾਜ ਦਰਬਾਰਾਂ ਲਈ ਰਾਗਾਂ ਦਾ ਹਨੁਮੰਤ ਮੱਤ ਹੀ ਢੁੱਕਦਾ ਸੀ। ਇਸ ਮੱਤ ਅਨੁਸਾਰ ਸਾਰੇ ਰਾਗ ਕਾਮਕੰਦਲਾ ਦੇ ਮੂੰਹੋਂ ਗਾਇਨ ਕਰਾਏ ਗਏ ਸਨ।

ਇਹ ਰਾਗਾਂ ਦਾ ਗਾਇਨ ਸਮੇਂ ਦੇ ਪ੍ਰਸੰਗ ਨੂੰ ਵਿਚਾਰ ਕੇ ਨਹੀਂ ਸੀ ਕਿ ਕਿਸ ਰਾਗ ਨੂੰ ਕਿਹੜੇ ਵੇਲੇ ਗਾਉਣਾ ਚਾਹੀਦਾ ਹੈ ਤੇ ਕਿਹੜਾ ਰਾਗ ਕਿਵੇਂ ਬਣਦਾ ਹੈ, ਅਲਾਪ ਤੇ ਹੋਰ ਕੀ-ਕੀ ਸੁਰਾਂ ਲਗਦੀਆਂ ਹਨ, ਇਹ ਦੇਖਣਾ ਵੀ ਨਹੀਂ ਸੀ। ਇਹ ਤਾਂ ਗਾਇਕਾ ਦੇ ਮੂੰਹੋਂ ਉਸਦੀ ਪ੍ਰਬੀਨਤਾ ਦਿਖਾਉਣ ਲਈ ਅਤੇ ਆਪਣੀ ਵਿਦਵਤਾ ਦੱਸਣ ਲਈ ਸਾਰੇ ਰਾਗਾਂ ਤੇ ਉਨ੍ਹਾਂ ਦੇ ਪ੍ਰਵਾਰਾਂ ਦੀ ਜਾਣਕਾਰੀ ਦਾ ਪ੍ਰਭਾਵ ਪਾਉਣ ਵਾਸਤੇ ਰਾਗਾਂ ਦਾ ਗਾਇਨ ਕਰਾਇਆ ਗਿਆ ਸੀ। ਜਿਵੇਂ ਕਿ ਪਿੱਛੇ ਵਿਦਵਾਨਾਂ ਨੇ ਦੱਸਿਆ ਹੈ ਇਹ ਗਾਇਨ **"ਪ੍ਰਥਮ ਰਾਗ ਭੈਰਵੀ"** ਤੋਂ ਲੇ ਕੇ **"ਅਠਾਰਾਂ ਦਸ ਬੀਸ"** ਤੱਕ ਰਾਗਾਂ ਨੂੰ ਤਰਤੀਬ ਦੇ ਕੇ ਹਨੁਮੰਤ ਮੱਤ ਦੀ ਰਾਗ ਪ੍ਰਣਾਲੀ ਕਾਮਕੰਦਲਾ ਦੇ ਮੂੰਹੋਂ ਆਲਮ ਨੇ ਗਵਾਈ। ਰਾਗਮਾਲਾ ਦਾ ਆਦਿ ਗ੍ਰੰਥ ਤੋਂ ਬਾਹਰਲੀ ਰਚਨਾ ਹੋਣ ਦਾ ਸਪੱਸ਼ਟ ਪ੍ਰਮਾਣ ਤਾਂ ਇਹ ਹੈ ਕਿ ਇਸ ਵਿੱਚ ਚੌਪਈ, ਦੋਹਰਿਆਂ ਦੇ ਅੰਕ ਜਿਵੇਂ ਮੂਲ ਪੋਥੀ ਵਿੱਚ ੬੩-੭੨ ਤੱਕ ਦਿੱਤੇ ਹੋਏ ਸਨ, ਉਹ ਦੇਣ ਦੀ ਥਾਂ ਹਰ ਛੰਦ ਦੇ ਅੰਤ ਵਿੱਚ ਕੇਵਲ ਇਕ 'ਏਕਾ' ਹੀ ਲਿਖ ਦਿੱਤਾ ਗਿਆ ਹੈ, ਜਦੋਂ ਕਿ ਹਿੰਦੀ ਵਿੱਚ ਆਲਮ ਬਾਣੀ ਅਤੇ ਹਿੰਦੀ ਪ੍ਰੇਮਾਖ਼ਿਆਨ ਆਦਿ ਗ੍ਰੰਥਾਂ ਵਿੱਚ ਚੱਲਦੇ ਛੰਦਾਂ ਦੇ ਅੰਕਾਂ ਦੇ ਨੰਬਰ ਲਿਖੇ ਹੁੰਦੇ ਹਨ। ਉਹਨਾਂ ਅੰਕਾਂ ਤੋਂ ਪਤਾ ਚਲਦਾ ਹੈ ਕਿ ਇਹ ਰਚਨਾ ਕਿਸੇ ਚੱਲ ਰਹੇ ਪ੍ਰਸੰਗ ਵਿੱਚੋਂ ਹੈ। ਜੇ ਅੰਕ ਦਿੱਤੇ ਜਾਂਦੇ ਤਾਂ ਉਹੋ ਹੀ ਹੋਣੇ ਸਨ, ਜੋ ਆਲਮ ਦੀਆਂ ਪੋਥੀਆਂ ਵਿੱਚ ਲਿਖੇ ਹੋਏ ਹਨ, ਭਾਈ ਕਾਨ੍ਹ ਸਿੰਘ ਨਾਭਾ ਨੇ ਵਿਆਕਰਣ ਦੇ ਨੁਕਤਿਆਂ ਦੇ ਪੱਖੋਂ ਹੇਠ ਲਿਖੇ ਅਨੁਸਾਰ ਜ਼ੋਰਦਾਰ ਤਰਕ ਦਿੱਤੇ ਹਨ:-

"ਵਯਾਕਰਣ ਵਿਰੋਧੀ ਸਾਡੇ ਕਈ ਭਾਈ ਰਾਗਮਾਲਾ ਦੇ ਇਹ ਪਾਠ - "ਪ੍ਰਥਮ ਰਾਗ ਭੈਰਉ ਵੈ ਕਰਹੀ," - "ਖਸਟ ਰਾਗ ਉਨ ਗਾਏ" - ਦੇਖ ਕੇ ਭੀ ਹਠ ਕਰਦੇ ਹਨ ਕਿ ਰਾਗਮਾਲਾ ਮਾਧਵਾਨਲ ਸੰਗੀਤ ਵਿੱਚੋਂ ਨਹੀਂ ਲਈ ਗਈ, ਓਹ ਇਤਨਾਂ ਨਹੀਂ ਸਮਝਦੇ ਕਿ ਰਾਗਮਾਲਾ ਦੀ ਰਚਨਾ ਕਿਸੇ ਉੱਪਰ ਚੱਲੇ ਪ੍ਰਸੰਗ ਨਾਲ ਸੰਬੰਧ ਰੱਖਦੀ ਹੈ ਔਰ "ਵੈ" ਤਥਾ "ਉਨ" ਉਪਨਾਮਾਂ ਦੇ ਨਾਮ ਚਲੇ ਹੋਏ ਪ੍ਰਕਰਣ ਵਿੱਚ ਪਹਿਲਾਂ ਆ ਚੁੱਕੇ ਹਨ।

(ਗੁਰਮਤਿ ਸੁਧਾਕਰ, ਪੰਨਾ ੨੫੫ - ਕਲਾ ੧੦)

ਨਾਲ ਹੀ ਇਸ ਵਿੱਚ ਗਾਉਣ ਵਾਲੀ ਨ੍ਰਿਤਕੀ ਬਾਰੇ ਵੀ ਸੰਕੇਤ ਮਿਲਦਾ ਹੈ:



www.AKJ.Org

"ਗਾਵਹਿ ਗਾਇਨ ਪਾਤਰ" ਏਸੇ ਗ੍ਰੰਥ ਵਿੱਚ ਇੱਕ ਥਾਂ ਪਾਠ ਆਉਂਦਾ ਹੈ :-

*"ਪਾਤਰ ਸੁਨੀ ਕਾਮਕੰਦਲਾ॥*
*ਤਹ ਪਰ ਵਸੈ ਚੰਦ ਕੀ ਕਲਾ॥"*

ਇਸ ਰਾਗ ਦਰਬਾਰ ਤੋਂ ਪਿੱਛੋਂ ਨ੍ਰਿਤਕੀ ਜਿਸ ਦਾ ਨਾਉਂ 'ਕਾਮਕੰਦਲਾ' ਰੱਖਿਆ ਹੈ, ਮਾਧਵ ਨੂੰ ਆਪਣੇ ਘਰ ਲੈ ਗਈ। ਰਾਜੇ ਨੂੰ ਇਹ ਗੱਲਾਂ ਬਹੁਤ ਮਾੜੀਆਂ ਲੱਗੀਆਂ ਕਿ ਮਾਧਵ ਨੇ ਆਪਣਾ ਹਾਰ ਕਾਮਕੰਦਲਾ ਦੇ ਗਲ ਵਿੱਚ ਪਾ ਦਿੱਤਾ ਸੀ, ਦੂਜਾ ਇਹ ਕਿ ਉਸ ਦੇ ਨਗਰ ਦੀ ਸ਼ਾਨ ਤੇ ਸੰਗੀਤ ਵਿੱਚ ਗੁਣਵਾਨ ਸੁੰਦਰੀ ਮਾਧਵ ਦੀ ਬਣ ਬੈਠੀ। ਰਾਜੇ ਨੇ ਗੁੱਸੇ ਵਿੱਚ ਆਕੇ ਐਲਾਨ ਕਰ ਦਿੱਤਾ ਕਿ ਇਸ ਬ੍ਰਾਹਮਣ ਨੂੰ ਨਗਰ ਵਿੱਚੋਂ ਨਿਕਾਲ ਦਿੱਤਾ ਜਾਵੇ।

ਰਾਜੇ ਦਾ ਹੁਕਮ ਅੱਟਲ ਸੀ, ਮਾਧਵ ਨੂੰ ਨਗਰ ਛੱਡ ਜਾਣ ਦਾ ਹੁਕਮ ਹੋਇਆ। ਜੇ ਉਹ ਬ੍ਰਾਹਮਣ ਨਾ ਹੁੰਦਾ ਤਾਂ ਪਤਾ ਨਹੀਂ ਹੋਰ ਕੀ ਸਜ਼ਾ ਦਿੱਤੀ ਜਾਂਦੀ। ਮਾਧਵ ਪਹਿਲਾਂ ਦੀ ਤਰ੍ਹਾਂ ਉਸ ਨਗਰ ਵਿੱਚੋਂ ਆਪਣੇ ਗੁਣਾਂ ਕਾਰਨ ਕੱਢਿਆ ਗਿਆ ਸੀ। ਉਹ ਫਿਰਦਾ - ਫਿਰਦਾ ਬਿਕ੍ਰਮਾਜੀਤ ਰਾਜੇ ਦੀ ਨਗਰੀ ਜਾ ਪੁੱਜਾ। ਮਾਧਵ ਲੱਗਿਆ ਸੋਚਾਂ - ਸੋਚਣ ਕਿ ਕਿਸ ਤਰ੍ਹਾਂ ਆਪਣੇ ਨਿਸ਼ਾਨੇ ਨੂੰ ਪੂਰਾ ਕੀਤਾ ਜਾਵੇ। ਉਸ ਨੂੰ ਖ਼ੂਬ ਸੁੱਝੀ ਅਤੇ ਪਤਾ ਕੀਤਾ ਕਿ ਰਾਜਾ ਕਿਸ ਮੰਦਰ ਵਿੱਚ ਪੂਜਾ ਕਰਨ ਆਉਂਦਾ ਹੈ ਅਤੇ ਉਸ ਮੰਦਰ ਦੀ ਕੰਧ ਉੱਤੇ ਇੱਕ ਦੋਹਰਾ ਲਿਖ ਦਿੱਤਾ :-

*"ਕਹਾਂ ਕਰੂੰ ਕਤ ਜਾਊਂ ਰਾਮ ਰਾਜ ਨ ਆਹਿ॥*
*ਤ੍ਰਿਆ ਸੰਤਾਪ ਵਿਜੋਗ ਦੁਖ ਰਾਘੌ ਜਾਨਤ ਨਾਹਿ॥"*

ਭਾਵ: ਕੀ ਕਰਾਂ, ਕਿੱਥੇ ਜਾਵਾਂ, ਰਾਮਚੰਦਰ ਦਾ ਰਾਜ ਤਾਂ ਨਹੀਂ ਜਿਸ ਨੂੰ ਸੀਤਾ ਦਾ ਵਿਛੋੜਾ ਪੀੜਤ ਕਰਦਾ ਹੋਵੇ, ਇਹ ਰਾਜਾ ਤਾਂ ਵੱਡੇ ਰਣਵਾਸ ਦਾ ਮਾਲਕ ਹੈ। ਇਸ ਨੂੰ ਕੀ ਪਤਾ ਕਿ ਪ੍ਰਿਯਾ ਦੇ ਵਿਛੋੜੇ ਦਾ ਸੰਤਾਪ ਕਿੰਨਾਂ ਦੁਖਦਾਈ ਹੁੰਦਾ ਹੈ।

ਏਥੋਂ, ਕਹਾਣੀ ਅੰਤਲੇ ਪੜਾਅ ਵੱਲ ਤੁਰਦੀ ਹੈ। ਰਾਜਾ ਮੰਦਰ ਵਿੱਚ ਆਉਂਦਾ ਹੈ ਤਾਂ ਦੋਹਰਾ ਪੜ੍ਹਦਾ ਹੈ ਦੋਹਰੇ ਵਿੱਚ ਆਇਆ ਕਟਾਖ਼ਸ਼ ਸਮਝਕੇ ਸਟ-ਪਟਾ ਜਾਂਦਾ ਹੈ। ਉਸਨੇ ਆਪਣੇ ਨਿਵਾਸ ਵਿੱਚ ਜਾ ਕੇ ਚਤਰ ਪਾਤਰਾਂ ਨੂੰ ਸੱਦਿਆ ਤੇ ਕਿਹਾ ਕਿ ਏਥੇ ਇੱਕ ਬਿਰਹੀ, ਜਿੰਦ ਲੁੜਛਾਉਂਦਾ ਘੁੰਮ ਰਿਹਾ ਹੈ, ਤੁਸੀਂ ਉਸ ਨੂੰ ਲੱਭ ਕੇ ਲਿਆਉ। ਚਤੁਰ ਪਾਤਰਾਂ ਨੇ ਮਾਧਵ ਨੂੰ ਜਾ ਲੱਭਿਆ ਤੇ ਰਾਜੇ ਦੇ ਪੇਸ਼ ਕਰ ਦਿੱਤਾ। ਰਾਜੇ ਬਿਕ੍ਰਮਾਜੀਤ ਨੇ ਸਾਰੀ ਗੱਲ ਸੁਣੀ ਤੇ ਉਸ ਨੂੰ ਕਿਹਾ ਕਿ ਤੇਰੀ ਗੁਣਵਾਨ ਪ੍ਰੇਮਿਕਾ ਲਿਆ ਕੇ ਦੇਵਾਂਗਾ, ਭਾਵੇਂ, ਮੈਨੂੰ ਯੁੱਧ ਹੀ ਕਿਉਂ ਨਾ ਕਰਨਾ ਪਵੇ। ਰਾਜੇ ਬਿਕ੍ਰਮਾਜੀਤ ਨੇ ਆਪਣੇ ਬੰਦੇ ਉਸ ਨਗਰੀ ਵਿੱਚ ਭੇਜੇ, ਜਿਥੇ ਕਾਮਕੰਦਲਾ ਦਾ ਘਰ ਸੀ। ਪਤਾ ਲੱਗਾ ਕਿ ਕਾਮਕੰਦਲਾ ਤਾਂ ਜਦੋਂ ਦਾ 'ਮਾਧਵ' ਗਿਆ ਹੈ ਓਦੋਂ ਦੀ ਹੀ ਮੂਰਛਤ ਪਈ ਹੈ। ਉਸ ਰਾਜੇ ਨੇ ਕਾਮਕੰਦਲਾ ਨੂੰ ਉਸ ਹਾਲਤ ਵਿੱਚ ਵੀ ਦੇਣ ਤੋਂ ਜਵਾਬ ਦੇ ਦਿੱਤਾ। ਰਾਜੇ ਨੇ ਜਾ ਕੇ ਦੇਖਿਆ ਕੀ ਇਹ



www.AKJ.Org

ਸੱਚ ਹੈ ਕਿ ਉਹ ਮੁਰਛਤ ਹੋਈ ਹੋਈ ਹੈ? ਜਦੋਂ ਉਸ ਨੇ ਆਪਣਾ ਪੈਰ ਉਸ ਦੀ ਹਿੱਕ ਤੇ ਧਰਨਾ ਚਾਹਿਆ ਤਾਂ ਮੂਰਛਤ ਪਈ ਕਾਮਕੰਦਲਾ ਦੇ ਮੂੰਹ ਵਿੱਚੋਂ ਬੋਲ ਨਿਕਲੇ :-

*"ਰਾਜਨ - ਮੇਰੇ ਹਿਰਦੇ ਉੱਤੇ ਪੈਰ ਨਾ ਧਰ। ਏਥੇ ਇੱਕ ਬ੍ਰਾਹਮਣ ਦਾ ਨਿਵਾਸ ਹੈ। ਜੇ ਤੂੰ ਪੈਰ ਧਰੇਂਗਾ ਤਾ ਬ੍ਰਾਹਮਣ ਦੀ ਬੇ-ਅਦਬੀ ਦਾ ਪਾਪ ਲੱਗੇਗਾ।"*

ਕਿਉਂ ਨਾ ਵਾਰੇ - ਵਾਰੇ ਜਾਈਏ ਇਸ ਅਦਬ-ਅਦਾਬ ਦੇ। ਇਤਨੇ ਨੂੰ ਸੈਨਾ ਆ ਪੁੱਜੀ, ਲੜਾਈ ਹੋਈ, ਲੜਾਈ ਪਿੱਛੋਂ ਕਾਮਕੰਦਲਾ ਤੱਕ ਪੁੱਜੇ ਤਾਂ ਉਹ ਮੂਰਛਤ ਪਈ ਸੀ। ਇਸ ਗੱਲ ਦਾ ਜਦੋਂ ਮਾਧਵ ਨੂੰ ਪਤਾ ਲਗਾ, ਉਹ ਵੀ ਸੁਣਨ ਸਾਰ ਮੂਰਛਤ ਹੋ ਗਿਆ।

ਫੇਰ, ਜਿਵੇਂ ਪਰੀ ਕਹਾਣੀਆਂ ਵਿੱਚ ਆਉਂਦਾ ਹੈ, ਇੱਕ ਜੀਵਨ-ਦਾਤਾ ਬੇਤਾਲ (ਦੇਵਤਾ) ਆਇਆ। ਉਸ ਨੇ ਦੇਖਿਆ ਕਿ ਇਹ ਤਾਂ ਸੱਚੇ ਪ੍ਰੇਮੀ ਮੂਰਛਤ ਹੋਏ ਪਏ ਹਨ। ਕਹਿੰਦੇ ਹਨ ਉਸ ਨੇ ਸੁਰਗ ਵਿੱਚੋਂ 'ਅੰਮ੍ਰਿਤ' ਲਿਆਂਦਾ ਤੇ ਉਹਨਾਂ ਦੇ ਮੂੰਹਾਂ ਵਿੱਚ ਜਦੋਂ 'ਅੰਮ੍ਰਿਤ' ਪਾਇਆ, ਤੇ ਛਿੱਟੇ ਦਿੱਤੇ, ਉਹ ਰਾਮ ਰਾਮ ਕਰਦੇ ਉੱਠ ਕੇ ਬੈਠ ਗਏ ਅਤੇ ਇੱਕ ਦੂਜੇ ਨੂੰ ਵੇਖ ਕੇ ਖੁਸ਼ ਹੋਏ। ਜੋ ਰਾਜਾ ਆਪਣੀ ਸੈਨਾ ਲੈ ਕੇ ਆਇਆ ਸੀ, ਉਹ ਉਨ੍ਹਾਂ ਨੂੰ ਨਾਲ ਹੀ ਲੈ ਗਿਆ ਤੇ ਉਹਨਾਂ ਲਈ ਮਹਲ ਬਣਾ ਦਿੱਤਾ, ਜਿੱਥੇ ਉਹ ਜੀਵਨ ਭਰ ਦੇ ਸਾਰੇ ਸੁੱਖ ਮਾਣ ਕੇ ਇਸ ਸੰਸਾਰ ਤੋਂ ਚਲੇ ਗਏ। (ਕੁਝ ਲੇਖਕ, ਇਸ ਗਾਥਾ ਦਾ ਅੰਤ ਸੁਖਾਂਤ ਕਰਦੇ ਹਨ ਤੇ ਕੁੱਝ ਦੁਖਾਂਤ ਬਣਾ ਕੇ ਪੇਸ਼ ਕਰਦੇ ਹਨ।) ਕੁੱਝ ਖੋਜੀਆਂ ਨੇ ਉਹ ਮਹੱਲ ਵੀ ਦੱਸਿਆ ਹੈ ਜਿੱਥੇ ਉਹਨਾਂ ਨੇ ਆਪਣੀ ਜ਼ਿੰਦਗੀ ਪੂਰੇ ਸੁਖ-ਸੁਆਦ ਨਾਲ ਬਿਤਾਈ।

ਕਵੀ ਆਲਮ ਇਹ ਕਿੱਸਾ ੯੯੧ ਹਿਜਰੀ ਵਿੱਚ ਲਿਖ ਕੇ ਨਾਲ ਹੀ ਇਸਦੇ ਪੜ੍ਹਨ ਦਾ ਮਹਾਤਮ ਵੀ ਦਸਦਾ ਹੈ :-

*"ਕਾਮੀ ਰਸਿਕ ਪੁਰਖ ਜੋ ਸੁਨਹੀ॥*
*ਤੌਂ ਯਹਿ ਕਥਾ ਰੈਨ ਦਿਨ ਗੁਨਹੀ॥"*

(ਨੋਟ: ਇਹ ਕਥਾ 'ਦਸਮ ਗ੍ਰੰਥ' ਦੇ 'ਚਰਿੱਤ੍ਰੋ ਪਾਖਿਆਨ' ਦੇ ੯੧ ਚਰਿੱਤ੍ਰ ਵਿੱਚ ਵੀ ਮਿਲਦੀ ਹੈ। ਜਿਥੇ ਉਸਦਾ ਆਪਣਾ ਰੰਗ ਤੇ ਆਪਣੀ ਸ਼ੈਲੀ ਹੈ।)



www.AKJ.Org

# ਸਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਈ 'ਰਾਗਮਾਲਾ' ਬਾਰੇ ਪੁਰਾਤਨ ਬੀੜਾਂ, ਮੁੰਦਾਵਣੀ ਦੇ ਅਰਥ, ਵੱਖੋ-ਵੱਖਰੇ ਰਾਗਾਂ ਦੀਆਂ ਰਾਗਮਾਲਾ ਅਤੇ ਆਲਮ ਬਾਰੇ ਪੂਰੀ ਖੋਜ ਕਰਕੇ ਅਸੀਂ ਪਿੱਛੇ ਦੱਸ ਆਏ ਹਾਂ ਕਿ ਇਸ ਰਚਨਾ ਦਾ ਗੁਰੂ ਘਰ ਨਾਲ ਕਿਸੇ ਤਰ੍ਹਾਂ ਦਾ ਭੀ ਕੋਈ ਸੰਬੰਧ ਨਹੀਂ। ਪੁਰਾਤਨ ਬੀੜਾਂ ਵਿੱਚੋਂ ਕੁੱਝ ਕੁ ਬੀੜਾਂ ਦੇ ਚਿਤ੍ਰਾਂ ਦੇ ਦਰਸ਼ਨ ਭੀ ਕਰਾਏ ਹਨ, ਜਿਨ੍ਹਾਂ ਦਾ ਭੋਗ ਮੁੰਦਾਵਣੀ ਤੇ ਪੈਂਦਾ ਹੈ। ਉਨ੍ਹਾਂ ਵਿੱਚੋਂ ਇੱਕ ਬੀੜ ਆਦਿ ਬੀੜ ਨਾਲ ਸੋਧੀ ਹੋਈ ਹੈ, ਜਿਸ ਦਾ ਭੋਗ ਮੁੰਦਾਵਣੀ ਉੱਤੇ ਹੈ। ਦੂਜੀ ਮਹੱਤਵ ਪੂਰਨ ਬੀੜ ਹੈ ਜਿਸ ਵਿੱਚ "ਤਨ ਮਨੁ ਥੀਵੈ ਹਰਿਆ" ਸਲੋਕ ਦੇ ਪਿੱਛੇ ਸੂਚਨਾ ਦਿੱਤੀ ਮਿਲਦੀ ਹੈ:

"ਏਹੋ ਭੋਗ ਸ੍ਰੀ ਆਦਿ ਗ੍ਰੰਥ ਜੀ ਹੈ"

ਆਲਮ ਕਵੀ ਬਾਰੇ ਅਸੀਂ ਹਿੰਦੀ ਦੇ ਖੋਜੀ ਵਿਦਵਾਨਾਂ ਦੇ ਲੇਖਾਂ, ਪੁਸਤਕਾਂ, ਸ਼ਬਦ-ਕੋਸ਼ਾਂ ਅਤੇ ਸਾਹਿਤ ਦੇ ਇਤਿਹਾਸ ਆਦਿਕ ਗ੍ਰੰਥਾਂ ਵਿੱਚੋਂ ਹਵਾਲੇ ਦੇ ਕੇ ਦੱਸ ਆਏ ਹਾਂ ਕਿ ਜਿਸ ਆਲਮ ਦੀ ਇਹ ਰਚਨਾ ਹੈ, ਉਹ ਅਕਬਰ ਦਾ ਸਮਕਾਲੀ ਸੀ।

ਜੰਗਾਂ-ਜੁੱਧਾਂ ਪਿੱਛੋਂ ਬੀੜਾਂ ਲਿਖਣ ਤੇ ਛਾਪਣ ਦੀ ਪਰੰਪਰਾ ਚੱਲੀ। ਬੀੜਾਂ ਦੇ ਟੀਕਿਆਂ, ਪ੍ਰਿਯਾਵਾਂ, ਉਥਾਨਕਾਂ ਅਤੇ ਪੁਰਾਤਨ ਅਖ਼ਬਾਰਾਂ ਵਿੱਚੋਂ ਦੱਸ ਆਏ ਹਾਂ ਉਸ ਸਮੇਂ ਕੋਈ ਭੀ ਪੁਰਾਤਨ ਜਥੇਬੰਦੀ 'ਰਾਗਮਾਲਾ' ਨੂੰ ਗੁਰਬਾਣੀ ਨਹੀਂ ਸੀ ਮੰਨਦੀ, ਸਿਵਾਇ ਡੇਰੇਦਾਰਾਂ, ਮਹੰਤਾਂ-ਸੰਤਾਂ ਤੇ ਉਨ੍ਹਾਂ ਦੇ ਵਿਸ਼ਵਾਸ਼ੀ ਸੇਵਕਾਂ ਦੇ, ਰਾਗਮਾਲਾ ਬਾਰੇ ਜੋ ਝਗੜੇ ਹੋਏ, ਉਸ ਸਮੇਂ ਦੀਆਂ ਸਰਕਾਰਾਂ ਕਿਵੇਂ ਨਿਪਟਦੀਆਂ ਰਹੀਆਂ। ਉਸ ਸਮੇਂ ਚੀਫ਼ ਖਾਲਸਾ ਦੀਵਾਨ ਜੋ ਪੰਥ ਦੀ ਨੁਮਾਇੰਦਾ ਜਥੇਬੰਦੀ ਸੀ, ਉਸ ਦੀਆਂ ਚਿੱਠੀਆਂ ਅਨੁਸਾਰ ਅਦਾਲਤਾਂ ਵਿੱਚ ਫੈਸਲੇ ਹੁੰਦੇ ਰਹੇ ਕਿ 'ਰਾਗਮਾਲਾ' ਗੁਰਬਾਣੀ ਨਹੀਂ। ਇਸ ਬਾਰੇ ਵਿਸਥਾਰ ਸਹਿਤ ਪੋਥੀ ਵਿੱਚ ਵਰਨਣ ਕਰ ਆਏ ਹਾਂ। ਇੱਥੇ ਮੋਟੇ ਰੂਪ ਵਿੱਚ ਚਰਚਾ ਦਾ ਸਾਰ ਥੋੜੇ ਸ਼ਬਦਾਂ ਵਿੱਚ ਦਿੱਤਾ ਜਾ ਰਿਹਾ ਹੈ ਕਿ 'ਰਾਗਮਾਲਾ' ਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨਾਲ ਕਿਸੇ ਤਰ੍ਹਾਂ ਦਾ ਭੀ ਕੋਈ ਸਬੰਧ ਨਹੀਂ।



www.AKJ.Org

ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰਃ-

1. ਏਸ ਵਿੱਚ ਕਿਸੇ ਮਹਲੇ ਦਾ ਨਾਮ ਨਹੀਂ।
2. ਨਾਨਕ ਨਾਮ ਭੀ ਨਹੀਂ।
3. ਗੁਰੂ ਜੀ ਦੀ ਕਵਿਤਾ ਨਾਲ ਇਹ ਕਵਿਤਾ ਨਹੀਂ ਮਿਲਦੀ।
4. ਗੁਰੂ ਗੰ੍ਥ ਸਾਹਿਬ ਜੀ ਦੇ ਸਾਰੇ ਰਾਗ ਇਸ ਵਿੱਚ ਨਹੀਂ ਤੇ ਇਸ ਦੇ ਗੰ੍ਥ ਸਾਹਿਬ ਵਿੱਚ ਨਹੀਂ।
5. ਈਸ਼ਰ ਦੇ ਨਾਮ ਦੀ ਸਤਸੰਗ ਦੀ, ਗੁਰਾਂ ਦੀ, ਮਹਿਮਾਂ ਇਸ ਵਿੱਚ ਨਹੀਂ।
6. ਮਾਧਵਾਨਲ ਪੋਥੀ ਗੁਰੂ ਗੰ੍ਥ ਸਾਹਿਬ ਜੀ ਦੀ ਬੀੜ ਬੰਨ੍ਣ ਤੋਂ (੨੧ ਵਰਸ਼) ਪਹਿਲੇ ਦੀ ਹੈ।

(ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ - ੪੨੦)

ਇਸ ਤੋ ਇਲਾਵਾ ਸ੍ਰੀ ਗੁਰੂ ਗੰ੍ਥ ਸਾਹਿਬ ਜੀ ਵਿਚਲੇ ਹੇਠ ਲਿਖੇ ਨੌ ਰਾਗ, ਰਾਗਮਾਲਾ ਵਿੱਚ ਨਹੀਂ ਹਨਃ- ਰਾਗ ਮਾਝ, ਬਿਹਾਗੜਾ, ਵਡਹੰਸ, ਜੈਤਸਰੀ, ਤੁਖਾਰੀ ਰਾਮਕਲੀ, ਮਾਲੀ ਗਉੜਾ, ਪ੍ਰਭਾਤੀ, ਜੈਜਾਵੰਤੀ।

ਸਾਰ ਇਹ ਹੈ ਕਿ ਰਾਗਮਾਲਾ ਪੁਰਾਤਨ ਲਿਖਤਾਂ ਅਨੁਸਾਰ ਅਤੇ ਹਿੰਦੀ ਦੇ ਨਵੇ ਵਿਦਵਾਨਾਂ ਦੀਆਂ ਰਚਨਾਵਾਂ ਮੁਤਾਬਕ ਆਲਮ ਦੀ ਰਚਨਾ ਹੈ ਤੇ ਉੱਥੋਂ ਹੀ ਸ੍ਰੀ ਗੁਰੂ ਗੰ੍ਥ ਸਾਹਿਬ ਵਿੱਚ ਚੜ੍ਹਾਈ ਗਈ ਹੈ। ਜਿਵੇਂ ਕਿ ਗੁਰਬਚਨ ਸਿੰਘ ਤਾਲਿਬ ਅਤੇ ਸਿੱਖ ਇਨਸਾਈਕਲੋਪੀਡੀਆ ਦੇ ਸੰਪਾਦਕ ਪ੍ਰੋ: ਹਰਬੰਸ ਸਿੰਘ ਨੇ ਵੀ ਇਸ ਨੂੰ ਗੁਰਬਾਣੀ ਨਹੀਂ ਮੰਨਿਆ ਇਸ ਲਈ ਪ੍ਰਾਚੀਨ ਤੋਂ ਨਵੀਨਾਂ ਤੱਕ ਇਹੋ ਮੱਤ ਪ੍ਰਗਟਾਇਆ ਜਾਂਦਾ ਰਿਹਾ ਹੈ ਕਿ ਰਾਗਮਾਲਾ ਗੁਰਬਾਣੀ ਨਹੀਂ।



www.AKJ.Org

# ਅੰਤਿਕਾ ਨੰਬਰ ੧

## ਗਿਆਨੀ ਨਰੈਣ ਸਿੰਘ ਮਜੰਗਾਂ ਵਾਲੇ (ਲਾਹੌਰ)

ਗਿਆਨੀ ਨਰੈਣ ਸਿੰਘ ਮਜੰਗਾਂ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟੀਕੇ ਦੀ ਭੂਮਿਕਾ ਵਿਚ ਪੁਰਾਤਨ ਬੀੜਾਂ ਦੇ ਲਿਖਣ ਅਤੇ ਛਾਪਣ ਬਾਰੇ ਵੀ ਹਾਲਾਤ ਲਿਖੇ ਹਨ। ਉਨ੍ਹਾਂ ਨੇ ਆਪਣੇ ਟੀਕੇ ਵਿਚ ਨਵੇਂ ਬਣੇ ਚੀਫ ਖਾਲਸਾ ਦੀਵਾਨ ਦੀ ਧਾਰਮਿਕ ਪਾਲਸੀ ਬਾਰੇ ਵੀ ਟਕੋਰਾਂ ਕੀਤੀਆਂ ਹਨ ਕਿ ਇਹ ਦੀਵਾਨ ਪਹਿਲਾਂ ਪਹਿਲ ਰਾਗਮਾਲਾ ਦਾ ਵਿਰੋਧੀ ਸੀ। ਜਿਸ ਦੀ ਤਸਦੀਕ ਚੀਫ ਖਾਲਸਾ ਦੀਵਾਨ ਦੇ ਫੈਸਲਿਆਂ ਅਤੇ ਅਖ਼ਬਾਰਾਂ ਤੋਂ ਹੁੰਦੀ ਹੈ।

।(ਪਹਿਲੇ ਪਹਿਲ ਤਾਂ ਚੀਫ ਖਾਲਸਾ ਦੀਵਾਨ ਦੇ ਮੈਂਬਰਾਂ
ਦੀ ਭੀ ਏਹੋ ਰਾਇ ਸੀ, ਜੋ ਰਾਗ ਮਾਲਾ ਗੁਰੂ ਜੀ ਦੀ ਬਾਣੀ ਨਹੀਂ ਹੈ, ਇਸ ਦੇ
ਪੜ੍ਹਨ ਦਾ ਕੋਈ ਫਲ ਨਹੀਂ, ਅਤੇ ਨਾਂ ਪੜ੍ਹਨ ਦਾ ਪਾਪ ਭੀ ਨਹੀਂ ਹੈ

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਛਪਣਾ

। ਸੰਮਤ ੧੯੧੬-੧੭
ਬਿਕ੍ਰਮੀ ਵਿਚ ਕੋਹਿਨੂਰ ਪ੍ਰੈਸ ਲਾਹੌਰ ਦਰਵਾਜ਼ਾ ਸ਼ੇਰਾਂ ਦੇ ਮਾਲਕ
ਲਾਲਾ ਹਰ ਸੁਖ ਰਾਇ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛਾਪਣ ਦੀ
ਸਲਾਹ ਕੀਤੀ, ਉਨ੍ਹਾਂ ਨੇ ਸ੍ਰੀ ਅਕਾਲ ਤਖਤ ਜੀ ਆਣਕੇ ਪੰਥ ਪਾਸ
ਬੇਨਤੀ ਕੀਤੀ–"ਦਾਸ ਦੀ ਇਛਾ ਹੈ, ਜੋ ਸ੍ਰੀ ਗੁਰੂ ਗ੍ਰੰਥ ਜੀ ਛਾਪੇ ਜਾਵਨ,
ਪੰਥ ਦਾਸ ਨੂੰ ਹੁਕਮ ਦੇਵੇ ਜੋ ਕੇਹੜੀ ਬੀੜ ਛਾਪੀ ਜਾਵੇ? ਅਰਥਾਤ ਭਾਈ
ਗੁਰਦਾਸ ਜੀ ਵਾਲੀ ਬੀੜ, ਭਾਈ ਬੰਨੋ ਵਾਲੀ ਬੀੜ, ਦਮਦਮੇ ਸਾਹਿਬ ਵਾਲੀ
ਬੀੜ, ਇਹ ਤਿੰਨ ਬੀੜਾਂ ਬਹੁਤ ਪ੍ਰਚਲਤ ਹਨ। ਲਿਖਾਰੀ ਲੋਕ ਬਹੁਤਾ ਦੋਹਾਂ
ਬੀੜਾਂ ਦੇ ਉਤਾਰੇ ਕਰਕੇ ਦੇਂਦੇ ਹਨ, ਤੀਜੀ ਭਾਈ ਗੁਰਦਾਸ ਜੀ ਵਾਲੀ ਬੀੜ ਦੇ
ਉਤਾਰੇ ਘਟ ਹੋਏ ਹਨ, ਪਰ ਪੰਥ ਦਾਸ ਨੂੰ ਜੇਹੜੀ ਬੀੜ ਦੀ ਆਗਿਆ ਦੇਵੇ,
ਓਹੀ ਛਾਪ ਦੇਵੇਗਾ।" ਉਸ ਵੇਲੇ ਪੰਥ ਵਿਚ ਇਸ ਗਲ ਤੇ ਵੀਚਾਰ ਹੋਈ, ਪਰ ਅੰਤ
ਫੈਸਲਾ ਹੋਯਾ ਜੋ ਤਿੰਨਾਂ ਬੀੜਾਂ ਦੇ ਨਾਮ ਵੱਖੋ ਵੱਖਰੇ ਕਾਗਤਾਂ ਤੇ ਲਿਖਕੇ ਸਰੋਵਰ
ਵਿਚ ਪਾ ਦਿਓ, ਜੇਹੜਾ ਕਾਗਤ ਤਰ ਆਵੇ, ਉਸ ਬੀੜ ਨੂੰ ਛਾਪ ਦਿੱਤਾ ਜਾਏ।
ਇਸੇ ਫੈਸਲੇ ਅਨੁਸਾਰ ਕਾਗਤ ਲਿਖਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ
ਅਰਦਾਸਾ ਸੋਧਕੇ, ਕਾਗਤ ਹਰ ਕੀ ਪੌੜੀ ਪ੍ਰਵਾਹ ਦਿੱਤੇ ਗਏ। ਪਹਿਲੇ ਤਾਂ ਉਹ
ਤਿੰਨੇ ਕਾਗਤ ਸਰੋਵਰ ਵਿਚ ਟੱਬੀ ਮਾਰ ਗਏ, ਫਿਰ ਦੋ ਘੰਟੇ ਤੋਂ ਮਗਰੋਂ ਇਕ
ਕਾਗਤ ਉਪਰ ਤਰ ਆਯਾ। ਪੰਥ ਦੇ ਹੁਕਮ ਅਨੁਸਾਰ ਇਕ ਸਿੰਘ ਨੇ ਉਹ ਕਾਗਤ
ਲਿਆਕੇ ਦੀਵਾਨ ਦੇ ਵਿਚ ਹਾਜ਼ਰ ਕੀਤਾ, ਉਸਨੂੰ ਖੋਲਕੇ ਪੜ੍ਹਿਆ ਤਾਂ ਲਿਖਿਆਸੀ:–

### 'ਦਮਦਮੇ ਸਾਹਿਬ ਜੀ ਵਾਲੀ ਬੀੜ ਛਪੇ*'

ਬੱਸ! ਇਸ ਹੁਕਮ ਨੂੰ ਪ੍ਰਵਾਨ ਕੀਤਾ ਗਿਆ, ਅਤੇ ਸ੍ਰੀ ਦਮਦਮੇ ਸਾਹਿਬਜੀ
ਵਾਲੀ ਬੀੜ ਛਪਣ ਲੱਗੀ। ਸਭ ਤੋਂ ਪਹਿਲੀ ਛਪੀ ਬੀੜ ਨੂੰ ਭਾਈ ਤਾਰਾ ਸਿੰਘ
ਜੀ ਲਿਖਾਰੀ (ਭਾਈ ਸਾਹਿਬ ਐਸ. ਐਸ. ਲਾਹੌਰਾ ਸਿੰਘ ਜੀ ਦੇ ਪਿਤਾ ਜੀ) ਨੇ
ਲਿਖਿਆ ਸੀ। ਇਹ ਬੀੜ ਸੰਮਤ ੧੯੨੧-੨੨ ਬਿ: ਵਿਚ ਛਪੀ ਸੀ।

(੨) ਬੁਰਜ ਵਾਲੀ ਬੀੜ–(ਇਹ ਬੁਰਜ ਬਾਬਾ ਆਲਾ ਸਿੰਘ ਜੀ ਪਟਿਆਲਾ
ਵਿਚ ਸੋਭਦੀ ਹੈ), ਇਸ ਵਿਚ ਦਮਦਮੇ ਸਾਹਿਬ ਜੀ ਦੀ ਬੀੜ ਨਾਲੋਂ
ਇਕ ਏਹੀ ਫਰਕ ਹੈ, ਜੋ ਇਸਦੇ ਅੰਤ ਵਿਚ ਰਾਗਮਾਲਾ ਨਹੀਂ ਹੈ,
ਇਸ ਦੇ ਉਤਾਰੇ ਭੀ ਕਿਤੇ, ੨ ਦਰਸ਼ਨ ਦੇਂਦੇ ਹਨ।



www.AKJ.Org

## ਅੰਤਿਕਾ ਨੰਬਰ ੨

**ਪੰਥ ਸੇਵਕ**

### ਚੀਫ਼ ਖਾਲਸਾ ਦੀਵਾਨ ਤੇ ਰਾਗਮਾਲਾ

੧੭ਅਕਤੂਬਰ੧੯੧੭ ਪੰਥਸੇਵਕ ਲਾਹੌਰ

(ੲ) ਸੰਨ ੧੯੦੭ ਵਿਚ ਜਦਕਿ ਪੁਲਿਸ ਫੋਰ ਦੁਆਰਾ ਡੀਪੂ ਕੁਆਲਾ ਲੰਪਰ ਵਿਚ ਭੋਗ ਦੇ ਸਮੇਂ ਰਾਗਮਾਲਾ ਦੇ ਨਾ ਪੜ੍ਹਨ ਦੀ ਬਾਬਤ ਰੌਲਾ ਪਿਆ ਜਿਸ ਦੀ ਬਾਬਤ ਇਹ ਨੌਬਤ ਕਪਤਾਨ ਗ੍ਰਾਹਮ ਸਾਹਿਬ ਜੀ ਤਕ ਪਹੁੰਚੀ ਅਤੇ ਇਸ ਕਪਤਾਨ ਸਾਹਿਬ ਨੇ ਚੀਫ਼ ਖਾਲਸਾ ਦੀਵਾਨ ਦੇ ਦਫ਼ਤਰ ਵਿਚੋਂ ਫ਼ੈਸਲਾ ਮੰਗਵਾਇਆ ਸੀ ਉਹ ਫ਼ੈਸਲਾ ਇਹ ਸੀ ਕਿ ਰਾਗਮਾਲਾ ਗੁਰਬਾਣੀ ਨਹੀ ਹੈ। ਇਹ ਚਿਠੀ ਅਜ ਮੌਜੂਦ ਹੈ।

(ਅ) ਸੰਨ ੧੯੧੦ ਵਿਚ ਗੁਰਦੁਆਰਾ ਪੁਨੈਂਗ (ਚੂਨਾ) ਪੇਰਾਕ ਵਿਚ ਭੋਗ ਦੇ ਸਮੇਂ ਇਹੋ ਸਵਾਲ ਛਿੜਿਆ ਅਤੇ ਇਸ ਸਵਾਲ ਦੀ ਨੌਬਤ ਝਗੜੇ ਤਕ ਪੌਂਹਚੀ ਜਿਸ ਵਿਚ ਕਈ ਸਿੰਘ ਸਭਾ ਦੇ ਪਰੇਮੀ ਅਤੇ ਕਈ ਅਨਮਤੀ ਖਾਲਸਾ ਜੀ ਫਟੜ ਹੋਏ ਅਤੇ ਪੋਲੀਸ ਨੂੰ ਇੰਤਜ਼ਾਮ ਕਰਨ ਵਾਸਤੇ ਆਪ ਪੈਣਾ ਪਿਆ ਅਤੇ ਮੁਕਦਮਾ ਹਾਈ ਕੋਰਟ ਪੌਹਚਕੇ ਫੈਸਲਾ ਹੋਯਾ।

(ਸ) ਭਾਈ ਪਾਲ ਸਿੰਘ ਪਰਚਾਰਕ ਮਲਾਇਆ ਦੀਵਾਨ ਜੋ ਕਿ ਵਿਦਿਆਲਾ ਤਰਨ ਤਾਰਨ ਤੋਂ ਇਸ ਟਾਪੂ ਵਿਚ ਚੀਫ ਖਾਲਸਾ ਦੀਵਾਨ ਦੀ ਮਾਰਫਤ ਮੰਗਵਾਇਆ ਗਿਆ ਸੀ ਅਤੇ ਕਰੀਬਨ ਛੇ ਸਾਲ ਦੇ ਅਰਸੇ ਤੋਂ ਇਸ ਟਾਪੂ ਵਿਚ ਸਿੰਘ ਸਭਾ ਦਾ ਪਰਚਾਰ ਕਰ ਰਹੇ ਹਨ ਅਤੇ ਕਈ ਦੀਵਾਨਾਂ ਪਰ ਇਹਨਾਂ ਨੇ ਇਸੇ ਵਿਸ਼ੇ ਪਰ ਹੀ ਜ਼ੋਰ ੨ ਨਾਲ ਪਰਚਾਰ ਕੀਤਾ ਹੈ ਕਿ ਰਾਗ ਮਾਲਾ ਗੁਰਬਾਣੀ ਨਹੀ ਹੈ॥

ਪੰਥ ਦਾ ਦਾਸ—ਈਸ਼ਰ ਸਿੰਘ
ਟਾਪੂ ਕੁਆਲਾਲੰਪਰ

—o—

੧੦ਅਕਤੂਬਰ੧੯੧੭ ਪੰਥਸੇਵਕ ਲਾਹੌਰ

### ਸ੍ਰੀ ਗੁਰੂ ਸਿੰਘ ਸਭਾ ਬਾਗਵਾਨਪੁਰਾ ਲਾਹੌਰ ਤੇ ਰਾਗਮਾਲਾ

ਇਸਦਾ ਸਬੰਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਬਾਣੀ ਨਾਲ ਕੋਈ ਨਹੀ ਹੈ ਇਸ ਵਾਸਤੇ ਇਸਨੂੰ ਨਹੀ ਪੜ੍ਹਨਾ ਚਾਹੀਦਾ, ਭਾਈ ਵੀਰਸਿੰਘ ਆਪ ਰਾਗਮਾਲਾ ਦੇ ਖਿਲਾਫ਼ ਸਿੰਘ ਸਭਾਵਾਂ ਦੇ ਪਾਸ ਕੀਤੇ ਹੋਏ ਗੁਰਮਤੇ ਛਾਪਦਾ ਰਿਹਾ ਅਰ ਇਸਦਾ ਪਰਚਾਰ ਕਰਦਾ ਰਿਹਾ ਏਥੋਂ ਤਕ ਕਿ ਸ੍ਰੀ ਗੁਰੂ ਸਿੰਘ ਸਭਾ ਨੈਰੋਬੀ (ਅਫਰੀਕਾ) ਨੇ ਤਾਂ ਰਾਗਮਾਲਾ ਦਾ ਫ਼ੈਸਲਾ ਕਿ ਇਹ ਗੁਰਬਾਣੀ ਨਹੀ ਅਰ ਕਿਸੇ ਨੇ ਪਿਛੋਂ ਬੀੜ ਲਿਖ ਦਿਤੀ ਹੈ ਅਦਾਲਤ ਦੇ ਜ਼ਰੀਏ ਕਰਵਾਯਾ ਹੋਯਾ ਹੈ ਸਿੰਘ ਸਭਾ ਨੈਰੋਬੀ ਚੀਫ਼ ਖਾਲਸਾ ਦੀਵਾਨ ਨਾਲ ਹੀ ਸਬੰਧਤ ਹੈ! ਫਿਰ ਪਤਾ ਨਹੀ ਇਹ

ਦਾਸ—ਕਰਤਾਰਸਿੰਘ ਮੀਤ ਜਥੇਦਾਰ
ਸ੍ਰੀ ਗੁਰੂ ਸਿੰਘ ਸਭਾ ਬਾਗਵਾਨਪੁਰਾ
(ਲਾਹੌਰ)

—o—



www.AKJ.Org

# ਅੰਤਿਕਾ ਨੰਬਰ ੩

**ਪੰਥ ਸੇਵਕ**

੫ ਜੁਲਾਈ ੧੯੧੯ — ਪੰਥ ਸੇਵਕ ਲਾਹੌਰ

## ਨਾਭੇ ਵਿਚ ਅਦਭੁਤ ਨਜ਼ਾਰਾ

## ਸਿਆਲਕੋਟ ਦੀ ਫੌਜ ਦੀ ਜੰਗ ਨੂੰ ਰਵਾਨਗੀ

### ਸ੍ਰੀ ੧੦੮ ਹਜ਼ੂਰ ਨਾਭਾ ਨਰੇਸ਼ ਜੀ ਦਾ ਆਪਣੀ ਫੌਜ ਨੂੰ ਸੰਦੇਸ਼ਾ

**ਅਖੰਡ ਪਾਠ ਦਾ ਭੋਗ**

ਏਸ ਦਿਨ ਤੋਂ ਪਹਿਲਾਂ ਫੌਜੀ ਸਿੰਘਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਅਖੰਡ ਪਾਠ ਦਾ ਭੋਗ ਪੈ ਚੁਕਾ ਸੀ। ੨੦ ਜੂਨ ਦੀ ਸਵੇਰ ਨੂੰ ਸਰਕਾਰ ਨਾਭਾ ਵਲੋਂ ਛਾਵਨੀ ਦੀ ਸਿੰਘ ਸਭਾ ਦੇ ਆਲੀਸ਼ਾਨ ਅਸਥਾਨ ਵਿਚ ਅਖੰਡ ਪਾਠ ਦਾ ਭੋਗ ਪਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਯਾ ਤੇ ਦੀਵਾਨ ਸਜਿਆ, ਜਿਸ ਵਿਚ ਫੌਜ ਤੇ ਰਿਸਾਲੇ ਦੇ ਸੈਂਕੜੇ ਸਿਪਾਹੀ, ਸ਼ਹਿਰ ਦੇ ਆਮ ਲੋਕ, ਚੀਫ਼ ਸੈਕ੍ਰੇਟਰੀ, ਹੋਮ ਮਿਨਿਸਟਰ, ਹਾਈ ਕੋਰਟ ਦੇ ਜੱਜ, ਪ੍ਰਾਈਵੇਟ ਸੈਕ੍ਰੇਟਰੀ, ਸਾਹਿਬ, ਫੌਜੀ ਅਫ਼ਸਰ [illegible] ਫੌਜ, ਹਜ਼ੂਰ ਮੇਂਟ ਸਾਹਿਬ ਵਲੋਂ ਆਏ ਹੋਏ ਚਾਰ [illegible] ਅਫ਼ਸਰ ਤੇ ਹੋਰ ਬਹੁਤ ਸਾਰੇ ਵਡੇ ਵਡੇ ਰਿਆਸਤੀ ਅਹਿਲਕਾਰ ਹਾਜ਼ਰ ਸਨ। ਅੰਮ੍ਰਿਤ ਵੇਲੇ ਹੀ ਸ੍ਰੀ ੧੦੮ ਹਜ਼ੂਰ ਅਟੱਲ ਪ੍ਰਤਾਪੀ ਮਾਲਵਿੰਦ੍ਰ ਬਹਾਦੁਰ ਜੀ ਆਣ ਦੀਵਾਨ ਵਿਚ ਅੱਤ ਪ੍ਰੇਮ ਨਾਲ ਸ਼ੋਭਿਤ ਹੋਏ। ਏਸ ਵੇਲੇ ਸ੍ਰੀ ੧੦੮ ਹਜ਼ੂਰ ਜੀ ਦਾ ਆਪਣੇ ਸਤਿਗੁਰੂ ਦੇ ਦਰਬਾਰ ਵਿਚ ਆਪਣਾ ਮੁਬਾਰਕ ਮਸਤਕ ਝੁਕਾਂਦੇ ਸੰਗਤ ਦੇ ਦਰਮਿਆਨ ਪੂਰੇ ਸਿੱਖੀ ਪ੍ਰੇਮ ਨਾਲ ਵੇਖਣਾ ਅਜੇਹਾ ਨਜ਼ਾਰਾ ਸੀ ਜੋ ਦਰਸ਼ਕਾਂ ਦੇ ਦਿਲਾਂ ਉਤੇ ਸਿੱਖੀ ਦੇ ਮਹਾਨ ਉੱਚੇ ਅਸੂਲਾਂ ਤੇ ਸ੍ਰੀ ੧੦੮ ਹਜ਼ੂਰ ਜੀ ਦੀ ਦਿਲੀ ਪਵਿੱਤ੍ਰਤਾ ਦਾ ਅਸਰ ਬਿਠਾਏ ਬਿਨਾਂ ਨਹੀਂ ਰਹਿ ਸਕਦਾ ਸੀ। ਏਸ ਦੀਵਾਨ ਵਿਚ ਸਾਰੀ ਸੰਗਤ ਦੀ ਗਿਣਤੀ ਹਜ਼ਾਰਾਂ ਤਕ ਪਹੁੰਚ ਗਈ ਸੀ। ਸਾਢੇ ਛੇ ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਮੁੰਦਾਵਣੀ ਪਰ ਪਾਯਾ ਗਿਆ ਤੇ ਅਰਦਾਸਾ ਸੋਧਿਆ ਗਿਆ।

---

[illegible] ੧੩ ਫਰਵਰੀ ੧੯੧੯

ਸੀ। ਇਸ ਦੀਵਾਨ ਦਾ ਉਪਦੇਸ਼ਕ ਈਸ਼ਰ ਸਿੰਘ ਜੀ ਸੰਨ ੧੯੦੪ ਵਿਚ ਖਾਸ ਖਾਸ ਦੀਵਾਨ ਪਰ ਆਇਆ। ਏਥੇ ਤਿਨ ਦਿਨ ਪ੍ਰਚਾਰ ਹੋਯਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪੈਣ ਸਮੇਂ ਪਰ ਰਾਗਮਾਲਾ ਪੜ੍ਹਨ ਵੇਲੇ ਉਸ ਨੇ ਉਠ ਕੇ ਉਪਦੇਸ਼ ਕੀਤਾ ਕਿ ਇਹ ਗੁਰਬਾਣੀ ਨਹੀਂ ਇਹ ਨਹੀਂ ਪੜ੍ਹਨੀ ਚਾਹੀਦੀ, ਇਹ ਇਕ ਕਵੀ ਆਲਮ ਦੀ ਕ੍ਰਿਤ ਹੈ ਪਿਛੋਂ ਕਿਸੇ ਨੇ ਕੁਲੇਖੇ ਨਾਲ ਚਾਲਾਕੀ ਗਲਾਂ ਏਂਗ ਲਿਖ ਛਡੀ ਹੈ, ਇਹ ਬੀੜ ਵਿਚ ਨਹੀਂ। ਇਸ ਤੋਂ ਮਗਰੋਂ ਸੰਨ ੧੯੦੪ ਦੇ ੩੦ ਤੇ ੩੧ ਦਸੰਬਰ ਅਤੇ ਜਨਵਰੀ ੧ (੧੯੦੫) ਨੂੰ ਕਲਕੱਤੇ ਗੁਰੂ ਕੇ ਬਾਗ ਵਿਚ ਦੀਵਾਨ ਲੱਗਾ। ਪ੍ਰੈਜ਼ੀਡੈਂਟ ਸਰਦਾਰ ਧਰਮ ਸਿੰਘ ਜੀ [illegible] ਸਰਦਾਰ [illegible] ਸਿੰਘ [illegible] ਦੇ ਭੀ ਸ਼ਾਮਲ ਸਨ। ਜੋਗ ਅਕਾਲੀ ਤੇਜਾ ਸਿੰਘ ਨੇ ਪਾਠੀਆਂ ਨੂੰ [illegible] ਭੀ ਰਾਗਮਾਲਾ ਨ ਪੜ੍ਹੀ ਗਈ ਅਰ ਇਸ ਦੇ ਵਿਰੁਧ ਪ੍ਰਚਾਰ ਕੀਤਾ ਗਿਆ।


ਦਿਸਦਾ ਸਾਰਾ ਪ੍ਰਬੰਧ ਉਸੇ ਭਾਈ ਵੀਰ ਸਿੰਘ ਗੁਰਦੇਵ ਗੜ੍ਹੀਏ ਦੇ ਹੱਥ ਵਿਚ ਰਹਿਆ। ਉਸ ਵਕਤ ਕਲਕੱਤੇ [illegible] ਸੀ। ਸ੍ਰੀ ੧੦੮ ਹਜ਼ੂਰ ਮਾਲਵੇਂਦ੍ਰ ਮਹਾਰਾਜਾ ਬਹਾਦਰ ਰਿਪੁਦਮਨ ਸਿੰਘ ਸਾਹਿਬ ਨਾਭਾ ਭੀ ਏਥੇ ਤਸ਼ਰੀਫ਼ ਲਿਆਏ ਹੋਏ ਸਨ ਤੇ ਸਭ ਇਕੱਠ ਵਿਚ ਸ਼ਾਮਲ ਸਨ। [illegible]

[ਹਰਨਾਮ ਸਿੰਘ [illegible]
ਖਾਲਸਾ ਦੀਵਾਨ ਕਲਕੱਤਾ



www.AKJ.Org

# ਅੰਤਿਕਾ ਨੰਬਰ ੪



# ਪੰਥ ਸੇਵਕ

੨੭ ਫਰਵਰੀ ੧੯੧੯ ਈ:

ਰਾਗਮਾਲਾ ਦਾ ਮਾਮਲਾ ਮੁੱਕ ਚੁਕਾ ਹੈ ਇਸ ਝਗੜਾ ਵਿਚ ਇਹ ਸਾਬਤ ਹੋ ਗਿਆ ਹੈ ਕਿ ਰਾਗਮਾਲਾ ਗੁਰਬਾਣੀ ਨਹੀਂ ਕਚੀ ਬਾਣੀ ਹੈ ਤੇ ਕਿਸੇ ਪ੍ਰੇਮੀ ਨੇ ਆਪਣੇ ਆਪ ਹੀ ਚਾਲਾਕੂ ਚਾਹਵਾਨਾਂ ਤੋਂ ਤੋਰ ਬੀੜ ਦੇ ਅੰਤ ਲਿਖ ਛਡਿਆ ਸੀ ਪਰ ਵਿਦਵਾਨਾਂ ਨੇ ਇਸਦੀ ਅਸਲੀਅਤ ਲਭ ਲਈ ਸੀ ਅਤੇ ਪੜ੍ਹਨੀ ਛਡ ਦਿਤੀ ਸੀ। ਹੋਮ ਰੂਲ ਗਜ਼ਟ ਅਤੇ ਖ਼ਾਲਸਾ ਸਮਾਚਾਰ ਨੇ ਇਸ ਦਾ ੨੦ ਵਰ੍ਹੇ ਪ੍ਰਚਾਰ ਕੀਤਾ ਤਾਂ ਹੁਣ ਬਹੁਤੀ ਵਿਚ ਆਕੇ ਕਈ ਬੇਅਸੂਲੇ ਫੇਰ ਪੜ੍ਹਨ ਲਗ ਪਏ ਪਰ ਦਾਕਦਲਾਹੌਰ ਆਪਣੇ ਅਸੂਲ ਤੇ ਬਦਸਤੂਰ ਕਾਇਮ ਹਨ। ਮਿਸਾਲ ਦੇ ਤੌਰ ਤੇ ਹੇਠ ਇਕ ਸਭਾ ਦੇ ਨਾਮ ਪੇਸ਼ ਕਰਦੇ ਹਾਂ।

(੧) ਸ੍ਰੀਮਾਨ ਮਾਸਟਰ ਕਰਤਾਰ ਸਿੰਘ ਜੀ ਐਮ. ਏ. ਖ਼ਾਲਸਾ ਹਾਈ ਸਕੂਲ ਲਾਇਲਪੁਰ ਦੇ ਹੈਡ ਮਾਸਟਰ ਹਨ ਤੇ ਗੁਰਬਾਣੀ ਦੇ ਜਾਣਕਾਰ ਤੇ ਗੁਰ ਇਤਿਹਾਸ ਦੇ ਚੰਗੇ ਮਾਹਰ ਹਨ। ੧੦ ਫਰਵਰੀ ਨੂੰ ਆਪਦੇ ਘਰ ਖੁਸ਼ੀ ਹੋਣ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਿਆ। ਲਾਇਲਪੁਰ ਦੀ ਬੇਅੰਤ ਸੰਗਤ ਇਕਤ੍ਰ ਸੀ। ਭੋਗ ਮੁੰਦਾਵਣੀ ਤੇ ਪਾਇਆ ਗਿਆ ਅਰ ਰਾਗਮਾਲਾ ਕਚੀ ਬਾਣੀ ਸਮਝ ਕੇ ਤਰਕ ਕੀਤੀ ਗਈ। ਕਿਸੇ ਭੀ ਦੀਵਾਨੀਏ ਨੇ ਇਤ੍ਰਾਜ਼ ਨ ਕੀਤਾ। ਸੰਗਤ ਤੇ ਬਹੁਤ ਅਛਾ ਅਸਰ ਹੋਯਾ।

(੨) ਇਸੇ ਹੀ ਸ੍ਰੀਮਾਨ ਭਾਈ ਛਤ੍ਰ ਸਿੰਘ ਜੀ ਚੇਤਨ ਸਿੰਘ ਜੀ ਦੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਇਆਂ ਗਿਆ। ਇਨ੍ਹਾਂ ਦੇ ਘਰ ਬੀੜ ਭੀ ਖਾਲਸ ਸੀ ਅਰਥਾਤ ਰਾਗਮਾਲਾ ਜੈਸੀ ਕਚੀ ਬਾਣੀ ਤੋਂ ਬਿਨਾ ਸੀ ਕਿਸੇ ਭੀ ਉਜ਼ਰ ਨ ਕੀਤਾ ਅਰ ਸਭ ਨੇ ਪ੍ਰਸੰਨਤਾ ਪ੍ਰਗਟ ਕੀਤੀ।

(੩) ਭਾਈ ਮੋਹਨ ਸਿੰਘ ਜੀ ਦੇ ਘਰ ੨੨੨ ਚਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਇਆ ਗਿਆ ਖੁਸ਼ੀ ਦੇ ਜਲਸਾ ਦਾ ਸਮਾਗਮ ਸੀ। ਰਾਗਮਾਲਾ ਕਚੀ ਬਾਣੀ ਸਮਝ ਕੇ ਛਡ ਦਿਤੀ ਗਈ। ਭਾਈ ਮੋਹਨ ਸਿੰਘ ਜੀ ਨੇ ਸੰਗਤ ਦੇ ਸਾਹਮਣੇ ਆਪਣੀ ਭੁਲ ਬਖਸ਼ਾਈ ਕਿ ਮੈਂ ਏਹ ਬਾਣੀ ਗੁਰੂ ਜੀ ਕੇ ਗੁਰੂ ਭਰਮ ਵਿਚ ਫਸਿਆ ਹੋਇਆ ਸੀ। ਪਰ ਆਪ ਸੰਗਤ ਦੀ ਕਿਰਪਾ ਨਾਲ ਹੁਣ ਸਮਝ ਆਈ ਹੈ ਕਿ ਇਹ ਸਭ ਪਾਖੰਡ ਹੈ ਮੇਰੀ ਭੁਲ ਮਾਫ਼ ਕੀਤੀ ਜਾਵੇ ਮੈਂ ਅਗੇ ਨੂੰ ਇਸ ਪਖੰਡ ਤੋਂ ਬਚਦੇ ਰਹਾਂ ਗਾ।

(੪) ਚਕ ੪੦ ਵਿਚ ਸਰਦਾਰ ਸੁੰਦਰ ਸਿੰਘ ਦੇ ਘਰ ਭੋਗ ਪਿਆ ਅਖੰਡ ਪਾਠ ਦਾ। ਸੰਗਤ ਦੀ ਗਿਣਤੀ ਬਹੁਤ ਸੀ। ਰਾਗਮਾਲਾ ਬਿਲਕੁਲ ਨ ਪੜ੍ਹੀ ਗਈ ਇਨ੍ਹਾਂ ਭੋਗਾਂ ਤੋਂ ਪਾਠਕਾਂ ਨੂੰ ਵਿਸ਼ਵਾਸ ਹੋ ਸਕਦਾ ਹੈ ਕਿ ਬਹੁਤ ਸਾਰੇ ਥਾਂ ਦੱਸ ਸਕਦੇ ਹਾਂ ਜਿਥੇ ਰਾਗਮਾਲਾ ਨਹੀਂ ਪੜ੍ਹੀ ਗਈ ਅਰ ਬਿਨਾ ਰਾਗਮਾਲਾ ਬੀੜਾਂ ਆਮ ਪ੍ਰਾਪਤ ਹਨ ਇਨ੍ਹਾਂ ਸਭ ਬਾਤਾਂ ਤੋਂ ਸਾਬਤ ਹੈ ਕਿ ਰਾਗਮਾਲਾ ਦਾ ਮਾਮਲਾ ਨਿਪਟ ਗਿਆ ਹੈ।

[ਸੰਗਤ ਸਿੰਘ ਲੈਲਪੁਰ



www.AKJ.Org

# ਅੰਤਿਕਾ ਨੰਬਰ ੫

## ਪੰਥ ਸੇਵਕ

੫ ਸਤੰਬਰ ੧੯੨੬ ਪੰਥ ਸੇਵਕ ਲਾਹੌਰ

### ਰਾਗਮਾਲਾ ਤੇ ਗੁਰ ਫੁਰਮਾਨ

ਗੁਰੂ ਪੰਥ ਵਿਚ ਰਾਗਮਾਲਾ ਸੰਬੰਧੀ ਰੌਲਾ ਵੇਖਕੇ ਮੰਡਨ ਤੇ ਖੰਡਨ ਕਰਨ ਵਾਲਿਆਂ ਵਲੋਂ ਆਪੋ ਆਪਣੇ ਪਖਵਿਚ ਸਬੂਤ ਦੇਂਦੇ ਸੁਣਕੇ ਸਾਡੇ ਮਨ ਚਿੰਤਾ ਦੇ ਸਾਗਰ ਵਿਚ ਡੁਬ ਗਏ ਹਨ। ਇਸ ਦੁਖਨੂੰ ਦੂਰ ਕਰਨ ਲਈ ਸਾਨੂੰ ਸਚੇ ਸਤਿਗੁਰੂ ਦੀ ਸ਼ਰਣ ਲੈਣੀ ਪਈ ਕਿਉਂਕਿ ਜੇਕਰ ਤੇ ਰਾਗਮਾਲਾ ਗੁਰਬਾਣੀ ਹੋਈ ਤੇ ਅਸੀਂ ਪਖ ਵਿਚ ਕਚੀ ਕਹਿੰਦੇ ਰਹੇ ਤਾਂ ਗੁਰੂ ਤੋਂ ਬਿਮੁਖ ਹੋਏ ਜੇਕਰ ਪਖ ਵਿਚ ਗੁਰਬਾਣੀ ਕਹਿੰਦੇ ਰਹੇ ਤੇ ਅਸਲ ਵਿਚ ਕਚੀ ਹੋਈ ਤਦ ਭੀ ਕਚੀ ਬਾਣੀ ਨੂੰ ਗੁਰਬਾਣੀ ਕਹਿਣ ਕਰਕੇ ਗੁਰੂ ਤੋਂ ਬਿਮੁਖ ਹੋਏ। ਇਸ ਦੁਖ ਨੂੰ ਅਨਭਵ ਕਰਦੇ ਹੋਏ ਤਿਆਰ ਬਰਤਿਆਰ ਸਿੰਘਾਂ ਦੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਬੇਨਤੀ ਵਾਸਤੇ ਗਈ। ਹਥ ਜੋੜ ਬੇਨਤੀ ਕੀਤੀ ਕਿ ਹੇ ਸਚੇ ਪਾਤਸ਼ਾਹ ਜੀ ਆਪ ਇਸ ਗਲ ਦਾ ਨਿਰਣਾ ਕਰੋ ਕਿਉਂਕੇ ਅਸੀਂ ਸੰਸਾਰੀ ਜੀਵ ਆਪਦੀ ਗਤੀ ਨੂੰ ਕੀ ਜਾਣ ਸਕਦੇ ਹਾਂ। ਗੁਰਵਾਕ ਤੇਰੀ ਗਤਿ ਮਿਤ ਤੂੰਹੀਂ ਜਾਣੇਂ ਅਉਰ ਨ ਦੂਜਾ ਜਾਣੇ ਜਿਸਨੂੰ ਕਿਰਪਾ ਕਰੇ ਮੇਰੇ ਪਿਆਰੇ ਸੋਈ ਤੁਝੈ ਪਛਾਣੇ। ਇਸ ਬੇਨਤੀ ਤੇ ਅਰਥਾਤ ਅਰਦਾਸੇ ਦੇ ਉਤਰ ਵਿਚ ਏਹ ਫੁਰਮਾਨ ਆਇਆ:—

ਧਨਾਸਰੀ ਮਹਲ ੫। ਚਤੁਰ ਦਿਸਾ ਕੀਨੋ ਬਲ ਅਪਣ ਸਿਰ ਉਪਰ ਕਰ ਧਾਰਿਓ ਕ੍ਰਿਪਾ ਕਟਾਖ ਅਵਲੋਕਨ ਕੀਨੋ ਦਾਸ ਕਾ ਦੁਖ ਬਿਦਾਰਿਓ ਹਰਜਨ ਰਾਖੇ ਗੁਰੂ ਗੋਬਿੰਦ। ਕੰਠ ਲਾਇ ਅਵਗੁਣ ਸਬ ਮੇਟੇ ਦਿਆਲ ਪੁਰਖ ਬਖਸੰਦ। ਜੋ ਮਾਂਗੇ ਠਾਕਰ ਅਪਣੇ ਤੇ ਸੋਈ ਸੋਈ ਦੇਵੇ। ਨਾਨਕ ਦਾਸ ਮੁਖ ਤੇ ਜੋ ਬੋਲੇ ਈਹਾਂ ਊਹਾਂ ਸਚੁ ਹੋਵੇ ॥

ਸੰਗਤ ਦੇ ਹੁਕਮ ਤੇ ਰ[illegible] ਸਿੰਘ ਹੋਰਾਂ ਨੇ ਉਨ੍ਹਾਂ ਚਿਠੀਆਂ ਵਿਚੋਂ ਜੋ ਕਿ ਗੁਰੂ ਸਾਹਿਬ ਦੀ ਮੰਜੀ ਸਾਹਿਬ ਉਤੇ ਗੁਰੂ ਸਾਹਿਬ ਦੀ ਦੇਹ ਹੇਠਾਂ ਰਖੀਆਂ [illegible] ਜਿਨ੍ਹਾਂ ਦਾ ਵੇਰਵੇ ਵਖ ਲੇਖ ਏਹ ਸੀ ਇਕ ਉਤੇ:—ਰਾਗਮਾਲਾ ਗੁਰੂ ਬਾਣੀ ਸਚੀ ਬਾਣੀ ਹੈ। ਦੂਜੀ ਉਤੇ:—ਰਾਗਮਾਲਾ ਗੁਰੂਬਾਣੀ ਨਹੀਂ ਕਚੀ ਬਾਣੀ ਹੈ। ਇਕ ਚੁਕੀ ਜੋ ਏਹ ਸੀ ਕਿ ਰਾਗਮਾਲਾ ਗੁਰੂ ਬਾਣੀ ਨਹੀਂ ਕਚੀ ਬਾਣੀ ਹੈ ਸੋ ਅਪਣੇ ਅਰਦਾਸੇ ਤੇ ਭਰੋਸਾ ਰਖਦੇ ਹੋਏ ਇਸ ਗਲ ਦੇ ਅਸੀਂ ਕਾਇਲ ਹਾਂ ਤੇ ਗੁਰਮਤ ਖੋਜੀਆਂ ਤੇ ਸਮੂਹ ਗੁਰੂ ਪੰਥ ਅਗੇ ਬੇਨਤੀ ਕਰਦੇ ਹਾਂ ਕਿ ਇਸ ਜ਼ਾਹਰੀ ਕਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਾਇਲ ਹੋਵੇ। ਸੰਗਤ ਵਿਚ ਹੇਠ ਲਿਖੇ ਸਿੰਘ ਆਦਿਕ ਹਾਜ਼ਰ ਸਨ:—

੧ ਭਾਈ ਗੁਰਮੁਖ ਸਿੰਘ ਜੀ ਉਪਦੇਸ਼ਕ ਲਾਹੌਰ ੨ ਭਾਈ ਕਰਤਾਰ ਸਿੰਘ ਜੀ ਗਰੰਥੀ ਸ੍ਰੀ ਗੁਰੂ ਸਿੰਘ ਸਭਾ ਲੰਡਾ ਬਾਜ਼ਾਰ ੩ ਭਾਈ ਦਿਆਲ ਸਿੰਘ ਸਪੁਤ੍ਰ ਸ: ਲਾਲ ਸਿੰਘ ੪ ਭਾਈ ਦੇਵਾ ਸਿੰਘ ਜੀ ਲਾਹੌਰ। ੫ ਰਾਜਿੰਦਰ ਸਿੰਘ

ਦਾਸ—ਹੁਕਮ ਸਿੰਘ ਜਾਗੀਰਦਾਰ
ਬੁਟਾਹਰੀ



www.AKJ.Org

# ਅੰਤਿਕਾ ਨੰਬਰ ੬

COPY OF LETTER FROM SRI AKAL TAKHAT SAHIB, AMRITSAR

੧ ੴ ਸਤਿਗੁਰ ਜੀ ਕੀ ਫਤਹ ॥

ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ.

Shiromani Gurdwara Parbandhak Committee, Amritsar.

ਤੇਜਾ ਸਿੰਘ ਸਮੁੰਦਰੀ ਹਾਲ,

ਨੰਬਰ 31321 / ਦ:੧ ਸ੍ਰੀ ਅੰਮ੍ਰਿਤਸਰ 4-9-70

ਸ: ਪਰਧਮਨ ਸਿੰਘ ਸਹਾਏ,
22 ਪੀਅਰਸਨ ਰੋਡ ਸੋਰਨ ਬਲੌਕ,
ਕੈਂਟ ਯੂ.ਕੇ.

ਪ੍ਰਕਰਨ :- ਧਾਰਮਕ ਪ੍ਰਸ਼ਨਾਂ

ਸ੍ਰੀ ਮਾਨ ਜੀ,

ਆਪ ਜੀ ਦਾ ਪਤ੍ਰ ਮਿਤੀ 21-8-70 ਦੇ ਸੰਬੰਧ ਵਿਚ ਸਿੰਘ ਸਾਹਿਬਾਨ, ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੀ ਰਾਏ ਹੇਠ ਲਿਖੀ ਅਨੁਸਾਰ ਆਪ ਜੀ ਨੂੰ ਭੇਜੀ ਜਾਂਦੀ ਹੈ :-

(੧) ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਰਾਗ ਮਾਲਾ ਨਹੀਂ ਪੜ੍ਹੀ ਜਾਂਦੀ ਤੇ ਨਾ ਹੀ ਰਾਗ ਮਾਲਾ ਤੇ ਕੋਈ ਮਹਲਾ ਆਦਿ ਹੀ ਲੇਖਕ ਵਲੋਂ ਦਿਤਾ ਗਿਆ ਹੈ, ਜਿਸ ਤੋਂ ਨਿਰਨਾ ਹੋ ਸਕੇ ਕਿ ਇਹ ਕਿਸ ਗੁਰੂ ਦੀ ਬਾਣੀ ਹੈ।

(੨) ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਉਪ੍ਰੰਤ ਰਾਗ ਮਾਲਾ ਨਾ ਪੜ੍ਹੀ ਜਾਵੇ ਤਾਂ ਕੋਈ ਸਿੱਖ ਤਨਖਾਹੀਆ ਨਹੀਂ।

(੩) ਆਦਿ ਬੀੜ ਕਰਤਾਰਪੁਰ ਸਾਹਿਬ ਵਾਲੀ ਵਿਚ ਰਾਗ ਮਾਲਾ ਹੈ ਪਰ ਤੇਰਾ ਕੀਤਾ ਜਾਤੋ ਨਾਹੀ ਦੇ ਸ਼ਬਦ ਦੇ ਪਿਛੋਂ ਹੈ। ਸਮਾਪਤੀ ਤੋਂ ਪਿਛੋਂ ਹੈ।

ਨੋਟ:- ਉਚਿਤ ਸਤਕਾਰ ਦੀ ਲਿਖ ਧਾਰੀ ਹੋਈ ਜਾਂਦੀ ਹੈ।

ਸ਼ੁਭਚਿੰਤਕ,

ਮੀਤ ਸਕੱਤਰ (ਪ੍ਰ:),
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਨਕਲ- ਦਫਤਰ ਸਰਪ੍ਰਸਤ।



www.AKJ.Org

# ਅੰਤਿਕਾ ਨੰਬਰ ੭

ਇਸ ਪੁਸਤਕ ਵਿੱਚ ਚੀਫ਼ ਖਾਲਸਾ ਦੀਵਾਨ ਅਤੇ ਅਖ਼ਬਾਰਾਂ ਵਿੱਚ ਕੁਝ ਟਿਪਣੀਆਂ ਅਤੇ ਹਵਾਲੇ ਦਿੱਤੇ ਗਏ ਹਨ। ਸੰਖੇਪ ਵਿੱਚ ਉਨ੍ਹਾਂ ਦੇ ਮੂਲ ਚਿਤ੍ਰ ਅੱਗੇ ਦਿੱਤੇ ਜਾ ਰਹੇ ਹਨ। ਖਾਲਸਾ ਸਮਾਚਾਰ ਦੀਆਂ ਰਾਗਮਾਲਾ ਵਿਰੋਧੀ ਟਿਪਣੀਆਂ, ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪੱਤਰ, ਖਾਲਸਾ ਸਮਾਚਾਰ ਵਿੱਚ ਛਪੀਆਂ ਟਿਪਣੀਆਂ ਇਸ ਪ੍ਰਕਾਰ ਹਨ।

'ਸਮਾਚਾਰ' ਦੇ ਸਾਹਮਣੇ ਇਕ ਪੁਛ ਆਈ ਤਾਂ ਉਸਦਾ ਉਤਰ ਜੋ ਦਿਤਾ ਸਮੇਤ ਪੁਛ ਦੇ ਇਸ ਪ੍ਰਕਾਰ ਹੈ।

ਪ੍ਰਸ਼ਨ ਨੰ: ੩੬, ਰਾਗਮਾਲਾ ਪੜ੍ਹੀ ਜਾਵੇ ਕਿਨਾ......

[ਜਿਲਦ ੩ ਪੰ: ਨੰ: ੩੦ ਸਫਾ ੪ — ਦਾਸ–ਰਣਜੀਤ ਸਿੰਘ ਸਾਹੁਕੇ

ਉਤਰ ਪਰਚਾ ਨੰਬਰ ੩੬...... । ਜਿਲਦ ੩ ਸਫਾ ੭

ਰਾਗਮਾਲਾ ਗੁਰੂ ਗ੍ਰੰਥ ਸਾਹਿਬ ਕੇ **ਭੋਗ ਸਮੇਂ ਨਹੀਂ ਪੜ੍ਹਨੀ** ਚਾਹੀਏ ਕਿਉਂਕਿ ਇਹ **ਗੁਰੂ ਜੀ ਦੀ ਕ੍ਰਿਤ ਨਹੀਂ।** ਕਰਤਾਰ ਪੁਰ ਵਾਲੇ ਅਸਵਾਰਾ ਸਾਹਿਬ ਦੇ ਅੰਤ ਵਿਚ ਜੋ ਰਾਗ ਮਾਲਾ ਹੈ ਸੋ ਚਾਰ ਪਤ੍ਰੇ ਛਡਕੇ ਲਿਖੀ ਹੈ। ਪਤ੍ਰੇ ਪਤ੍ਰੇ ਦਾ ਅੰਕ ਵੀ ਨਹੀਂ। **ਦੂਜੇ, ਉਸ ਲਿਖਤ ਤੋਂ ਸਿਧ** ਹੁੰਦਾ ਹੈ ਕਿ ਪਿਛੋਂ ਲਿਖੀ ਹੋਈ ਹੈ। ਤੀਜੇ, ਸੂਰਜ ਪ੍ਰਕਾਸ਼ ੪੬ ਅੰਸੂ ਰਾਸ ੩ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਭੋਗ ਮੁੰਦਾਵਣੀ ਪਰ ਪਾਇਆ, ਰਾਗਮਾਲਾ ਪਿਛੋਂ ਧੀਰਮਲ ਦੀ ਪਾਈ ਹੋਈ ਹੈ।

ਚੌਥੇ, ਗੁਰੂ ਜੀ ਨੇ ਸ੍ਰੀ ਰਾਗ ਨੂੰ ਵਡਿਆਈ ਬਖਸ਼ੀ ਹੈ ਪਰ ਓਥੇ ਪੰਜਵੇਂ ਥਾਂ ਹੈ। ਪੰਜਵੇਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਪਹਿਲਾਂ ਦੀ ਬਣੀ ਹੋਈ ਕਿਤਾਬ ਮਾਧਵਾ ਨਲ ਵਿਚ ਇਹ ਰਾਗਮਾਲਾ ਦਰਜ ਹੈ ਜਿਸ ਤੋਂ ਸਿਧ ਹੈ ਕਿ ਇਹ ਗੁਰੂ ਜੀ ਕੀ ਕ੍ਰਿਤ ਨਹੀਂ।

ਖਾਲਸਾ ਸਮਾਚਾਰ ਜਿਲਦ ੩ }
ਪਰਚਾ ਨੰ:- ੩੬ }
ਜਿਲਦ ੩, ਸਫਾ ੪ ੧੯੦੨ }

{ਲੇਖਕ–ਮੰਗਲ ਸਿੰਘ ਗ੍ਰੰਥੀ
{ਚਕ ਨੰ: ੩੯ ਜ਼ਿਲਾ ਝੰਗ

੩੮......



www.AKJ.Org

# ਅੰਤਿਕਾ ਨੰਬਰ ੮

## "ਰਾਗਮਾਲਾ ਦਾ ਫੈਸਲਾ ਸਨਾਤਨ"

ਗ੍ਰੰਥ ਸੂਰਜ ਪ੍ਰਕਾਸ਼ ਜਿਨਕੇ ਕਰਤਾ ਭਾਈ ਸੰਤੋਖ ਸਿੰਘ ਜੀ ਹਨ ਰਾਸ ੩ ਅਧਿਆਇ ੪੭ ਵਿਚ ਪੰਜਵੀਂ ਪਾਤਸ਼ਾਹੀ ਦੇ ਵਕਤ ਪ੍ਰਸੰਗ ਬੀੜ ਬੰਨ੍ਹਨ ਵਿਚ ਲਿਖਦੇ ਹਨ। ਗੁਰੂ ਅਰਜਨ ਦੇਵ ਜੀ ਬੀੜ ਦੀ ਸਮਾਪਤੀ ਮੁੰਦਾਵਣੀ ਪਰ ਕਰਦੇ ਹਨ। ਮੁੰਦਾਵਣੀ ਮੋਹਰ ਹੈ। ਅਰ ਸਾਥ ਹੀ ਕਹਿੰਦੇ ਹਨ ਕਿ ਰਾਗਮਾਲਾ ਗੁਰਬਾਣੀ ਨਹੀਂ..

ਇਹ ਨਿਸਚਾ ਬਿਲਕੁਲ ਹਟਾ ਦੇਵੋ ਕਰ ਚਿਤ **ਰਾਗਮਾਲਾ** ਗੁਰਬਾਣੀ ਨਹੀਂ ਬਣ ਸਕਦੀ। ਕਿਆ ਅਛੀ ਬਾਤ ਹੋਵੇ ਕਿ ਅਗੇ

**ਜੋ ਗੁਰੂ ਸਾਹਿਬ ਕੀ ਬੀੜ ਦਰੁਸਤ ਕੀਤੀ ਜਾਵੇ ਉਸ ਵਿਚ ਰਾਗ ਮਾਲਾ ਨਾ ਲਿਖੀ ਜਾਵੇ।**

ਸੁੰਦਰ ਸਿੰਘ ਗ੍ਰੰਥੀ ਕਾਲ੍ਹਾ, ਜਿਲਾ ਜੇਹਲਮ { ਜਿਲਦ ੯ ਪ: ਨੰ: ੨੬ ਸਫਾ ੭ ਖਾਲਸਾ ਸਮਾਚਾਰ

---

*ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਨਾਲ ਜੋ ਸੰਬੰਧ ਚੀਫ਼ ਖਾਲਸਾ ਦੀਵਾਨ ਤੇ ਸ੍ਰੀ ਮਾਨ ਭਾਈ ਵੀਰ ਸਿੰਘ ਜੀ ਦੇ ਹਨ ਉਹ ਕੋਈ ਲੁਕੇ ਛਿਪੇ ਨਹੀਂ, ਉਪ੍ਰੋਕਤ ਸੁਸਾਇਟੀ ਵਲੋਂ ਇਕ ਟ੍ਰੈਕਟ "ਖਾਲਸਾ ਧਰਮ ਦੇ ਸਚੇ ਪ੍ਰਤਿਪਾਲਕ ਗੁਰੂ ਅਰਜਨ ਦੇਵ ਜੀ ਦਾ ਜੀਵਨ ਬਿਰਤਾਂਤ ਛਪਿਆ ਸੀ, ਉਸ ਟ੍ਰੈਕਟ ਦੇ ਟ੍ਰੈਕਟ ਨੰਬਰ ੨੬ ਦੇ ਸਫੇ ੩੬ ਪਰ ਜੋ ਲਿਖਤ ਹੈ ਸੋ ਇਸ ਪ੍ਰਕਾਰ, ਹੈ...ਪਰ ਗੁਰੂ ਜੀ ਨੇ ਮੁੰਦਾਵਣੀ ਪੁਰ ਭੋਗ ਪਾ ਕੇ ਦਸਤਖਤ ਕਰ ਦਿਤੇ ਕਿ ਕੋਈ ਇਸ ਵਿਚ ਨਾ ਇਕ ਅੱਖਰ ਘਟਾਵੇ ਨਾ ਵਧਾਵੇ।...... **ਰਾਗਮਾਲਾ ਬੀ ਪਿਛੋਂ ਪਾਈ ਗਈ ਹੈ ਗੁਰੂ ਰਚਤ ਨਹੀਂ।**

੪੦-



www.AKJ.Org

# ਅੰਤਿਕਾ ਨੰਬਰ ੯

## ਪ੍ਰੋ: ਮਜੁਮਦਾਰ ਦੀ ਚਿੱਠੀ

Baroda,
Chaitanya Dhama, Partap Ganj,
Dated 15-9-1945

Dear Sir,

I am glad to have received your inquiry in connection with the Hindi version of Madhavanal Katha by poet Alam, mentioned on page IX of my preface.

I gather from your letter that you have come across a Sanskrit version of the story by Jodha (yodha) who is believed to have flourished in the time of Akbar, based on which original, (according to your information) Alam composed his Hindi story somtime during the time of Aurangzeb and Bahadurshah.

My observations in this connection are as under:-

(1) The Sanskrit original of the story- half prose and half-verse is generally believed to have been composed by Ananadhara in 11th century A.D. This is printed in my book as appendix 1. The other one mentioned by you by Yodha in the 16th century is not noted in Mss catalogues and hence is not known to scholars. I would like to know more details about this work from you.

(2) My point in mentioning Alam's Hindi version of Madhava katha was to suggest that western India is probably the home of this love-story, linked up as it is with Vikrama-cycle stories. The suggestion to render it in Hindi for indirectly complimenting Akbar also came from Todarmall, who had come to Gujrat in connection with the land Revenue Settlement of this newly conquered province accomplished between 1573 A.D. and a few years later. The suggestion to render this particular love-story in Hindi is further borne out by the fact that the noble and brave deeds of Akbar alone in those times bore a striking comparison with Vikramditya's exploits. This introductory portion of Alam's poem is quoted by me in the preface, foot –note: and the year of composition mentioned by him (Hijri year 991 equivalent to Samvat 1640 & 1584 A.D.) tallie with contemporary facts in history.

(3) Re: the date of Alam, please refer to "Misra Bandhu Vinod" Vol.



www.AKJ.Org

22 (2nd Ed., Samat 1984) pages 532-33, where the authors suggest an escape from discrepancy by proposing duality of Alam: the one who flourished during Akbar's time, and the other during Aurangzeb's regime. I presume, however, that the note on the poet was prepared on hearsay without consulting the actual poems mentioned in Reports of search of Hindi Mss." for the years 1903 and 1904 otherwise Alam, the author of Madhava Katha would certainly have been ascribed to Akbar's time on the strength of the Mss. lying in the collection of the Nagri Pracharini Sabha on which I entirely rely for the date, it having been corroborated by the other Mss. from the Bikaner Fort Library. I cannot say anything re the view expressed in the 'Brihat Sabha Sagar' and the Shiva Sinha Saroja which require revision.

(4) I have with me a complete press-copy of Alam's Madhav - Katha collected from two Mss. copies. (1) one from Nagri Parcharini Sabha; (2) the other from Bikaner Fort Library collection. This second Mss. is noteworthy on that it is copied first omnibus volume which contains first, the Madhava Prabandha by Ganapati (composed in Samvat 1574) secondly Madhava ni Katha Chaupti by Kushalalahbha (composed in Samvat 1616) and thirdly Madhava Katha by Alam (composed in Hijri Samvat 991, V.S. 1640) in a scnological order. The first two are published in my book. Alam's work had to be kept away for want of space.

(5) Now're the textual interpretation from you in favour of shifting the date and period, I submit your suggestion is not reliable. I don't know from which copy you are quoting the verses. Is it a third Mss. of the poem? However it should read as under:-

(A) ਕਥਾ ਸੰਸਕ੍ਰਿਤ ਸੁਨਿ ਕੁਛ ਥੋਰੀ।

(B) "ਕਛੁ ਅਪਨੀ ਕਛੁ ਪ੍ਰਕ੍ਰਿਤਿ ਚੋਰੋਂ ਜਥਾ ਸ਼ਕਤਿ ਅਛਰ ਜੋਰੋਂ।"

Now the line giving the year of compostion is

ਸਨ ਨੌ ਸੌ ਇਕਆਵਨ ਆਹੀ (in Bikaner Mss.)

ਕਰੋ (ਰਚੋ) ਕਥਾ ਅਬ ਬੋਲੋ ਤਾਹੀ (in Bk. Mss.)

Your explanation of ਆਹੀ and ਤਾਹੀ appears to me to be far fetched and hence untenable under the above mentioned hard facts.

The Mss mentioned by you as dated 1714, is it the date of copying the Mss or of composing the poem? Please do enlighten me on this point after due scrutiny.



www.AKJ.Org

**ਪ੍ਰੋ: ਮੌਜੂਮਦਾਰ ਜੀ ਦੇ ਮੂਲ ਪੱਤਰ ਦਾ ਪੰਜਾਬੀ ਅਨੁਵਾਦ ਉਸ ਵੇਲੇ ਦੇ ਪੰਜਾਬੀ ਅਖ਼ਬਾਰ ਅਕਾਲੀ ਵਿੱਚ ਮਿਤੀ ੧੩ ਦਸੰਬਰ ੧੯੪੫ ਈ: ਨੂੰ ਛਪਿਆ ਹੂਬਹੂ ਇੱਥੇ ਦਿੱਤਾ ਜਾ ਰਿਹਾ ਹੈ :-**

ਬੜੌਦਾ
ਚੈਤੰਨਯ ਧਾਮ, ਪ੍ਰਤਾਪ ਗੰਜ,
ਮਿਤੀ ੧੫-੯-੧੯੪੫

"ਸ੍ਰੀ ਮਾਨ ਜੀਉ,

ਮੇਰੀ ਕਿਤਾਬ ਦੇ ਮੁੱਖਬੰਦ ਦੇ ਸਫ਼ਾ ੯ ਤੇ ਦੱਸੀ ਕਵੀ ਆਲਮ ਦੀ ਹਿੰਦੀ ਲਿਖਤ ਮਾਧਵਾਨਲ ਕਥਾ ਦੇ ਸਬੰਧ ਵਿੱਚ ਆਪ ਦੀ ਪੁੱਛ ਗਿੱਛ ਪੜ੍ਹ ਕੇ ਮੈਨੂੰ ਬੜੀ ਖੁਸ਼ੀ ਹੋਈ ਹੈ।

ਤੁਹਾਡੀ ਪੱਤ੍ਰਿਕਾ ਤੋਂ ਇਹ ਪਤਾ ਲਗਦਾ ਹੈ ਕਿ ਤੁਹਾਨੂੰ ਏਹੋ ਕਹਾਣੀ ਸੰਸਕ੍ਰਿਤ ਵਿੱਚ ਲਿਖੀ ਮਿਲੀ ਹੈ ਜਿਸ ਵਿੱਚ ਮੂਲ ਕਰਤਾ ਜੋਧ, ਅਕਬਰ ਦੇ ਸਮੇਂ ਦਾ ਖ਼ਿਆਲ ਕੀਤਾ ਜਾਂਦਾ ਹੈ ਅਤੇ ਆਪ ਦੇ ਖ਼ਿਆਲ ਅਨੁਸਾਰ ਆਲਮ ਨੇ ਔਰੰਗਜੇਬ ਅਤੇ ਬਹਾਦਰ ਸ਼ਾਹ ਦੇ ਸਮੇਂ ਆਪਣੀ ਹਿੰਦੀ ਵਿੱਚ ਇਹ ਕਹਾਣੀ ਲਿਖੀ ਜਿਸਨੂੰ ਪਹਿਲਾਂ ਜੋਧ ਕਵੀ ਨੇ ਸੰਸਕ੍ਰਿਤ ਵਿੱਚ ਲਿਖਿਆ ਸੀ।

**ਇਸ ਸਬੰਧ ਵਿੱਚ ਮੇਰਾ ਦ੍ਰਿਸ਼ਟੀ ਕੋਣ ਇਸ ਤਰ੍ਹਾਂ ਹੈ :**

(੧) ਸੰਸਕ੍ਰਿਤ ਵਿੱਚ ਪਹਿਲੋਂ ਪਹਿਲ ਇਹ ਕਹਾਣੀ - ਅੱਧੀ ਵਾਰਤਕ ਅਤੇ ਅੱਧੀ ਕਵਿਤਾ ਵਿੱਚ ਯਾਰ੍ਹਵੀਂ ਸਦੀ ਸਮੇਂ, ਆਮ ਤੌਰ 'ਤੇ, ਅੰਨਨਧਾਰਾ ਦੀ ਰਚੀ ਮੰਨੀ ਜਾਂਦੀ ਹੈ। ਇਹ ਮੇਰੀ ਪੁਸਤਕ ਵਿੱਚ ਨੱਥੀ ਲੜੀ ਨੰ: ੧ ਕਰਕੇ ਛਪੀ ਹੋਈ ਹੈ। ਆਪ ਦੀ ਬਿਆਨ ਕੀਤੀ ਕਵੀ ਜੋਧ ਦੀ ਸੋਲ੍ਹਵੀਂ ਸਦੀ ਵਿੱਚ ਰਚੀ ਦੂਜੀ ਪੁਸਤਕ ਹਸਤ-ਲਿਖਤ ਪੁਸਤਕਾਂ ਦੀ ਫਹਿਰਿਸਤ ਵਿੱਚ ਦਰਜ ਨਹੀਂ, ਏਸ ਲਈ ਵਿਦਵਾਨਾਂ ਨੂੰ ਏਸ ਦਾ ਕੋਈ ਇਲਮ ਨਹੀਂ। ਮੈਂ ਇਸ ਰਚਨਾ ਸਬੰਧੀ ਆਪ ਪਾਸੋਂ ਵਿਸਥਾਰ ਸਹਿਤ ਹੋਰ ਜਾਨਣਾ ਚਾਹੁੰਦਾ ਹਾਂ।

(੨) ਆਲਮ ਦੀ ਹਿੰਦੀ ਰਚਿਤ ਮਾਧਵ ਕਥਾ ਦਾ ਜ਼ਿਕਰ ਮੈਂ ਇਹ ਇਸ਼ਾਰਾ ਦੇਣ ਲਈ ਕੀਤਾ ਹੈ ਕਿ ਏਸ ਪ੍ਰੀਤ ਕਹਾਣੀ ਦਾ ਮੁੱਢ ਪੱਛਮੀ ਹਿੰਦ ਵਿੱਚ ਬੱਝਿਆ ਪ੍ਰਤੀਤ ਹੁੰਦਾ ਹੈ ਅਤੇ ਇਹ ਵਿਕਰਮ-ਲੜੀ ਦੀਆਂ ਕਹਾਣੀਆਂ ਨਾਲ ਸਬੰਧਤ ਹੈ। ਅਕਬਰ ਦੀ ਲੁਕਵੀਂ ਪ੍ਰਸੰਸਾ ਕਰਨ ਲਈ ਏਸ ਦਾ ਹਿੰਦੀ ਵਿੱਚ ਅਨੁਵਾਦ ਕਰਨ ਦਾ ਸੁਝਾ ਟੋਡਰ ਮੱਲ ਨੇ ਦਿੱਤਾ ਸੀ, ਜੋ ੧੫੭੩ਈਸਵੀ ਜਾਂ ਏਸ ਤੋਂ ਕੁੱਝ ਸਾਲ ਬਾਅਦ ਨਵੇਂ ਜਿੱਤੇ ਸੂਬਿਆਂ ਦੇ ਮਾਲੀ ਬੰਦੋਬਸਤ ਦੇ ਸਬੰਧ ਵਿੱਚ ਗੁਜਰਾਤ ਆਇਆ ਸੀ। ਏਸ ਖਾਸ ਪ੍ਰੀਤ-ਕਹਾਣੀ ਨੂੰ ਹਿੰਦੀ ਵਿੱਚ ਪਲਟਾਉਣਾ ਏਸ ਕਰਕੇ ਭੀ ਉਚਿਤ ਸਿੱਧ ਹੁੰਦਾ ਹੈ ਕਿਉਂ ਜੋ ਅਕਬਰ ਦੇ ਓਸ ਸਮੇਂ ਦੇ ਬੁਲੰਦ ਹਿੰਮਤ ਤੇ ਬਹਾਦਰਾਨਾ ਕਾਰਨਾਮੇ ਵਿਕਰਮਾ ਦਿਤ ਦੇ ਕਾਰਨਾਮਿਆਂ ਨਾਲ ਸੋਹਣੀ ਤਰ੍ਹਾਂ ਮੇਲ ਖਾਂਦੇ ਸਨ। ਆਲਮ ਦੀ ਕਵਿਤਾ ਦਾ ਇਹ ਮੁੱਢਲਾ ਹਿੱਸਾ ਮੈਂ ਆਪਣੇ ਗ੍ਰੰਥ ਦੇ ਮੁੱਖ-ਬੰਦ ਵਿੱਚ ਫੁੱਟ ਨੋਟ ਵਜੋਂ ਦਿੱਤਾ ਹੈ। ਉਸ ਵਿੱਚ ਦੱਸਿਆ ਗਿਆ ਹੈ ਕਿ ਰਚਨਾ ਕਰਨ ਦਾ ਸਮਾਂ ੯੯੧ ਹਿਜਰੀ ਅਥਵਾ ਸੰਮਤ ੧੬੪੦ ਅਤੇ ੧੫੮੪ ਈਸਵੀ ਇਤਿਹਾਸ ਵਿੱਚ ਆਈਆਂ ਸਮਕਾਲੀ ਇਤਿਹਾਸਕ ਗਵਾਹੀਆਂ ਨਾਲ ਮੇਲ ਖਾਂਦਾ ਹੈ।



www.AKJ.Org

(੩) ਆਲਮ ਦੇ ਸਮੇਂ ਸਬੰਧੀ 'ਮਿਸ਼ਰ ਬੰਧੂ ਵਿਨੋਦ' (ਜਿਲਦ ਦੂਜੀ ਐਡੀਸ਼ਨ ਸੰਮਤ ੧੯੮੪) ਸਫ਼ਾ ੫੩੨-੩੩ ਵੇਖਣ ਦੀ ਕ੍ਰਿਪਾਲਤਾ ਕਰੋ, ਜਿੱਥੇ ਕਰਤਾ ਕਿਸੇ ਕਿਸਮ ਦੀ ਭੁੱਲ ਤੋਂ ਬਚਣ ਲਈ ਦੋ ਆਲਮ ਦੱਸਦਾ ਹੈ। ਇੱਕ ਜੋ ਅਕਬਰ ਦੇ ਸਮੇਂ ਹੋਇਆ ਤੇ ਦੂਜਾ ਔਰੰਗਜੇਬ ਦੇ ਸਮੇਂ। ਮੇਰਾ ਆਪਣਾ ਖ਼ਿਆਲ ਹੈ ਕਿ ਇਹ ਨੋਟ ੧੯੦੩ ਅਤੇ ੧੯੦੪ ਦੇ ਸਮੇਂ ਦੇ ਹਿੰਦੀ ਖਰੜਿਆਂ ਦੀ ਖੋਜ ਦੀ ਰਿਪੋਰਟ ਵਿੱਚ ਦਿੱਤੀ ਅਸਲੀ ਕਵਿਤਾ ਨੂੰ ਵਾਚੇ ਬਿਨਾਂ ਐਵੇਂ ਸੁਣੇ ਸੁਣਾਏ ਹੀ ਲਿਖ ਦਿੱਤਾ ਗਿਆ ਹੈ, ਨਹੀਂ ਤਾਂ ਮਾਧਵ ਕਥਾ ਦਾ ਕਰਤਾ ਆਲਮ ਨਾਗਰੀ ਪ੍ਰਚਾਰਨੀ ਸਭਾ ਦੇ ਇਕੱਠੇ ਕੀਤੇ ਖਰੜਿਆਂ ਦੀ ਬਿਨਾ (ਆਧਾਰ) ਤੇ ਅਵਸ਼ ਹੀ ਅਕਬਰ ਦੇ ਸਮੇਂ ਹੋਇਆ ਮੰਨਿਆ ਜਾਂਦਾ ਹੈ। ਆਲਮ ਦੇ ਸਮੇਂ ਸਬੰਧੀ ਇਹ ਰਾਇ ਮੈਂ ਨਿਰੀ ਇਹਨਾਂ ਖਰੜਿਆਂ ਦੇ ਅਧਾਰ ਤੇ ਹੀ ਬਣਾਈ ਹੈ ਜੋ ਬੀਕਾਨੇਰ ਫੋਰਟ ਲਾਇਬਰੇਰੀ ਦੇ ਖਰੜਿਆਂ ਨਾਲ ਮਿਲਾਏ ਜਾ ਚੁੱਕੇ ਹਨ। ਮੈਂ 'ਬ੍ਰਿਹਤ ਸ਼ਬਦ ਸਾਗਰ' ਅਤੇ 'ਸ਼ਿਵ ਸਿੰਘ ਸਰੋਜ' ਵਿੱਚ ਪ੍ਰਗਟਾਏ ਖ਼ਿਆਲਾਂ ਸਬੰਧੀ ਕੁੱਝ ਨਹੀਂ ਕਹਿ ਸਕਦਾ ਕਿਉਂ ਜੋ ਉਹ ਕਾਫੀ ਸੁਧਾਈ ਦੇ ਮੁਥਾਜ ਹਨ। *(ਹੁਣ ਇਹ ਖੋਜ ਪਿੱਛੋਂ, ਸੋਧੇ ਜਾ ਚੁੱਕੇ ਹਨ। ਇਹਨਾਂ ਦਾ ਮੱਤ ਮਜੂਮਦਾਰ ਵਾਲਾ ਹੀ ਹੈ - ਲੇਖਕ)*

(੪) ਮੇਰੇ ਪਾਸ ਆਲਮ ਦੀ ਮਾਧਵ ਕਥਾ ਦੀ ਛਪੀ ਹੋਈ ਇੱਕ ਪੂਰੀ ਕਾਪੀ ਹੈ ਜੋ ਕਿ ਦੋ ਖਰੜਿਆਂ ਤੋਂ ਤਿਆਰ ਕੀਤੀ ਗਈ ਹੈ। ਪਹਿਲਾ ਨਾਗਰੀ ਪ੍ਰਚਾਰਨੀ ਸਭਾ ਅਤੇ ਦੂਜਾ ਬੀਕਾਨੇਰ ਫੋਰਟ ਲਾਇਬਰੇਰੀ ਤੋਂ। ਦੂਜਾ ਖਰੜਾ ਇਸੇ ਕਰਕੇ ਵਧੇਰੇ ਧਿਆਨਯੋਗ ਹੈ ਕਿਉਂ ਜੋ ਇਹ ਪਹਿਲਾ ਪ੍ਰਮਾਣੀਕ ਸੰਗ੍ਰਹਿ ਹੈ, ਜਿਸ ਵਿੱਚ ਪਹਿਲੇ ਗਨਪਤੀ 'ਮਾਧਵ ਪ੍ਰਬੰਧ' (ਸੰਮਤ ੧੬੧੬) ਅਤੇ ਫੇਰ *ਆਲਮ ਦੀ ਮਾਧਵ ਕਥਾ (੧੬੪੦)* ਰਚਨ ਕਾਲ ਅਨੁਸਾਰ ਦਰਜ ਹਨ। ਪਹਿਲੇ ਦੋ ਮੇਰੀ ਪੁਸਤਕ ਵਿੱਚ ਛਪੇ ਹਨ। ਆਲਮ ਦੀ ਰਚਨਾ ਜਗ੍ਹਾ ਦੀ ਥੁੜ ਕਰਕੇ ਨਹੀਂ ਛਾਪੀ ਜਾ ਸਕੀ।

*(੫) ਪੁਸਤਕ ਦੇ ਰਚਨ ਕਾਲ ਨੂੰ ਅਗਾਹਾਂ ਨੀਯਤ ਕਰਨ ਦੇ ਹੱਕ ਵਿੱਚ ਆਪ ਜੀ ਦੇ ਕਿਤਾਬੀ ਹਵਾਲਿਆਂ ਤੋਂ ਕੱਢੇ ਸਿੱਟੇ ਮੇਰੇ ਖ਼ਿਆਲ ਵਿੱਚ ਮਨੰਣ ਯੋਗ ਨਹੀਂ ਹਨ। ਮੈਨੂੰ ਤਾਂ ਨਹੀਂ ਲਗਦਾ ਕਿ ਇਹ ਤੁਕਾਂ ਤੁਸੀਂ ਇਸ ਕਾਪੀ ਤੋਂ ਲੈ ਕੇ ਲਿਖੀਆਂ ਹਨ। ਕੀ ਇਹ ਕਵਿਤਾ ਦਾ ਕੋਈ ਤੀਸਰਾ ਖਰੜਾ ਹੈ ? ਖ਼ੈਰ ਇਨ੍ਹਾਂ ਨੂੰ ਇਸ ਤਰ੍ਹਾਂ ਪੜ੍ਹੋ:*

(ੳ) ਕਥਾ ਸੰਸਕ੍ਰਿਤ ਸੁਨਿ ਕੁਛ ਥੋਰੀ
(ਅ) ਕਛੁ ਅਪਨੀ ਕਛੁ ਪ੍ਰਾਕ੍ਰਿਤ ਚੋਰੋਂ, ਜਥਾ ਸਕਿਤ ਅੱਛਰ ਜੋਰੋਂ।
ਹੁਣ ਰਚਨ ਕਾਲ ਦੱਸਣ ਵਾਲੀ ਤੁਕ ਇਸ ਤਰ੍ਹਾਂ ਹੈ :-
ਸਨ ਨੌ ਸੋ ਇਕਆਨਵੈ ਆਈ (ਆਹੀ)।
ਕਰੋ (ਰਚੋ) ਕਥਾ ਅਬ ਬੋਲੋ ਤਾਈ (ਤਾਹੀ)।
(ਬੀਕਾਨੇਰੀ ਖਰੜੇ ਵਿੱਚੋਂ)

ਆਪ ਦੇ 'ਆਹੀ' ਤੇ 'ਤਾਹੀ' ਦੇ ਅਰਥ ਮੈਨੂੰ ਧੂਹ ਘੜੀਸ ਕੇ ਘੜੇ ਜਾਪਦੇ ਹਨ ਜੋ ਕਿ ਉਪਰੋਕਤ ਇਤਿਹਾਸ ਪ੍ਰਮਾਣਿਤ ਘਟਨਾਵਾਂ ਅੱਗੇ ਉੱਕਾ ਹੀ ਨਿਰਮੂਲ ਹਨ।

ਆਪ ਜੀ ਦੇ ਕਥਨ ਕੀਤੇ ੧੭੭੪ ਦੇ ਖਰੜੇ ਬਾਰੇ ਸਪਸ਼ਟ ਨਹੀਂ ਕਿ ਇਹ ਕਵਿਤਾ ਨਕਲ ਕਰਨ ਦੀ ਤਾਰੀਖ ਹੈ ਜਾਂ ਕਵਿਤਾ ਰਚਣ ਦੀ ? ਲੋੜੀਂਦੀ ਪੁਣ ਛਾਣ ਤੋਂ ਬਾਅਦ ਮੈਨੂੰ ਭੀ ਇਸ ਨੁਕਤੇ ਸਬੰਧੀ ਜਾਣੂ ਕਰਾਣ ਦੀ ਕ੍ਰਿਪਾਲਤਾ ਕਰਨਾ ਜੀ।"



www.AKJ.Org

# ਸਹਾਇਕ ਪੁਸਤਕ ਸੂਚੀ

## ਪੰਜਾਬੀ ਦੀਆਂ ਪੁਸਤਕਾਂ


| | | |
|---|---|---|
| ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ: (੧੪੩੦ ਪੰਨੇ) | | ਸ਼੍ਰੋ. ਗੁ. ਪ੍ਰ. ਕਮੇਟੀ ਅੰਮ੍ਰਿਤਸਰ |
| ਅਸ਼ਟ ਗੁਰੂ ਚਮਤਕਾਰ | ਭਾਈ ਵੀਰ ਸਿੰਘ | ਖਾਲਸਾ ਸਮਾਚਾਰ, ਅੰਮ੍ਰਿਤਸਰ |
| ਆਰਸੀ | ਪ੍ਰਿੰ: ਤੇਜਾ ਸਿੰਘ | ਪੰ. ਯੂ. ਪਟਿਆਲਾ |
| ਆਲਮ ਦੀ ਰਾਗਮਾਲਾ ਬਾਰੇ ਚਰਚਾ | ਪ੍ਰੋ: ਪਿਆਰਾ ਸਿੰਘ ਪਦਮ | ਸਿੱਖ ਮਿਸਨਰੀ ਕਾਲਜ ਅੰਮ੍ਰਿਤਸਰ, ੧੯੬੬ |
| ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ) | ਗਿਆਨੀ ਗੁਰਦਿੱਤ ਸਿੰਘ | ਚੰਡੀਗੜ੍ਹ, ੨੦੦੦ |
| ਸ਼ਬਦਾਰਥ | ਸੰਪਾਦਿਤ | ਸ਼੍ਰੋ. ਗੁ. ਪ੍ਰ. ਕਮੇਟੀ |
| ਸੱਚ ਦਾ ਪ੍ਰਕਾਸ਼ | ਮਾਨ ਸਿੰਘ | ਅੰਮ੍ਰਿਤਸਰ, ੧੯੨੮ |
| ਸਾਖੀ ਪੋਥੀ (ਪਾ: ਨੌਂ ਦੇ ਸਫਰਾਂ ਦੀ ਦੌਰਾ ਪੋਥੀ) | | |
| ਸਿੱਖਾਂ ਦੀ ਭਗਤ ਮਾਲ | ਭਾਈ ਮਨੀ ਸਿੰਘ | |
| ਸਿੱਖ ਰਹਿਤ ਮਰਿਯਾਦਾ | | ਸ਼੍ਰੋ. ਗੁ. ਪ੍ਰ. ਕਮੇਟੀ |
| ਸੰਥਿਆ ਪੋਥੀ | ਭਾਈ ਵੀਰ ਸਿੰਘ | ਦਿੱਲੀ |
| ਸ਼੍ਰੋ. ਗੁ. ਪ੍ਰ. ਕਮੇਟੀ ਦਾ ੫੦ ਸਾਲਾ ਇਤਿਹਾਸ (੧੯੨੬-੧੯੭੬) | ਸਮਸ਼ੇਰ ਸਿੰਘ ਅਸ਼ੋਕ | ਸ਼੍ਰੋ. ਗੁ. ਪ੍ਰ. ਕਮੇਟੀ |
| ਸੰਪ੍ਰਦਾਈ ਪ੍ਰਯਾਇ (੪ ਭਾਗ) | ਸਾਧੂ ਗੋਬਿੰਦ ਦਾਸ | ੧੯੩੨ |
| ਸੰਖੇਪ ਜੀਵਨ ਸ੍ਰੀ ਗੁਰੂ ਅਰਜਨ ਦੇਵ ਜੀ | ਭਾਈ ਵੀਰ ਸਿੰਘ | ਅੰਮ੍ਰਿਤਸਰ |
| ਸੰਪ੍ਰਦਾਈ ਟੀਕਾ | ਸੰਤ ਕ੍ਰਿਪਾਲ ਸਿੰਘ | ਸਤੋਂ ਵਾਲੀ ਗਲੀ, ਅੰਮ੍ਰਿਤਸਰ |
| ਸਟੀਕ ਪਹਿਲੀ ਪੋਥੀ | ਗਿਆਨੀ ਨਰੈਣ ਸਿੰਘ (ਮੁਜੰਗਾਂ ਵਾਲੇ) | ਅੰਮ੍ਰਿਤਸਰ |
| ਸ੍ਰੀ ਗੁਰੂ ਗ੍ਰੰਥ ਕੋਸ਼ | ਪੰ: ਹਜਾਰਾ ਸਿੰਘ ਗਿਆਨੀ | ਖਾਲਸਾ ਟਰੈਕਟ ਸੁਸਾਇਟੀ |
| ਕਬਿਤ ਸਵੱਯੇ ਅਤੇ ਵਾਰਾਂ | ਭਾਈ ਗੁਰਦਾਸ | |




www.AKJ.Org

| | | |
|---|---|---|
| ਕਰਤਾਰ ਪੁਰੀ ਬੀੜ | ਭਾਈ ਜੋਧ ਸਿੰਘ | |
| ਖਾਲਸਾ ਸੁਧਾਰ ਤਰੂ | ਅਵਤਾਰ ਸਿੰਘ ਵਹੀਰੀਆ | ਸੰਮਤ ੧੯੦੦ |
| ਗੁਰਮਤਿ ਸੁਧਾਕਰ | ਭਾਈ ਕਾਹਨ ਸਿੰਘ ਨਾਭਾ | ਅੰਮ੍ਰਿਤਸਰ |
| ਗੁਰਮਤਿ ਸੰਗੀਤ (੨ ਭਾਗ) | | ਚੀਫ਼ ਖਾਲਸਾ ਦੀਵਾਨ, ੧੯੦੧ |
| ਗੁਰਬਾਣੀ ਪਾਠ ਦਰਸ਼ਨ | ਸੰਤ ਗੁਰਬਚਨ ਸਿੰਘ | ਅੰਮ੍ਰਿਤਸਰ |
| ਗੁਰਬਾਣੀ ਪ੍ਰਕਾਸ਼ | ਸੋਢੀ ਤੇਜਾ ਸਿੰਘ | ੧੯੩੨ |
| ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ | ਭਾਈ ਕਾਹਨ ਸਿੰਘ ਨਾਭਾ | ਭਾਸ਼ਾ ਵਿਭਾਗ, ਪੰਜਾਬ |
| ਗੁਰ ਪ੍ਰਤਾਪ ਸੂਰਜ ਗ੍ਰੰਥ | ਭਾਈ ਸੰਤੋਖ ਸਿੰਘ | ਭਾਸ਼ਾ ਵਿਭਾਗ, ਪੰਜਾਬ |
| ਗੁਰਮੁਖੀ ਕੋਰਸ ਸੈਂਚੀਆਂ | ਪੰਚ ਖਾਲਸਾ ਦੀਵਾਨ | ਭਸੌੜ, ੧੯੨੭ |
| ਗੁਰਮਤਿ ਨਿਰਣੈ ਸਾਗਰ | ਪੰ: ਤਾਰਾ ਸਿੰਘ ਨਰੋਤਮ | |
| ਗੁਰਤੀਰਥ ਸੰਗ੍ਰਹਿ | ਪੰ: ਤਾਰਾ ਸਿੰਘ ਨਰੋਤਮ | |
| ਗੁਰਗਿਰਾ ਰਾਗਮਾਲਾ ਮੰਡਨ ਪ੍ਰਬੋਧ | ਸੰਤ ਟਹਿਲ ਸਿੰਘ ਨਿਰਮਲਾ | ਲਾਹੌਰ, ੧੯੦੮ |
| ਗੁਰੂ ਗਿਰਾਰਥ ਕੋਸ਼ | ਪੰ: ਤਾਰਾ ਸਿੰਘ ਨਰੋਤਮ | |
| ਗੁਰੂ ਗ੍ਰੰਥ ਸਾਹਿਬ ਕੋਸ਼ | ਪੰ: ਹਜਾਰਾ ਸਿੰਘ | |
| ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ | ਡਾ: ਹਰਨਾਮ ਸਿੰਘ ਸਾਨ | ਭਾਸ਼ਾ ਵਿਭਾਗ, ਪੰਜਾਬ ੧੯੯੪ |
| ਗੁਰਬਿਲਾਸ਼ ਪਾਤਸ਼ਾਹੀ ਛੇਵੀਂ | | ਭਾਸ਼ਾ ਵਿਭਗ, ਪੰਜਾਬ |
| ਗੁਰੂ ਸਾਹਿਬਾਨ | ਮੈਕਾਲਿਫ | ਲਾਹੌਰ |
| ਜੋਤਿ ਵਿਗਾਸ | ਭਾਈ ਸਾਹਿਬ ਭਾਈ ਰਣਧੀਰ ਸਿੰਘ | |
| ਜਨਮ ਸਾਖੀ ਗੁਰੂ ਨਾਨਕ | ਸੰ: ਡਾ: ਪਿਆਰ ਸਿੰਘ | ਗੁਰੂ ਨਾਨਕ ਦੇਵ ਯੂਨੀ. |
| ਜਨਮ ਸਾਖੀ ਭਾਈ ਮਨੀ ਸਿੰਘ ਵਾਲੀ | | ਲਾਹੌਰ |
| ਟੀਕਾ ਪੰਜ ਗ੍ਰੰਥੀ | ਭਾਈ ਵੀਰ ਸਿੰਘ | ਅੰਮ੍ਰਿਤਸਰ, ੧੯੧੦ |
| ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ | ਪੰ: ਹਜਾਰਾ ਸਿੰਘ ਗਿਆਨੀ | |
| ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ | ਗਿਆਨੀ ਬਿਸ਼ਨ ਸਿੰਘ | ਖਾਲਸਾ ਕਾਲਜ, ਅੰਮ੍ਰਿਤਸਰ ੧੯੨੪ |
| ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ | ਗਿਆਨੀ ਬਦਨ ਸਿੰਘ | ਭਾਸ਼ਾ ਵਿਭਾਗ, ਪੰਜਾਬ |
| ਟੀਕਾ ਗੁਰ ਪ੍ਰਤਾਪ ਸੂਰਜ ਗ੍ਰੰਥ | ਭਾਈ ਵੀਰ ਸਿੰਘ | ਅੰਮ੍ਰਿਤਸਰ, ੧੯੫੪ |
| ਤਵਾਰੀਖ ਗੁਰੂ ਖਾਲਸਾ | ਗਿਆਨੀ ਗਿਆਨ ਸਿੰਘ | ਭਾਸ਼ਾ ਵਿਭਾਗ, ਪੰਜਾਬ |
| ਪ੍ਰਾਚੀਨ ਪੰਥ ਪ੍ਰਕਾਸ਼ | ਰਤਨ ਸਿੰਘ ਭੰਗੂ | ਸ਼੍ਰੋ. ਗੁ. ਪ੍ਰ. ਕਮੇਟੀ |
| ਪ੍ਰਾਚੀਨ ਬੀੜਾਂ | ਜੀ. ਬੀ. ਸਿੰਘ | |
| ਪ੍ਰਾਣ ਸੰਗਲੀ | ਸੰਤ ਸੰਪੂਰਨ ਸਿੰਘ | ਪੰ. ਯੂ., ਪਟਿਆਲਾ, ੧੯੯੯ |
| ਪੁਰਾਤਨ ਜਨਮ ਸਾਖੀ | ਵਜੀਰ ਹਿੰਦ ਪ੍ਰੈਸ ਅਤੇ | ਖਾਲਸਾ ਕਾਲਜ, ਅੰਮ੍ਰਿਤਸਰ |
| ਪੁਰਾਤਨ ਬੀੜਾਂ ਦਾ ਇਤਿਹਾਸ | ਗਿਆਨੀ ਗੁਰਦਿੱਤ ਸਿੰਘ | |
| ਪ੍ਰਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ | ਸਾਧੂ ਸਤੇ ਪ੍ਰਕਾਸ਼ | ਵਜੀਰ ਹਿੰਦ ਪ੍ਰੈਸ, ੧੯੯੮ |
| ਪ੍ਰਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ | ਸੰਤ ਚੰਦਾ ਸਿੰਘ | |


www.AKJ.org



www.AKJ.Org

| | | |
|---|---|---|
| ਪ੍ਰਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ | ਸ਼ਿਆਮ ਸਿੰਘ | ੧੯੦੧ |
| ਪੰਡਿਤ ਦਹੀ ਵਿਲੋਈਐ | ਭਾਈ ਸਾਧੂ ਸਿੰਘ ਬੇਦਿਲ | ਬਰਨਾਲਾ, ੨੦੦੨ |
| ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ | ਕੇਸਰ ਸਿੰਘ ਛਿਬਰ | ਪੰ. ਯੂ. ਚੰਡੀਗੜ੍ਹ |
| ਬਾਣੀ ਬਿਉਰਾ | ਡਾ. ਚਰਨ ਸਿੰਘ | ਅੰਮ੍ਰਿਤਸਰ |
| ਭਾਈ ਜੋਧ ਸਿੰਘ ਸੌਰਭ ਗ੍ਰੰਥ | | ਪੰ. ਯੂ. ਪਟਿਆਲਾ |
| ਭਾਵ ਦੀਪਕਾ (ਟੀਕਾ ਜਪੁਜੀ ਸਾਹਿਬ) | ਪੰ: ਤਾਰਾ ਸਿੰਘ ਨਰੋਤਮ | |
| ਮਾਧਵਾਨਲ ਕਾਮਕੰਦਲਾ ਚਰਿਤ | ਸੰਪਾਦਕ ਡਾ: ਬਲਬੀਰ ਸਿੰਘ | ਦਿੱਲੀ, ੧੯੫੫ |
| ਰਾਗਮਾਲਾ ਕੀ ਹੈ? | ਖਾਲਸਾ ਜਥਾ ਨੈਰੋਬੀ, ਅਫਰੀਕਾ | |
| ਰਾਗਮਾਲਾ ਖੰਡਨ | ਬਾਬੂ ਤੇਜਾ ਸਿੰਘ | ਭਸੌੜ, ੧੯੨੯ |
| ਰਾਗਮਾਲਾ ਦਰਪਨ | ਸ਼ੇਰ ਸਿੰਘ ਗਿਆਨੀ | ਭਸੌੜ, ੧੯੧੯ |
| ਰਾਗਮਾਲਾ ਦਮਨ | ਗਿਆਨੀ ਲਾਲ ਸਿੰਘ | ਸੰਗਰੂਰ, ੧੯੫੬ |
| ਰਾਗਮਾਲਾ ਦੀ ਅਸਲੀਅਤ | ਗਿਆਨੀ ਗੁਰਦਿੱਤ ਸਿੰਘ | ਅੰਮ੍ਰਿਤਸਰ, ੧੯੪੫ |
| ਰਾਗਮਾਲਾ ਦਾ ਸਵਾਲ | ਡਾ: ਬਲਬੀਰ ਸਿੰਘ | ਖਾ. ਟ੍ਰੈ. ਸੁ., ੧੯੪੬ |
| ਰਾਗਮਾਲਾ ਸਟੀਕ | ਸਕੱਤਰ, ਸ੍ਰੀ ਗੁਰੂ ਨਾਨਕ ਸਤਸੰਗ ਸਭਾ | ਸਿੰਘਾਪੁਰ, ੧੯੬੭ |
| ਰਾਗਮਾਲਾ ਨਿਰਣੇਯ | ਸਮਸ਼ੇਰ ਸਿੰਘ ਅਸ਼ੋਕ | ਸਿੰਘ ਬਰਦ੍ਰਜ਼, ੧੯੮੨ |
| ਰਾਗਮਾਲਾ ਨਿਰਣੇਯ | ਗਿ. ਅਰਜਨ ਸਿੰਘ ਵੈਦ ਕਵੀ ਰਾਜ | ਲੁਧਿਆਣਾ, ੧੯੪੯ |
| ਰਾਗਮਾਲਾ ਪ੍ਰਬੋਧ (੧ ਤੇ ੨) | ਸਾਹਿਬ ਸਿੰਘ ਗਿਆਨੀ | ਅੰਮ੍ਰਿਤਸਰ, ੧੯੨੯ |
| ਰਾਗਮਾਲਾ ਸਬੰਧੀ ਸੂਚਨਾ (੧ ਤੇ ੨) | ਪੰ: ਕਰਤਾਰ ਸਿੰਘ ਦਾਖਾ | ਅੰਮ੍ਰਿਤਸਰ, ੧੯੪੬ |
| ਵਾਰਾਂ ਭਾਈ ਗੁਰਦਾਸ ਸ਼ਬਦ ਅਨੁਕ੍ਰਮਣਿਕਾ ਕੋਸ਼ | ਸੰ: ਡਾ ਰਤਨ ਸਿੰਘ ਬੇਦੀ | |


## ਹਿੰਦੀ ਦੀਆਂ ਪੁਸਤਕਾਂ


| | | |
|---|---|---|
| ਉਤਰੀ ਭਾਰਤ ਕੀ ਸੰਤ ਪ੍ਰੰਪਰਾ | ਪਰਸ਼ੂ ਰਾਮ ਚਤੁਰਵੇਦੀ | ਅਲਾਹਾਬਾਦ, ੧੯੭੨ |
| ਆਦਿ ਗ੍ਰੰਥ ਮੇਂ ਸੰਗੀਤ | ਡਾ: ਸੀਤਾ ਬਿੰਵਰਾ | ਕੁਰੂਕਸ਼ੇਤਰ ਯੂਨੀ. |
| ਆਲਮ ਜੀਵਨ ਔਰ ਕਲਾ | ਡਾ: ਜਗਦੀਸ ਸਰਮਾ | ਕੁਰੂਕਸ਼ੇਤਰ, ੧੯੮੮ |
| ਆਲਮ ਕੇਲਿ | ਲਾਲਾ ਭਗਵਾਨ ਦੀਨ | ੧੯੮੮ |
| ਆਲਮ ਵਿਲਾਸ | ਡਾ: ਜਗਦੀਸ ਨਰਾਇਨ ਹੋਡਲ | ੧੯੮੮ |
| ਇਤਿਹਾਸ ਗੁਰੂ ਖਾਲਸਾ | ਸਾਧੂ ਗੋਬਿੰਦ ਸਿੰਘ ਨਿਰਮਲਾ ਉਦਾਸੀ | |
| ਸ਼ਿਵ ਸਿੰਘ ਸਰੋਜ | ਡਾ: ਸਿਵ ਸਿੰਘ ਸੇਂਗਰ | ਲਖਨਊ, ੧੯੨੬ |
| ਸਰੋਜ ਸਰਵੇਖਣ | ਡਾ: ਕਿਸੋਰੀ ਲਾਲ ਗੁਪਤਾ | ਅਲਾਹਾਬਾਦ, ੧੯੬੭ |
| ਸਿਆਮ ਸਨੇਹੀ | ਡਾ: ਸਰਨਦਾਸ ਭਨੋਤ | ਦਿੱਲੀ |




www.AKJ.Org

| | | |
|---|---|---|
| ਹਸਤ ਲਿਖਤ ਹਿੰਦੀ ਗ੍ਰੰਥੋਂ ਕੀ ਵਿਵਰਣਤਮਕ ਸੂਚੀ | ਸੰ: ਡਾ: ਰਾਮ ਕੁਮਾਰ ਵਰਮਾ | |
| ਹਿੰਦੀ ਸਹਿਤ ਕਾ ਉਦਆ ਔਰ ਵਿਕਾਸ | ਹਜਾਰੀ ਪ੍ਰਸਾਦ ਤ੍ਰਿਵੇਦੀ | ਪ੍ਰਆਗ, ੧੯੭੧ |
| ਹਿੰਦੀ ਸਾਹਿਤਯ ਕਾ ਆਦਿ ਕਾਲ | ਹਜਾਰੀ ਪ੍ਰਸਾਦ ਤ੍ਰਿਵੇਦੀ | ਪ੍ਰਆਗ |
| ਹਿੰਦੀ ਸਾਹਿਤਯ ਕਾ ਅਲੋਚਨਾਤਮਕ ਇਤਿਹਾਸ | ਡਾ: ਰਾਮ ਕੁਮਾਰ ਵਰਮਾ | ਅਲਾਹਾਬਾਦ, ੧੯੫੧ |
| ਹਿੰਦੀ ਸਾਹਿਤ ਕਾ ਨਿਰਗੁਣ ਸੰਤਕਾਵਤ | ਡਾ: ਪੀ. ਡੀ. ਬੜਥਵਾਲ | ਲਖਨਊ, ੧੯੬੮ |
| ਹਿੰਦੀ ਸਾਹਿਤ ਕਾ ਬ੍ਰਹਦ ਇਤਿਹਾਸ | ਡਾ: ਨਗਿੰਦਰ | ਸੰਮਤ ੨੦੧੫ |
| ਹਿੰਦੀ ਸਾਹਿਤ | ਡਾ: ਸਿਆਮ ਸੁੰਦਰ ਦਾਸ | |
| ਹਿੰਦੀ ਸਾਹਿਤ ਦਾ ਇਤਿਹਾਸ | ਅਚਾਰੀਆ ਰਾਮ ਚੰਦਰ ਸ਼ੁਕਲ | ਕਾਸ਼ੀ, ੧੯੮੩ |
| ਹਿੰਦੀ ਸਾਹਿਤ ਕਾ ਬ੍ਰਿਹਤ ਇਤਿਹਾਸ | ਸੰ: ਭਗੀਰਥ ਮਿਸ਼ਰ | ਕਾਸ਼ੀ |
| ਹਿੰਦੀ ਕਾਵ ਗੰਗਾ | ਡਾ: ਭਗੀਰਥ ਮਿਸ਼ਰ | ਕਾਸ਼ੀ |
| ਹਿੰਦੀ ਕੀ ਨਿਰਗੁਣ ਵਿਚਾਰਧਾਰਾ ਔਰ ਉਨਕੀ ਦਾਰਸ਼ਨਿਕ ਪ੍ਰਿਸਟ ਭੂਮੀ | ਡਾ: ਗੋਬਿੰਦ ਤ੍ਰਿਗੁਣਾਇਤ | ਕਾਨਪੁਰ ੧੯੬੧ |
| ਹਿੰਦੀ ਭਾਸ਼ਾ ਏਵੰ ਸਾਹਿਤ ਕੋਸ਼ | ਡਾ: ਗਣਪਤਿ ਚੰਦਰ ਗੁਪਤ | ੧੯੫੩ |
| ਹਿੰਦੀ ਭਾਸ਼ਾ ਕਾ ਇਤਿਹਾਸ | ਡਾ: ਵੀਰੇਂਦਰ ਵਰਮਾ | ੧੯੯੫ |
| ਹਿੰਦੀ ਵਿਸ਼ਵ ਕੋਸ਼ | ਨਾਗਰੀ ਪ੍ਰਚਾਰਣੀ ਸਭਾ | ਵਾਰਾਨਸੀ, ੧੯੬੯ |
| ਹਿੰਦੀ ਸ਼ਬਦ ਸਾਗਰ | ਡਾ: ਸਾਮ ਸੁੰਦਰ ਦਾਸ | ੧੯੨੮ |
| ਹਿੰਦੀ ਸਾਹਿਤ ਕਾ ਪ੍ਰਥਮ ਇਤਿਹਾਸ | ਡਾ: ਗਰੀਅਰਸਨ | ੧੯੫੭ |
| ਹਿੰਦੀ ਸਾਹਿਤ (ਉਦਅ ਔਰ ਵਿਕਾਸ) | ਅ: ਹਜਾਰੀ ਪ੍ਰਸ਼ਾਦ ਤ੍ਰਿਵੇਦੀ | ੧੯੬੩ |
| ਹਿੰਦੀ ਸਾਹਿਤ ਦਾ ਅਤੀਤ | ਅ: ਵਿਸ਼ਵਨਾਥ ਪ੍ਰਸ਼ਾਦ ਮਿਸਰ | ੨੦੧੭ ਬ: |
| ਹਿੰਦੀ ਅਨੁਸੀਲਨ | ਸੰ: ਧੀਰੇਂਦਰ ਵਰਮਾ | ਭਾਰਤੀ ਹਿੰਦੀ ਪ੍ਰੀਸ਼ਦ, ੧੯੬੦ |
| ਖੋਜ ਰਿਪੋਰਟ ੧੯੦੪ | | |
| ਪ੍ਰਾਣ ਸੰਗਲੀ | ਸੰਤ ਸੰਪੂਰਣ ਸਿੰਘ | ਅਲਾਹਾਬਾਦ |
| ਵਿਸ਼ਵ ਹਿੰਦੀ ਕੋਸ਼ | | |
| ਮੱਧਕਾਲੀਨ ਸਿੰਗਾਰਕ ਪ੍ਰਵਿਤੀਆਂ | ਪਰਸ਼ੂ ਰਾਮ ਚਤ੍ਰਵੇਦੀ | ਦਿੱਲੀ, ੧੯੮੧ |
| ਰਾਗਮਾਲਾ | ਕਵੀ ਸ਼ਾਮ ਸੁੰਦਰ | ੧੯੨੫ |




www.AKJ.Org

| | | |
|---|---|---|
| ਰਾਗਮਾਲਾ | ਯਸੋਦਾ ਨੰਦ ਸ਼ੁਕਲ | ਪਟਨਾ, ੧੯੬੦ |
| ਨਾਗਰੀ ਪ੍ਰਚਾਰਣੀ ਸਭਾ | ਡਾ: ਸਾਮ ਸੁੰਦਰ ਦਾਸ | ੧੯੯੦ |
| ਹਸਰ ਰਾਗਮਾਲਾ (ਉਰਦੂ) | ਮਾਸਟਰ ਮੋਤਾ ਸਿੰਘ | |

## ਅੰਗ੍ਰੇਜ਼ੀ ਦੀਆਂ ਪੁਸਤਕਾਂ

| | | |
|---|---|---|
| ਆਦਿਗ੍ਰੰਥ | ਡਾ: ਟਰੰਪ | ਲੰਡਨ, ੧੯੮੨ |
| ਸਿੱਖ ਰਿਲੀਜਨ | ਡਾ: ਐਮ. ਏ. ਮੈਕਾਲਿਫ | ੧੯੦੭ |
| ਹਿਸ਼ਟਰੀ ਆਫ ਸਿੱਖਸ | ਜੇ ਡੀ ਕਨਿਘਮ | ੧੮੫੯ |
| ਗੁਰੂ ਨਾਨਕ ਬਾਣੀ | ਇੰਦੂ ਭੂਸ਼ਨ ਬੈਨਰਜੀ | |
| ਕ੍ਰਿਟੀਕਲ ਐਪਰੀਸੀਏਸ਼ਨ | ਡਾ: ਸ਼ਰਨ ਦਾਸ | ਪੰ. ਯੂ. ਚੰਡੀਗੜ੍ਹ |
| ਇੰਨਸਾਈਕਲੋਪੀਡੀਆ ਆਫ ਸਿੱਖਇਜ਼ਮ | ਪ੍ਰੋ: ਹਰਬੰਸ ਸਿੰਘ | ਪੰ. ਯੂ. ਪਟਿਆਲਾ |
| ਅਨੁਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ | ਡਾ: ਗੁਰਬਚਨ ਸਿੰਘ ਤਾਲਿਬ | ਪੰ. ਯੂ. ਪਟਿਆਲਾ |
| ਅਨੁਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ | ਮਨਮੋਹਨ ਸਿੰਘ ਵਕੀਲ | ਐਸ. ਜੀ. ਪੀ. ਸੀ. |
| ਅਨੁਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ | ਡਾ: ਗੋਪਾਲ ਸਿੰਘ | |
| ਇੰਨਸਾਈਕਲੋਪੀਡੀਆ ਆਫ ਹਿੰਦੀ ਲਿਟਰੇਚਰ | | ਦਿੱਲੀ ਸਾਹਿਤ ਅਕੈਡਮੀ |

## ਹੱਥ ਲਿਖਤ ਹਵਾਲਾ ਸਾਹਿੱਤ

ਆਦਿ ਬੀੜਾਂ

ਅੰਮ੍ਰਿਤਸਰ, ਨਾਭਾ, ਕਾਨਗੜ੍ਹ, ਸਾਗਰੀ, ਪਟਿਆਲਾ, ਦੇਰਾਦੂਨ, ਪਟਨਾ, ਫਫੜੇ ਭਾਈ ਕੇ, ਕਰਤਾਰਪੁਰ, ਹਜ਼ੂਰ ਸਾਹਿਬ, ਬਰਹਾਨਪੁਰ, ਚੰਡੀਗੜ੍ਹ, ਦਮਦਮਾ ਸਾਹਿਬ ਆਦਿ।

| | |
|---|---|
| ਪੋਥੀਆਂ | ਗੁਰੂ ਹਰਸਹਾਇ ਵਾਲੀਆਂ |
| ਪੋਥੀਆਂ | ਗੋਇੰਦਵਾਲ ਵਾਲੀਆਂ |
| ਪੋਥੀਆਂ | ਅਹੀਆ ਪੁਰ ਵਾਲੀਆਂ |

ਪ੍ਰਾਣ ਸੰਗਲੀ
ਪੁਰਾਤਨ ਜਨਮ ਸਾਖੀ
ਭਾਈ ਬੰਨੋ ਵਾਲੀ ਬੀੜ
ਭਾਈ ਦਰਬਾਰੀ ਦਾ ਗ੍ਰੰਥ
ਲਾਹੌਰ ਵਾਲੀ ਬੀੜ
ਚਿੱਠੀਆਂ ਅਤੇ ਲੇਖ

੧. ਅਨੂਪ ਸੰਸਕ੍ਰਿਤ ਪੁਸਕਾਲੀ ਬੀਕਾਨੇਰ
੨. ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ, ਵਾਰਾਨਸੀ, ਆਰੀਆਭਾਸ਼ਾ ਪੁਸਤਕਾਲਿਆ




www.AKJ.Org

੩. ਦੋਹਾ ਸਾਰ ਸੰਗਰਹਿ ਸੰਨ ੧੭੨੦
੪. ਮਾਧਵਾਨਲ ਕਾਮਕੰਦਲਾ, ਕਾਸ਼ੀ ਨਰੇਸ਼ ਪੁਸਤਕਾਲਿਆ

## ਪੱਤ੍ਰ-ਪੱਤ੍ਰਕਾਵਾਂ

ਪੰਜਾਬੀ

| | | |
|---|---|---|
| ੧. ਅੰਮ੍ਰਿਤ ਕੀਰਤਨ | ਸੰ: ਡਾ: ਜਗੀਰ ਸਿੰਘ | ਚੰਡੀਗੜ੍ਹ |
| ੨. ਸਿੰਘ ਸਭਾ ਪੱਤ੍ਰਿਕਾ | | ਅੰਮ੍ਰਿਤਸਰ |
| ੩. ਸੰਤ ਸਿਪਾਹੀ | | ਅੰਮ੍ਰਿਤਸਰ |
| ੪. ਖਾਲਸਾ ਐਡਵੋਕੇਟ | | ਅੰਮ੍ਰਿਤਸਰ |
| ੫. ਖਾਲਸਾ ਸਮਾਚਾਰ | | ਅੰਮ੍ਰਿਤਸਰ |
| ੬. ਖੋਜ ਦਰਬਾਰ | ਗੁਰੂ ਨਾਨਕ ਦੇਵ ਯੂ. | ਅੰਮ੍ਰਿਤਸਰ |
| ੭. ਖੋਜ ਪੱਤ੍ਰਿਕਾ | ਪੰ. ਯੂ. | ਪਟਿਆਲਾ |
| ੮. ਗੁਰਮਤਿ ਪ੍ਰਕਾਸ਼ | ਸ੍ਰੋ. ਗੁ. ਪ੍ਰ. ਕਮੇਟੀ | ਅੰਮ੍ਰਿਤਸਰ |
| ੯. ਗੁਰਦੁਆਰਾ ਗ਼ਜਟ | ,, | ,, |
| ੧੦. ਨਾਨਕ ਪ੍ਰਕਾਸ਼ ਪੱਤ੍ਰਿਕਾ | ਪੰ. ਯੂ. | ਪਟਿਆਲਾ |
| ੧੧. ਪੰਜਾਬੀ ਸਾਹਿਤ | | ਲਾਹੌਰ |
| ੧੨. ਪੰਜਾਬੀ ਦੁਨੀਆ | ਭਾਸ਼ਾ ਵਿਭਾਗ | ਪਟਿਆਲਾ |
| ੧੩. ਪੰਜਾਬੀ ਡਾਈਜਿਸਟ | | ਦਿੱਲੀ |
| ੧੪. ਪੰਥ ਸੇਵਕ ਅਖ਼ਬਾਰ | | ਲਾਹੌਰ |
| ੧੫. ਦੁਸਟ ਦਮਨ ਸਪਤਾਹਿਕ | ਸੰ. ਗਿਆਨੀ ਨਾਹਰ ਸਿੰਘ | ਗੁਜਰਵਾਲ |

www.AKJ.org



www.AKJ.Org

# ਸੁੱਧੀ ਪੱਤਰ

| ਪੰਨਾ | ਸਤਰ | ਗ਼ਲਤ | ਸੁੱਧ |
|---|---|---|---|
| 52. | ਹੇਠੋਂ ਚੌਥੀ | ਪੁਰਾਣ | ਪ੍ਰਾਣ |
| 53. | ਅਖ਼ੀਰਲੀ | ਦੀ ਥਾਂ ਇਲਾਵਾ | ਦੀ ਥਾਂ |
| .54. | ਉੱਪਰੋਂ ਬਾਈਵੀਂ | ਪਦਾ ? ਵੀ | ਪਦਾ ਵੀ |
| 54. | ਅਠਾਈਵੀਂ | ਮੁਦਾਵਣੀ | ਮੁੰਦਾਵਣੀ |
| 57. | ਪੰਦਰ੍ਹਵੀਂ | ਅੱਖਰਾਂ ਹੇਠ ਲੀਕ ਕੱਢੀ ਹੈ | ਅੱਖ਼ਰ ਮੋਟੇ ਕੀਤੇ ਹਨ |
| 104. | ਦਸਵੀਂ | ਯਦੀ ਅਪੀ | ਯਦਿਪੀ |
| 139. | ਤੀਜੀ | ਫਿਰ ਰਾਜ ਦਰਬਾਰਾਂ | ਫਿਰ ਜਿਨ੍ਹਾਂ ਨੂੰ ਰਾਜ ਦਰਬਾਰਾਂ |
| 139. | ਚੌਥੀ | ਰਾਜ | ਰਾਜਾ |
| 161. | ਤੀਹਵਹੀਂ | ਯਿਸ | ਇਸ |
| 175. | ਛੱਬੀਵੀਂ | ਯੋਕ | ਏਕ |

www.AKJ.org

www.AKJ.org

# "ਹਿੰਦੀ ਦੇ ਵਿਦਵਾਨਾਂ ਦੀ ਰਾਗਮਾਲਾ ਬਾਰੇ ਖੋਜ"

ਸਾਰੇ ਹਿੰਦੀ ਵਿਦਵਾਨ ਇੱਕ ਮੱਤ ਹਨ ਕਿ ਆਲਮ, ਅਕਬਰ ਸਮਕਾਲੀ ਸੀ। 'ਮਾਧਵਾਨਲ ਕਾਮਕੰਦਲਾ' ਗ੍ਰੰਥ ਉਸਨੇ ੯੯੧ ਹਿਜਰੀ (੧੫੮੩-੮੪ ਬਿਕ੍ਰਮੀ) ਵਿੱਚ ਲਿਖਿਆ। ਰਾਗਮਾਲਾ 'ਮਾਧਵਾਨਲ ਕਾਮਕੰਦਲਾ' ਗ੍ਰੰਥ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਈ :

੧. ਯਾਗਯਕ ਬ੍ਰਦਰਜ਼ ਲਖਨਊ :

" ਸਭ ਤੋਂ ਮਹੱਤਵਪੂਰਨ ਗੱਲ ਇਹ ਹੋਈ ਕਿ ਇਸ ਗ੍ਰੰਥ ਵਿੱਚ ਕਾਮਕੰਦਲਾ ਦੇ ਨਾਚ-ਗਾਉਣ ਦੇ ਵਰਣਨ ਵਿੱਚ ਕਵੀ ਨੇ ਜੋ ਹਨੁਮੰਤ ਮੱਤ, ਸੰਗੀਤ ਸ਼ਾਸਤਰ ਅਨੁਸਾਰ ਰਾਗ-ਰਾਗਨੀਆਂ ਦਾ ਵਰਗੀਕਰਣ ਕੀਤਾ ਹੈ, ਉਸ ਨੂੰ ਗੁਰੂ ਗ੍ਰੰਥ ਜਿਹੇ ਸਤਿਕਾਰਯੋਗ ਧਾਰਮਿਕ ਗ੍ਰੰਥ ਵਿੱਚ ਰਾਗਮਾਲਾ ਨਾਂ ਹੇਠ ਦਿੱਤਾ ਹੋਇਆ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਰਾਗਮਾਲਾ ਅੰਤਮ ਭਾਗ ਵਿੱਚ ਦਿੱਤੀ ਗਈ ਹੈ।... ਜੋ ਇੱਕ ਵੱਡੀ ਭੁੱਲ ਹੈ...। (ਆਲਮ ਔਰ ਰਸਖਾਨ, ੧੯੨੪ ਈ.)

੨. ਸ੍ਰੀ ਵਿਸ਼ਵਨਾਥ ਪ੍ਰਸਾਦ ਮਿਸ਼ਰ :

"ਆਲਮ ਕੀ 'ਮਾਧਵਾਨਲ ਕਾਮਕੰਦਲਾ' ਮੇਂ ਏਕ ਅੰਸ਼ ਐਸਾ ਹੈ ਜਿਸਮੇਂ ਰਾਗੋਂ ਕਾ ਉਲੇਖ ਹੈ। ਇਸਕਾ ਨਾਮ ' ਰਾਗਮਾਲਾ' ਹੈ। ਯਹ 'ਰਾਗਮਾਲਾ' ਸ੍ਰੀ ਨਾਨਕ ਜੀ ਕੇ ਗੁਰੂ ਗ੍ਰੰਥ ਸਾਹਿਬ' ਮੇਂ ਸੰਕਲਿਤ ਹੈ। (ਹਿੰਦੀ ਸਾਹਿਤ ਕਾ ਅਤੀਤ, ਪੰਨਾ ੬੯੦, ੧੯੪੫ ਈ.)

੩. ਆਚਾਰੀਆ ਪਰਸ਼ੂਰਾਮ ਚਤੁਰਵੇਦੀ :

"...ਸਿੱਖੋਂ ਕੇ ਗੁਰੂ ਗ੍ਰੰਥ ਸਾਹਿਬ' ਕੇ ਅੰਤ ਮੇਂ ਕਹੀ ਗਈ 'ਰਾਗਮਾਲਾ' ਆਲਮ ਕੀ ਇਸ ਰਚਨਾ (ਮਾਧਵਾਨਲ ਕਾਮਮੰਦਲਾ) ਸੇ ਹੀ ਉਧ੍ਰਿਤ (ਨਕਲ) ਕਰ ਲੀ ਗਈ ਹੈ। ਭਗਤੀ ਮੱਤ ਕੇ ਸਾਗਰ ਮੇਂ ਐਸੀ ਸ਼ਿੰਗਾਰ ਰਸੀ ਰਚਨਾ ਕਾ ਆ ਜਾਨਾ ਅਸਚਰਜ ਕੀ ਬਾਤ ਹੈ"। (ਮੱਧਕਾਲੀਨ ਸ਼ਿੰਗਾਰਿਕ ਪ੍ਰਵਿਰਤੀਆਂ ਪੰਨਾ ੯੪-੯੫, ੧੯੬੦ ਈ.)

੪. ਸ੍ਰੀ ਹਰਿ ਪ੍ਰਸਾਦਿ ਨਾਯਕ :

"... ਸਿੱਖੋਂ ਕੇ ਧਰਮ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕੇ ਅੰਤ ਮੇਂ 'ਰਾਗਮਾਲਾ' ਕੇ ਨਾਮ ਸੇ ਆਲਮ ਕੇ ਕੁਛ ਪਦ ਸੰਕਲਿਤ ਹੈ, ਜਿਨ ਮੇਂ ਰਾਗ-ਰਾਗਿਨੀ ਕਾ ਵਰਣਨ ਹੈ :- "ਰਾਗ ਏਕ ਸੰਗਿ ਪੰਚ ਬਰਗਨਿ"। ਸੇ ਪ੍ਰਾਰੰਭ ਹੋਕਰ :- "ਅਠਾਰਹ ਦਸ ਬੀਸ"।। ਪਰ ਸਮਾਪਤ ਹੋਤਾ ਹੈ।" (ਸ਼ੇਖ ਆਲਮ ਸਥਿਤੀ ਕਾਲ, ਹਿੰਦੁਸਤਾਨੀ ਭਾਗ ੩੪, ਅੰਕ 3, ਪੰਨਾ ੭੬-੭੭, ੧੯੬੩ ਈ.)

੫. ਸੀਤਾ ਬਿੰਬ੍ਰਾ (ਸ਼ਾਂਤੀ ਨਿਕੇਤਨ) :

".... ਆਦਿ ਗ੍ਰੰਥ ਕੇ ਅੰਤਿਮ ਭਾਗ ਮੇਂ ਸੰਲਗਨ ਰਾਗਮਾਲਾ... ਰਾਗਮਾਲਾ ਨਾਮਕ ਕ੍ਰਿਤਿ ਕਿਸੀ ਗੁਰੂ ਅਥਵਾ ਭਕਤਿ ਕਵਿ ਦੁਆਰਾ ਪ੍ਰਨੀਤ ਨਾ ਹੋਕਰ ਹਿੰਦੀ ਪੁਸਤਕ ਮਾਧਵਾਨਲ ਕਾਮਕੰਦਲਾ ਮੇਂ ਸੇ ਛੰਦੋਂ ਕਾ ਪ੍ਰਛੇਪ (ਅੰਤਿਕਾ) ਹੈ ਔਰ ਮਧਯਯੁਗ ਮੇਂ ਸੰਸਕ੍ਰਿਤ ਕੇ ਸ਼ਾਸਤਰ ਗ੍ਰੰਥ ਕੇ ਪ੍ਰਭਾਵੀ ਰਾਗ ਰਾਗਿਨੀ ਵਰਗੀਕਰਨ ਕੇ ਅਤਯਧਿਕ ਪ੍ਰਚਾਰ ਕਾ ਪਰਿਨਾਮ ਹੈ।" (ਆਦਿ ਗ੍ਰੰਥ ਮੇਂ ਸੰਗੀਤ : ਏਕ ਪਰਿਚੈਆਤਮਕ ਦ੍ਰਿਸ਼ਟੀ, ਪੀ. ਐਚ. ਡੀ. ਥੀਸਿਜ਼)

੬. ਡਾ : ਧੀਰੇਂਦਰ ਵਰਮਾ :

"ਕਾਮਕੰਦਲਾ ਕੇ ਨਿਰਤਯ-ਗਾਨ ਵਰਣਨ ਮੇਂ ਕਵੀ ਨੇ ਅਪਨੇ ਸੰਗੀਤ ਗਿਆਨ ਕਾ ਵਿਸ਼ੇਸ਼ ਪਰਿਚਯ ਦੀਆ। ਯਹੀ ਅੰਸ਼, 'ਰਾਗਮਾਲਾ' ਨਾਮ ਸੇ ' ਗੁਰੂ ਗ੍ਰੰਥ ਸਾਹਿਬ' ਮੇਂ ਸੰਗਰਹਿਤ ਹੂਆ ਹੈ।" (ਹਿੰਦੀ ਸਾਹਿਤ ਕੋਸ਼, ਭਾਗ-੨, ਪੰਨਾ -੩੨, ੧੯੯੩ ਈ. (ਬਿਕ੍ਰਮੀ)

੭. ਹਿੰਦੀ ਵਿਸ਼ਵਕੋਸ਼ (ਵਾਰਾਣਸੀ) :

"ਸ਼ਹਿਨਸ਼ਾਹ ਅਕਬਰ ਕੇ ਸਮਕਾਲੀਨ ਸੂਫੀ ਕਵੀ ਆਲਮ, ਜਿਨਕੀ ਰਚਨਾ " ਮਾਧਵਾਨਲ ਕਾਮਕੰਦਲਾ" ਸ਼ੀਰਸ਼ਕ ਪ੍ਰੇਮਾ ਖਿਆਨ ਹੈ। ਇਸਕੇ ਅਤਿਰਿਕਤ ਯਹ ਭੀ ਕਹਾ ਜਾਤਾ ਹੈ ਕਿ " ਗੁਰੂ ਗ੍ਰੰਥ ਸਾਹਿਬ" ਕੇ ਅੰਤਿਮ ਭਾਗ ਮੇਂ ਦੀ ਹੁਈ ' ਰਾਗਮਾਲਾ' ਮਾਧਵਾਨਲ ਕਾਮਕੰਦਲਾ (ਆਲਮ ਰਚਿਤ) ਕਾ ਹੀ ਅੰਸ਼ ਹੈ।

(ਹਿੰਦੀ ਵਿਸ਼ਵਕੋਸ਼ ਖੰਡ, ਨਾਗਰੀ ਪ੍ਰਚਾਰਨੀ ਸਭਾ-ਵਾਰਾਨਸੀ, ਨਵੀਨ ਐਡੀਸ਼ਨ ੧੯੭੩ ਈ: ੪੪੫, ਲੇਖਕ ਡਾ. ਜਗਦੀਸ਼ ਸ਼ਰਮਾ)

੮. ਭਾਰਤੀ ਸਾਹਿਤ ਕੋਸ਼ (ਸੰ : ਡਾ : ਨਗੇਂਦਰ) :

"... ਆਲਮ ਪ੍ਰਾਰੰਭ ਸੇ ਹੀ ਇਕ ਵਿਖਿਆਤ ਕਵੀ ਰਹੇ ਹੈਂ। ਕਹਤੇ ਹੈ ਕਿ ਗੁਰੂ ਗ੍ਰੰਥ ਸਾਹਿਬ' ਕੇ ਅੰਤਿਮ ਭਾਗ ਮੇਂ ਦੀ ਹੁਈ ' ਰਾਗਮਾਲਾ' ਇਨਕੇ ਗ੍ਰੰਥ 'ਮਾਧਵਾਨਲ ਕਾਮਕੰਦਲਾ' ਕਾ ਅੰਸ਼ ਹੈ। (ਭਾਰਤੀਯ ਸਾਹਿਤਯ ਕੋਸ਼ ਸੰਸਕਰਨ ੧੯੮੧ ਈ:, ਪੰਨਾ -੧੧੦)

੯. ਹਿੰਦੀ ਭਾਸ਼ਾ ਏਵਮ ਸਾਹਿੱਤ ਵਿਸ਼ਵਕੋਸ਼ :

" ਇਨਕੇ ਸਫੁੱਟ ਛੰਦ ਰਸਿਕ ਸਮੁਦਾਯ ਮੇਂ ਬਹੁਤ ਲੋਕ ਪ੍ਰਿਯ ਹੈਂ 'ਗੁਰੂ ਗ੍ਰੰਥ ਸਾਹਿਬ' ਮੇਂ ਅੰਤਿਮ ਅੰਸ਼ ਮੇਂ (ਮਾਧਵਾਨਲ ਕਾਮਕੰਦਲਾ) ਕੀ ਰਾਗਮਾਲਾ ਨਾਮ ਕੀ ਪ੍ਰਤੀਨਿਧ ਰਚਨਾ ਹੈ"। (ਹਿੰਦੀ ਭਾਸ਼ਾ ਏਵਮ ਸਾਹਿਤ, ਪੰਨਾ ੭੭) ਵਿਸ਼ਵਕੋਸ਼ ਖੰਡ, ਪ੍ਰਥਮ, ਈ.੧੯੯੫)

੧੦. Alam (Hindi 1585-1625): Tradition has it that he was born in a Brahmin family, somewhere in Jaunpur (U.P.) but he was so enthralled of the wit and poetic talent of a Muslim woman (dyer) that he embraced Islam. The following four works are attributed to him (1) Madhvanal Kamkandla ( a love romance in Avadhi .... ).

(Encyclopaedia of Hindi Literature, Sahitya Academy Delhi)

www.AKJ.Org